ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ
ਵਿਸ਼ੇਸ਼ ਅੰਕ

ISSN 2516-9009

# ਅਨਹਦ

ਈ-ਮੈਗਜ਼ੀਨ

ਜਨਵਰੀ-ਮਾਰਚ 2019
ਸਾਲ 2, ਅੰਕ 1

**Coordinator**
**Gagan Brar (London)**
**khushwinder74@yahoo.co.uk**
**Khuswinder Brar, 17 Byron Avenue,**
**Hounslow, TW4 6LT, London, Uk**

**Chief Editor**
**Parminder Singh Shonkey**
**Senior Re-search Fellow**
**Punjabi Dept., Punjabi Uni. Patiala (India)**
**parmindersinghshonkey@gmail.com**

**Assistant Editor**
**Amina**
**Senior Re-search Fellow**
**Punjabi Dept., Punjabi Uni. Patiala (India)**
**ameenapbiuni8@gmail.com**

**Advisory Panel**
**Dr. Harpal Singh Pannu**
**Dr.Ishwar Dayal Gaur**
**Dr. Bhim Inder Singh**
**Dr. Pritam Singh**
**Dr. Amarjit Singh**
**Dr. Kiran**
**Gurpreet (Poet) Mansa**
**Pardeep**

**Supporting Panel**
**Jasvir Singh Ranna**
**Preeti Shelly**
**Harmandeep Kaur**
**Simranjeet Kaur**
**Rajinder Singh**
**Kinnd Nahal Singh**
**Balraj Singh Kokri**
**Jasvir Singh Longowal**
**Manjinder Singh**

**Legal Advisor**
**Adv. Gurshamshir Singh**
**Punjab & Haryana Hight Court**

I, Khuswinder Brar, (London), is publishing
this E-journal from London. This is a litrary journal,.
The language of this journal will be Punjabi.

A Peer Reviewed Punjabi Research Journal
email: anhadmagazine@gmail.com
website:anhadmagazine.blogspot.com
Contact: 94643-46677
follow us @ fb: www.facebook.com/anhademagazine

ISSN 2516-9009

# ਅਨਹਦ

ਈ-ਮੈਗਜ਼ੀਨ

ਜਨਵਰੀ-ਮਾਰਚ 2019
ਸਾਲ 2, ਅੰਕ 1

* ਅਨਹਦ ਈ-ਮੈਗਜ਼ੀਨ ਦੇ ਸਾਰੇ ਕਾਮੇ ਆਰਜ਼ੀ ਤੌਰ ’ਤੇ
ਬਿਨ੍ਹਾਂ ਕਿਸੇ ਮੁਆਵਜ਼ੇ ਦੇ ਕੰਮ ਕਰਦੇ ਹਨ।
* ਲੇਖਕ ਆਪਣੇ ਵਿਚਾਰਾਂ ਲਈ ਆਪ ਜ਼ਿੰਮੇਵਾਰ ਹੋਵੇਗਾ।
* ਅਨਹਦ ਈ-ਮੈਗਜ਼ੀਨ ਸੰਬੰਧੀ ਕਿਸੇ ਵੀ ਤਰ੍ਹਾਂ ਦੀ ਕਾਨੂੰਨੀ ਕਾਰਵਾਈ
ਚੰਡੀਗੜ੍ਹ ਦੀ ਅਦਾਲਤ ਵਿਚ ਹੀ ਹੋ ਸਕੇਗੀ।

# ਕੀ ਅਤੇ ਕਿੱਥੇ


1. **ਜਨਮ-ਸਾਖੀ ਸਾਹਿੱਤ: ਮਿੱਥ, ਚਮਤਕਾਰ ਅਤੇ ਸਾਹਿੱਤਕਾਰੀ/ 4**
   ਹਰਪਾਲ ਸਿੰਘ ਪਨੂੰ
2. **ਸਿੱਧ ਗੋਸਟਿ: ਜਾਣ-ਪਛਾਣ ਅਤੇ ਦਾਰਸ਼ਨਿਕਤਾ/ 28**
   ਹਰਭਜਨ ਸਿੰਘ (ਦੇਹਰਾਦੂਨ)
3. **ਸ੍ਰਿਸ਼ਟੀ ਰਚਨਾ: ਦਾਰਸ਼ਨਿਕ ਪਰਿਪੇਖ/60**
   ਪਰਮਿੰਦਰ ਸਿੰਘ ਸ਼ੌਂਕੀ
4. **ਸੂਹੀ ਰਾਗ ਅੰਦਰ ਰਚਿਤ ਬਾਣੀ 'ਸੁਚਜੀ' ਅਨੁਸਾਰ ਆਦਰਸ਼ਿਕ ਨਾਰੀ/76**
   ਮਨਜੀਤ ਕੌਰ
5. **ਕੱਤਕ ਨਹੀਂ ਵੈਸਾਖ/85**
   ਬਲਦੀਪ ਸਿੰਘ ਰਾਮੂੰਵਾਲੀਆ
6. **ਮਾਤਾ ਤ੍ਰਿਪਤਾ ਜੀ/95**
   ਮਨਮੋਹਨ ਕੌਰ
7. **ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਕਿਰਤ ਸਿਧਾਂਤ ਅਤੇ ਇੱਕੀਵੀਂ ਸਦੀ/111**
   ਵਿਕਰਮਜੀਤ ਸਿੰਘ ਤਿਹਾੜਾ
8. **ਜਪੁ ਬਾਣੀ ਦੇ ਪ੍ਰਸੰਗ ਵਿਚ ਗੁਰੂ ਨਾਨਕ ਬਾਣੀ ਦੀ ਕਾਵਿ ਕਲਾ/121**
   ਅਮਾਨਤ ਮਸੀਹ
9. **ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਧਰਮ, ਸੰਤ ਅਤੇ ਬ੍ਰਹਮ ਗਿਆਨੀ ਦਾ ਸੰਕਲਪ/129**
   ਸੰਦੀਪ ਸਾਂਪਲਾ
10. **ਗੁਰੂ ਨਾਨਕ ਸਾਹਿਬ ਦੁਆਰਾ ਵਰਤਾਏ ਗਏ ਦੋ ਅਚਰਜ ਕੌਤਕ/135**
    ਜਗਤਾਰਜੀਤ ਸਿੰਘ
11. **ਗੁਰਮਤਿ ਸਾਹਿੱਤ ਦਾ ਕਾਵਿ-ਸ਼ਾਸਤਰ: ਗਿਆਨ-ਮੂਲਕ ਅਤੇ ਅਨੁਭਵਮਈ ਪਰਿਪੇਖ/140**
    ਮੋਨਿਕਾ
12. **ਗੁਰੂ ਨਾਨਕ ਬਾਣੀ: ਭਾਖਾ ਅਤੇ ਨਿਯਮਾਂਵਲੀ/147**

ਹਰਜਿੰਦਰ ਸਿੰਘ ਘੜਸਾਣਾ

13. **ਨਨਕਾਣਾ ਸਾਹਿਬ: ਇਤਿਹਾਸਿਕ ਦ੍ਰਿਸ਼ਟੀਕੋਣ/154**

ਸਿਮਰਨਜੀਤ ਕੌਰ

14. **ਪੰਜਾਬੀਅਤ ਦੀ ਮੌਲਿਕਤਾ/162**

ਡਾ. ਦਵਿੰਦਰ ਸਿੰਘ



# ਸੰਪਾਦਕੀ

ਗੁਰੂ ਨਾਨਕ ਅਤੇ ਗੁਰੂ ਗ੍ਰੰਥ ਸਾਹਿਬ ਸਬੰਧੀ ਕੋਈ ਵੀ ਗੱਲ ਕਰਨ ਤੋਂ ਪਹਿਲਾਂ ਸਾਨੂੰ ਇਹ ਧਿਆਨ ਵਿਚ ਰੱਖਣਾ ਬੇਹੱਦ ਜ਼ਰੂਰੀ ਹੁੰਦਾ ਹੈ ਕਿ ਗੁਰੂ ਨਾਨਕ ਜਾਂ ਗੁਰੂ ਗ੍ਰੰਥ ਸਾਹਿਬ 'ਸਿੱਖਾਂ' ਦੇ ਏਕਾਧਿਕਾਰ ਅੰਦਰ ਨਹੀਂ ਆਉਂਦੇ, ਸਗੋਂ ਇਨ੍ਹਾਂ ਦਾ ਸਬੰਧ ਪਾਰ-ਰਾਸ਼ਟਰੀ, ਪਾਰ-ਭਾਸ਼ਾਈ, ਪਾਰ-ਧਾਰਮਿਕਤਾ ਅਤੇ ਬ੍ਰਹਿਮੰਡੀ ਸੁਰ ਵਾਲੀਆਂ ਚੇਤਨਾਤਮਿਕ ਪਹੁੰਚਾਂ ਨਾਲ ਜੁੜਿਆ ਹੋਇਆ ਹੈ, ਜਿਨ੍ਹਾਂ ਦੇ ਰਾਹੀਂ ਗੁਰੂ ਨਾਨਕ ਅਤੇ ਗੁਰਬਾਣੀ ਦਾ ਉਪਦੇਸ਼ਾਤਮਿਕ ਪ੍ਰਬੰਧ ਇਕ ਸੁਚੱਜੇ ਮਨੁੱਖ ਅਤੇ ਸਮਾਜ ਦੀ ਸਿਰਜਣਾ ਹਿਤ ਨਿਰੰਤਰ ਗਤੀਮਾਨ ਰਹਿੰਦਾ ਹੈ. ਜੇਕਰ ਸਾਡੀ ਦ੍ਰਿਸ਼ਟੀ ਅਨੁਸਾਰ ਇਸ ਗਤੀਮਾਨਤਾ ਅੰਦਰ ਕਿਸੇ ਪ੍ਰਕਾਰ ਦੀ ਕੋਈ ਖੜੋਤ ਦਿਖਾਈ ਦਿੰਦੀ ਹੈ, ਤਾਂ ਇਹ ਗੁਰੂ ਬਾਬੇ ਅਤੇ ਸ਼ਬਦ ਗੁਰੂ ਦੀ ਅਜ਼ਮਤ ਦੀ ਕਿਸੇ ਸੀਮਤਤਾ ਕਾਰਨ ਨਹੀਂ, ਬਲਕਿ ਇਨ੍ਹਾਂ ਦੋਵਾਂ ਉੱਪਰ ਆਪਣਾ ਏਕਾਧਿਕਾਰ ਕਾਇਮ ਕਰ ਚੁੱਕੇ 'ਸਿੱਖ' ਭਾਈਚਾਰੇ ਦੀਆਂ ਨਾਲਾਇਕੀਆਂ ਕਾਰਨ ਹੋਂਦ ਵਿਚ ਆਉਂਦੀ ਹੈ. ਹਾਲਾਂਕਿ ਇਹ ਇਕ ਆਪਾ-ਚੀਨਣ ਦੀ ਜ਼ਰੂਰਤ ਵਿਚੋਂ ਨਿੱਕਲਿਆ ਹੋਇਆ 'ਤੱਥ' ਹੈ, ਪਰ ਫ਼ਿਰ ਵੀ ਜੇਕਰ ਕਿਸੇ ਨੂੰ ਇਸ ਸਬੰਧੀ ਕੋਈ ਇਤਰਾਜ਼ ਹੈ ਤਾਂ ਉਸ ਨੂੰ ਗੁਰੂ ਬਾਬੇ ਅਤੇ ਗੁਰੂ ਗ੍ਰੰਥ ਸਾਹਿਬ ਜੀ ਸਬੰਧੀ ਹੋਰ ਡੂੰਘਾਈ ਵਿਚ ਜਾਣਨ ਦੀ ਲੋੜ ਹੈ. ਇਸ 'ਲੋੜ' ਦੀ ਜ਼ਰੂਰਤ ਜਾਂ ਅਣ-ਜ਼ਰੂਰਤ ਹੀ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਨੂੰ ਮਨਾਉਣ ਦੇ ਉਤਸ਼ਾਹਾਂ ਦਾ ਅਸਲ ਸਰੂਪ ਪ੍ਰਗਟ ਕਰੇਗੀ. 'ਅਨਹਦ ਈ-ਮੈਗਜੀਨ' ਦਾ ਇਹ ਅੰਕ ਇਸੇ 'ਸੋਚ' ਨੂੰ ਹੀ ਸਮਰਪਿਤ ਹੈ.

ਇਸ ਦੇ ਨਾਲ ਹੀ ਅਸੀਂ ਇੱਥੇ ਇਹ ਵੀ ਆਖਣਾ ਚਾਹਾਂਗੇ ਕਿ 'ਗੁਰੂ' ਸਾਹਿਬ ਦੁਆਰਾ ਸੰਚਾਲਿਤ 'ਸ਼ਬਦ' ਦੀ ਜਿਹੜੀ ਰੌਸ਼ਨੀ ਨੇ 'ਗੁਰਮੁਖ' ਦੀ ਸਿਰਜਣਾ ਕਰਨੀ ਸੀ, ਉਸ ਰੌਸ਼ਨੀ ਦਾ ਵਰਤਮਾਨ ਸਰੂਪ ਕੀ ਹੈ? ਅਤੇ ਉਸ ਦੀਆਂ ਮੌਜੂਦਾ ਭੂਮਿਕਾਵਾਂ ਕਿਹੜੀਆਂ-ਕਿਹੜੀਆਂ ਅਤੇ ਕਿਸ ਪ੍ਰਕਾਰ ਦੀਆਂ ਹਨ? ਇਨ੍ਹਾਂ ਸਬੰਧੀ ਵੀ ਇਕ ਆਤਮ-ਵਿਸ਼ਲੇਸ਼ਣ ਇਸ ਦੌਰ ਦੇ ਅਹਿਮ ਸਵਾਲਾਂ ਵਿਚੋਂ ਇਕ ਹੈ. ਜਿਸ ਦੇ ਰਾਹੀਂ ਅਸੀਂ ਆਪਣੇ ਦੁਆਰਾ ਮਨਾਏ ਜਾਣ ਵਾਲੇ ਆਗਾਮੀ ਸ਼ਤਾਬਦੀ ਸਮਾਰੋਹਾਂ ਦੇ 'ਖ਼ਾਲਸਾਈ' ਨਤੀਜ਼ਿਆਂ ਨੂੰ ਹਾਸਲ ਕਰਨ ਵਿਚ ਸਮਰੱਥ ਹੋ ਸਕਦੇ ਹਾਂ. ਕਿਉਂਕਿ ਜਦੋਂ ਤੱਕ ਅਸੀਂ ਇਨ੍ਹਾਂ ਸਵਾਲਾਂ ਦੇ ਸਨਮੁੱਖ ਨਹੀਂ ਹੋਵਾਂਗੇ, ਅਸੀਂ ਅਜਿਹਾ ਕੁਝ ਵੀ ਹਾਸਲ ਕਰਨ ਵਿਚ ਸਫ਼ਲ ਨਹੀਂ ਹੋ ਸਕਦੇ, ਜਿਸ ਨੂੰ ਹਾਸਲ ਕਰਨ ਦੇ ਅਤਿ-ਉਪਭਾਵੁਕਤਾ ਭਰੇ ਪ੍ਰਵਚਨ ਅਸੀਂ ਇਸ ਸਾਲ ਦੌਰਾਨ ਨਿਰੰਤਰ ਸੁਣਦੇ ਰਹਾਂਗੇ.

ਇਸ ਤੋਂ ਇਲਾਵਾ ਸਾਨੂੰ ਇਹ ਵੀ ਸਮਝਣਾ ਪਵੇਗਾ ਕਿ ਅਸੀਂ ਜਿਸ ਦੌਰ ਅੰਦਰ ਜੀਅ ਰਹੇ ਹਾਂ, ਉਸ ਦੌਰ ਦੀਆਂ ਵਿਆਖਿਆਵਾਂ, ਦ੍ਰਿਸ਼ਟੀਆਂ, ਪ੍ਰਵਚਨ ਜਾਂ ਬਿਰਤਾਂਤਾਂ ਨੂੰ ਗੁਰੂ ਬਾਬੇ ਅਤੇ ਸ਼ਬਦ ਗੁਰੂ ਦੇ ਉਪਦੇਸ਼ ਕਿਵੇਂ ਬਿਆਨ ਕਰਦੇ ਹਨ. ਹਾਲਾਂਕਿ ਗੁਰੂ ਸਾਹਿਬ ਦਾ ਇਹ ਬਿਆਨ ਮੱਧਕਾਲੀ ਪ੍ਰਵਚਨ ਅੰਦਰੋਂ ਆਪਣਾ ਸਰੂਪ ਅਖ਼ਤਿਆਰ ਕਰਦਾ ਹੈ, ਪਰ ਇਸ ਦੀਆਂ ਸਮਕਾਲੀ ਵਿਆਖਿਆਵਾਂ ਸਾਨੂੰ ਸਿਰਜਣੀਆਂ ਪੈਣਗੀਆਂ. ਸ਼ਬਦ ਗੁਰੂ ਦੇ ਰੂਪ ਵਿਚ ਸਾਡੇ ਪਾਸ ਜਿਹੜੀ ਰਾਹ-ਦਸੇਰੀ ਸੱਤਾ ਹਰ ਪਲ ਮੌਜੂਦ ਹੈ, ਉਸ ਸੱਤਾ ਦੀ ਅਗਵਾਈ ਹੇਠ ਖ਼ਾਲਸਾਈ ਪਛਾਣਾਂ ਆਪਣਾ ਅਲੋਕਾਰੀ ਅਤੇ ਬ੍ਰਹਿਮੰਡੀ ਸਰੂਪ ਆਪਣੇ ਕਿਰਦਾਰ ਵਿਚੋਂ ਕਿਸ ਪ੍ਰਕਾਰ ਪ੍ਰਗਟ ਕਰਨਗੀਆਂ, ਇਹ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਦੇ ਮੌਕਿਆਂ 'ਤੇ ਇਕ ਵੇਖਣ ਵਾਲਾ ਅਹਿਮ ਸਵਾਲ ਹੋਵੇਗਾ.

# ਜਨਮ-ਸਾਖੀ ਸਾਹਿੱਤ: ਮਿੱਥ, ਚਮਤਕਾਰ ਅਤੇ ਸਾਹਿੱਤਕਾਰੀ

ਜਨਮ-ਸਾਖੀ ਦਾ ਅਰਥ ਜਨਮ ਵੇਲੇ ਦੀ ਕਥਾ ਨਹੀਂ। ਇਨ੍ਹਾਂ ਵਿਚ ਪੂਰਬਲੇ ਜਨਮਾਂ ਦੀਆਂ ਗੱਲਾਂ ਹਨ, ਦੇਹਾਂਤ ਤੋਂ ਬਾਅਦ ਵਾਪਰਨ ਵਾਲੀਆਂ ਘਟਨਾਵਾਂ ਵੀ ਹਨ; ਜਿਵੇਂ ਗੁਰੂ ਨਾਨਕ ਦੇਵ ਜੀ ਦੀ ਮ੍ਰਿਤਕ ਦੇਹ ਨੂੰ ਦਫਨ ਕਰਨਾ ਹੈ ਕਿ ਅਗਨ-ਭੇਟ; ਬਾਰੇ ਮੁਸਲਮਾਨਾਂ ਅਤੇ ਹਿੰਦੂਆਂ ਵਿਚਕਾਰ ਤਕਰਾਰ। ਸਾਖੀ ਸ਼ਬਦ ਸੰਸਕ੍ਰਿਤ ਤਤਸਮ ਸਾਕਸ਼ੀ ਦਾ ਤਦਭਵ ਰੂਪ ਹੈ। ਜਿਸ ਦਾ ਅਰਥ ਹੈ- ਗਵਾਹੀ, ਅੱਖੀਂ ਡਿੱਠੀ ਘਟਨਾ।

ਵਿਸ਼ਵ ਦੀਆਂ ਸਾਰੀਆਂ ਧਰਮ ਪ੍ਰੰਪਰਾਵਾਂ ਵਿਚ ਸਾਖੀਆਂ ਮੌਜੂਦ ਹਨ, ਜੋ ਡੂੰਘੇ ਅਣ-ਸੁਲਝੇ ਰਹੱਸਾਂ ਨੂੰ ਸਮਝਣ ਵਿਚ ਸਹਾਈ ਹੁੰਦੀਆਂ ਹਨ। ਪੁਰਾਣੀ ਅਤੇ ਨਵੀਂ ਇੰਜੀਲ ਤਾਂ ਹਨ ਹੀ ਜਨਮਸਾਖੀਆਂ। ਇਨ੍ਹਾਂ ਵਾਂਗ ਹੀ ਇਸਲਾਮ ਦੀਆਂ ਹਦੀਸਾਂ ਅਤੇ ਸੂਫ਼ੀਆਂ ਦੀਆਂ ਸਾਖੀਆਂ ਮੁੱਲਵਾਨ ਹਨ। ਇਸੇ ਸ਼੍ਰੇਣੀ ਵਿਚ ਵੈਦਿਕ ਮਤਿ ਦੇ ਪੁਰਾਣ, ਬੋਧ ਮਤਿ ਦੀਆਂ ਜਾਤਕ ਕਥਾਵਾਂ ਅਤੇ ਜੈਨ ਮਤਿ ਦੀਆਂ ਤੀਰਥਾਂਕਰ ਕਥਾਵਾਂ ਹਨ। ਇਨ੍ਹਾਂ ਸਾਰੇ ਗ੍ਰੰਥਾਂ ਨੂੰ ਚਾਹੇ ਪੁਰਾਣ ਕਥਾਵਾਂ ਆਖ ਦਿਓ; ਚਾਹੇ ਜਨਮਸਾਖੀਆਂ, ਜਿਹੜੀ ਗੱਲ ਸਾਂਝੀ ਹੈ; ਉਹ ਇਹ ਕਿ ਸਾਰੀਆਂ ਕਥਾਵਾਂ ਚਮਤਕਾਰਾਂ ਦੇ ਗਹਿਣੇ ਪਹਿਨਦੀਆਂ ਹਨ। ਯਸੂ ਵੱਲੋਂ ਮੁਰਦਾ ਜੀਵਲਣਾਂ, ਹਜ਼ਰਤ ਮੁਹੰਮਦ ਵਲੋਂ ਅਸਮਾਨ ਵੱਲ ਉਂਗਲ ਕਰਕੇ ਚੰਦ ਦੇ ਦੋ ਟੁਕੜੇ ਕਰਨੇ, ਹਨੂਮਾਨ ਜੀ ਵਲੋਂ ਪਹਾੜ ਚੁੱਕ ਕੇ ਉੱਡਣਾ, ਕ੍ਰਿਸ਼ਨ ਜੀ ਵੱਲੋਂ ਉਂਗਲ ਉੱਪਰ ਰਥ ਦਾ ਪਹੀਆ ਘੁਮਾ ਕੇ ਸੁਦਰਸ਼ਣ ਚੱਕਰ ਵਜੋਂ ਵਰਤਣਾ, ਗੁਰੂ ਨਾਨਕ ਦੇਵ ਜੀ ਦੇ ਚਿਹਰੇ ਉਪਰ ਸੱਪ ਨੇ ਛਾਂ ਕਰਨੀ, ਉੱਜੜਿਆ ਖੇਤ ਹਰਾ ਹੋਣਾ, ਪੰਜੇ ਨਾਲ ਪਹਾੜ ਰੋਕਣਾ ਸਭ ਇਸੇ ਸੁਭਾਅ ਦੀਆਂ ਕਰਾਮਾਤਾਂ ਹਨ।

ਗੁਰੂ ਨਾਨਕ ਸਾਹਿਬ ਜੀ ਨਾਲ ਸਬੰਧਿਤ ਮਹੱਤਵਪੂਰਨ ਜਨਮਸਾਖੀਆਂ ਚਾਰ ਹਨ:

1. ਵਲਾਇਤ ਵਾਲੀ ਜਨਮ ਸਾਖੀ ਜਿਸ ਨੂੰ ਪੁਰਾਤਨ ਜਨਮਸਾਖੀ ਵੀ ਕਹਿੰਦੇ ਹਨ।
2. ਭਾਈ ਮਿਹਰਬਾਨ ਜੀ ਵਾਲੀ ਜਨਮ ਸਾਖੀ
3. ਭਾਈ ਬਾਲਾ ਜੀ ਵਾਲੀ ਜਨਮ ਸਾਖੀ
4. ਭਾਈ ਮਨੀ ਸਿੰਘ ਜੀ ਵਾਲੀ ਜਨਮ ਸਾਖੀ

ਡਾ. ਕਿਰਪਾਲ ਸਿੰਘ ਖਾਲਸਾ ਕਾਲਜ ਅੰਮ੍ਰਿਤਸਰ ਵਿਚ ਸਨ, ਇਤਿਹਾਸ ਰਿਸਰਚ ਡਿਪਾਰਟਮੈਂਟ ਨੇ ਉਨ੍ਹਾਂ ਨੂੰ ਭਾਈ ਮਿਹਰਬਾਨ ਵਾਲੀ ਜਨਮਸਾਖੀ ਦਾ ਸੰਪਾਦਨ ਕਰਨ ਨੂੰ ਕਿਹਾ। ਪੁਰਾਣੇ ਹੱਥ ਲਿਖਿਤ ਨੁਸਖੇ ਲੱਭ ਕੇ ਉਨ੍ਹਾਂ ਨੇ ਪ੍ਰਮਾਣੀਕ ਸਾਖੀ ਤਿਆਰ ਕੀਤੀ। ਉਨ੍ਹਾਂ ਪਿੱਛੋਂ ਮੁੱਖੀ ਪੰਜਾਬ ਵਿਭਾਗ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ; ਡਾ. ਸੁਰਿੰਦਰ ਸਿੰਘ ਕੋਹਲੀ ਨੇ ਭਾਈ ਬਾਲਾ ਜੀ ਵਾਲੀ ਜਨਮਸਾਖੀ ਸੰਪਾਦਿਤ ਕੀਤੀ। ਪੰਜਾਬੀ ਯੂਨੀਵਰਸਿਟੀ ਪਟਿਆਲਾ ਨੇ ਡਾ. ਕਿਰਪਾਲ ਸਿੰਘ ਨੂੰ ਚਾਰੇ ਸਾਖੀਆਂ ਦਾ ਸੰਪਾਦਨ ਕਰਨ ਲਈ ਕਿਹਾ, ਜੋ ਉਨ੍ਹਾਂ ਨੇ 1969 ਵਿਚ ਪੂਰਾ ਕਰ ਕੇ ਛਪਵਾ ਦਿੱਤਾ। ਜਨਮਸਾਖੀ ਪਰੰਪਰਾ ਵਿਚ ਗੁਰੂ ਨਾਨਕ ਦੇਵ ਜੀ ਦਾ ਕੇਵਲ ਜੀਵਨ ਬਿਰਤਾਂਤ ਨਹੀਂ ਸਿਰਜਿਆ ਗਿਆ, ਸਗੋਂ ਉਨ੍ਹਾਂ ਅੰਦਰ ਉਦੋਂ ਦੀਆਂ ਧਾਰਮਿਕ ਰਵਾਇਤਾਂ ਦਾ ਵਰਣਨ ਹੈ, ਗੁਰਮਤਿ ਦਰਸ਼ਨ ਦੇ ਝਲਕਾਰੇ ਹਨ, ਸੂਫੀਆਂ ਅਤੇ ਵੇਦਾਂਤੀਆਂ ਦੇ ਸੰਵਾਦ ਹਨ, ਪੰਜਾਬੀ ਵਾਰਤਕ ਦਾ ਪੁਰਾਣਾ ਨਮੂਨਾ ਸਾਕਾਰ ਹੋਇਆ ਹੈ।

ਕਰਾਮਾਤਾਂ ਦਾ ਪ੍ਰਵਾਹ ਜਨਮ-ਸਾਖੀਆਂ ਵਿਚ ਆ ਕੇ ਰੁਕ ਗਿਆ ਹੋਵੇ ਅਜਿਹੀ ਕੋਈ ਗੱਲ ਨਹੀਂ। ਹਰ ਸਦੀ ਦੇ ਧਰਮ-ਸ਼ਾਸਤਰੀ ਪੁਰਾਣੀ ਸਾਖੀ ਦਾ ਵਿਸਤਾਰ ਵੀ ਕਰਦੇ ਹਨ ਅਤੇ ਨਵੀਂ ਸਾਖੀ ਵਿਚ ਨਵੇਂ ਚਮਤਕਾਰ ਵੀ ਘੜਦੇ ਹਨ। ਮਹਾਂਕਵੀ ਸੰਤੋਖ ਸਿੰਘ ਸੂਰਜ ਪ੍ਰਕਾਸ਼ ਵਿਚ ਆਪਣੀ ਕਾਵਿ-ਕਲਾ ਨਾਲ ਅਨੇਕ ਵਾਰ ਜੌਹਰ ਦਿਖਾਉਂਦੇ ਹਨ। ਨਮੂਨੇ ਵਜੋਂ ਗੁਰੂ ਨਾਨਕ ਦੇਵ ਜੀ ਦੀ ਹਰਿਦੁਆਰ ਯਾਤਰਾ ਦੀ ਸਾਖੀ ਲਿਖਦੇ ਹਾਂ। ਗੰਗਾਘਾਟ, ਗੁਰੂ ਜੀ ਸੰਗਤ ਵਿਚ ਬਿਰਾਜਮਾਨ ਹਨ। ਸੰਗਤ ਦੇਖ ਰਹੀ ਹੈ ਕਿ ਗੰਗਾ ਮਾਤਾ ਹੱਥਾਂ ਵਿਚ ਸੋਨੇ ਦਾ ਥਾਲ, ਥਾਲ ਵਿਚ ਸੁੱਚੇ ਮੋਤੀ ਭਰੀ ਲਈ ਆ ਰਹੀ ਹੈ। ਪਾਣੀ ਅਤੇ ਹਵਾ ਦਾ ਆਕਾਰ ਨਹੀਂ ਹੁੰਦਾ, ਪਰ ਸਾਕਾਰ ਕਰਨੀ ਹੈ। ਲਿਖਦੇ ਹਨ- ਸਭਨੇ ਬਰਫ ਦੀ ਪਰੀ ਤੁਰਦੀ ਆਉਂਦੀ ਦੇਖੀ। ਥਾਲ ਗੁਰੂ ਜੀ ਅੱਗੇ ਰੱਖ ਕੇ ਮੱਥਾ ਟੇਕਿਆ। ਮਹਾਰਾਜ ਨੇ ਫੁਰਮਾਇਆ- ਭਾਈ ਅਸੀਂ ਧਨ ਪਦਾਰਥ ਮਨਜ਼ੂਰ ਨਹੀਂ ਕਰਦੇ। ਗੰਗਾ ਨੇ ਕਿਹਾ- ਮਹਾਰਾਜ ਮੇਰੇ ਬੇਅੰਤ ਖਜ਼ਾਨਿਆਂ ਵਿਚੋਂ ਰੰਚਕ ਮਾਤਰ ਇਹ ਸ਼ਰਧਾ ਨਾਲ ਲਿਆਈ ਹਾਂ। ਸ਼ਰਧਾਲੂ ਦੀ ਭੇਟ ਮਨਜ਼ੂਰ ਕਰੋ। ਗੁਰੂ ਜੀ ਨੇ ਸਿੱਖਾਂ ਨੂੰ ਕਿਹਾ- ਥਾਲ ਅਤੇ ਮੋਤੀ ਜੌਹਰੀ ਦੀ ਦੁਕਾਨ ਤੇ ਦੇ ਕੇ ਧਨ ਪ੍ਰਾਪਤ ਕਰੋ, ਉਸ ਨਾਲ ਖਾਣ-ਪੀਣ ਦੀ ਸਮਗਰੀ ਖਰੀਦ ਕੇ ਲੰਗਰ ਤਿਆਰ ਕਰੋ, ਸੰਗਤਾਂ ਨੂੰ ਛਕਾਓ। ਫਿਰ ਗੰਗਾ ਨੂੰ ਪੁਛਿਆ- ਕਿਸ ਮਨੋਰਥ ਹਿਤ ਸੰਗਤ ਵਿਚ ਆਏ? ਗੰਗਾ ਨੇ ਕਿਹਾ- ਜੀ ਲੱਖਾਂ ਸ਼ਰਧਾਲੂ ਆਪੋ ਆਪਣੇ ਪਾਪਾਂ ਦੀ ਨਵਿਰਤੀ ਕਰਨ ਹਿਤ ਮੇਰੇ ਜਲ ਵਿਚ ਇਸ਼ਨਾਨ ਕਰਨ ਆਉਂਦੇ ਹਨ, ਪਾਪਾਂ ਤੋਂ ਮੁਕਤ ਹੋ ਜਾਂਦੇ ਹਨ। ਉਨਾਂ ਦੇ ਪਾਪ ਧੋਏ ਜਾਂਦੇ ਹਨ; ਮਹਾਰਾਜ ਇਹ ਸਹੀ ਹੈ, ਪਰ ਉਹੋ ਪਾਪ ਮੇਰੇ ਉੱਪਰ ਤਾਂ ਭਾਰ ਬਣਦੇ ਹਨ। ਮੈਂ ਇਨ੍ਹਾਂ ਪਾਪਾਂ ਤੋਂ ਕਿਵੇਂ ਮੁਕਤ ਹੋਵਾਂ? ਮਹਾਰਾਜ ਨੇ ਫੁਰਮਾਇਆ- ਸੌ ਸਾਲ ਬਾਦ ਆਏ ਚਾਹੇ ਹਜ਼ਾਰ ਸਾਲ ਬਾਦ, ਕੋਈ ਮਹਾਂਪੁਰਖ ਤੁਹਾਡੇ ਜਲ ਵਿਚ ਇਸ਼ਨਾਨ ਕਰਕੇ ਤੁਸਾਂ ਦੇ ਪਾਪ ਹਰਨ ਕਰਿਆ ਕਰੇਗਾ। ਹੱਥ ਜੋੜ ਕੇ ਗੰਗਾ ਨੇ ਅਰਜ਼ ਕੀਤੀ- ਕਰੋਗੇ ਨਾ ਮਹਾਰਾਜ ਇਸ਼ਨਾਨ? ਹਜ਼ੂਰ ਨੇ ਫੁਰਮਾਇਆ- ਇਸੇ ਕਾਰਜ ਹਿਤ ਆਏ ਹਾਂ। ਇਸ਼ਨਾਨ ਕਰਾਂਗੇ। ਮੱਥਾ ਟੇਕ, ਪ੍ਰਸੰਨ ਚਿੱਤ ਹੋ ਗੰਗਾ ਵਾਪਸ ਪਰਤੀ।

ਇਹ ਸਾਖੀ ਉਕਤ ਚਾਰੇ ਜਨਮ-ਸਾਖੀਆਂ ਵਿਚ ਨਹੀਂ ਹੈ। ਇਹ ਭਾਈ ਸੰਤੋਖ ਸਿੰਘ ਜੀ ਦੀ ਮੌਲਿਕ ਸਿਰਜਣਾ ਹੈ। ਭਾਈ ਸੰਤੋਖ ਸਿੰਘ ਦੱਸ ਰਹੇ ਹਨ ਕਿ ਗੰਗਾ ਤੀਰਥ ਇਸ਼ਨਾਨ ਕਰਨ ਨਾ ਜਾਓ, ਉਸ ਮਹਾਰਾਜ ਦੀ ਬਾਣੀ ਵਿਚ ਇਸ਼ਨਾਨ ਕਰੋ ਜਿਹੜੀ ਗੰਗਾ ਦੇ ਪਾਪ ਹਰਨ ਕਰ ਲੈਂਦੀ ਹੈ। ਗੁਰਬਾਣੀ ਜਿੱਡਾ ਤੀਰਥ ਹੋਰ ਕਿਤੇ ਨਹੀ ਹੈ।

ਸਾਖੀ ਦਾ ਅਰਥ ਵਿਸਤਾਰ ਕਰਨ ਵਿਚ ਦੋ ਬੰਦੇ ਅਨੂਪਮ ਹਨ, ਭਾਰਤ ਵਿਚ ਓਸ਼ੋ ਰਜਨੀਸ਼, ਪੰਜਾਬ ਵਿਚ ਮਨਮੋਹਨ ਬਾਵਾ। ਓਸ਼ੋ ਦਸਦਾ ਹੈ- ਮਹਾਂਭਾਰਤ ਦੀ ਸਾਖੀ ਅਨੁਸਾਰ ਅਰਜਨ ਇਸ ਲਈ ਯੁੱਧ ਜਿੱਤ ਗਿਆ ਕਿਉਂਕਿ ਭਗਵਾਨ ਕ੍ਰਿਸ਼ਨ ਉਸ ਦਾ ਰਥਵਾਨ ਸੀ। ਸਹੀ ਹੈ, ਜਿਸ ਦਾ ਰਥਵਾਨ ਭਗਵਾਨ ਖ਼ੁਦ ਹੋਏ ਉਸ ਨੂੰ ਕੌਣ ਹਰਾਏਗਾ? ਅੱਜ-ਕੱਲ੍ਹ ਰਥ ਤਾਂ ਹਨ ਨਹੀਂ, ਤੁਹਾਡੇ ਕੋਲ ਕਾਰਾਂ ਜੀਪਾਂ ਹਨ। ਜਿਸ ਗੱਲ ਦਾ ਤੁਹਾਨੂੰ ਪਤਾ ਨਹੀਂ, ਮੈਂ ਜਾਣਦਾ ਹਾਂ, ਰੱਬ ਨੂੰ ਕਾਰ ਅਤੇ ਜੀਪ ਚਲਾਉਣੀ ਵੀ ਆਉਂਦੀ ਹੈ। ਜੇ ਤੁਸੀਂ ਉਸ ਨੂੰ ਆਖੋ ਮੇਰਾ ਡ੍ਰਾਇਵਰ ਲੱਗ ਜਾਹ, ਉਹ ਖੁਸ਼ ਹੋ ਕੇ ਹਾਂ ਕਰੇਗਾ। ਉਹ ਤੁਹਾਡਾ ਡ੍ਰਾਇਵਰ ਲੱਗਣ ਲਈ ਤਿਆਰ ਹੈ ਤੁਸੀਂ ਉਸ ਨੂੰ ਰੱਖਣ ਲਈ ਤਿਆਰ ਨਹੀਂ। ਜਦੋਂ ਕਹੋਗੇ ਫਲਾਣੀ ਥਾਂ ਚੱਲ, ਉਹ ਕਹੇਗਾ ਇੱਥੇ ਨਹੀਂ ਜਾਣਾ, ਇਹ ਥਾਂ ਚੰਗੀ ਨਹੀਂ। ਜਿੱਥੇ ਲੈ ਕੇ

ਜਾਇਗਾ, ਉੱਥੇ ਕੋਈ ਸੰਕਟ ਖੜ੍ਹਾ ਹੋ ਸਕਦਾ ਹੈ। ਭਗਵਾਨ ਤਿਆਰ ਹੈ, ਤੁਸੀਂ ਤਿਆਰ ਨਹੀਂ। ਭਗਵਾਨ ਨੂੰ ਰਥਵਾਨ ਰੱਖਣ ਲਈ ਕੋਈ ਅਰਜਣ ਚਾਹੀਦਾ ਹੈ।

ਯੁੱਧ ਜਿੱਤ ਗਏ, ਪਰ ਪਾਂਡਵ ਆਤਮ-ਗਿਲਾਨੀ ਤੋਂ ਪੀੜਤ ਹੋ ਗਏ। ਗੁਰੂ, ਰਿਸ਼ਤੇਦਾਰ, ਮਿੱਤਰ ਪਿਆਰੇ ਸਭ ਮਾਰ ਦਿੱਤੇ, ਰਾਜ ਕਿਸ ’ਤੇ ਕਰਨਾ, ਕਿਸ ਵਾਸਤੇ ਕਰਨਾ? ਖੁਦਕਸ਼ੀ ਦਾ ਫੈਸਲਾ ਕਰ ਕੇ ਹਿਮਾਲਾ ਪਰਬਤ ਦੀ ਚੜ੍ਹਾਈ ਚੜ੍ਹਨ ਲੱਗੇ। ਵਾਰੋ ਵਾਰ ਇਕ-ਇਕ ਕਰਕੇ ਡਿੱਗਦੇ ਗਏ, ਬਰਫ ਵਿਚ ਦਬਦੇ ਗਏ। ਇਸ ਕਥਾ ਦਾ ਅੰਤ ਵੇਦ ਵਿਆਸ ਇਸ ਥਾਂ ਕਰਦਾ ਹੈ। ਮਨਮੋਹਨ ਬਾਵਾ ਇੱਥੇ ਨਹੀਂ ਰੁਕਦਾ। ਲਿਖਦਾ ਹੈ- ਬਰਫ ਤੋਂ ਪੈਰ ਫਿਸਲਿਆ, ਦ੍ਰੋਪਤੀ ਸਭ ਤੋਂ ਪਹਿਲਾਂ ਡਿੱਗੀ। ਕਿਉਂ? ਉਹ ਪੰਜ ਪਾਂਡਵਾਂ ਦੀ ਬਰਾਬਰ ਔਰਤ ਸੀ, ਪਰ ਬਾਕੀਆਂ ਨਾਲੋਂ ਅਰਜਣ ਨੂੰ ਵਧੀਕ ਪਿਆਰ ਕਰਦੀ ਸੀ। ਬਾਕੀ ਦੂਰ ਚਲੇ ਗਏ ਸਨ, ਭੀਮ ਨਜ਼ਦੀਕ ਸੀ, ਤੇਜ਼ੀ ਨਾਲ ਹੇਠਾਂ ਆਇਆ, ਸਿਰ ਉੱਪਰ ਡੂੰਘੀ ਸੱਟ ਸੀ। ਸਿਰ ਅਪਣੀ ਗੋਦ ਵਿਚ ਲੈ ਕੇ ਬੋਲਿਆ- ਪਾਂਚਾਲੀ ਤੂੰ ਹੁਣ ਵਿਛੜਨ ਲੱਗੀ ਹੈਂ। ਆਖਰੀ ਇੱਛਾ? ਦ੍ਰੋਪਤੀ ਬੋਲੀ- ਤੁਸੀਂ ਭਗਵਾਨ ਹੋ, ਜੋ ਆਖਰੀ ਇੱਛਾ ਪੂਰੀ ਕਰ ਦਿਓਗੇ?

-ਮੈਂ ਪ੍ਰਾਰਥਨਾ ਕਰਾਂਗਾ ਪਾਂਚਾਲੀ।

-ਮੇਰੀ ਆਖਰੀ ਇੱਛਾ ਹੈ ਤੁਸੀਂ ਪੰਜ ਅਤੇ ਛੇਵੀਂ ਮੈਂ, ਇਕ ਵਾਰ ਫੇਰ ਸੰਸਾਰ ਵਿਚ ਆਈਏ, ਦ੍ਰੋਪਤੀ ਨੇ ਕਿਹਾ।

-ਇਸ ਜਨਮ ਵਿਚ ਕੀ ਸੁੱਖ ਦੇਖਿਆ ਪਾਂਚਾਲੀ ਜੋ ਫੇਰ ਆਉਣ ਦੀ ਇੱਛਾ ਹੋਈ?

-ਅਸੀਂ ਛੇ ਦੇ ਛੇ ਇਕ ਵਾਰ ਫੇਰ ਜਨਮ ਲਈਏ, ਪਰ ਅਗਲੀ ਵਾਰ ਸਾਡਾ ਰਿਸ਼ਤਾ ਹੁਣ ਵਾਲਾ ਨਾ ਹੋਵੇ। ਤੁਸੀਂ ਪੰਜੇ ਮੇਰੇ ਭਰਾ ਹੋਵੋ, ਮੈਂ ਤੁਹਾਡੀ ਭੈਣ।

-ਅਜਿਹਾ ਫੁਰਨਾ ਮਨ ਵਿਚ ਕਿਉਂ ਫੁਰਿਆ ਪਾਂਚਾਲੀ?

-ਜੇ ਤੁਸੀਂ ਮੇਰੇ ਭਰਾ ਹੁੰਦੇ ਤਦ ਮੈਨੂੰ ਜੂਏ ਵਿਚ ਦਾਅ ’ਤੇ ਨਾ ਲਾਉਂਦੇ। ਮੇਰਾ ਚੀਰ ਹਰਨ ਹੁੰਦਾ ਦੇਖ ਕੇ ਖਾਮੋਸ਼ ਬੈਠੇ ਨਾਂ ਰਹਿੰਦੇ। ਕੋਈ ਬੁਰਾ ਨਹੀਂ ਸੀ ਕੌਰਵਾਂ ਪਾਂਡਵਾਂ ਵਿਚ, ਰਿਸ਼ਤੇ ਬੁਰੇ ਸਨ।

ਹਿਮਾਦਰੀ ਬੈਨਰਜੀ ਕਲਕੱਤਿਓਂ ਪਟਿਆਲੇ ਪੰਜਾਬੀ ਯੂਨੀਵਰਸਿਟੀ ਵਿਚ ਆਏ। ਕੰਮ-ਕਾਜ ਨਿਪਟਾ ਕੇ ਜਾਣਾ ਸੀ, ਮੈ ਸਟੇਸ਼ਨ ਤੱਕ ਛੱਡਣ ਗਿਆ। ਕਹਿਣ ਲੱਗੇ- ਗਾੜੀ ਆਨੇ ਮੇਂ ਅਭੀ ਵਕਤ ਹੈ ਪੰਨੂ ਭਾਈ। ਆਪ ਕੋ ਸਾਖੀ ਯਾਦ ਹੁਆ ਕਰਤੀ ਹੈ, ਕੋਈ ਸਾਖੀ ਸੁਨਾਏਂ। ਮੈਨੂ ਸ਼ਿਵ ਨਾਰਦ ਦੀ ਸਾਖੀ ਯਾਦ ਆਈ। ਕਿਹਾ- ਨਾਰਦ ਨੇ ਸ਼ਿਵ ਜੀ ਨੂੰ ਪੁੱਛਿਆ, ਆਪਾਂ ਕਿੱਥੋਂ ਆਏ ਸੀ ਧਰਤੀ ਉੱਪਰ, ਕੀ ਕਰਨ ਆਏ, ਇਸ ਪਿੱਛੋਂ ਕਿੱਥੇ ਜਾਵਾਂਗੇ ਮਹਾਰਾਜ? ਸ਼ਿਵਜੀ ਨੇ ਕਿਹਾ- ਤੁਸੀਂ ਅਤੇ ਅਸੀਂ ਹਜ਼ਾਰ ਵਾਰ ਧਰਤੀ ਉੱਤੇ ਆਏ। ਹਰ ਵਾਰ ਤੁਸੀਂ ਇਹੋ ਸਵਾਲ ਪੁੱਛਿਆ। ਜੋ ਜਵਾਬ ਹਜ਼ਾਰ ਵਾਰ ਪਹਿਲਾਂ ਸੁਣਿਆ ਉਹੋ ਫਿਰ ਸੁਨਾਉਣ ਲੱਗੇ ਹਾਂ। ਐਤਕਾਂ ਧਿਆਨ ਨਾਲ ਸੁਣਨਾ ਨਾਰਦ, ਭੁੱਲਣਾ ਨਾਂ।

ਇਹ ਵਾਕ ਸੁਣ ਕੇ ਹਿਮਾਦਰੀ ਜੀ ਨੇ ਸੈਂਡਲ ਉਤਾਰੇ, ਨੰਗੇ ਪੈਰ ਮੇਰੇ ਸਾਹਮਣੇ ਹੱਥ ਜੋੜ ਕੇ ਖਲੋ ਗਏ, ਕਿਹਾ- ਮੈਂ ਆਦਮੀ ਨੂੰ ਮਹਾਰਾਜ, ਮੈਂ ਫਿਰ ਭੁਲੂੰਗਾ, ਆਪ ਭਗਵਾਨ ਹੋ, ਆਪ ਕੋ ਫਿਰ ਯਾਦ ਕਰਾਨਾ ਪੜੇਗਾ। ਆਦਮੀ ਬਾਰ ਬਾਰ ਭੂਲੇਗਾ, ਭਗਵਾਨ ਬਾਰ ਬਾਰ ਯਾਦ ਕਰਾਇੰਗੇ। ਆਦਮੀ ਔਰ ਭਗਵਾਨ ਮੇਂ ਯਹੀ ਫਰਕ ਤੋ ਹੋਤਾ ਹੈ।

ਜਿਸ ਨੂੰ ਚਮਤਕਾਰ ਚੰਗਾ ਨਹੀਂ ਲੱਗਦਾ, ਉਸ ਨੂੰ ਕਵਿਤਾ ਚੰਗੀ ਨਹੀਂ ਲੱਗਣੀ ਚਾਹੀਦੀ। ਕਵਿਤਾ ਚਮਤਕਾਰ ਦੀ ਪਹਿਲੀ ਪਉੜੀ ਹੈ। ਭਾਈ ਨੰਦ ਲਾਲ ਜੀ ਦੇ ਇਸ ਕਥਨ ਵਿਚ ਕੀ ਨੁਕਸ ਹੈ?

ਨਾਬੂਦ ਹੇਚ ਨਿਸ਼ਾਨਹਾ ਜ਼ਿ ਆਸਮਾਨੋ ਜ਼ਮੀ

ਕਿ ਸ਼ੌਕਿ ਰੂਏ ਤੂ ਆਵੁਰਦ ਦਰ ਸਜੂਦ ਮਰਾ।

ਅਰਥਾਤ: (ਉਦੋਂ ਤਾਂ ਜ਼ਮੀਨ ਅਸਮਾਨ ਦਾ ਨਾਮ ਨਿਸ਼ਾਨ ਨਹੀਂ ਸੀ, ਜਦੋਂ ਮੈ ਤੁਹਾਨੂੰ ਮਿਲਿਆ ਅਤੇ ਸਿਜਦਾ ਕੀਤਾ ਸੀ।)

ਜਿਸ ਨੂੰ ਮਿੱਥ ਅਤੇ ਚਮਤਕਾਰ ਵਿਚ ਯਕੀਨ ਨਹੀਂ ਉਹ ਅਰਦਾਸ ਕਿਉਂ ਕਰਦਾ ਹੈ? ਅਰਦਾਸ ਕਰਨ ਵਾਲੇ ਪ੍ਰਾਰਥੀ ਨੂੰ ਕਿਸੇ ਚਮਤਕਾਰ ਵਾਪਰਨ ਦੀ ਉਮੀਦ ਹੁੰਦੀ ਹੈ।

ਮਿੱਥ ਸਿਰਜਣਾ ਖ਼ਤਮ ਨਹੀਂ ਹੋਈ, ਖ਼ਤਮ ਹੋਏਗੀ ਵੀ ਨਹੀਂ। ਜ਼ਰਖੇਜ਼ ਦਿਲ ਦਿਮਾਗ ਨਵੀਆਂ ਸਾਖੀਆਂ ਘੜ ਰਹੇ ਹਨ। ਜਾਪਾਨੀ ਸ਼ਾਇਰ, ਫਿਲਾਸਫਰ, ਓਕਾਕੁਰਾ ਛੱਬੀ ਸਾਲ ਦੀ ਉਮਰੇ ਆਕਸਫੋਰਡ ਵਿਚ ਫੁੱਲ ਪ੍ਰੋਫੈਸਰ ਨਿਯੁਕਤ ਹੋਇਆ ਸੀ, ਇਹ ਰਿਕਾਰਡ ਅੱਜ ਤਕ ਕਾਇਮ ਹੈ। ਉਸ ਦੀ ਕਿਤਾਬ ***ਬੁੱਕ ਆਫ ਟੀ*** ਵਿਚ ਇਕ ਅਧਿਆਇ ਫੁੱਲਾਂ ਉੱਪਰ ਹੈ। ਲਿਖਿਆ- ਮਨੁੱਖਾਂ ਨੂੰ, ਧਰਤੀ ਨੂੰ ਫੁੱਲ ਪਿਆਰ ਕਰਨੋ ਨਹੀਂ ਹੱਟਦੇ। ਜਨਮ ਵਕਤ ਫੁੱਲ, ਵਿਆਹ ਵਕਤ ਫੁੱਲ, ਇਹ ਸ਼ੈਦਈ ਤਾਂ ਸਾਡੀਆਂ ਕਬਰਾਂ ਉੱਪਰ ਖਿੜਨੋਂ ਵੀ ਨਹੀਂ ਹੱਟਦੇ, ਪਰ ਆਦਮੀ? ਆਦਮੀ ਨਿਰੰਤਰ ਇਨ੍ਹਾਂ ਨੂੰ ਤੋੜਦਾ ਉਜਾੜਦਾ ਆਇਆ ਹੈ। ਏਨਾ ਉਜਾੜਾ ਕਿ ਕੁਝ ਨਸਲਾਂ ਸਦਾ ਲਈ ਧਰਤੀ ਤੋਂ ਲੋਪ ਹੋ ਗਈਆਂ। ਸੁਰਗ ਵਿਚ ਪਰਵਾਸ ਕਰ ਗਈਆਂ ਸ਼ਾਇਦ। ਇਕ ਫੁੱਲ ਧਰਤੀ 'ਤੇ ਰਹਿਣ ਦਾ ਇੱਛੁਕ ਤਾਂ ਸੀ, ਪਰ ਡਰਦਾ ਸੀ ਕਿ ਕਿਤੇ ਆਦਮੀ ਨਸਲਕੁਸ਼ੀ ਨਾ ਕਰ ਦਏ। ਉਸ ਨੇ ਰੱਬ ਅੱਗੇ ਅਰਦਾਸ ਕੀਤੀ, "ਨਿੱਕੇ ਜਿਹੇ ਕੀੜੇ ਨੂੰ, ਮਧੁਮੱਖੀ ਨੂੰ, ਤੂੰ ਬਚਾਉ ਕਰਨ ਦੇ ਸਾਧਨ ਦਿੱਤੇ ਪਿਤਾ। ਮਾਰਨ ਲਈ ਡੰਗ ਦਿੱਤੇ, ਦੌੜਨ ਲਈ ਪੈਰ ਦਿੱਤੇ। ਅਪਣੇ ਬਚਾਅ ਲਈ ਮੈਂ ਕੁਝ ਨਹੀਂ ਕਰਨ ਜੋਗਾ। ਮੈ ਧਰਤੀ ਤੇ ਰਹਿ ਕੇ ਆਦਮੀ ਤੋਂ ਬਚਣਾ ਚਾਹੁੰਦਾ ਹਾਂ। ਦਿਆਲੂ ਹੋ ਕੇ ਮੇਰੀ ਮਦਦ ਕਰ ਪਿਤਾ। ਅਰਦਾਸ ਮਨਜ਼ੂਰ ਕਰਦਿਆਂ ਰੱਬ ਨੇ ਉਸ ਨੂੰ ਨਿੱਕੇ ਨਿੱਕੇ ਦੋ ਖੰਭ ਦੇ ਦਿੱਤੇ। ਫੁੱਲ, ਤਿਤਲੀ ਬਣ ਕੇ ਉੱਡਣ ਲੱਗਾ।

ਧਾਰਮਿਕ ਬੰਦਿਆਂ ਨੂੰ ਸਾਖੀ ਕਿਉਂ ਚੰਗੀ ਲਗਦੀ ਹੈ? ਬਚਪਨ ਵਿਚ ਜਿੰਨ, ਪਰੀ, ਰਾਜਕੁਮਾਰ, ਰਾਜੇ ਰਾਣੀਆਂ ਦੀਆਂ ਲੋਕ ਕਹਾਣੀਆਂ ਚੰਗੀਆਂ ਲਗਦੀਆਂ ਹਨ। ਧਾਰਮਿਕ ਬੰਦੇ ਦਾ ਇਕ ਪਰਿਵਾਰ ਹੁੰਦਾ ਹੈ, ਵੱਡਾ ਪਰਿਵਾਰ, ਸਾਂਝੇ ਵਿਸ਼ਵਾਸਾਂ ਵਾਲਾ ਪਰਿਵਾਰ। ਉਸ ਪਰਿਵਾਰ ਵਿਚਲਾ ਪੈਗੰਬਰ ਪਿਤਾ ਹੈ, ਬਾਕੀ ਸਾਰੇ ਉਸ ਦੇ ਬੱਚੇ। ਧਰਮ ਦੀ ਗੱਲ ਕਰਦਿਆਂ-ਸੁਣਦਿਆਂ ਵਕਤੇ-ਸਰੋਤੇ ਸਾਰੇ ਬੱਚੇ ਹੋ ਜਾਂਦੇ ਹਨ ਤੇ ਕਿਸੇ ਪਰੀ ਦੇਸ ਵਿਚ ਜਾ ਪੁੱਜਦੇ ਹਨ। ਉਸ ਦੇਸ ਵਿਚ ਕਰਾਮਾਤਾਂ ਹੀ ਕਰਾਮਾਤਾਂ ਹਨ, ਕੇਵਲ ਕਰਾਮਾਤਾਂ ਸੱਚ ਹਨ, ਬਾਕੀ ਸਭ ਝੂਠ।

ਸੀਨਾ ਬਸੀਨਾ ਜਨਮ-ਸਾਖੀਆਂ ਜ਼ਬਾਨੀ ਕਲਾਮੀ ਤੁਰਦੀਆਂ ਰਹੀਆਂ, ਇਨ੍ਹਾਂ ਨੂੰ ਲਿਖ਼ਤੀ ਰੂਪ ਗੁਰੂ ਅਰਜਨ ਦੇਵ ਜੀ ਦੇ ਸਮੇਂ ਆਦਿ ਗ੍ਰੰਥ ਦੀ ਬੀੜ ਬੰਨ੍ਹਣ ਪਿੱਛੋਂ ਮਿਲਿਆ। ਸਾਖੀ ਗੁਰੂ ਨਾਨਕ ਦੇਵ ਦੀ ਚੱਲ ਰਹੀ ਹੁੰਦੀ ਹੈ, ਜਿਹੜਾ ਸ਼ਬਦ ਗਾਇਨ ਕਰ ਰਹੇ ਦਿਖਾਏ ਜਾਂਦੇ ਹਨ, ਉਹ ਚੌਥੀ ਜਾਂ ਪੰਜਵੀਂ ਪਾਤਸ਼ਾਹੀ ਦਾ ਹੈ। ਸਾਖੀਕਾਰ ਇਸ ਗੱਲੋਂ ਅਣਜਾਣ ਨਹੀਂ ਕਿ ਉਸ ਨੂੰ ਪਤਾ ਨਾ ਹੋਏ ਗੁਰੂ ਨਾਨਕ ਦੇਵ, ਗੁਰੂ ਅਰਜਨ ਦੇਵ ਦਾ ਸ਼ਬਦ ਕਿਵੇਂ ਗਾ ਸਕਦੇ

ਹਨ। ਸ਼ਬਦ ਦੇ ਪਿੱਛੇ ਉਹ ਖੁਦ ਮਹਲਾ ਚੌਥਾ, ਪੰਜਵਾਂ ਲਿਖ ਰਿਹਾ ਹੈ। ਉਸ ਵਾਸਤੇ ਪਹਿਲੀ ਤੇ ਪੰਜਵੀਂ ਪਾਤਸ਼ਾਹੀ ਵਿਚ ਕੋਈ ਫਰਕ ਹੀ ਨਹੀਂ। ਉਸ ਲਈ ਤਾਂ ਉਹ ਗੱਲ ਮਹੱਤਵਪੂਰਨ ਹੈ, ਜੋ ਉਸ ਨੇ ਸੰਚਾਰਿਤ ਕਰਨੀ ਹੈ।

ਸਾਹਿਤ ਆਲੋਚਕਾਂ ਨੇ ਦੱਸਿਆ ਕਿ ਕਵਿਤਾ ਜਜ਼ਬਾਤੀ ਵਿਧਾ ਹੁੰਦੀ ਹੈ, ਵਾਰਤਕ ਬੌਧਿਕ, ਤਰਕ-ਸੰਗਤ। ਜਿਹੜੇ ਵਿਦਵਾਨ ਗੁਰਬਾਣੀ ਨੂੰ ਕਾਵਿ ਮੰਨਦੇ ਰਹੇ ਹਨ, ਉਹ ਇਸੇ ਤਰਕ ਉੱਪਰ ਗਲਤ ਹੋ ਗਏ। ਗੁਰਬਾਣੀ ਜਜ਼ਬਾਤੀ ਕਵਿਤਾ ਨਹੀਂ, ਇਸ ਵਿਚ ਧਰਮ-ਸ਼ਾਸਤਰ ਅਤੇ ਫ਼ਲਸਫੇ ਦੀ ਸਿਰਜਣਾ ਹੋਈ ਹੈ। ਮੁਕਾਬਲਤਨ ਜਨਮ-ਸਾਖੀਆਂ ਵਿਚ ਅਨੇਕ ਜਜ਼ਬਾਤੀ ਅਹਿਸਾਸਾਂ ਦਾ ਪ੍ਰਗਟਾਵਾ ਹੋਇਆ ਹੈ। ਨਮੂਨੇ ਵਜੋਂ ਅਸੀਂ ਰਾਇ ਬੁਲਾਰ ਖਾਨ ਸਾਹਿਬ ਅਤੇ ਭਾਈ ਮਰਦਾਨਾ ਜੀ ਦੀਆਂ ਸਾਖੀਆਂ ਦਿੱਤੀਆਂ ਹਨ।

## ਸਾਖੀ ਰਾਇ ਬੁਲਾਰ ਖਾਨ ਸਾਹਿਬ ਜੀ ਦੀ

ਜਨਮ-ਸਾਖੀਆਂ ਬਾਰੇ ਸੁਣਨ ਨੂੰ ਮਿਲਦਾ ਹੈ ਕਿ ਇਨ੍ਹਾਂ ਵਿਚ ਪੌਰਾਣਿਕ ਤੱਤ ਵਧੀਕ ਹਨ, ਕਿ ਇਹ ਇਤਿਹਾਸ ਤੋਂ ਦੂਰ ਹਨ, ਕਿ ਕੁਝ ਸਾਖੀਆਂ ਗੁਰਬਾਣੀ ਦੇ ਆਸ਼ੇ ਨਾਲ ਮੇਲ ਨਹੀਂ ਖਾਂਦੀਆਂ। ਇਹ ਸਾਰੀਆਂ ਗੱਲਾਂ ਸਹੀ ਹਨ ਤੇ ਸਹੀ ਹੋਣ ਦੇ ਬਾਵਜੂਦ ਸਾਖੀਆਂ ਨਿਰਾਦਰ ਕਰਨ ਯੋਗ ਸਾਹਿਤ ਨਹੀਂ ਹਨ। ਭਾਰਤ ਦੇ ਪੌਰਾਣ-ਸਾਹਿਤ ਵਿਚ ਮਿਥਿਹਾਸ ਹੀ ਮਿਥਿਹਾਸ ਹੈ, ਪਰ ਪੌਰਾਣ-ਗ੍ਰੰਥਾਂ ਵਿਚ ਨੈਤਿਕ, ਦਾਰਸ਼ਨਿਕ ਅਤੇ ਧਰਮ ਦੇ ਸੁਹਜਭਾਵੀ ਮੁੱਲਵਾਨ ਤੱਤ ਵੀ ਮੌਜੂਦ ਹਨ। ਜੋ ਸਹੀ ਲੱਗੇ ਜਿੰਨਾਂ ਸਹੀ ਲੱਗੇ, ਜਿੰਨਾਂ 'ਕੁ ਕਲਿਆਣਕਾਰੀ ਹੋਵੇ ਰੱਖੋ, ਬਾਕੀ ਛੱਡ ਦਿਉ। ਸਾਹਿਤ ਰਚਨਾ ਕਰਦਿਆਂ ਮਹਾਂਰਿਸ਼ੀ ਦੱਸ ਗਏ ਹਨ, "ਜਦੋਂ ਤੁਸੀਂ ਕਣਕ ਖਾਂਦੇ ਹੋ, ਕਣਕ ਨਾਲ ਉਸ ਦੀ ਤੂੜੀ ਨਹੀਂ ਖਾਂਦੇ। ਜਦੋਂ ਤੁਸੀਂ ਪਸ਼ੂਆਂ ਅੱਗੇ ਤੂੜੀ ਸੁਟਦੇ ਹੋ ਤਾਂ ਤੂੜੀ ਨਾਲ ਉਸ ਦੀ ਕਣਕ ਨਹੀਂ ਸੁੱਟਦੇ।" ਮਨੁੱਖ ਵਿਚ ਦੇਵਤਾ ਹੈ, ਦਾਨਵ ਹੈ ਤੇ ਪਸ਼ੂ ਹੈ। ਪਸ਼ੂ ਤੂੜੀ ਖਾਏਗਾ, ਮਨੁੱਖ ਲਈ ਕਣਕ ਉਪਯੋਗੀ ਹੈ ਤੇ ਦੇਵਤੇ ਲਈ ਰੂਹਾਨੀਅਤ। ਅਭਿਲਾਖੀ ਆਪਣੀ-ਆਪਣੀ ਖੁਰਾਕ ਕਲਾਸਕੀ ਸਾਹਿਤ ਵਿਚੋਂ ਵਿਤ ਅਤੇ ਲੋੜ ਅਨੁਸਾਰ ਪ੍ਰਾਪਤ ਕਰਨਗੇ।

ਬਾਕੀ ਸੰਸਾਰ ਜਿਸ ਤੋਂ ਵੰਚਿਤ ਸੀ, ਬੇਬੇ ਨਾਨਕੀ ਜੀ, ਭਾਈ ਮਰਦਾਨਾ ਜੀ ਅਤੇ ਰਾਇ ਬੁਲਾਰ ਖ਼ਾਨ ਸਾਹਿਬ ਨੂੰ ਰੱਬ ਨੇ ਉਹ ਨਜ਼ਰ ਦਿੱਤੀ। ਅਸੀਂ ਭਾਈ ਲਹਿਣਾ ਜੀ ਦਾ ਨਾਮ ਜਾਣ ਕੇ ਨਹੀਂ ਲਿਆ, ਕਿਉਂਕਿ ਇਸ ਸੰਖੇਪ ਨਿਬੰਧ ਵਿਚ ਗੁਰੂ ਜੀ ਦੀ ਨਹੀਂ, ਸਿੱਖ ਦੀ ਤਸਵੀਰ ਦੇਖਣ ਦਾ ਯਤਨ ਕਰਾਂਗੇ। ਗੁਰੂ ਬਾਬਾ ਜੀ ਦੇ ਬਚਪਨ ਦੀ ਸਾਦਗੀ ਅਤੇ ਮਾਸੂਮੀਅਤ ਵਿਚੋਂ ਅਨੰਤ ਰੂਹਾਨੀਅਤ ਦਾ ਸੂਰਜ ਉਦੈ ਹੁੰਦਿਆਂ ਇਨ੍ਹਾਂ ਤਿੰਨ ਸਿੱਖਾਂ ਨੇ ਪ੍ਰਤੱਖ ਦੇਖਿਆ। ਬੇਬੇ ਨਾਨਕੀ ਬਾਬਾ ਜੀ ਤੋਂ ਚਾਰ ਸਾਲ ਵੱਡੇ ਸਨ, ਭਾਈ ਮਰਦਾਨਾ ਜੀ ਦਸ ਸਾਲ ਅਤੇ ਰਾਇ ਬੁਲਾਰ ਸਾਹਿਬ ਪੱਚੀ ਸਾਲ ਦੇ ਕਰੀਬ ਵੱਡੇ ਸਨ। ਤਿੰਨੇ ਗੁਰੂ ਬਾਬੇ ਦੀ ਸ਼ਖ਼ਸੀਅਤ ਉਪਰ ਫ਼ਿਦਾ ਸਨ। ਸਾਖੀ ਦੱਸਦੀ ਹੈ ਕਿ ਬਾਬਾ ਜੀ ਧੁਰ ਦਿਲ ਦੀਆਂ ਡੂੰਘਾਣਾਂ ਵਿਚੋਂ ਇਨ੍ਹਾਂ ਨੂੰ ਪਿਆਰ ਕਰਦੇ ਸਨ। ਬਿੱਖੜੇ ਪੰਧ ਵਿਚ ਭਾਈ ਮਰਦਾਨਾ ਜਦੋਂ ਕਿਸੇ ਲੋੜੀਂਦੀ ਵਸਤੂ ਦੀ ਮੰਗ ਕਰਦੇ ਤਾਂ ਮਹਾਰਾਜ ਨਾਰਾਜ਼ ਨਹੀਂ ਹੁੰਦੇ ਸਨ। ਸਫ਼ਰ ਦੌਰਾਨ ਤੇਜ਼ੀ ਨਾਲ ਅੱਗੇ ਵੱਧਦੇ ਜਾਂਦੇ ਅਚਾਨਕ ਆਖ ਦਿੰਦੇ, "ਚਲੋ ਭਾਈ! ਵਾਪਸ ਸੁਲਤਾਨਪੁਰ ਚੱਲੀਏ।" ਭਾਈ ਮਰਦਾਨਾ ਪੁੱਛਦੇ, "ਬਾਬਾ ਜੀ ਕੱਲ੍ਹ ਤਾਂ ਆਖਦੇ ਸੀ ਹੋਰ ਅੱਗੇ ਜਾਣਾ ਹੈ।" ਬਾਬਾ ਜੀ ਆਖਦੇ, "ਨਾਂਹ ਭਾਈ। ਸੁਲਤਾਨਪੁਰ ਚੱਲੀਏ, ਬੇਬੇ ਨਾਨਕੀ ਹੁਣ ਧੀਰ ਨਹੀਂ ਧਰਦੀ। ਉਹ ਤਾਂ ਬੈਰਾਗਣਿ ਹੋਇ ਗਈ ਹੈ। ਉਹ ਅਸਾਂ ਦੀ ਭੈਣ ਆਹੀ। ਜੁੱਗਾਂ ਦੀ ਭੈਣ

ਆਹੀ। ਅਸਾਡਾ ਮੇਲ ਹੁੰਦਾ ਆਇਆ ਹੈ। ਜੁੱਗਾਂ ਤੋਂ ਹੁੰਦਾ ਆਇਆ ਹੈ। ਸੁਲਤਾਨਪੁਰ ਚੱਲੀਏ।" ਇਨ੍ਹਾਂ ਸੁਰਾਂ ਵਿਚ ਰਾਇ ਬੁਲਾਰ ਸਾਹਿਬ ਨੂੰ ਯਾਤਰਾ ਦੌਰਾਨ ਯਾਦ ਕਰਦਿਆਂ ਆਖਦੇ, "ਭਾਈ ਜੀ ਤਲਵੰਡੀ ਚੱਲੀਏ। ਰਾਇ ਜੀ ਦੀ ਮੁਹੱਬਤ ਦਾ ਭਾਰ ਅਸਾਂ ਦੇ ਮੋਢਿਆਂ ਉੱਪਰ ਅਧਿਕ ਵਧ ਗਿਆ ਹੈ। ਅਗੈ ਤੁਰਿਆ ਨਹੀਂ ਜਾਂਵਦਾ ਹੋਰ। ਤਲਵੰਡੀ ਚੱਲੋ।"

ਵੇਈਂ ਨਦੀ ਵਿਚ ਪ੍ਰਵੇਸ਼ ਦੀ ਸਾਖੀ ਸਭ ਨੇ ਸੁਣੀ ਹੈ। ਸੁਲਤਾਨਪੁਰ ਦਾ ਨਵਾਬ ਦੌਲਤ ਖਾਨ ਉਦਾਸ ਹੋਇਆ। ਗੋਤਾਖੋਰ ਮੰਗਵਾਏ। ਜਾਲ ਸੁਟੇ। ਦਰਿਆ ਹੂੰਝ ਦਿੱਤਾ, "ਬਾਬਾ ਨਹੀਂ ਮਿਲਦਾ, ਕਿਤੋਂ ਕਲਬੂਤ ਤਾਂ ਮਿਲੇ।" ਗ਼ਮਗੀਨ ਭਾਈ ਜੈਰਾਮ (ਬੇਬੇ ਨਾਨਕੀ ਦਾ ਪਤੀ) ਦੀ ਬਾਂਹ ਫੜ ਕੇ ਨਵਾਬ ਨੇ ਕਿਹਾ, "ਨਾਨਕ ਭਲਾ ਵਜ਼ੀਰ ਥਾ। ਪਰ ਖੁਦਾ ਅਗੈ ਕਿਸ ਦਾ ਜੋਰ।" ਔਰਤ ਮਰਦ ਧਰਵਾਸ ਦੇਣ ਬੇਬੇ ਨਾਨਕੀ ਜੀ ਪਾਸ ਗਏ ਤਾਂ ਬੇਬੇ ਨੇ ਕਿਹਾ, "ਹੌਸਲਾ ਰੱਖੋ। ਉਹ ਡੁੱਬ ਨਹੀਂ ਸਕਦਾ। ਜਿਸ ਦੀ ਬਦੌਲਤ ਸੰਸਾਰ ਨੇ ਤਰਨਾ ਹੈ, ਉਹ ਹਰਗਿਜ਼ ਨਹੀਂ ਡੁੱਬਿਆ। ਧੀਰਜ ਤੋਂ ਕੰਮ ਲਵੋ।"

ਬਸਤਰਾਂ ਨਜ਼ਦੀਕ ਨੀਵੀਂ ਪਾਈ ਬੈਠੇ ਮਰਦਾਨਾ ਜੀ ਨੂੰ ਨਗਰ ਵਾਸੀਆਂ ਨੇ ਕਿਹਾ, "ਸਬਰ ਕਰੋ ਭਾਈ। ਘਰ ਚੱਲੋ।" ਭਾਈ ਜੀ ਬੋਲੇ, "ਬਾਬੇ ਕਹਿਆ ਇਥੈ ਬੈਠ। ਮੈਂ ਆਇਆ। ਕਿਉਂ ਜਾਵਾਂ ਇਥੋਂ? ਬਸਤਰਾਂ ਪਾਸ ਬਿਠਾ ਕੇ ਗਏ ਹਨ ਖ਼ੁਦ। ਆਉਣਗੇ ਮਹਾਰਾਜ। ਤੁਸੀਂ ਚੱਲੋ।" ਤਿੰਨ ਦਿਨ ਬਾਬਾ ਜੀ ਦੇ ਵਾਪਸ ਆਉਣ ਤੱਕ ਉਹ ਵੇਈਂ ਨਦੀ ਦੇ ਕਿਨਾਰੇ ਭਰੋਸੇ ਨਾਲ ਬੈਠੇ ਰਹੇ।

'ਸਾਖੀ' ਸ਼ਬਦ ਦਾ ਅਰਥ ਕਹਾਣੀ ਨਹੀਂ। ਉਸ ਘਟਨਾ ਨੂੰ ਸਾਖੀ ਆਖਦੇ ਹਾਂ, ਜੋ ਵਾਪਰੀ ਹੋਵੇ ਤੇ ਵਾਪਰਦਿਆਂ ਕਿਸੇ ਨੇ ਅੱਖੀਂ ਦੇਖੀ ਹੋਵੇ। ਅਸੀਂ ਆਮ ਆਖਦੇ ਹਾਂ- ਰੱਬ ਸਾਖੀ ਹੈ। ਸਾਖਿਆਤ ਮਾਇਨੇ ਪਰਤੱਖ, ਪਰਗਟ। ਗੁਰੂ ਜੀ ਦੇ ਵਰਤਾਰੇ ਨੂੰ ਜਿਨ੍ਹਾਂ ਮੁਰੀਦਾਂ ਨੇ ਅੱਖੀਂ ਦੇਖਿਆ, ਸਿੱਖ ਸਾਹਿਤ ਉਨ੍ਹਾਂ ਦੇ ਬਿਆਨ ਨੂੰ ਜਨਮ-ਸਾਖੀਆਂ ਆਖਦਾ ਹੈ। ਅੱਜ ਰਾਇ ਬੁਲਾਰ ਜੀ ਦੀ ਸਾਖੀ ਦਾ ਪਾਠ ਕਰੀਏ। ਪੁਰਾਤਨ ਜਨਮ-ਸਾਖੀ, ਭਾਈ ਮਿਹਰਬਾਨ ਵਾਲੀ ਜਨਮ-ਸਾਖੀ ਤੇ ਭਾਈ ਬਾਲੇ ਵਾਲੀ ਜਨਮ-ਸਾਖੀ ਵਿਚੋਂ ਘਟਨਾਵਾਂ ਚੁਣੀਆਂ ਹਨ। ਭਾਈ ਮਨੀ ਸਿੰਘ ਵਾਲੀ ਜਨਮ-ਸਾਖੀ ਰਾਇ ਜੀ ਬਾਬਤ ਵਧੀਕ ਨਹੀਂ ਦੱਸਦੀ। ਤੱਥ-ਮੂਲਕ ਸਮਗਰੀ ਦੀ ਥਾਂ ਅਸੀਂ ਭਾਵਨਾ ਉੱਪਰ ਕਲਮ ਕੇਂਦਰਿਤ ਕੀਤੀ ਹੈ। ਭਾਵਨਾ ਦਾ ਦਰਜਾ ਉੱਤਮ ਹੈ ਤੇ ਸਮਗਰੀ ਦਾ ਦੋਮ। ਸਾਹਮਣੇ ਅੱਵਲ ਭੋਜਨ ਪਿਆ ਹੋਵੇ ਤਾਂ ਦੋਮ ਵਲ ਦੇਖਣ ਦੀ ਕੀ ਲੋੜ।

ਰਾਇ ਸਾਹਿਬ ਨੇ ਬਾਬਾ ਜੀ ਦਾ ਬਚਪਨ ਦੇਖਿਆ। ਭਲੀ ਸੂਰਤ ਅਤੇ ਮਿੱਠੇ ਸੁਭਾਅ ਦੀ ਮਹਿਕ ਚੁਪਾਸੇ ਵਿਚ ਘੁਲ਼-ਮਿਲ ਰਹੀ ਨਿਹਾਰਦੇ ਰਹੇ, ਪਰ ਇਸ ਬੱਚੇ ਵਿਚ ਗ਼ੈਬੀ ਗੁਣ ਹਨ, ਇਸ ਦੀ ਪਹਿਲੀ ਝਲਕ ਉਦੋਂ ਦਿਸੀ ਜਦੋਂ ਪਿਤਾ ਨੇ ਇਹ ਦੇਖ ਕੇ ਕਿ ਪੜ੍ਹਨ ਵਿਚ ਰੁਚੀ ਨਹੀਂ, ਪਸ਼ੂ ਚਾਰਨ ਭੇਜ ਦਿਤੇ। ਬਾਬੇ ਸੌਂ ਗਏ ਤੇ ਮੱਝਾਂ ਨੇ ਖੇਤ ਉਜਾੜ ਦਿੱਤਾ। ਕਿਸਾਨ ਨੇ ਪਿਤਾ ਨੂੰ ਉਲਾਂਭਾ ਦਿੱਤਾ ਅਤੇ ਰਾਇ ਸਾਹਿਬ ਕੋਲ ਜਾ ਕੇ ਹਰਜਾਨੇ ਦੀ ਮੰਗ ਕੀਤੀ। ਬਾਬਾ ਜੀ ਨੂੰ ਬੁਲਾ ਕੇ ਪੁੱਛਿਆ ਤਾਂ ਉਨ੍ਹਾਂ ਕਿਹਾ- ਕੋਈ ਖੇਤ ਨਹੀਂ ਉਜਾੜਿਆ। ਕਿਸਾਨ ਐਵੇਂ ਰੌਲਾ ਪਾਉਂਦਾ ਹੈ। ਹਰਜਾਨਾ ਨਿਸ਼ਚਤ ਕਰਨ ਲਈ ਰਾਇ ਜੀ ਨੇ ਕਿਸਾਨ ਨਾਲ ਬੰਦੇ ਭੇਜੇ। ਜਾ ਕੇ ਦੇਖਿਆ, ਖੇਤ ਹਰਾ-ਭਰਾ ਸੀ। ਰਾਇ ਨੇ ਕਿਸਾਨ ਨੂੰ ਝਿੜਕਿਆ। ਉਹ ਆਖੇ- ਜੀ ਉਜਾੜਿਆ ਸੀ। ਮੈਂ ਝੂਠ ਨਹੀਂ ਮਾਰਿਆ। ਰਾਇ ਸਾਹਿਬ ਨੇ ਬਾਲਕ ਨੂੰ ਪਿਆਰ ਦਿੱਤਾ ਤੇ ਕਿਸਾਨ ਨੂੰ ਚਲੇ ਜਾਣ ਲਈ ਕਿਹਾ। ਉਨ੍ਹਾਂ ਨੂੰ ਅਚੰਭਾ ਉਦੋਂ ਹੋਇਆ ਜਦੋਂ ਇਕ ਦਿਨ

ਸ਼ਿਕਾਰ ਤੋਂ ਵਾਪਸੀ ਵੇਲੇ ਦੇਖਿਆ ਕਿ ਬਾਕੀ ਰੁੱਖਾਂ ਦੀਆਂ ਛਾਵਾਂ ਪਰ੍ਹੇ ਸਰਕ ਗਈਆਂ ਹਨ, ਪਰ ਇਸ ਸੁੱਤੇ ਬਾਲਕ ਉਪਰ ਛਾਂ ਜਿਉਂ ਦੀ ਤਿਉਂ ਖਲੋਤੀ ਹੈ। ਉਨ੍ਹਾਂ ਦੇ ਦਿਮਾਗ ਵਿਚ ਖੇਤ ਉਜੜਨ ਦੀ ਘਟਨਾਂ ਵੀ ਘੁੰਮ ਗਈ... ਕਿਸਾਨ ਨੇ ਝੂਠ ਨਹੀਂ ਮਾਰਿਆ ਸੀ... ਉੱਜੜਿਆ ਖੇਤ ਦੁਬਾਰਾ ਹਰਾ ਹੋਇਆ ਹੈ। ਸਾਥੀਆਂ ਨੂੰ ਕਿਹਾ- ਯਾਰੋ ਖੇਤ ਉਜਾੜਨ ਵਾਲੀ ਗੱਲ ਭੀ ਡਿੱਠੀ ਹੈ, ਅਰ ਏਹੁ ਭੀ ਦੇਖਹੁ। ਏਹ ਖਾਲੀ ਨਹੀਂ। ਵਾਪਸ ਹਵੇਲੀ ਵਿਚ ਆ ਕੇ ਪਿਤਾ ਮਹਿਤਾ ਜੀ ਨੂੰ ਬੁਲਾ ਕੇ ਕਿਹਾ, "ਮਤੁ ਇਸ ਪੁਤਰ ਨੋ ਫਿਟਕਾਰ ਦੇਂਦਾ ਹੋਵੇਂ। ਇਹ ਮਹਾਂਪੁਰਖ ਹੈ। ਇਸ ਸਦਕਾ ਮੇਰਾ ਸਹਿਰ ਵਸਦਾ ਹੈ। ਤੂੰ ਨਿਹਾਲ ਹੋਆ। ਮੈਂ ਭੀ ਨਿਹਾਲ ਹਾਂ ਜਿਸ ਦੇ ਸਹਿਰ ਵਿਚ ਇਹ ਪੈਦਾ ਹੋਆ।" ਪਿਤਾ ਨੇ ਕਿਹਾ- ਜੀ ਖੁਦਾਇ ਦੀਆਂ ਖੁਦਾਇ ਜਾਣੈ।

ਮੁਰੱਬਿਆਂ ਦਾ ਦੌਰਾ ਕਰਨ ਲਈ ਰਾਇ ਬੁਲਾਰ ਸਾਹਿਬ ਹਵੇਲੀਉਂ ਨਿੱਕਲੇ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਨੇ ਘੋੜਾ ਨੌਕਰ ਨੂੰ ਫੜਾਇਆ, ਜੋੜੇ ਉਤਾਰੇ ਅਤੇ ਨਜ਼ਦੀਕ ਜਾ ਕੇ ਬਾਬਾ ਜੀ ਨੂੰ ਸਲਾਮ ਅਰਜ਼ ਕੀਤੀ, ਹੱਥ ਜੋੜ ਕੇ ਬੋਲੇ, "ਬਾਬਾ ਮੇਰੀ ਮੁਰਾਦ ਪੂਰੀ ਕਰ। ਮੈਂ ਜਾਣਦਾ ਹਾਂ ਵਡਿਆਈ ਖੁਦਾਇ ਨੇ ਤੁਧਨੋ ਦਿਤੀ ਆਹਾ।" ਬਾਬੇ ਨੇ ਕਿਹਾ, "ਰਾਇ ਜੀ, ਕੀ ਘਾਟ ਹੈ। ਤੇਰੀ ਜਿ ਮਨਸਾ ਹੈ ਸਿ ਤੂੰ ਮੰਗ।" ਰਾਇ ਸਾਹਿਬ ਬੋਲੇ, "ਤੂੰ ਜਾਣੀ ਜਾਣ ਹੈਂ ਬਾਬਾ। ਦੀਨ ਅਰੁ ਦੁਨੀਆਂ ਦਾ ਮਾਲਕ। ਮੁਰਾਦ ਪੂਰੀ ਕਰ।" ਇਹ ਆਖ ਰਾਇ ਨੇ ਬਾਬਾ ਜੀ ਦੇ ਚਰਨ ਛੁਹੇ। ਬਾਬਾ ਜੀ ਨੇ ਅਸੀਸ ਦੇਂਦਿਆਂ ਕਿਹਾ, "ਮੁਰਾਦ ਪੂਰੀ ਹੋਈ। ਖੁਦਾਇ ਤੇਰੀ ਸਰਮ ਦੀਨ ਮਹਿ ਭੀ ਰਖੈਗਾ ਅਰ ਦੁਨੀਆਂ ਮਹਿ ਭੀ। ਹੁਣ ਜਾਹ। ਤੇਰਾ ਮਕਸਦ ਪੂਰਾ ਹੋਆ।" ਰਾਇ ਬੁਲਾਰ ਕੁਰਨਸਿ (ਸਲਾਮ, ਨਮਸਕਾਰ) ਕਰਿ ਵਿਦਾ ਹੋਆ। ਅਗੈ ਦੂਰ ਜਾਇ ਕਰਿ ਕੁਰਨਸਿ ਲਗਾ ਕਰਣੇ। ਚਲੈ। ਚਲਿ ਕਰਿ ਕੁਰਨਸਿ ਕਰੈ। ਪੈਦਲ ਘਰ ਆਇਆ। ਇਹ ਬੋਲ ਮਿਹਰਬਾਨ ਵਾਲੀ ਸਾਖੀ ਦੇ ਹਨ। ਰਾਇ ਨੇ ਕੀ ਮੰਗਿਆ ਸੀ, ਸਾਖੀ ਵਿਚੋਂ ਪਤਾ ਨਹੀਂ ਲਗਦਾ। ਇਸ ਦਾ ਪਤਾ ਵਿਸਾਖੀ 1992 ਵਿਚ ਪਾਕਿਸਤਾਨ ਜਾ ਕੇ ਨਨਕਾਣਾ ਸਾਹਿਬ ਲੱਗਾ ਜੋ ਪਿੱਛੋਂ ਦਰਜ਼ ਕਰਾਂਗਾ।

ਪਿਤਾ ਨੂੰ ਉਦਾਸੀ ਹੋਈ ਕਿ ਪੜ੍ਹਨਾ ਲਿਖਣਾ ਤਾਂ ਦਰਕਿਨਾਰ, ਪਸ਼ੂ ਚਾਰਨ ਵਲ ਵੀ ਕੋਈ ਧਿਆਨ ਨਹੀਂ। ਫੈਸਲਾ ਕੀਤਾ ਕਿ ਹੱਟੀ ਖੁਲਵਾ ਦਿੰਦੇ ਹਾਂ। ਸੌਦਾ ਖਰੀਦਣ ਲਈ ਦਿੱਤੇ ਵੀਹ ਰੁਪਿਆਂ ਦਾ ਬਾਬੇ ਨੇ ਭੁੱਖੇ ਸਾਧੂਆਂ ਨੂੰ ਖਾਣਾ ਖੁਆਇਆ, ਇਸ ਦਾ ਪਾਠਕਾਂ ਨੂੰ ਪਤਾ ਹੈ। ਪਿਤਾ ਨੇ ਕ੍ਰੋਧਵਾਨ ਹੋ ਕੇ ਪੁੱਛਿਆ- ਨਾਨਕ ਹੈ ਕਿੱਥੇ? ਘਰੋਂ ਦੱਸਿਆ ਗਿਆ ਕਿ ਛੱਪੜ ਕਿਨਾਰੇ ਬੈਠਾ ਰੱਬ ਦਾ ਨਾਮ ਲੈ ਰਿਹਾ ਹੈ। ਪਿਤਾ ਤੇਜ਼ ਕਦਮੀ ਬਾਹਰ ਨਿੱਕਲਿਆ। ਬੇਬੇ ਨਾਨਕੀ ਗੁਸੈਲੇ ਪਿਤਾ ਦੇ ਪਿੱਛੇ-ਪਿੱਛੇ ਤੇਜ਼ ਕਦਮੀ ਤੁਰੀ। ਪਿਤਾ ਨੂੰ ਆਉਂਦਿਆਂ ਦੇਖ ਬਾਬਾ ਖੜ੍ਹਾ ਹੋ ਗਿਆ। ਸੱਜੇ ਹੱਥ ਨਾਲ ਖੱਬੀ ਗੱਲ੍ਹ ਉਤੇ, ਖੱਬੇ ਹੱਥ ਨਾਲ ਸੱਜੀ ਗੱਲ੍ਹ ਉੱਪਰ ਪਿਤਾ ਵਲੋਂ ਦੋ ਥੱਪੜ ਰਸੀਦ ਕੀਤੇ ਗਏ। ਹੰਝੂਆਂ ਦੀਆਂ ਕੁਝ ਬੂੰਦਾਂ ਛੱਪੜ ਕਿਨਾਰੇ ਡਿੱਗੀਆਂ। ਬੇਬੇ ਨਾਨਕੀ ਨੇ ਪਿਤਾ ਦਾ ਹੱਥ ਫੜ ਕੇ ਕਿਹਾ- ਪਿਤਾ ਜੀ ਘਰ ਚਲੋ। ਸਹਿਜੇ-ਸਹਿਜੇ ਕਦਮ ਪੁੱਟਦੇ ਤਿੰਨੇ ਜਣੇ ਘਰ ਆ ਗਏ।

ਰਾਇ ਬੁਲਾਰ ਸਾਹਿਬ ਤੱਕ ਇਹ ਖ਼ਬਰ ਪੁੱਜੀ ਤਾਂ ਵਿਆਕੁਲ ਹੋਏ। ਅੱਗੇ ਕਦੇ ਏਨੇ ਬੇਚੈਨ ਨਹੀਂ ਹੋਏ ਸਨ। ਨਫ਼ਰ ਬੁਲਾਇਆ ਤੇ ਕਿਹਾ, ਮਹਿਤਾ ਨੂੰ ਬੁਲਾ ਲਿਆਉ। ਪਿਤਾ ਜੀ ਟਲ ਕੇ ਕਿਸੇ ਗਵਾਂਢੀ ਦੇ ਘਰ ਚਲੇ ਗਏ- ਜਾਣਦੇ ਸਨ ਕਿ ਰਾਇ ਜੀ ਖਫ਼ਾ ਹੋਣਗੇ। ਹੋਰ ਆਦਮੀ ਭੇਜੇ, ਕਿਹਾ- ਜਿਥੇ ਵੀ ਹੋਣ ਢੂੰਡ ਲਿਆਉ। ਨਾਨਕ ਜੀ ਨੂੰ ਨਾਲ ਲਿਆਵਣਾ। ਪਿਤਾ ਪੁੱਤਰ ਹਵੇਲੀ ਪੁੱਜੇ ਤਾਂ ਰਾਇ ਬੁਲਾਰ ਉਠੇ ਅਤੇ ਬਾਬੇ ਨੂੰ ਜੱਫੀ ਵਿਚ ਲੈ ਲਿਆ।

ਕਿਹਾ- ਮਹਿਤਾ ਜੀ ਤੁਸਾਂ ਨੂੰ ਤਾਕੀਦ ਸਖ਼ਤ ਕੀਤੀ ਸੀ ਕਿ ਇਸ ਬੱਚੇ ਨੂੰ ਉੱਚਾ ਨਹੀਂ ਬੋਲਣਾ, ਅੱਜ ਤਾਂ ਤੁਸੀਂ ਭਾਰੀ ਗ਼ੁਸਤਾਖ਼ੀ ਕੀਤੀ। ਸਾਨੂੰ ਵੱਡਾ ਦੁੱਖ ਪੁੱਜਾ। ਪਿਤਾ ਨੇ ਕਿਹਾ- ਜੀ ਕਰਾਂ ਕੀ? ਕਿਸੇ ਕੰਮ ਦਾ ਨਹੀਂ। ਹਮੇਸ਼ਾਂ ਉਜਾੜਾ ਕਿਵੇਂ ਬਰਦਾਸ਼ਤ ਕਰਾਂ? ਵੀਹ ਰੁਪਏ ਉਜਾੜ ਦਿੱਤੇ। ਰਾਇ ਨੇ ਨੌਕਰ ਨੂੰ ਕਿਹਾ- ਅੰਦਰ ਹਵੇਲੀ ਵਿਚ ਬੇਗਮ ਸਾਹਿਬਾ ਪਾਸੋਂ ਵੀਹ ਰੁਪਈਏ ਲੈ ਕੇ ਆ। ਨੌਕਰ ਪੈਸੇ ਲੈ ਆਇਆ। ਕਿਹਾ, ਮਹਿਤਾ ਜੀ ਨੂੰ ਦੇ ਦਿਉ। ਪਿਤਾ ਨੇ ਰੁਪਏ ਲੈਣ ਤੋਂ ਇਨਕਾਰ ਕਰਦਿਆਂ ਕਿਹਾ, "ਰਾਇ ਜੀ ਰੁਪਈਏ ਅਸਾਂ ਦੇ ਹੀ ਹਨ ਕਿਉਂਜੁ ਤੁਸੀਂ ਅਸਾਂ ਦੇ ਹੋ ਅਰ ਅਸੀਂ ਤੁਸਾਂ ਦੇ। ਗੱਲ ਵੀਹ ਰੁਪਈਆਂ ਦੀ ਨਾਹੀਂ।"

ਰਾਇ ਨੇ ਕਿਹਾ, "ਗੱਲ ਰੁਪਈਆਂ ਦੀ ਨਹੀਂ ਤਾਂ ਜ਼ੁਲਮ ਕਿਉਂ ਕੀਤਾ ਸੁ ਫਰਿਸ਼ਤੇ ਉਪਰ।" ਮਹਿਤਾ ਨੇ ਕਿਹਾ- ਪਿਤਾ ਹੋਣ ਦੇ ਨਾਤੇ ਜੀ ਆਪਣੀ ਔਲਾਦ ਨੂੰ ਜ਼ਿਮੇਵਾਰੀ ਸਿਖਾਣ ਦਾ ਵੀ ਮੇਰਾ ਹੱਕ ਨਹੀਂ? ਅੱਜ ਇਹ ਨੁਕਸਾਨ ਕੀਤਾ ਹੈ ਕੱਲ੍ਹ ਹੋਰ ਨੁਕਸਾਨ ਕਰੇਗਾ। ਰਾਇ ਨੇ ਕਿਹਾ- ਤੁਸਾਂ ਨੂੰ ਦਿਸਦਾ ਨਹੀ ਅਰੁ ਅਸਾਂ ਨੂੰ ਸਾਫ ਦਿਸਦਾ ਹੈ, ਕੁੱਲ ਦੁਨੀਆਂ ਦੀ ਦਉਲਤ ਦਾ ਦਰਿਆ ਏਸ ਬਾਲਕ ਦਿਆਂ ਹੱਥਾਂ ਥਾਣੀ ਵਗਦਾ ਆਉਂਦਾ ਸਾਫ ਦਿਸਦਾ। ਚੰਗਾ, ਤੁਸਾਂ ਨੂੰ ਨਹੀਂ ਦਿੰਦਾ। ਨਾਨਕ ਜੀ ਨੂੰ ਦੇਂਦਾ ਹਾਂ। ਦੇਣੇ ਸਨ ਮੈਂ। ਪਿਤਾ ਨੇ ਕਿਹਾ- ਕਦੋਂ ਲਏ ਸਨ ਤੁਸਾਂ? ਰਾਇ ਜੀ ਨੇ ਕਿਹਾ- ਬੜਾ ਕਰਜ਼ਾ ਲਿਆ ਹੋਇਆ ਹੈ ਅਸਾਂ। ਪਤਾ ਨਹੀਂ ਉਤਾਰ ਪਾਵਾਂਗੇ ਕਿ ਨਾ। ਕਾਲੂ ਖ਼ੁਦਾ ਦਾ ਰਤਾ ਖਉਫ ਨਹੀਂ ਤੈਨੂੰ। ਕਿਸੇ ਵੀ ਗੱਲ ਦਾ ਪਤਾ ਨਹੀਂ। ਮਹਿਤਾ ਤੂੰ ਹਿੰਦੂ ਹੈਂ ਅਰ ਮੈਂ ਮੁਸਲਮਾਨ। ਤੇਰਾ ਭਾਈਚਾਰਾ ਚਰਚਾ ਕਰੇਗਾ ਇਸ ਕਰਕੇ ਚੁੱਪ ਹਾਂ ਨਹੀਂ ਤਾਂ ਕਈ ਵਾਰ ਸੋਚਿਆ ਹੈ ਜੁ ਇਸ ਬਾਲਕ ਨੂੰ ਤੇਰੇ ਘਰੋਂ ਹਵੇਲੀ ਆਪਣੀ ਲੈ ਆਵਾਂ, ਸਮਝ ਕਰ।

ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਦਾ ਮਾਲ ਅਫਸਰ ਭਾਈ ਜੈਰਾਮ ਸਾਲ ਵਿਚ ਦੋ ਵਾਰ ਜ਼ਿਮੀਦਾਰਾਂ ਤੋਂ ਮਾਲੀਆ ਉਗਰਾਹੁਣ ਆਇਆ ਕਰਦਾ ਸੀ। ਦੋਵੇਂ ਰਾਇ ਸਾਹਿਬ ਦੀ ਹਵੇਲੀ ਦੇ ਚੁਬਾਰੇ ਵਿਚ ਬੈਠੇ ਗੱਲਾਂ ਕਰ ਰਹੇ ਸਨ। ਹਵੇਲੀ ਦੇ ਐਨ ਨਾਲ ਖੂਹ ਸੀ ਜਿੱਥੇ ਮਰਦ ਔਰਤਾਂ ਪਾਣੀ ਭਰਨ ਆਉਂਦੇ। ਭਾਈ ਜੈਰਾਮ ਨੇ ਪਾਣੀ ਭਰਨ ਆਈ ਬੇਬੇ ਨਾਨਕੀ ਦੇਖੀ। ਪੁੱਛਿਆ- ਕਿਸ ਦੀ ਲੜਕੀ ਹੈ ਇਹ ਰਾਇ ਜੀ? ਬੜੀ ਸੁੰਦਰ ਹੈ। ਰਾਇ ਨੇ ਕਿਹਾ- ਅਸਾਂ ਦੀ ਬੇਟੀ ਸਮਝੋ। ਬੇਦੀ ਪਟਵਾਰੀ ਦੀ ਨੇਕ ਧੀ ਹੈ। ਭਲਾ ਖ਼ਾਨਦਾਨ ਹੈ। ਇਹ ਵਰ ਤੁਸਾਂ ਦੇ ਲਾਇਕ ਹੈ। ਅੱਗੇ ਵੀ ਦਿਲ ਵਿਚ ਬਾਤ ਆਈ ਸੀ। ਚੰਗਾ ਹੋਇਆ ਅੱਜ ਆਪੇ ਗੱਲ ਤੁਰੀ। ਆਪਣੇ ਪੁਰੋਹਤ ਨੂੰ ਸਾਡੇ ਪਾਸ ਭੇਜਣਾ। ਇੱਧਰੋਂ ਬੇਦੀਆਂ ਦੇ ਪੁਰੋਹਤ ਨੂੰ ਅਸੀਂ ਸੱਦ ਲਾਂਗੇ। ਸੰਜੋਗ ਮਿਲਦੇ ਹੋਣ ਤਾਂ ਭਲਾ ਹੋਵੇ। ਸੁੱਚਾ ਖ਼ਾਨਦਾਨ ਹੈ। ਖਰੇ ਹਨ ਐਨ। ਬੇਬੇ ਨਾਨਕੀ ਦੀ ਮੰਗਣੀ ਦਾ ਫੈਸਲਾ ਰਾਇ ਬੁਲਾਰ ਸਾਹਿਬ ਦੀ ਹਵੇਲੀ ਵਿਚ ਹੋਇਆ। ਭਾਈ ਬਾਲੇ ਵਾਲੀ ਸਾਖੀ ਵਿਚ ਇਹ ਸ਼ਬਦ ਦਰਜ ਹਨ- ਚੇਤ ਵਸਾਖ ਦੇ ਦਿਨ ਆਹੇ। ਵਾਰ ਛਨਿਛਰ ਦਿਨ। ਜੈਰਾਮ ਅਤੇ ਨਾਨਕੀ ਦੀ ਕੁੜਮਾਈ ਹੋਈ। ਮੱਘਰ ਵਿਚ ਵਿਆਹ ਹੋਇਆ।

ਮਾਪਿਆਂ ਨੂੰ ਮਿਲਾਣ ਲਈ ਭਾਈ ਜੈਰਾਮ ਤਲਵੰਡੀ ਪਿੰਡ ਬੇਬੇ ਨਾਨਕੀ ਜੀ ਨੂੰ ਲੈ ਕੇ ਆਏ ਤਾਂ ਮਾਪਿਆਂ ਦੇ ਘਰ ਉਨ੍ਹਾਂ ਨੂੰ ਛੱਡ, ਆਪ ਰਾਇ ਸਾਹਿਬ ਨੂੰ ਮਿਲਣ ਗਏ। ਸਤਿਕਾਰ ਹੋਇਆ। ਰਾਇ ਜੀ ਬਹੁਤ ਖੁਸ਼ ਹੋਏ। ਗੱਲਾਂ ਕਰਦਿਆਂ ਭਾਈ ਜੈਰਾਮ ਨੇ ਕਿਹਾ- ਜੀ ਮੈਂ ਪੂਰਾ ਖੁਸ਼ ਹਾਂ। ਜੋ ਖਿਦਮਤ ਤੁਹਾਡੀ ਕਰ ਸਕਦਾ ਹੋਵਾਂ ਸੋ ਦੱਸਣੀ। ਜੀਅ ਜਾਨ ਲਾ ਕੇ ਕਰਾਂਗਾ। ਰਾਇ ਸਾਹਿਬ ਨੇ ਕਿਹਾ- ਇਕ ਕੰਮ ਕਰਨਾ ਪਵੇਗਾ। ਭਾਈਆ ਜੀ, ਤੁਸਾਂ ਦਾ ਸਹੁਰਾ ਸਖਤ ਸੁਭਾਉ ਦਾ ਹੈ। ਨਾਨਕ ਪੂਰਨ ਫਕੀਰ ਹੈ। ਪਿਤਾ ਆਪਣੇ ਫ਼ਕੀਰ ਬੇਟੇ ਨੂੰ ਦੁਰਬਚਨ ਬੋਲਦਾ ਹੈ। ਨਾਨਕ ਜੀ

ਨੂੰ ਆਪਣੇ ਪਾਸ ਰਖੋ ਤਾਂ ਭਲਾ ਹੋਵੇ। ਜੈਰਾਮ ਨੇ ਕਿਹਾ, "ਹੁਣੇ ਲੈ ਜਾਂਦਾ ਹਾਂ ਆਪਣੇ ਨਾਲ।" ਰਾਇ ਜੀ ਬੋਲੇ- "ਨਹੀਂ, ਹੁਣ ਨਹੀਂ। ਦੋ-ਤਿੰਨ ਮਹੀਨੇ ਪਿੱਛੋਂ ਘੱਲਾਂਗਾ। ਨਾਨਕ ਜੀ ਦੀ ਸ਼ਾਦੀ ਕੁੜਮਾਈ ਵੀ ਉਧਰ ਆਪਣੇ ਵੱਲ ਆਪ ਹੀ ਕਰਨੀ। ਪਿਤਾ ਦਾ ਰਵੱਈਆ ਦਰੁਸਤ ਨਹੀਂ।"

ਦਿਨ ਮਹੀਨੇ ਬੀਤੇ। ਬਾਬਾ ਸਵੇਰੇ ਖੇਤ ਵੱਲੋਂ ਘਰ ਆ ਰਿਹਾ ਸੀ। ਰਸਤੇ ਵਿਚ ਸੰਨਿਆਸੀ ਬੈਠਾ ਸੀ, ਜਿਸ ਨੇ ਬਾਬੇ ਦੀ ਉਂਗਲ ਵਿਚ ਮੁੰਦਰੀ ਅਤੇ ਹੱਥ ਵਿਚ ਗੜਵਾ ਦੇਖ ਕੇ ਪੁੱਛਿਆ ਕੌਣ ਹੈਂ ਤੂੰ? ਬਾਬੇ ਨੇ ਕਿਹਾ- ਨਾਨਕ ਹਾਂ ਨਿਰੰਕਾਰ ਦਾ ਮੁਰੀਦ। ਸੰਨਿਆਸੀ ਨੇ ਕਿਹਾ ਮੈਂ ਵੀ ਨਿਰੰਕਾਰੀ ਹਾਂ ਤੂੰ ਵੀ। ਸਾਡੇ ਵਿਚ ਕੋਈ ਭੇਦ ਨਹੀਂ। ਆਪਣੀ ਮੁੰਦਰੀ ਅਤੇ ਗੜਵਾ ਮੈਨੂੰ ਦੇਹ। ਬਾਬੇ ਨੇ ਮੁੰਦਰੀ ਉਤਾਰੀ ਅਤੇ ਦੋਵੇਂ ਵਸਤਾਂ ਅੱਗੇ ਰੱਖ ਦਿਤੀਆਂ। ਸੰਨਿਆਸੀ ਨੇ ਕਿਹਾ- ਮੈਂ ਨਕਲੀ ਨਿਰੰਕਾਰੀ ਹਾਂ, ਤੂੰ ਅਸਲੀ ਹੈਂ। ਆਪਣੀਆਂ ਵਸਤਾਂ ਚੁੱਕ। ਮੈਂ ਇਨ੍ਹਾਂ ਦਾ ਹੱਕਦਾਰ ਨਹੀਂ। ਬਾਬੇ ਨੇ ਕਿਹਾ, "ਸੁੱਟੀ ਵਸਤੂ ਵਲ ਦੇਵਤਾ ਦੁਬਾਰਾ ਨਹੀਂ ਦੇਖਦਾ।" ਖਾਲੀ ਹੱਥ ਘਰ ਆਇਆ, ਪਿਤਾ ਨੇ ਕਰੋਧ ਕੀਤਾ। ਪੁੱਤਰ ਨੂੰ ਕੁਝ ਆਖਣ ਦੀ ਥਾਂ ਹਵੇਲੀ ਜਾ ਕੇ ਰਾਇ ਸਾਹਿਬ ਨਾਲ ਇਸ ਘਟਨਾ ਦਾ ਜ਼ਿਕਰ ਕੀਤਾ ਤਾਂ ਉਹ ਬੋਲੇ, "ਨਾਨਕ ਨੂੰ ਭਾਈਆ ਜੈਰਾਮ ਥੇ ਘਲਿ ਦੇਈਏ। ਇਥੇ ਤੂੰ ਭੀ ਖਪਦਾ ਹੈਂ। ਏਹੁ ਭੀ ਰੰਜ ਹੋਂਦਾ ਹੈ। ਉਥੈ ਠੀਕ ਹੈ।" ਭਾਈ ਬਾਲੇ ਵਾਲੀ ਸਾਖੀ ਵਿਚ ਲਿਖਿਆ ਹੈ- ਰਾਇ ਨੇ ਜੈਰਾਮ ਨੂੰ ਚਿਠੀ ਲਿਖੀ। ਕਹਿਆ- ਭਾਈਆ ਜੀ ਅਸਾਂ ਨਾਨਕ ਤੈਨੂੰ ਸਉਂਪਿਆ। ਜੋ ਕਿਛੁ ਤੇਰੇ ਤੇ ਹੋਇ ਸੋ ਢਿਲ ਨਹੀਂ ਕਰਨੀ। ਸੰਮਤ 1544 ਮੱਘਰ ਸੁਦੀ ਤਿੰਨ, ਨਾਨਕ ਜੈਰਾਮ ਪਾਸ ਸੁਲਤਾਨਪੁਰ ਗਇਆ।

ਰਾਇ ਸਾਹਿਬ ਨੇ ਨਵਾਬ ਦੌਲਤ ਖਾਨ ਨੂੰ ਵੱਖਰਾ ਖ਼ਤ ਲਿਖ ਕੇ ਅਰਜ਼ ਕੀਤੀ ਕਿ ਜਿਸ ਜੁਆਨ ਨੂੰ ਆਪ ਪਾਸ ਭਾਈ ਜੈਰਾਮ ਲੈ ਕੇ ਆਉਣਗੇ, ਉਸ ਨੂੰ ਬਹੁਤ ਆਦਰ ਨਾਲ ਚੰਗੀ ਨੌਕਰੀ ਦੇਣੀ। ਰਾਇ ਸਾਹਿਬ ਨੂੰ ਪਿਤਾ ਦੇ ਸੁਭਾਅ ਦਾ ਦੁੱਖ ਸੀ, ਪਰ ਆਪਣੇ ਇਸ ਮੁਲਾਜ਼ਮ ਦਾ ਪੂਰਾ ਆਦਰ ਇਸ ਕਰਕੇ ਕਰਦੇ ਸਨ, ਕਿਉਂ ਜੁ ਇਹ ਬਾਬੇ ਦਾ ਪਿਤਾ ਸੀ। ਦਰਜਣ ਪਿੰਡਾਂ ਦਾ ਮਾਲਕ ਇਹ ਰਈਸ ਉਦੋਂ ਵਿਚਕਾਰ ਆ ਕੇ ਖਲੋ ਜਾਂਦਾ ਸੀ, ਜਦੋਂ ਪਿਤਾ ਦੇ ਕ੍ਰੋਧ ਬਾਣ ਗੁਰੂ ਨਾਨਕ ਸਾਹਿਬ ਵੱਲ ਸੇਧੇ ਹੁੰਦੇ।

ਭਾਈ ਜੈਰਾਮ ਬਾਬਾ ਜੀ ਨੂੰ ਨਵਾਬ ਦੌਲਤ ਖਾਨ ਪਾਸ ਲੈ ਗਏ। ਨਵਾਬ ਨੇ ਇੰਟਰਵਿਊ ਲੈਂਦਿਆਂ ਪੁੱਛਿਆ- ਪੜ੍ਹਾਈ ਲਿਖਾਈ ਕੀ ਕੁੱਛ ਕੀਤੀ? ਬਾਬਾ ਜੀ ਨੇ ਦੱਸਿਆ- ਜੀ ਹਿੰਦਕੀ ਜਾਣਦਾ ਹਾਂ। ਤੋਰਕੀ (ਫਾਰਸੀ) ਜਾਣਦਾ ਹਾਂ। ਵਹੀ-ਖਾਤੇ (ਐਕਾਂਊਂਟੈਂਸੀ) ਦਾ ਪੂਰਾ ਇਲਮ ਹੈ। ਨਵਾਬ ਨੇ ਮੋਦੀਖਾਨੇ ਦੀ ਸੁਤੰਤਰ ਜ਼ਿੰਮੇਵਾਰੀ ਸੌਂਪ ਦਿੱਤੀ। ਭੈਣ ਨੇ ਖ਼ਬਰ ਸੁਣੀ, ਖੁਸ਼ ਹੋਈ।

ਮਹੀਨੇ ਬੀਤਦੇ ਗਏ। ਮਾਪਿਆਂ ਨੇ ਫ਼ੈਸਲਾ ਕੀਤਾ ਕਿ ਧੀ-ਪੁੱਤਰ ਨੂੰ ਸੁਲਤਾਨਪੁਰ ਮਿਲ ਕੇ ਆਈਏ। ਬੇਬੇ ਘਰ ਵਿਚ ਸੀ ਤੇ ਬਾਬਾ ਨੌਕਰੀ ਉੱਪਰ। ਖੈਰ-ਸੁੱਖ ਪੁੱਛੀ, ਦੱਸੀ। ਪਿਤਾ ਨੇ ਬੇਟੀ ਨੂੰ ਪੁੱਛਿਆ- ਨਾਨਕ ਕੁਝ ਜੋੜਦਾ ਵੀ ਹੈ ਕਿ ਸਾਰਾ ਉਜਾੜ ਦਿੰਦਾ ਹੈ? ਬੇਬੇ ਨਾਨਕੀ ਨੇ ਕਿਹਾ- ਕਮਾਂਵਦਾ ਹੈ ਤਾਂ ਉਜਾੜਦਾ ਹੈ। ਤੁਸਾਂ ਦਾ ਕੁਝ ਨਹੀਂ ਉਜਾੜਦਾ। ਪਿਤਾ ਜੀ ਤੁਸਾਂ ਦੀਆਂ ਏਹੋ ਗੱਲਾਂ ਅਸਾਂਨੂੰ ਭਲੀਆਂ ਨਹੀਂ ਲੱਗਦੀਆਂ। ਖ਼ਬਰ ਮਿਲੀ ਤਾਂ ਬਾਬਾ ਜੀ ਬੇਬੇ ਦੇ ਘਰ ਆਏ। ਮਾਪਿਆਂ ਦੇ ਚਰਨੀਂ ਹੱਥ ਲਾਏ। ਕਿਸੇ ਬਾਰੇ ਹੋਰ ਗੱਲ ਨਹੀਂ ਕੀਤੀ, ਪਰ ਬਾਬਾ ਜੀ ਨੇ ਪਿਤਾ ਨੂੰ ਪੁੱਛਿਆ, "ਜੀ ਰਾਇ ਜੀ ਦਾ ਕੀ ਹਾਲ ਹੈ?" ਪਿਤਾ ਨੇ ਕਿਹਾ, "ਉਹੋ, ਦੱਸਣਾ ਭੁੱਲ ਗਿਆ। ਰਾਇ ਜੀ ਨੂੰ ਪਤਾ ਲੱਗਾ ਕਿ ਤੁਸਾਂ ਨੂੰ ਮਿਲਣ ਚਲੇ ਹਾਂ ਤਾਂ ਘਰ ਆਏ ਤੇ ਕਿਹਾ- ਸਾਡਾ ਨਾਮ ਲੈ ਕੇ ਨਾਨਕ ਜੀ ਦੇ ਕਦਮ ਛੁਹਣੇ।"

ਸਾਖੀ ਦੇ ਬੋਲ ਇਹ ਹਨ- ਨਾਨਕ ਜੀ ਨੋ ਖ਼ਬਰਿ ਹੋਈ (ਕਿ ਮਾਤਾ ਪਿਤਾ ਆਏ ਹਨ) ਸੁਣਦੇ ਹੀ ਦਉੜਿਆ। ਜਾਂਦੋ ਹੀ ਪਿਤਾ ਦੇ ਪੈਰਾਂ ਤੇ ਡਿਗਿ ਪਇਆ। ਪਿਤਾ ਮੱਥਾ ਚੁੰਮਿਆਂ। ਨਾਨਕ ਜੀ ਆਖਿਆ- ਪਿਤਾ ਜੀ ਰਾਇ ਬੁਲਾਰ ਚੰਗੇ ਥੇ ਨ। ਪਿਤਾ ਕਹਿਆ- ਪੁਤ੍ਰ ਭਲਾ ਯਾਦ ਦਿਵਾਇਉ। ਰਾਇ ਤੇਰਾ ਮੱਥਾ ਚੁੰਮਣਾ ਆਖਦਾ ਸੀ ਅਰ ਪੈਰਾਂ ਤੇ ਹਥੁ ਰੱਖਣਾ ਕਹਿਆ ਸੀ। ਅਸਾਨੂ ਤਾਂ ਵਿਸਰਿ ਗਇਆ ਸੀ।

ਭਾਈ ਜੈਰਾਮ ਨੇ ਵਿਚੋਲਗੀ ਦਾ ਫਰਜ਼ ਨਿਭਾ ਕੇ ਬਟਾਲੇ ਦੇ ਚੰਗੇ ਖ਼ਾਨਦਾਨ ਵਿਚ ਬਾਬਾ ਜੀ ਦੀ ਮੰਗਣੀ ਕਰਵਾਈ। ਪ੍ਰਸੰਨ ਮਾਪੇ ਤਲਵੰਡੀ ਪਰਤੇ ਤੇ ਵਿਆਹ ਦੀਆਂ ਤਿਆਰੀਆਂ ਆਰੰਭੀਆਂ। ਸਾਖੀਕਾਰ ਦੇ ਬੋਲ ਹਨ- ਰਾਇ ਬੁਲਾਰ ਪਾਸ ਕਾਲੂ ਗਇਆ। ਰਾਇ ਜੀ ਮੁਬਾਰਕਾਂ। ਰਾਇ ਪੁੱਛਿਆ- ਕੇਹੀ ਮੁਬਾਰਕ। ਕਿਹਾ- ਜੀ ਨਾਨਕ ਤੁਸਾਡੇ ਗੁਲਾਮ ਦਾ ਸਾਹਾ ਲਿਖਿਆ ਆਇਆ। ਰਾਇ ਕਹਿਆ- ਤੂੰ ਨਾਨਕ ਨੂੰ ਗੁਲਾਮ ਨ ਆਖ। ਫਿਰ ਸਾਨੂੰ ਰੰਜ ਹੋਵੈਗਾ। ਪਿਤਾ ਕਹਿਆ- ਜੀ ਅਸਾਨੂੰ ਅਦਬ ਕਰਨਾ ਲੋੜੀਏ ਨਾ। ਰਾਇ ਕਿਹਾ- ਹੋਰ ਗੱਲਾਂ ਥੋੜੀਆਂ ਹਨ ਅਦਬ ਕਰਨ ਦੀਆਂ? ਤੇਰਾ ਭਲਾ ਹੋਵੈ। ਤੂ ਨਾਨਕ ਨੂੰ ਬੇਟਾ ਕਰਕੇ ਜਾਣਦਾ ਹੈਂ। ਮੈਂ ਜਾਣਦਾ ਹਾਂ ਖੁਦਾਇ ਉਸ ਵਿਚ ਬੋਲਦਾ ਹੈ।

ਬਾਬਾ ਜੀ ਦੀਆਂ ਯਾਤਰਾਵਾਂ ਦਾ ਦੌਰ ਆਰੰਭ ਹੋਇਆ। ਇਕ ਤੋਂ ਬਾਅਦ ਦੂਜਾ, ਦੂਜੇ ਤੋਂ ਬਾਅਦ ਤੀਜਾ ਦੇਸ। ਭਾਈ ਮਰਦਾਨਾ ਜੀ ਦਾ ਸੰਗ। ਵਰ੍ਹਿਆਂ ਬਾਅਦ ਪਰਤੇ ਤਾਂ ਐਮਨਾਬਾਦ ਭਾਈ ਲਾਲੋ ਦੇ ਘਰ ਬਿਸਰਾਮ ਕੀਤਾ। ਫ਼ੈਸਲਾ ਕੀਤਾ ਕਿ ਖੁਦ ਭਾਈ ਲਾਲੋ ਜੀ ਪਾਸ ਟਿਕਣਗੇ ਤੇ ਮਰਦਾਨਾ ਜੀ ਤਲਵੰਡੀ ਜਾ ਕੇ ਪਰਿਵਾਰਾਂ ਦੀ ਖ਼ੈਰ-ਸੁਖ ਦਾ ਪਤਾ ਲੈਣ ਚਲੇ ਜਾਣ। ਭਾਈ ਮਰਦਾਨਾ ਜੀ ਪਿੰਡ ਬਾਬਾ ਜੀ ਦੇ ਘਰ ਗਏ। ਮਾਪਿਆਂ ਨੇ ਪੁੱਤਰ ਦੀ ਖੈਰ ਪੁੱਛੀ ਤਾਂ ਉੱਤਰ ਦਿਤਾ ਕਿ ਸਭ ਠੀਕ ਹੈ। ਸਾਖੀ ਦੇ ਸ਼ਬਦ ਹਨ- ਪਿਤਾ ਨੇ ਕਿਹਾ ਦੇਹੁ ਮਰਦਾਨਿਆ ਨਾਨਕ ਦੀਆਂ ਖਬਰਾਂ। ਭਾਈ ਮਰਦਾਨਾ ਨੇ ਕਿਹਾ- ਜੀ ਗਿਣਤੀ ਕੋਈ ਨਹੀਂ ਸਿਫਤਾਂ ਦੀ। ਤੁਸਾਂ ਘਰ ਚੰਦ ਸੂਰਜ ਅਰ ਕ੍ਰਿਸ਼ਨ ਨੇ ਜਨਮ ਲਿਆ ਹੈ, ਮਹਤਾ ਜੀ ਤੁਸੀਂ ਮੰਗਲ ਗਾਵੋ। ਪਿਤਾ ਬੋਲੇ- ਸੁਣ ਲਉ ਇਸ ਦੀਆਂ ਗੱਲਾਂ। ਆਖਦਾ ਹੈ ਚੰਦੁ ਸੂਰਜ ਜਨਮਿਆ ਹੈ। ਜਿਸ ਨੇ ਮੇਰਾ ਨਾਮ ਡੋਬ ਦਿੱਤਾ ਉਸ ਨੂੰ ਇਹ ਚੰਦ ਸੂਰਜ ਆਖਦਾ ਹੈ। ਮਰਦਾਨਾ ਨੇ ਕਿਹਾ- ਜਜਮਾਨ ਤੁਸਾਂਨੂੰ ਏਹੋ ਖਬਰ। ਉਸ ਨੂੰ ਸਾਰੀ ਪੈਦਾਇਸ ਦੀ ਖਬਰ।

ਰਾਇ ਬੁਲਾਰ ਨੂੰ ਭਾਈ ਮਰਦਾਨਾ ਦੇ ਆਉਣ ਦੀ ਖਬਰ ਮਿਲੀ ਤਾਂ ਸੱਦਾ ਭੇਜਿਆ। ਜਾ ਸਲਾਮ ਕੀਤਾ। ਰਾਇ ਆਖਿਆ- ਆਖ ਮਰਦਾਨਾ ਨਾਨਕ ਜੀ ਦੀਆਂ ਖਬਰਾਂ। ਮਰਦਾਨਾ ਜੀ ਬੋਲੇ- ਜੀ ਨਾਨਕ ਪਾਤਿਸਾਹਾਂ ਦਾ ਪਾਤਿਸਾਹ, ਪੀਰਾਂ ਦਾ ਪੀਰ, ਨਾਨਕ ਫਕੀਰਾਂ ਸਿਰਿ ਫਕੀਰ। ਉਸਦੈ ਤੁੱਲ ਹੋਰ ਕੋਈ ਨਾਹੀਂ। ਨਾਨਕ ਦੇ ਊਪਰ ਇਕ ਖੁਦਾਇ ਹੈ। ਨਾਨਕ ਜੀ ਨੂੰ ਖੁਦਾਇ ਵਡਾ ਮਰਾਤਬਾ ਦਿਤਾ। ਰਾਇ ਕਹਿਆ- ਮਰਦਾਨਿਆਂ ਅਸੀਂ ਬਿਰਧ ਹੋਇ ਆਹੇ। ਕਿਮੈਂ ਨਾਨਕ ਜੀ ਨੂੰ ਬੀ ਇਥੈ ਲਿਆਵੇਂ। ਦੀਦਾਰ ਕਰੀਏ।

ਬਾਬਾ ਜੀ ਨੂੰ ਬੁਲਾਉਣ ਲਈ ਮਰਦਾਨਾ ਜੀ ਤਲਵੰਡੀਓਂ ਐਮਨਾਬਾਦ ਵਲ ਤੁਰ ਪਏ। ਜਾ ਕੇ ਪਿੰਡ ਚੱਲਣ ਦੀ ਬੇਨਤੀ ਕੀਤੀ। ਬਾਬਿਆਂ ਕਿਹਾ- ਕੀ ਕਰਾਂਗੇ ਭਾਈ ਤਲਵੰਡੀ ਜਾ ਕੇ। ਪਿਤਾ ਰੰਜ ਹੋਂਦੇ ਹਨ। ਉਨ੍ਹਾਂ ਦਾ ਕਰੋਧ ਦੇਖਣ ਕੀ ਜਾਣਾ। ਪਿਤਾ ਨੂੰ ਅਸੀਂ ਸੱਟ ਵਾਂਗ ਲਗਦੇ ਹਾਂ। ਦੇਖੋ ਕਿਸਮਤ। ਉਹੋ ਨਾਨਕ ਹੈ- ਇਕ, ਅੱਵਲ ਤੋਂ ਆਖਰ, ਜ਼ਾਹਰ ਤੋਂ ਬਾਤਨ (ਬਾਹਰ, ਅੰਦਰ), ਇਕ ਹੈ ਨਾਨਕ, ਇਕੋ ਰਹੇਗਾ। ਜੇਹਾ ਰਾਉ ਨਾਲ ਤੇਹਾ ਰੰਕ ਨਾਲ।

ਇਕੋ ਰਿਹਾ। ਕਿਸੇ ਨੂੰ ਸੱਟ ਵਾਂਗ ਲੱਗਾ ਕਿਸੇ ਨੂੰ ਸੱਟ ਉਪਰ ਦਾਰੂ ਵਾਂਗ। ਸਾਡਾ ਕੀ ਕਸੂਰ ਭਾਈ। ਰਜ਼ਾ ਕਰਤਾਰ ਦੀ।

ਭਾਈ ਮਰਦਾਨੇ ਨੇ ਕਿਹਾ- ਬਾਬਾ ਜੀ ਰਾਇ ਸਾਹਿਬ ਬਹੁਤ ਯਾਦ ਕਰਦੇ ਹਨ। ਉਨ੍ਹਾਂ ਘਲਿਆ ਹੈ ਮੈਨੂੰ। ਦੀਦਾਰ ਲਈ ਅਰਜ਼ ਗੁਜ਼ਾਰੀ ਹੈ। ਬਾਬਾ ਜੀ ਚੁਪ ਕਰ ਗਏ। ਫਿਰ ਕਿਹਾ, "ਠੀਕ ਹੈ। ਚਲਦੇ ਹਾਂ।" ਭਾਈ ਲਾਲੋ ਨੇ ਕਿਹਾ- ਬਾਬਾ ਤੁਸੀਂ ਇਕ ਮਹੀਨਾ ਅਸਾਂ ਪਾਸ ਰਹਿਣ ਦਾ ਬਚਨ ਕੀਤਾ ਸੀ। ਅਜੇ ਪੱਚੀ ਦਿਨ ਹੋਏ ਹਨ। ਬਾਬਾ ਜੀ ਨੇ ਕਿਹਾ, "ਪੰਜ ਦਿਨ ਬਕਾਏ ਦੇ ਰਹੇ ਅਸਾਂ ਸਿਰ। ਫੇਰ ਰਹਾਂਗੇ। ਹੁਣ ਜਾਣਾ ਪਵੈਗਾ।" ਭਾਈ ਲਾਲੋ ਨੇ ਕਿਹਾ, "ਜੀ ਤਕੜਿਆਂ ਅਗੈ ਕੀ ਜੋਰ। ਜੋ ਰਜਾਇ।" ਬਾਬਾ ਜੀ ਨੇ ਵਿਦਾਇਗੀ ਮੰਗੀ ਤੇ ਅਸੀਸਾਂ ਦੇ ਕੇ ਪਿੰਡ ਦਾ ਰੁਖ ਕੀਤਾ।

ਆਪਣੇ ਘਰ ਨਹੀਂ ਗਏ। ਰਾਇ ਦੀ ਹਵੇਲੀ ਪੁੱਜੇ। ਰਾਇ ਦੀਵਾਨ ਉਪਰ ਬੈਠੇ ਸਨ। ਉਮਰ ਵਧੀਕ ਹੋ ਗਈ ਸੀ। ਮਹਾਰਾਜ ਨੂੰ ਦੇਖਦਿਆਂ ਦੀਵਾਨ ਤੋਂ ਉਠਣ ਦਾ ਯਤਨ ਕਰਨ ਲੱਗੇ, ਪਰ ਉਠਿਆ ਨਾ ਗਿਆ। ਬਾਬਾ ਜੀ ਤੇਜ਼ ਕਦਮੀ ਅਗੇ ਆਏ ਤੇ ਰਾਇ ਬੁਲਾਰ ਜੀ ਦੇ ਗੋਡਿਆਂ ਉਪਰ ਦੋਵੇਂ ਹੱਥ ਰੱਖੇ। ਰਾਇ ਨੇ ਕਿਹਾ, "ਬਾਬਾ ਵੱਡਾ ਜੁਲਮ ਕੀਤੋ ਮੈਂ ਉਪਰ। ਤੁਸਾਂ ਨੂੰ ਸੱਦਿਆ ਸੀ, ਜੋ ਕਦਮ ਚੁੰਮਾਂ। ਸਾਡੀ ਦੇਹ ਨੂੰ ਹੱਥ ਕਿਉਂ ਲਾਇਆ ਬਾਬਾ। ਸਾਨੂੰ ਮਾਰ ਨਾਂਹ।"

ਮਹਾਰਾਜ ਨੇ ਫੁਰਮਾਇਆ, "ਰਾਇ ਜੀ ਤੁਸੀਂ ਵੱਡੇ ਹੋ। ਅਸੀਂ ਤੁਹਾਡੀ ਪਰਜਾ ਹਾਂ।" ਰਾਇ ਬੋਲੇ, "ਬਾਬਾ ਮੈਨੂੰ ਤੂੰ ਬਖਸ਼। ਅਰ ਕਰਤਾਰ ਤੋਂ ਬੀ ਬਖਸ਼ਾ।" ਗੁਰੂ ਬਾਬੇ ਬੋਲੇ, "ਤੁਸੀਂ ਧੁਰੋਂ ਬਖਸੇ ਹੋਏ ਹੋ।" ਰਾਇ ਨੇ ਫਿਰ ਕਿਹਾ, "ਮੈਂ ਉਪਰ ਆਪਣੀ ਬੀ ਕੁਛ ਮਿਹਰਬਾਨੀ ਕਰ ਬਾਬਾ ਜਾਂ ਫਿਰ ਇਹ ਦਸ ਮੈਂ ਮਿਹਰਬਾਨੀ ਦਾ ਹੱਕਦਾਰ ਨਹੀਂ।" ਬਾਬੇ ਫਰਮਾਇਆ, "ਰਾਇ ਜੀ ਜਿਥੈ ਅਸੀਂ ਤਿਥੈ ਤੁਸੀਂ।" ਰਾਇ ਨੇ ਕਿਹਾ, "ਰੀਝ ਪੂਰੀ, ਤਾਂ ਹੋਵੈ ਬਾਬਾ ਜੇ ਮੱਥਾ ਕਦਮਾਂ ਉਪਰ ਰੱਖਣ ਦੀ ਇਜਾਜ਼ਤ ਮਿਲੇ।" ਰਾਇ ਬਹੁਤ ਅਧੀਰ ਹੋਇਆ ਤਾਂ ਬਾਬੇ ਦੀ ਆਗਿਆ ਨਾਲ ਸਿਰ ਕਦਮਾਂ 'ਤੇ ਰੱਖਿਆ ਅਰ ਬਹੁਤ ਬਿਗਸਿਆ। ਬਾਬੇ ਨੇ ਅਸੀਸਾਂ ਦਿੱਤੀਆਂ। ਫਿਰ ਰਾਏ ਨੇ ਹਮੀਦੇ ਨੌਕਰ ਨੂੰ ਬੁਲਾਇਆ ਤੇ ਕਿਹਾ, "ਸੁਧੇ ਬਾਹਮਣ ਨੂੰ ਬੁਲਾ ਲਿਆ। ਕਮਾਲ ਖਾਣਾ ਉਹੋ ਬਣਾ ਸਕਦਾ ਹੈ।" ਹਮੀਦਾ ਗਿਆ ਤਾਂ ਪੁੱਛਿਆ, "ਦਸੋ ਬਾਬਾ ਜੀ ਕੀ ਛਕਣਾ ਹੈ।" ਬਾਬਾ ਜੀ ਨੇ ਕਿਹਾ, "ਕਰਤਾਰ ਜੋ ਭੇਜਦਾ ਹੈ ਖਾ ਲੈਂਦੇ ਹਾਂ।" ਰਾਇ ਨੇ ਪੁੱਛਿਆ, "ਆਗਿਆ ਹੋਵੇ ਤਾਂ ਬੱਕਰਾ ਬਣਾ ਲਈਏ?" ਬਾਬਾ ਜੀ ਨੇ ਕਿਹਾ, "ਪੁੱਛਣ ਦੱਸਣ ਫਰਮਾਇਸ਼ਾਂ ਦੀ ਕੀ ਲੋੜ ਇਥੇ। ਖੁਸ਼ ਹੋ ਕੇ ਜੋ ਖੁਆਓਗੇ ਖਾਵਾਂਗੇ। ਜੋ ਤੁਸਾਂ ਨੂੰ ਭਾਵੇ ਸੋਈ ਅਸਾਂ ਲਈ ਅੱਛਾ ਹੈ।" ਰਾਇ ਨੇ ਰਸੋਈਏ ਨੂੰ ਕਿਹਾ, "ਪਹਿਲੋਂ ਮਿੱਠਾ ਬਣਾਉ। ਸਲੂਣਾ ਬਾਅਦ ਵਿਚ ਛਕਾਂਗੇ।" ਇਹ ਪ੍ਰਸੰਗ ਭਾਈ ਬਾਲੇ ਜੀ ਦੀ ਸਾਖੀ ਵਿਚੋਂ ਹੈ। ਮਾਤਾ-ਪਿਤਾ ਇਸ ਹਵੇਲੀ ਵਿਚ ਮਿਲ ਕੇ ਚਲੇ ਗਏ। ਰਾਇ ਬੁਲਾਰ ਨੇ ਸਾਰੀ ਉਮਰ ਬਾਬਿਆਂ ਦੇ ਨਾਮ ਦਾ ਸਿਮਰਨ ਕੀਤਾ। ਆਪਣੇ ਮੇਲੀਆਂ-ਜੋਲੀਆਂ, ਸਬੰਧੀਆਂ ਨਾਲ ਗੱਲਾਂ-ਬਾਤਾਂ ਕਰਦਿਆਂ ਆਖ ਦਿੰਦੇ, "ਯਾਰੋ! ਕੌਣ ਹੈ ਖੁਸ਼ਕਿਸਮਤ ਆਲਮ ਵਿਚ ਸਾਡੇ ਜਿਹਾ? ਅਸਾਂ ਉਹ ਕੁਝ ਦੇਖ ਲਿਆ, ਜੋ ਦੇਖਣ ਲਈ ਜੰਗਲਾਂ ਵਿਚ ਤਪ ਕਰਦਿਆਂ ਉਮਰਾਂ ਬੀਤਦੀਆਂ ਹਨ, ਫਿਰ ਵੀ ਨਸੀਬ ਨਹੀਂ ਹੁੰਦਾ। ਬੈਠੇ ਬਠਾਏ ਅਸੀਂ ਕੇਹੇ ਧਨੀ ਹੋ ਗਏ ਬਿਨਾ ਕੁਝ ਕੀਤਿਆਂ ਕਰਾਇਆਂ। ਆਪਣੀ ਮਰਜ਼ੀ ਨਾਲ ਮਿਹਰਬਾਨ ਹੋ ਕੇ ਦੋਸਤਾਂ ਵਾਂਗ ਖੁਦਾਵੰਦ ਸਾਹਮਣੇ ਡੱਠੀ ਮੰਜੀ ਉਪਰ ਬੈਠ ਜਾਇਆ ਕਰਦਾ ਸੀ। ਰਸ਼ਕ ਕਰਨਗੇ ਜ਼ਮਾਨੇ। ਕੀ ਸੀ ਸਾਡੇ ਪਾਸ ਉਸ ਵਾਸਤੇ? ਖਿਦਮਤ

ਸੀ ਇਕ, ਜੋ ਅਸਾਂ ਦਿਲੋਂ ਕੀਤੀ। ਇਸ ਗਰੀਬ ਸਾਦਿਕ (ਸਿਦਕਵਾਨ) ਪਾਸ ਹੋਰ ਕੱਖ ਨਹੀਂ ਸੀ। ਉਸ ਪਾਸ ਸਭ ਕੁਝ। ਉਹ ਚੰਦ ਤਾਰਿਆਂ ਦਾ ਮਾਲਕ।"

ਇਕ ਦਿਨ ਰਾਇ ਜੀ ਨੇ ਕਿਹਾ, "ਬਾਬਾ, ਤੁਸਾਂ ਦੇ ਮਾਪੇ ਬਿਰਧ ਹੋ ਗਏ ਹਨ। ਪਤਾ ਨਹੀਂ ਕਿੰਨਾਂ 'ਕੁ ਚਿਰ ਹੋਰ ਹਨ। ਤੁਸੀਂ ਮੁੱਦਤਾਂ ਬਾਅਦ ਪਰਤਦੇ ਹੋ। ਮਾਪਿਆਂ ਨੂੰ ਮਿਲਣ ਲਈ ਆਉਂਦੇ ਸਉ ਤਾਂ ਅਸਾਂ ਨੂੰ ਭੀ ਦੀਦਾਰ ਨਸੀਬ ਹੋ ਜਾਂਦੇ। ਮਾਤਾ-ਪਿਤਾ ਨਾ ਰਹੇ ਤਾਂ ਕਿਸ ਵਾਸਤੇ ਨਿਮਾਣੀ ਤਲਵੰਡੀ ਵਿਚ ਆਉਣਾ ਹੈ ਤੁਸੀਂ। ਫੇਰ ਅਸੀਂ ਕੀ ਕਰਾਂਗੇ।" ਬਾਬਾ ਜੀ ਹੱਸ ਪਏ। ਕਿਹਾ, "ਅਨਜਾਣ ਨਾ ਬਣੋ ਰਾਇ ਜੀ। ਹੋਰ ਕਿਸੇ ਨੂੰ ਪਤਾ ਹੋਵੇ ਨਾ ਹੋਵੇ। ਤੁਸਾਂ ਨੂੰ ਪਤਾ ਹੈ ਸਭ। ਤੁਸਾਂ ਨੂੰ ਮਿਲਣ ਆਂਵਦਾ ਮਾਪਿਆਂ ਨੂੰ ਭੀ ਮਿਲ ਜਾਂਦਾ। ਪਿਤਾ ਮੁਤਾਬਕ ਤਾਂ ਉਨ੍ਹਾਂ ਦਾ ਨਾਮ ਰੋਲਣ ਲਈ ਜੰਮਿਆਂ ਸੀ ਨਾਨਕ।"

ਰਾਇ ਨੇ ਕਿਹਾ, "ਜੀ ਹੁਣ ਕਈ ਮਹੀਨੇ ਨਹੀਂ ਜਾਣ ਦੇਣਾ ਤੁਸਾਂ ਨੂੰ। ਸਾਡੀ ਅਰਜ਼ ਮੋੜਨੀ ਨਾਂਹ।" ਬਾਬਾ ਜੀ ਨੇ ਕਿਹਾ, "ਕੀ ਕਰਾਂਗੇ ਰਹਿ ਕੇ। ਇਸਨਾਨ ਕਰਨ ਵਾਸਤੇ ਪਾਣੀ ਨਹੀਂ ਲਭਦਾ ਇਥੇ। ਛੱਪੜ ਵੀ ਸੁੱਕਿਆ ਪਿਆ ਹੈ। ਦਰਿਆਵਾਂ ਸਮੁੰਦਰਾਂ ਦੇ ਦੋਸਤ ਇਥੇ ਨਹੀਂ ਰਹਿਣਗੇ। ਤਲਵੰਡੀ ਤੁਸਾਂ ਨੂੰ ਮੁਬਾਰਕ।" ਰਾਇ ਨੇ ਕਿਹਾ, "ਚਾਰ ਕੂੰਟਾਂ ਵਿਚ ਬਾਬਾ ਚਾਰ ਖੂਹ ਖੁਦਵਾਇ ਦੇਸਾਂ। ਅਰ ਚਲਵਾਇ ਦੇਸਾਂ ਸਦਾਬਰਤ ਲੰਗਰ ਤੁਸਾਂ ਦੇ ਮੁਬਾਰਕ ਹੱਥਾਂ ਦੀ ਛੁਹ ਨਾਲ। ਟਿਕਾਣਾ ਕਰਨ ਲਈ ਹਾਂ ਤਾਂ ਕਰੋ ਇਕ ਬਾਰ।" ਬਾਬਾ ਜੀ ਨੇ ਕਿਹਾ, "ਲੰਗਰ ਤਾਂ ਚਲੇਗਾ ਰਾਇ ਜੀ ਪਰ ਕਿਸੇ ਹੋਰ ਬਿਧ ਨਾਲ।" ਗੁਰੂ ਜੀ ਨੇ ਫ਼ੈਸਲਾ ਕੀਤਾ ਕਿ ਅਗਲੀ ਯਾਤਰਾ ਉਤੇ ਜਾਣ ਤੋਂ ਪਹਿਲੋਂ ਰਾਇ ਜੀ ਨੂੰ ਵਿਦਾ ਕਰਕੇ ਜਾਵਾਂਗੇ। ਸੰਨ 1515 ਈਸਵੀ ਵਿਚ ਆਪਣੇ ਹੱਥੀਂ ਮਹਾਰਾਜ ਨੇ ਅਸੀਸਾਂ ਦੇ ਕੇ ਸੰਸਾਰ ਵਿਚੋਂ ਰਾਇ ਬੁਲਾਰ ਖਾਨ ਨੂੰ ਤੋਰਿਆ।

ਸਾਖੀਕਾਰ ਇੱਥੇ ਸਾਖੀ ਖ਼ਤਮ ਕਰ ਦਿੰਦਾ ਹੈ। ਉਹ ਕਿਹੜੀ ਵਿਧੀ ਹੈ ਜਿਸ ਨਾਲ ਲੰਗਰ ਚਲੇਗਾ, ਨਹੀਂ ਦੱਸੀ, ਪਰ ਅਖੀਰ ਵਿਚ ਇਸ ਭੇਦ ਦਾ ਪਤਾ ਲੱਗਦਾ ਹੈ। ਜਦੋਂ ਭਾਈ ਮਰਦਾਨਾ ਜੀ ਦਾ ਅਫ਼ਗਾਨਿਸਤਾਨ ਦੇ ਦਰਿਆ 'ਕੁੱਰਮ' ਕਿਨਾਰੇ ਦੇਹਾਂਤ ਹੋ ਗਿਆ ਤਾਂ ਮਹਾਰਾਜ ਵਾਪਸ ਤਲਵੰਡੀ ਪਿੰਡ ਪਰਤੇ। ਫਿਰ ਯਾਤਰਾਵਾਂ 'ਤੇ ਨਹੀਂ ਗਏ। ਕਰਤਾਰਪੁਰ ਵਸਾ ਕੇ ਹਲ਼ ਵਾਹਿਆ, ਖੇਤੀ ਕੀਤੀ। ਉਦੋਂ ਤੱਕ ਮਾਪੇ ਤੇ ਰਾਇ ਬੁਲਾਰ ਸਾਹਿਬ ਸੰਸਾਰ ਤੋਂ ਵਿਦਾ ਹੋ ਚੁੱਕੇ ਸਨ। ਜਿਹੜੀ ਫ਼ਸਲ ਹੋਈ, ਉਹ ਸਾਰੀ ਲੰਗਰ ਵਿਚ ਪਾ ਕੇ ਅਰਦਾਸ ਕੀਤੀ। ਸਿੱਖਾਂ ਨੂੰ 'ਦਸਵੰਧ' ਕੱਢਣ ਦਾ ਹੁਕਮ ਹੈ। ਬਾਬਾ ਜੀ ਨੇ ਸਾਰੀ ਫ਼ਸਲ ਨਾਲ ਲੰਗਰ ਆਰੰਭਿਆ। ਦੱਸਣਾ ਸੀ ਕਿ ਕਿਰਤ ਸਰਬੋਤਮ ਹੈ। ਦੱਸਣਾ ਸੀ ਕਿ ਬਾਬਾ ਜੀ ਦੀ ਸਾਰੀ ਕਮਾਈ ਸਾਰੀ ਕਾਇਨਾਤ ਵਾਸਤੇ ਹੈ। ਕੇਵਲ ਬਾਣੀ ਨਹੀਂ, ਰਿਜ਼ਕ ਵੀ। ਲੋਕ ਸਾਰੀ ਉਮਰ ਕਿਰਤ ਕਰਦੇ ਹਨ, ਅਖੀਰ ਬੁਢੇਪੇ ਵਿਚ ਰੱਬ ਦਾ ਨਾਮ ਜਪਦੇ ਹਨ। ਗੁਰੂ ਬਾਬੇ ਨੇ ਦੁਨੀਆਂ ਤੋਂ ਉਲਟ ਕੀਤਾ। ਜੁਆਨ ਉਮਰ ਨਾਮ ਜਪਿਆ। ਬੁਢੇਵਾਰੇ ਖੇਤ ਵਾਹੇ, ਬੀਜੇ, ਵੱਢੇ। ਸਾਰੀ ਉਮਰ ਵਿਚ ਇਕ ਵੀ ਮਿਸਾਲ ਅਜਿਹੀ ਨਹੀਂ ਮਿਲਦੀ ਕਿ ਬਾਬਾ ਜੀ ਨੇ ਜੇਬ ਵਿਚ ਪੈਸੇ ਸੰਭਾਲੇ ਹੋਣ। ਦੂਜੇ ਪਾਸੇ, ਇਸ਼ਾਰਿਆਂ ਰਾਹੀਂ ਦੱਸ ਦਿੱਤਾ ਕਿ ਪੂੰਜੀ ਜਮ੍ਹਾ ਕਰਨੀ ਠੀਕ ਨਹੀਂ। ਭਾਈ ਮਰਦਾਨਾ ਜੀ ਨੂੰ ਕਿਤੋਂ ਅਸ਼ਰਫੀ ਮਿਲੀ। ਰਾਤ ਪਈ ਤਾਂ ਕਹਿਣ ਲੱਗੇ, "ਬਾਬਾ, ਡਰ ਲਗਦਾ ਹੈ।" ਕਿਉਂ ਲੱਗਦਾ ਹੈ, ਕਿਸ ਤੋਂ ਡਰ ਲੱਗਦਾ ਹੈ, ਬਾਬਾ ਜੀ ਨੇ ਕੁਝ ਨਹੀਂ ਪੁੱਛਿਆ। ਬਸ ਏਨਾ ਕਿਹਾ, "ਭਾਈ ਜਿਸ ਚੀਜ ਕਰਕੇ ਡਰ ਲਗਦਾ ਹੈ, ਉਹ ਸੁੱਟ ਦੇਹ। ਡਰ ਹਟ ਜਾਵੇਗਾ।"

ਇਹ ਗੱਲ ਕੇਵਲ ਧਨ-ਦੌਲਤ ਉੱਪਰ ਲਾਗੂ ਨਹੀਂ। ਕੋਈ ਵੀ ਵਾਸਨਾ ਆਈ, ਤਾਂ ਡਰ ਨਾਲ ਦੀ ਨਾਲ ਆ ਗਿਆ। ਵਾਸਨਾ ਤੋਂ ਮੁਕਤ ਮਨੁੱਖ ਸ਼ਾਹਾਂ ਤੇ ਨਬੀਆਂ ਦਾ ਸਰਦਾਰ ਹੁੰਦਾ ਹੈ।

ਸਾਖੀਕਾਰ ਕਲਜੁਗ ਦਾ ਬੜਾ ਭਿਆਨਕ ਰੂਪ ਚਿੱਤਰਦਾ ਹੈ। ਕੜਕਦੀਆਂ ਬਿਜਲੀਆਂ, ਖੌਰੂ ਪਾਉਂਦੀਆਂ ਘਟਾਵਾਂ, ਉਬਾਲ ਖਾ ਰਹੇ ਸਮੁੰਦਰ, ਜੰਗਲਾਂ ਨੂੰ ਸਾੜਦੀਆਂ ਆਕਾਸ਼ ਛੁੰਹਦੀਆਂ ਲਾਟਾਂ ਦੇ ਬਸਤਰ ਪਹਿਨ ਕੇ ਕਲਜੁਗ ਬਾਬੇ ਨੂੰ ਮਿਲਣ ਆਇਆ। ਵਣ-ਤ੍ਰਿਣ ਹਰੇਕ ਪ੍ਰਾਣੀ ਕੰਬਣ ਲੱਗਾ। ਬਾਬਾ ਜੀ ਸ਼ਾਂਤ ਚਿੱਤ ਉਸ ਨੂੰ ਨਿਹਾਰਦੇ ਰਹੇ। ਕਲਯੁਗ ਨੂੰ ਸ਼ਾਂਤ ਹੋਣ ਲਈ ਕਿਹਾ ਤੇ ਪੁੱਛਿਆ- ਦੱਸ ਕਿਵੇਂ ਆਇਆ। ਕਲਯੁਗ ਨੇ ਕਿਹਾ -ਤੁਸਾਂ ਦੀ ਖਬਰਸਾਰ ਲੈਣ ਆਇਆ ਹਾਂ ਬਾਬਾ। ਨਮਸਕਾਰ ਕੀਤੀ। ਬਾਬੇ ਨੇ ਕਿਹਾ- ਤੇਰੀਓ ਵਾੜੀ ਦਾ ਤਾਂ ਅੰਗੂਰ ਹਾਂ ਮੈਂ। ਤੂੰ ਨਹੀਂ ਖ਼ਬਰ ਲਏਂਗਾ ਹੋਰ ਕੌਣ ਲਏਗਾ? ਕਲਯੁਗ ਨੇ ਕਿਹਾ ਦੱਸੋ ਕੀ ਖਿਦਮਤ ਕਰਾਂ ਤੁਸਾਂ ਦੀ। ਬਾਬਾ ਜੀ ਨੇ ਕਿਹਾ- ਏਨਾ ਕਰੀਂ ਕਿ ਜੋ ਸਾਡੀ ਮੰਨੇ ਉਸ ਨੂੰ ਦੁਖੀ ਨਾ ਕਰੀਂ। ਕਲਯੁਗ ਨੇ ਕਿਹਾ- ਇਹ ਫ਼ੈਸਲਾ ਹੋ ਚੁੱਕਾ ਹੈ ਬਾਬਾ। ਜੋ ਤੇਰੀ ਮੰਨੇਗਾ, ਕਿਸੇ ਜੁੱਗ ਵਿਚ ਉਸ ਨੂੰ ਸੇਕ ਨਹੀਂ ਲੱਗੇਗਾ। ਨਮਸਕਾਰ ਕਰਕੇ ਸ਼ਾਂਤ ਚਿਤ ਕਲਯੁਗ ਪਰਤਿਆ।

ਰਾਇ ਬੁਲਾਰ ਜੀ ਨਾਲ ਬਾਬਾ ਜੀ ਦੀ ਇਕ ਹੋਰ ਸਾਂਝ ਦਾ ਜ਼ਿਕਰ ਸਾਡੀਆਂ ਸਾਖੀਆਂ ਵਿਚ ਨਹੀਂ ਆਉਂਦਾ। ਬਹੁਤ ਵੱਡੀ ਇਕ ਘਟਨਾ ਘਟੀ, ਪਰ ਹੈਰਾਨ ਹਾਂ ਕਿ ਸਾਖੀਆਂ ਵਿਚ ਕਿਉਂ ਨਹੀਂ ਦਰਜ ਕੀਤੀ ਗਈ। ਇਹ ਸਾਖੀ ਨਨਕਾਣਾ ਸਾਹਿਬ ਵਿਚ ਮੈਨੂੰ ਇਕ ਨੇਕਬਖ਼ਤ ਮੁਸਲਮਾਨ ਨੇ ਸੁਣਾਈ। ਨਨਕਾਣਾ ਸਾਹਿਬ ਮੱਥਾ ਟੇਕਿਆ, ਕੀਰਤਨ ਸੁਣਿਆ, ਲੰਗਰ ਛਕਿਆ। ਸੋਚਿਆ, ਮੁਸਲਮਾਨਾਂ ਨੂੰ ਮਿਲਾਂ, ਗੱਲਾਂ ਕਰਾਂ। ਕਾਲਜ ਤਾਂ ਹੋਣਾ ਨਹੀਂ ਇੱਥੇ, ਸਕੂਲ ਹੋਇਗਾ। ਕਿਸੇ ਮਾਸਟਰ ਨੂੰ ਮਿਲੀਏ। ਪੁਲਸ ਅਫਸਰ ਨੂੰ ਦੱਸਿਆ ਕਿ ਮੈਂ ਪ੍ਰੋਫੈਸਰ ਹਾਂ। ਕਿਸੇ ਪ੍ਰੋਫੈਸਰ ਜਾਂ ਮਾਸਟਰ ਨੂੰ ਮਿਲਣਾ ਚਾਹੁੰਦਾ ਹਾਂ। ਡੀ.ਐਸ.ਪੀ. ਨੇ ਦੱਸਿਆ ਅਹਿ ਇੱਧਰ ਦੋ 'ਕੁ ਫਰਲਾਂਗ 'ਤੇ ਕਾਲਜ ਹੈ, ਚਲੇ ਜਾਓ। ਤੁਰਦਾ ਗਿਆ। ਅੱਗੇ ਗੇਟ ਆ ਗਿਆ। ਅੰਗਰੇਜ਼ੀ ਅਤੇ ਉਰਦੂ ਅੱਖਰਾਂ ਵਿਚ ਲਿਖਿਆ ਹੋਇਆ ਸੀ- ਗੁਰੂ ਨਾਨਕ ਗੌਰਮਿੰਟ ਡਿਗਰੀ ਕਾਲਜ ਨਨਕਾਣਾ ਸਾਹਿਬ। ਅੰਦਰ ਲੰਘਿਆ। ਕੋਈ ਦਿੱਸਿਆ ਨਹੀਂ। ਚੌਂਕੀਦਾਰ ਨੇ ਸਲਾਮਾਲੇਕਮ ਆਖਿਆ ਤੇ ਕਿਹਾ- ਜੀ ਖਿਦਮਤ? ਮੈਂ ਕਿਹਾ, ਕੋਈ ਪ੍ਰੋਫੈਸਰ ਨਹੀਂ? ਉਸ ਨੇ ਕਿਹਾ- ਹਨ। ਇਮਤਿਹਾਨ ਹੋ ਰਹੇ ਹਨ। ਡਿਊਟੀਆਂ 'ਤੇ ਹਨ। ਕੰਮ ਹੈ ਤਾਂ ਜਿਸ ਨੂੰ ਕਹੋ ਬੁਲਾ ਲਿਆਉਂਦਾ ਹਾਂ। ਮੈਂ ਕਿਹਾ- ਕੰਮ ਤਾਂ ਕੋਈ ਨਹੀਂ। ਘੰਟੇ ਨੂੰ ਫੇਰ ਆ ਜਾਵਾਂਗਾ ਪੰਜ ਵਜੇ। ਵਾਪਸ ਤੁਰ ਪਿਆ। ਇਕ ਸਾਢੇ ਛੇ ਫੁੱਟ ਲੰਮਾ 65-70 ਸਾਲ ਦਾ ਬਜ਼ੁਰਗ ਸਲਵਾਰ ਕਮੀਜ ਦਸਤਾਰ ਪਹਿਨੀ ਮੇਰੇ ਵਲ ਤੇਜ਼ੀ ਨਾਲ ਆਇਆ। ਸਰਦਾਰ ਜੀ ਸੱਤ ਸ੍ਰੀ ਅਕਾਲ। ਪਰਤ ਕਿਉਂ ਚੱਲੇ? ਮੈਂ ਤੁਹਾਨੂੰ ਦੇਖਿਆ ਤਾਂ ਲੇਬਰ ਨੂੰ ਛੁੱਟੀ ਕਰ ਦਿੱਤੀ। ਮੈਂ ਠੇਕੇਦਾਰ ਹਾਂ। ਮੁੰਡਿਆਂ ਲਈ ਹੋਸਟਲ ਬਣਾ ਰਿਹਾ ਹਾਂ। ਆਉ ਇੱਧਰ ਬੈਠੀਏ। ਗੱਲਾਂ ਕਰਾਂਗੇ। ਦੋ-ਤਿੰਨ ਕੁਰਸੀਆਂ ਮੰਗਵਾ ਲਈਆਂ। ਕੋਈ ਮਜ਼ਦੂਰ ਛੁੱਟੀ ਕਰਕੇ ਘਰ ਨਹੀਂ ਗਿਆ, ਸਾਰੇ ਸਾਡੇ ਇਰਦ-ਗਿਰਦ ਜ਼ਮੀਨ ਉੱਪਰ ਬੈਠ ਗਏ। ਗੱਲਾਂ ਦੌਰਾਨ ਮੈਂ ਪੁੱਛਿਆ- ਗੁਰਦੁਆਰਾ ਸਾਹਿਬ ਦੇ ਨਾਮ ਕਿੰਨੀ ਜ਼ਮੀਨ ਹੈ ਇੱਥੇ? ਉਸ ਨੇ ਕਿਹਾ- ਜੀ ਕਿਉਂ ਪੁੱਛੀ ਇਹ ਗੱਲ? ਰਹਿਣ-ਸਹਿਣ ਖਾਣ-ਪੀਣ ਵਿਚ ਕੋਈ ਦਿੱਕਤ ਆਈ? ਮੈਂ ਕਿਹਾ- ਨਹੀਂ। ਕੋਈ ਕਮੀ ਨਹੀਂ ਰਹੀ। ਇਹ ਮੇਰੇ ਬਾਬੇ ਦਾ ਜਨਮ ਸਥਾਨ ਹੈ ਨਾ। ਇਸ ਵਾਸਤੇ ਕੀ ਮੇਰਾ ਫਿਕਰਮੰਦ ਹੋਣ ਦਾ ਹੱਕ ਨਹੀਂ? ਉਸ ਨੇ ਕਿਹਾ-

ਬਿਲਕੁਲ ਨਹੀਂ। ਫਿਕਰ ਕਰਨ ਦਾ ਹੱਕ ਵੱਡਿਆਂ ਦਾ ਹੈ। ਸਾਡਾ ਤੁਹਾਡਾ ਹੱਕ ਬੰਦਗੀ ਕਰਨ ਦਾ ਹੈ। ਹਜ਼ਰਤ ਬਾਬਾ ਨਾਨਕ ਅਲਹਿ ਸਲਾਮ ਸਾਡਾ ਫਿਕਰ ਕਰਦਾ ਹੈ।

ਮੈਂ ਕਿਹਾ- ਦਰੁਸਤ। ਅੱਛਾ ਇਹ ਦੱਸੋ ਕਿ ਜਾਣਨ ਦਾ ਹੱਕ ਤਾਂ ਹੈ? ਉਸ ਨੇ ਕਿਹਾ, ਹਾਂ। ਜਾਣਨ ਦਾ ਹੱਕ ਹੈ। ਸਾਢੇ ਸੱਤ ਸੌ ਮੁਰੱਬਾ ਜ਼ਮੀਨ ਗੁਰਦੁਆਰੇ ਦੇ ਨਾਮ ਹੈ। ਫਿਰ ਮੈਂ ਪੁੱਛਿਆ- ਕੀ ਮਹਾਰਾਜਾ ਰਣਜੀਤ ਸਿੰਘ ਨੇ ਦਿੱਤੀ ਸੀ ਇਹ ਜ਼ਮੀਨ? ਠੇਕੇਦਾਰ ਨੇ ਕਿਹਾ- ਬਿਲਕੁਲ ਨਹੀਂ। ਇੰਨੀ ਜ਼ਮੀਨ ਕਿਸੇ ਗੁਰਦੁਆਰੇ ਦੇ ਨਾਮ ਮਹਾਰਾਜੇ ਨੇ ਨਹੀਂ ਲੁਆਈ। ਇਹ ਸਾਡੇ ਭੱਟੀਆਂ ਦੇ ਸਰਦਾਰ ਨੇ ਲੁਆਈ ਸੀ। ਮੈਂ ਫਿਰ ਪੁੱਛਿਆ- ਭੱਟੀਆਂ ਦਾ ਸਰਦਾਰ ਕੌਣ? ਉਸ ਨੇ ਕਿਹਾ- ਭੱਟੀਆਂ ਦੇ ਸਰਦਾਰ ਨੂੰ ਨਹੀਂ ਜਾਣਦੇ? ਇੱਥੇ ਪੰਜਾਹ ਪਿੰਡਾਂ ਵਿਚ ਬੱਚੇ-ਬੱਚੇ ਨੂੰ ਉਸ ਦਾ ਤੇ ਬਾਬੇ ਦੇ ਨਾਮ ਦਾ ਪਤਾ ਹੈ। ਉਸ ਦਾ ਨਾਮ ਸੀ ਰਾਇ ਬੁਲਾਰ ਖ਼ਾਨ ਸਾਹਿਬ। ਇੱਥੇ ਬੜੇ ਪਿੰਡ ਹਨ ਜੀ ਭੱਟੀਆਂ ਦੇ। ਤੁਸਾਂ ਨਹੀਂ ਸਰਦਾਰ ਦਾ ਨਾਮ ਸੁਣਿਆ? ਮੈਂ ਕਿਹਾ- ਇਸ ਸਰਦਾਰ ਦਾ ਨਾਮ ਤਾਂ ਸਾਡੇ ਕਣ-ਕਣ ਵਿਚ ਵੱਸਿਆ ਹੋਇਆ ਹੈ ਭਰਾ, ਪਰ ਮੈਨੂੰ ਇਹ ਨਹੀਂ ਸੀ ਪਤਾ ਕਿ ਰਾਇ ਸਾਹਿਬ ਭੱਟੀ ਸਨ।

ਠੇਕੇਦਾਰ ਨੇ ਕਿਹਾ- ਜੀ ਅਸੀਂ ਭੱਟੀ, ਆਮ ਨਹੀਂ ਹਾਂ। ਮੈਂ ਵੀ ਭੱਟੀ ਆਂ। ਸਾਰਿਆਂ ਜਹਾਨਾਂ ਦੇ ਮਾਲਕ ਗੁਰੂ ਬਾਬੇ ਨੂੰ ਸਭ ਤੋਂ ਪਹਿਲਾਂ ਸਾਡੇ ਸਰਦਾਰ ਨੇ ਪਛਾਣਿਆ ਸੀ। ਇਕ ਕੋਹਿਨੂਰ ਦੀ ਸ਼ਨਾਖਤ ਕਰ ਲਈ ਸੀ ਭੱਟੀ ਸਰਦਾਰ ਨੇ, ਉਦੋਂ ਹੀ, ਜਦੋਂ ਉਹ ਬਚਪਨ ਵਿਚ ਸੀ। ਹੁਣ ਸੁਣੋ ਜ਼ਮੀਨ ਦੇਣ ਦੀ ਗੱਲ। ਰਾਇ ਬੁਲਾਰ ਖਾਨ ਪੰਦਰਾਂ ਸੌ ਮੁਰੱਬਿਆਂ ਦਾ ਤਕੜਾ ਰਈਸ ਅਤੇ ਖੁੱਦਦਾਰ ਇਨਸਾਨ ਸੀ, ਪਰ ਸੀ ਨੇਕੀ ਦਾ ਮੁਜੱਸਮਾ। ਬਾਬਾ ਜੀ ਦਾ ਕਦਰਦਾਨ ਸੀ ਪੂਰਾ। ਉਸ ਦੀ ਉਮਰ ਚਾਲੀਆਂ ਤੋਂ ਟੱਪ ਚਲੀ, ਪਰ ਔਲਾਦ ਨਹੀਂ ਸੀ। ਦੱਸਦੇ ਨੇ ਪਈ ਘੋੜੇ ’ਤੇ ਸਵਾਰ ਹੋ ਕੇ ਮੁਰੱਬਿਆਂ ਦਾ ਦੌਰਾ ਕਰਨ ਗਿਆ। ਗੁਰੂ ਬਾਬੇ ਦੀ ਉਮਰ 12-13 ਸਾਲ ਹੋਏਗੀ। ਬਾਬਾ ਮੱਝਾਂ ਚਾਰ ਰਿਹਾ ਸੀ। ਰਾਇ ਸਾਹਿਬ ਘੋੜੇ ਤੋਂ ਉੱਤਰੇ। ਜੋੜੇ ਉਤਾਰੇ। ਬਾਬਾ ਜੀ ਦੇ ਨਜ਼ਦੀਕ ਹੱਥ ਜੋੜ ਕੇ ਖਲੋ ਗਏ ਤੇ ਕਿਹਾ- ਬਾਬਾ ਮੇਰੀ ਮੁਰਾਦ ਪੂਰੀ ਕਰ। ਲਉ ਜੀ ਮੇਰੀਆਂ ਅੱਖਾਂ ਸਾਹਮਣੇ ਜਨਮ-ਸਾਖੀ ਦਾ ਇਹ ਦ੍ਰਿਸ਼ ਪੂਰਾ ਘੁੰਮ ਗਿਆ। ਮੈਂ ਜਾਣਦਾ ਸਾਂ ਕਿ ਇਹ ਘਟਨਾ ਵਾਪਰੀ ਸੀ। ਠੇਕੇਦਾਰ ਨੇ ਅੱਗੇ ਦੱਸਿਆ- ਜੀ ਕਦੀ ਬਾਲ ਘਰ ਵਿਚ ਖੇਡੇ, ਇਹ ਮੁਰਾਦ ਮਨ ਵਿਚ ਲੈ ਕੇ ਅਰਜ਼ ਗੁਜ਼ਾਰਨ ਗਏ ਸਨ। ਬਾਬਾ ਜੀ ਨੇ ਅਸੀਸਾਂ ਦਿੱਤੀਆਂ ਅਤੇ ਕਿਹਾ- ਰਾਇ ਤੁਸਾਂ ਦੀ ਮੁਰਾਦ ਪੂਰੀ ਹੋਈ, ਸ਼ੱਕ ਨਾਂ ਕਰਨਾ।

ਸਾਲ ਬਾਅਦ ਰਾਇ ਸਾਹਿਬ ਦੇ ਘਰ ਬੇਟੇ ਦਾ ਜਨਮ ਹੋਇਆ। ਸਰਦਾਰ ਏਨਾ ਖੁਸ਼ ਕਿ ਦਾਅਵਤ ਦਿੱਤੀ ਬੜੀ ਵੱਡੀ। ਜੀ ਨਵਾਬ ਸਾਹਿਬ ਖੁਦ ਆਏ ਸਨ ਦੌਲਤ ਖਾਨ ਸਾਹਿਬ, ਇਸ ਜਸ਼ਨ ਵਿਚ ਸ਼ਿਰਕਤ ਕਰਨ। ਪਿੰਡਾਂ ਦੇ ਪਿੰਡ ਆਣ ਉੱਤਰੇ ਸਨ। ਇਸ ਭਾਰੀ ਇਕੱਠ ਵਿਚ ਸ਼ੁਕਰਾਨਾ ਕਰਨ ਮਗਰੋਂ ਰਾਇ ਸਾਹਿਬ ਨੇ ਆਪਣੀ ਅੱਧੀ ਜ਼ਮੀਨ ਹਜ਼ਰਤ ਬਾਬਾ ਨਾਨਕ ਦੇ ਨਾਮ ਇੰਤਕਾਲ ਤਬਦੀਲ ਕਰ ਦੇਣ ਦਾ ਐਲਾਨ ਕੀਤਾ। ਸੋ ਉਦੋਂ ਸਾਢੇ ਸੱਤ ਸੌ ਮੁਰੱਬੇ ਬਾਬਾ ਜੀ ਦੇ ਨਾਮ ਹੋਏ, ਜੋ ਹੁਣ ਤੱਕ ਤੁਰੇ ਆਂਵਦੇ ਹਨ। ਪੰਦਰਾਂ ’ਕੁ ਸਾਲ ਪਹਿਲਾਂ ਸਾਡੇ ਖ਼ਿਆਲ ਵਿਚ ਇਹ ਗੱਲ ਆਈ ਪਈ ਮਾਲਕ ਅਸੀਂ, ਕਾਬਜ਼ ਅਸੀਂ, ਕਾਸ਼ਤਕਾਰ ਅਸੀਂ ਪਰ ਨਾਮ ਸਾਡਾ ਮਾਲ ਰਿਕਾਰਡ ਵਿਚ ਬੋਲਦਾ ਨਹੀਂ। ਅਸੀਂ ਇਸ ਜ਼ਮੀਨ ਉਪਰ ਨਜ਼ਾਇਜ ਕਬਜੇ ਪੁਸ਼ਤਾਂ ਤੋਂ ਕੀਤੇ ਹੋਏ ਹਨ। ਦੋ ’ਕੁ ਸੌ ਕਿੱਲੇ ਜ਼ਮੀਨ ਬਚੀ ਹੋਈ ਹੈ ਗੁਰਦਵਾਰੇ ਦੇ ਕਬਜ਼ੇ ਵਿਚ। ਬਾਕੀ ਦੀ ਭੱਟੀ ਵਾਹੁੰਦੇ ਬੀਜਦੇ ਹਨ। ਅਸੀਂ ਸ਼ੇਖਪੁਰੇ ਅਦਾਲਤ ਵਿਚ ਮੁਕੱਦਮਾ ਦਾਇਰ ਕਰ ਦਿੱਤਾ ਕਿ ਪਿਛਲੀ ਉਮਰੇ ਸਾਡੇ ਬਜ਼ੁਰਗਾਂ ਦੇ ਬਜ਼ੁਰਗ ਰਾਇਬੁਲਾਰ ਸਾਹਿਬ ਦਾ ਦਿਮਾਗ ਹਿੱਲ

ਗਿਆ ਸੀ। ਉਸ ਨੇ ਅੱਧੀ ਜ਼ਮੀਨ ਇਕ ਫਕੀਰ ਨਾਨਕ ਦੇ ਨਾਮ ਕਰਵਾ ਦਿੱਤੀ, ਪਰ ਉਸ ਦੇ ਹੱਕਦਾਰ ਅਸੀਂ ਹਾਂ। ਕਾਬਜ਼ ਕਾਸ਼ਤਕਾਰ ਵੀ ਖੁਦ ਹਾਂ। ਸਾਡੇ ਨਾਮ ਇੰਤਕਾਲ ਤਬਦੀਲ ਹੋਵੇ। ਲਉ ਜੀ ਤਲਬੀਆਂ ਇਤਲਾਹਾਂ, ਰਿਕਾਰਡ, ਬਹਿਸਾਂ ਸਭ ਹੋ ਗਈਆਂ। ਚਾਰ ਸਾਲ ਮੁਕੱਦਮੇ ਦੀ ਕਾਰਵਾਈ ਚੱਲੀ। ਫੈਸਲੇ ਦੀ ਤਰੀਕ ਆਈ ਤਾਂ ਫ਼ੈਸਲਾ ਸਾਡੇ ਖਿਲਾਫ਼। ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਸੀਂ ਲਾਹੌਰ ਹਾਈਕੋਰਟ ਵਿਚ ਅਪੀਲ ਦਾਇਰ ਕਰ ਦਿੱਤੀ। ਤਿੰਨ ਚਾਰ ਸਾਲ ਉੱਥੇ ਸੁਣਵਾਈ ਹੁੰਦੀ ਰਹੀ। ਜੱਜਮੈਂਟ ਹੋਈ, ਇੰਤਕਾਲ ਤਬਦੀਲ ਨਹੀਂ ਹੋ ਸਕਦਾ। ਅਪੀਲ ਖਾਰਜ, ਦਾਖ਼ਲ ਦਫਤਰ। ਅਸੀਂ ਜੀ ਸੁਪਰੀਮ ਕੋਰਟ ਇਸਲਾਮਾਬਾਦ ਅਪੀਲ ਦਾਇਰ ਕੀਤੀ। ਤਿੰਨ ਸਾਲ ਸੁਣਵਾਈ ਹੋਈ। ਅਖੀਰ ਜਦੋਂ ਫ਼ੈਸਲਾ ਸੁਣਾਉਣ ਦਾ ਵਕਤ ਆਇਆ ਤਾਂ ਬੈਂਚ ਨੇ ਕਿਹਾ- ਆਪਣੇ ਪੰਜ ਚਾਰ ਮੁਹਤਬਰ ਬੰਦੇ ਲੈ ਕੇ ਆਉਣਾ। ਵਕੀਲਾਂ ਨੂੰ ਨਹੀਂ ਲਿਆਉਣਾ। ਕੋਈ ਜਰੂਰੀ ਗੱਲ ਕਰਨੀ ਹੈ। ਅਸੀਂ ਪੁੱਛਿਆ ਜੀ ਕੀ ਗੱਲ ਕਰਨੀ ਹੈ, ਰਤਾ ਦੱਸੋ ਤਾਂ ਕਿ ਤਿਆਰੀ ਕਰਕੇ ਆਈਏ। ਆਪਸ ਵਿਚ ਸਲਾਹ ਜੋ ਕਰਨੀ ਹੋਈ। ਸਾਂਝਾ ਕੰਮ ਹੈ। ਜੱਜਾਂ ਨੇ ਕਿਹਾ-ਤੁਸੀਂ ਇਹ ਮੁਕੱਦਮਾ ਦਾਇਰ ਕਰਕੇ ਚੰਗਾ ਕੰਮ ਨਹੀਂ ਕੀਤਾ। ਇਹ ਦੱਸਣਾ ਹੈ। ਮਹੀਨਾ ਤਾਰੀਕ ਪਾ ਦਿੱਤੀ।

ਪਿੰਡਾਂ ਦੇ ਆਪਣੇ-ਆਪਣੇ ਇਕੱਠ ਹੋਏ। ਫਿਰ ਸਾਂਝੇ ਇਕੱਠ ਹੋਏ। ਅੱਠ ਬੰਦੇ ਚੁਣੇ ਗਏ ਜਿਹੜੇ ਬੈਂਚ ਨਾਲ ਗੱਲ ਕਰਨ ਅਦਾਲਤ ਜਾਣਗੇ। ਤਰੀਕ ਆ ਗਈ। ਸੈਂਕੜੇ ਬੰਦੇ ਅਦਾਲਤ ਦੇ ਬਾਹਰ ਪੁੱਜ ਗਏ। ਸਾਡੀ ਵਾਰੀ ਆਈ ਤਾਂ ਅੰਦਰ ਦਾਖਲ ਹੋਏ। ਇਕ ਮੈਂ ਵੀ ਸਾਂ। ਜੱਜਾਂ ਨੇ ਇਕ ਘੰਟੇ ਲਈ ਅਦਾਲਤ ਮੁਲਤਵੀ ਕਰ ਦਿੱਤੀ। ਸਾਨੂੰ ਪਿਛਲੇ ਕਮਰੇ ਵਿਚ ਲੈ ਗਏ। ਚਾਹ ਪਾਣੀ ਮੰਗਵਾ ਲਿਆ। ਫਿਰ ਗੱਲ ਤੋਰੀ। ਜੱਜ ਸਾਹਿਬਾਨ ਨੇ ਕਿਹਾ- ਅਸੀਂ ਬੜੀ ਬਾਰੀਕੀ ਨਾਲ ਇਹ ਕੇਸ ਦੇਖਿਆ ਹੈ। ਤੁਸੀਂ ਗ਼ਲਤ ਕੰਮ ਛੇੜ ਬੈਠੇ। ਜਿਨ੍ਹਾਂ ਫਕੀਰਾਂ ਉੱਪਰ ਮੁਕੱਦਮੇ ਦਾਇਰ ਕੀਤੇ ਉਨ੍ਹਾਂ ਤੋਂ ਮੁਰਾਦਾਂ ਮੰਗਦੇ ਤਾਂ ਠੀਕ ਸੀ। ਉਹ ਨੇਕਬਖ਼ਤ ਇਨਸਾਨ ਜਿਨ੍ਹਾਂ ਦੀ ਬਦੌਲਤ ਤੁਸੀਂ ਦੁਨੀਆਂ ਦੀ ਰੋਸ਼ਨੀ ਦੇਖੀ, ਤੁਸੀਂ ਉਨ੍ਹਾਂ ਉੱਪਰ ਮੁਕੱਦਮੇ ਕੀਤੇ। ਦਿਮਾਗ ਹਿੱਲ ਜਾਣ ਵਰਗੇ ਬਦ-ਇਲਜ਼ਾਮ ਲਾਏ। ਸਰਦਾਰ ਰਾਇ ਬੁਲਾਰ ਖਾਨ ਸਾਹਿਬ ਦਾ ਦਿਮਾਗ ਅੱਧਾ ਤਾਂ ਕਾਇਮ ਰਿਹਾ ਜੋ ਅੱਧੀ ਜ਼ਮੀਨ ਬਚਾ ਲਈ। ਜਿਸ ਫਕੀਰ ਦੇ ਨਾਮ ਅੱਧੀ ਜ਼ਮੀਨ ਦਾ ਇੰਤਕਾਲ ਕਰਵਾਇਆ ਉਸ ਦਾ ਦਿਮਾਗ ਤਾਂ ਪੂਰਾ ਹਿੱਲ ਗਿਆ ਸੀ, ਕਿਉਂਕਿ ਉਸ ਨੇ ਕਦੇ ਇਸ ਜ਼ਮੀਨ ਵੱਲ ਦੇਖਿਆ ਭੀ ਨਹੀਂ। ਉਸ ਦੀ ਔਲਾਦ ਨੇ ਇਸ ਉਪਰ ਹੱਕ ਨਹੀਂ ਜਮਾਇਆ। ਸਿੱਖਾਂ ਨੇ ਕਦੀ ਨਾ ਇਹ ਜ਼ਮੀਨ ਰੋਕੀ, ਨਾ ਦਾਅਵੇ ਅਦਾਲਤਾਂ ਵਿਚ ਕੀਤੇ। ਤੁਸੀਂ ਇਸ ਉਪਰ ਪੁਸ਼ਤਾਂ ਤੋਂ ਨਜਾਇਜ਼ ਕਬਜ਼ੇ ਕੀਤੇ ਹੋਏ ਹਨ, ਹੁਣ ਅਦਾਲਤਾਂ ਵਿਚ ਦਾਅਵੇ ਕੀਤੇ। ਦਸ-ਬਾਰਾਂ ਸਾਲਾਂ ਤੋਂ ਤੁਸੀਂ ਵੱਡਿਆਂ ਦੀ ਬੇਅਦਬੀ ਕਰਦੇ ਆਏ ਹੋ, ਕਿਸੇ ਨੇ ਅਕਲ ਨਹੀਂ ਦਿੱਤੀ ਕਿ ਬੇਅਦਬੀ ਨਾ ਕਰੋ? ਜ਼ਮੀਨ ਤੋਂ ਵਧੀਕ ਉਹ ਤੁਹਾਨੂੰ ਪਿਆਰ ਕਰਦੇ ਸਨ। ਤੁਸੀਂ ਉਨ੍ਹਾਂ ਦਰਵੇਸਾਂ ਨੂੰ ਨਫ਼ਰਤ ਕਰਦੇ ਹੋ ਤੇ ਜ਼ਮੀਨ ਨਾਲ ਪਿਆਰ ਪਾ ਲਿਆ। ਤੁਹਾਡੇ ਕੋਲ ਹੀ ਰਹੇਗੀ ਜ਼ਮੀਨ। ਮੁਕੱਦਮਾ ਨਾ ਕਰਦੇ ਤਾਂ ਠੀਕ ਹੁੰਦਾ।

ਅਸੀਂ ਕਿਹਾ- ਜੀ ਜ਼ਮੀਨ ਸਾਡੇ ਈ ਕਬਜ਼ੇ ਵਿਚ ਹੈ, ਪਰ ਰਿਕਾਰਡ ਮਾਲ ਵਿਚ ਸਾਡਾ ਨਾਮ ਨਹੀਂ। ਜੱਜਾਂ ਨੇ ਕਿਹਾ- ਨਾਮ ਨਹੀਂ ਰਹੇਗਾ। ਨਾ ਤੁਹਾਡਾ ਨਾ ਸਾਡਾ। ਨਾਮ ਰਹੇਗਾ ਅੱਲਾਹ ਪਰਵਰਦਗਾਰ ਦਾ। ਨਾਮ ਰਹੇਗਾ ਉਸ ਦੀ ਬੰਦਗੀ ਕਰਨ ਵਾਲਿਆ ਦਰਵੇਸਾਂ ਦਾ। ਉਹ ਜਿਹੜੇ ਚੰਦ ਤਾਰਿਆਂ ਦੇ ਮਾਲਕ ਹਨ ਉਹੀ ਰਹਿਣਗੇ, ਹੋਰ ਨਹੀਂ ਰਹੇਗਾ ਕੋਈ। ਸਾਡੀ ਤੁਹਾਨੂੰ ਇਹ ਸਲਾਹ ਹੈ ਕਿ ਮੁਕੱਦਮਾ ਵਾਪਸ ਲੈ ਲਉ। ਅਸੀਂ ਕਿਹਾ- ਜੀ ਬਾਹਰ ਸਾਡਾ

ਭਾਈਚਾਰਾ ਖਲੋਤਾ ਹੈ। ਉਸ ਨਾਲ ਸਲਾਹ ਕਰ ਲਈਏ। ਜੱਜਾਂ ਨੇ ਕਿਹਾ- ਜ਼ਰੂਰ ਕਰੋ। ਹੁਣ ਸਾਢੇ ਗਿਆਰਾਂ ਵੱਜੇ ਹਨ। ਸ਼ਾਮੀ ਚਾਰ ਵਜੇ ਤੱਕ ਸਲਾਹ ਕਰ ਲਉ। ਜੇ ਮੁਕੱਦਮਾ ਵਾਪਸ ਨਾ ਲਿਆ ਤਾਂ ਫਿਰ ਅਸੀਂ ਫ਼ੈਸਲਾ ਸੁਣਾ ਦਿਆਂਗੇ। ਅਦਾਲਤ ਤੋਂ ਬਾਹਰ ਤੁਹਾਨੂੰ ਅਸੀਂ ਇਹ ਇਕ ਸਲਾਹ ਦਿੱਤੀ ਹੈ। ਇਹ ਸਲਾਹ ਮੰਨਣ ਦੇ ਤੁਸੀਂ ਪਾਬੰਦ ਨਹੀਂ। ਫ਼ੈਸਲਾ ਸ਼ਾਮੀ ਸੁਣਾਵਾਂਗੇ।

ਅਸੀਂ ਬਾਹਰ ਆ ਗਏ। ਭਾਈਚਾਰਾ ਉਡੀਕ ਰਿਹਾ ਸੀ। ਸਾਰੀ ਗੱਲ ਦੱਸੀ। ਸੋਚਣ ਵਿਚਾਰਨ ਲੱਗੇ। ਦਿਮਾਗ ਰਿੜਕੇ। ਅਖ਼ੀਰ ਵਿਚ ਫ਼ੈਸਲਾ ਹੋਇਆ ਕਿ ਦੋਹਾਂ ਵਿਚੋਂ ਇਕ ਦੀ ਚੋਣ ਕਰਨੀ ਹੈ। ਅਪੀਲ ਵਾਪਸ ਲੈਣੀ ਹੈ ਕਿ ਮੁਕੱਦਮਾ ਹਾਰਨ ਦੀ ਜੱਜਮੈਂਟ ਲੈਣੀ ਹੈ। ਜੱਜਾਂ ਦੀਆਂ ਗੱਲਾਂ ਤੋਂ ਦਿੱਸ ਗਿਆ ਸੀ ਕਿ ਜਿੱਤਣ ਦਾ ਸਵਾਲ ਈ ਨਹੀਂ ਪੈਦਾ ਹੁੰਦਾ। ਅਸਾਂ ਸਾਰਿਆਂ ਨੇ ਮੁਕੱਦਮਾ ਵਾਪਸ ਲੈਣ ਦਾ ਫ਼ੈਸਲਾ ਕੀਤਾ। ਸ਼ਾਮੀਂ ਚਾਰ ਵਜੇ ਵਕੀਲਾਂ ਸਣੇ ਹਾਜ਼ਰ ਹੋ ਕੇ ਅਪੀਲ ਵਾਪਸ ਲੈ ਲਈ। ਅਸੀਂ ਬਚ ਗਏ ਸਰਦਾਰ ਜੀ। ਅਪੀਲ ਵਾਪਸ ਨਾ ਲੈਂਦੇ ਤਾਂ ਹਾਰਨਾ ਸੀ। ਦੁਨੀਆਂ ਵੀ ਜਾਣੀ ਸੀ ਦੀਨ ਵੀ। ਹੁਣ ਦੋਵੇਂ ਬਚ ਗਏ। ਅਗਲੀ ਦਰਗਾਹ ਵਿਚ ਇਨ੍ਹਾਂ ਦਰਵੇਸਾਂ ਸਾਹਮਣੇ ਖਲੋ ਕੇ ਗੁਨਾਹਾਂ ਦੀ ਮੁਆਫੀ ਮੰਗਣ ਜੋਗੇ ਰਹਿ ਗਏ। ਉਹ ਬੜੇ ਰਹਿਮ-ਦਿਲ ਹਨ ਜੀ। ਆਪਣੀ ਔਲਾਦ ਦੀਆਂ ਗਲਤੀਆਂ ਮਾਪੇ ਬਖਸ਼ ਦਿਆ ਕਰਦੇ ਹਨ। ਦੇਖੋ ਭਰਾ ਜੀ ਕਿੰਨੀਆਂ ਤਾਕਤਾਂ ਦੇ ਮਾਲਕ ਹਨ ਹਜ਼ਰਤ ਬਾਬਾ ਨਾਨਕ। ਸਦੀਆਂ ਬੀਤ ਗਈਆਂ, ਪਰ ਨੇਕੀ ਕਰਨ ਦਾ ਹੁਕਮ ਅਜੇ ਕਿਸੇ ਨਾ ਕਿਸੇ ਜ਼ਰੀਏ ਪੁਚਾ ਰਹੇ ਹਨ। ਸੁਪਰੀਮ ਕੋਰਟ ਨੂੰ ਕਿਹਾ ਕਿ ਇਨ੍ਹਾਂ ਨੂੰ ਗਲਤ ਰਸਤੇ ਭਟਕਣ ਤੋਂ ਰੋਕ। ਸੁਪਰੀਮ ਕੋਰਟ ਨੇ ਰੋਕਿਆ। ਬਾਬਾ ਜੀ ਨੇ ਸੁਪਰੀਮ ਕੋਰਟ ਰਾਹੀਂ ਸਾਡੀ ਹੱਤਕ ਨਹੀਂ ਕਰਵਾਈ। ਵਰਜਿਆ ਵੀ। ਇੱਜ਼ਤ ਵੀ ਰੱਖੀ। ਉਸ ਦੇ ਨਾਮ ਨੂੰ ਲੱਖ ਸਲਾਮ। ਅੱਜ ਵੀ ਮਾਲ ਰਿਕਾਰਡ ਅਨੁਸਾਰ ਇਨ੍ਹਾਂ ਮੁਰੱਬਿਆਂ ਵਿਚ ਗੁਰੂ ਬਾਬਾ ਨਾਨਕ ਖੇਤੀ ਕਰਦਾ ਹੈ।

ਇਹ ਨਿੱਕੀ ਜਿਹੀ ਸੰਗਤ ਬਹੁਤ ਪਿਆਰ ਨਾਲ ਗੁਰੂ ਬਾਬੇ ਦੇ ਜਸ ਗਾਉਂਦੀ ਉੱਠੀ। ਮੈਂ ਵਾਪਸ ਗੁਰਦੁਆਰੇ ਪੁੱਜਾ। ਪੰਜਵੀਂ ਵਿਚ ਪੜ੍ਹਦਾ ਛੋਟਾ ਬੇਟਾ ਸੁਖਨਬੀਰ ਕਹਿਣ ਲੱਗਾ ਕਿੱਥੇ ਚਲੇ ਗਏ ਸੀ? ਘੰਟੇ ਦੇ ਉਡੀਕੀ ਜਾਂਦੇ ਹਾਂ। ਦੱਸਿਆ ਨੀਂ ਸੀ ਕਿ ਜੋੜੇ ਖਰੀਦਣ ਚੱਲਾਂਗੇ? ਬਹੁਤ ਸੁਹਣੇ ਅਤੇ ਹੰਢਣਸਾਰ ਹਨ ਇੱਥੋਂ ਦੇ ਜੋੜੇ। ਮੈਂ ਕਿਹਾ- ਚੰਗੀਆਂ ਗੱਲਾਂ ਸੁਣ ਕੇ ਆਇਆ ਹਾਂ। ਵੱਡੇ ਸੱਤਵੀਂ ਦੇ ਵਿਦਿਆਰਥੀ ਹੁਸਨਬੀਰ ਨੇ ਕਿਹਾ- ਜਿੱਥੇ-ਜਿੱਥੇ ਜਾਵਾਂਗੇ ਚੰਗੀਆਂ ਗੱਲਾਂ ਸੁਣਨ ਨੂੰ ਮਿਲਣਗੀਆਂ। ਇਹ ਬਾਬੇ ਦਾ ਦੇਸ ਹੈ ਨਾ। ਚਲੋ ਬਜਾਰ ਚੱਲੀਏ। ਵੱਡੀ ਸਾਰੀ ਦੁਕਾਨ ਅੰਦਰ ਦਾਖਲ ਹੋਏ। ਬੱਚੇ ਜੁੱਤੀਆਂ ਪਸੰਦ ਕਰਨ ਲੱਗੇ। ਮੈਂ ਮੋਚੀ ਨਾਲ ਗੱਲੀਂ ਲੱਗ ਗਿਆ। ਪੁੱਛਿਆ- ਹਿੰਦੁਸਤਾਨ ਵਿਚੋਂ ਚਾਰ 'ਕੁ ਵਾਰੀ ਜੱਥੇ ਸਾਲ ਵਿਚ ਆਉਂਦੇ ਹਨ। ਅੱਗੋਂ-ਪਿੱਛੋਂ ਤੁਹਾਡਾ ਕਾਰੋਬਾਰ ਕਿਵੇਂ ਚੱਲਦਾ ਹੈ? ਉਹ ਬੋਲਿਆ- ਜੀ ਵਧੀਕ ਰੌਣਕ ਤਾਂ ਤੁਹਾਡੇ ਆਉਣ ਨਾਲ ਹੀ ਹੁੰਦੀ ਹੈ, ਪਰ ਸਾਰੀ ਦੁਨੀਆਂ ਵਿਚੋਂ ਸਿੱਖਾਂ ਦੇ ਕਾਫਲੇ ਆਉਂਦੇ ਈ ਰਹਿੰਦੇ ਹਨ। ਬੜੇ ਧਨਾਢ ਆਉਂਦੇ ਹਨ ਜੀ। ਕਈ ਤਾਂ ਆਪਣਾ ਜਹਾਜ਼ ਹੀ ਲੈ ਆਉਂਦੇ ਨੇ। ਲੰਮੀਆਂ-ਲੰਮੀਆਂ ਲਿਸ਼ਕਾਰੇ ਮਾਰਦੀਆਂ ਕਾਰਾਂ ਦੇ ਕਾਫਲੇ ਉੱਤਰਦੇ ਹਨ। ਪਰਿਵਾਰਾਂ ਦੇ ਪਰਿਵਾਰ ਆਉਂਦੇ ਹਨ। ਕੋਈ ਮਹੀਨਾ-ਮਹੀਨਾ ਕੋਈ ਦੋ-ਦੋ ਮਹੀਨੇ ਭੀ ਰਹਿੰਦੇ ਹਨ। ਮੈਂ ਪੁੱਛਿਆ- ਤੁਸੀਂ ਤਾਂ ਸਾਰਿਆਂ ਦੇਸਾਂ ਦੇ ਕਾਫਲੇ ਦੇਖੇ ਹਨ, ਸਾਡੇ ਹਿੰਦੁਸਤਾਨੀ ਸਿੱਖਾਂ ਵਰਗੇ ਸਿਦਕਵਾਨ ਹਨ, ਉਹ ਵੀ ਕਿ ਕੋਈ ਫਰਕ ਲੱਗਾ। ਮੋਚੀ ਬੋਲਿਆ- ਫਰਕ ਹੈ। ਇੱਥੇ ਜਿੰਨਾ ਸਮਾਂ ਰਹਿੰਦੇ ਹਨ, ਉਹ ਪੈਰੀਂ ਜੁੱਤੀ ਨਹੀਂ ਪਾਉਂਦੇ। ਨੰਗੇ ਪੈਰੀਂ ਘੁੰਮਦੇ ਹਨ। ਆਖਦੇ ਹਨ- ਸਾਡੇ ਬਾਬੇ ਦੀ ਧਰਤੀ ਹੈ। ਲੱਖ ਸੁਰਗਾਂ ਤੋਂ ਉੱਤਮ। ਤੁਸੀਂ ਜੋੜੇ ਪਹਿਨੇ ਹੋਏ ਹਨ, ਹੋਰ ਜੋੜੇ ਲੈਣੇ ਹਨ। ਉਹ ਨੰਗੇ

ਪੈਰੀਂ ਫਿਰਦੇ ਹਨ ਨਨਕਾਣਾ ਸਾਹਿਬ ਵਿਚ। ਆਪਣੇ ਕਾਰੋਬਾਰ ਖਿਲਾਫ਼ ਗੱਲਾਂ ਕਰ ਰਿਹਾ ਹਾਂ ਸਰਦਾਰ ਜੀ, ਪਰ ਪੀਰਾਂ ਦੇ ਪੀਰ ਦੀ ਰਹਿਮਤ ਬੇਅੰਤ ਹੈ। ਚਾਰ ਪੈਸਿਆਂ ਕਰ ਕੇ ਝੂਠ ਕਿਉਂ ਬੋਲਾਂ। ਗੁਰੂ ਨਾਨਕ ਸਾਹਿਬ ਬਾਬਾ-ਇ-ਆਲਮ ਬੁੱਕਾਂ ਭਰ-ਭਰ ਆਪ ਦੇਈਂ ਜਾਂਦਾ ਹੈ ਸਾਨੂੰ ਅਸ਼ਰਫੀਆਂ। ਕਲਮ ਦਵਾਤ ਲੈ ਕੇ ਅੱਜ ਮੇਰੀ ਥਾਂ ਜੇ ਪੁਰਾਣਾ ਸਾਖੀਕਾਰ ਬੈਠਾ ਹੁੰਦਾ ਤਦ ਆਖਰੀ ਸ਼ਬਦ ਇਉਂ ਲਿਖਦਾ: ਰਾਇ ਬੁਲਾਰ ਜੀ ਕੀ ਸਾਖੀ ਸੰਪੂਰਨ ਹੋਈ ਗੁਰਪ੍ਰਸਾਦਿ ਨਾਲ। ਬੀਤੇ ਸਮਿਆਂ ਵਿਚ ਮਹਾਂਪੁਰਖਾਂ ਕੀ ਕਮਾਈ ਵੰਡੀ ਜਾਂਦੀ। ਘਰ ਜਮੀਨ ਕਟੁੰਬ ਕੈ। ਪੁੰਨ ਸੇਵਕਾਂ ਕੇ। ਪਾਪ ਨਿੰਦਕਾਂ ਕੇ। ਰਿਦੈ ਕਾ ਗਿਆਨ ਜੱਗਿਆਸੂਆਂ ਕਾ। ਗੁਰੂ ਬਾਬੇ ਕਾ ਸਾਰਾ ਕਿਛੁ ਉਤਮ, ਸਬ ਕਿਛੁ ਸਗਲ ਸੰਸਾਰਾਂ ਕੇ ਨਾਮ। ਜਿਸ ਮਹਲ ਮਹਿ ਗੁਰੂ ਬਾਬੇ ਕਾ ਟਿਕਾਣਾ ਤਿਥੈ ਮਿਹਰਬਾਨੀ ਓ ਮਿਹਰਬਾਨੀ। ਹੋਰ ਕਿਛੁ ਨਹੀਂ। ਸਭ ਮੰਗਲ ਗਾਵਹੁ ਜੀ:

ਹਰਖ ਅਨੰਤ ਸੋਗ ਨਹੀ ਬੀਆ॥
ਸੋ ਘਰਿ ਗੁਰਿ ਨਾਨਕ ਕਉ ਦੀਆ॥

ਮ.5 ਗਉੜੀ, ਅੰਗ 186

## ਸਾਖੀ ਭਾਈ ਮਰਦਾਨਾ ਜੀ ਦੀ

ਭਾਈ ਗੁਰਦਾਸ ਜੀ ਨੇ ਲਿਖਿਆ, ਬਾਬਿਆਂ ਨੇ ਧਰਤੀ ਸੋਧਣ ਹਿਤ ਚੜ੍ਹਾਈ ਕੀਤੀ। ਉਨ੍ਹਾਂ ਦੀ ਇੱਛਾ ਸੀ ਕਿ ਧਰਤੀ ਦੇ ਟੋਏ-ਟਿੱਬੇ ਪੱਧਰ ਕਰ ਕੇ ਇਸ ਨੂੰ ਸੋਹਣੀ ਸਮਤਲ ਬਣਾਈਏ। ਇਸ ਮਕਸਦ ਲਈ ਹਲ਼-ਸੁਹਾਗੇ ਦੀ ਥਾਂ ਬਾਣੀ ਅਤੇ ਰਬਾਬ ਦੀ ਵਰਤੋਂ ਕੀਤੀ। ਭਾਈ ਮਰਦਾਨਾ ਜੀ ਬਾਰੇ ਲਿਖਣ ਲਈ ਸਾਰੀਆਂ ਜਨਮ-ਸਾਖੀਆਂ ਦਾ ਦੁਬਾਰਾ ਪਾਠ ਕੀਤਾ। ਜਨਮ-ਸਾਖੀਕਾਰਾਂ ਨੇ ਵੱਖ-ਵੱਖ ਤਰੀਕਿਆਂ ਨਾਲ ਇਸ ਫ਼ਕੀਰ ਦੇ ਅੰਦਰ ਦੀ ਝਾਤ ਪੁਆਈ ਹੈ। ਗੁਰੂ ਜੀ ਨਾਲ ਪ੍ਰੀਤ ਅਤੇ ਦੋਹਾਂ ਦੀ ਲੋਕਾਂ ਨਾਲ ਪ੍ਰੀਤ ਦੇ ਭੇਦ, ਸਾਖੀਕਾਰ ਬਿਨਾਂ ਕਿਸੇ ਖਾਸ ਤਰੱਦਦ ਦੇ ਸਹਿਜ ਸੁਭਾਅ ਖੋਲ੍ਹਦਾ ਜਾਂਦਾ ਹੈ।

ਗੁਰੂ ਬਾਬਾ ਜੀ ਜਦੋਂ ਕਦੀ ਬੰਦਗੀ ਕਰਦਿਆਂ ਸਮਾਧੀ ਵਿਚ ਲੀਨ ਹੋ ਜਾਂਦੇ ਤਾਂ ਭਾਈ ਮਰਦਾਨਾ ਪੰਜ ਕਰਮਾਂ ਦੂਰ ਖਲੋ ਕੇ ਲਗਾਤਾਰ ਪਹਿਰਾ ਦਿੰਦੇ ਕਿ ਸਮਾਧੀ ਵਿਚ ਕੋਈ ਵਿਘਨ ਨਾ ਪਵੇ। ਕਿਸੇ ਨੂੰ ਨੇੜੇ ਨਾ ਜਾਣ ਦਿੰਦੇ, ਪਰ ਜਦੋਂ ਬਾਬਾ ਜੀ ਗਾਉਣ ਲੱਗਦੇ ਤਾਂ ਰਬਾਬ ਲੈ ਕੇ ਏਨਾ ਨੇੜੇ ਬੈਠਦੇ ਕਿ ਗੋਡੇ ਨਾਲ ਗੋਡਾ ਖਹਿੰਦਾ। ਕੁਦਰਤ ਉਨ੍ਹਾਂ ਦੇ ਸੁਰਾਂ ਨਾਲ ਰਲ਼ ਕੇ ਗਾਉਣ ਲੱਗਦੀ। ਨਾਥਾਂ, ਜੋਗੀਆਂ, ਬ੍ਰਾਹਮਣਾਂ, ਕਾਜ਼ੀਆਂ, ਮੌਲਵੀਆਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਜਦੋਂ ਗਿਆਨ ਦੀ ਹਨੇਰੀ ਵਗਦੀ ਤਾਂ ਬਾਬਾ ਜੀ ਆਖਦੇ, "ਮਰਦਾਨਿਆ ਰਬਾਬ ਉਠਾਇ। ਬਾਣੀ ਆਈ ਹੈ।" ਕੀਰਤਨ ਦੀ ਬਾਰਸ਼ ਹੁੰਦੀ ਤਾਂ ਸਾਰੀ ਗਰਦ ਗ਼ੁਬਾਰ ਧੁਲ਼ ਜਾਂਦੀ ਤੇ ਆਕਾਸ਼ ਨਿਰਮਲ ਹੋ ਜਾਂਦਾ। ਹਿੰਦੂ ਆਖਦੇ, "ਇਨ੍ਹਾਂ ਵਿਚ ਬ੍ਰਹਮ ਦਾ ਸੰਪੂਰਣ ਪ੍ਰਕਾਸ਼ ਹੈ। ਪ੍ਰਤੱਖ ਦਿਸ ਰਹਿਆ ਹੈ।" ਕਾਮਲ ਫ਼ਕੀਰਾਂ ਨਾਲ ਮੇਲ ਹੁੰਦਾ ਤਾਂ ਉਹ ਕਹਿੰਦੇ, "ਸਲਾਮਾਲੇਕੰ ਨਾਨਕ ਸ਼ਾਹ ਫ਼ਕੀਰ, ਸਾਹਿਬ ਦੇ ਰਸੀਦ। ਤੂੰ ਵੱਡਾ ਬਜ਼ੁਰਗਵਾਰ ਹਾਈ। ਅਸਾਂ ਕੂ ਦੁਆ ਦੇਹ ਕਿ ਸਾਡੀ ਭੀ ਸਾਹਿਬ ਨਾਲ ਉਵੇਂ ਬਣ ਆਏ ਜਿਵੇਂ ਤੈਂਡੇ ਨਾਲ ਬਣ ਆਈ ਹੈ।" ਕੋਈ ਹੋਰ ਆਉਂਦਾ ਤਾਂ ਆਖਦਾ, "ਮਰਦ ਹਨ ਪੂਰੇ। ਭਲੇ ਹਨ ਕੋਈ। ਖੁਦਾਇ ਦੇ ਸਾਦਿਕ ਹੈਨ ਵੱਡੇ।"

ਭਾਈ ਮਰਦਾਨਾ ਜੀ ਮਹਾਰਾਜ ਤੋਂ ਦਸ ਸਾਲ ਵੱਡੇ ਸਨ। ਬਚਪਨ ਵਿਚ ਦੋਵਾਂ ਨੂੰ ਅਕਸਰ ਇਕੱਠਿਆਂ ਦੇਖਿਆ ਜਾਂਦਾ। ਪਿਤਾ, ਮਾਤਾ ਜਾਂ ਭੈਣ ਨਾਨਕੀ ਨੇ ਜਦੋਂ ਗੁਰੂ ਜੀ ਨੂੰ ਦੁਨੀਆਂਦਾਰੀ ਦੀ ਕੋਈ ਗੱਲ ਸਮਝਾਉਣੀ ਹੁੰਦੀ ਤਾਂ ਉਹ ਭਾਈ ਮਰਦਾਨਾ ਜੀ ਨੂੰ ਬੁਲਾ ਕੇ ਆਖਦੇ ਕਿ ਉਨ੍ਹਾਂ ਨੂੰ ਮਨਾਉ। ਭਾਈ ਜੀ ਚਲੇ ਤਾਂ ਜਾਂਦੇ, ਪਰ ਉਨ੍ਹਾਂ ਨੂੰ ਸਮਝਾਉਣ ਦੀ ਥਾਂ ਸਮਝ ਕੇ ਆ ਜਾਂਦੇ। ਇਹ ਗੱਲਾਂ ਪੜ੍ਹਦਿਆਂ ਮੈਂ ਸੋਚਦਾ ਕਿ ਭਾਈ ਮਰਦਾਨਾ ਜੀ ਦੀ ਗੱਲ ਜਦੋਂ ਮਹਾਰਾਜ ਮੰਨਦੇ ਨਹੀਂ ਸਨ, ਫਿਰ ਵੀ ਪਰਿਵਾਰ ਦੇ ਜੀਅ ਉਨ੍ਹਾਂ ਨੂੰ ਹੀ ਕਿਉਂ ਦੁਬਾਰਾ ਭੇਜਦੇ? ਪਤਾ ਲੱਗਿਆ ਕਿ ਬਾਬਾ ਜੀ, ਭਾਈ ਦੀ ਗੱਲ ਸੁਣ ਤਾਂ ਲੈਂਦੇ ਸਨ, ਹੋਰਾਂ ਦੀਆਂ ਨਸੀਹਤਾਂ ਉਹ ਕਈ ਵਾਰ ਸੁਣਨ ਲਈ ਵੀ ਤਿਆਰ ਨਹੀਂ ਸਨ।

ਬਾਬਾ ਜੀ ਤਲਵੰਡੀ ਤੋਂ ਸੁਲਤਾਨਪੁਰ ਲੋਧੀ ਨੌਕਰੀ ਕਰਨ ਚਲੇ ਗਏ। ਮਹੀਨੇ ਲੰਘ ਗਏ ਤਾਂ ਮਾਪਿਆਂ ਨੇ ਭਾਈ ਮਰਦਾਨਾ ਨੂੰ ਉਨ੍ਹਾਂ ਦੀ ਖ਼ਬਰ ਸਾਰ ਲੈਣ ਲਈ ਭੇਜਦਿਆਂ ਕਿਹਾ- ਇਕ ਵਾਰ ਆ ਕੇ ਮਿਲ ਜਾਣ। ਭਾਈ ਜੀ ਤੁਰ ਪਏ। ਸੁਲਤਾਨਪੁਰ ਪੁੱਜੇ। ਖ਼ੈਰ ਸੁੱਖ ਪੁੱਛੀ, ਦੱਸੀ ਤੇ ਕਿਹਾ, "ਮਾਂ ਤੇ ਪਿਤਾ ਯਾਦ ਕਰਦੇ ਹਨ। ਪਰਿਵਾਰ ਨੂੰ ਮਿਲ ਆਓ।" ਬਾਬੇ ਨੇ ਕਿਹਾ, ਚੰਗਾ ਹੋਇਆ ਭਾਈ ਤੁਸੀਂ ਆ ਗਏ। ਆਪਣਾ ਪਰਿਵਾਰ ਬੜਾ ਵੱਡਾ ਹੈ। ਦੂਰ ਦੂਰ ਆਪਣੇ ਜੀਆਂ ਨੂੰ ਮਿਲਣ ਜਾਣਾ ਹੈ। ਤੁਸੀਂ ਨਾਲ ਚੱਲੋ। ਇਕੱਠੇ ਚੱਲਾਂਗੇ ਤਾਂ ਖਰੀ ਖੁਸ਼ੀ ਮਿਲੇਗੀ।

ਭਾਈ ਜੀ ਨੇ ਕਿਹਾ- ਪਰ ਖਾਵਾਂਗੇ ਕੀ? ਖਰਚਾਂਗੇ ਕੀ? ਬਾਬੇ ਨੇ ਕਿਹਾ- ਜੋ ਤੁਸਾਂ ਪਾਸ ਹੈ, ਉਹ ਦੌਲਤ ਹੋਰ ਕਿਸੇ ਪਾਸ ਨਹੀਂ। ਤੁਸਾਡੇ ਸਦਕਾ ਕਈਆਂ ਹੋਰਨਾਂ ਨੂੰ ਰਿਜ਼ਕ ਮਿਲੇਗਾ। ਭਾਈ ਚੁੱਪ ਰਹੇ। ਫਿਰ ਇਕ ਦਿਨ ਬਾਬੇ ਨੇ ਕਿਹਾ, "ਮਰਦਾਨਿਆ ਰਬਾਬ ਖਰੀਦ।" ਭਾਈ ਜੀ ਨੇ ਕਿਹਾ- "ਠੀਕ ਹੈ ਜੀ। ਦਿਉ ਪੈਸੇ।" ਬਾਬੇ ਕਿਹਾ- "ਆਪਣੇ ਪਾਸ ਪੈਸੇ ਨਹੀਂ।" ਭਾਈ ਜੀ ਬੋਲੇ, "ਜੀ ਆਪਾਂ ਨੂੰ ਹੁਦਾਰ ਕੋਈ ਨੀਂ ਦੇਂਵਦਾ।" ਫਿਰ ਬਾਬਾ ਜੀ ਨੇ ਕਿਹਾ, "ਬੇਬੇ ਨਾਨਕੀ ਜੀ ਪਾਸ ਜਾਹ। ਸਵਾਲੀ ਬਣਨਾ ਚੰਗਾ ਤਾਂ ਨਹੀਂ, ਪਰ ਕੀ ਕਰੀਏ। ਗਰਜ ਕਾਰੇ ਕਰਾਂਵਦੀ ਹੈ।" ਭਾਈ ਮਰਦਾਨਾ ਜੀ ਬੀਬੀ ਪਾਸ ਗਏ ਤੇ ਕਿਹਾ, "ਬੇਬੇ ਇਕ ਅਰਜ਼ ਗੁਜ਼ਾਰਨੀ ਹੈ। ਸਾਨੂੰ ਰਬਾਬ ਲੈ ਦਿਉ।" ਬੀਬੀ ਨੇ ਕਿਹਾ, "ਇਕ ਕਿਉਂ ਭਾਈ। ਸੌ ਰਬਾਬਾਂ ਤੁਸਾਂ ਤੋਂ ਵਾਰਾਂ, ਪਰ ਨਾਨਕ ਨੂੰ ਕਹੋ ਇਕ ਵਾਰ ਮੂੰਹ ਤਾਂ ਦਿਖਾਏ ਆ ਕੇ। ਕਿੰਨੀ-ਕਿੰਨੀ ਦੇਰ ਆਂਵਦਾ ਹੀ ਨਹੀਂ।" ਇਹ ਗੱਲ ਭਾਈ ਸਾਹਿਬ ਨੇ ਬਾਬੇ ਨੂੰ ਦੱਸੀ ਤਾਂ ਬਾਬਾ ਜੀ ਬੋਲੇ, "ਕੀ ਕਰੀਏ ਭਾਈ ਜੀ। ਅਸਾਥੋਂ ਬੇਬੇ ਨਾਨਕੀ ਦਾ ਆਖਾ ਫ਼ੇਰਿਆ (ਮੋੜਿਆ) ਨਹੀਂ ਜਾਂਦਾ। ਉਹ ਕਈਆਂ ਜਨਮਾਂ ਤੋਂ ਸਾਡੀ ਭੈਣ ਆਹੀ। ਚੱਲੋ ਚਲੀਏ।" ਘਰ ਪੁੱਜੇ। ਬੀਬੀ ਖੁਸ਼ ਹੋ ਕੇ ਬੋਲੀ, "ਭਾਈ ਫ਼ੁਰਮਾਇਸ਼ਾਂ ਕਰੋ। ਸੋ ਨਿਸੰਗ ਕਰੋ, ਪਰ ਸਾਡੇ ਪਾਸ ਰਹਵੋ।" ਬਾਬੇ ਨੇ ਕਿਹਾ, "ਤੁਸਾਂ ਦੇ ਪਾਸ ਆਹੇ। ਜਿਤ ਵੇਲੇ ਯਾਦ ਕਰੋ ਤਿਤੈ ਹਾਜਰ ਆਹੇ।"

ਬੀਬੀ ਨੇ ਭਾਈ ਮਰਦਾਨਾ ਜੀ ਨੂੰ ਪੈਸੇ ਫੜਾਉਂਦਿਆਂ ਕਿਹਾ, "ਭਾਈ, ਸਰਫ਼ਾ ਨਹੀਂ ਕਰਨਾ। ਜੇਹੀ ਖੁਸੀ ਆਵੈ ਤੇਹੀ ਰਬਾਬ ਲੈਣੀ।" ਭਾਈ ਮਰਦਾਨਾ ਜੀ ਕਈ ਦਿਨ ਰਬਾਬ ਦੀ ਤਲਾਸ਼ ਕਰਦੇ ਇੱਧਰ-ਉੱਧਰ ਫਿਰਦੇ ਰਹੇ, ਪਰ ਉਨ੍ਹਾਂ ਨੂੰ ਆਪਣੀ ਪਸੰਦ ਦੀ ਰਬਾਬ ਨਹੀਂ ਮਿਲੀ। ਬਾਬੇ ਪਾਸ ਆਏ ਤਾਂ ਗੁਰੂ ਜੀ ਨੇ ਕਿਹਾ, "ਭਾਈ ਦੁੰਹ ਨਦੀਆਂ ਦੇ ਵਿਚਕਾਰ ਜੱਟਾਂ ਦਾ ਇਕ ਪਿੰਡ ਹੈ, ਤਿਸ ਦਾ ਨਾਮ ਹੈ ਆਸਕਪੁਰ। ਉਸ ਪਿੰਡ ਵਿਚ ਇਕ ਰਬਾਬੀ ਰਹਿੰਦਾ ਹੈ। ਫਿਰੰਦਾ ਹੈ ਤਿਸ ਦਾ ਨਾਮ। ਫੇਰੂ ਭੀ ਕਹਿੰਦੇ ਹਨ। ਹਿੰਦੂ ਹੈ, ਉਥੈ ਜਾਇਕੈ ਸਾਡਾ ਨਾਮ ਲਵੀਂ।"

ਭਾਈ ਮਰਦਾਨਾ ਜੀ ਨੇ ਆਸ਼ਕਪੁਰ ਪਿੰਡ ਲੱਭ ਲਿਆ ਤੇ ਫਿਰੰਦੇ ਨੂੰ ਘਰ ਜਾ ਮਿਲਿਆ। ਰਬਾਬ ਦਾ ਸਵਾਲ ਪਾਇਆ ਤਾਂ ਫਿਰੰਦਾ ਬੋਲਿਆ, "ਅਜੇ ਤਿਆਰ ਨਹੀਂ।" ਭਾਈ ਮਰਦਾਨਾ ਜੀ ਨੇ ਇਸ਼ਾਰਾ ਕਰ ਕੇ ਕਿਹਾ, "ਅਹੁ ਪਈ ਤਾਂ ਹੈ ਭਾਈ ਜੀ।" ਫਿਰੰਦਾ ਬੋਲਿਆ, "ਉਹ ਨਹੀਂ ਦੇ ਸਕਦਾ। ਉਹ ਤੁਸਾਂ ਦੇ ਕੰਮ ਦੀ ਨਾਹੀਂ।" ਭਾਈ ਮਰਦਾਨਾ ਬੋਲੇ, "ਕੀ ਨੁਕਸ ਹੈ ਇਸ ਵਿਚ?" ਭਾਈ ਫਿਰੰਦੇ ਨੇ ਕਿਹਾ, "ਇਕ ਫ਼ਕੀਰ ਦਾ ਨਾਮ ਹੈ ਨਾਨਕ। ਸੁਣਿਆ ਹੈ ਇਹ ਨਾਮ ਕਦੀ? ਬੜੀ ਮਸ਼ੱਕਤ ਨਾਲ ਇਹ ਰਬਾਬ ਤਿਨ੍ਹਾਂ ਲਈ ਬਣਾਈ ਹੈ?" ਭਾਈ ਮਰਦਾਨਾ ਜੀ ਬੋਲੇ, "ਕਿੰਨੇ 'ਕੁ ਦੀ ਹੋਵੇਗੀ ਇਹ ਰਬਾਬ ਭਾਈ?" ਭਾਈ ਫਿਰੰਦਾ ਨੇ ਕਿਹਾ, "ਦੀਦਾਰ। ਇਸ ਦੀ ਕੀਮਤ ਤਿਨ੍ਹਾਂ ਦੇ ਦੀਦਾਰ ਜਿੰਨੀ ਹੈ। ਕਦੇ ਮੇਲ ਨਸੀਬ ਹੋਵੇ, ਹਜ਼ੂਰ ਦੇ ਚਰਨਾ ਵਿਚ ਰੱਖਾਂ।" ਭਾਈ ਮਰਦਾਨਾ ਜੀ ਨੇ ਪੁੱਛਿਆ, "ਜੀ ਇਕ ਵਾਰ ਵਜਾ ਕੇ ਬੀ ਦੇਖਾਂ?" ਭਾਈ ਫਿਰੰਦੇ ਕਹਿਆ, "ਨਾਂਹ ਭਾਈ। ਛੁਹਣੀ ਭੀ ਨਹੀਂ। ਕਿਸੇ ਹੋਰ ਅਗੈ ਨਹੀਂ ਵਜਾਉਣੀ ਇਹ। ਠਾਣ ਰੱਖੀ ਹੈ ਦਿਲ ਵਿਚ ਅਸਾਂ। ਹੋਵਗੁ ਮੇਲਾ ਕਦੀ ਸਾਡਾ ਭੀ।" ਤਦ ਭਾਈ ਮਰਦਾਨਾ ਜੀ ਨੇ ਆਪਣੇ ਬਾਬਤ ਦੱਸਿਆ। ਫਿਰੰਦਾ ਖੁਸ਼ ਹੋ ਕੇ ਕਹਿਣ ਲੱਗਾ, "ਫਿਰ ਬੈਠਣਾ ਕਾਸ ਲਈ? ਸਾਨੂੰ ਝਬਦੇ ਤਿਨ੍ਹਾਂ ਪਾਸ ਲੈ ਚੱਲ।"

ਦੋਵੇਂ ਬਾਬਾ ਜੀ ਪਾਸ ਆਏ। ਪ੍ਰਸੰਨ-ਚਿੱਤ ਹੋ, ਬਾਬੇ ਨੇ ਭਾਈ ਜੀ ਨੂੰ ਰਬਾਬ ਵਜਾਉਣ ਲਈ ਕਿਹਾ। ਭਾਈ ਨੇ ਕਿਹਾ, "ਜੀ ਥਾੱਟ ਬਣਾ ਲਵਾਂ?" ਬਾਬੇ ਨੇ ਕਿਹਾ, "ਆਪੇ ਬਣਦੇ ਰਹਿਣਗੇ ਥਾੱਟ। ਸ਼ੁਰੂ ਤਾਂ ਕਰੋ।" ਮਰਦਾਨੇ ਨੇ ਅੱਲਾਹ ਦਾ ਨਾਮ ਲੈ ਕੇ ਰਬਾਬ ਦਾ ਵਾਦਨ ਸ਼ੁਰੂ ਕੀਤਾ ਤਾਂ ਹਾਜ਼ਰ ਸਭ ਲੋਕਾਂ ਉੱਪਰ ਵਿਸਮਾਦ ਤਾਰੀ ਹੋਇਆ। ਬਾਬਾ ਜੀ ਨੇ ਪ੍ਰਸੰਨ ਹੋ ਕੇ ਭਾਈ ਮਰਦਾਨਾ ਜੀ ਨੂੰ ਅਸੀਸ ਦਿੱਤੀ, "ਤੁਸਾਂ ਨੂੰ ਭਾਈ ਤਾਰ ਦਾ ਗੁਣ ਬਖਸਿਆ। ਇਹ ਅੱਗੈ ਵੇਚਣਾ ਨਾਹੀਂ। ਕੇਸਾਂ ਦੀ ਬੇਅਦਬੀ ਨਹੀਂ ਕਰਨੀ। ਅੰਮ੍ਰਿਤ ਵੇਲੇ ਉਠ ਕੇ ਬੰਦਗੀ ਕਰਨੀ ਤੇ ਦਰ ਆਏ ਸਵਾਲੀ ਨੂੰ ਨਿਰਾਸ ਨਹੀਂ ਮੋੜਨਾ।"

ਅਗਲੇ ਦਿਨ ਬਾਬੇ ਨੇ ਭਾਈ ਮਰਦਾਨਾ ਜੀ ਨੂੰ ਪਰਦੇਸ ਚੱਲਣ ਲਈ ਕਿਹਾ ਤਾਂ ਉਹ ਪਿਛਲਿਆਂ ਦਾ ਮੁੜ ਫ਼ਿਕਰ ਕਰਨ ਲੱਗੇ। ਬਾਬੇ ਕਹਿਆ, "ਠੀਕ ਹੈ ਭਾਈ ਜੀ। ਤਲਵੰਡੀ ਵਿਚ ਖੁਸ਼ੀਆਂ ਹਨ। ਖੇੜੇ ਹਨ, ਮੌਜਾਂ ਹਨ। ਸਾਡੇ ਪਾਸ ਨੰਗ ਭੁੱਖ ਹਾਈ। ਜਾਓ ਭਾਈ। ਤੁਸੀਂ ਤਲਵੰਡੀ ਜਾਉ। ਬੇਬੇ ਨੂੰ ਦੱਸ ਜਾਵਣਾ।" ਭਾਈ ਮਰਦਾਨਾ ਬੀਬੀ ਨਾਨਕੀ ਜੀ ਦੇ ਘਰ ਗਏ। ਦੱਸਿਆ ਕਿ ਬਾਬਾ ਦੂਰ ਦੇਸੀਂ ਚੱਲਿਆ ਹੈ ਤੇ ਵਰ੍ਹਿਆਂ ਬਾਅਦ ਪਰਤੇਗਾ। ਫਿਰ ਦੱਸਿਆ ਕਿ ਮੈਂ ਵਾਪਸ ਤਲਵੰਡੀ ਚੱਲਿਆ ਹਾਂ। ਬੀਬੀ ਦੀਆਂ ਅੱਖਾਂ ਵਿਚੋਂ ਨਦੀਆਂ ਵਗ ਪਈਆਂ। ਉਨ੍ਹਾਂ ਦਾ ਆਪਣੇ-ਆਪ ਉੱਪਰ ਕਾਬੂ ਨਾ ਰਿਹਾ। ਪਤੀ ਭਾਈ ਜੈਰਾਮ ਜੀ ਨੂੰ ਖ਼ਬਰ ਮਿਲੀ ਤਾਂ ਉਹ ਕਚਹਿਰੀ ਵਿਚੋਂ ਘਰ ਆ ਗਏ। ਇਸ ਪ੍ਰਕਾਰ ਦੀ ਹਾਲਤ ਦੇਖ ਕੇ ਬੋਲੇ, "ਏਹ ਕੀ ਹੋਇਆ ਨਾਨਕੀ ਜੀ? ਅਸੀਂ ਜਦੋਂ ਕਦੀ ਭਟਕਦੇ, ਤੁਸੀਂ ਸਾਨੂੰ ਉਪਦੇਸਦੇ। ਹੁਣ ਤੁਸੀਂ ਜੁ ਡੋਲੇ ਹੋ ਤਾਂ ਸਾਡਾ ਕੀ ਬਣੇ? ਇੰਜ ਨਾ ਕਰੋ ਜੀ।"

ਬੀਬੀ ਨੇ ਆਖਿਆ, "ਬਾਬਾ ਚਲਿਐ ਪਰਦੇਸ। ਭਾਈ ਮਰਦਾਨਾ ਉਨ੍ਹਾਂ ਨਾਲ ਹੁੰਦੇ ਸਾਨੂੰ ਫਿਕਰ ਕਦੀ ਰਾਈ ਦਾ ਨਾਂਹ ਸੀ। ਹੁਣ ਦਿਲ ਨਹੀਂ ਥੰਮਦਾ।" ਭਾਈ ਜੈ ਰਾਮ ਕਹਿਣ ਲੱਗੇ, "ਭਾਈ ਮਰਦਾਨਾ ਨਾਲ ਜਾਣਗੇ। ਭਾਈ ਜੀ ਤੁਸੀਂ ਨਾਲ ਰਹੋ ਜੀ। ਤੁਸਾਂ ਦਾ ਜੋੜ ਵਿਛੜਨਾ ਸ਼ੋਭਦਾ ਨਹੀਂ। ਪਿੱਛੇ ਦਾ ਫਿਕਰ ਨਾਂਹ ਕਰਨਾ। ਤੁਸਾਂ ਦੇ ਬਾਲ ਸਾਡੇ ਬਾਲ ਹੋਏ। ਸਿਰੀ ਚੰਦ ਭੀ ਤਾਂ ਅਸਾਂ ਗੋਦ ਲੈ ਲਿਆ ਹੈ। ਤਲਵੰਡੀ ਅਸੀਂ ਜਾਵਾਂਗੇ। ਤੁਸਾਂ ਨਾਨਕ ਜੀ ਨਾਲ ਜਾਵਣਾ।" ਭਾਈ ਮਰਦਾਨਾ ਜੀ ਮੰਨ ਗਏ। ਰਬਾਬ ਉਠਾਈ ਤੇ ਪਿੰਡੋਂ ਬਾਹਰ ਬਾਬਾ ਜੀ ਪਾਸ ਜਾ ਪੁੱਜੇ।

ਕਹਿਆ, "ਮੈਂ ਤੁਸਾਂ ਦੇ ਨਾਲ ਚੱਲਾਂਗਾ ਬਾਬਾ। ਗੁਰੂ ਜੀ ਨੂੰ ਬੜੀ ਖੁਸ਼ੀ ਹੋਈ। ਤੁਰਨ ਤੋਂ ਪਹਿਲਾਂ ਭਾਈ ਮਰਦਾਨਾ ਜੀ ਕਹਿਣ ਲੱਗੇ- ਬੇਬੇ ਨੂੰ ਮਿਲ ਕੇ ਫੇਰ ਚੱਲਣਾ ਹੈ।" ਬਾਬੇ ਨੇ ਕਿਹਾ, "ਤੇਰਾ ਆਖਾ ਮੋੜਨਾ ਨਾਹੀਂ ਭਾਈ। ਤੇਰੇ ਤੱਕ ਸਾਨੂੰ ਵੱਡਾ ਕੰਮ ਹੈ।" ਘਰ ਪੁੱਜੇ ਤਾਂ ਝੁਕ ਕੇ ਬੀਬੀ ਨੇ ਬਾਬੇ ਦੇ ਚਰਨੀਂ ਹੱਥ ਲਾਉਣੇ ਚਾਹੇ। ਦੁਹਾਂ ਹੱਥਾਂ ਵਿਚ ਬੀਬੀ ਦਾ ਮੱਥਾ ਥੰਮ੍ਹ ਲਿਆ। ਕਹਿਣ ਲੱਗੇ, "ਮੈਂ ਏਸ ਕਰਕੇ ਤੁਸਾਂ ਦੇ ਪਾਸ ਆਂਵਦਾ ਹਾਂ ਜੁ ਮੱਥਾ ਟਿਕਾਵਾਂ? ਬੇਬੇ ਤੂੰ ਅਸਾਂਥੋਂ ਵੱਡੀ ਹੈਂ ਅਰੁ ਪਰਮੇਸਰ ਦੀ ਪਿਆਰੀ ਬੀ। ਤੇਰਾ ਮੇਰਾ ਸਬੰਧ ਜੁੱਗਾਂ ਦਾ ਹੈ। ਹੁੰਦਾ ਆਇਆ ਹੈ। ਤੂੰ ਜੋ ਪੈਰਾਂ ਵੱਲ ਦੇਖਦੀ ਹੈ ਤਾਂ ਸਾਨੂੰ ਵੱਡਾ ਅਉਗਣ ਲਗਦਾ ਹੈ।"

ਬੀਬੀ ਕਿਹਾ, "ਭਲਾ ਹੈ ਭਾਈ। ਜਿਉਂ ਤੁਸੀਂ ਰਾਜੀ ਤਿਉਂ ਅਸੀਂ ਰਾਜੀ, ਪਰ ਸੱਚ ਇਹ ਹੈ ਜੋ ਤੁਸਾਂ ਨੂੰ ਭਰਾਉ ਕਰਕੇ ਨਹੀਂ ਜਾਣਦੀ, ਪਰਮੇਸਰ ਕਰਕੈ ਜਾਣਦੀ ਹਾਂ। ਭਾਈ ਮਰਦਾਨੇ ਨੂੰ ਸਫ਼ਰ ਵਾਸਤੇ ਪੈਸੇ ਅਸਾਂ ਆਪ ਦਿੱਤੇ ਸਨ। ਖੁਸੀ ਨਾਲ। ਇਹ ਮੋੜੇ ਕਿਉਂ ਹਨ?" ਬਾਬੇ ਨੇ ਕਿਹਾ, "ਤੂੰ ਪਰਮੇਸਰ ਕੀ ਭਗਤਣੀ ਹੈਂ ਅਰ ਸਾਡੇ ਤੋਂ ਵੱਡੀ। ਵੱਡਿਆਂ ਦਾ ਆਖਾ ਪਰਮੇਸਰ ਸੁਣਦਾ ਹੈ ਅਰ ਮੰਨਦਾ ਹੈ। ਪੈਸੇ ਨਾ ਦਿਉ। ਅਸਾਂ ਨੂੰ ਆਪਣੇ ਮੁਖਉਂ ਕਰਤਾਰ ਪਾਸ ਸਉਂਪ ਛੋਡਉ। ਜਾਣਾ ਹੈ ਅਸਾਂ। ਆਪ ਭੇਜਉ।" ਬੀਬੀ ਨੇ ਆਖਿਆ, "ਏਥੇ ਸਉ ਤਾਂ ਧੀਰਜ ਸਾਈ। ਖਰਾ ਧਰਵਾਸ ਸਾਈ। ਮਿਲ ਜਾਇਆ ਕਰੋਗੇ, ਉਦਾਸ ਨਾ ਹੋਵਾਂਗੀ। ਅਰਿ ਜੇ ਤੂੰ ਦੇਰ ਕਰੈਂਗਾ ਭਾਈ ਤਾਂ ਹਉਂ ਤੁਧੁ ਬਿਣ ਖਰੀ ਓਦਰ ਜਾਵਾਂਗੀ, ਪਰ ਸਾਡਾ ਵਸ ਕਿਆ ਹੈ। ਸੋ ਹੋਵੈਗਾ ਜੋ ਤੁਸਾਂ ਨੂੰ ਭਾਵੈਗਾ। ਭਾਈ ਰਜਾਇ ਤੁਸਾਡੀ ਚਲੈਗੀ। ਸਾਡਾ ਕਿਆ ਜੋਰ।"

ਪਹਿਲੋਂ ਬਾਬੇ ਨੇ ਫਿਰ ਭਾਈ ਮਰਦਾਨਾ ਨੇ ਬੀਬੀ ਦੇ ਚਰਨ ਛੂਹੇ। ਸੇਜਲ ਅੱਖਾਂ ਨਾਲ ਵਿਦਾ ਕਰਦਿਆਂ ਬੀਬੀ ਨੇ ਕੇਵਲ ਦੋ ਸ਼ਬਦ ਕਹੇ, "ਪਰਮੇਸਰ ਰੱਖੈ।" ਦੋਵੇਂ ਤੇਜ਼ ਕਦਮੀਂ ਸੁਲਤਾਨਪੁਰ ਦੀ ਜੂਹ ਵਿਚੋਂ ਨਿਕਲ ਗਏ। ਸਿਧਾਰਥ ਨਾਲੋਂ ਇੰਨਾ ਫਰਕ ਰਿਹਾ ਕਿ ਯੁਵਰਾਜ ਜਿਨ੍ਹਾਂ ਨੂੰ ਪਿਆਰ ਕਰਦਾ ਸੀ, ਅੱਧੀ ਰਾਤ ਸੁੱਤਿਆਂ ਨੂੰ ਛੱਡ ਕੇ ਉਨ੍ਹਾਂ ਤੋਂ ਚੋਰੀਂ ਵਿੱਛੜਿਆ। ਜਿਸ ਨੂੰ ਸਭ ਤੋਂ ਵੱਧ ਪਿਆਰ ਕੀਤਾ, ਬਾਬੇ ਨੇ ਉਸ ਪਾਸੋਂ ਆਗਿਆ ਮੰਗੀ, ਫਿਰ ਗਿਆ। ਤੁਰਦਿਆਂ-ਤੁਰਦਿਆਂ ਬੜੇ ਦੇਸ ਦੇਖੇ। ਕਦੀ ਜੰਗਲ ਆ ਗਏ ਹਨ, ਕਦੀ ਪਹਾੜੀਆਂ, ਕਦੀ ਦਰਿਆ, ਕਦੀ ਰੇਗਿਸਤਾਨ। ਇਕ ਥਾਂ ਭਾਈ ਮਰਦਾਨਾ ਜੀ ਨੂੰ ਪਿਆਸ ਲੱਗੀ। ਕਹਿਣ ਲੱਗੇ, "ਬਾਬਾ ਤੁਰਿਆ ਨਹੀਂ ਜਾਂਦਾ ਹੋਰ। ਪਾਣੀ ਪਿਲਾ। ਕਿੱਧਰ ਹੈ ਪਾਣੀ?" ਬਾਬੇ ਨੇ ਕਿਹਾ, "ਇਨ੍ਹਾਂ ਦੇਸਾਂ ਵਿਚ ਅਸੀਂ ਕਿਹੜਾ ਕਈ ਬਾਰ ਆਏ ਹਾਂ? ਸਾਨੂੰ ਭੀ ਪਾਣੀ ਦਾ ਕੀ ਪਤਾ ਲੱਗੇ?" ਤਦ ਭਾਈ ਸਾਹਿਬ ਬੋਲੇ, "ਜੀ ਤਾਂ ਭੀ ਤੁਸੀ ਹੀ ਦੱਸੋਗੇ। ਅਸਾਂ ਨਿਮਾਣਿਆਂ ਦਾ ਆਸਰਾ ਤੁਸੀਂ ਹੀ ਹੋ ਜੀ। ਬਾਬੇ ਨੇ ਕਿਹਾ- ਅਹੁ ਦੇਖ ਮਰਦਾਨਿਆ। ਗਿੱਦੜਾਂ ਦੀ ਡਾਰ ਜਾਂਵਦੀ ਦੇਖ। ਜੀਭਾਂ ਬਾਹਰ ਹਨ। ਪਿਆਸੇ ਹਨ। ਇਨ੍ਹਾਂ ਨੂੰ ਪਤਾ ਹੈ ਜੁ ਪਾਣੀ ਕਿਥੇ ਹੈ। ਤਿਨ੍ਹਾਂ ਦੇ ਪਿਛੇ ਪਿਛੇ ਚੱਲੀਏ।" ਇਵੇਂ ਹੀ ਹੋਇਆ। ਕੁਝ ਦੂਰੀ 'ਤੇ ਤਲਾਬ ਉਪਰ ਪੁੱਜ ਗਏ। ਗਿੱਦੜਾਂ ਨੇ ਤਲਾਬ ਦਾ ਪਾਣੀ ਸੁੰਘਿਆ, ਬਿਨਾਂ ਪੀਤੇ ਅੱਗੇ ਦੂਜੇ ਤਲਾਬ ਵੱਲ ਚਲੇ ਗਏ, ਜਿੱਥੇ ਪਾਣੀ ਪੀਤਾ। ਬਾਬਾ ਜੀ ਨੇ ਕਿਹਾ, "ਆਪ ਦੇਖ ਭਾਈ, ਇਸ ਤਲਾਬ ਦਾ ਪਾਣੀ ਪੀਣ ਜੋਗ ਨਹੀਂ।" ਭਾਈ ਮਰਦਾਨਾ ਨੇ ਚੱਖ ਕੇ ਦੇਖਿਆ, ਕੌੜਾ ਸੀ। ਗੁਰੂ ਜੀ ਨੇ ਕਿਹਾ, "ਜਾਨਵਰ ਬਿਨਾਂ ਚੱਖੇ ਜਾਣਦੇ ਹਨ ਕੀ ਖਾਣ ਜੋਗ ਹੈ ਕੀ ਪੀਣ ਜੋਗ। ਆਦਮੀ ਨੂੰ ਨਹੀਂ ਪਤਾ।" ਅਗਲੇ ਤਲਾਬ ਵਿਚੋਂ ਪਾਣੀ ਪੀਤਾ ਤੇ ਇਸ਼ਨਾਨ ਕੀਤਾ। ਥੱਕਦੇ, ਭੁੱਖ ਤਰੇਹ ਲੱਗਦੀ ਤਾਂ ਭਾਈ ਮਰਦਾਨਾ ਬਾਬੇ ਅੱਗੇ ਇਸ ਪ੍ਰਕਾਰ ਅਰਜ਼ ਕਰਦੇ, "ਬਾਬਾ ਤੂੰ ਅਤੀਤ ਪੁਰਖ ਹੈਂ। ਨਾ ਤੈਨੂੰ ਭੁੱਖ ਸਤਾਏ ਨਾ ਤਰੇਹ। ਨਾ ਨੀਂਦ ਨਾ ਥਕਾਣ। ਮੈਂ ਦੁਨੀਆਂਦਾਰ ਬੰਦਾ ਹਾਂ

ਬਾਬਾ। ਕਿਰਪਾਲੂ ਹੋਹ। ਜਾਂ ਮੈਨੂੰ ਆਪਣੇ ਜਿਹਾ ਅਤੀਤ ਕਰ। ਜੇ ਅਜਿਹਾ ਕਰਨਾ ਨਹੀਂ ਭਾਂਵਦਾ ਤਾਂ ਕੁਝ ਖਾਣ ਪੀਣ ਨੂੰ ਦੇਹ।" ਬਾਬਾ ਆਖਦਾ, "ਭਲਾ ਮੰਗਿਆ ਈ ਮਰਦਾਨਿਆਂ, ਭਲਾ ਮੰਗਿਆ ਈ। ਲੋਕ ਵਸਤਾਂ ਮੰਗਦੇ ਹਨ। ਤੂੰ ਸੰਤੋਖ ਮੰਗਦਾ ਹੈਂ।"

ਇਕ ਵਾਰ ਭਾਈ ਮਰਦਾਨਾ ਭੁੱਖ ਨਾਲ ਡਾਹਢੇ ਆਤੁਰ ਹੋ ਗਏ। ਕਹਿਣ ਲੱਗੇ, "ਬੱਸ ਬਾਬਾ ਹੋਰ ਨਹੀਂ ਤੁਰਿਆ ਜਾਂਦਾ ਅਸਾਂ ਥੋਂ। ਏਸ ਦਰਖਤ ਹੇਠ ਬੈਠ ਗਿਆ ਹਾਂ। ਖਾਣ ਨੂੰ ਕੁਝ ਮਿਲੇ ਤਾਂ ਤੁਰਾਂ। ਨਹੀਂ ਬੈਠਾ ਹਾਂ। ਬਾਬਾ ਕਿਸੇ ਆਬਾਦੀ ਵੱਲ ਨਿੱਕਲ ਗਿਆ ਤੇ ਖਾਣ ਲਈ ਦੋਹਾਂ ਹੱਥਾਂ ਵਿਚ ਕੁਝ ਲਿਆਂਦਾ। ਭਾਈ ਮਰਦਾਨਾ ਜੀ ਨੇ ਆਪਣੇ ਹੱਥ ਅੱਗੇ ਫੈਲਾਏ ਤਾਂ ਬਾਬੇ ਨੇ ਗੋਡਿਆਂ ਭਾਰ ਹੋ ਕੇ ਕਿਹਾ, "ਭਾਈ ਜੀ ਇਸੇ ਤਰ੍ਹਾਂ ਖਾਵੋ। ਸਾਡੇ ਹੱਥਾਂ ਵਿਚੋਂ ਛਕੋ। ਸਾਨੂੰ ਅਜਿਹਾ ਭਲਾ ਲਗਦਾ ਹੈ।" ਸਾਹਮਣੇ ਬੈਠ ਕੇ ਭਾਈ ਸਾਹਿਬ ਨੇ ਬਾਬੇ ਦੇ ਹੱਥਾਂ ਵਿਚੋਂ ਖਾਣਾ ਖਾ ਕੇ ਕਿਹਾ, "ਬੜਾ ਆਨੰਦ ਆਇਆ ਹੈ ਬਾਬਾ। ਏਨਾ ਸੁਆਦੀ ਭੋਜਨ ਕਦੇ ਨਹੀਂ ਖਾਧਾ।" ਬਾਬੇ ਨੇ ਕਿਹਾ, "ਉੱਥੇ ਤਾਂ ਹੋਰ ਇਸ ਤੋਂ ਭੀ ਸਵਾਦਲੇ ਪਕਵਾਨ ਪਏ ਸਨ, ਪਰ ਤੁਸੀਂ ਵਧੀਕ ਵਿਆਕੁਲ ਹੋ ਗਏ। ਸੋ ਮੈਂ ਝਬਦੇ ਜੋ ਸਾਹਮਣੇ ਦਿਸਿਆ, ਚੁੱਕਿਆ ਤੇ ਤਟਫਟ ਲੈ ਆਇਆ। ਧੀਰਜ ਰੱਖਦੇ ਹੋਰ ਭੀ ਸੁਆਦਲੇ ਪਕਵਾਨ ਲੈ ਆਉਂਦਾ।"

ਯਾਤਰਾ ਵਿਚੋਂ ਦੀ ਬੀਬੀ ਨੂੰ ਸੁਲਤਾਨਪੁਰ ਮਿਲ ਜਾਂਦੇ ਤੇ ਫਿਰ ਵਾਪਸ ਪਰਦੇਸ ਨੂੰ ਚੱਲ ਪੈਂਦੇ। ਬੀਬੀ ਕੁਝ ਦਿਨ ਰੁਕਣ ਲਈ ਆਖਦੀ ਤਾਂ ਕਹਿੰਦੇ- ਹਾਲੇ ਸਫ਼ਰ ਵਿਚ ਆਹੇ। ਤੂੰ ਰਸਤੇ ਵਿਚ ਆ ਖਲੋਈ। ਅਜੇ ਸਫ਼ਰ ਖ਼ਤਮ ਨਹੀਂ ਹੋਇਆ। ਸਾਡੇ ਰਾਹਵਾਂ ਵਿਚ ਵਧੀਕ ਨਾ ਖਲੋਇਆ ਕਰ ਬੇਬੇ। ਇਹ ਆਖ ਕੇ ਮੱਥਾ ਟੇਕਦੇ ਫਿਰ ਤੁਰ ਪੈਂਦੇ। ਸਿੱਖ ਦੇ ਮਨ ਵਿਚ ਗੁਰੂ ਬਾਬੇ ਦੀ ਇਕੱਲਿਆਂ ਦੀ ਤਸਵੀਰ ਕਦੀ ਨਹੀਂ ਆਉਂਦੀ। ਆ ਹੀ ਨਹੀਂ ਸਕਦੀ। ਰਬਾਬ ਮੋਢੇ 'ਤੇ ਲਟਕਾਈਂ ਉਹ ਅਨੰਤ ਦੇ ਸਫ਼ਰ ਵਿਚ ਨਾਲ-ਨਾਲ ਹਨ; ਹਮੇਸ਼ਾ, ਇਕ ਪਾਸੇ ਭਾਈ ਬਾਲਾ ਦੂਜੇ ਪਾਸੇ ਮਰਦਾਨਾ। ਸਾਖੀਆਂ ਵਿਚ ਕਈ ਰੌਚਕ ਦ੍ਰਿਸ਼ ਅਤਿ ਉੱਤਮ ਸਾਹਿਤ ਦੇ ਨਮੂਨੇ ਹਨ। ਉਹ ਗਰਮ ਅਤੇ ਖੁਸ਼ਕ ਮਾਰੂਥਲ ਵਿਚੋਂ ਦੀ ਲੰਘ ਰਹੇ ਹਨ। ਪੈਂਡਾ ਮੁੱਕਣ ਵਿਚ ਨਹੀਂ ਆ ਰਿਹਾ। ਸਾਖੀਕਾਰ ਲਿਖਦਾ ਹੈ- ਉਪਰ ਤਾਰੇ... ਹੇਠਾਂ ਰੇਤ। ਹੋਰ ਕਿਤੇ ਕੁਝ ਨਹੀਂ ਸੀ। ਨਾ ਪਸ਼ੂ, ਨਾ ਪੰਖੀ, ਨਾ ਘਾਹ ਨਾ ਰੁੱਖ। ਭਾਈ ਮਰਦਾਨਾ ਅਧੀਰ ਹੋ ਕੇ ਆਖਦੇ- ਬਾਬਾ ਕਿਤੈ ਕੁੱਛ ਨਦਰਿ ਨਹੀਂ ਆਂਵਦਾ। ਦੇਸ ਦਾ ਕਿਤੈ ਕੁੱਤਾ ਭੀ ਮਿਲੈ, ਤਿਸਦੇ ਹਉਂ ਗਲ ਲਗ ਕੇ ਰੋਵਾਂ। ਬਾਬਾ ਜੀ ਆਖਦੇ- ਇਨ੍ਹਾਂ ਮਾਰੂਥਲਾਂ ਵਿਚ ਤਦ ਆਏ ਹਾਂ ਭਾਈ ਜੁ ਨਾ ਕੋਈ ਕੁੱਤਾ ਲੱਗੈ ਨਾ ਭਉਂਕੈ। ਫਿਰ ਭਾਈ ਮਰਦਾਨਾ ਆਖਦੇ- ਕਿਥੇ ਮਾਰਿਆ ਈ, ਬਾਬਾ, ਇਥੇ ਤਾਂ ਗੋਰੋਂ ਖੱਫਣੋ ਭੀ ਗਏ (ਨਾ ਖੱਫਣ ਮਿਲੇਗਾ ਨਾ ਕਬਰ ਬਣੇਗੀ)। ਬਾਬਾ ਹੌਂਸਲਾ ਦਿੰਦਾ ਤੇ ਅਗਲੀ ਵਾਟ ਫੜਦੇ। ਕਈ ਮਹੀਨਿਆਂ ਦੇ ਸਫਰ ਪਿੱਛੋਂ ਆਬਾਦੀ ਆਈ। ਲੋਕਾਂ ਨੂੰ ਦੇਖ ਕੇ ਭਾਈ ਨੇ ਕਿਹਾ- ਬਾਬਾ ਕਿਸ ਦੇਸ ਆਇ ਗਏ ਹਾਂ? ਇਨ੍ਹਾਂ ਲੋਕਾਂ ਨੂੰ ਨਾ ਸਾਡੀ ਬੋਲੀ ਦੀ ਸਮਝ। ਨਾ ਸਾਨੂੰ ਇਨ੍ਹਾਂ ਦੀ ਬੋਲੀ ਦੀ ਸਮਝ। ਕਉਣ ਦੇਸ ਹੈ ਇਹ? ਬਾਬੇ ਨੇ ਦੱਸਿਆ- ਸਉਰਾਸਟਰ ਆ ਗਿਆ ਹੈ ਭਾਈ। ਇੱਥੋਂ ਦੇ ਲੋਕਾਂ ਨੂੰ ਤੁਸਾਂ ਦੀ ਬੋਲੀ ਭਲੀ ਸਮਝ ਆਂਵਦੀ ਹੈ। ਸੋਰਠ ਰਾਗ ਇਸੇ ਦੇਸ ਦਾ ਰਾਗ ਹੋਇਆ। ਲਿਆ ਮਰਦਾਨਿਆ, ਰਬਾਬ ਉਠਾ। ਸੋਰਠ ਛੇੜ। ਇਨ੍ਹਾਂ ਦੀ ਬੋਲੀ ਵਿਚ ਗੱਲਾਂ ਕਰੀਏ। ਸਮਝੀਏ। ਸੋਰਠ ਗਾਈਏ। ਸਾਖੀਕਾਰ ਨੇ ਇਕ ਸ਼ਬਦ 'ਸਾਜ਼ਸ਼' ਵਰਤਿਆ ਹੈ। ਰੱਬ ਦੇ ਪ੍ਰਸੰਗ ਵਿਚ ਇਸ ਦੀ ਵਰਤੋਂ ਅਸਲੋਂ ਨਵੀਂ ਹੈ। ਲਿਖਿਆ ਹੈ- ਗੁਰੂ ਬਾਬਾ ਬਿਸਮਾਦਿ ਹੋਇ ਗਇਆ ਪਰਮੇਸਰ ਦੀ ਸਾਜਸ ਦੇਖ ਕਰਿ। ਪਰਮੇਸਰ ਬੁਲਾਇ ਕਰ ਦਰਸਨੁ ਦੀਆ। ਕਹਿਆ- ਹੇ ਨਾਨਕ ਤੂ ਕਿਉਂ ਕਰਿ ਬਿਸਮਾਦਿ ਹੋਇ ਰਹਿਆ ਹੈਂ? ਬਾਬੇ ਨਮਸਕਾਰ ਕਰਿ

ਕਹਿਆ- ਐ ਸਿਰਜਣਹਾਰ! ਜੀ ਮੈਂ ਤੇਰੀ ਸਾਜਸ ਦੇਖ ਕਰਿ ਹੈਰਾਨ ਹੋਇ ਗਇਆ ਹਾਂ। ਪਰਵਰਦਗਾਰ ਹੱਸ ਕਰ ਕਹਿਆ- ਐ ਨਾਨਕ ਜੇਹੀ ਸਾਜਸ ਦੇਖੀ ਤੈਸੀ ਕਹੁ। ਤਬ ਬਾਬੇ ਬਸੰਤ ਹਿੰਡੋਲ ਗਾਇਆ। ਬਸੰਤ ਵਿਚ ਵਧੀਕ ਸਾਜਸ਼ ਹੋਈ।

ਕਿਸੇ ਨੇ ਪੁੰਨ-ਦਾਨ ਕਰਨ ਹਿਤ ਲੰਗਰ ਲਾਇਆ ਹੋਇਆ ਸੀ ਤੇ ਰਸਤਿਆਂ ਉਪਰ ਸੇਵਾਦਾਰ ਖਲੋਤੇ, ਜਾਂਦੇ ਰਾਹੀਆਂ ਨੂੰ ਬੇਨਤੀ ਕਰਦੇ ਕਿ ਲੰਗਰ ਛਕ ਕੇ ਜਾਉ। ਭਾਈ ਮਰਦਾਨਾ ਜੀ ਨੇ ਬਾਬੇ ਤੋਂ ਪ੍ਰਸ਼ਾਦ ਛਕਣ ਦੀ ਆਗਿਆ ਮੰਗੀ ਤਾਂ ਬਾਬਾ ਜੀ ਨੇ ਕਿਹਾ- ਤੁਸਾਨੂੰ ਪਤਾ ਹੈ ਭਾਈ ਇਸ ਲੰਗਰ ਦੀ ਹਕੀਕਤ ਕੀ ਹੈ? ਭਾਈ ਮਰਦਾਨਾ ਨੇ ਕਿਹਾ- ਜੀ ਹਕੀਕਤ ਕਿਤੇ ਦਉੜੀ ਤਾਂ ਜਾਂਦੀ ਨਹੀਂ। ਤੁਸਾਂ ਪਾਸ ਰਹੀ, ਤੁਸਾਂ ਪਾਸ ਰਹੈਗੀ। ਪਹਿਲਾਂ ਲੰਗਰ ਛਕਦੇ ਹਾਂ ਫਿਰ ਹਕੀਕਤ ਵੀ ਦੇਖ ਲਾਂਗੇ। ਬਾਬਾ ਜੀ ਨੇ ਮੁਸਕਾਂਦਿਆਂ ਕਿਹਾ- ਠੀਕ ਹੈ ਭਾਈ। ਪਰ ਅਸੀਸ ਨਹੀਂ ਦੇਣੀ। ਜਾਉ ਲੰਗਰ ਛਕ ਆਉ। ਵਾਪਸੀ ਤੇ ਦੱਸਿਆ ਕਿ ਇਹ ਨਵਜਾਤ ਬੱਚਾ ਮਾਪਿਆਂ ਤੋਂ ਕਰਜ਼ਾ ਵਸੂਲਣ ਆਇਆ ਹੈ। ਥੋੜੇ ਦਿਨ ਦਾ ਪ੍ਰਾਹੁਣਾ ਹੈ। ਜੇ ਤੁਸੀਂ ਲੰਮੀ ਉਮਰ ਦੀ ਅਸੀਸ ਦੇ ਦਿੰਦੇ ਤਾਂ ਕਰਤਾਰ ਦੀ ਰਜ਼ਾ ਵਿਚ ਵਿਘਨ ਪੈਣਾ ਸੀ।

ਇਕ ਦਿਨ ਭਾਈ ਮਰਦਾਨਾ ਨੇ ਪੁੱਛਿਆ- ਬਾਬਾ ਜੀ ਕਿੰਨੇ ਬਰਸ ਹੋ ਗਏ ਹੋਣਗੇ ਤਲਵੰਡੀਓਂ ਆਪਾਂ ਨੂੰ ਚੱਲਿਆਂ? ਉੱਤਰ- ਭਾਈ ਗਿਣਤੀਆਂ ਨਹੀਂ ਕਰਨੀਆਂ। ਇਕ ਦਿਨ ਫੇਰ ਪੁੱਛ ਲਿਆ- ਬਾਬਾ ਜੀ ਕਿੰਨੇ ਹਜ਼ਾਰ ਕੋਸ ਹੋਵੇਗਾ ਆਪਣਾ ਪਿੰਡ ਇੱਥੋਂ? ਬਾਬਾ ਜੀ ਨੇ ਕਿਹਾ- ਅੱਗੇ ਵੀ ਕਿਹਾ ਸੀ ਭਾਈ, ਗਿਣਤੀਆਂ ਨਹੀਂ ਕਰਨੀਆਂ। ਉਹ ਸਮੇਂ ਅਤੇ ਸਥਾਨ ਦੀਆਂ ਗਿਣਤੀਆਂ ਤੋਂ ਪਾਰ ਸਨ। ਇਕ ਅਨੰਤ ਤੋਂ ਬਾਅਦ ਉਹ ਅਗਲਾ ਅਨੰਤ ਸਨ। ਦੋਹਾਂ ਬਾਬਿਆਂ ਵਿਚਕਾਰ ਮਿੱਤਰਾਂ ਦੀ ਸਾਂਝ ਵਾਲੀਆਂ ਗੱਲਾਂ ਹੁੰਦੀਆਂ। ਬੈਠਿਆਂ-ਬੈਠਿਆਂ ਭਾਈ ਸਾਹਿਬ ਨੇ ਇਕ ਦਿਨ ਬਾਬੇ ਦੇ ਚਰਨ ਛੂਹੇ ਤਾਂ ਬਾਬਾ ਜੀ ਨੇ ਕਿਹਾ- ਐ ਮਰਦਾਨਿਆਂ ਤੂੰ ਅੱਜ ਕਿਉਂ ਪੈਰੀਂ ਪਵਦਾ ਹੈਂ? ਭਾਈ ਸਾਹਿਬ ਨੇ ਕਿਹਾ- ਜੀ ਤੂੰ ਜਗਤ ਦਾ ਕਰਤਾ। ਤੂੰ ਪਰਮੇਸਰ ਹੈਂ। ਤੇਰੀ ਕੀਮਤ ਤੂਹੇ ਜਾਣਹਿ। ਤੂੰ ਹੈਂ ਸਿ ਪਰਮੇਸਰ ਹੈ। ਤਾਂ ਬਾਬੇ ਕਹਿਆ- ਮਰਦਾਨਿਆ ਹਉਂ ਤੈਂਡੇ ਪਿੰਡ ਤਲਵੰਡੀ ਕੇ ਬੇਦੀਆਂ ਕਾ ਨਾਨਕ ਹਾਂ। ਭੁਲੇਖਾ ਨਾਂਹੀ। ਉਹੀ ਹਾਂ। ਹੋਰ ਕਿਛੁ ਨਹੀਂ। ਤਦ ਮਰਦਾਨੇ ਗਾਇਆ, -ਸਹੀ ਤਾਂ ਨਾਨਕ ਕਾਲੂਆਣ ਜਿਨਿ ਸਿਰੀ ਫੁਨਿ ਤਿਸਹੀ ਗੋਈ। ਤੁਧੁ ਜੇਵਡ ਪਰਮੇਸਰ ਹੋਇ ਤਾਂ ਹੋਈ। (ਸੱਚ ਹੈ, ਕਲਿਆਣ ਰਾਇ ਦੇ ਬੇਟੇ ਨੇ ਆਪਣੀ ਸਾਜੀ ਸ੍ਰਿਸ਼ਟੀ ਨੂੰ ਫਿਰ ਗੁੰਨ੍ਹਣਾ ਸ਼ੁਰੂ ਕਰ ਦਿਤਾ। ਰੱਬ, ਤੇਰੇ ਜਿੱਡਾ ਹੋਵੇ ਤਾਂ ਹੋਵੇ, ਹੋਰ ਕੋਈ ਨਹੀਂ।) ਬਾਬੇ ਕਹਿਆ- ਮਰਦਾਨਿਆ, ਕਰਤਾਰ ਦਾ ਨਾਉਂ ਲਇ। ਏਦੂੰ ਅੱਗੈ ਹੋਰ ਨਹੀਂ ਆਖਣਾ। ਬਸ ਭਾਈ ਅਗੈ ਨਾਹੀਂ ਚਲਾਉਣਾ ਅੱਖਰ ਕੋਈ। ਗੋਲੀ, ਤੀਰ, ਤਲਵਾਰ ਆਦਿਕ ਹਥਿਆਰਾਂ ਦਾ ਚੱਲਣਾ ਸੁਣਿਆ ਸੀ, ਅੱਖਰ 'ਚਲਦਾ' ਹੁੰਦਾ ਹੈ, ਪਹਿਲੀ ਵਾਰ ਸਾਖੀ ਵਿਚ ਪੜ੍ਹਿਆ। ਲੰਮੇ ਪੈਂਡੇ... ਦੂਰ ਦੇ ਦੇਸ... ਸਮਾਂ ਬੀਤਿਆ। ਭਾਈ ਦਾ ਬਿਰਧ ਸਰੀਰ ਕਮਜ਼ੋਰ ਹੋ ਗਿਆ। ਅਫ਼ਗਾਨਿਸਤਾਨ ਦੀ ਸਰਹੱਦ ਨਾਲ ਵਗਦੇ ਕੁੱਰਮ ਦਰਿਆ ਕਿਨਾਰੇ ਥੱਕ ਗਏ ਤਾਂ ਸਹਾਰਾ ਦੇ ਕੇ ਬਾਬਾ ਜੀ ਉਨ੍ਹਾਂ ਨੂੰ ਰੁੱਖ ਹੇਠ ਲੈ ਗਏ ਤੇ ਲਿਟਾ ਦਿੱਤੇ। ਸੀਸ ਆਪਣੀ ਗੋਦ ਵਿਚ ਰੱਖ ਲਿਆ ਅਤੇ ਕਿਹਾ- ਭਾਈ ਜੀ, ਘੜੀ ਆਉਣ ਵਾਲੀ ਹੈ ਜਦੋਂ ਤੁਸਾਂ ਸਾਡੇ ਪਾਸੋਂ ਚਲੇ ਜਾਣਾ ਹੈ। ਇਹ ਦੱਸੋ ਜੁ ਦਫ਼ਨਾਈਏ ਕਿ ਅਗਨੀ ਭੇਟ ਕਰੀਏ? ਭਾਈ ਚੁੱਪ ਰਹੇ। ਫਿਰ ਬਾਬਾ ਜੀ ਬੋਲੇ- ਤੁਸੀਂ ਸਾਡੀ ਸੰਗਤ ਕੀਤੀ। ਕੋਈ ਯਾਦਗਾਰ ਬਣਾ ਦੇਈਏ? ਖ਼ਾਮੋਸ਼ ਰਹੇ। ਫਿਰ ਬਾਬੇ ਨੇ ਪੁੱਛਿਆ- ਯਾਦਗਾਰ ਹੇਤੁ ਮਸਜਿਦ ਉਸਾਰੀਏ ਕਿ ਧਰਮਸਾਲ? ਭਾਈ ਮਰਦਾਨਾ ਜੀ ਨੇ ਸਹਿਜੇ ਅੱਖਾਂ

ਖੋਹਲੀਆਂ। ਕਿਹਾ- ਹੱਡ ਮਾਸ ਦੀ ਕੈਦ ਵਿਚੋਂ ਕੱਢ ਕੇ ਇੱਟਾਂ ਚੂਨੇ ਦੀ ਕੈਦ ਵਿਚ ਕਿਵੇਂ ਪਾ ਸਕਦਾ ਹੈਂ ਬਾਬਾ? ਜਾਣਦਾ ਹਾਂ, ਤੁਸੀਂ ਅਜਿਹਾ ਨਹੀਂ ਕਰਨ ਵਾਲੇ ਮਹਾਰਾਜ। ਬਾਬਾ ਨੇ ਕਿਹਾ- ਤਾਂ ਬੀ, ਭਾਈ ਜੀ ਖਾਲੀ ਹੱਥ ਨਹੀਂ ਜਾਣ ਦਿਆਂਗੇ। ਪ੍ਰੀਤ ਓੜਕ ਤੱਕ ਨਿਭਾਈ ਤੁਸਾਂ। ਜੋ ਮੰਗੋਗੇ ਮਿਲੇਗਾ। ਨਹੀਂ ਭੇਜਾਂਗੇ ਖਾਲੀ। ਅਸਾਂ ਦਾ ਬੀ ਫ਼ੈਸਲਾ ਹੈ। ਭਾਈ ਨੇ ਕਿਹਾ- ਬਾਬਾ ਤੂੰ ਖੁਦਾਇ ਦਾ ਡੂੰਮ। ਮੈਂ ਤੇਰਾ ਡੂੰਮ। ਤੈਂ ਖੁਦਾਇ ਦੇਖਿਆ। ਤੈਂ ਖੁਦਾਇ ਪਾਇਆ। ਤੇਰਾ ਕਹਿਆ ਖੁਦਾਈ ਮੰਨਦੀ ਹੈ। ਮੈਂ ਤੈਨੂੰ ਦੇਖਿਆ। ਮੈਂ ਤੈਨੂੰ ਪਾਇਆ। ਅਰ ਮੇਰਾ ਕਹਿਆ ਤੂੰ ਮੰਨਦਾ ਹੈਂ। ਤੁਧ ਆਗੈ ਅਸਾਂ ਦੀ ਬੇਨਤੀ ਹੈ ਅੱਜ ਇਕ। ਅਸਾਂ ਨੂੰ ਬਿਛੋੜਨਾ ਨਾਹੀਂ ਆਪਣੇ ਨਾਲਹੁੰ। ਨਾ ਏਥੈ। ਨਾ ਉਥੈ। ਬਾਬੇ ਕਹਿਆ- ਮਰਦਾਨਿਆ ਤੁਧ ਉਪਰ ਅਸਾਂ ਦੀ ਖਰੀ ਖੁਸੀ ਹੈ। ਜਿਥੈ ਤੇਰਾ ਵਾਸਾ ਤਿਥੈ ਮੇਰਾ ਵਾਸਾ। ਤਦ ਇਹ ਕਾਮਲ ਫ਼ਕੀਰ ਧਰਤੀ ਉਪਰੋਂ ਰੁਖ਼ਸਤ ਹੋਇਆ। ਇਹ ਭਾਈ ਮਰਦਾਨਾ ਜੀ ਦੀ ਵਸੀਅਤ ਹੈ। ਇਸ ਵਸੀਅਤ ਉਪਰ ਗੁਰੂ ਜੀ ਦੇ ਹਸਤਾਖਰ ਹਨ ਤੇ ਸਾਖੀਕਾਰ ਇਸ ਵਸੀਅਤ ਦਾ ਅਹਿਲਮਦ ਹੈ।

ਮਹਾਰਾਜ ਨੇ ਆਪਣੇ ਮੋਢਿਆਂ ਤੋਂ ਚਾਦਰ ਉਤਾਰ ਕੇ ਭਾਈ ਸਾਹਿਬ ਦੇ ਸਰੀਰ ਉੱਪਰ ਪਾਈ ਅਤੇ ਆਪਣੇ ਹੱਥੀਂ ਅੰਤਮ ਰਸਮਾਂ ਨਿਭਾਈਆਂ। ਰਬਾਬ ਮੋਢੇ ਉਪਰ ਲਟਕਾ, ਯਾਤਰਾ ਵਿਚਕਾਰ ਛੱਡ ਕੇ, ਉਹ ਵਾਪਸ ਰਾਇ ਭੋਇ ਤਲਵੰਡੀ ਪਿੰਡ ਵੱਲ ਚੱਲ ਪਏ। ਜਦੋਂ ਤੱਕ ਭਾਈ ਮਰਦਾਨਾ ਨਾਲ ਜਾਣ ਲਈ ਤਿਆਰ ਨਾ ਹੋਏ ਉਦੋਂ ਤੱਕ ਮਹਾਰਾਜ ਨੇ ਉਦਾਸੀਆਂ ਨਹੀਂ ਆਰੰਭੀਆਂ। ਜਦੋਂ ਵਿਛੜੇ ਉਦਾਸੀਆਂ ਸਮਾਪਤ ਹੋ ਗਈਆਂ। ਪਿੰਡ ਪਤਾ ਲੱਗਦਾ ਗਿਆ ਕਿ ਬਾਬਾ ਨਗਰ ਪਰਤ ਆਇਆ ਹੈ। ਨਗਰ ਨਿਵਾਸੀ ਮਿਲਣ ਆਏ। ਭਾਈ ਮਰਦਾਨਾ ਜੀ ਦਾ ਵੱਡਾ ਬੇਟਾ ਸ਼ਾਹਜ਼ਾਦ ਆਇਆ। ਸ਼ਾਹਜ਼ਾਦ ਨੂੰ ਹਮੇਸ਼ਾ ਅਪਣੇ ਪਿਤਾ ਵਿਰੁੱਧ ਗ਼ਿਲਾ ਰਿਹਾ ਕਿ ਜੇ ਸਾਨੂੰ ਰਿਜ਼ਕ ਨਹੀਂ ਦੇਣਾ ਸੀ ਤਾਂ ਜੰਮਿਆਂ ਕਾਸ ਲਈ ਸੀ? ਅਸੀਂ ਭੁੱਖਣ ਭਾਣੇ ਲੋਕਾਂ ਦੇ ਦਰਾਂ ਵੱਲ ਤੱਕਦੇ, ਦਿਹਲੀਆਂ 'ਤੇ ਬੈਠੇ ਰਹਿੰਦੇ, ਅੱਬੂ ਦੁਨੀਆਂ ਦੀ ਸੈਰ ਕਰਦਾ ਰਿਹਾ। ਕਿਉਂ ਜੰਮਿਆਂ ਸੀ ਸਾਨੂੰ ਇਉਂ ਰੋਲਣ ਲਈ?

ਬਾਬੇ ਦੇ ਚਰਨੀਂ ਹੱਥ ਲਾਏ ਤੇ ਪਰ੍ਹੇ ਹਟ ਕੇ ਬੈਠ ਗਿਆ। ਨਾਲਦਿਆਂ ਨੂੰ ਪੁੱਛਿਆ ਅੱਬੂ ਕਿਥੇ ਹਾਈ? ਕਿਸੇ ਨੂੰ ਪਤਾ ਨਹੀਂ ਸੀ। ਫਿਰ ਥੋੜ੍ਹੀ ਦੇਰ ਪਿੱਛੋਂ ਬਾਬਾ ਜੀ ਦੇ ਨਜ਼ਦੀਕ ਆਇਆ। ਪੁੱਛਿਆ- ਅੱਬੂ ਕਿਥੇ ਹਾਈ। ਬਾਬਾ ਅਬੂ ਕਿਵੇਂ ਹਾਈ? ਬਾਬਾ ਜੀ ਨੇ ਦੱਸਿਆ- ਉਹ ਵਿਦਾਅ ਹੋ ਗਏ ਹਨ ਪੁੱਤਰ ਆਪਣੇ ਕੋਲਹੁੰ। ਆਪਣੇ ਘਰ ਚਲੇ ਗਏ ਹਨ। ਜਿਹੜੇ ਨਿੱਜ ਘਰ ਚਲੇ ਜਾਵਣ ਤਿਨ੍ਹਾਂ ਦਾ ਸੋਗ ਨਹੀਂ ਕਰਨਾ। ਦੇਸਾਂ ਦਾ ਪੈਂਡਾ ਮਾਰ ਕੇ ਤੁਸਾਂ ਨੂੰ ਤਿਨ੍ਹਾਂ ਦੇ ਨਾਮ ਦਾ ਸਿਰੋਪਾਉ ਦੇਣ ਲਈ ਆਇਆ ਹਾਂ। ਦਸੋ ਕੀ ਦੇਈਏ ਪੁੱਤਰ।

ਸ਼ਾਹਜ਼ਾਦ ਨੇ ਕਿਹਾ- ਕਿਛੁ ਪਤਾ ਨਾਹੀਂ ਸਾਨੂੰ ਬਾਬਾ। ਕੀ ਭਲਾ ਹੈ ਕੀ ਬੁਰਾ ਤੁਸੀਂ ਜਾਣੋ। ਸਾਨੂੰ ਪਤਾ ਨਾਹੀਂ। ਸਾਨੂੰ ਅਨਪੜ੍ਹਾਂ ਨੂੰ ਕਿਛ ਪਤਾ ਨਾਹੀਂ ਜੁ ਵੱਡਿਆਂ ਤੋਂ ਕੀ ਮੰਗੀਦਾ ਹੈ। ਬਾਬਾ ਜੀ ਨੇ ਕਿਹਾ- ਤੁਸਾਂ ਦੇ ਅਬੂ ਨੂੰ ਖਾਲੀ ਨਹੀਂ ਤੋਰਿਆ। ਤੁਸਾਂ ਨੂੰ ਵੀ ਖਾਲੀ ਨਹੀਂ ਰੱਖਣਾ। ਜੋ ਚਾਹੀਦਾ ਹੈ ਕਹੋ, ਮਿਲੇਗਾ। ਭਾਈ ਸ਼ਾਹਜ਼ਾਦ ਨੇ ਕਿਹਾ- ਮੇਹਰਬਾਨ ਹੋ ਕੇ ਤਰੁੱਠੇ ਹੋ ਤਦ ਉਹੋ ਦਿਉ ਬਾਬਾ ਜੀ, ਜੋ ਅੱਬੂ ਨੂੰ ਦਿੱਤਾ ਸਾਈ।

ਬਾਬਾ ਜੀ ਉੱਠੇ। ਕਿੱਲੀ ਨਾਲ ਲਟਕਦੀ ਰਬਾਬ ਉਤਾਰ ਭਾਈ ਸ਼ਾਹਜ਼ਾਦ ਨੂੰ ਦੇ ਕੇ ਗਲਵਕੜੀ ਵਿਚ ਲੈ ਅਸੀਸਾਂ ਦੀ ਝੜੀ ਲਾ ਦਿੱਤੀ। ਫਿਰ ਦੋਵੇਂ ਬੈਠ ਗਏ। ਭਾਈ ਮਰਦਾਨਾ ਜੀ ਦੀ ਯਾਦ ਵਿਚ ਦੋਵਾਂ ਨੇ ਕੀਰਤਨ ਕੀਤਾ। ਇਲਾਹੀ ਕੀਰਤਨ ਦੇ ਇਸ ਵਗਦੇ ਦਰਿਆ ਵਿਚ ਤਲਵੰਡੀ ਪਿੰਡ ਦੇ ਵਸਨੀਕਾਂ ਨੇ ਖ਼ੂਬ ਤੀਰਥ ਇਸ਼ਨਾਨ ਕੀਤਾ। ਜਿੰਨਾ ਸਮਾਂ ਗੁਰੂ ਬਾਬਾ ਸਰੀਰ ਦੇ ਜਾਮੇ ਵਿਚ ਰਹੇ, ਭਾਈ ਸ਼ਾਹਜ਼ਾਦ ਨੇ ਕਦੀ ਉਨ੍ਹਾਂ ਦਾ ਸਾਥ ਨਹੀਂ

ਛੱਡਿਆ। ਸਾਖੀਕਾਰ ਸਤਿਕਾਰ ਵਜੋਂ ਉਨ੍ਹਾਂ ਨੂੰ "ਕਰਮ ਕਾ ਬਲੀ ਸ਼ਾਹਜ਼ਾਦ। ਸਾਡਾ ਪਿਆਰਾ ਸ਼ਾਹਜ਼ਾਦਾ ਭਾਈ ਸ਼ਾਹਜ਼ਾਦ ਖਾਨ" ਲਿਖਦਾ ਹੈ। ਭਾਈ ਮਰਦਾਨਾ ਜੀ ਦੀ ਬੇਨਤੀ ਕਬੂਲ ਹੋਈ। ਵਿਛੜੇ ਨਹੀਂ। ਕੀਰਤਨ ਬਣ ਕੇ ਉਹ ਗੁਰੂ ਗ੍ਰੰਥ ਅਤੇ ਗੁਰੂ ਪੰਥ ਵਿਚ ਸਥਾਪਤ ਹੋ ਗਏ ਹਨ।

******

ਡਾ. ਹਰਪਾਲ ਸਿੰਘ ਪੰਨੂ

ਸੰਪਰਕ: 94642-51454



# ਸਿਧ ਗੋਸਟਿ: ਜਾਣ-ਪਛਾਣ ਅਤੇ ਦਾਰਸ਼ਨਿਕਤਾ

ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਲੰਬੀਆਂ ਬਾਣੀਆਂ ਵਿਚੋਂ 'ਸਿਧ ਗੋਸਟਿ' ਇਕ ਮਹਤਵਪੂਰਣ ਬਾਣੀ ਹੈ, ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਪੰਨਾ 938 ਤੋਂ 946 ਵਿਚ ਅੰਕਿਤ ਹੈ। ਇਹ ਰਚਨਾ ਕੁੱਲ 73 ਪਉੜੀਆਂ ਵਿਚ ਲਿਖੀ ਗਈ ਇਕ ਅਜਿਹੀ ਦਾਰਸ਼ਨਿਕ ਰਚਨਾ ਹੈ, ਜਿਸ ਵਿਚ ਯੋਗ, ਸਿਧ ਅਤੇ ਨਾਥ ਮਤਿ ਵਰਗੇ ਤਿਆਗਵਾਦੀ ਪੰਥਾਂ ਦੀ ਵਿਚਾਰਧਾਰਾ ਦੇ ਕਈ ਅੰਗ ਪ੍ਰਗਟ ਹੋਏ ਹਨ। ਅਗਿਆਨਵਸ਼ ਅੱਜ ਇਸ ਬਾਣੀ ਦੇ ਨਾਮ ਦਾ ਸਿੱਖ ਪੰਥ ਵਿਚ ਉਚਾਰਣ 'ਸਿਧ ਗੋਸ਼ਟ' ਪ੍ਰਚਲਿਤ ਹੋ ਗਿਆ ਹੈ, ਜਦੋਂ ਕਿ ਇਸ ਦਾ ਉਚਿਤ ਨਾਮ 'ਸਿਧ ਗੋਸਟਿ' ਹੀ ਹੈ। ਕੁਝ ਲੋਕਾਂ ਨੇ ਇਹ ਕਲਪਿਤ ਕਰ ਲਿਆ ਹੈ, ਕਿ ਅਜਿਹੀਆਂ ਪ੍ਰਸਥਿਤੀਆਂ ਵਿਚ ਵਰਤੀ ਸਿਹਾਰੀ ਦਾ ਉਚਾਰਣ ਨਹੀਂ ਕਰਨਾ, ਭਾਵੇਂ ਅਜਿਹਾ ਕਰਨ ਨਾਲ ਸ਼ਬਦਾਂ ਦੇ ਉਚਾਰਣ ਵਿਚ ਕਿਤਨੀ ਵਡੀ ਵਿਕ੍ਰਿਤੀ ਆ ਜਾਵੇ। ਇਹ ਬਾਣੀ ਰਾਮਕਲੀ ਰਾਗ ਵਿਚ ਅੰਕਿਤ ਹੈ, ਜਿਸ ਨੂੰ ਆਮ ਤੌਰ 'ਤੇ ਜੋਗੀ ਲੋਕਾਂ ਦਾ ਰਾਗ ਕਿਹਾ ਜਾਂਦਾ ਹੈ। ਉਂਞ ਇਹ ਸਪਸ਼ਟ ਨਹੀਂ, ਕਿ ਕਿਹੜੇ ਜੋਗੀਆਂ ਦਾ ਇਹ ਪ੍ਰਿਯ ਰਾਗ ਸੀ? ਜਦੋਂ ਕਿ ਇਹ ਪ੍ਰਸ਼ਨ ਵਿਦਮਾਨ ਹੈ, ਕਿ ਜੋਗੀ, ਨਾਥ ਆਦਿ ਸ਼ਿਵ ਭਗਤ ਸਨ ਅਤੇ ਉਨ੍ਹਾਂ ਦਾ ਪਿਆਰਾ ਰਾਗ ਵਿਸ਼ਨੂੰ ਦੇ ਅਵਤਾਰ ਸ੍ਰੀ ਰਾਮ ਦੇ ਨਾਮ 'ਤੇ ਕਿਵੇਂ ਪ੍ਰਚੱਲਿਤ ਹੋ ਸਕਦਾ ਹੈ? ਸਿਧ ਅਸਲੀਅਤ ਵਿਚ ਬੋਧੀ ਸਨ, ਜਿਨ੍ਹਾਂ ਦਾ ਆਰਾਧਯ ਦੇਵ ਮਹਾਤਮਾ ਬੁੱਧ ਸਨ, ਪਰ ਭਾਰਤੀ ਧਰਮਾਂ ਤੋਂ ਵਿਦਿਤ ਲੋਕ ਇਹ ਵੀ ਮੰਨਦੇ ਹਨ, ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਕਾਲ ਤੱਕ ਬਹੁਤ ਹੱਦ ਤੀਕ ਜੋਗੀ, ਸਿਧ ਅਤੇ ਨਾਥ ਪਦ ਰਲਗਡ ਹੋ ਗਏ ਸਨ। ਵੱਖ-ਵੱਖ ਸੰਪ੍ਰਦਾਵਾਂ ਦੀ ਵਿਚਾਰਾਧਾਰਾ ਭਾਵੇਂ ਭਿੰਨ ਰਹੀ ਹੋਵੇ, ਪਰ ਘੱਟੋ-ਘੱਟ ਸਿਧ, ਨਾਥ ਅਤੇ ਜੋਗੀ ਪਦ ਆਪਿਸ ਵਿਚ ਮਿਲ ਚੁਕੇ ਸਨ। ਸਿਧਾਂ ਵਾਸਤੇ 'ਨਾਥ' ਪਦ ਓਪਰਾ ਨਹੀਂ ਸੀ ਰਹਿ ਗਿਆ, ਜਦੋਂ ਕਿ 'ਨਾਥਾਂ' ਵਾਸਤੇ 'ਸਿਧ' ਪਦ ਬੇਗਾਨਾ ਨਹੀਂ ਸੀ। ਉਂਞ ਵੀ ਨਾਥ ਪੰਥ ਦੇ ਬਾਨੀ ਗੋਰਖ ਨਾਥ ਦਾ ਅਧਿਆਤਮਕ ਗੁਰੂ ਮਛੇਂਦ੍ਰ (ਮਤ੍ਸਯੇਂਦ੍ਰ) ਸੀ, ਜੋ ਆਪਣੇ ਮੂਲ ਕਰ ਕੇ ਸਿਧ ਸਾਧਕ ਹੀ ਮੰਨਿਆ ਜਾਂਦਾ ਹੈ। ਇਹ ਵੀ ਸਚਾਈ ਹੈ ਕਿ ਨਾਥ ਪੰਥ ਦੇ ਸੰਸਥਾਪਕ ਗੋਰਖ ਨਾਥ ਦੀ ਗਿਣਤੀ 84 ਸਿਧਾਂ ਵਿਚ ਵੀ ਕੀਤੀ ਜਾਂਦੀ ਹੈ ਭਾਵ ਉਹ ਵੀ ਨਾਥ ਪੰਥ ਦੇ ਆਵਿਸ਼ਕਾਰ ਤੋਂ ਪਹਿਲਾਂ ਸਿਧ ਸਾਧਕ ਸੀ। ਚਰਪਟ, ਕਾਨਿਪਾ ਜਾਂ ਕਰਣਿਪਾ, ਜਾਲੰਧਰ ਅਤੇ ਨਾਗਾਰਜੁਨ ਵਰਗੇ ਹੋਰ ਪ੍ਰਮੁਖ ਸਿਧਾਂ ਨੂੰ ਨੌਂ ਨਾਥਾਂ ਵਿਚ ਵੀ ਪ੍ਰਮੁੱਖ ਸਥਾਨ ਪ੍ਰਾਪਤ ਹੈ। ਅਜਿਹੀਆਂ ਪ੍ਰਸਥਿਤੀਆਂ ਵਿਚ 'ਸਿਧ ਗੋਸਟਿ' ਵਿਚ ਵੱਖ-ਵੱਖ ਤਿਆਗਵਾਦੀ ਪੰਥਾਂ ਦੇ ਅਸੂਲਾਂ ਦਾ ਸੰਮਿਸ਼੍ਰਣ ਪ੍ਰਾਪਤ ਹੋਣਾ ਕੋਈ ਅਚੰਭਿਤ ਕਰਨ ਵਾਲੀ ਗੱਲ ਨਹੀਂ ਹੈ।

ਵਾਮ-ਮਾਰਗੀਆਂ ਨੂੰ ਛੱਡ ਕੇ ਬਾਕੀ ਸਾਰੇ ਸਾਧਕਾਂ ਵਿਚ ਇਕ ਵੱਡੀ ਸਾਂਝ ਹੈ- ਤਿਆਗਵਾਦੀ ਪ੍ਰਵਿਰਤੀ। ਇਹ ਉਹ ਅਜਿਹੀ ਪ੍ਰਵਿਰਤੀ ਹੈ, ਜੋ ਜੋਗ ਪੰਥਾਂ ਨੂੰ ਸਿੱਖ ਪੰਥ ਦੇ ਵਿਰੋਧ ਵਿਚ ਖੜ੍ਹਾ ਕਰਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਹਰਿਦੁਆਰ ਵਿਚ ਸੂਰਜ ਪੂਜਾ ਦਾ ਨਿਖੇਧ ਕੀਤਾ, ਤਾਂ ਬ੍ਰਾਹਮਣਾਂ ਸਮੇਤ ਸਭ ਨੇ ਗੁਰੂ ਜੀ ਦੇ ਸਿਧਾਂਤ ਨੂੰ ਪ੍ਰਣਾਮ ਕਰ ਦਿਤਾ। ਕੁਰੂਕਸ਼ੇਤਰ ਵਿਖੇ ਸੂਰਜ-ਗ੍ਰਹਿਣ ਸੰਬੰਧੀ ਉਨ੍ਹਾਂ ਦੇ ਵਿਚਾਰਾਂ ਦੀ ਉਤਮਤਾ ਸਭ ਨੇ ਹਿਰਦੈ ਤੋਂ ਪ੍ਰਵਾਣ ਕਰ ਲਈ। ਜਗਨਨਾਥ ਪੁਰੀ ਵਿਚ ਗਾਈ ਉਨ੍ਹਾਂ ਦੀ ਆਰਤੀ ਨੂੰ ਉੱਥੋਂ ਦੇ ਪੁਜਾਰੀਆਂ ਨੇ ਵੀ ਪ੍ਰਭੂ ਦੀ ਅਸਲ ਉਪਾਸਨਾ ਮੰਨ ਲਿਆ। ਪੁਜਾਰੀ ਵਰਗ ਗੁਰੂ ਜੀ ਦੀ ਵਿਚਾਰਧਾਰਾ ਦਾ ਵਿਰੋਧ ਕਰਨ ਵਾਸਤੇ ਕਦੇ ਸੰਗਠਿਤ ਰੂਪ ਵਿਚ ਸਾਹਮਣੇ ਨਹੀਂ ਆਇਆ, ਨਾ ਹੀ ਮੱਕਾ ਅਤੇ ਬਗ਼ਦਾਦ ਵਰਗੇ ਬੇਗਾਨੇ ਦੇਸ਼ਾਂ ਵਿਚ ਉਨ੍ਹਾਂ ਦੇ ਵਿਚਾਰਾਂ ਦਾ ਕੋਈ

ਉਸ ਤਰੀਕੇ ਨਾਲ ਸੰਗਠਿਤ ਵਿਰੋਧ ਹੋਇਆ, ਜਿਵੇਂ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਮਤਿ ਦਾ ਗੋਰਖਮਤੇ, ਅਚਲ ਵਟਾਲੇ ਆਦਿ ਸਥਾਨਾਂ ’ਤੇ ਨਾਥਾਂ ਅਤੇ ਜੋਗੀਆਂ ਨੇ ਵਿਰੋਧ ਕੀਤਾ। ‘ਸਿਧ ਗੋਸਟਿ’ ਵਿਚ ਜੋ ਅਭੂਤਪੂਰਵ ਸੰਜ਼ੀਦਗੀ ਵਿਦਮਾਨ ਹੈ, ਉਸ ਦਾ ਮੂਲ ਕਾਰਣ ਇਹ ਹੈ ਕਿ ਤਿਆਗਵਾਦੀ ਹੋਣ ਦੇ ਬਾਵਜੂਦ ਬੋਧੀ ਸਿਧਾਂ ਦੇ ਸੁਭਾਅ ਵਿਚ ਉਹ ਸਹਿਣਸ਼ੀਲਤਾ ਸੀ, ਜੋ ਸ਼ਿਵ ਪੂਜ ਨਾਥ-ਜੋਗੀਆਂ ਵਿਚ ਬਿਲਕੁਲ ਨਹੀਂ ਸੀ, ਜਿਸ ਦਾ ਇਕ ਪ੍ਰਮਾਣ ਭਾਈ ਗੁਰਦਾਸ ਜੀ ਦੀਆਂ ਵਾਰਾਂ ਵਿਚ ਅਸਥਿਰ ਮਤਿ ਵਾਲੇ ਭੰਗਰਿਨਾਥ ਦੇ ਅਭਦ੍ਰ ਵਤੀਰੇ ਪ੍ਰਤਿ ਗੁਰੂ ਜੀ ਵਲੋਂ ਕੀਤੇ ਪ੍ਰਬਲ ਤ੍ਰਿਸਕਾਰ ਦੇ ਰੂਪ ਵਿਚ ਉਪਲਬਧ ਹੈ।

**ਰਚਨਾ ਦਾ ਸਥਾਨ ਅਤੇ ਕਾਲ:** ਇਹ ਇਕ ਪੁਰਾਣੀ ਸਮਸਿਆ ਹੈ ਕਿ ‘ਸਿਧ ਗੋਸਟਿ’ ਕਦੋਂ ਅਤੇ ਕਿੱਥੇ ਉਚਾਰੀ ਗਈ ਸੀ? ਜਨਮ-ਸਾਖੀਆਂ ਵਿਚ ਸਿਧਾਂ ਅਤੇ ਜੋਗੀਆਂ ਨਾਲ ਗੁਰੂ ਨਾਨਕ ਦੇਵ ਜੀ ਦੀਆਂ ਅਨੇਕਾਂ ਗੋਸ਼ਟਾਂ ਦਰਸਾਈਆਂ ਹਨ, ਜਿਨ੍ਹਾਂ ਵਿਚੋਂ ਗੋਰਖਮਤੇ, ਸੁਮੇਰੁ, ਅਚਲ ਵਟਾਲੇ ਅਤੇ ਗੋਰਖ ਹਟੜੀ ਇਨ੍ਹਾਂ ਚਾਰ ਸਥਾਨਾਂ ’ਤੇ ਪ੍ਰਮੁੱਖ ਗੋਸ਼ਠੀਆਂ ਹੋਈਆਂ ਦੱਸੀਆਂ ਹਨ। ਜਨਮ-ਸਾਖੀਆਂ ਅਨੁਸਾਰ ਸ਼੍ਰੀ ਗੁਰੂ ਜੀ ਦੀਆਂ ਬਹੁਤੀਆਂ ਗੋਸ਼ਠੀਆਂ ਜੋਗੀਆਂ ਨਾਲ ਹੀ ਹੋਈਆਂ ਸਨ, ਕਾਰਣ ਉਹੋ ਜੁ ਅਸਾਂ ਉੱਪਰ ਦਸਿਆ ਹੈ, ਕਿ ਗੁਰੂ ਜੀ ਦਾ ਗ੍ਰਿਹਸਥ-ਪ੍ਰਧਾਨ ਧਰਮ-ਮਾਰਗ ਤਿਆਗਵਾਦੀ ਪੰਥਾਂ ਦੇ ਅਸਤਿਤ੍ਵ ਵਾਸਤੇ ਸਭ ਤੋਂ ਵੱਡਾ ਖ਼ਤਰਾ ਸੀ। ਜੋਗੀ ਵਿਸ਼ੇਸ਼ ਤੌਰ ’ਤੇ ਕੰਨਫਟੇ ਗੋਰਖ ਪੰਥੀ, ਜਿਨ੍ਹਾਂ ਦਾ ਉੱਤਰ ਭਾਰਤ ਵਿਚ ਬਹੁਤ ਪ੍ਰਭਾਵ ਸੀ, ਗੁਰਮਤਿ ਨੂੰ ਸਮੂਲ ਨਸ਼ਟ ਕਰਨ ਵਾਸਤੇ ਕ੍ਰਿਤ-ਸੰਕਲਪ ਸਨ। ਜਨਮ-ਸਾਖੀਆਂ ਵਿਚ ਇਕ ਹੋਰ ਵਿਕ੍ਰਿਤੀ ਇਹ ਹੈ, ਕਿ ਰਚਨਾਕਾਰਾਂ ਨੇ ਸੁਮੇਰ ਪਰਬਤ ’ਤੇ ਨਾਥ ਪੰਥੀ ਸਿਧ ਵਿਖਾਏ ਹਨ, ਜਦੋਂ ਕਿ ਵਾਸਤਵ ਵਿਚ ਇਹ ਬੋਧੀ ਸਿਧ-ਸਾਧਕਾਂ ਦਾ ਟਿਕਾਣਾ ਸੀ। ਇਹ ਵੀ ਸਮੱਸਿਆ ਹੈ, ਕਿ ਜਨਮ-ਸਾਖੀਆਂ ਦੇ ਕਰਤਾ ਸਿਧਾਂ, ਨਾਥਾਂ ਅਤੇ ਜੋਗੀਆਂ ਵਿਚਲੇ ਭੇਦ ਨੂੰ ਨਹੀਂ ਸੀ ਸਮਝਦੇ। ‘ਵਲਾਇਤ ਵਾਲੀ ਜਨਮ ਸਾਖੀ’ ਵਿਚ ਗੋਸ਼ਠੀ-ਸਥਾਨ ਸੁਮੇਰ ਅਤੇ ਅਚਲ ਵਟਾਲਾ ਦੋਵੇਂ ਦਿੱਤੇ ਗਏ ਹਨ, ਪਰ ਇਸੇ ਜਨਮ-ਸਾਖੀ ਵਿਚ ਗੋਸ਼ਠੀ-ਸਥਾਨ ਗੋਰਖ ਹਟੜੀ ਨਿਸ਼ਚਿਤ ਕਰ ਦਿਤਾ ਗਿਆ ਹੈ ਅਤੇ ‘ਸਿਧ ਗੋਸਟਿ’ ਦੀਆਂ 73 ਪਉੜੀਆਂ ਉੱਥੇ ਹੀ ਉਚਾਰੀਆਂ ਦੱਸੀਆਂ ਗਈਆਂ ਹਨ। ਮਿਹਰਬਾਨ ਵਾਲੀ ਜਨਮ ਸਾਖੀ ਵਿਚ ਸੁਮੇਰ ਪਰਬਤ ਉੱਤੇ ਨਾਥਾਂ ਨੂੰ ਸ਼ੋਭਿਤ ਕੀਤਾ ਗਿਆ ਹੈ। ਪ੍ਰੋ. ਸਾਹਿਬ ਸਿੰਘ ਅਨੁਸਾਰ ਇਹ ਗੋਸ਼ਟਿ 1539 ਈ. ਨੂੰ ਅਚਲ ਵਟਾਲੇ ਵਿਚ ਸ਼ਿਵਰਾਤ੍ਰੀ ਦੇ ਮੇਲੇ ਸਮੇਂ ਹੋਈ ਸੀ। ਇਹ ਮੁੱਦਾ ਭਾਈ ਮਨੀ ਸਿੰਘ ਦੇ ਸਾਹਮਣੇ ਵੀ ਸੀ, ਪਰ ਭਾਈ ਮਨੀ ਸਿੰਘ ਦਾ ਮਤਿ ਸੀ, ਕਿ ਸੁਮੇਰ ਪਰਬਤ ਉੱਤੇ ਜਪੁ ਦੀ ਗੋਸ਼ਟ ਹੋਈ ਸੀ[1], ਨਾ ਕਿ ‘ਸਿਧ ਗੋਸਟਿ’ ਉਚਾਰੀ ਗਈ। ਭਾਈ ਮਨੀ ਸਿੰਘ ਨੇ ਜਨਮ-ਸਾਖੀ ਵਿਚ ਲਿਖਿਆ ਹੈ “ਤਾਂ ਸਿੱਖਾਂ ਭਾਈ ਮਨੀ ਸਿੰਘ ਜੀ ਨੂੰ ਪੁਛਿਆ ਜੀ ਇਹ ਸਿਧ ਗੋਸਟਿ ਤਾਂ

[1]‘ਸੁਮੇਰੁ ਉਤੇ ਜਪੁ ਦੀ ਗੋਸ਼ਠੀ ਹੋਈ ਸੀ, ਇਹ ਵਿਚਾਰ ਕਈ ਪਖਾਂ ਤੋਂ ਯੁਕਤਿ-ਸੰਗਤ ਨਹੀਂ ਹੈ। ਇਕ ਤਾਂ ਇਸ ਦਾ ਵਿਸ਼ਯ ਕੇਵਲ ਯੋਗ-ਸੰਬੰਧਿਤ ਮਤਾਂ ਦਾ ਵਿਸ਼ਲੇਸ਼ਣ ਨਹੀਂ ਹੈ। ਇਸ ਦੀ ਪ੍ਰਾਰੰਭਿਕ ਪਉੜੀ ਵਿਚ ਹੀ ਵਰਣਿਤ ਸੁਚ, ਮੌਨ, ਆਹਾਰ-ਵ੍ਰਤ ਅਤੇ ਬੌਧਿਕ ਗਿਆਨ ਦਾ ਯੋਗ-ਮਤਾਂ ਨਾਲ ਸੰਬੰਧ ਨਹੀਂ, ਬਲਕਿ ਇਹ ਸਾਰੇ ਬ੍ਰਾਹਮਣਵਾਦੀ ਧਾਰਮਿਕ ਸਾਧਨ ਸਨ। ਪੰਜ ਖੰਡਾਂ ਦੀ ਅਧਿਆਤਮਕ ਯਾਤ੍ਰਾ ਵੀ ਯੋਗ ਦੇ ਸੰਬੰਧ ਵਿਚ ਨਹੀਂ। ਦੂਜੇ ਇਹ ਬਾਣੀ ਇਕ ਸੰਪਾਦਿਤ ਰਚਨਾ ਹੈ, ਜਿਸ ਵਿਚ ਪਉੜੀਆਂ, ਸ਼ਬਦਾਂ, ਸਲੋਕਾਂ ਆਦਿ ਦਾ ਸੰਮਿਸ਼੍ਰਣ ਹੈ। ਇਕ ਪ੍ਰਕਾਰ ਦਾ ਕਾਵਿ ਛੰਦ ਨਹੀਂ, ਕਿਸੇ ਇਕ ਵਿਸ਼ਯ ਯਾ ਵਿਸ਼ੇਸ਼ ਸੰਪ੍ਰਦਾਇ ਦੇ ਚਿੰਤਨ ਦਾ ਮੰਥਨ ਨਹੀਂ, ਸਗੋਂ ਸਿਖ ਅਧਿਆਤਮਵਾਦ ਦੇ ਸਾਰੇ ਮੂਲ ਤਤ ਇਸ ਵਿਚ ਸ਼ਾਮਿਲ ਕੀਤੇ ਗਏ ਹਨ। ਹਾਲਾਕਿ ਇਸ ਵਿਚ ਪ੍ਰਸ਼ਨ-ਉਤਰ ਵਿਦਮਾਨ ਹਨ, ਪਰ ਇਹ ਪ੍ਰਸ਼ਨੋਤਰੀ ਕਿਤੇ ਵੀ ਇਹ ਸਿਧ ਨਹੀਂ ਕਰਦੀ, ਕਿ ਇਹ ਪਰਿਚਰਚਾ ਯੋਗ ਦੇ ਮਾਰਗ ਅਤੇ ਤਿਆਗਵਾਦ ਦੇ ਵਿਸ਼ਲੇਸ਼ਣ ਨਾਲ ਸੰਬੰਧਿਤ ਹੈ। ਅਸੀਂ ਕੇਵਲ ‘ਸੋਢੀ ਮਿਹਰਬਾਨ’ ਵਾਲੀ ਜਨਮ ਸਾਖੀ ਦੇ ਆਧਾਰ ‘ਤੇ ਹੀ ਇਹ ਨਹੀਂ ਮੰਨਦੇ, ਕਿ ਉਸ ਨੇ ਇਹ ਰਚਨਾ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਨਿਰਦੇਸ਼ ਅਧੀਨ ਭਾਈ ਲਹਿਣਾ ਜੀ ਦੁਆਰਾ ਸੰਪਾਦਿਤ ਹੋਈ ਦਸੀ ਹੈ, ਸਗੋਂ ਬਾਣੀ ਦੇ ਸੰਗਠਨ ਤੋਂ ਹੀ ਸ੍ਵਤੈ ਸਿਧ ਹੈ, ਕਿ ਇਹ ਇਕ ਸੰਪਾਦਿਤ ਰਚਨਾ ਹੈ, ਜਿਸ ਨੂੰ ਇਕ ਵਿਸ਼ੇਸ਼ ਸਥਾਨ ਉਤੇ ਵਿਸ਼ੇਸ਼ ਵਿਅਕਤੀਆਂ ਨਾਲ ਹੋਈ ਇਕੋ ਗੋਸ਼ਠੀ ਮੰਨ ਲੈਣਾ ਉਚਿਤ ਨਹੀਂ।

ਸੁਮੇਰ ਪਰਬਤ ਉੱਤੇ ਜਨਮ ਸਾਖੀ ਵਿਚ ਲਿਖੀ ਹੋਈ ਹੈ, ਤੇ ਤੁਸਾਂ ਅਚਲ ਵਟਾਲੇ ਕਹੀ ਹੈ। ਤਾਂ ਭਾਈ ਮਨੀ ਸਿੰਘ ਕਹਿਆ ਅਸਾਂ ਭਾਈ ਗੁਰਦਾਸ ਜੀ ਦੇ ਬਚਨਾਂਨੁਸਾਰ ਕਹੀ ਅਤੇ ਪਰੋਜਨ ਸਮਝਣਾ ਹੈ। ਕਯੋਂਕਿ ਪੇਡ ਨਹੀਂ ਗਿਣਨੇ ਅੰਬਾਂ ਦਾ ਰਸ ਚੂਪਣਾ ਹੈ।" ਇੰਞ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਭਾਈ ਗੁਰਦਾਸ ਦੀਆਂ ਇਸ ਸੰਬੰਧੀ ਉਚਾਰਣ ਕੀਤੀਆਂ ਪਉੜੀਆਂ ਦਾ ਵਿਸ਼ਲੇਸ਼ਣ ਕਰ ਲਈਏ। ਭਾਈ ਗੁਰਦਾਸ ਜੀ ਦੀ ਪਹਿਲੀ ਵਾਰ ਦੀ ਬਹੁ-ਪ੍ਰਚਲਿਤ ਪਉੜੀ ਹੈ-

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧ ਜਗ ਚਾਨਣ ਹੋਆ॥
ਜਿਉਂ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ॥
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਏ ਨ ਧੀਰ ਧਰੋਆ॥
ਜਿਥੈ ਬਾਬਾ ਪੈਰ ਧਰੈ ਪੂਜਾ ਆਸਣ ਥਾਪਣ ਸੋਆ॥
ਸਿਧ ਆਸਣ ਸਭ ਜਗਤ ਦੇ ਨਾਨਕ ਆਦ ਮਤੇ ਜੇ ਕੋਆ॥
ਘਰ ਘਰ ਅੰਦਰ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ॥
ਬਾਬੇ ਤਾਰੇ ਚਾਰ ਚਕ ਨੌ ਖੰਡ ਪ੍ਰਿਥਮੀ ਸਚਾ ਢੋਆ॥
ਗੁਰਮੁਖ ਕਲਿ ਵਿਚ ਪਰਗਟ ਹੋਆ[2]॥

ਆਮ ਤੌਰ 'ਤੇ ਸਤਿਗੁਰ ਨਾਨਕ ਪ੍ਰਗਟਿਆ' ਨੂੰ ਸਿੱਖ ਪੰਥ ਗੁਰੂ ਜੀ ਦੇ ਜਗਤ ਵਿਚ ਅਵਤ੍ਰਣ ਨਾਲ ਸੰਬੰਧਿਤ ਕਰ ਦੇਂਦਾ ਹੈ, ਜਦੋਂ ਕਿ ਹਕੀਕਤਨ ਭਾਈ ਗੁਰਦਾਸ ਜੀ ਇਹ ਦਸ ਰਹੇ ਹਨ, ਕਿ ਜਦੋਂ ਸ਼੍ਰੀ ਗੁਰੂ ਨਾਨਕ ਦੇਵ ਜੀ ਸੁਮੇਰ ਪਰਬਤ ਉੱਤੇ ਜਾਣ ਲਈ ਤਿਆਰ ਹੁੰਦੇ ਹਨ, ਤਾਂ ਉਸ ਵੇਲੇ ਤੀਕ ਉਨ੍ਹਾਂ ਦੀ ਅੱਛੀ-ਖ਼ਾਸੀ ਮਹਿਮਾ ਚਾਰੋਂ-ਤਰਫ਼ ਪਸਰ ਚੁਕੀ ਸੀ। ਜਦੋਂ ਉਹ ਸੁਮੇਰ 'ਤੇ ਜਾ ਚੜ੍ਹਦੇ ਹਨ, ਤਾਂ ਉੱਥੇ ਚੌਰਾਸੀ ਸਿਧਾਂ, ਜਿਨ੍ਹਾਂ ਵਿਚ ਗੋਰਖ ਨਾਥ ਵੀ ਹੈ, ਦੀ ਮੰਡਲੀ ਸਜੀ ਹੋਈ ਵੇਖਦੇ ਹਨ। ਅਸਲ ਵਿਚ ਇਸ ਅਤਿ ਸੁਚੇਤ ਕਥਨ ਦਾ ਪ੍ਰਯੋਜਨ ਕੇਵਲ ਇਹ ਹੀ ਦੱਸਣਾ ਹੈ, ਕਿ ਜਿਹੜੇ ਜੋਗੀ ਸੁਮੇਰੁ ਤੇ ਵਿਰਾਜਮਾਨ ਸਨ, ਉਨ੍ਹਾਂ ਦਾ ਸੰਬੰਧ ਬੋਧੀ ਸਿਧਾਂ ਨਾਲ ਸੀ, ਕਿਉਂਕਿ ਚੌਰਾਸੀ ਸਿਧ[3] ਬੋਧੀ ਸਾਧਕਾਂ ਦੇ ਹੀ ਸਨ, ਨਾਥ ਪੰਥ ਵਿਚ ਨੌਂ ਨਾਥਾਂ[4] ਦਾ ਹੀ ਮਹੱਤਵ ਦਰਸਾਇਆ ਗਿਆ ਹੈ, ਹਾਲਾਂਕਿ ਨਾਥ ਪੰਥੀ

---

[2] ਭਾਈ ਗੁਰਦਾਸ, ਵਾਰ 1, ਪਉੜੀ 27.

[3] 84 ਸਿੱਧ ਇਹ ਹਨ: 1. ਅਚਿੰਤਪਾ।2. ਅਯੋਗਿਪਾ।3. ਅਨੰਗਪਾ ਜਾਂ ਅਨੰਗਵਜ੍ਰ।4. ਆਰਯਾਦੇਵ, ਕਰਣ੍ਰੀਪਾ।5. ਬਾਭਾਹਾ। 6.ਭਦ੍ਰਪਾ।7.ਭੰਦੇਪਾ।8. ਭਿਕ੍ਸ਼ਣਪਾ।9. ਭੁਸ਼ੁਕੁਪਾਦ।10. ਚਮਰੀਪਾ।11. ਚੰਪਕਪਾਦ।12. ਚਰਪਟੀ।13. ਚਤ੍ਰਪਾ। 14. ਚੌਰੰਗੀਪਾ।15. ਚੇਲੁਕੁਪਾ।16. ਦਾਰਿਕਪਾ। 17. ਡੇਂਗਿਪਾ।18. ਧਾਹੁਲਿਪਾ।19. ਧਰਮਪਾ।20. ਧਿਲਿਪਾ।21. ਧੋਬਿਪਾ।22. ਧੋਕਰਿਪਾ।23. ਡੋਂਬਿਪਾ।24. ਦੁਖੰਡੀ।25. ਘੰਟਾਪਾ। 26. ਗਹਰਬਰੀਪਾ।27. ਗੋਧੁਰਿਪਾ।28. ਗੋਰਖਨਾਥ।29. ਇੰਦ੍ਰਭੂਤਿ (ਤਿਲੋਪਾ)। 30. ਜਲੰਧਰ। 31. ਜਯਨੰਦ।32. ਜੋਗਿਪਾ।33. ਕਾਲੱਪਾ। 34. ਕੰਪਰਿਪਾ।35. ਕੰਬਲ।36. ਕਨਖਲ।37. ਕਾਨਹਪਾ।38. ਕੰਕਣ।39. ਕੰਕਰਿਪਾ।40. ਕੰਤਲਿਪਾ।41. ਕਪਾਲਪਾ।42. ਖੜਗਪਾ। 43. ਕਿਲਕਿਲਾਪਾ।44. ਕਿਰਪਾਲਪਾ।45. ਕੋਕਿਲਿਪਾ।46. ਕੋਤਲਿਪਾ।47. ਕੁਚਿਪਾ।48. ਕੁਕੁਰਿਪਾ।49. ਕੁੰਭਾਰਿਪਾ।50. ਲਕ੍ਸ਼ਮੀਕਰ। 51. ਲਿਲੱਪਾ।52. ਲੁਚਿਕਾਪਾ।53. ਲੁਇਪਾ।54. ਮਹੀਪਾ।55. ਮਣਿਭਦ੍ਰ।56. ਮੇਦਿਨੀ।57. ਮੇਖਲਾ।58. ਮੇਕੋਪਾ।59. ਮੀਨਪਾ। 60. ਨਾਗਬੋਧਿਨੀ।61.ਨਾਗਾਰਜੁਨ। 62. ਨਲਿਨਪਾ।63. ਨਿਰਗੁਨਪਾ।64. ਪਚਰਿਪਾ।65. ਪੰਕਜਪਾ।66. ਪੁਤਲਿਪਾ।67. ਰਾਹੁਲ।68. ਸਰਹਾ। 69. ਸਕਾਰ।70. ਸਮੁਦ੍ਰ।71. ਸ਼ਾਂਤਿਪਾ।72. ਸਰਵਭਕ੍ਸ਼।73. ਸ਼ਵਾਰਿਪਾ।74. ਸਯਾਲਿਪਾ।75. ਤਾਂਤੇਪਾ।76. ਤੰਤਿਪਾ।77. ਠਗਨਪਾ। 78. ਠਗਨਪਾ।79. ਤਿਲੋਪਾ।80. ਉਡਿਲਿਪਾ। 81. ਉਪਾਨ੍ਹਾ। 82. ਵੀਣਾਪਾ।83. ਵਿਰੂਪਾ। 84. ਵਯਾਲਿਪਾ। (ਵੱਖ-ਵੱਖ ਸੂਚੀਆਂ ਵਿਚ ਨਾਮ-ਭੇਦ ਮਿਲਦੇ ਹਨ)।

[4] ਨਾਥ ਪੰਥ ਦੇ 9 ਪ੍ਰਮੁਖ ਨਾਥ ਹਨ- 1. ਆਦਿ ਨਾਥ।2. ਉਦਯ ਨਾਥ।3. ਸਤਯ ਨਾਥ।4. ਸੰਤੋਸ਼ ਨਾਥ।5. ਅਚੰਭਯ ਨਾਥ।6. ਕੰਥੜ ਨਾਥ।7. ਚੌਰੰਗੀ ਨਾਥ। 8. ਮਤਸ੍ਯੇਂਦ੍ਰ ਨਾਥ। 9. ਗੋਰਖ ਨਾਥ। ਮਹਾਰਣਵਤੰਤ੍ਰ ਅਨੁਸਾਰ 9 ਨਾਥ ਹਨ- 1. ਗੋਰਖਨਾਥ।2. ਜਾਲੰਧਰਨਾਥ। 3. ਨਾਗਾਰਜੁਨ।4. ਸਹਸ੍ਰਾਰਜੁਨ।5. ਦੱਤਾ ਤ੍ਰੇਯ।6. ਦੇਵਦੱਤ।7. ਜੜਭਰਤ।8. ਆਦਿਨਾਥ।9. ਮਤਸਯੇਂਦ੍ਰਨਾਥ। ਯੋਗਿ

ਵੀ ਸਿਧ ਪਦ ਦੀ ਵਰਤੋਂ ਕਰਦੇ ਰਹੇ ਹਨ। ਭਾਈ ਗੁਰਦਾਸ ਇਕ ਅਜਿਹੇ ਸਿੱਖ ਚਿੰਤਕ ਸਨ, ਕਿ ਉਹ ਭਾਰਤੀ ਧਰਮ-ਚਿੰਤਨ ਦੇ ਹਰ ਸੂਖ਼ਮ-ਤਤ੍ਵ ਤੋਂ ਭਲੀ-ਭਾਂਤੀ ਪਰਿਚਿਤ ਸਨ। ਉਹ ਜਾਣਦੇ ਸਨ ਕਿ ਗੋਰਖ ਨਾਥ ਭਾਵੇਂ ਸ਼ਿਵ-ਪੂਜ ਨਾਥ-ਪੰਥੀ ਸੀ, ਫਿਰ ਵੀ ਪਹਿਲਾਂ ਉਸ ਦਾ ਸੰਬੰਧ ਸਿਧ ਪੰਥ ਨਾਲ ਰਿਹਾ ਹੈ ਅਤੇ 84 ਸਿਧਾਂ ਵਿਚ ਵੀ ਉਸ ਦੀ ਗਿਣਤੀ ਪਰੰਪਰਾ ਤੋਂ ਹੁੰਦੀ ਰਹੀ ਹੈ। ਇਸ ਲਈ ਭਾਈ ਜੀ ਨੇ ਸਿਧ-ਮੰਡਲੀ ਵਿਚ ਗੋਰਖ ਦੀ ਗਿਣਤੀ ਵੀ ਕਰ ਲਈ ਹੈ। ਇੱਥੇ ਇਹ ਵੀ ਸਮਝਣਾ ਜ਼ਰੂਰੀ ਹੈ ਕਿ ਗੋਰਖ ਆਦਿ ਪੂਰਵਵਰਤੀ ਜੋਗ-ਸਾਧਕਾਂ ਦਾ ਵਰਣਨ ਇਸ ਅੰਤਰ-ਦ੍ਰਿਸ਼ਟੀ ਅਧੀਨ ਕੀਤਾ ਹੈ, ਜਿਸ ਅਨੁਸਾਰ ਮਹਾਪੁਰੁਖ਼ ਨੂੰ ਅਮਰ ਮੰਨ ਲਿਆ ਜਾਂਦਾ ਹੈ, ਕਿਉਂ ਜੁ ਉਸ ਦੁਆਰਾ ਸਥਾਪਿਤ ਧਰਮ-ਸਿਧਾਂਤ ਅਤੇ ਸਾਧਨਾ-ਪੱਧਤੀ ਉਸ ਦੇ ਸ਼ਿਸ਼ਾਂ ਵਿਚ ਜੀਵਿਤ ਰਹਿੰਦੀ ਹੈ। ਇਸੇ ਦ੍ਰਿਸ਼ਟੀ ਤੋਂ ਉਸ ਦੇ ਸ਼ਿਸ਼ਾਂ ਨਾਲ ਕੀਤੀ ਚਰਚਾ ਨੂੰ ਸਿਧੀ ਉਸ ਨਾਲ ਕੀਤੀ ਚਰਚਾ ਹੀ ਮੰਨ ਲਿਆ ਜਾਂਦਾ ਹੈ। ਹੇਠਲੀ ਪਉੜੀ ਵਿਚ ਕੁਝ ਅਜਿਹੇ ਤੱਥ ਹਨ, ਜਿਨ੍ਹਾਂ ਦਾ ਸਿਧਾਂ ਸੰਬੰਧ 'ਸਿਧ ਗੋਸਟਿ' ਨਾਲ ਹੈ, ਜਿਵੇਂ ਸਿਧਾਂ ਦੁਆਰਾ ਗੁਰੂ ਜੀ ਨੂੰ 'ਬਾਲਾ' ਕਹਿਣਾ ਅਤੇ ਉਨ੍ਹਾਂ ਦਾ ਪਰਿਚਯ ਪੁਛਣਾ-

ਬਾਬੇ ਡਿਠੀ ਪਿਰਥਮੀ ਨਵੈ ਖੰਡ ਜਿਥੈ ਤਕ ਆਹੀ॥
ਫਿਰ ਜਾ ਚੜੇ ਸੁਮੇਰ ਪਰ ਸਿਧ ਮੰਡਲੀ ਦ੍ਰਿਸਟੀ ਆਈ॥
ਚੌਰਾਸੀਹ ਸਿਧ ਗੋਰਖਾਦਿ ਮਨ ਅੰਦਰਿ ਗਣਤੀ ਵਰਤਾਈ॥
ਸਿਧ ਪੁਛਨਿ ਸੁਨ ਬਾਲਿਆ ਕੌਨ ਸਕਤਿ ਤੁਹਿ ਏਥੇ ਲਿਆਈ॥
ਹਉ ਜਪਿਆ ਪਰਮੇਸ਼ਰੋ ਭਾਉ ਭਗਤਿ ਸੰਗਿ ਤਾੜੀ ਲਾਈ॥
ਆਖਣ ਸਿਧ ਸੁਣ ਬਾਲਿਆ ਅਪਣਾ ਨਾ ਤੁਮ ਦੇਹੁ ਬਤਾਈ ॥
ਬਾਬਾ ਆਖੇ ਨਾਥ ਜੀ ਨਾਨਕ ਨਾਮਿ ਜਪੇ ਗਤਿ ਪਾਈ॥
ਨੀਚ ਕਹਾਇ ਊਚ ਘਰਿ ਆਈ[5] ॥

ਆਮ ਤੌਰ ਤੇ '*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ॥ ਕੂੜੁ ਅਮਾਵਸ ਸਚੁ ਚੰਦ੍ਰਮਾ ਦੀਸੈ ਨਾਹੀ ਕਹ ਚੜਿਆ*' ਵਰਗੇ ਗੁਰੁ-ਬਚਨਾਂ ਨੂੰ ਉਨ੍ਹਾਂ ਦੀ ਜਗਤ ਵਿਚ ਆਮਦ ਤੋਂ ਪਹਿਲਾਂ ਦੀ ਦੁਰਗਤੀ ਨਾਲ ਸੰਬੰਧਿਤ ਕਰ ਦਿੱਤਾ ਜਾਂਦਾ ਹੈ, ਪਰ ਭਾਈ ਗੁਰਦਾਸ ਜੀ ਦੀ ਰਚਨਾ ਤੋਂ ਇਹ ਪਤਾ ਲਗਦਾ ਹੈ ਕਿ ਗੁਰੂ ਜੀ ਦੇ ਇਨ੍ਹਾਂ ਕਥਨਾਂ ਦਾ ਸੰਬੰਧ ਵੀ ਸੁਮੇਰੁ ਪਹਾੜ ਉਤੇ ਸਿਧਾਂ ਨਾਲ ਹੋਈ ਮੁਲਾਕਾਤ ਨਾਲ ਹੈ। ਸਿਧ ਗੁਰੂ ਜੀ ਨੂੰ ਪੁਛਦੇ ਹਨ ਕਿ ਹੇਠਾਂ ਦੇਸ਼ ਵਿਚ ਕੀ ਕੁਝ ਹੋ ਰਿਹਾ ਹੈ? ਗੁਰੂ ਜੀ ਕਹਿੰਦੇ ਹਨ, ਕਿ ਸਥਿਤੀ ਬਹੁਤ ਖ਼ਰਾਬ ਹੈ। ਪ੍ਰਜਾ ਦੀ ਅਗਵਾਈ ਕਰਨ ਵਾਲੇ ਲੁਟੇਰੇ ਹਨ। ਪ੍ਰਜਾ ਵੀ ਗਿਆਨਹੀਣ ਹੈ। ਜੋ ਗਿਆਨਵਾਨ ਲੋਕਾਂ ਨੂੰ ਇਸ ਮੰਦਹਾਲੀ ਵਿਚੋਂ ਕੱਢ ਸਕਦੇ ਸਨ, ਉਹ

---

ਸੰਪ੍ਰਦਾਇ ਵਿਸ਼ਕ੍ਰਤਿ ਅਨੁਸਾਰ 9 ਨਾਥ ਇਹ ਹਨ- 1. ਮਛੇਂਦ੍ਰ। 2. ਗਾਹਨਿਨਾਥ। 3. ਜਾਲੰਧਰ। 4. ਕਰਣਿਪਾ (ਕਾਨਿਪਾ)। 5. ਨਾਗਨਾਥ।6. ਚਰਪਟ।7. ਰੇਵਾ। 8. ਭਰਥਰੀ।9. ਗੋਪੀਚੰਦ੍ਰ। ਸੁਧਾਕਰ ਚੰਦ੍ਰਿਕਾ ਨੇ ਨੌਂ ਨਾਥ ਇਹ ਦਸੇ ਹਨ- 1. ਏਕਨਾਥ। 2. ਆਦਿਨਾਥ।3. ਮਛੇਂਦ੍ਰਨਾਥ।4. ਉਦਯਨਾਥ। 5. ਦੰਡਨਾਥ।6. ਸਤਯਨਾਥ।7. ਸੰਤੋਸ਼ਨਾਥ।8. ਕਰਮੂਨਾਥ।9. ਜਾਲੰਧਰਨਾਥ। ਸਾਰੇ ਨਾਥਾਂ ਨੂੰ ਗੋਰਖ ਦੇ ਅਵਤਾਰ ਕਿਹਾ ਜਾਂਦਾ ਹੈ, ਜੋ ਅਨਾਦਿ ਅਤੇ ਆਨੰਦ ਸਰੂਪ ਹਨ।

[5] ਭਾਈ ਗੁਰਦਾਸ, ਵਾਰ 1, ਪਉੜੀ 28.

ਤੁਹਾਡੇ ਵਾਂਗ ਪਹਾੜਾਂ ਵਿਚ ਛਿੱਪ ਕੇ ਬੈਠ ਗਏ ਹਨ[6]। ਇੱਥੋਂ ਸਿਧਾਂ ਦੇ ਤਿਆਗਵਾਦ ਦੀ ਪੋਲ ਵੀ ਖੁੱਲ੍ਹ ਜਾਂਦੀ ਹੈ। ਦੁਨੀਆ ਤੋਂ ਆਪਣੇ ਆਪ ਨੂੰ ਨਿਰਲੇਪ ਕਹਿਣ ਵਾਲੇ ਸਿਧਾਂ ਦਾ ਚਿਤ ਦੁਨੀਆ ਵਿਚ ਹੀ ਭਟਕ ਰਿਹਾ ਸੀ। ਹਰ ਆਏ-ਗਏ ਤੋਂ ਦੇਸ਼ ਦੇ ਹਾਲਾਤ ਹੀ ਪੁਛਦੇ ਹਨ, ਯਥਾ-

ਫਿਰ ਪੁਛਣ ਸਿਧ ਨਾਨਕਾ ਮਾਤ ਲੋਕ ਵਿਚ ਕਿਆ ਵਰਤਾਰਾ॥
ਸਭ ਸਿਧੀਂ ਏਹ ਬੁਝਿਆ ਕਲਿ ਤਾਰਣ ਨਾਨਕ ਅਵਤਾਰਾ॥
ਬਾਬੇ ਕਹਿਆ ਨਾਥ ਜੀ ਸਚ ਚੰਦ੍ਰਮਾ ਕੂੜ ਅੰਧਾਰਾ॥
ਕੂੜ ਅਮਾਵਸ ਵਰਤਿਆ ਹਉਂ ਭਾਲਣ ਚੜਿਆ ਸੰਸਾਰਾ॥
ਪਾਪਿ ਗਿਰਾਸੀ ਪਿਰਥਮੀ ਧੌਲ ਖੜਾ ਧਰ ਹੇਠ ਪੁਕਾਰਾ॥
ਸਿਧ ਛਪ ਬੈਠੇ ਪਰਬਤੀਂ ਕੌਣ ਜਗਤ ਕਉ ਪਾਰ ਉਤਾਰਾ॥
ਜੋਗੀ ਗਿਆਨ ਵਿਹੂਣਿਆਂ ਨਿਸਦਿਨ ਅੰਗ ਲਗਾਇਨ ਛਾਰਾ॥
ਬਾਝ ਗੁਰੂ ਡੁਬਾ ਜਗ ਸਾਰਾ[7] ॥

'*ਮਾਤ ਲੋਕ ਵਿਚ ਕਿਆ ਵਰਤਾਰਾ*' ਇਸ ਪ੍ਰਸ਼ਨ ਦੀ 'ਅਚਲ ਵਟਾਲੇ' ਸ਼ਿਵਰਾਤ੍ਰੀ ਦੇ ਸਮਾਗਮ ਸਮੇਂ ਕੋਈ ਪ੍ਰਾਸੰਗਿਕਤਾ ਹੀ ਨਹੀਂ ਹੋ ਸਕਦੀ, ਕਿਉਂਕਿ ਉੱਥੇ ਇਕੱਤਰ ਹੋਏ ਨਾਥ ਆਪ ਲੋਕ ਵਿਚ ਬੈਠੇ ਸਨ। ਭਾਈ ਗੁਰਦਾਸ ਬੋਧੀ ਸਿਧਾਂ ਅਤੇ ਜੋਗੀਆਂ ਦੇ ਵਿਵਹਾਰ ਦੀਆਂ ਸੂਖਮਤਾਈਆਂ ਤੋਂ ਪਰਿਚਿਤ ਹਨ। '*ਸਿਧ ਛਪ ਬੈਠੇ ਪਰਬਤੀਂ*' ਕਹਿ ਕੇ ਦਸਿਆ ਹੈ, ਕਿ ਸੁਮੇਰ ਆਦਿ ਪਰਬਤਾਂ ਤੇ ਸਾਧਨਾ ਕਰਨਾ ਸਿਧਾਂ ਦਾ ਆਚਾਰ ਹੈ ਅਤੇ ਲੋਕਾਂ ਵਿਚ ਸਵਾਹ ਮਲ਼ ਕੇ ਵਿਚਰਦੇ ਜੋਗੀ, ਨਾਥ ਆਦਿ ਹਨ- *ਜੋਗੀ ਗਿਆਨ ਵਿਹੂਣਿਆ ਨਿਸਦਿਨ ਅੰਗ ਲਗਾਇਨਿ ਛਾਰਾ*।'*ਸ਼ਬਦ ਜਿਤੀ ਸਿਧ ਮੰਡਲੀ ਕੀਤੋਸੁ ਅਪਣਾ ਪੰਥ ਨਿਰਾਲਾ*' ਲਿਖ ਕੇ ਭਾਈ ਗੁਰਦਾਸ ਜੀ ਇਹ ਵੀ ਸੰਕੇਤ ਦੇ ਦਿੰਦੇ ਹਨ, ਕਿ ਸੁਮੇਰ ਉੱਤੇ ਸਿਧਾਂ ਨਾਲ ਗੁਰੂ ਜੀ ਦਾ ਸੰਵਾਦ ਹੋਇਆ ਸੀ, ਜਿਸ ਵਿਚ ਗੁਰੂ ਜੀ ਆਪਣੇ ਵਿਚਾਰਾਂ ਰਾਹੀਂ ਤਿਆਗਵਾਦ ਦਾ ਨਿਖੇਧ ਕਰਨ ਅਤੇ ਗ੍ਰਿਹਸਥ ਮਾਰਗ ਦੀ ਉੱਤਮਤਾ ਸਥਾਪਿਤ ਕਰਨ ਵਿਚ ਸਫਲ ਰਹੇ ਸਨ। ਭਾਈ ਗੁਰਦਾਸ ਜੀ ਦੇ ਬਿਆਨ ਤੋਂ ਇਹ ਵੀ ਸਮਝ ਪੈਂਦੀ ਹੈ ਕਿ ਇਸ ਚਰਚਾ ਸਮੇਂ ਗੋਰਖਮੱਤੇ ਵਿਖੇ ਨਾਥਾਂ ਨਾਲ ਹੋਈ ਭੇਟ ਵਾਂਗ ਕਰਾਮਾਤ-ਆਸ਼੍ਰਿਤ ਸ਼ਕਤੀ-ਪ੍ਰਦਰਸ਼ਨ ਭਾਰੂ ਨਹੀਂ ਰਿਹਾ, ਬਲਕਿ ਸੁਹਰਿਦ ਵਾਤਾਵਰਣ ਵਿਚ ਉਸਾਰੂ ਵਿਚਾਰ ਚਰਚਾ ਹੋਈ ਸੀ। ਇਸ ਗੋਸ਼ਠੀ ਤੋਂ ਬਾਅਦ ਭਾਈ ਗੁਰਦਾਸ ਗੁਰੂ ਜੀ ਦੀ ਮੱਕੇ ਵੱਲ ਉਦਾਸੀ ਦਾ ਜ਼ਿਕਰ ਕਰਦਿਆਂ, ਉਨ੍ਹਾਂ ਦਾ ਵਾਪਿਸ ਕਰਤਾਰਪੁਰ ਆਉਣਾ ਦੱਸਦੇ ਹਨ। ਉਹ ਕਹਿੰਦੇ ਹਨ ਕਿ ਕਰਤਾਰਪੁਰ ਰਹਿੰਦਿਆਂ ਗੁਰੂ ਜੀ ਨੇ ਅਚਲ ਵਟਾਲੇ ਵਿਖੇ ਲੱਗਣ ਵਾਲੇ ਸ਼ਿਵਰਾਤ੍ਰੀ ਦੇ ਮੇਲੇ ਬਾਰੇ ਸੁਣਿਆ ਅਤੇ ਵਟਾਲੇ ਪਹੁੰਚ ਗਏ, ਜਿਸ ਨੂੰ

---

[6] ਕਲਿ ਆਈ ਕੁਤੇ ਮੁਹੀ ਖਾਜ ਹੋਆ ਮੁਰਦਾਰ ਗੁਸਾਈ॥ ਰਾਜੇ ਪਾਪ ਕਮਾਵਦੇ ਉਲਟੀ ਵਾੜ ਖੇਤ ਕਉ ਖਾਈ॥ ਪਰਜਾ ਅੰਧੀ ਗਿਆਨ ਬਿਨ ਕੂੜ ਕੁਸਤੁ ਮੁਖਹੁ ਅਲਾਈ॥ ਚੇਲੇ ਸਾਜ ਵਜਾਇੰਦੇ ਨਚਣਿ ਗੁਰੂ ਬਹੁਤ ਬਿਧਿ ਭਾਈ॥ ਸੇਵਕ ਬੈਠਨਿ ਘਰਾਂ ਵਿਚਿ ਗੁਰ ਉਠ ਘਰੀਂ ਤਿਨਾੜੇ ਜਾਈ॥ ਕਾਜੀ ਹੋਏ ਰਿਸ਼ਵਤੀ ਵਢੀ ਲੈਕੇ ਹਕ ਗਵਾਈ॥ ਇਸਤ੍ਰੀ ਪੁਰਖਾ ਦਾਮ ਹਿਤ ਭਾਵੇ ਆਇ ਕਿਥਾਊ ਜਾਈ॥ ਵਰਤਿਆ ਪਾਪ ਸਭਸ ਜਗ ਮਾਹੀ ॥

ਭਾਈ ਗੁਰਦਾਸ ਵਾਰ 1, ਪਉੜੀ 30

[7] ਭਾਈ ਗੁਰਦਾਸ, ਵਾਰ 1, ਪਉੜੀ 29.

ਵੇਖ ਕੇ ਜੋਗੀ 'ਰਿਸ਼ਕ ਘਨੇਰੀ ਖਾਈ' ਅਤੇ 'ਵੇਖ ਚਲਿਤ੍ਰ ਜੋਗੀ ਖੁਣਸਾਈ'[8] ਵਾਲੀ ਖਲ-ਬਲੀ ਮੱਚ ਗਈ। ਇਹ ਸਪਸ਼ਟ ਹੈ ਕਿ ਅਚਲ ਵਟਾਲੇ ਵਾਲੇ ਜੋਗੀ ਬਹੁਤੇ ਨਾਥਪੰਥੀ ਸਨ, ਸਿਧ ਨਹੀਂ ਸਨ, ਕਿਉਂਕਿ ਸ਼ਿਵਰਾਤ੍ਰੀ ਦਾ ਸੰਬੰਧ 'ਆਦਿਨਾਥ' ਸ਼ਿਵ ਨਾਲ ਹੈ, ਬੋਧੀ ਸਿਧਾਂ ਦਾ ਉਸ ਨਾਲ ਕੋਈ ਸੰਬੰਧ ਨਹੀਂ ਸੀ। ਭਾਈ ਜੀ ਦੀ ਸੂਚਨਾ ਅਨੁਸਾਰ ਗੁਰੂ ਨਾਨਕ ਦੇਵ ਜੀ ਦੇ ਵੱਧਦੇ ਪ੍ਰਭਾਵ ਤੋਂ ਈਰਖਾਲੂ ਹੋਏ ਜੋਗੀ-ਰਾਜ ਉਚੇਚ ਸਹਿਤ ਇਕੱਤਰ ਹੋ ਕੇ ਗੁਰੂ ਜੀ ਨਾਲ ਚਰਚਾ ਕਰਨ ਅਚਲ ਵਟਾਲੇ ਆਏ ਸਨ। ਇਸ ਚਰਚਾ ਵਿਚ ਸੁਮੇਰ ਵਾਲਾ ਸਹਿਜ ਅਤੇ ਸੁਹਿਰਦ ਭਾਵ ਨਹੀਂ ਸੀ, ਬਲਕਿ ਇਹ ਇਕ ਤਲਖ਼ ਗੋਸ਼ਠੀ ਸੀ, ਜਿਸ ਵਿਚ ਜੋਗੀਆਂ ਵਾਸਤੇ ਜਿੱਤ-ਹਾਰ ਇਕ ਮਾਨ-ਅਪਮਾਨ ਦੀ ਸਥਿਤੀ ਸੀ, ਕਿਉਂਕਿ ਉਨ੍ਹਾਂ ਮਹਿਸੂਸ ਕਰ ਲਿਆ ਸੀ, ਕਿ ਗੁਰੂ ਨਾਨਕ ਦੇਵ ਜੀ ਨੇ ਜਿਸ ਢੰਗ ਨਾਲ ਉਨ੍ਹਾਂ ਦੇ ਤਿਆਗਵਾਦ ਉੱਤੇ ਵਿਚਾਰਧਾਰਕ ਹਮਲਾ ਕੀਤਾ ਹੈ, ਉਹ ਜੋਗ ਪੰਥਾਂ ਵਾਸਤੇ ਬਹੁਤ ਘਾਤਕ ਸਿਧ ਹੋ ਸਕਦਾ ਹੈ। ਇਸੇ ਪ੍ਰਿਸ਼ਠ-ਭੂਮੀ ਕਾਰਨ ਅਚਲ ਦੀ ਗੋਸ਼ਠੀ ਵਿਚ 'ਭੰਗਰੀਨਾਥ' ਵਰਗੇ ਜੋਗੀਆਂ ਅਤੇ ਗੁਰੂ ਜੀ ਵਿਚ ਅਸਹਿਜ ਗੱਲਾਂ ਵੀ ਹੋਈਆਂ। ਭਾਈ ਗੁਰਦਾਸ ਜੀ ਦੇ ਸ਼ਬਦਾਂ ਵਿਚ-

> ਖਾਧੀ ਖੁਣਸ ਜੋਗੀਸਰਾਂ ਗੋਸਟਿ ਕਰਨ ਸਭੇ ਉਠਿ ਆਈ॥
> ਪੁਛੇ ਜੋਗੀ ਭੰਗਰਿ ਨਾਥ ਤੁਹਿ ਦੁਧ ਵਿਚ ਕਿਉਂ ਕਾਂਜੀ ਪਾਈ॥
> ਫਿਟਿਆ ਚਾਟਾ ਦੁਧ ਦਾ ਰਿੜਕਿਆਂ ਮਖਣੁ ਹਥਿ ਨ ਆਈ॥
> ਭੇਖ ਉਤਾਰਿ ਉਦਾਸ ਦਾ ਵਤ ਕਿਉਂ ਸੰਸਾਰੀ ਰੀਤਿ ਚਲਾਈ॥
> ਨਾਨਕ ਆਖੇ ਭੰਗਰਿ ਨਾਥ ਤੇਰੀ ਮਾਉ ਕੁਚਜੀ ਆਈ॥
> ਭਾਂਡਾ ਧੋਇ ਨ ਜਾਤਿਓਨ ਭਾਇ ਕੁਚਜੇ ਫੁਲ ਸੜਾਈ॥
> ਹੋਇ ਅਤੀਤ ਗ੍ਰਿਹਸਤ ਤਜਿ ਫਿਰਿ ਉਨਹੂੰ ਕੇ ਘਰਿ ਮੰਗਨ ਜਾਈ॥
> ਬਿਨ ਦਿਤੇ ਕਿਛੁ ਹਥਿ ਨ ਆਈ ॥[9]

ਇਹ ਭੇਟ ਇਕ ਕਿਸਮ ਦਾ ਟਕਰਾਅ ਬਣ ਗਿਆ। ਗੁਰੂ ਜੀ ਦੇ ਬਚਨਾਂ ਨੇ ਜੋਗੀਆਂ ਨੂੰ ਅੱਗ-ਬਬੂਲਾ ਕਰ ਦਿੱਤਾ। ਉਹ ਕਿਲਕਾਰੀਆਂ ਮਾਰ ਕੇ ਕਰਾਮਾਤੀ ਸ਼ਕਤੀਆਂ ਦਿਖਾਉਣ ਲਗ ਪਏ। ਗੁਰੂ ਜੀ ਉਨ੍ਹਾਂ ਨੂੰ ਕੇਵਲ ਨਾਥ-ਜੋਗੀਆਂ ਵਾਸਤੇ ਹੀ ਵੱਡਾ ਖ਼ਤਰਾ ਨਹੀਂ ਜਾਪੇ, ਬਲਕਿ ਉਨ੍ਹਾਂ ਮਹਿਸੂਸ ਕੀਤਾ ਕਿ ਇਸ ਦੇ ਇਹ ਵਿਚਾਰ ਕੇਵਲ ਤਿਆਗਵਾਦੀਆਂ ਵਾਸਤੇ ਹੀ ਖ਼ਤਰਨਾਕ ਨਹੀਂ, ਬਲਕਿ ਭਾਰਤ ਦੀ ਉਸ ਵੈਦਿਕ ਦਰਸ਼ਨ-ਪ੍ਰਣਾਲੀ ਵਾਸਤੇ ਵੀ ਘਾਤਕ ਹਨ, ਜਿਸ ਵਿਚ ਯੋਗ ਦਰਸ਼ਨ ਨੂੰ ਵੀ ਸਨਮਾਨਯੋਗ ਸਥਾਨ ਮਿਲਿਆ ਹੋਇਆ ਹੈ। ਗੁਰੂ ਜੀ ਨੂੰ ਛੋਟਾ ਦੱਸਣ ਵਾਸਤੇ ਸਾਰੇ ਜੋਗੀ ਆਪਣੀ ਪੂਰੀ ਸਮਰੱਥਾ ਨਾਲ ਕਰਾਮਾਤੀ ਤਾਕਤਾਂ ਵਿਖਾਉਣ ਲਗੇ। ਗੁਰੂ ਜੀ ਦੇ ਤਿਆਗ-ਵਿਰੋਧੀ ਅਤੇ ਗ੍ਰਿਹਸਥ-ਸਮਰਥਕ ਵਿਚਾਰਾਂ ਨੇ ਉਨ੍ਹਾਂ ਨਾਥਾਂ ਦੇ ਮਨ ਵਿਚ ਈਰਖਾ ਦੀ ਨਾ ਬੁਝਣ ਵਾਲੀ ਅੱਗ ਦੇ ਭਾਂਬੜ ਬਾਲ ਦਿਤੇ-

> ਏਹ ਸੁਣ ਬਚਨ ਜੁਗੀਸਰਾਂ ਮਾਰ ਕਿਲਕ ਬਹੁ ਰੂਪ ਉਠਾਈ॥

---

[8] ਮੇਲਾ ਸੁਣ ਸ਼ਿਵਰਾਤ ਦਾ ਬਾਬਾ ਅਚਲ ਵਟਾਲੇ ਆਈ॥ ਦਰਸ਼ਨ ਵੇਖਣ ਕਾਰਨੇ ਸਗਲੀ ਉਲਟ ਪਈ ਲੋਕਾਈ॥... ਜੋਗੀ ਵੇਖ ਚਲਿਤ੍ਰ ਨੋਂ ਮਨ ਵਿਚ ਰਿਸ਼ਕ ਘਨੇਰੀ ਖਾਈ॥.. ਵੇਖ ਚਲਿਤ੍ਰ ਜੋਗੀ ਖੁਣਸਾਈ ॥

ਭਾਈ ਗੁਰਦਾਸ, ਵਾਰ 1, ਪਉੜੀ 39

[9] ਭਾਈ ਗੁਰਦਾਸ, ਵਾਰ 1, ਪਉੜੀ 40.

ਖਟ ਦਰਸਨੁ ਕਉ ਖੇਦਿਆ ਕਲਿਜੁਗ ਬੇਦੀ ਨਾਨਕ ਆਈ॥
ਸਿਧ ਬੋਲਨ ਸਭ ਅਉਖਧੀਆਂ ਤੰਤ੍ਰ ਮੰਤ੍ਰ ਕੀ ਧੁਨੀ ਚੜ੍ਹਾਈ॥
ਰੂਪ ਵਟਾਇਆ ਜੋਗੀਆਂ ਸਿੰਘ ਬਾਘ ਬਹੁ ਚਲਿਤ ਦਿਖਾਈ॥
ਇਕ ਪਰ ਕਰਕੇ ਉਡਰਨ ਪੰਖੀ ਜਿਵੇਂ ਰਹੇ ਲੀਲਾਈ॥
ਇਕ ਨਾਗ ਹੋਇ ਪਵਨ ਛੋਡ ਇਕਨਾ ਵਰਖਾ ਅਗਨਿ ਵਸਾਈ॥
ਤਾਰੇ ਤੋੜੇ ਭੰਗਰਿਨਾਥ ਇਕ ਚੜ ਮਿਰਗਾਨੀ ਜਲ ਤਰਿ ਜਾਈ॥
ਸਿਧਾਂ ਅਗਨਿ ਨ ਬੁਝੇ ਬੁਝਾਈ ॥[10]

ਸਿਧਾਂ ਨੇ ਗੁਰੂ ਜੀ ਨੂੰ ਕਰਾਮਾਤੀ ਪ੍ਰਦਰਸ਼ਨ ਦੇ ਮੈਦਾਨ ਵਿਚ ਉੱਤਰਣ ਵਾਸਤੇ ਵੰਗਾਰਿਆ, ਪਰ ਗੁਰੁਦੇਵ ਨੇ ਸਹਿਜ ਵਿਚ ਉੱਤਰ ਦਿਤਾ, ਕਿ ਤੁਹਾਡਾ ਇਹ ਵਿਵਹਾਰ ਵੇਖ ਕੇ ਮੈਨੂੰ ਤਸੱਲੀ ਹੋ ਗਈ ਹੈ ਕਿ ਜੋਗ-ਸਾਧਨਾ ਨੇ ਤੁਹਾਡੇ ਜੀਵਨ ਦਾ ਕੁਝ ਵੀ ਸੁਧਾਰ ਨਹੀਂ ਕੀਤਾ। ਤੁਹਾਡੇ ਕ੍ਰੋਧ ਅਤੇ ਅਹੰਕਾਰ ਤੋਂ ਇਹੋ ਲਗਦਾ ਹੈ, ਕਿ ਤੁਸੀਂ ਕੇਵਲ ਜੋਗ ਦੇ ਚਿੰਨ੍ਹਾਂ ਕਾਰਣ ਸਿਧ-ਨਾਥ ਹੋ ਅਤੇ ਅੰਦਰੋਂ ਬਿਲਕੁਲ ਥੋਥੇ ਹੋ। ਉਨ੍ਹਾਂ ਕਿਹਾ ਕਰਾਮਾਤੀ ਸ਼ਕਤੀਆਂ ਤੁਹਾਡੇ ਅਭਿਮਾਨ ਨੂੰ ਸੰਤੁਸ਼ਟ ਕਰਨ ਵਾਸਤੇ ਵੱਡੀ ਚੀਜ਼ ਹੋਣਗੀਆਂ, ਪਰ ਮੇਰਾ ਮਾਰਗ ਗੁਰੂ ਦੀ ਸੰਗਤਿ ਕਰਨ ਅਤੇ ਗੁਰਬਾਣੀ 'ਤੇ ਅਮਲ ਕਰਨ ਵਾਲਾ ਹੈ। ਮੇਰੇ ਕੋਲ ਕੇਵਲ ਇਨ੍ਹਾਂ ਦਾ ਆਧਾਰ ਹੈ, ਮੈਂ ਕਰਾਮਾਤਾਂ ਦੀ ਟੇਕ ਲੈ ਕੇ ਲੋਕਾਂ ਉਤੇ ਆਪਣਾ ਪ੍ਰਭਾਵ ਪਾਉਣ ਵਾਲੇ ਰਸਤੇ ਦਾ ਪਾਂਧੀ ਨਹੀਂ ਹਾਂ। ਨਾਥਾਂ ਦਾ ਤੰਤ੍ਰ-ਮੰਤ੍ਰ ਗੁਰੂ ਦੇ ਸ਼ਬਦ-ਬਾਣ ਅਗੇ ਸ਼ਕਤੀਹੀਣ ਸਿਧ ਹੋਇਆ। ਭਾਰੀ ਖ਼ਲਕਤ ਸਾਹਮਣੇ ਨਾਥ-ਜੋਗੀਆਂ ਦੀਆਂ ਅਭਿਮਾਨ ਭਰੀਆਂ ਕਰਾਮਾਤਾਂ ਗੁਰੂ ਜੀ ਦੇ ਨਿਮਰਤਾ ਭਰੇ ਵਿਵਹਾਰ ਅਤੇ ਯੁਕਤੀਸ਼ੀਲ ਤਾਰਕਿਕ ਵਿਚਾਰਾਂ ਸਾਹਮਣੇ ਅਸਹਾਇ ਸਾਬਤ ਹੋ ਗਈਆਂ। ਉਹ ਗੁਰੂ ਜੀ ਨੂੰ ਕਰਾਮਾਤੀ ਤਾਕਤਾਂ ਦੇ ਪ੍ਰਦਰਸ਼ਨ ਵਾਸਤੇ ਪੁਰਜ਼ੋਰ ਢੰਗ ਨਾਲ ਵੰਗਾਰਦੇ ਰਹੇ, ਪਰ ਗੁਰੂ ਜੀ ਸਹਿਜ ਵਿਚ ਟਿਕੇ ਦਲੀਲ ਨਾਲ ਉਤਰ ਦੇਂਦੇ ਰਹੇ, ਵਿਚਲਿਤ ਨਹੀਂ ਹੋਏ-

ਸਿਧ ਬੋਲੇ ਸੁਨ ਨਾਨਕਾ ਤੁਹਿ ਜਗ ਨੂੰ ਕਰਾਮਾਤ ਦਿਖਲਾਈ॥
ਕੁਝ ਦਿਖਾਈਂ ਅਸਾਨੂੰ ਭੀ ਤੂੰ ਕਿਉਂ ਢਿਲ ਅਜੇਹੀ ਲਾਈ॥
ਬਾਬਾ ਬੋਲੇ ਨਾਥ ਜੀ ਅਸਾਂ ਵੇਖੇ ਜੋਗੀ ਵਸਤੁ ਨ ਕਾਈ॥
ਗੁਰ ਸੰਗਤ ਬਾਣੀ ਬਿਨਾ ਦੂਜੀ ਓਟ ਨਹੀਂ ਹੈ ਰਾਈ॥
ਸਿਵ ਰੂਪੀ ਕਰਤਾ ਪੁਰਖ ਚਲੇ ਨਾਹੀਂ ਧਰਤਿ ਚਲਾਈ॥
ਸਿਧ ਤੰਤ੍ਰ ਮੰਤ੍ਰ ਕਰ ਝੜ ਪਏ ਸ਼ਬਦ ਗੁਰੂ ਕੈ ਕਲਾ ਛਪਾਈ॥
ਦਦੇ ਦਾਤਾ ਗੁਰੂ ਹੈ ਕਕੇ ਕੀਮਤ ਕਿਨੈ ਨ ਪਾਈ॥
ਸੋ ਦੀਨ ਨਾਨਕ ਸਤਿਗੁਰ ਸਰਣਾਈ॥[11]

ਭਾਈ ਗੁਰਦਾਸ ਜੀ ਦੀ ਰਚਨਾ ਉੱਤੇ ਵਿਚਾਰ ਕੀਤਿਆਂ ਇਹ ਸਿਧ ਨਹੀਂ ਹੁੰਦਾ ਕਿ 'ਅਚਲ ਵਟਾਲੇ' ਵਿਚ 'ਸਿਧ ਗੋਸਟਿ' ਵਰਗੀ ਗੰਭੀਰ ਪਰਿਚਰਚਾ ਵਾਸਤੇ ਉਪਯੁਕਤ ਵਾਤਾਵਰਣ ਸੀ, ਪਰ ਭਾਈ ਜੀ ਦਾ ਇਹ ਕਥਨ '*ਬਾਬੇ*

[10] ਭਾਈ ਗੁਰਦਾਸ, ਵਾਰ 1, ਪਉੜੀ 41

[11] ਭਾਈ ਗੁਰਦਾਸ, ਵਾਰ 1, ਪਉੜੀ 42

*ਕੀਤੀ ਸਿਧ ਗੋਸਟਿ ਸਬਦ ਸਾਂਤਿ ਸਿਧਾਂ ਵਿਚ ਆਈ ॥ ਜਿਣ ਮੇਲਾ ਸ਼ਿਵਰਾਤ ਦਾ ਖਟ ਦਰਸ਼ਨ ਆਦੇਸ ਕਰਾਈ॥* '[12] ਇਹ ਭ੍ਰਮ ਪੈਦਾ ਕਰ ਦੇਂਦਾ ਹੈ ਕਿ 'ਸਿਧ ਗੋਸਟਿ' ਸ਼ਾਇਦ ਕੇਵਲ ਵਟਾਲੇ ਵਿਚ ਹੀ ਹੋਈ ਸੀ। ਹਕੀਕਤਨ ਇਹ ਸਥਿਤੀ ਨਹੀਂ ਹੈ। 'ਸਿਧ ਗੋਸਟਿ' ਵਿਚੋਂ 'ਸੁਮੇਰ' ਪਰਬਤ ਦੇ ਵਾਤਾਵਰਣ ਦੀ ਝਲਕ ਮਿਲਦੀ ਹੈ, ਜਦੋਂਕਿ 'ਅਚਲ ਵਟਾਲੇ' ਦੀਆਂ ਘਟਨਾਵਾਂ ਲੁਪਤ ਹਨ। ਮਸਲਨ 'ਅਚਲ ਵਟਾਲੇ' ਵਿਚ ਇਕੱਤਰ ਹੋਏ ਜੋਗੀਆਂ ਨੂੰ ਗੁਰੂ ਜੀ ਤੋਂ ਇਹ ਪੁੱਛਣ ਦੀ ਕੋਈ ਜ਼ਰੂਰਤ ਨਹੀਂ ਸੀ ਕਿ ਤੇਰਾ ਨਾਮ ਕੀ ਹੈ? ਤੇਰਾ ਪੰਥ ਕਿਹੜਾ ਹੈ? ਤੂੰ ਕਿੱਥੋਂ ਆਇਆ ਹੈਂ? ਤੂੰ ਕਿੱਧਰ ਜਾ ਰਿਹਾ ਹੈਂ? ਸਿਧਾਂ ਦੇ ਇਹ ਪ੍ਰਸ਼ਨ 'ਸੁਮੇਰੁ' 'ਤੇ ਹੀ ਯੁਕਤੀ-ਸੰਗਤ ਸਨ। ਇਕ ਹੋਰ ਅਹਿਮ ਗਲ ਇਹ ਹੈ ਕਿ 'ਸਿਧ ਗੋਸਟਿ' ਵਿਚ ਸਿਧ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ, ਕਿ ਜੇ ਤੁਸੀਂ ਸੰਨਿਆਸੀਆਂ ਦੇ ਭੇਖਾਂ ਅਤੇ ਤਿਆਗਵਾਦ ਦੇ ਵਿਰੋਧੀ ਹੋ, ਤਾਂ ਤੁਸੀਂ ਘਰ ਦਾ ਤਿਆਗ ਕਿਉਂ ਕੀਤਾ ਹੈ ਅਤੇ ਇਹ ਉਪਰਾਮ ਸਾਧੂਆਂ ਵਾਲਾ ਭੇਖ ਕਿਉਂ ਧਾਰਨ ਕੀਤਾ ਹੈ, ਯਥਾ- *ਕਿਸੁ ਕਾਰਣਿ ਗ੍ਰਿਹੁ ਤਜਿਓ ਉਦਾਸੀ ॥ ਕਿਸੁ ਕਾਰਣਿ ਇਹੁ ਭੇਖੁ ਨਿਵਾਸੀ॥* 'ਅਚਲ ਵਟਾਲੇ' ਪੁੱਜਣ ਤੋਂ ਪਹਿਲਾਂ ਸ਼੍ਰੀ ਗੁਰੂ ਜੀ ਗ੍ਰਿਹਸਥ ਵਿਚ ਵਾਪਿਸ ਪਰਤ ਚੁੱਕੇ ਸਨ ਅਤੇ ਉਦਾਸੀ ਬਾਣਾ ਵੀ ਤਿਆਗ ਚੁਕੇ ਸਨ। 'ਅਚਲ ਵਟਾਲੇ' ਵਿਚ ਜੋਗੀਰਾਜ 'ਭੰਗਰਿ ਨਾਥ' ਗੁਰੂ ਜੀ ਉੱਤੇ ਕਿੰਤੂ ਕਰਦਾ ਹੈ- *ਭੇਖ ਉਤਾਰ ਉਦਾਸਿ ਦਾ ਵਤ ਕਿਉਂ ਸੰਸਾਰੀ ਰੀਤ ਚਲਾਈ।* ਇਸ ਲਈ ਅਚਲ ਵਾਲੀ ਗੋਸ਼ਠੀ ਸਮੇਂ ਗੁਰੂ ਜੀ ਦੇ ਗ੍ਰਿਹ-ਤਿਆਗ ਅਤੇ ਉਦਾਸੀਨ ਪਹਿਰਾਵੇ ਸੰਬੰਧੀ ਉਪਰੋਕਤ ਪ੍ਰਸ਼ਨ ਬਿਲਕੁਲ ਅਪ੍ਰਾਸੰਗਿਕ ਹੋ ਜਾਂਦੇ ਹਨ। ਇੰਵ ਹੀ ਤੇਰਾ ਨਾਮ ਕੀ ਹੈ? ਤੂੰ ਕਿਧਰੋਂ ਆਇਆ ਹੈਂ? ਤੂੰ ਕਿਧਰ ਜਾ ਰਿਹਾ ਹੈਂ? ਆਦਿ ਪ੍ਰਸ਼ਨ ਅਚਲ ਵਟਾਲੇ ਨਾਲ ਬਿਲਕੁਲ ਨਹੀਂ ਜੁੜ ਸਕਦੇ, ਕਿਉਂਕਿ ਇਹ ਸਾਰੀਆਂ ਗਲਾਂ ਅਚਲ ਇਕੱਠੇ ਹੋਏ ਨਾਥ ਭਲੀ-ਭਾਂਤਿ ਜਾਣਦੇ ਸਨ। ਸੋ ਇਹ ਸਾਰੀਆਂ ਪ੍ਰਸਥਿਤੀਆਂ ਇਹੋ ਸਪਸ਼ਟ ਕਰਦੀਆਂ ਹਨ, ਕਿ 'ਸਿਧ ਗੋਸਟਿ' ਦਾ ਮੂਲ ਭਾਗ 'ਸੁਮੇਰ' ਦੀ ਗੋਸਟਿ ਨਾਲ ਸੰਬੰਧਿਤ ਹੈ।

ਇਹ ਵੀ ਧਿਆਨ ਦੇਣ ਵਾਲੀ ਗੱਲ ਹੈ, ਕਿ ਜੋ 'ਭੰਗਰਿ ਨਾਥ' ਜੋਗੀ 'ਅਚਲ ਵਟਾਲੇ' ਵਿਚ ਨਾਥਾਂ ਦਾ ਮੋਹਰੀ ਬਣਿਆ ਹੋਇਆ ਹੈ, ਉਸ ਦਾ ਜ਼ਿਕਰ 'ਸਿਧ ਗੋਸਟਿ' ਵਿਚ ਕਿਤੇ ਵੀ ਨਹੀਂ ਆਇਆ। 'ਸਿਧ ਗੋਸਟਿ' ਵਿਚੋਂ ਦੋ ਸਿਧਾਂ ਦੇ ਨਾਮ ਸਾਹਮਣੇ ਆਉਂਦੇ ਹਨ। ਇਨ੍ਹਾਂ ਵਿਚੋਂ ਇਕ 'ਚਰਪਟਿ'[13] ਹੈ ਅਤੇ ਦੂਜਾ 'ਲੋਹਾਰਿਪਾ'[14] ਹੈ। ਅਸਲ ਵਿਚ ਇਹ ਦੋਵੇਂ ਸਿਧ ਸਨ, ਨਾਥ ਨਹੀਂ। 'ਚਰਪਟਿ' ਚੌਰਾਸੀ ਸਿਧਾਂ ਵਿਚ ਇਕ ਵਿਸ਼ਿਸ਼ਟ ਸਾਧਕ ਦੇ ਤੌਰ 'ਤੇ ਸ਼ਾਮਿਲ ਹੈ। 'ਲੋਹਾਰਿਪਾ' ਅਸਲ ਵਿਚ ਸਿਧ 'ਲੁਇਪਾ' ਦਾ ਵਿਕ੍ਰਿਤ ਨਾਮ ਹੈ। 'ਪਾ' ਸ਼ਬਦ ਸਿਧਾਂ ਨਾਲ ਹੀ ਲੱਗਦਾ ਸੀ। ਉਹ ਨਾਥ ਪਦ ਨਹੀਂ ਸੀ ਵਰਤਦੇ, ਹਾਲਾਂਕਿ 'ਨਾਥ' ਪਦ ਤੋਂ ਅਪਰਿਚਿਤ ਨਹੀਂ ਸਨ ਅਤੇ ਕਿਸੇ ਨਾ ਕਿਸੇ ਸਥਿਤੀ ਵਿਚ 'ਨਾਥ' ਸ਼ਬਦ ਦਾ ਆਰੰਭ ਵੀ ਸਿਧ-ਸਾਧਕਾਂ ਤੋਂ ਹੀ ਹੋਇਆ ਹੈ। 84 ਸਿਧਾਂ ਵਿਚੋਂ ਬਹੁਤਿਆਂ ਨਾਲ 'ਪਾ' ਲਗਿਆ ਹੋਇਆ ਹੈ। 'ਅਚਲ ਵਟਾਲੇ' ਵਿਚ ਹਾਰ-ਜਿੱਤ ਦਾ ਜਿਹੜਾ ਤਣਾਅ ਬਣਿਆ

---

[12] ਭਾਈ ਗੁਰਦਾਸ, ਵਾਰ 1, ਪਉੜੀ 44

[13] ਦੁਨੀਆ ਸਾਗਰੁ ਦੁਤਰੁ ਕਹੀਐ, ਕਿਉਕਰਿ ਪਾਈਐ ਪਾਰੋ॥ ਚਰਪਟੁ ਬੋਲੈ ਅਉਧੂ ਨਾਨਕ, ਦੇਹੁ ਸਚਾ ਬੀਚਾਰੋ॥
ਅੰਗ, 938

[14] ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥
ਅੰਗ, 938

ਹੋਇਆ ਸੀ, ਜਿਸ ਵਿਚ ਬਾਬਾ ਜੀ ਦੀ ਜਿੱਤ ਉੱਤੇ ਭਾਈ ਗੁਰਦਾਸ ਜੀ ਵੀ '*ਜਿਣ ਮੇਲਾ ਸ਼ਿਵਰਾਤ ਦਾ*' ਅਤੇ '*ਸਬਦਿ ਜਿਤੀ ਸਿਧ ਮੰਡਲੀ*' ਲਿਖ ਕੇ ਇਕ ਸਿੱਖ ਵਾਲਾ ਅਭਿਮਾਨ ਪ੍ਰਗਟ ਕਰਦੇ ਹਨ, ਉਸ ਹਾਰ-ਜਿੱਤ ਦੇ ਵਾਤਾਵਰਣ ਦੀ 'ਸਿਧ ਗੋਸਟਿ' ਵਿਚ ਕੋਈ ਗੁੰਜਾਇਸ਼ ਨਹੀਂ ਹੈ। ਸਿਧ ਜਿਵੇਂ ਸਨਮਾਨ ਸਹਿਤ ਗੁਰੂ ਜੀ ਨੂੰ ਪ੍ਰਸ਼ਨ ਕਰਦੇ ਹਨ ਅਤੇ ਗੁਰੂ ਜੀ ਜਿਵੇਂ ਨਿਮਰਤਾ ਸਹਿਤ ਉੱਤਰ ਦੇ ਦਿੰਦੇ ਹਨ, ਉਹ ਸ਼ਾਲੀਨ ਵਿਵਹਾਰ ਇਸ ਸੰਵਾਦ ਨੂੰ ਬਹੁਤ ਉੱਚ-ਕੋਟੀ ਦੇ ਸੰਜੀਦਾ ਵਿਅਕਤੀਆਂ ਵਿਚ ਹੋਏ ਆਦਰਸ਼ਕ ਵਾਰਤਾਲਾਪ ਦੀ ਬੁਲੰਦੀ ਉੱਤੇ ਸ਼ੋਭਿਤ ਕਰਦਾ ਹੈ, ਨਾ ਕਿ ਵਿਚਲਿਤ ਹੋ ਕੇ ਲੋਟਾ ਛਿਪਾਉਣ ਵਰਗੀਆਂ ਹੋਛੀਆਂ ਹਰਕਤਾਂ ਕਰਨ ਵਾਲੇ ਅਚਲ ਦੇ ਨਾਥਾਂ ਦੇ ਅਭੱਦਰ ਵਿਵਹਾਰ ਨਾਲ ਸੰਬੰਧਿਤ ਕੀਤਾ ਜਾ ਸਕਦਾ ਹੈ। 'ਸਿਧ ਗੋਸਟਿ' ਦੇ ਵਾਤਾਵਰਣ ਵਿਚ '*ਦੁਧ ਵਿਚ ਕਿਉਂ ਕਾਂਜੀ ਪਾਈ*' ਅਤੇ 'ਤੇਰੀ ਮਾਉ ਕੁਚਜੀ ਆਈ' ਵਾਲੀ ਤਲਖ਼ੀ ਨੂੰ ਕੋਈ ਸਥਾਨ ਨਹੀਂ ਸੀ ਮਿਲ ਸਕਦਾ। ਇਨ੍ਹਾਂ ਪ੍ਰਸਥਿਤੀਆਂ ਤੋਂ ਇਹੋ ਸਾਬਿਤ ਹੁੰਦਾ ਹੈ ਕਿ 'ਸਿਧ ਗੋਸਟਿ' ਦਾ ਮੂਲ-ਭਾਗ 'ਸੁਮੇਰ' ਵਾਲੀ ਸਿਧ-ਗੁਰੂ ਮਿਲਣੀ ਦਾ ਨਤੀਜਾ ਹੈ, ਹਾਲਾਂਕਿ ਇਸ ਵਿਚ ਹੋਰ ਗੋਸ਼ਠੀਆਂ ਦੇ ਅੰਸ਼ ਸੰਮਿਲਿਤ ਹੋ ਸਕਦੇ ਹਨ।

ਇਸ ਬਾਣੀ ਵਿਚ ਕਿਉਂਕਿ ਤਿਆਗਵਾਦ ਦਾ ਅਨੁਸਰਣ ਕਰਨ ਵਾਲੇ ਸਾਧਕਾਂ ਨਾਲ ਹੋਈਆਂ ਚਰਚਾਵਾਂ ਦਾ ਸਾਰ ਹੈ, ਇਸ ਲਈ ਨਿਸ਼ਚਯ ਹੀ ਇਸ ਵਿਚ ਜਗਤ, ਇਸ ਦੇ ਸਰੂਪ, ਇਸ ਦੇ ਬੰਧਨ, ਏਕਾਂਤ ਦਾ ਮਹਤਵ ਆਦਿ ਵਿਸ਼ਿਆਂ ਦਾ ਕੇਂਦਰ-ਬਿੰਦੂ ਹੋਣਾ ਸੁਭਾਵਿਕ ਹੈ। ਬੁੱਧਾਂ ਵਾਂਗ ਹੀ ਵੇਦਾਂਤਿਕ ਯੋਗ ਵੀ ਈਸ਼ਵਰ ਦੀ ਹੋਂਦ ਨੂੰ ਬਹੁਤ ਮਹਤਵ ਨਹੀਂ ਸੀ ਦੇਂਦਾ। ਨਾਥ ਭਾਵੇਂ ਸ਼ਿਵ-ਭਗਤ ਸਨ, ਪਰ ਉਨ੍ਹਾਂ ਦੀ ਸਾਧਨਾ ਦਾ ਵੀ ਅੰਤਿਮ ਨਿਸ਼ਾਨਾ 'ਚਿਤ-ਸ਼ੂਨਯਤਾ' ਪ੍ਰਾਪਤ ਕਰਨਾ ਹੀ ਸੀ। ਇਸ ਲਈ ਸਿਧਾਂ/ਨਾਥਾਂ ਨਾਲ ਗੋਸ਼ਠਿ ਵਿਚ 'ਸ਼ੂਨਯ' ਦਾ ਵਰਣਨ ਹੋਣਾ ਵੀ ਸੁਭਾਵਿਕ ਸੀ। ਗੁਰੂ ਨਾਨਕ ਦੇਵ ਜੀ ਦੀ ਵਿਚਾਰਧਾਰਾ ਵਿਚ ਸ਼ਬਦ ਅਤੇ ਨਾਮ ਸਿਮਰਨ ਦਾ ਮਹੱਤਵ ਹੈ। ਜੀਵਨ ਦਾ ਨਿਸ਼ਾਨਾ ਗੁਰੂ ਬਚਨਾਂ ਦਾ ਅਨੁਸਰਣ ਹੈ। ਤਿਅਗਵਾਦੀ ਯੌਗਿਕ ਸਾਧਨਾ ਵਿਚ ਗੁਰੂ ਤੋਂ ਦੀਖਿਅਤ ਹੋ ਕੇ ਸਾਧਕ ਨੇ ਆਪਣੇ ਵਿਵੇਕ ਅਨੁਸਾਰ ਨਿੱਜ-ਭਗਤੀ ਕਰਨੀ ਹੁੰਦੀ ਹੈ। ਇਸ ਨਿਜ-ਸਾਧਨਾ ਵਿਚ ਉਹ ਆਪਣਾ ਦੀਪਕ ਆਪ ਹੁੰਦਾ ਹੈ। ਸਿੱਖ-ਸਾਧਨਾ ਸੰਗਤੀ ਹੈ, ਕੇਵਲ ਨਿੱਜੀ ਨਹੀਂ। ਇਸ ਸਾਧਨਾ ਵਿਚ ਗੁਰੂ ਨੂੰ ਹਰ ਪਲ ਦੀਪਕ ਮੰਨਣਾ ਆਵਸ਼ਕ ਹੈ। ਆਪਣੇ-ਆਪ ਨੂੰ ਦੀਪਕ ਮੰਨਣ ਨਾਲ ਇਕ ਤਾਂ ਪੰਥ ਵਿਚ ਬਿਖਰਾਅ ਆਉਂਦਾ ਹੈ, ਦੂਜੇ ਪਾਸੇ ਅਹੰਕਾਰ ਦੇ ਪ੍ਰਬਲ ਹੋਣ ਦੀ ਸੰਭਾਵਨਾ ਬਣ ਜਾਂਦੀ ਹੈ। ਗੁਰੂ ਜੀ ਦਾ ਗੁਰਮੁੱਖ ਵਿਸ਼ਵਾਸੀਆਂ ਦੇ ਕਾਫ਼ਿਲੇ ਨੂੰ ਮਜ਼ਬੂਤੀ ਦੇਣ ਵਾਲਾ ਅਤੇ ਅਹੰਕਾਰ ਤੋਂ ਮੁਕਤ ਰਹਿਣ ਵਾਲਾ ਹੈ। ਉਹ ਹਰ ਸਥਿਤੀ ਵਿਚ ਗੁਰੂ ਨੂੰ ਹੀ ਜੋਤਿ ਜਾਂ ਦੀਪਕ ਰੂਪ ਜਾਣਦਾ ਹੈ ਅਤੇ ਉੱਚਤਮ ਅਧਿਆਤਮਕ ਸਥਿਤੀ ਵਿਚ ਵੀ ਆਪਣੇ-ਆਪ ਨੂੰ ਅਗਿਆਨੀ ਸਮਝ ਕੇ ਅਹੰਕਾਰ ਦੇ ਹਰ ਸੂਖ਼ਮ ਪ੍ਰਭਾਵ ਨੂੰ ਮੂਲੋਂ ਨਸ਼ਟ ਕਰਨ ਦਾ ਪ੍ਰਯਤਨ ਕਰਦਾ ਹੈ। ਇਸ ਲਈ ਗੁਰੂ ਜੀ ਇਸ ਬਾਣੀ ਵਿਚ ਗੁਰੂ ਦਾ ਮਹਤੱਵ ਦਸਦੇ ਹਨ ਅਤੇ ਗੁਰਮੁੱਖ ਦੀਆਂ ਵਿਸ਼ੇਸ਼ਤਾਈਆਂ ਵੀ ਦਰਸਾਉਂਦੇ ਹਨ। ਯੋਗ ਮੱਤਾਂ ਵਿਚ ਜੋ ਮਹਤੱਵ ਸ਼ਾਰੀਰਿਕ ਗੁਰੂ ਦਾ ਹੈ, ਸਿੱਖ ਮਤਿ ਵਿਚ ਉਹ ਮਹੱਤਵ ਸ਼ਬਦ-ਗੁਰੂ ਦਾ ਹੈ। ਇਸੇ ਕਾਰਣ ਇਸ ਬਾਣੀ ਵਿਚ ਸ਼ਬਦ ਦਾ ਵਿਸ਼ੇਸ਼ ਉਲੇਖ ਹੋਇਆ ਹੈ। ਅੱਗੇ ਅਸੀਂ ਇਸ ਬਾਣੀ ਵਿਚ ਆਈਆਂ ਕੁਝ ਮਹਤਵਪੂਰਣ ਦਾਰਸ਼ਨਿਕ ਉਕਤੀਆਂ ਦਾ ਵਿਵੇਚਨ ਕਰਾਂਗੇ।

**ਮੁਕਤਿ**: ਯੌਗਿਕ ਮਤਾਂ ਵਿਚ ਸੰਸਾਰ ਬੰਧਨ ਰੂਪ ਅਤੇ ਦੁੱਖ ਦਾ ਮੂਲ ਕਾਰਣ ਹੈ। ਇਸ ਕਾਰਣ ਅਧਿਆਤਮਕ ਸਾਧਨਾ ਦਾ ਵਾਸਤਵਿਕ ਨਿਸ਼ਾਨਾ ਜਗਤ ਤੋਂ ਮੁਕਤ ਹੋਣਾ ਹੈ। ਜਗਤ ਤੋਂ ਮੁਕਤਿ ਦਾ ਭਾਵ ਕੇਵਲ ਸੰਸਾਰਿਕ ਵਿਸ਼ਯ-ਵਾਸਨਾ ਤੋਂ ਨਿਰਲਿਪਤਾ ਨਹੀਂ, ਬਲਕਿ ਜਗਤ ਮੂਲ ਰੂਪ ਵਿਚ ਦੁਖ ਸਰੂਪ ਹੋਣ ਕਾਰਣ ਇਸ ਵਿਚ ਜਨਮ ਲੈਣ ਤੋਂ ਮੁਕਤਿ ਪ੍ਰਾਪਤ ਕਰਨਾ ਹੀ ਤਿਆਗਵਾਦ ਦਾ ਅਸਲ ਉਦੇਸ਼ ਹੈ। ਵੈਦਿਕ ਪਰੰਪਰਾ ਵਿਚ ਗੁਜ਼ਰ ਚੁੱਕੇ ਵਿਅਕਤੀ ਲਈ 'ਗਤਿ' ਕਰਵਾਈ ਜਾਂਦੀ ਹੈ। 'ਗਤਿ' ਦਾ ਅਰਥ ਗਮਨ ਹੈ। ਮ੍ਰਿਤ ਵਿਅਕਤੀ ਦੀ ਆਤਮਾ ਦਾ ਸਫ਼ਰ ਰੁਕ ਨਾ ਜਾਵੇ, ਉਹ ਗਤੀਸ਼ੀਲ ਰਹੇ। ਇਸ ਪ੍ਰਯੋਜਨਵਸ਼ 'ਗਤਿ' ਕਰਵਾਈ ਜਾਂਦੀ ਹੈ। 'ਮੁਕਤਿ' ਵਿਚ 'ਗਤਿ' ਦੇ ਉਲਟ ਭਾਵ ਹਨ। ਆਤਮਾ ਦੀ ਗਮਨਤਾ ਨੂੰ ਰੋਕਣਾ, ਮੁਕਤਿ ਦਾ ਪ੍ਰਯੋਜਨ ਹੈ। ਸੰਸਾਰ ਵਿਚ ਜਨਮ ਲੈ ਕੇ ਫਿਰ ਨਾ ਆਉਣਾ ਮੁਕਤਿ ਹੈ। ਹਾਲਾਂਕਿ ਗੁਰਬਾਣੀ ਵਿਚ ਮੁਕਤਿ ਸ਼ਬਦ ਬਹੁਤ ਵਾਰ ਆਇਆ ਹੈ, ਪਰ ਇਹ 'ਯੌਗਿਕ' ਸੰਪ੍ਰਦਾਵਾਂ ਦੀ ਮੁਕਤਿ ਤੋਂ ਭਿੰਨ ਭਾਵ ਵਿਚ ਆਇਆ ਹੈ, ਕਿਉਂਕਿ ਗੁਰਮਤਿ ਵਿਚ ਸੰਸਾਰ ਵਿਕਾਰ ਰੂਪ, ਪਾਪ ਰੂਪ, ਦੁੱਖ ਰੂਪ ਨਹੀਂ ਹੈ। ਇਹ ਈਸ਼ਵਰ ਦੀ ਨਿਰਮਲ ਕ੍ਰਿਤੀ ਹੈ, ਜਿਸ ਵਿਚ ਸੁਖਦਾਤਾ ਸਰਵਤ੍ਰ ਰਮਿਆ ਹੋਇਆ ਹੈ। ਜਗਤ ਤਾਂ ਸਾਰਾ ਆਤਮਾ ਨੂੰ ਸੁਖ ਦੇਣ ਵਾਲਾ ਦੈਵੀ ਸੰਗੀਤ ਹੈ। ਇਹ ਦੁੱਖ ਰੂਪ ਕਿਵੇਂ ਹੋ ਸਕਦਾ ਹੈ? ਇਸ ਲਈ ਇੱਥੇ ਮੁਕਤਿ ਦੇ ਅਰਥ ਭਿੰਨ ਹਨ। ਇੱਥੇ ਜਗਤ ਦੇ ਰੂਪ, ਰਸ, ਗੰਧ, ਸਪਰਸ਼, ਸ਼ਬਦ ਵਿਸ਼ਿਆਂ ਤੋਂ ਮੁਕਤਿ ਦੀ ਗੱਲ ਵੀ ਨਹੀਂ। ਨਾਨਾ ਰੂਪ ਤਾਂ ਪਰਮੇਸ਼ਰ ਨੇ ਆਪ ਧਾਰਣ ਕੀਤੇ ਹਨ। ਇਹ ਖ਼ਰਾਬ ਕਿਵੇਂ ਹੋ ਸਕਦੇ ਹਨ? ਰਸ ਪਰਮੇਸ਼ਰ ਨੇ ਬਣਾਏ ਹਨ। ਧਰਤੀ ਨੂੰ ਸੁਗੰਧਿਤ ਕਰਨ ਵਾਸਤੇ ਉਸ ਨੇ ਮਲਯ ਪਰਬਤ ਵਰਗੇ ਗੰਧ ਦੇ ਭੰਡਾਰ ਆਪ ਉਪਾਏ ਹਨ। ਪਵਿੱਤਰ ਪੁਰਸ਼ਾਂ ਦਾ ਸਪਰਸ਼ ਜਨਮਾਂਤਰ ਦੇ ਪਾਪ ਦੂਰ ਕਰਦਾ ਹੈ। ਸ਼ਬਦ ਮਨੁੱਖ ਦੀ ਕਲਿਆਣ ਦਾ ਮਾਰਗ ਹੈ। ਸੋ ਵਿਸ਼ਯ ਤਿਆਗਣ ਯੋਗ ਨਹੀਂ, ਸਮਝਣ ਦੇ ਯੋਗ ਹਨ। ਹਕਕਿਤਨ ਵਿਸ਼ਯ ਉਹ ਸਿਰਜਣਾ ਹੈ, ਜਿਨ੍ਹਾਂ ਵਿਚ ਪਰਮੇਸ਼ਰ ਨੇ ਭ੍ਰਮ ਰਖਿਆ ਹੈ। ਵਿਸ਼ਯ ਦਾ ਅਸਤਿਤ੍ਵ ਦੂਸ਼ਿਤ ਨਹੀਂ, ਅਗਿਆਨਮਈ ਚੇਤਨਾ ਵਿਚ ਇਨ੍ਹਾਂ ਦਾ ਸੰਪਰਕ ਅਪਵਿਤ੍ਰਤਾ ਗ੍ਰਸਤ ਹੈ। ਗੁਰੂ-ਗਿਆਨ ਦੁਆਰਾ ਇਨ੍ਹਾਂ ਦੀ ਠੀਕ ਸਮਝ ਹੀ ਵਾਸਤਵਿਕ ਬ੍ਰਹਮ ਗਿਆਨ ਹੈ। ਇਹ ਵਿਸ਼ਯ ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ ਦੇ ਦੂਸ਼ਿਤ ਰੂਪ ਦੇ ਨਿਰਮਾਤਾ ਨਾ ਬਣ ਜਾਣ, ਇਹ ਸਮਝ ਹੀ ਬ੍ਰਹਮ ਗਿਆਨ ਹੈ। ਵਿਸ਼ਿਆਂ ਦੇ ਦਿਵਯ ਰੂਪ ਨੂੰ ਜਾਣਨਾ, ਤਾਂ ਕਿ ਇਨ੍ਹਾਂ ਦਾ ਦੁਰੁਪਯੋਗ ਨਾ ਹੋਵੇ। ਵਿਸ਼ਿਆਂ ਦੇ ਬ੍ਰਹਮ ਸਰੂਪ ਨੂੰ ਮਾਨਣਾ ਅਤੇ ਇਨ੍ਹਾਂ ਦੇ ਮਾਇਆਵੀ ਭ੍ਰਮ ਤੋਂ ਨਿਰਲੇਪ ਹੋਣਾ ਹੀ ਗੁਰਮਤਿ-ਮੁਕਤਿ ਹੈ। ਇਸ ਮੁਕਤਿ ਵਿਚ ਨਾ ਸੰਸਾਰ ਮਲੀਨ ਹੈ, ਨਾ ਵਿਸ਼ਯ ਪਾਪ ਰੂਪ ਹਨ। ਸਭ ਕੁਝ ਬ੍ਰਹਮ ਹੈ ਸਭ ਕੁਝ ਪਵਿਤ੍ਰ ਹੈ। ਫ਼ਰਕ ਇਤਨਾ ਹੈ, ਕਿ ਮੁਕਤ ਵਿਅਕਤੀ ਜਗਤ ਅਤੇ ਇਸ ਦੇ ਵਿਸ਼ਿਆਂ ਵਿਚ ਬ੍ਰਹਮ ਦੀ ਪਵਿੱਤਰਤਾ ਵੇਖਦਾ ਹੈ, ਜਦੋਂ ਕਿ ਲਿਪਤ ਵਿਅਕਤੀ ਇਨ੍ਹਾਂ ਵਿਚੋਂ ਇੰਦ੍ਰਿਆਵੀ ਭੋਗ ਦਾ ਭ੍ਰਾਮਿਕ ਸੁੱਖ ਲਭਦਾ ਹੈ। ਇਹੋ ਮੁਕਤ ਅਤੇ ਲਿਪਤ ਵਿਅਕਤੀ ਦਾ ਅੰਤਰ ਹੈ। ਇਕੋ ਵਸਤ ਸੰਬੰਧੀ ਵੱਖ-ਵੱਖ ਦ੍ਰਿਸ਼ਟੀਕੋਣ ਹੀ ਗੁਰਮਤਿ ਮੁਕਤਿ ਅਤੇ ਅਨੀਸ਼ਵਰਵਾਦੀ ਯੌਗਿਕ ਮੁਕਤਿ ਦੇ ਸੰਕਲਪ ਵਿਚ ਵਖਰੇਵਾਂ ਪੈਦਾ ਕਰਦਾ ਹੈ। ਯੌਗਿਕ ਮਤਿ ਮੂਲ ਰੂਪ ਵਿਚ ਅਨੀਸ਼ਵਰਵਾਦੀ ਹਨ, ਇਸ ਲਈ ਜਗਤ ਅਤੇ ਇਸ ਦੇ ਵਿਸ਼ਿਆਂ ਵਿਚੋਂ ਉਹ ਪਰਮਸਤਾ ਨੂੰ ਅਨੁਭੂਤ ਕਰ ਹੀ ਨਹੀਂ ਸਕਦੇ, ਜਦੋਂ ਕਿ ਈਸ਼ਵਰਵਾਦੀ ਗੁਰਮਤਿ ਵਿਚਾਰਧਾਰਾ ਜਗਤ ਅਤੇ ਬ੍ਰਹਮ ਨੂੰ ਅਦ੍ਵੈ ਅਸਸਤਿਤ੍ਵ ਮੰਨਦੀ ਹੈ।

ਮੁਕਤਿ ਯੌਗਿਕ ਪੰਥਾਂ ਦਾ ਮੂਲ ਮੁੱਦਾ ਸੀ, ਇਸ ਲਈ 'ਸਿਧ ਗੋਸਟਿ' ਬਾਣੀ ਨੂੰ ਗੁਰੂ ਜੀ ਨੇ ਇਸੇ ਵਿਸ਼ਯ ਉੱਤੇ ਕੇਂਦ੍ਰਿਤ ਕੀਤਾ ਹੈ। ਅਸੀਂ ਜਾਣਦੇ ਹਾਂ, ਕਿ ਹਰ ਬਾਣੀ ਜਾਂ ਸ਼ਬਦ ਦਾ ਕੇਂਦਰ-ਬਿੰਦੂ ਉਸ ਵਿਚ ਆਈ 'ਰਹਾਉ'

ਦੀ ਤੁਕ ਹੈ ਅਤੇ 'ਸਿਧ ਗੋਸਟਿ' ਦੀ 'ਰਹਾਉ' ਦੀ ਪੰਕਤੀ '*ਕਿਆ ਭਵੀਐ ਸਚਿ ਸੂਚਾ ਹੋਇ॥ ਸਾਚ ਸਬਦ ਬਿਨੁ ਮੁਕਤਿ ਨ ਕੋਇ*' ਹੈ। ਗੁਰੂ ਜੀ ਕਹਿੰਦੇ ਹਨ, ਕਿ ਜਿਸ ਪਵਿੱਤਰਤਾ ਵਾਸਤੇ ਯੋਗੀ, ਸੰਨਿਆਸੀ ਆਦਿ ਸਾਧਕ ਗ੍ਰਿਹਸਥ ਤਿਆਗ ਕੇ ਤੀਰਥਾਂ ਦਾ ਭ੍ਰਮਣ ਕਰਦੇ ਹਨ, ਉਹ ਪਵਿੱਤਰਤਾ ਪਰਮੇਸ਼ਰ ਤੋਂ ਹੈ। ਪਰਮੇਸ਼ਰ ਜਗਤ ਵਿਚ ਵਿਸਤ੍ਰਿਤ ਹੈ। ਘਰ-ਗ੍ਰਿਹਸਥੀ ਪਰਮੇਸ਼ਰ ਅਤੇ ਉਸ ਦੀ ਦਿਵਯ ਪਵਿਤ੍ਰਤਾ ਤੋਂ ਵੰਚਿਤ ਨਹੀਂ, ਕਿ ਉਨ੍ਹਾਂ ਦਾ ਤਿਆਗ ਕੀਤਾ ਜਾਵੇ। ਅਸਲ ਗੱਲ ਤਾਂ ਇਹ ਹੈ, ਕਿ ਸੱਚੇ ਉਪਦੇਸ਼ ਬਿਨਾਂ ਮੁਕਤਿ ਨਹੀਂ ਮਿਲਦੀ। ਉਨ੍ਹਾਂ ਦੇ ਇਸ ਕਥਨ ਦੀ ਦ੍ਰਿਸ਼ਟੀ ਵਿਚ ਤਿਆਗ ਦਾ ਉਪਦੇਸ਼ ਹੀ ਗ਼ਲਤ ਹੈ। ਵੇਦ, ਤੌਰੇਤ, ਕੁਰਾਨ ਆਦਿ ਦੇ ਅਵਤ੍ਰਿਤ ਸ਼ਬਦ ਵਿਚ ਕਿਤੇ ਵੀ ਤਿਆਗਵਾਦ ਦੀ ਪ੍ਰੋੜ੍ਹਤਾ ਨਹੀਂ ਕੀਤੀ ਗਈ। ਇਸ ਲਈ ਤਿਆਗਵਾਦ ਦਿਵਯ ਉਪਦੇਸ਼ ਨਹੀਂ, ਕੁਝ ਬੁੱਧੀਵਾਦੀ ਸਾਧਕਾਂ ਦਾ ਆਪਣਾ ਨਜ਼ਰੀਆ ਹੈ। ਜੈਨੀ, ਬੋਧੀ, ਯੋਗੀ ਪਰਮੇਸ਼ਰ ਵਿਚ ਵਿਸ਼ਵਾਸ ਨਹੀਂ ਕਰਦੇ, ਇਸ ਲਈ ਉਨ੍ਹਾਂ ਦੇ ਗ੍ਰੰਥ ਦੈਵੀ-ਸ਼ਬਦ ਨਹੀਂ, ਵਿਅਕਤੀਗਤ ਅਨੁਭਵ ਹੈ। ਦੈਵੀ-ਸ਼ਬਦ ਦੇ ਉਪਦੇਸ਼ ਬਿਨਾਂ ਮੁਕਤਿ ਨੂੰ ਠੀਕ ਸਮਝਿਆ ਨਹੀਂ ਜਾ ਸਕਦਾ? ਮੁਕਤਿ ਨੂੰ ਸਮਝਣ ਵਾਸਤੇ ਜਗਤ ਨੂੰ ਸਮਝਣਾ ਪਵੇਗਾ। ਜਗਤ ਦਾ ਅਸਲ ਰੂਪ ਜਾਣਨਾ ਪਵੇਗਾ। ਜਗਤ ਵਿਚ ਕਿਸ ਨੇ ਭੇਜਿਆ ਹੈ? ਇਹ ਵੀ ਸਮਝਣਾ ਪਵੇਗਾ। ਇਹ ਵੀ ਜਾਣਨਾ ਹੋਵੇਗਾ, ਕਿ ਜਗਤ ਵਿਚ ਭੇਜਣਾ ਕੀ ਭੇਜਣ ਵਾਲੇ ਦੀ ਗ਼ਲਤੀ ਹੈ, ਕਿ ਜਨਮ ਨੂੰ ਲਾਅਨਤਾਂ ਪਾਈਆਂ ਜਾਣ ਅਤੇ ਜਨਮ ਤੋਂ ਮੁਕਤਿ ਮੰਗੀ ਜਾਵੇ? ਇਸ ਲਈ ਬੌਧਿਕ ਲੋਕ ਨਹੀਂ, ਦੈਵੀ-ਸ਼ਬਦ ਹੀ ਮੁਕਤਿ ਦਾ ਸਰੂਪ ਪਾਰਿਭਾਸ਼ਿਤ ਕਰ ਸਕਦਾ ਹੈ।

ਸਿਧਾਂ ਨੇ ਸ਼੍ਰੀ ਗੁਰੂ ਜੀ ਨੂੰ ਪੁਛਿਆ, ਕਿ ਮਨੁੱਖ ਬੰਧਨ ਵਿਚ ਕਿਉਂ ਹੈ, ਕਿ ਉਸ ਨੂੰ ਮਾਇਆ ਸਰਪਣੀ ਖਾਈ ਜਾ ਰਹੀ ਹੈ (*ਕਿਉ ਕਰਿ ਬਾਧਾ ਸਰਪਨਿ ਖਾਧਾ*)। ਗੁਰੂ ਜੀ ਨੇ ਕਿਹਾ, ਕਿ ਬੰਧਨ ਦਾ ਕਾਰਣ ਜਗਤ ਵਿਚ ਆਉਣਾ ਨਹੀਂ, ਬਲਕਿ ਜੀਵਨ ਵਿਚ ਗੁਰੂ ਦੀ ਮਤਿ ਨਾ ਲੈ ਕੇ ਵਾਸ਼ਨਾਵਾਂ ਅਧੀਨ ਖੋਟੀ ਬੁੱਧੀ ਪਿੱਛੇ ਚੱਲਣਾ ਬੰਧਨ ਦਾ ਕਾਰਣ ਹੈ। ਮਨੁੱਖ ਗ੍ਰਿਹਸਥ ਆਸ਼੍ਰਮੀ ਹੋਣ ਕਾਰਣ ਮਾਇਆ ਦਾ ਸਿਖਰ ਨਹੀਂ ਹੋਇਆ, ਬਲਕਿ ਅਲਪ ਮਤਿ ਕਾਰਣ ਗ੍ਰਿਹਸਥ ਵਿਚ ਵੀ ਅਤੇ ਤਿਆਗ ਵਿਚ ਵੀ ਮਾਇਆ ਸਰਪਣੀ ਦੀ ਖ਼ੁਰਾਕ ਬਣ ਗਿਆ ਹੈ। ਗੁਰੂ ਦੀ ਮਤਿ ਲੈਣ ਵਾਲੇ ਲਈ ਜਗਤ ਵਿਚ ਆਉਣਾ ਅਤਿਅੰਤ ਲਾਭਕਾਰੀ ਹੈ, ਜਦੋਂ ਕਿ ਵਾਸਨਾਵਾਂ ਅਧੀਨ ਮਨਮਾਨੀਆਂ ਕਰਨ ਵਾਲਾ ਮਨੁੱਖ ਮਾਨਵੀ ਗੁਣਾਂ ਤੋਂ ਵੰਚਿਤ ਹੁੰਦਾ ਹੈ (*ਦੁਰਮਤਿ ਬਾਧਾ ਸਰਪਨਿ ਖਾਧਾ॥ ਮਨਮੁਖਿ ਖੋਇਆ ਗੁਰਮੁਖਿ ਲਾਧਾ*)। ਇੰਵ ਬਹੁਤ ਸੂਖਮ ਵਿਚਾਰ ਦੁਆਰਾ ਗੁਰੂ ਜੀ ਗ੍ਰਿਹਸਥ ਦੇ ਤਿਆਗ ਅਤੇ ਜਗਤ ਤੋਂ ਮੁਕਤਿ ਦੇ ਵਿਚਾਰਾਂ ਨੂੰ ਰੱਦ ਕਰਦੇ ਹਨ। ਜਗਤ ਹਾਨੀਕਾਰਕ ਨਹੀਂ। ਲਾਭ ਅਤੇ ਹਾਨੀ ਦਾ ਸੰਬੰਧ ਸੁਮਤਿ ਅਤੇ ਕੁਮਤਿ ਨਾਲ ਹੈ। ਗੁਰੂ ਦਾ ਸ਼ਬਦ ਜੀਵਨ ਨੂੰ ਲਾਭਕਾਰੀ ਇਸ ਤਰ੍ਹਾਂ ਬਣਾਉਂਦਾ ਹੈ, ਕਿ ਉਹ ਮਾਨਵੀ ਮਨ ਦੀਆਂ ਵਧੀਆਂ ਇਛਾਵਾਂ ਅਤੇ ਪਦਾਰਥ-ਪ੍ਰਾਪਤੀ ਦੀਆਂ ਵਧੀਆਂ ਘਾਤਕ ਲਾਲਸਾਵਾਂ ਨੂੰ ਨਸ਼ਟ ਕਰ ਦੇਂਦਾ ਹੈ (*ਮਨਸਾ ਆਸਾ ਸਬਦਿ ਜਲਾਈ*)। ਯੋਗੀ ਗੁਰੂ ਜੀ ਨੂੰ ਕਹਿੰਦੇ ਹਨ, ਕਿ ਮਨ ਦੀਆਂ ਇਛਾਵਾਂ ਨੂੰ ਖਾਣਾ ਲੋਹਾ ਚਬਾਉਣ ਤੁੱਲ ਹੈ, ਇਸ ਨੂੰ ਖਾਣ ਵਾਸਤੇ ਦੰਦ ਕਿੱਥੋਂ ਆਉਣ (*ਬਿਨੁ ਦੰਤਾ ਕਿਉ ਖਾਈਐ ਸਾਰੁ*)? ਗੁਰੂ ਜੀ ਕਹਿੰਦੇ ਹਨ, ਦ੍ਰਿਸ਼ਟੀ ਵਿਚ ਪਰਿਵਰਤਨ ਲਿਆਉਣਾ ਪਵੇਗਾ। ਰਜ, ਤਮ, ਸਤਿ ਦੇ ਪ੍ਰਭਾਵ ਨੂੰ ਮਿਟਾ ਕੇ ਮਾਇਆਵੀ ਖ਼੍ਵਾਹਿਸ਼ਾਂ ਸ਼ਾਂਤ ਹੋ ਜਾਣਗੀਆਂ। ਮਨ ਤੋਂ ਤਮਸ ਦਾ ਪ੍ਰਭਾਵ ਮਿਟਾਉਣਾ ਪਵੇਗਾ। ਰਜ ਗੁਣ ਅਧੀਨ ਮਾਇਆ ਦੀ ਦੌੜ ਮੁਕਾਣੀ ਪਵੇਗੀ। ਸਾਤਵਿਕ ਕਰਮਾਂ ਦਾ ਅਹੰਕਾਰ ਅਤੇ ਬੰਧਨ ਦੋਵੇਂ ਤਿਆਗਣੇ ਪੈਣਗੇ। ਇਕ ਐਸੀ ਅਵਸਥਾ ਪ੍ਰਾਪਤ ਕਰਨੀ ਹੋਵੇਗੀ, ਜਿੱਥੇ ਜੀਵਨ ਵਿਚ

ਅਗਿਆਨ ਦਾ ਅੰਧਕਾਰ ਨਾ ਹੋਵੇ। ਜਿੱਥੇ ਮਾਇਆ ਦੀ ਵਾਧੂ ਦੌੜ-ਭਜ ਨਾ ਹੋਵੇ, ਜਿੱਥੇ ਗਿਆਨ ਅਤੇ ਸਦਗੁਣ ਦਾ ਅਹੰਕਾਰ ਵੀ ਨਾ ਹੋਵੇ। ਮਾਇਆ ਦਾ ਇਹੋ ਪ੍ਰਭਾਵ ਹੈ। ਇਸ ਤੋਂ ਉੱਪਰ ਮਾਇਆ ਦਾ ਪ੍ਰਵੇਸ਼ ਨਹੀਂ। ਇਹ ਤ੍ਰੈਗੁਣ ਮਿਟਾਉਣਾ ਹੀ ਉਹ ਮਜ਼ਬੂਤ ਦੰਦ ਹਨ, ਜੋ ਮਾਇਆ ਰੂਪ ਕਰੜੇ ਸਾਰ ਨੂੰ ਖਾ ਜਾਣਗੇ ਅਤੇ ਮਨੁੱਖ ਨੂੰ ਜਗਤ ਤਰਨ ਲਈ ਕੋਈ ਪ੍ਰਯਤਨ ਕਰਨਾ ਹੀ ਨਹੀਂ ਪਵੇਗਾ, ਤਾਰਣਹਾਰ ਆਪ ਤਾਰ ਲਵੇਗਾ (*ਤ੍ਰੈ ਗੁਣ ਮੇਟੇ ਖਾਈਐ ਸਾਰੁ॥ ਨਾਨਕ ਤਾਰੇ ਤਾਰਣਹਾਰੁ*)। ਹਕੀਕਤਨ ਗੁਰੂ ਨਾਨਕ ਦੇਵ ਜਗਤ, ਜਨਮ ਅਤੇ ਜੀਵਨ ਤੋਂ ਮੁਕਤਿ ਦੇ ਪਖਧਰ ਨਹੀਂ, ਉਹ ਤਾਂ ਜਗਤ ਵਿਚ ਉੱਠਦੀਆਂ ਮਾਇਆ ਦੀਆਂ ਭਿਆਨਕ ਲਹਿਰਾਂ ਨੂੰ 'ਜੋਧ ਮਹਾਬਲ ਸੂਰ' ਵਾਂਗ ਬਹਾਦਰੀ ਨਾਲ ਪਛਾੜ ਕੇ ਇਨ੍ਹਾਂ ਦੇ ਉਪਰ ਤੈਰਨ ਦਾ ਸੰਦੇਸ਼ ਦਿੰਦੇ ਹਨ।

ਜਦੋਂ ਮਨੁੱਖ ਆਪਣੇ ਮਨ ਤੋਂ ਮਾਇਆ ਦੇ ਤਿੰਨਾਂ ਗੁਣਾਂ ਦਾ ਪ੍ਰਭਾਵ ਮਿਟਾ ਕੇ ਦੈਵੀ-ਸ਼ਬਦ ਨੂੰ ਹਿਰਦੈ ਵਿਚ ਵਸਾ ਲੈਂਦਾ ਹੈ, ਤਾਂ ਮਨ ਵਿਚੋਂ ਅਹੰਕਾਰ ਨਸ਼ਟ ਹੋ ਜਾਂਦਾ ਹੈ। ਅਹੰਕਾਰ ਨੇ ਸਾਧਕਾਂ ਦੇ ਚਿੱਤ ਵਿਚ ਇਕ ਦੁਬਿਧਾ ਬਣਾਈ ਹੋਈ ਹੈ- *ਕੋ ਕਹਤੋ ਸਭ ਬਾਹਰਿ ਬਾਹਰਿ ਕੋ ਕਹਤੋ ਸਭ ਮਹੀਅਉ*। ਅਹੰਕਾਰ ਕਾਰਣ ਸਾਧਕਾਂ ਦਾ ਇਕ ਵਰਗ ਕਹਿੰਦਾ ਹੈ, ਕਿ ਪਰਮੇਸ਼ਰ ਜਗਤ ਤੋਂ ਪਰ੍ਹੇ ਹੈ ਅਤੇ ਦੂਜਾ ਕਹਿੰਦਾ ਹੈ, ਕਿ ਉਹ ਕੁਦਰਤ ਤੋਂ ਪਰ੍ਹੇ ਨਹੀਂ ਹੈ, ਇਸੇ ਵਿਚ ਹੈ। ਤ੍ਰੈ-ਗੁਣ ਨਿਰਲਿਪਤ ਸਾਧਕ ਅਹੰਕਾਰ ਦੇ ਮਰਣੋਪਰਾਂਤ (ਮਰਣ ਪਿਛੋਂ) ਅੰਦਰ ਤੇ ਬਾਹਰ ਦੀ, ਕੁਦਰਤ ਵਿਚ ਵਿਆਪਕਤਾ ਅਤੇ ਕੁਦਰਤ ਤੋਂ ਦੂਰ ਅਸੀਮਤਾ ਦੀ ਸਮਝ ਪਾ ਲੈਂਦਾ ਹੈ। ਇਸੇ ਗਿਆਨ ਕਾਰਣ ਉਸ ਦਾ ਪਿਆਰ ਨਾਮ ਨਾਲ ਲਗਦਾ ਹੈ। ਇਸ ਨੂੰ ਇੰਞ ਸਮਝਣਾ ਹੈ। ਜੇ ਉਹ ਕੁਦਰਤ ਦੇ ਅੰਦਰ ਹੀ ਕੈਦ ਹੈ, ਤਾਂ ਨਾਮ ਦੀ ਕੀ ਲੋੜ? ਸਥੂਲ ਸਰੂਪਾਂ ਦੀ ਪੂਜਾ ਕਾਫ਼ੀ ਹੈ। ਜੇ ਸਥੂਲਤਾ ਤੋਂ ਪਰ੍ਹੇ ਹੈ, ਤਾਂ ਅਜਿਹੀ ਹੋਂਦ ਦਾ ਨਾਮ ਨਹੀਂ ਹੋ ਸਕਦਾ, ਕਿਉਂਕਿ ਨਾਮ ਤਾਂ ਜਾਗਤਿਕ ਹਨ। ਗੁਰੂ ਜੀ ਕਹਿੰਦੇ ਹਨ, ਕਿ ਸਾਧਕ ਨਾਮ ਸਿਮਰਨ ਦੇ ਬੰਧਨ ਵਿਚ ਤਾਂ ਹੀ ਪੈ ਸਕਦਾ ਹੈ, ਜੇ ਸਾਕਾਰ ਅਤੇ ਨਿਰਾਕਾਰ ਨੂੰ ਇਕੋ ਵਾਸਤਵਿਕਤਾ ਜਾਣੇ। ਗੁਰੂ ਜੀ ਦਾ ਬਚਨ ਹੈ- *ਤ੍ਰੈ ਗੁਣ ਮੇਟੈ ਸਬਦੁ ਵਸਾਏ ਤਾ ਮਨਿ ਚੂਕੈ ਅਹੰਕਾਰੋ॥ ਅੰਤਰਿ ਬਾਹਰਿ ਏਕੋ ਜਾਣੈ ਤਾ ਹਰਿ ਨਾਮਿ ਲਗੈ ਪਿਆਰੋ॥* ਗ੍ਰਿਹਸਥ ਵਾਲੇ ਵਿਵਹਾਰਿਕ ਘਰ ਅਤੇ ਸਾਧਕ ਦੇ ਅੰਤ੍ਰੀਵ ਘਰ ਵਿਚ ਕੁਝ ਸਮਾਨਤਾਵਾਂ ਨਾ ਹੁੰਦੀਆਂ, ਤਾਂ ਸਾਧਕ ਹਿਰਦੈ ਨੂੰ ਨਿੱਜ-ਘਰ ਨਾ ਕਹਿੰਦੇ। ਗ੍ਰਿਹਸਥ ਆਸ਼ਰਮ ਦੇ ਘਰ ਵਿਚਲੇ ਸੁੱਖ ਵੀ 'ਹਉਮੈ' ਨਸ਼ਟ ਕਰਦੀ ਹੈ ਅਤੇ ਸਾਧਕ ਦੇ ਹਿਰਦੈ ਵਿਚ ਵੀ ਕਲੇਸ਼ 'ਹਉਮੈ' ਪੈਦਾ ਕਰਦੀ ਹੈ। 'ਹਉਮੈ' ਗ੍ਰਿਹਸਥੀ ਵਿਅਕਤੀਆਂ ਦੇ ਘਰ ਨੂੰ ਇਕ ਇਕਾਈ ਨਹੀਂ ਬਣਨ ਦੇਂਦੀ। ਨਾ ਹੀ ਸਾਧਕ 'ਹਉਮੈ' ਦੇ ਪ੍ਰਭਾਵ ਵਿਚ ਸਾਬਤ ਮਨੁੱਖ ਬਣ ਸਕਦਾ ਹੈ। ਉਹ ਅੰਦਰੋਂ ਵਿਭਾਜਿਤ ਹੋ ਜਾਂਦਾ ਹੈ। 'ਹਉਮੈ' ਅਜਿਹਾ ਦੋਹਰਾਪਣ ਹੈ, ਜਿਸ ਦਾ ਕਾਰਜ-ਖੇਤਰ ਹੀ ਏਕਤਾ ਨੂੰ ਵਿਨਸ਼ਟ ਕਰਨਾ ਹੈ। ਗੁਰੂ ਜੀ ਸਿਧਾਂ ਨੂੰ ਕਹਿੰਦੇ ਹਨ, ਕਿ ਸ਼ਬਦ ਹਉਮੈ ਨਸ਼ਟ ਕਰਦਾ ਹੈ, ਤਾਂ ਨਿੱਜ-ਘਰ ਵਿਚ ਨਿਵਾਸ ਹੋ ਜਾਂਦਾ ਹੈ। ਇਸੇ ਤਰ੍ਹਾਂ ਸ਼ਬਦ ਗ੍ਰਿਹਸਥੀ ਕੋਲ ਹੋਵੇ, ਤਾਂ ਉਹ ਗ੍ਰਿਹਸਥ ਰੂਪ ਘਰ ਨੂੰ ਵੀ ਸੁੱਖਦਾਈ ਕਰ ਲੈਂਦਾ ਹੈ ਅਤੇ ਨਿੱਜ-ਘਰ ਵਿਚ ਵੀ ਟਿਕਿਆ ਰਹਿੰਦਾ ਹੈ। ਜੋ ਮਨੁੱਖ ਗ੍ਰਿਹਸਥ ਰੂਪ ਘਰ ਵਿਚ ਹੀ ਨਹੀਂ ਟਿਕਿਆ, ਉਹ ਨਿੱਜ-ਘਰ ਵਿਚ ਟਿਕਣ ਦੀ ਕਲਪਨਾ ਤੋਂ ਹੀ ਵੰਚਿਤ ਹੈ। ਇਸ ਲਈ ਜ਼ਰੂਰਤ ਗ੍ਰਿਹ-ਤਿਆਗ ਦੀ ਨਹੀਂ, ਸ਼ਬਦ ਦੇ ਸੱਚੇ ਸੰਦੇਸ਼ ਦੀ ਹੈ- *ਗੁਰ ਕੈ ਸਬਦਿ ਹਉਮੈ ਬਿਖੁ ਮਾਰੈ ਤਾ ਨਿਜ ਘਰਿ ਹੋਵੈ ਵਾਸੋ ॥ ਜਿਨਿ ਰਚਿ ਰਚਿਆ ਤਿਸੁ ਸਬਦਿ ਪਛਾਣੈ ਨਾਨਕੁ ਤਾ ਕਾ ਦਾਸੋ*। 'ਸਿਧ ਗੋਸਟਿ' ਵਿਚ ਗੁਰੂ ਜੀ ਨੇ 'ਹਉਮੈ' ਨੂੰ ਪਾਰਿਭਾਸ਼ਿਤ ਵੀ ਕਰ ਦਿਤਾ ਹੈ। ਕਹਿੰਦੇ ਹਨ ਇਹ 'ਹਉ ਹਉ' ਹੈ ਜਾਂ 'ਮੈ ਮੈ'। ਇਹ ਇਕ ਦ੍ਵੈਤ ਦੀ ਅਨੁਭੂਤੀ ਹੈ, ਜੋ ਮਨੁੱਖ ਅਤੇ ਪਰਮੇਸ਼ਰ ਦੇ

ਸੰਬੰਧਾਂ ਅਤੇ ਮਨੁੱਖ ਅਤੇ ਮਨੁੱਖਤਾ ਦੇ ਸੰਬੰਧਾਂ ਨੂੰ ਮਲੀਨ ਕਰਦੀ ਹੈ। ਇਹ ਦੋ ਟੁਕੜਿਆਂ ਵਿਚ ਵਿਭਾਜਿਤ ਅੰਤਹਕਰਣ ਇਕ ਇਕਾਈ ਬਣ ਜਾਵੇ, ਤਾਂ ਮਨੁੱਖ ਅਵਿਭਾਜਿਤ ਵਿਅਕਤਿਤ੍ਵ ਵਾਲਾ ਯੋਗੀ-ਪੁਰੁਸ਼ ਹੋ ਜਾਂਦਾ ਹੈ, ਯਥਾ- *ਹਉ ਹਉ ਮੈ ਮੈ ਵਿਚਹੁ ਖੋਵੈ॥ ਦੂਜਾ ਮੇਟੈ ਏਕੋ ਹੋਵੈ॥* ਇਸ ਵਿਚ ਗ੍ਰਿਹ-ਤਿਆਗ ਦੀ ਕੀ ਜ਼ਰੂਰਤ ਸੀ? ਤਿਆਗ ਤਾਂ ਆਂਤ੍ਰਿਕ ਪ੍ਰਵਿਰਤੀਆਂ ਦਾ ਕਰਨਾ ਸੀ, ਜੋ ਅਸਲ ਬੰਧਨ ਦਾ ਕਾਰਣ ਹਨ।

'ਹਉਮੈ' ਵਿਕਾਰਾਂ ਦਾ ਬੀਜ ਹੈ। ਇਹ ਮਾਨਵੀ ਮਨ ਵਿਚ ਵਿਅਕਤੀਗਤ ਸ੍ਵਾਰਥ ਦਾ ਉੱਥਾਨ ਕਰ ਕੇ ਵਿਸ਼ਿਆਂ ਨੂੰ ਵਿਕਾਰਾਂ ਵਿਚ ਪਰਿਵਰਤਿਤ ਕਰਦੀ ਹੈ। ਸਿੱਖ ਮਤਿ ਅਨੁਸਾਰ ਇਸੇ ਦਾ ਤਿਆਗ ਅਸਲ ਮੁਕਤਿ ਹੈ। ਵਿਅਕਤੀਗਤ ਜੀਵਨ ਅਤੇ ਮਾਨਵਤਾ ਵਾਸਤੇ ਕਾਮਾਦਿ ਪੰਜ ਰੋਗ ਘਾਤਕ ਹਨ। ਮੁਕਤਿ ਇਨ੍ਹਾਂ ਦੇ ਵਧੇ ਪ੍ਰਭਾਵ ਤੋਂ ਛੁਟਕਾਰੇ ਦਾ ਨਾਮ ਹੈ (*ਕਾਮੁ ਕ੍ਰੋਧੁ ਬਿਖੁ ਅਗਨਿ ਨਿਵਾਰੇ॥ ਨਾਨਕ ਨਦਰੀ ਨਦਰਿ ਪਿਆਰੇ*)। ਇਨ੍ਹਾਂ ਤੋਂ ਨਿਰਲੇਪ ਸਮਾਜ ਵਿਚ ਰੱਬ ਦੀਆਂ ਮਿਹਰਾਂ ਹੀ ਮਿਹਰਾਂ ਹਨ। ਆਪਣਾ ਅਹੰਕਾਰ ਮਿਟਾ ਕੇ ਮਨੁੱਖ ਬੰਧਨ-ਮੁਕਤ ਹੋ ਜਾਂਦਾ ਹੈ ਅਤੇ ਮੁਕਤ ਯੋਗੀ ਉਹ ਹੈ, ਜਿਸ ਨੇ ਹਿਰਦੈ ਨੂੰ ਸਚਿਆਰ ਕਰ ਲਿਆ (*ਆਪੁ ਮੇਟਿ ਨਿਰਾਲਮੁ ਹੋਵੈ ਅੰਤਰਿ ਸਾਚੁ ਜੋਗੀ ਕਹੀਐ ਸੋਈ*)। ਭਾਵ ਇਹ ਹੈ, ਕਿ ਅਹੰਕਾਰ ਮਿਟਾਉਣ ਅਤੇ ਸਚਿਆਰ ਹੋਣ ਦੀ ਅਸਲ ਕਾਰਜਸ਼ਾਲਾ ਤਾਂ ਗ੍ਰਿਹਸਥ ਹੈ। ਜੇ ਗ੍ਰਿਹਸਥ ਦਾ ਤਿਆਗ ਕਰ ਦਿਤਾ, ਫਿਰ ਅਹੰਕਾਰ ਮਾਰਣ ਦਾ ਸਮਾਜ ਨੂੰ ਕੀ ਲਾਭ? ਨਾ ਹੀ ਸਤਿਵਾਦੀ ਹੋਣ ਦਾ ਮਨੁੱਖਤਾ ਨੂੰ ਕੋਈ ਲਾਭ ਹੋਣ ਵਾਲਾ ਹੈ। ਗੁਰਮਤਿ ਵਿਚ ਗ੍ਰਿਹਸਥ ਜੀਵਨ ਤਾਂ ਜਿਊਣਾ ਹੈ, ਬੱਸ ਅਸੀਮ ਖ਼੍ਵਾਹਿਸ਼ਾਂ ਨੂੰ ਨਿਯੰਤ੍ਰਿਤ ਕਰਨਾ ਹੈ (*ਜੀਵਤੁ ਮਰੈ ਤਾ ਸਭੁ ਕਿਛੁ ਸੂਝੈ ਅੰਤਰਿ ਜਾਣੈ ਸਰਬ ਦਇਆ*)। ਇਸ ਤਰ੍ਹਾਂ ਗੁਰਮਤਿ ਵਿਚ ਮੁਕਤਿ ਦੇ ਨਵੀਨ ਅਰਥ ਹਨ। ਮੁਕਤਿ ਜਗਤ-ਨਿਰਲੇਪਤਾ ਨਹੀਂ, ਬਲਕਿ ਮੁਕਤਿ ਇਕ ਕਲਿਆਣਕਾਰੀ ਪਦਵਿਰਤੀ-ਮਾਰਗ ਹੈ, ਜਿਸ 'ਤੇ ਚਲਣ ਵਾਲੇ ਸਾਧਕ ਲਈ ਜਗਤ ਦੈਵੀ- ਦਿਵਯਤਾ ਦੇ ਸੌਂਦਰਯ ਨਾਲ ਭਰਪੂਰ ਹੈ। ਜਨਮ ਅਤੇ ਜੀਵਨ ਪਰਮੇਸ਼ਰ ਦੀ ਅਨਮੋਲ ਦਾਤ ਹਨ। ਇਸ ਦਾ ਵਿਰੋਧ ਅਕਾਲ-ਪੁਰਖ ਦੇ ਹੁਕਮ ਦੀ ਖ਼ਿਲਾਫ਼ਤ ਹੈ। ਦੂਸ਼ਿਤ ਚਿੰਤਨ, ਬੁਰੇ ਵਿਚਾਰਾਂ ਅਤੇ ਸਵਾਰਥ ਭਰੇ ਕਰਮ ਦਾ ਤਿਆਗ ਹੀ ਅਸਲ ਮੁਕਤਿ ਹੈ, ਜਿਸ ਦੀ ਪ੍ਰਾਪਤੀ ਗੁਰੂ ਦੇ ਉਪਦੇਸ਼ ਦੁਆਰਾ ਗ੍ਰਿਹਸਥ ਵਿਚ ਰਹਿ ਕੇ ਸਮਾਜ ਦੀ ਸੇਵਾ ਕੀਤਿਆਂ ਹੁੰਦੀ ਹੈ। ਤਿਆਗਵਾਦੀ ਮੁਕਤਿ ਸਵਾਰਥ-ਪ੍ਰੇਰਿਤ ਅਤੇ ਨਿੱਜੀ ਹੈ। ਮਾਨਵਤਾ ਲਈ ਇਸ ਦਾ ਕੁਝ ਵੀ ਯੋਗਦਾਨ ਨਹੀਂ ਹੋ ਸਕਦਾ। ਮਾਨਵਤਾ ਵਾਸਤੇ ਇਹ ਕੇਵਲ ਬੋਝ ਅਤੇ ਪੀੜਾ ਦਾ ਕਾਰਣ ਹੈ।

**ਜਗਤ ਅਤੇ ਜੀਵ:** ਸ੍ਰਿਸ਼ਟੀ ਧਰਮ-ਦਰਸ਼ਨ ਦਾ ਇਕ ਵੱਡਾ ਮੁਦਾ ਰਿਹਾ ਹੈ ਅਤੇ ਧਰਮ ਗ੍ਰੰਥਾਂ ਵਿਚ ਸ੍ਰਿਸ਼ਟੀ ਸੰਬੰਧੀ ਕੁਝ ਨਾ ਕੁਝ ਉਕਤੀਆਂ ਉਪਲਬਧ ਹੋ ਜਾਂਦੀਆਂ ਹਨ, ਹਾਲਾਕਿ ਕਿਸੇ ਧਰਮ-ਸੰਸਥਾਪਕ ਨੇ ਇਸ ਸੰਬੰਧੀ ਪ੍ਰਸ਼ਨਾਂ ਉਤੇ ਵਿਗਿਆਨਵਾਦੀ ਟਿੱਪਣੀਆਂ ਨਹੀਂ ਕੀਤੀਆਂ। ਜੋ ਟਿੱਪਣੀਆਂ ਕੀਤੀਆਂ ਹਨ, ਉਨ੍ਹਾਂ ਦਾ ਬਹੁਤਾ ਸੰਬੰਧ ਇਸ ਗੱਲ ਨਾਲ ਹੈ, ਕਿ ਜਗਤ ਰਚਨਾ ਨੂੰ ਉਹ ਕਿਸ ਤਰ੍ਹਾਂ ਨਾਲ ਗ੍ਰਹਿਣ ਕਰਦੇ ਹਨ? ਗੁਰੂ ਨਾਨਕ ਦੇਵ ਜੀ ਦੇ ਵਿਚਾਰ ਸਨ, ਕਿ ਜਿਸ ਸਮੱਸਿਆ ਦਾ ਹੱਲ ਮਨੁੱਖ ਕੋਲ ਨਹੀਂ, ਉਸ ਉੱਤੇ ਟਿਪਣੀਆਂ ਕਰਨੀਆਂ ਅਨੁਚਿੱਤ ਹਨ। ਉਨ੍ਹਾਂ ਦਾ ਕਹਿਣਾ ਸੀ, ਕਿ ਰਚਨਾ ਕਿਵੇਂ ਹੋਈ? ਕੋਈ ਨਹੀਂ ਜਾਣਦਾ। ਰਚਨਾ ਕਦੋਂ ਹੋਈ? ਇਹ ਵੀ ਕਿਸੇ ਨੂੰ ਪਤਾ ਨਹੀਂ। ਪੰਡਿਤ, ਕਾਜ਼ੀ ਅਤੇ ਯੋਗੀ, ਵੇਦ ਅਤੇ ਕਤੇਬ ਕੋਈ ਵੀ ਇਸ ਸੰਬੰਧੀ ਕੁਝ ਕਹਿ ਨਹੀਂ ਸਕਦਾ। ਉਨ੍ਹਾਂ ਨੇ 'ਜਪੁ' ਬਾਣੀ ਵਿਚ ਬਿਆਨ ਕੀਤਾ ਹੈ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਉਹ ਕਹਿੰਦੇ ਹਨ, ਕਿ ਕਹਿਣ ਨੂੰ ਤਾਂ ਇਸ ਸੰਬੰਧੀ ਹਰ ਕੋਈ ਬਿਆਨਬਾਜ਼ੀ ਕਰਦਾ ਹੈ ਅਤੇ ਇਕ-ਦੂਜੇ ਤੋਂ ਵੱਧ-ਚੜ੍ਹ ਕੇ ਵਰਣਨ ਕਰਦਾ ਹੈ, ਪਰ ਹਕੀਕਤਨ ਮੈਂ ਸੋਚਦਾ ਹਾਂ, ਕਿ ਇਸ ਸੰਬੰਧੀ ਮੈਂ ਕਿਸ ਆਧਾਰ ਉੱਤੇ ਟਿੱਪਣੀ ਕਰਾਂ? ਮੇਰੇ ਕੋਲ ਕਿਹੜੇ ਸਾਧਨ ਹਨ, ਜਿਨ੍ਹਾਂ ਦੇ ਆਧਾਰ 'ਤੇ ਕੁਝ ਸਮਝ ਕੇ ਟਿੱਪਣੀਆਂ ਕਰ ਸਕਾਂ? ਅਸਲ ਵਿਚ ਸ੍ਰਿਸ਼ਟੀ ਦੇ ਪ੍ਰਯੋਜਨ ਦੀ ਪ੍ਰਸ਼ੰਸਾ ਕਰਨ ਵਾਸਤੇ ਵੀ ਕਿਸੇ ਕੋਲ ਕੋਈ ਵਿਗਿਆਨਿਕ ਸਾਮਗਰੀ ਨਹੀਂ:

ਕਿਵ ਕਰਿ ਆਖਾ ਕਿਵ ਸਾਲਾਹੀ ਕਿਉ ਵਰਨੀ ਕਿਵ ਜਾਣਾ॥
ਨਾਨਕ ਆਖਣਿ ਸਭੁ ਕੋ ਆਖੈ ਇਕ ਦੂ ਇਕੁ ਸਿਆਣਾ॥

'*ਸੁਅਸਤਿ ਆਥਿ ਬਾਣੀ ਬਰਮਾਉ॥ ਸਤਿ ਸੁਹਾਣੁ ਸਦਾ ਮਨਿ ਚਾਉ॥*' ਲਿਖ ਕੇ ਉਹ ਕਹਿੰਦੇ ਹਨ, ਕਿ ਉਸ ਕਰਤਾ ਦੀ ਜੈ ਹੋਵੇ, ਜੋ ਆਪ ਹੀ ਸ੍ਰਿਸ਼ਟੀ ਬਣਾਉਣ ਵਾਲਾ ਬ੍ਰਹਮਾ ਹੈ, ਆਪ ਹੀ ਬਾਣੀ ਰੂਪ ਹੈ। ਉਹ ਦੱਸਦੇ ਹਨ, ਕਿ ਸ੍ਰਿਸ਼ਟੀ ਬਾਰੇ ਮੈਂ ਇਹੋ ਕਹਿ ਸਕਦਾ ਹਾਂ, ਕਿ ਜੋ ਬਣਾਇਆ ਗਿਆ ਹੈ, ਉਹ ਸਤਿ-ਸਰੂਪ ਹੈ, ਅਥਾਹ ਸੁੰਦਰ ਹੈ ਅਤੇ ਇਸ ਵਿਚ ਅਸੀਮ ਖੇੜਾ ਵਿਆਪਕ ਹੈ। ਇਨ੍ਹਾਂ ਉਕਤੀਆਂ ਵਿਚ ਰਚਨਾ ਸੰਬੰਧੀ ਦਾਰਸ਼ਨਿਕ ਦ੍ਰਿਸ਼ਟੀਕੋਣ ਤਾਂ ਹੈ, ਵਿਗਿਆਨਿਕ ਟਿੱਪਣੀਆਂ ਨਹੀਂ।

ਗੁਰੂ ਜੀ ਕਹਿੰਦੇ ਹਨ, ਕਿ ਅਵਿਅਕਤ ਪਰਮੇਸ਼ਰ ਤੋਂ ਜੋ ਉਪਜਦਾ ਹੈ, ਉਹ ਪਵਿੱਤਰ ਤੋਂ ਪਵਿੱਤਰ ਹੀ ਜਨਮ ਲੈਂਦਾ ਹੈ। ਇਹ ਕਿਵੇਂ ਹੋ ਸਕਦਾ ਹੈ, ਕਿ ਪਵਿੱਤਰ ਵਿਚੋਂ ਅਪਵਿੱਤਰ ਜਨਮ ਲੈ ਲਵੇ ਅਤੇ ਫਿਰ ਉਹ ਅਪਵਿੱਤਰ ਪ੍ਰਲਯ-ਕਾਲ ਵਿਚ ਪਵਿੱਤਰ ਵਿਚ ਸਮਾ ਜਾਵੇ। ਇੰਞ ਤਾਂ ਪਰਮ-ਸਤਾ ਹੀ ਦੂਸ਼ਿਤ ਹੋ ਜਾਵੇਗੀ। ਗੁਰੂ ਜੀ ਕਹਿੰਦੇ ਹਨ, ਕਿ ਜਗਤ ਸਿਰਜਣਾ ਨਾਲ ਬ੍ਰਹਮ ਦੀ ਸਥਿਤੀ ਥੋੜ੍ਹਾ ਹੀ ਬਦਲ ਗਈ ਹੈ। ਜੋ ਪਵਿੱਤਰਤਾ ਨਿਰਾਕਾਰ ਸੀ, ਉਹੋ ਸਾਕਾਰ ਹੋ ਗਈ। ਸ੍ਰਿਸ਼ਟੀ ਦੀ ਪਵਿੱਤਰਤਾ ਸੰਬੰਧੀ ਅਜਿਹਾ ਵੱਡਾ ਬਿਆਨ ਸਾਨੂੰ ਕਿਤੇ ਵੇਖਣ ਨੂੰ ਨਹੀਂ ਮਿਲਦਾ। ਜਗਤ ਦੀ ਅਪਵਿਤ੍ਰਤਾ ਦੇ ਵਿਚਾਰ ਦਾ ਸਮੂਲ ਨਿਸ਼ੇਧ ਹੈ ਗੁਰੂ ਜੀ ਦਾ ਇਹ ਕਥਨ। ਉਹ ਕਹਿੰਦੇ ਹਨ, ਕੀ ਬਦਲ ਗਿਆ ਹੈ ? ਜੋ ਅਪ੍ਰਗਟ ਸੀ, ਪ੍ਰਗਟ ਹੋ ਗਿਆ, ਜੋ ਸੂਖਮ ਸੀ ਸਥੂਲ ਹੋ ਗਿਆ। ਉਸ ਵਿਚ ਮੈਲ਼ ਕਿੱਥੋਂ ਆ ਗਈ? ਕਿਹੜੀ ਮਿਲਾਵਟ ਹੋਈ? ਕਿਸ ਨੇ ਮਿਲਾਵਟ ਕੀਤੀ? ਰੱਬ ਦੀ ਸੁੱਚੀ ਕ੍ਰਿਤ ਨੂੰ ਦੂਸ਼ਿਤ ਕਹਿਣਾ ਰੱਬ ਪ੍ਰਤੀ ਅਪਰਾਧ ਹੈ (*ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣੁ ਥੀਆ*)। ਜਗਤ ਦੀ ਪਵਿੱਤਰਤਾ ਸੰਬੰਧੀ ਸਮੂਹ ਅਨੁਚਿੱਤ ਟਿੱਪਣੀਆਂ ਦਾ ਮੂੰਹ ਬੰਦ ਕਰ ਦਿੱਤਾ। ਉਹ ਕਹਿੰਦੇ ਹਨ, ਜਗਤ ਸੱਚ ਤੋਂ ਪੈਦਾ ਹੋਇਆ ਹੈ। ਪ੍ਰਲਯ-ਕਾਲ ਵਿਚ ਸੱਚ ਵਿਚ ਚਲਾ ਜਾਂਦਾ ਹੈ। ਬ੍ਰਹਮ ਸੱਚਾ ਹੈ ਤਾਂ ਜਗਤ ਸੁੱਚਾ ਹੈ। ਉਹ ਸੱਚਾ ਅਤੇ ਇਹ ਸੁੱਚਾ ਇਕ ਰੂਪ ਹਨ। ਜੋ ਇਸ ਨੂੰ ਸੱਚ ਸਰੂਪ ਨਹੀਂ ਜਾਣਦੇ, ਉਹ ਝੂਠ-ਲਿਪਤ ਮਨੁੱਖ ਆਉਂਦੇ ਹਨ, ਟਿਕਾਣਾ ਨਹੀਂ ਪਾਉਂਦੇ ਅਰਥਾਤ ਘਰ-ਗ੍ਰਿਹਸਥੀ ਛੱਡ ਕੇ ਭਟਕਦੇ ਹਨ। ਉਹ ਸੰਸਾਰ ਨੂੰ ਬ੍ਰਹਮ ਤੋਂ ਭਿੰਨ ਜਾਣਨ ਕਰ ਕੇ ਆਉਣ-

ਜਾਣ ਵਿਚ ਪਏ ਰਹਿੰਦੇ ਹਨ (*ਸਾਚੌ ਉਪਜੈ ਸਾਚਿ ਸਮਾਵੈ ਸਾਚੇ ਸੂਚੇ ਏਕ ਮਇਆ॥ ਝੂਠੇ ਆਵਹਿ ਠਵਰ ਨ ਪਾਵਹਿ ਦੂਜੈ ਆਵਾ ਗਉਣੁ ਭਇਆ*)। ਮੇਰੀ ਮਾਨਤਾ ਹੈ, ਕਿ ਜਗਤ ਦੀ ਇਹ ਦੈਵੀ-ਪਵਿਤ੍ਰਤਾ ਵਿਸ਼ਵ ਦੇ ਕਿਸੇ ਹੋਰ ਧਰਮ ਗ੍ਰੰਥ ਵਿਚੋਂ ਨਹੀਂ ਮਿਲ ਸਕਦੀ।

'ਸਿਧ ਗੋਸਟਿ' ਦੇ ਪਹਿਲੇ ਭਾਗ ਅਰਥਾਤ ਸੁਮੇਰ ਵਾਲੀ ਸਿਧਾਂ ਨਾਲ ਹੋਈ ਗੋਸ਼ਠੀ ਵਿਚ ਸਿਧਾਂ ਨੇ ਜਗਤ ਦੇ ਆਰੰਭ ਸੰਬੰਧੀ ਪ੍ਰਸ਼ਨ ਕਰ ਕੇ ਗੁਰੂ ਜੀ ਨੂੰ ਪੁਛਿਆ, ਕਿ ਤੁਸੀਂ ਜਗਤ ਦੇ ਆਰੰਭ ਨੂੰ ਕਿਸ ਤਰ੍ਹਾਂ ਬਿਆਨ ਕਰਦੇ ਹੋ? ਇਹ ਵੀ ਦੱਸੋ ਕਿ ਉਸ ਵੇਲੇ 'ਸੁੰਨ' ਦਾ ਕਿਹੜੇ ਘਰ ਵਿਚ ਨਿਵਾਸ ਸੀ (*ਆਦਿ ਕਉ ਕਵਨੁ ਬੀਚਾਰੁ ਕਥੀਅਲੇ ਸੁੰਨ ਕਹਾ ਘਰ ਵਾਸੋ*)? ਗੁਰੂ ਜੀ ਨੇ ਜਵਾਬ ਦਿੱਤਾ, ਕਿ ਮੈਂ ਤਾਂ ਜਗਤ ਦੇ ਆਰੰਭ ਨੂੰ ਇਕ ਕੌਤਕ ਜਾਂ ਅਚੰਭਾ ਹੀ ਮੰਨਦਾ ਹਾਂ। ਭਾਵ ਇਹ ਇਕ ਦੈਵੀ-ਕੌਤਕ ਹੈ, ਜਿਸ ਬਾਰੇ ਹੋਰ ਕੁਝ ਕਹਿਣਾ ਉਚਿੱਤ ਨਹੀਂ। ਸਿਧਾਂ ਨੇ ਪੁੱਛਿਆ ਸੀ, ਕਿ ਤਦੋਂ 'ਸੁੰਨ' ਦਾ ਵਾਸਾ ਕਿੱਥੇ ਸੀ ? ਗੁਰੂ ਜੀ ਨੇ ਕਿਹਾ, 'ਸੁੰਨ' ਦਾ ਵਾਸਾ ਨਿਰੰਤਰ ਹੈ। ਬੁੱਧ ਮਤਿ ਨੇ ਸਦੀਵੀ ਹੋਂਦ ਦੇ ਨਿਸ਼ੇਧ ਵਜੋਂ 'ਸੁੰਨ' ਸ਼ਬਦ ਦਾ ਆਵਿਸ਼ਕਾਰ ਕੀਤਾ ਸੀ। ਸਿਧ ਇਹ ਪੁੱਛਣਾ ਚਾਹੁੰਦੇ ਸਨ, ਕਿ ਜਦੋਂ ਰਚਨਾ ਨਹੀਂ ਸੀ ਤਾਂ ਸੁੰਨ ਕਿੱਥੇ ਸੀ ? ਗੁਰੂ ਜੀ ਨੇ 'ਸੁੰਨ' ਨੂੰ ਪਾਰਬ੍ਰਹਮ ਦੀ ਮਾਇਆ-ਨਿਰਲਿਪਤ ਸਥਿਤੀ ਨਾਲ ਸੰਬੰਧਿਤ ਕਰ ਕੇ 'ਸੁੰਨ' ਨੂੰ ਪਰਮੇਸ਼ਰ ਵਿਚ ਅਭੇਦ ਕਰ ਦਿਤਾ। ਉਨ੍ਹਾਂ ਦਾ ਉੱਤਰ ਸੀ- *ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ*। ਚੇਤੇ ਰਹੇ, ਕਿ 'ਸੁੰਨਿ' ਦੇ ਸਿਧਾਂਤ ਦਾ ਆਵਿਸ਼ਕਾਰ ਮਹਾਤਮਾ ਬੁੱਧ ਜੀ ਨੇ ਕਿਸੇ ਸਥਾਈ ਅਮਰ ਹੋਂਦ ਦੇ ਵਿਰੋਧ ਵਿਚ ਕੀਤਾ ਸੀ, ਗੁਰੂ ਜੀ ਨੇ 'ਸੁੰਨਿ' ਨੂੰ ਹੀ 'ਨਿਰੰਤਰਿ' ਭਾਵ ਸਦਜੀਵੀ ਬਣਾ ਦਿੱਤਾ। ਨਾਥਾਂ ਨੇ ਗੁਰੂ ਜੀ ਨੂੰ ਜਗਤ ਦੀ ਥਾਂ ਜੀਵਨ ਸੰਬੰਧੀ ਪ੍ਰਸ਼ਨ ਕੀਤਾ ਸੀ- *ਕਵਣ ਮੂਲੁ ਕਵਣ ਮਤਿ ਵੇਲਾ॥* ਅਰਥਾਤ ਜੀਵਨ ਦਾ ਮੂਲ ਕੀ ਹੈ? 'ਕਵਣ ਮਤਿ ਵੇਲਾ' ਦਾ ਭਾਵ ਹੈ, ਕਿ ਅਜੋਕੇ ਕਾਲ ਵਿਚ ਜੀਵਨ ਦਾ ਪ੍ਰਯੋਜਨ ਸਮਝਣ ਲਈ ਕਿਸ ਵਿਚਾਰਧਾਰਾ ਦਾ ਅਨੁਸਰਣ ਕੀਤਾ ਜਾਵੇ। ਗੁਰੂ ਜੀ ਨੇ ਕਿਹਾ ਸ੍ਰਿਸ਼ਟੀ ਵਿਚ ਜੀਵਨ ਦਾ ਆਰੰਭ 'ਪਵਣ' ਨਾਲ ਹੋਇਆ ਹੈ (*ਪਵਨ ਅਰੰਭੁ ਸਤਿਗੁਰ ਮਤਿ ਵੇਲਾ*), ਕਿਉਂਕਿ ਪ੍ਰਿਥਵੀ ਦੇ ਪੰਜ ਤੱਤਾਂ ਵਿਚੋਂ ਸਭ ਤੋਂ ਪਹਿਲਾਂ 'ਪਵਣ' ਦੇ ਹੋਂਦ ਵਿਚ ਆਉਣ ਦੀ ਭਾਰਤੀ ਧਰਮ-ਸ਼ਾਸਤ੍ਰੀ ਮਾਨਤਾ ਸਰਬ-ਪ੍ਰਵਾਣਿਤ ਹੈ। ਦੂਜੇ ਭਾਗ 'ਕਵਣ ਮਤਿ ਵੇਲਾ' ਦਾ ਉਤਰ ਦਿੰਦਿਆਂ, ਉਨ੍ਹਾਂ ਕਿਹਾ ਕਿ ਹੁਣ ਭਾਵ ਅਜੋਕੇ ਕਾਲ ਵਿਚ ਜੀਵਨ ਦਾ ਉਦੇਸ਼ ਸਮਝਣ ਵਾਸਤੇ ਸੱਚੇ ਗੁਰੂ ਦਾ ਉਪਦੇਸ਼ ਲੋੜੀਂਦਾ ਹੈ। ਮਹਜ਼ ਪੁਰਾਣੀਆਂ ਮਾਨਤਾਵਾਂ ਜੀਵਨ ਦੀ ਅਗਵਾਈ ਲਾਈ ਨਾਕਾਫ਼ੀ ਹਨ। ਸੱਚੇ ਗੁਰੂ ਸੰਬੰਧੀ ਵੀ ਸਪਸ਼ਟ ਕਰ ਦੇਂਦੇ ਹਨ, ਕਿ ਆਪਣੀ ਸ਼ਾਰੀਰਿਕ ਪੂਜਾ ਕਰਵਾਉਣ ਵਿਚ ਲਗੇ ਦੇਹਧਾਰੀ ਸੱਚੇ ਗੁਰੂ ਨਹੀਂ ਹਨ, ਬਲਕਿ ਹੁਣ ਗਿਆਨ ਦਾ ਯੁਗ ਹੈ ਅਤੇ ਕੇਵਲ ਗਿਆਨ-ਗੁਰੂ (ਸਬਦੁ) ਹੀ ਮਨੁੱਖ ਨੂੰ ਠੀਕ ਸੇਧ ਦੇ ਸਕਦਾ ਹੈ। ਉਹ ਨਾਲ ਹੀ ਕਹਿੰਦੇ ਹਨ, ਕਿ ਸੱਚੇ ਗੁਰੂ ਦੇ ਨਾਲ ਹੀ ਅਨੁਆਈ ਵੀ ਗਿਆਨ-ਨਿਸ਼ਠ ਹੋਣਾ ਚਾਹੀਦਾ ਹੈ। ਕੇਵਲ ਭਾਂਤਿ-ਭਾਂਤਿ ਦੇ ਯੋਗ-ਗੁਰੂਆਂ ਕੋਲੋਂ ਦੀਖਿਆ ਲੈ ਕੇ ਧਾਰਮਿਕ ਚਿੰਨ੍ਹ ਧਾਰਨ ਕਰਨ ਵਾਲੇ ਸ਼ਿਸ਼ਾਂ ਦੀ ਜ਼ਰੂਰਤ ਨਹੀਂ, ਬਲਕਿ ਮਾਨਵੀ ਪ੍ਰਯੋਜਨ ਪਾਉਣ ਲਈ ਜ਼ਰੂਰਤ ਹੈ, ਕਿ ਸ਼ਰੀਰ ਦੀ ਥਾਂ ਚਿੱਤ-ਏਕਾਗ੍ਰਤਾ ਸ਼ਿਸ਼ ਬਣ ਜਾਵੇ (*ਸਬਦੁ ਗੁਰੂ ਸੁਰਤਿ ਧੁਨਿ ਚੇਲਾ*) ਭਾਵ ਸੰਪ੍ਰਦਾਈ ਲਿਬਾਸ ਵਾਲੇ ਸ਼ਰੀਰ ਦੀ ਥਾਂ ਚਿੱਤ-ਏਕਾਗ੍ਰਤਾ ਸ਼ਿਸ਼ ਬਣੇ। ਗੁਰੂ ਅਤੇ ਸ਼ਿਸ਼ ਸੰਬੰਧੀ ਉਪਰੋਕਤ ਉਕਤਿ ਜਿੱਥੇ ਸੂਖਮ ਅਸਰੀਰੀ ਗੁਰੂ ਦਾ ਸਿਧਾਂਤ ਪ੍ਰਤਿਪਾਦਿਤ ਕਰਦੀ ਹੈ, ਉੱਥੇ ਸ਼ਿਸ਼ ਵੀ ਅਦ੍ਰਿਸ਼ਟ ਚਿੱਤ ਨੂੰ ਦਰਸਾ ਦਿਤਾ ਹੈ। ਇਹ ਵੀ ਵਿਧਾਨ ਕਰ ਦਿਤਾ ਹੈ, ਕਿ ਸ਼ਬਦ-ਗੁਰੂ ਚਿੱਤ/ਵਿਵੇਕ/ਸੁਰਤਿ ਦਾ ਵਿਸ਼ਯ ਹੈ, ਸਰੀਰ ਦਾ ਨਹੀਂ। ਇਹ ਵਿਚਾਰਣਯੋਗ ਹੈ, ਕਿ ਅਜੋਕੇ ਸਮੇਂ ਵਿਚ

ਸ਼ਬਦ-ਗੁਰੂ ਦੇ ਵਿਸ਼ਵਾਸੀ ਨੇ ਵਿਵੇਕ ਨੂੰ ਸੂਖਮ-ਸ਼ਿਸ਼ ਬਣਾਉਣ ਦੀ ਥਾਂ ਸ਼ਬਦ ਨੂੰ ਹੀ ਸਥੂਲ ਸਰੀਰ ਬਣਾ ਦਿਤਾ ਹੈ। ਨਾ ਗੁਰੂ ਸੂਖਮ ਰਹਿਣ ਦਿਤਾ, ਨਾ ਹੀ ਸਿੱਖ ਨੇ ਸੂਖਮ ਵਿਵੇਕ ਜਾਗ੍ਰਿਤ ਕੀਤਾ। ਸਰੀਰ ਹੀ ਗੁਰੂ ਅਤੇ ਸਰੀਰ ਹੀ ਸਿੱਖ।

ਹਾਲਾਂਕਿ ਉਪਰੋਕਤ ਪ੍ਰਸ਼ਨ ਅਤੇ ਉਤਰ ਗੋਰਖਬਾਣੀ ਵਿਚ '*ਸਵਾਮੀ ਕੌਣ ਮੂਲ ਕੌਣ ਬੇਲਾ। ਕੌਣ ਗੁਰੂ ਕੌਣ ਚੇਲਾ*' ਅਤੇ '*ਅਵਧੂ ਮਨ ਮੂਲ ਪਵਨ ਬੇਲਾ॥ ਸਬਦ ਗੁਰੂ ਸੁਰਤਿ ਚੇਲਾ*' ਦੇ ਸ਼ਾਬਦਿਕ ਪਰਿਵਰਤਨ ਸਹਿਤ ਗੋਰਖਬਾਣੀ ਵਿਚ ਮੌਜੂਦ ਸੀ, ਪਰ ਵਿਵਹਾਰ ਵਿਚ ਨਾਥ-ਪੰਥੀ ਸਾਧਕ ਕੰਨ ਪੜਵਾ ਕੇ ਵਿਸ਼ੇਸ਼ ਸ਼ਾਰੀਰਿਕ ਚਿੰਨ੍ਹ ਧਾਰਣ ਕਰਦੇ ਅਤੇ ਗੋਰਖ ਨਾਥ ਨੂੰ ਆਪਣਾ ਗੁਰੂ ਮੰਨਦੇ। ਯਾਨੀ ਕਿ ਸ਼ਬਦ ਗੁਰੂ ਅਤੇ ਏਕਾਗ੍ਰ-ਸੁਰਤਿ ਚੇਲਾ ਦਾ ਸਿਧਾਂਤ ਹੁੰਦਿਆਂ ਵੀ ਵਿਵਹਾਰ ਵਿਚ ਧਾਰਮਿਕ ਚਿੰਨ੍ਹ ਅਤੇ ਦੇਹ-ਪੂਜਾ ਹੀ ਮਹੱਤਵਪੂਰਣ ਸੀ, ਜਿਸ ਦਾ ਗੁਰੂ ਜੀ ਨੇ ਨਿਖੇਧ ਕੀਤਾ। ਸੋ ਸਿੱਖ ਸਿਧਾਂਤ ਵਿਚ ਜਗਤ ਦੀ ਰਚਨਾ ਜੀਵਨ ਦੀ ਸਰਬ-ਭਾਂਤਿ ਸੇਵਾ ਵਾਸਤੇ ਹੈ ਅਤੇ ਜੀਵ ਦਾ ਜਗਤ ਵਿਚ ਆਗਮਨ ਉਸ ਨੂੰ ਰੱਬ ਵਲੋਂ ਕਸ਼ਟ ਦੇਣ ਵਾਸਤੇ ਨਹੀਂ, ਬਲਕਿ ਉਸ ਨੂੰ ਪਰਮੇਸ਼ਰ ਵਲੋਂ ਜਗਤ-ਕੌਤਕ ਦਾ ਆਨੰਦ ਮਾਣਨ ਵਾਸਤੇ ਭੇਜਿਆ ਗਿਆ ਹੈ।

ਵਿਸ਼ਵ-ਰਚਨਾ ਸੰਬੰਧੀ ਅਚਲ ਵਟਾਲੇ ਦੇ ਨਾਥਾਂ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤਾ, ਕਿ ਜਗਤ ਕਿਹੜੇ-ਕਿਹੜੇ ਤਰੀਕਿਆਂ ਨਾਲ ਉਤਪੰਨ ਹੁੰਦਾ ਹੈ ਅਤੇ ਜੀਵ ਕਿਹੜੇ-ਕਿਹੜੇ ਦੁੱਖ ਸਹਾਰਦਾ ਨਸ਼ਟ ਹੋ ਜਾਂਦਾ ਹੈ (*ਕਿਤੁ ਕਿਤੁ ਬਿਧਿ ਜਗੁ ਉਪਜੈ ਪੁਰਖਾ ਕਿਤੁ ਕਿਤੁ ਦੁਖਿ ਬਿਨਸਿ ਜਾਈ*)? ਗੁਰੂ ਜੀ ਨੇ ਕਿਹਾ, ਕਿ ਜਗਤ ਦੋਹਰੇ ਅਸਤਿਤ੍ਵ ਵਿਚੋਂ ਉਪਜਦਾ ਹੈ ਅਤੇ ਜੀਵ ਪਰਮਾਤਮਾ ਦੇ ਨਾਮ ਤੋਂ ਟੁੱਟ ਕੇ ਦੁੱਖ ਪ੍ਰਾਪਤ ਕਰਦਾ ਹੈ; ਅਰਥਾਤ ਜਗਤ ਦੁੱਖ ਰੂਪ ਨਹੀਂ ਜੀਵ ਨੇ ਮੈਂ+ਮੈਂ (ਦੋਹਰੇ ਜਾਂ ਦ੍ਵੈਤਿਕ ਅਸਤਿਤ੍ਵ) ਵਿਚ ਲਿਪਤ ਹੋ ਕੇ ਨਾਮ ਰੂਪ ਸੁੱਖ ਨੂੰ ਤਿਆਗ ਦਿਤਾ ਹੈ ਅਤੇ ਦੁੱਖ ਦੇ ਬੰਧਨ ਵਿਚ ਪਿਆ ਹੈ (*ਹਉਮੈ ਵਿਚਿ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖੁ ਪਾਈ*)। ਗੁਰੂ ਜੀ ਦਾ ਉੱਤਰ ਦਾਰਸ਼ਨਿਕ ਹੈ। ਜਿਵੇਂ ਗੁਰਬਾਣੀ ਵਿਆਖਿਆਕਾਰ '*ਹਉਮੈ ਵਿਚਿ ਜਗੁ ਉਪਜੈ ਪੁਰਖਾ*' ਦੀ ਵਿਆਖਿਆ ਕਰਦੇ ਹਨ, ਉਹ ਜਗਤ ਦੇ ਅਰਥ ਜੀਵ ਬਣਾ ਦੇਂਦੇ ਹਨ, ਜਦੋਂ ਕਿ ਜਗਤ ਅਤੇ ਜੀਵ ਦੀ ਭਿੰਨ ਪਹਿਚਾਨ ਹੈ। ਜਗਤ ਨੂੰ ਉਪਜਾਉਣ ਵਾਲੀ 'ਹਉਮੈ' ਜੀਵ ਨਾਲ ਸੰਬੰਧਿਤ ਨਹੀਂ, ਬਲਕਿ ਪਰਮੇਸ਼ਰ-ਕ੍ਰਿਤ ਦ੍ਵੈਤ ਹੈ। ਜੀਵ ਦੀ ਹਉਮੈ ਵਿਚ ਜਗਤ ਉਤਪੰਨ ਨਹੀਂ ਹੁੰਦਾ, ਬਲਕਿ ਕਰਤਾ ਜਦੋਂ ਆਪੇ ਵਿਚੋਂ ਇਕ ਤੋਂ ਦੂਈ ਦਾ ਭ੍ਰਮ ਪੈਦਾ ਕਰਦਾ ਹੈ (*ਦੁਯੀ ਕੁਦਰਤਿ ਸਾਜੀਐ*), ਤਦੋਂ ਜਗਤ ਦਾ ਆਭਾਸ ਹੁੰਦਾ ਹੈ। ਮੈਂ ਆਭਾਸ ਤਾਂ ਕਿਹਾ ਹੈ, ਕਿਉਂਕਿ ਜਗਤ ਮਾਤ੍ਰ ਇਕ ਆਭਾਸ ਹੈ, ਜੀਵ ਦੀ ਕਲਪਨਾ ਹੈ। ਜਦੋਂ ਸਾਧਕ ਗਿਆਨ ਕਾਰਣ ਕਲਪਨਾ ਵਿਚੋਂ ਨਿੱਕਲਦਾ ਹੈ, ਤਾਂ ਜਗਤ ਈਸ਼ਵਰ ਸਿਧ ਹੁੰਦਾ ਹੈ। ਪਰਮੇਸ਼ਰ ਆਪਣੇ ਨਿਰਾਕਾਰ ਸਰੂਪ ਨੂੰ ਸਾਕਾਰ ਰੂਪ ਦੇਣ ਦੀ ਪਰਿਕਲਪਨਾ ਕਰਦਾ ਹੈ, ਤਾਂ ਉਸ ਵੇਲੇ ਦੋ ਸਰੂਪ ਬਣਾਉਣ ਦੀ ਕਲਪਨਾ ਹੀ ਪ੍ਰਥਮ ਦੈਵੀ-ਹਉਮੈ ਹੈ, ਜਿਸ ਤੋਂ ਜਗਤ ਉਪਜਦਾ ਹੈ। ਇਸੇ ਨੂੰ ਸ਼੍ਰੀ ਦਸਮ ਗ੍ਰੰਥ ਵਿਚ '*ਖੰਡਾ ਪ੍ਰਿਥਮ ਮਨਾਇਕੈ*' ਕਿਹਾ ਗਿਆ ਹੈ। ਖੰਡੇ ਦੀਆਂ ਦੋ ਧਾਰਾਂ ਵਾਂਗ ਇਕੋ ਅਸਤਿਤ੍ਵ ਦੇ ਦੋ ਰੂਪ ਬਣਾਉਣਾ ਹੀ ਪ੍ਰਥਮ ਹਉਮੈ ਹੈ, ਜੋ ਕਿਸੇ ਜੀਵ ਦੀਂ ਵਿਅਕਤੀਗਤ ਨਹੀਂ, ਦਿਵਯ ਹੈ। ਹਉ ਅਤੇ ਮੈਂ ਹੀ ਦੂਈ ਜਾਂ ਦੋਹਰਾ ਭਾਸਦਾ ਅਸਤਿਤ੍ਵ ਹੈ, ਇਹੋ 'ਦੂਈ ਕੁਦਰਤਿ' ਹੈ। ਇਹ ਦਿਵਯ ਪ੍ਰਵਿਰਤੀ ਜਿਸ ਨੇ ਜਗਤ ਬਣਾਇਆ ਹੈ, ਹਰ ਜੀਵ ਦੇ ਚਿਤ ਵਿਚ ਸਥਿਤ ਹੈ। ਇਸ ਕਾਰਣ ਜਦੋਂ ਤੀਕ ਜੀਵ ਇਸ ਹਉ+ਮੈਂ ਦੀ ਦ੍ਵੈਤ ਨੂੰ ਜਾਣ (ਹਉਮੈ ਬੂਝੈ) ਨਹੀਂ ਲੈਂਦਾ, ਜਨਮ ਦੇ ਬੰਧਨ ਵਿਚ ਰਹਿੰਦਾ ਹੈ। ਇਸੇ ਹਉਮੈ ਜਾਂ ਦ੍ਵੈਤ ਕਾਰਣ ਸਾਧਕ ਅਤੇ

ਸਾਧਯ ਦਾ ਭੇਦ ਬਣਿਆ ਰਹਿੰਦਾ ਹੈ। ਜਦੋਂ ਸਾਧਕ ਇਸ ਭੇਦ ਨੂੰ ਮਿਟਾ ਲੈਂਦਾ ਹੈ, ਫਿਰ ਸਾਧਕ ਨੂੰ ਆਪਣੇ ਹੀ ਸਾਧਯ ਹੋਣ ਦਾ ਗਿਆਨ ਹੋ ਜਾਂਦਾ ਹੈ। ਜਿਸ ਗਿਆਨ ਵਿਚ ਕੁਝ ਲੋਕ 'ਅਹੰਬ੍ਰਹਮਾਸਮਿ' ਅਤੇ 'ਅਨਲਹਕ' ਦੇ ਇਹਸਾਸ ਨੂੰ ਪ੍ਰਗਟ ਕਰ ਦੇਂਦੇ ਹਨ, ਕੁਝ ਹੋਰ ਪਰਿਪਕ ਸਾਧਕ ਇਸ ਅਹਿਸਾਸ ਨੂੰ ਮਾਣਦੇ ਹਨ, ਪ੍ਰਗਟ ਨਹੀਂ ਕਰਦੇ। ਪ੍ਰਗਟ ਕਿਉਂ ਨਹੀਂ ਕਰਦੇ? ਕੀ ਸੰਸਾਰੀ ਜਾਂ ਸ਼ਰਈ ਅਧਾਰਮਿਕਤਾ ਤੋਂ ਡਰਦਿਆਂ ਛਿਪਾ ਲੈਂਦੇ ਹਨ। ਬਿਲਕੁਲ ਨਹੀਂ। ਇਹ ਭੇਦ ਪਰਮੇਸ਼ਰ ਨੇ ਜੀਵ ਤੋਂ ਛਿਪਾਇਆ ਹੈ। ਇਸ ਨੂੰ ਪ੍ਰਗਟ ਕਰਨਾ ਕੇਵਲ ਸ਼ਰੀਅਤ ਦਾ ਨਿਖੇਧ ਨਹੀਂ, ਬਲਕਿ ਦੈਵੀ-ਇਛਾ ਦਾ ਉਲੰਘਣ ਕਰਨਾ ਹੈ। ਪਰਮੇਸ਼ਰ ਨੇ ਇਸ ਭੇਦ ਨੂੰ ਰਹੱਸ ਕਿਉਂ ਰੱਖਿਆ ਹੈ, ਕਿਉਂਕਿ ਇਸੇ ਕਾਰਨ ਜਗਤ ਦੀ ਖੇਡ ਹੈ। ਜੇ ਹਰ ਜੀਵ ਇਸ ਭੇਦ ਨੂੰ ਜਾਣ ਕੇ ਮੰਨ ਲਵੇ, ਤਾਂ ਜਗਤ ਇਕ ਖੇਡ ਰਹਿ ਹੀ ਨਹੀਂ ਸਕਦਾ।

'*ਨਾਮਿ ਵਿਸਰਿਐ ਦੁਖੁ ਪਾਇ*' ਦਾ ਸਿਧਾਂ ਸੰਦੇਸ਼ ਹੈ, ਕਿ ਜਗਤ ਦੇ ਦੁੱਖ ਰੂਪ ਹੋਣ ਵਾਲੀ ਤਿਆਗਵਾਦੀਆਂ ਦੀ ਧਾਰਨਾ ਉਚਿੱਤ ਨਹੀਂ ਹੈ। ਜਗਤ ਆਪਣੇ ਮੂਲ ਕਾਰਣ ਸੁੱਖ ਸਰੂਪ ਹੈ। ਜੀਵ ਨੂੰ ਦੁਖ ਦੀ ਅਨੁਭੂਤੀ 'ਹਉਮੈ' ਕਾਰਣ ਹੈ। ਗੁਰੁਬਾਣੀ ਵਿਚ ਆਇਆ ਹੈ, '*ਹਉਮੈ ਨਾਵੈ ਨਾਲਿ ਵਿਰੋਧੁ ਹੈ ਦੁਇ ਨ ਵਸਹਿ ਇਕ ਠਾਇ*'। ਹਉਮੈ ਅਤੇ ਨਾਮ ਦਾ ਵਿਰੋਧ ਹੈ। ਨਾਮ ਦੇ ਗੁਰਮਤਿ ਸਿਧਾਂਤ ਅਨੁਸਾਰ '*ਜੇਤਾ ਕੀਤਾ ਤੇਤਾ ਨਾਉ*' ਅਰਥਾਤ ਜੋ ਕੁਝ ਬਣਾਇਆ ਗਿਆ ਹੈ, ਉਹ ਸਭ ਨਾਮ ਹੈ। ਭਾਵ ਸਮੁੱਚੀ ਸਿਰਜਨਾ ਅਕਾਲ-ਪੁਰਖ ਦਾ ਆਪਣਾ ਨਾਮ ਹੈ। ਨਾਮ ਸਿਮਰਨ ਦਾ ਅਹਿਸਾਸ ਉਸੇ ਜੀਵ ਅੰਦਰ ਜਾਗ੍ਰਿਤ ਹੋ ਸਕਦਾ ਹੈ, ਜੋ ਪਰਮੇਸ਼ਰ ਦੇ ਨਾਮ ਤੋਂ ਛੁੱਟ ਕਿਸੇ ਹੋਰ ਵੱਖਰੀ ਹੋਂਦ ਵਿਚ ਵਿਸ਼ਵਾਸ ਨਾ ਰਖਦਾ ਹੋਵੇ। 'ਹਉਮੈ' ਵਿਚ ਜੀਵ ਆਪਣੇ ਨਾਮ ਜਾਂ ਆਪਣੀ ਵੱਖਰੀ ਪਹਿਚਾਣ ਦੇ ਅਗਿਆਨ ਵਿਚ ਫ਼ਸ ਜਾਂਦਾ ਹੈ। ਨਾਮ ਦੀ ਇਹ ਦ੍ਵੈਤ ਕਲਹ ਪੈਦਾ ਕਰਦੀ ਹੈ, ਕਿਉਂਕਿ ਦੈਵੀ ਨਾਮ ਦੇ ਉਲਟ ਹੋਰ ਨਾਮ ਖੜ੍ਹੇ ਕਰ ਦਿੱਤੇ ਜਾਂਦੇ ਹਨ। ਵਿਭਿੰਨ ਨਾਵਾਂ ਦਾ ਆਭਾਸ ਹੀ ਮਾਇਆ ਹੈ। ਵਿਭਿੰਨ ਨਾਵਾਂ ਦਾ ਟਕਰਾਅ ਜਗਤ ਦੀ ਕਲਹ ਹੈ, ਜਿਸ ਕਾਰਣ ਦੁਵਿਧਾਮਈ ਜੀਵ ਦੁੱਖ-ਸੁੱਖ ਮਹਿਸੂਸ ਕਰਦਾ ਹੈ। ਇਸ ਦੇ ਉਲਟ ਜੋ ਕੇਵਲ ਇਕ ਨਾਮ ਜਾਂ ਇਕ ਹੋਂਦ ਦਾ ਵਿਸ਼ਵਾਸੀ ਹੁੰਦਾ ਹੈ, ਉਹ ਆਪਣੀ ਵੱਖਰੀ ਪਹਿਚਾਨ ਦੇ ਭ੍ਰਮ ਤੋਂ ਮੁਕਤ ਹੋ ਜਾਂਦਾ ਹੈ। ਉਸ ਦੇ ਦੁੱਖ-ਸੁੱਖ ਪਰਮ ਹੋਂਦ ਦੇ ਦੁੱਖ-ਸੁੱਖ ਬਣ ਜਾਂਦੇ ਹਨ। ਨਿਆਰੀ ਹੋਂਦ ਦਾ ਭ੍ਰਮ ਮਿਟ ਜਾਣ ਕਾਰਣ ਅਜਿਹਾ ਜੀਵ ਨਿਜੀ ਦੁੱਖ-ਸੁੱਖ ਦੀ ਪ੍ਰਤੀਤੀ ਤੋਂ ਆਜ਼ਾਦ ਹੋ ਜਾਂਦਾ ਹੈ। ਜਦੋਂ ਹੋਂਦ ਵੱਖਰੀ ਸੀ, ਤਾਂ ਦੁੱਖ-ਸੁੱਖ ਵੀ ਆਪਣੇ ਸਨ। ਜਦੋਂ ਨਿਆਰਾਪਨ ਮਿਟ ਗਿਆ, ਤਾਂ ਆਪਣਾ ਦੁੱਖ-ਸੁੱਖ ਜਿੱਥੋਂ ਪੈਦਾ ਹੁੰਦਾ ਸੀ, ਉਹ ਸ੍ਰੋਤ ਹੀ ਨਸ਼ਟ ਹੋ ਜਾਂਦਾ ਹੈ। ਸੋ ਗੁਰੂ ਜੀ ਸੰਦੇਸ਼ ਇਹ ਦਿੰਦੇ ਹਨ, ਕਿ ਜਗਤ ਨੂੰ ਦੁੱਖ ਰੂਪ ਮੰਨਣਾ ਅਗਿਆਨਮਈ ਚੇਤਨਾ ਹੈ। ਗਿਆਨ ਦੀ ਅਵਸਥਾ ਵਿਚ ਇਹ ਜਗਤ ਪਰਮੇਸ਼ਰ ਦਾ ਨਾਮ ਹੈ, ਜਿਸ ਵਿਚ ਦੁੱਖ ਦਾ ਪ੍ਰਵੇਸ਼ ਨਹੀਂ। ਸੋ ਅਸੀਂ ਵੇਖਦੇ ਹਾਂ, ਕਿ ਗੁਰੂ ਜੀ ਦੇ ਕਥਨ ਸਾਧਾਰਨ ਉਕਤੀਆਂ ਨਹੀਂ, ਜਿਵੇਂ ਵਿਆਖਿਆਕਾਰ ਸਮਝ ਬੈਠੇ ਹਨ। ਇਹ ਸੂਖਮ ਦਾਰਸ਼ਨਿਕ ਚਿੰਤਨ ਹੈ, ਜੋ ਤਿਆਗਵਾਦੀਆਂ ਦੇ ਦਰਸ਼ਨ ਨੂੰ ਨਕਾਰ ਕੇ ਮਾਨਵ ਸਮਾਜ ਦੇ ਹਿਤ ਵਿਚ ਉਸਾਰਿਆ ਗਿਆ ਹੈ।

ਜਗਤ ਦੇ ਸੰਬੰਧ ਵਿਚ ਸੁਮੇਰ ਪਰਬਤ ਵਾਲੇ ਸਿਧਾਂ ਨੇ ਗੁਰੂ ਜੀ ਨੂੰ ਪ੍ਰਸ਼ਨ ਕੀਤੇ ਸਨ, ਕਿ ਉਹ ਕੌਣ ਹੈ ਜੋ ਜਗਤ ਵਿਚ ਗੁਪਤ ਹੋ ਕੇ ਵਿਦਮਾਨ ਹੋਇਆ ਹੈ? ਉਹ ਕੌਣ ਹੈ ਜੋ ਮੁਕਤ ਹੈ? ਉਹ ਕੌਣ ਹੈ ਜੋ ਅੰਦਰੋਂ-ਬਾਹਰੋਂ ਜੁੜਿਆ ਹੋਇਆ ਹੈ? ਕੌਣ ਆਉਂਦਾ ਹੈ? ਕੌਣ ਹੈ ਜੋ ਆਉਂਦਾ ਜਾਂਦਾ ਹੈ? ਕੌਣ ਹੈ ਜੋ ਤਿੰਨ ਲੋਕ ਵਿਚ ਵਿਆਪਕ

ਹੋਇਆ ਹੈ?[15] ਗੁਰੂ ਜੀ ਕਹਿੰਦੇ ਹਨ, ਕਿ ਜੋ ਹਰ ਸਰੀਰ ਵਿਚ ਰਹਿੰਦਾ ਹੈ, ਉਹੋ ਜਗਤ ਵਿਚ ਗੁਪਤ ਰੂਪ ਨਾਲ ਵਿਦਮਾਨ ਹੈ। ਮੁਕਤ ਉਹ ਹੈ, ਜੋ ਗੁਰੂ ਦਾ ਉਪਦੇਸ਼ ਮੰਨਦਾ ਹੈ ਭਾਵ ਮੁਕਤਿ ਪ੍ਰਾਪਤ ਕਰਨ ਵਾਸਤੇ ਕਿਸੇ ਗ੍ਰਿਹ-ਤਿਆਗ ਦੀ ਜ਼ਰੂਰਤ ਨਹੀਂ, ਬਲਕਿ ਗੁਰੂ ਦੀ ਸਿਖਿਆ ਅਨੁਸਾਰ ਵਿਵਹਾਰ ਕਰਣਾ ਹੀ ਮੁਕਤ-ਜੀਵਨ ਲਈ ਕਾਫ਼ੀ ਹੈ। ਜੋ ਵਿਅਕਤੀ ਅੰਦਰੋਂ-ਬਾਹਰੋਂ ਸ਼ਬਦ ਦਾ ਅਨੁਸਰਣ ਕਰੇ, ਉਹ ਸਾਧਯ ਨਾਲ ਜੁੜਿਆ ਹੋਇਆ ਹੈ। ਆਉਣ-ਜਾਣ ਈਸ਼ਵਰ ਦੀ ਲੀਲ੍ਹਾ ਹੈ, ਜਿਸ ਵਿਚ ਕੁਝ ਦੁੱਖ-ਪਾਪ ਨਹੀਂ; ਅਰਥਾਤ ਸੰਸਾਰ ਵਿਚ ਆਉਣਾ ਅਤੇ ਜਾਣਾ ਇਕ ਸੁਭਾਵਿਕ ਦੈਵੀ-ਪ੍ਰਕ੍ਰਿਆ ਹੈ। ਇਸ ਆਉਣ-ਜਾਣ ਨੂੰ ਦੁੱਖ ਅਤੇ ਪਾਪ ਜਾਣ ਕੇ ਇਸ ਤੋਂ ਮੁਕਤਿ ਮੰਗਣਾ ਅਨੁਚਿਤ ਹੈ। ਅਸਲ ਵਿਚ ਅਸਥਿਰ ਮਨ ਮਨੁੱਖ ਨੂੰ ਵਾਰ-ਵਾਰ ਜੰਮਣ-ਮਰਣ ਦੇਂਦਾ ਹੈ। ਮਨ ਪਿੱਛੇ ਚੱਲਣਾ ਹੀ, ਆਉਣਾ-ਜਾਣਾ ਅਰਥਾਤ ਅਟਲ ਪਦਵੀ ਤੋਂ ਵੰਚਿਤ ਹੋਣਾ ਹੈ; ਅਰਥਾਤ ਮਨ ਦੀ ਅਸਥਿਰਤਾ ਅਸਲ ਆਵਾਗਮਨ ਹੈ। ਗੁਰੂ ਦੇ ਉਪਦੇਸ਼ ਨਾਲ ਮਨੁੱਖ ਜਨਮ-ਮਰਣ ਮੇਟਣ ਦੀ ਭ੍ਰਾਂਤੀ ਛੱਡਦਿਆਂ ਸੱਚ ਵਿਚ ਲੀਨ ਹੋ ਕੇ ਸਤਿ-ਸਰੂਪ ਹੋ ਜਾਂਦਾ ਹੈ ਅਰਥਾਤ ਸਾਧਕ ਦਾ ਅਸਲ ਨਿਸ਼ਾਨਾ ਸੱਚ ਦਾ ਧਾਰਨੀ ਹੋਣਾ ਹੈ, ਜਨਮ-ਮਰਣ ਵਿਚ ਰੱਖਣਾ ਅਤੇ ਮੁਕਤ ਕਰਣਾ ਅਕਾਲ-ਪੁਰਖ ਦਾ ਇਖ਼ਤਿਆਰ ਹੈ। ਸਾਧਨਾ ਦਾ ਉਦੇਸ਼ ਯੋਗੀਆਂ ਵਾਂਗ ਜਨਮ-ਮਰਣ ਦੀ ਦੈਵੀ ਪ੍ਰਕ੍ਰਿਆ ਰੋਕਣਾ ਨਹੀਂ ਹੋਣਾ ਚਾਹੀਦਾ, ਕਿਉਂ ਜੋ ਇਹ ਦਿਵਯਤਾ ਦਾ ਵਿਰੋਧ ਹੈ[16]। ਗੁਰੂ ਜੀ ਕਹਿੰਦੇ ਹਨ, ਕਿ ਜੀਵ ਦੈਵੀ-ਨਿਯਮ ਵਿਚ ਸਹਿਜ-ਸੁਭਾਵਿਕ ਜਗਤ ਵਿਚ ਜਨਮ ਲੈਂਦਾ ਹੈ ਅਤੇ ਆਗਿਆ ਵਿਚ ਸੁਭਾਵਿਕ ਹੀ ਵਾਪਸ ਪਰਤ ਜਾਂਦਾ ਹੈ। ਇਹ ਪ੍ਰਕ੍ਰਿਆ ਤਾਂ ਹਮੇਸ਼ਾ ਰੱਬ ਦੀ ਰਜ਼ਾ ਵਿਚ ਚਲ ਰਹੀ ਹੈ, ਇਸ ਹੁਕਮ ਦਾ ਨਿਸ਼ੇਧ ਕਿਉਂ (*ਸਹਜੇ ਆਏ ਹੁਕਮਿ ਸਿਧਾਂਏ ਨਾਨਕ ਸਦਾ ਰਜਾਏ*)? ਇਸ ਤੋਂ ਮੁਕਤਿ ਦਾ ਇਛੁੱਕ ਮਨੁੱਖ ਪਰਮੇਸ਼ਰ ਦਾ, ਮਾਨਵਤਾ ਦਾ, ਉਸ ਦੀ ਕੁਦਰਤ ਦਾ ਵਿਰੋਧ ਕਰਨ ਵਾਲਾ ਹੈ। ਗੁਰਮੁਖ ਤਾਂ ਕੇਵਲ ਸੱਚੇ ਜੀਵਨ ਦਾ ਅਭਿਲਾਸ਼ੀ ਹੈ, ਜਗਤ ਦੇ ਤਿਆਗ ਦਾ ਨਹੀਂ। ਗੁਰਮੁਖ ਜੀਵ ਤਾਂ '*ਹੁਕਮੇ ਆਵੈ ਹੁਕਮੇ ਜਾਵੈ ਹੁਕਮੇ ਰਹੈ ਸਮਾਈ॥ ਪੂਰੇ ਗੁਰ ਤੇ ਸਾਚੁ ਕਮਾਵੈ ਗਤਿ ਮਿਤਿ ਸਬਦੇ ਪਾਈ*' ਦੇ ਵਿਧਾਨ ਦਾ ਅਨੁਸਾਰੀ ਹੈ। ਆਵਾਗਮਨ ਦਾ ਨਿਖੇਧ ਤਾਂ ਹੁਕਮ ਦਾ ਵਿਰੋਧ ਹੈ। ਆਦਰਸ਼ਕ ਜੀਵਨ ਤਾਂ ਸੱਚੇ ਗੁਰੂ ਦਾ ਉਪਦੇਸ਼ ਲੈ ਕੇ ਮਾਨਵਤਾ ਦੀ ਸੇਵਾ ਰੂਪ ਕਮਾਈ ਕਰਨਾ ਸੀ।

ਸੁਮੇਰ ਦੇ ਸਿਧਾਂ ਵਿਚੋਂ ਕਿਸੇ ਮੁੱਖੀ ਸਿਧ ਨੇ ਗੁਰੂ ਜੀ ਨੂੰ ਕਿਹਾ 84 ਸਿਧਾਂ ਵਿਚੋਂ ਇਕ ਚਰਪਟ (ਚਰਪਟਿ) ਕਹਿ ਗਿਆ ਹੈ, ਕਿ ਦੁਨੀਆ ਰੂਪ ਸਮੁੰਦਰ ਤਰਨਾ ਬਹੁਤ ਕਠਿਨ ਹੈ। ਇਸ ਨੂੰ ਗ੍ਰਿਹਸਥ ਵਿਚ ਰਹਿ ਕੇ ਕਿਵੇਂ ਤਰਿਆ ਜਾ ਸਕਦਾ ਹੈ (*ਦੁਨੀਆ ਸਾਗਰੁ ਦੁਤਰੁ ਕਹੀਐ ਕਿਉ ਕਰਿ ਪਾਈਐ ਪਾਰੋ*)? ਅਰਥਾਤ ਸੰਸਾਰ ਵਿਚ ਰਹਿ ਕੇ ਤਰਣਾ ਸੰਭਵ ਨਹੀਂ। ਗੁਰੂ ਜੀ ਕਹਿੰਦੇ ਹਨ, ਬਹੁਤ ਆਸਾਨ ਹੈ। ਸਿਰਫ਼ ਮਨ ਬਦਲਣ ਦੀ ਜ਼ਰੂਰਤ ਹੈ, ਜੋ ਕਿ ਆਸਾਨੀ ਨਾਲ ਬਦਲਿਆ ਜਾ ਸਕਦਾ ਹੈ। ਗੁਰੂ ਜੀ ਨੇ ਉਦਾਹਰਣ ਦਿਤੀ, ਕਿ ਪਾਣੀ ਵਿਚ ਰਹਿ ਕੇ ਕਮਲ-ਪੱਤੀਆਂ ਅਭਿੱਜ ਹਨ। ਪਾਣੀ ਵਿਚ ਡੁੱਬਕੀਆਂ ਲਗਾਉਂਦੀ ਮੁਰਗਾਬੀ ਦੇ ਪੰਖ ਅਭਿਜ ਹਨ (*ਜੈਸੇ ਜਲ ਮਹਿ ਕਮਲੁ ਨਿਰਾਲਮੁ*

---

[15]ਕਵਨੁ ਸੁ ਗੁਪਤਾ ਕਵਨੁ ਸੁ ਮੁਕਤਾ॥ ਕਵਨੁ ਸੁ ਅੰਤਰਿ ਬਾਹਰਿ ਜੁਗਤਾ॥ ਕਵਨੁ ਸੁ ਆਵੈ ਕਵਨੁ ਸੁ ਜਾਇ॥ ਕਵਨੁ ਸੁ ਤ੍ਰਿਭਵਣਿ ਰਹਿਆ ਸਮਾਇ॥

ਅੰਗ, 939

[16]ਘਟਿ ਘਟਿ ਗੁਪਤਾ ਗੁਰਮੁਖਿ ਮੁਕਤਾ॥ ਅੰਤਰਿ ਬਾਹਰਿ ਸਬਦਿ ਸੁ ਜੁਗਤਾ॥ ਮਨਮੁਖਿ ਬਿਨਸੈ ਆਵੈ ਜਾਇ॥ ਨਾਨਕ ਗੁਰਮੁਖਿ ਸਾਚਿ ਸਮਾਇ॥

ਅੰਗ, 939

*ਮੁਰਗਾਈ ਨੈ ਸਾਣੇ*), ਉਸੇ ਤਰ੍ਹਾਂ ਮਨੁੱਖ ਆਪਣੇ ਮਨ ਨੂੰ ਸਹਿਜੇ ਹੀ ਮਾਇਆ ਤੋਂ ਅਭਿੱਜ ਰੱਖ ਸਕਦਾ ਹੈ। ਕੇਵਲ ਆਪਣੀ 'ਸੁਰਤਿ' ਨੂੰ ਗੁਰੂ ਦੇ ਉਪਦੇਸ਼ ਵਿਚ ਲਗਾ ਲਵੇ। ਰੱਬ ਦੇ ਨਾਮ ਦਾ ਜ਼ਿਕਰ ਕਰਦਾ ਰਹੇ (*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ*)। ਇਹ ਅਹਿਸਾਸ ਜਗਾ ਲਵੇ, ਕਿ ਪਦਾਰਥਕ ਸੁੱਖ ਨੇ ਨਾ ਸਦਾ ਰਹਿਣਾ ਹੈ, ਨਾ ਨਾਲ ਜਾਣਾ ਹੈ। ਕੇਵਲ ਰੱਬ ਦਾ ਨਾਮ ਸਦੀਵੀ ਹੈ। ਬਹੁਤ ਧਨ ਇਕੱਤਰ ਕਰ ਕੇ ਵੀ ਮਨੁੱਖ ਨਾਮ ਨਹੀਂ ਕਮਾ ਸਕਦਾ। ਗੁਰੂ ਉਪਦੇਸ਼ ਤੋਂ ਨਿਰਮਿਤ ਸ਼ੁੱਧ ਆਚਰਣ ਹੀ ਨਾਮ ਉੱਚਾ ਕਰ ਸਕਦਾ ਹੈ। ਇਸ ਅਹਿਸਾਸ ਦੇ ਪ੍ਰਬਲ ਹੋਣ ਨਾਲ ਮਨੁੱਖ ਦਾ ਮਨ ਪਦਾਰਥਕ ਸੁੱਖ ਪਿੱਛੇ ਦੌੜਦਾ ਨਹੀਂ, ਹਾਲਾਂਕਿ ਪਦਾਰਥਕ ਸੁੱਖਾਂ ਦਾ ਉਸ ਨੇ ਪਰਿਤਿਆਗ ਨਹੀਂ ਕੀਤਾ। ਕੇਵਲ ਖ਼੍ਹਾਹਿਸ਼ਾਂ ਨੂੰ ਸੀਮਿਤ ਕੀਤਾ ਹੈ। ਗੁਰੂ ਜੀ ਕਹਿਣਾ ਇਹ ਚਾਹੁੰਦੇ ਹਨ, ਕਿ ਪਰਮੇਸ਼ਰ ਨੇ ਜਗਤ ਨੂੰ ਜੀਵ ਦੁਆਰਾ ਤਿਆਗਣ ਵਾਸਤੇ ਨਹੀਂ ਬਣਾਇਆ। ਤਿਆਗ ਕੇ ਜਾਵੇਗਾ ਵੀ ਕਿੱਥੇ? ਜਗਤ ਵਿਚ ਹੀ ਰਹਿਣਾ ਪਵੇਗਾ। ਆਦਰਸ਼ਕ ਮਨੁੱਖ ਬਣ ਕੇ ਜਗਤ ਵਿਚ ਜਿਉਣਾ ਹੈ, ਸੰਸਾਰਿਕ ਸਮੱਸਿਆਵਾਂ ਤੋਂ ਡਰਦਿਆਂ ਘਰ ਛੱਡ ਕੇ ਦੌੜ ਨਹੀਂ ਜਾਣਾ।

**ਸੁੰਨ:** 'ਸੁੰਨ' ਸ਼ਬਦ ਸੰਸਕ੍ਰਿਤ ਭਾਸ਼ਾ ਦੇ 'ਸ਼ੂਾਯ' ਦਾ ਅਪਭ੍ਰੰਸ਼ ਰੂਪ ਹੈ। ਪ੍ਰਾਕ੍ਰਿਤ ਸਾਹਿਤ ਵਿਚ ਇਹ ਸ਼ਬਦ 'ਸੁਫ਼ਣ' ਹੋ ਗਿਆ ਹੈ। 'ਸ਼ੂਾਯ' ਸ਼ਬਦ ਦਾ ਭਾਰਤੀ ਧਰਮ-ਸਿਧਾਂਤ ਨਾਲ ਅਟੁੱਟ ਸੰਬੰਧ ਹੈ। ਇਸ ਸ਼ਬਦ ਦੇ ਦੋ ਹੋਰ ਰੂਪ 'ਸ਼ੂਾਯਤਾ' ਅਤੇ 'ਸ਼ੂਾਯਵਾਦ' ਵੀ, ਵਿਸ਼ੇਸ਼ ਤੌਰ 'ਤੇ ਬੁੱਧ ਧਰਮ-ਸਿਧਾਂਤ ਵਿਚ, ਅਹਿਮ ਸਥਾਨ ਰੱਖਦੇ ਹਨ। 'ਸ਼ੂਾਯਤਾ' ਦਾ ਅਰਥ 'ਖਾਲੀਪਨ' ਹੈ। 'ਸ਼ੂਾਯਵਾਦ' ਬੁੱਧ ਧਰਮ ਦਰਸ਼ਨ ਦੀ ਮਾਧਮਿਕ ਸ਼ਾਖਾ ਲਈ ਵਰਤਿਆ ਜਾਂਦਾ ਹੈ। ਵਾਸਤਵ ਵਿਚ ਬੁੱਧ ਧਰਮ ਸਦੀਵੀ ਆਤਮਾ ਅਤੇ ਪਰਮਾਤਮਾ ਦੀ ਹੋਂਦ ਵਿਚ ਵਿਸ਼ਵਾਸ ਨਹੀਂ ਰਖਦਾ। ਉਸ ਦੀ ਮਾਨਤਾ ਹੈ ਕਿ ਸੰਸਾਰ ਦੇ ਅੰਦਰ ਕੋਈ ਅਜਿਹੀ ਗੁੱਝੀ ਚੇਤਨ-ਸ਼ਕਤੀ ਨਹੀਂ ਹੈ, ਜੋ ਜਨਮ-ਅਤੇ ਮਰਨ ਤੋਂ ਮੁਕਤ ਸਦੀਵੀ ਹੋਂਦ ਵਾਲੀ ਮੰਨੀ ਜਾ ਸਕੇ। ਸੰਸਾਰ ਅੰਦਰੋਂ ਖਾਲੀ ਹੈ ਅਤੇ ਇਸ 'ਖਾਲੀਪਨ' ਨੂੰ ਦਰਸਾਉਣ ਵਾਲਾ ਬੋਧੀ ਸ਼ਬਦ 'ਸ਼ੂਨਯਤਾ' ਹੈ। ਸਾਰੀਆਂ ਚੀਜ਼ਾਂ ਅੰਦਰੋਂ ਖਾਲੀ ਹਨ ਅਤੇ ਕਿਸੇ ਕਾਰਣਵਸ਼ ਅਸਤਿਤ੍ਵ ਵਿਚ ਆਉਂਦੀਆਂ ਹਨ। ਇਨ੍ਹਾਂ ਦਾ ਆਪਣਾ ਕੋਈ ਸੁਭਾਅ ਨਹੀਂ ਹੈ, ਜਿਸ ਕਰ ਕੇ ਇਨ੍ਹਾਂ ਵਿਚ ਕਿਸੇ ਸਦੀਵੀ ਅਬਦਲ ਆਤਮਾ ਦੇ ਹੋਣ ਦੀ ਕੋਈ ਸੰਭਾਵਨਾ ਨਹੀਂ ਹੈ।

ਬੁੱਧ ਧਰਮ ਤੋਂ ਇਲਾਵਾ ਸਾਰੀਆਂ ਯੌਗਿਕ ਸੰਪ੍ਰਦਾਵਾਂ ਵੀ 'ਸ਼ੂਨਯ' ਸ਼ਬਦ ਨੂੰ ਮਹੱਤਵ ਦੇਂਦੀਆਂ ਰਹੀਆਂ ਹਨ, ਕਿਉਂਕਿ ਇਨ੍ਹਾਂ ਦੀ ਸਾਧਨਾ ਦਾ ਕੇਂਦਰ ਬਿੰਦੂ ਚਿੱਤ ਨੂੰ ਵਿਚਾਰ-ਮੁਕਤ ਅਰਥਾਤ ਸੱਖਣਾ ਕਰਨਾ ਸੀ। ਇਹ ਸੰਪ੍ਰਦਾਵਾਂ ਵੀ ਕਿਸੇ ਨਾ ਕਿਸੇ ਰੂਪ ਵਿਚ ਪਰਮ-ਸੱਤਾ ਦੀ ਹੋਂਦ ਤੋਂ ਮੁਨਕਰ ਸਨ, ਜਿਸ ਕਾਰਣ ਅਨੀਸ਼ਵਰਵਾਦ ਦਾ ਲਖਾਇਕ ਇਹ ਸ਼ਬਦ ਉਨ੍ਹਾਂ ਦੇ ਸਿਧਾਂਤਿਕ ਢਾਂਚੇ ਦੇ ਅਨੁਕੂਲ ਸੀ। ਸ਼ਾਇਦ ਬੋਧੀ ਸਿਧ-ਸਾਧਕਾਂ ਤੋਂ ਇਹ ਸ਼ਬਦ ਨਾਥ-ਯੋਗੀਆਂ ਨੂੰ ਪ੍ਰਾਪਤ ਹੋਇਆ ਹੋਵੇ ਅਤੇ ਨਾਥ ਯੋਗੀਆਂ ਤੋਂ ਭਗਤੀ ਲਹਿਰ ਦੇ ਸੰਤਾਂ ਤੱਕ ਪੁੱਜਿਆ ਹੋਵੇਗਾ, ਪਰ ਭਗਤੀ ਲਹਿਰ ਦੇ ਸੰਤਾਂ ਤੱਕ ਪੁੱਜਦਿਆਂ; ਇਸ ਦੇ ਅਰਥ ਬਦਲ ਚੁੱਕੇ ਸਨ। ਜਿੱਥੇ ਬੁੱਧ ਧਰਮ ਦੇ ਆਰੰਭਿਕ ਸਾਹਿਤ ਵਿਚ ਇਸ ਦੀ ਵਰਤੋਂ ਦੈਵੀ-ਸੱਤਾ ਨੂੰ ਨਕਾਰਣ ਵਾਸਤੇ ਕੀਤੀ ਗਈ ਸੀ, ਉੱਥੇ ਭਗਤੀ ਮਤਿ ਦੇ ਉੱਥਾਨ ਤੱਕ ਇਹ ਸ਼ਬਦ ਦੈਵੀ-ਸੱਤਾ ਦਾ ਲਖਾਇਕ ਬਣ ਚੁੱਕਾ ਸੀ।

ਸਿੱਖ ਧਰਮ ਵਿਚ 'ਸੁੰਨ' ਸ਼ਬਦ ਮਾਇਆ-ਨਿਰਲੇਪ ਪ੍ਰਭੂ ਵਾਸਤੇ, ਉਸ ਦੀ ਸ਼ਕਤੀ ਵਾਸਤੇ, ਆਤਮਾ ਵਾਸਤੇ, ਕੁਦਰਤ ਵਿਚ ਵਿਦਮਾਨ ਬ੍ਰਹਮ-ਚੇਤਨਾ ਵਾਸਤੇ, ਉੱਚੀ ਮਾਨਸਕਿ ਸੁਰਤਿ ਵਾਸਤੇ, ਦੈਵੀ-ਸਤਾ ਦੇ ਸਥਾਈ ਸੁਭਾਅ ਵਾਸਤੇ ਅਤੇ ਭਟਕਣਾ-ਰਹਿਤ ਅਧਿਆਤਮਕ ਸਥਿਤੀ ਵਾਸਤੇ ਵਰਤਿਆ ਗਿਆ ਹੈ। ਇਹ 'ਸੁੰਨ' ਸ੍ਰਿਸ਼ਟੀ ਤੋਂ ਪਹਿਲਾਂ ਵੀ ਸੀ ਅਤੇ ਕੁਦਰਤ ਵਿਚ ਵੀ ਉਸੇ ਸ਼ੁਧ ਸਥਿਤੀ ਵਿਚ ਮੌਜੂਦ ਹੈ। ਇਸੇ 'ਸੁੰਨ-ਸ਼ਕਤੀ' ਕਰ ਕੇ ਸਥੂਲ ਜਗਤ ਅਸਤਿਤ੍ਵ ਵਿਚ ਆਉਂਦਾ ਹੈ। 'ਸੁੰਨ' ਪ੍ਰਭੂ ਦੀ ਅਦ੍ਵੈ ਸਥਿਤੀ ਹੈ, ਅਦ੍ਵੈਤ ਵਿਚ ਰਮੀ ਆਤਮਾ ਦੀ ਸਥਿਤੀ ਹੈ, ਨਾਮ-ਅਭਿਆਸ ਦੇ ਉੱਚੇ ਮੰਡਲਾਂ ਵਿਚ ਵਿਚਰਦੀ ਸੁਰਤਿ ਦੀ ਸਥਿਤੀ ਹੈ। ਇਸ ਸਥਿਤੀ ਵਿਚ ਦੁੱਖ ਅਤੇ ਸੁੱਖ, ਭੁੱਖ ਅਤੇ ਨੀਂਦ, ਡਰ ਅਤੇ ਲਾਲਚ, ਕ੍ਰੋਧ ਅਤੇ ਅਹੰਕਾਰ ਦਾ ਅਭਾਵ ਹੋ ਜਾਂਦਾ ਹੈ। ਸੁੰਨ ਦੀ ਮਾਨਸਿਕ ਸਥਿਤੀ ਵਿਚ ਮਨ ਨਿਰੰਤਰ ਪ੍ਰਭੂ ਦੇ ਨਾਮ ਵਿਚ ਲਗਿਆ ਰਹਿੰਦਾ ਹੈ। ਸਾਧਕ ਹਰੀ-ਨਾਮ ਵਿਚ ਲੀਨ ਹੋ ਜਾਂਦਾ ਹੈ ਅਤੇ ਉਸ ਨੂੰ ਪਦਾਰਥਕ ਰਸਾਂ ਨਾਲੋਂ ਨਾਮ ਦੇ ਰਸ ਦੀ ਸ਼੍ਰੇਸ਼ਠਤਾ ਦਾ ਬੋਧ ਹੋ ਜਾਂਦਾ ਹੈ। ਸੁੰਨ ਯੋਗੀਆਂ ਦੀ ਨਿਰਵਿਚਾਰ ਸਮਾਧੀ ਵਾਂਗ ਨਹੀਂ ਹੈ, ਸਗੋਂ ਉਹ ਅਵਸਥਾ ਹੈ, ਜਿੱਥੇ ਗੁਰੂ ਦੇ ਵਿਚਾਰ ਦਾ ਨਾਦ ਮਨ ਨੂੰ ਨਿਰੰਤਰ ਪਵਿੱਤਰ ਅਤੇ ਕਲਿਆਣਕਾਰੀ ਗੁਰ-ਵਿਚਾਰ ਵਿਚ ਟਿਕਾਈ ਰੱਖਦਾ ਹੈ। 'ਸੁੰਨ' ਵਿਚ ਸਥਿਤ ਹੋ ਕੇ ਮਨ ਅਡੋਲ ਟਿਕ ਜਾਂਦਾ ਹੈ, ਪਦਾਰਥਕ ਭਟਕਣਾ ਮੁਕ ਜਾਂਦੀ ਹੈ।

'ਸੁੰਨ' ਸ਼ਬਦ ਦੀ ਵਿਆਖਿਆ ਸਿੱਖ ਸਿਧਾਂਤ ਅਨੁਸਾਰ ਕਰਨੀ ਕੁਝ ਮੁਸ਼ਕਿਲ ਜ਼ਰੂਰ ਹੈ, ਕਿਉਂਕਿ ਇਹ ਸ਼ਬਦ ਅਨੀਸ਼ਵਰਵਾਦੀ ਮਤਾਂ ਤੋਂ ਆਇਆ ਹੈ ਅਤੇ ਮੂਲ ਰੂਪ ਵਿਚ ਪਰਮ-ਸੱਤਾ ਦੇ ਨਿਸ਼ੇਧ ਲਈ ਪ੍ਰਚੱਲਿਤ ਕੀਤਾ ਗਿਆ ਹੈ। ਇਸ ਵਿਚ ਸੰਦੇਹ ਨਹੀਂ, ਕਿ ਈਸ਼ਵਰਵਾਦ ਵਿਰੁੱਧ ਸਿਰਜਿਤ ਇਸ ਸ਼ਬਦ ਨੇ ਹੌਲੀ-ਹੌਲੀ ਪਰਮ-ਸਤਿ ਦਾ ਸਥਾਨ ਲੈ ਲਿਆ। ਯੌਗਿਕ ਪੰਥਾਂ ਦੇ ਵਿਆਪਕ ਪ੍ਰਭਾਵ ਕਾਰਣ 'ਸ਼ੂਨਯ' ਸ਼ਬਦ ਦੀ ਵਰਤੋਂ ਪਰਮ-ਸਤਿ ਵਾਸਤੇ ਆਮ ਹੋ ਗਈ। ਭਗਤੀ ਕਾਲ ਤੱਕ ਸ਼ੂਨਯ ਇਕ ਬ੍ਰਹਮ-ਸੂਚਕ ਪਦ ਬਣ ਗਿਆ, ਹਾਲਾਂਕਿ ਭਗਤੀ ਲਹਿਰ ਦੇ ਸੰਤ ਇਸ ਪਦ ਦੀ ਬਹੁਤੀ ਵਰਤੋਂ ਯੋਗ ਦੇ ਸੰਬੰਧ ਵਿਚ ਹੀ ਕਰਦੇ ਸਨ। ਸਿੱਖ ਵਿਆਖਿਆਕਾਰਾਂ ਨੇ ਇਹ ਪਦ, ਜਿੱਥੇ ਬ੍ਰਹਮ-ਸੂਚਕ ਹੈ, ਇਸ ਦਾ ਅਰਥ ਅਫੁਰ-ਬ੍ਰਹਮ ਕੀਤੇ ਹਨ ਭਾਵ ਬ੍ਰਹਮ ਦੀ ਉਹ ਸਥਿਤੀ ਮੰਨੀ ਹੈ, ਜਦੋਂ ਉਹ ਸੰਕਲਪ-ਰਹਿਤ ਹੋਵੇ। ਇਹ ਆਪਣੇ-ਆਪ ਵਿਚ ਤਰੁੱਟੀ-ਪੂਰਣ ਵਿਆਖਿਆ ਹੈ, ਕਿਉਂਕਿ ਬ੍ਰਹਮ ਕਦੇ ਵੀ ਸੰਕਲਪ-ਰਹਿਤ ਅਚੇਤਨ ਜਾਂ ਜੜ੍ਹ ਤੱਤ ਨਹੀਂ ਮੰਨਿਆ ਜਾ ਸਕਦਾ। ਜੋ ਚੇਤਨ ਹੈ, ਉਹ ਕਦੇ ਅਫੁਰ ਨਹੀਂ ਹੋ ਸਕਦਾ। ਪ੍ਰਲਯ-ਕਾਲ ਵਿਚ ਜਦੋਂ ਅਕਾਲ-ਪੁਰਖ ਕੇਵਲ ਨਿਰਗੁਣ ਸਥਿਤੀ ਪ੍ਰਾਪਤ ਕਰਦਾ ਹੈ, ਉਸ ਵੇਲੇ ਵੀ ਅਗਲੇ ਸ੍ਰਿਸ਼ਟੀ ਕਾਲ ਦੀ ਚੇਤੰਨਤਾ ਤੋਂ ਉਹ ਵੰਚਿਤ ਨਹੀਂ ਹੁੰਦਾ। ਅਫੁਰ ਬ੍ਰਹਮ ਸਾਂਖਯ ਦਰਸ਼ਨ ਦਾ ਉਹ ਪੁਰਸ਼ ਹੈ, ਜੋ ਅਕ੍ਰਿਯ ਹੈ ਅਤੇ ਪ੍ਰਕ੍ਰਿਤੀ ਦੇ ਸੰਜੋਗ ਵਿਚ ਹੀ ਕ੍ਰਿਯਾਸ਼ੀਲ ਹੁੰਦਾ ਹੈ। ਯੋਗ ਮਤਾਂ ਵਿਚ ਨਿਰਵਿਕਲਪ ਜਾਂ ਅਫੁਰ ਸਥਿਤੀ ਪ੍ਰਾਪਤ ਕਰਨਾ ਸਾਧਕ ਦਾ ਨਿਸ਼ਾਨਾ ਮੰਨਿਆ ਜਾਂਦਾ ਹੈ, ਉਸ ਦਾ ਵੀ ਗੁਰਮਤਿ ਸਿਧਾਂਤ ਨਾਲ ਤਾਲਮੇਲ ਨਹੀਂ ਬੈਠਦਾ, ਕਿਉਂਕਿ ਗੁਰਮਤਿ ਅਨੁਸਾਰ ਮਨੁੱਖ ਸੰਕਲਪ ਰਹਿਤ ਨਹੀਂ ਹੋ ਸਕਦਾ, ਨਾ ਹੀ ਹੋਣਾ ਚਾਹੀਦਾ ਹੈ। ਸੰਕਲਪ ਅੱਛੇ-ਬੁਰੇ ਉਸ ਦੀ ਮਾਨਸਿਕ ਅਵਸਥਾ ਅਨੁਸਾਰ ਹੁੰਦੇ ਹਨ। ਅਧਿਆਤਮ ਸਾਧਕ ਵਿਅਕਤੀ ਅੱਛੇ ਸੰਕਲਪ ਘੜ ਲੈਂਦਾ ਹੈ, ਜਦੋਂ ਕਿ ਸਾਧਨਾਹੀਣ ਮਨੁਖ ਬੁਰੇ ਸੰਕਲਪਾਂ ਵਿਚ ਲਿਪਤ ਰਹਿੰਦਾ ਹੈ। ਸੰਕਲਪ-ਰਹਿਤ ਨਿਰਜਿੰਦ ਵਸਤ ਹੀ ਹੋ ਸਕਦੀ ਹੈ, ਜੀਵ ਨਹੀਂ।

ਸਮੁੱਚੇ ਵਿਵੇਚਨ ਤੋਂ ਇਹ ਪਤਾ ਲਗਿਆ, ਕਿ 'ਸੁੰਨ' ਨੂੰ ਬ੍ਰਹਮ ਦੀ ਨਿਰਵਿਕਲਪ ਸਥਿਤੀ ਕਹਿਣਾ ਉਚਿੱਤ ਨਹੀਂ, ਕਿਉਂਕਿ ਇੰਵ ਉਸ ਉੱਤੇ ਜੜ੍ਹਤਾ ਆਰੋਪਿਤ ਹੁੰਦੀ ਹੈ। ਸੰਕਲਪ-ਚੇਤਨਾ ਤੋਂ ਸ਼ੂਨਯ ਕੇਵਲ ਜੜ੍ਹ ਵਸਤੂਆਂ ਹੁੰਦੀਆਂ ਹਨ। ਚੇਤਨ ਵਿਚ ਸੰਕਲਪ-ਵਿਕਲਪ ਹਰ ਸਮੇਂ ਵਿਦਮਾਨ ਰਹਿੰਦੇ ਹਨ। ਅਸਲ ਵਿਚ ਅਨੀਸ਼ਵਰਵਾਦੀ ਪੰਥ ਪਰਮੇਸ਼ਰ ਤੋਂ ਸਰਵਥਾ ਅਵਿਸ਼ਵਾਸੀ ਸਨ, ਤਾਂ 'ਸ਼ੂਨਯਤਾ' ਪਹਿਲਾਂ ਪਹਿਲ ਕਿਤੇ ਨਾ ਕਿਤੇ ਵੇਦਾਂਤ ਦੀ ਮਾਇਆ ਵਰਗੀ ਸ਼ਕਤੀ ਹੋਵੇਗੀ ਹੈ। ਪਰਵਰਤੀ ਕਾਲ ਵਿਚ ਇਹ ਪਰਮ-ਸਤਿ ਦਾ ਸਥਾਨ ਗ੍ਰਹਿਣ ਕਰਦੀ ਗਈ ਅਤੇ ਹੌਲੀ-ਹੌਲੀ ਮਾਇਆ-ਨਿਰਪੇਖ ਹੋ ਗਈ। ਗੁਰਬਾਣੀ ਵਿਚ ਇਹ ਪਦ ਬ੍ਰਹਮ ਦੀ ਅਬਦਲ ਮਾਇਆ-ਨਿਰਪੇਖਤਾ ਵਾਸਤੇ ਆਇਆ ਜਾਪਦਾ ਹੈ। ਇਹ ਪਦ ਅਵਿਅਕਤ ਬ੍ਰਹਮ ਵਾਸਤੇ ਵੀ ਨਹੀਂ, ਕਿਉਂਕਿ ਇਹ ਸ੍ਰਿਸ਼ਟੀ-ਕਾਲ ਦੇ ਤਿੰਨਾਂ ਲੋਕਾਂ ਵਿਚ ਵਿਆਪਕ ਸੱਤਾ ਹੈ, ਨਾ ਹੀ ਇਹ ਬ੍ਰਹਮ ਦੇ ਅਕਲਪਿਤ/ਅਫੁਰ ਸਰੂਪ ਵਾਸਤੇ ਹੈ, ਕਿਉਂਕਿ ਇਹ ਅੰਦਰ ਅਤੇ ਬਾਹਰ ਹੈ। ਇਸ ਨੂੰ ਬ੍ਰਹਮ ਦਾ ਮਾਇਆ-ਸ਼ੂਨਯ ਸਰੂਪ ਕਹਿਣਾ ਹੀ ਉੱਚਿਤ ਲੱਗਦਾ ਹੈ। ਇਸ ਨੂੰ ਬ੍ਰਹਮ ਕਹਿਣਾ ਵੀ ਯੋਗ ਨਹੀਂ, ਕਿਉਂਕਿ ਇਹ ਏਕੇ ਲਈ ਨਿਖੇਧਾਤਮਕ ਪਦ ਹੈ। 'ਸੁੰਨਿ' ਬ੍ਰਹਮ ਨਹੀਂ, ਬ੍ਰਹਮ ਦੀ ਕੇਵਲ ਇਕ ਸਥਿਤੀ ਦਾ ਲਖਾਇਕ ਪਦ ਹੈ। ਬ੍ਰਹਮ ਨੂੰ ਵਾਰ-ਵਾਰ ਮਾਇਆ ਨਿਰਲੇਪ ਕਹਿਣਾ ਇਸ ਕਾਰਣ ਪ੍ਰਾਸੰਗਿਕ ਸੀ, ਕਿਉਂਕਿ ਨਾਥਾਂ ਯੋਗੀਆਂ ਦਾ ਆਰਾਧਯ ਦੇਵ ਸ਼ਿਵ ਮਾਇਆ-ਲਿਪਤ ਸੀ। ਸ਼੍ਰੀ ਗੁਰੂ ਨਾਨਕ ਦੇਵ ਜੀ ਨੇ ਸਿਧਾਂ ਨੂੰ ਕਿਹਾ, *'ਸੁੰਨ ਨਿਰੰਤਰਿ ਦੀਜੈ ਬੰਧੁ॥ ਉਡੈ ਨ ਹੰਸਾ ਪੜੈ ਨ ਕੰਧੁ'॥* ਆਮ ਵਿਆਖਿਆਕਾਰਾਂ ਨੇ ਕਿਹਾ, ਕਿ ਜੇ ਸਾਧਕ ਅਫੁਰ ਪ੍ਰਭੂ ਦੇ ਨਾਮ ਦਾ ਬੰਨ੍ਹਾ ਬਣਾ ਲਵੇ, ਤਾਂ ਫਿਰ ਮਨ ਉੱਡਦਾ ਨਹੀਂ ਅਤੇ ਨਾ ਹੀ ਸਰੀਰ ਦਾ ਪਤਨ ਹੁੰਦਾ ਹੈ। ਪਰ ਗੁਰਬਾਣੀ ਤਾਂ ਵਾਰ-ਵਾਰ ਉਸ ਪ੍ਰਭੂ ਦਾ ਸਿਮਰਨ ਕਰਨ ਲਈ ਵੀ ਕਹਿੰਦੀ ਹੈ, ਜੋ '*ਸਾਰਿ ਸਮਾਲੈ ਨਿਤਿ ਪ੍ਰਤਿਪਾਲੈ*' ਦੇ ਸੰਕਲਪ ਵਾਲਾ ਹੈ। ਸੋ ਇਹ ਕਥਨ ਉੱਚਿਤ ਨਹੀਂ, ਕਿ ਅਫੁਰ ਪ੍ਰਭੂ ਦਾ ਸਿਮਰਨ ਉਤਮ ਹੈ ਅਤੇ ਫੁਰਨਾ-ਲਿਪਤ ਦਾ ਸਿਮਰਨ ਨਿਮਨ ਹੈ। ਅਸਲ ਵਿਚ ਇੱਥੇ ਬ੍ਰਹਮ ਦੀ ਗੱਲ ਹੀ ਨਹੀਂ ਕੀਤੀ ਗਈ। ਕਿਹਾ ਇਹ ਹੈ, ਕਿ ਸਾਧਕ ਮਾਇਆ ਦੀ ਲਿਪਤਤਾ ਤੋਂ ਮਨ ਨੂੰ ਸਦਾ ਲਈ ਰੋਕ ਲਵੇ, ਤਾਂ ਮਨ ਦੀ ਭਟਕਣਾ ਦੂਰ ਹੋ ਜਾਵੇਗੀ ਅਤੇ ਸ਼ਾਰੀਰਿਕ ਪਤਨ ਵੀ ਰੁਕ ਜਾਵੇਗਾ।

ਗੁਰੂ ਜੀ ਨੇ ਸੁਮੇਰ ਤੇ ਸਿਧਾਂ ਨੂੰ ਇਹ ਵੀ ਦੱਸ ਦਿਤਾ, ਕਿ 'ਸੁੰਨ' ਨਿਰੰਤਰ ਰਹਿਣ ਵਾਲੀ ਸ਼ਕਤੀ ਹੈ। ਜਗਤ ਦੇ ਆਰੰਭ ਵਿਚ ਵੀ ਸੀ (*ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ ਸੁੰਨ ਨਿਰੰਤਰਿ ਵਾਸੁ ਲੀਆ॥ ਅਕਲਪਤ ਮੁਦ੍ਰਾ ਗੁਰ ਗਿਆਨੁ ਬੀਚਾਰੀਅਲੇ ਘਟਿ ਘਟਿ ਸਾਚਾ ਸਰਬ ਜੀਆ*) ਸੁੰਨ ਦਾ ਵਾਸਾ ਨਿਰੰਤਰ ਹੈ; ਅਰਥਾਤ ਸ੍ਰਿਸ਼ਟੀ-ਕਾਲ ਵਿਚ ਵੀ ਪਰਮੇਸ਼ਰ ਮਾਇਆ-ਲਿਪਤ ਨਹੀਂ ਹੁੰਦਾ। ਮਾਇਆ ਦਾ ਭ੍ਰਮ ਤਾਂ ਜੀਵਾਂ ਵਾਸਤੇ ਹੈ, ਸਿਰਜਣਹਾਰ ਵਾਸਤੇ ਨਹੀਂ। ਯੋਗੀ ਲੋਕ ਆਪਣੇ-ਆਪਣੇ ਮਤਿ ਅਨੁਸਾਰ ਸ਼ਾਰੀਰਿਕ ਮੁਦ੍ਰਾਵਾਂ ਧਾਰਣ ਕਰਦੇ ਸਨ। ਗੁਰੂ ਜੀ ਨੇ ਕਿਹਾ ਇਹ ਕਲਪਿਤ ਮੁਦ੍ਰਾਵਾਂ ਤਿਆਗ ਕੇ ਗੁਰੂ-ਗਿਆਨ ਦੇ ਵਿਚਾਰ ਦੀ ਵਾਸਤਵਿਕ ਮੁਦ੍ਰਾ ਧਾਰਣ ਕਰਨੀ ਚਾਹੀਦੀ ਹੈ। ਪਰਮੇਸ਼ਰ ਦਾ ਮਾਇਆ-ਨਿਰਪੇਖ ਸੁਭਾਅ ਰਚਨਾ-ਕਾਲ ਅਤੇ ਪ੍ਰਲਯ ਜੈਸੀ ਹਰ ਪ੍ਰਸਥਿਤੀ ਵਿਚ ਅਬਦਲ ਹੈ। ਨਾ ਉਹ ਰਚਨਾ ਵਿਚ ਵਿਦਮਾਨ ਰਹਿਣ ਕਾਰਣ ਮਾਇਆ-ਲਿਪਤ ਹੈ, ਨਾ ਉਸ ਵਕਤ ਮਾਇਆ-ਗ੍ਰਸਤ ਹੈ ਜਦੋਂ ਸ੍ਰਿਸ਼ਟੀ ਉਸ ਵਿਚ ਲੀਨ ਰਹਿੰਦੀ ਹੈ। ਤਿੰਨ ਲੋਕ ਵਿਚ ਵਿਆਪਕ ਰਹਿ ਕੇ ਵੀ ਉਹ ਮਾਇਆ-ਮੁਕਤ ਹੈ, ਕਿਉਂ ਜੁ ਮਾਇਆ ਦੀ ਸਿਰਜਣਾ ਜੀਵ ਵਾਸਤੇ ਹੈ। ਉਹ ਮਾਇਆ ਸਿਰਜ ਕੇ ਮਕੜੀ ਵਾਂਗ ਆਪ ਇਸ ਦੇ ਜਾਲ ਵਿਚ ਨਹੀਂ ਫਸ ਜਾਂਦਾ। ਗੁਰੂ ਜੀ ਇਹ ਵੀ ਕਹਿੰਦੇ ਹਨ, ਕਿ ਜੋ ਸਾਧਕ 'ਸ਼ੂਨਯ' ਦੀ ਸਥਿਤੀ ਨੂੰ ਮਾਇਆ ਦੇ ਤਿੰਨ ਗੁਣਾਂ ਤੋਂ

ਉੱਪਰ ਸਮਝ ਲੈਂਦਾ ਹੈ, ਉਹ ਪਾਪ-ਪੁੰਨ ਦੇ ਲੇਪ ਤੋਂ ਮੁਕਤ ਹੈ। ਹਰ ਸਰੀਰ ਵਿਚ ਸ਼ੂਨਯ ਦੀ ਵਿਦਮਾਨਤਾ ਕਿਵੇਂ ਹੈ? ਉਹੋ ਜਾਣ ਸਕਦਾ ਹੈ, ਜਿਸ ਨੂੰ ਸ੍ਰਿਸ਼ਟੀ-ਕਰਤਾ ਦੇ ਮਾਇਆ-ਅਲੇਪ ਦਿਵਯ ਸਰੂਪ ਦੀ ਸੋਝੀ ਹੋਈ ਹੈ। ਜਿਸ ਨੇ ਅਨੀਸ਼ਵਰਵਾਦੀਆਂ ਵਾਂਗ ਮਾਇਆ ਨੂੰ ਹੀ ਸਭ ਕੁਝ ਜਾਣ ਲਿਆ, ਜਾਂ ਪਰਮ-ਸਤਿ ਨੂੰ ਮਾਇਆ ਵਿਚ ਫਸਾ ਦਿਤਾ, ਉਹ 'ਸ਼ੂਨਯ' ਨੂੰ ਨਹੀਂ ਜਾਣ ਸਕਦਾ। 'ਸ਼ੂਨਯ' ਸੰਬੰਧੀ ਇਨ੍ਹਾਂ ਉਕਤੀਆਂ ਵਿਚ ਨਾ ਕੇਵਲ 'ਸ਼ੂਨਯਤਾ' ਨੂੰ ਨਵੇਂ ਸਿਰਿਓਂ ਪਾਰਿਭਾਸ਼ਿਤ ਕੀਤਾ ਗਿਆ ਹੈ, ਬਲਕਿ 'ਸ਼ੂਨਯ' ਦੇ ਅਨੀਸ਼ਵਰਵਾਦੀ ਚਿੰਤਨ ਨੂੰ ਸਰਵਥਾ ਨਕਾਰ ਦਿਤਾ ਗਿਆ ਹੈ। ਗੁਰੂ ਜੀ ਇਹ ਵੀ ਘੋਸ਼ਿਤ ਕਰਦੇ ਹਨ, ਕਿ ਜੋ ਲੋਕ ਈਸ਼ਵਾਰ ਦੀ ਸਤਾ ਨੂੰ ਨਕਾਰਨ ਵਾਸਤੇ 'ਸ਼ੂਨਯਵਾਦਿਤਾ' ਦਾ ਪ੍ਰਚਾਰ ਕਰ ਰਹੇ ਹਨ, ਉਹ ਜਾਣ ਲੈਣ ਕਿ ਪਰਮ-ਸਤਿ ਦਾ ਰੂਪ ਉਹੀ ਵਿਅਕਤੀ ਹੋ ਸਕਦਾ ਹੈ, ਜੋ ਨਿਰੰਜਨ ਪ੍ਰਭੂ ਦੀ ਹੋਂਦ ਦੇ ਪਰਿਚਾਇਕ ਨਾਮ ਦੇ ਸਿਮਰਨ ਵਿਚ ਲੀਨ ਹੋ ਸਕੇ (*ਅੰਤਰਿ ਸੁੰਨੰ ਬਾਹਰਿ ਸੁੰਨੰ ਤ੍ਰਿਭਵਣ ਸੁੰਨ ਮਸੁੰਨੰ॥ ਚਉਥੇ ਸੁੰਨੈ ਜੋ ਨਰੁ ਜਾਣੈ ਤਾ ਕਉ ਪਾਪੁ ਨ ਪੁੰਨੰ॥ ਘਟਿ ਘਟਿ ਸੁੰਨ ਕਾ ਜਾਣੈ ਭੇਉ॥ ਆਦਿ ਪੁਰਖੁ ਨਿਰੰਜਨ ਦੇਉ॥ ਜੋ ਜਨੁ ਨਾਮ ਨਿਰੰਜਨ ਰਾਤਾ॥ ਨਾਨਕ ਸੋਈ ਪੁਰਖੁ ਬਿਧਾਤਾ*)। ਗੁਰੂ ਜੀ ਕਹਿੰਦੇ ਹਨ, ਚਾਰੋਂ ਤਰਫ਼ ਸਾਧਕਾਂ ਨੇ 'ਸੁੰਨ' ਦਾ ਸ਼ੋਰ ਮਚਾਇਆ ਹੈ, ਪਰ ਇਹ ਨਹੀਂ ਦੱਸਦੇ, ਕਿ ਜੇ ਈਸ਼ਵਰ ਜੈਸਾ ਜਗਤ ਦਾ ਕੋਈ ਕਰਤਾ ਨਹੀਂ, ਤਾਂ ਇਹ ਅਸਿਰਜਿਤ ਸੁੰਨ ਕਿੱਧਰੋਂ ਆ ਗਈ? ਜੋ ਲੋਕ ਮਾਇਆ-ਨਿਰਪੇਖ ਸੁੰਨਿ ਦੇ ਚਿੰਤਨ ਵਿਚ ਲੀਨ ਹਨ, ਉਨ੍ਹਾਂ ਦੀ ਅਵਸਥਾ ਕਿਹੋ-ਜਿਹੀ ਹੈ? ਉੱਤਰ ਦਿਤਾ ਹੈ- ਜਿਸ ਪਰਮੇਸ਼ਰ ਨੇ ਉਹ ਸਿਰਜੇ ਹਨ, ਉਸੇ ਦਾ ਰੂਪ ਹਨ (*ਸੁੰਨੋ ਸੁੰਨੁ ਕਹੈ ਸਭੁ ਕੋਈ॥ ਅਨਹਤ ਸੁੰਨੁ ਕਹਾ ਤੇ ਹੋਈ॥ ਅਨਹਤ ਸੁੰਨਿ ਰਤੇ ਸੇ ਕੈਸੇ॥ ਜਿਸ ਤੇ ਉਪਜੇ ਤਿਸ ਹੀ ਜੈਸੇ॥*) ਭਾਵ ਈਸ਼ਵਰ-ਚਿੰਤਨ ਬਿਨਾ 'ਸੁੰਨਿ ਸਮਾਧੀ' ਦੇ ਦਾਅਵੇ ਕਰਨ ਵਾਲੇ ਕਲਪਿਤ ਗੱਲਾਂ ਕਰਦੇ ਹਨ, ਨਾ ਉਨ੍ਹਾਂ ਨੂੰ 'ਸੁੰਨ' ਦੀ ਸਮਝ ਹੈ, ਨਾ ਉਹ 'ਸ਼ੂਨਯਤਾ'ਵਿਚ ਟਿਕੇ ਹੋਏ ਹਨ। ਨਿਸ਼ਚਿਤ ਹੀ ਗੁਰੂ ਨਾਨਕ ਦੇਵ ਜੀ ਦਾ ਸ਼ੂਨਯ-ਚਿੰਤਨ ਧਰਮ ਦਰਸ਼ਨ ਵਿਚ ਮੌਲਿਕ ਅਤੇ ਨਵੇਕਲਾ ਚਿੰਤਨ ਹੈ।

**ਸਬਦ:** ਉੱਪਰ ਅਸੀਂ '*ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥ ਸਬਦੁ ਗੁਰੂ ਸੁਰਤਿ ਧੁਨਿ ਚੇਲਾ*' ਦੀ ਵਿਆਖਿਆ ਕੀਤੀ ਹੈ। ਇੱਥੇ ਇਹ ਜਾਣਨਾ ਜ਼ਰੂਰੀ ਹੈ, ਕਿ ਸ਼ਿਵ-ਪੂਜ ਨਾਥਾਂ ਦਾ ਸ਼ਬਦ ਪ੍ਰਤਿ ਨਜ਼ਰੀਆ ਬੋਧੀ ਸਿਧਾਂ ਵਾਲਾ ਨਹੀਂ ਸੀ। ਬੁੱਧ ਮਤਿ ਕਿਸੇ ਦੈਵੀ ਸ਼ਬਦ ਵਿਚ ਵਿਸ਼ਵਾਸ ਨਹੀਂ ਕਰ ਸਕਦਾ, ਕਿਉਂਕਿ ਉਹ ਦਿਵਯਤਾ ਦਾ ਅਨੁਆਈ ਨਹੀਂ। ਮਹਾਤਮਾ ਬੁੱਧ ਕੇਵਲ ਵੇਦ ਵਿਰੋਧੀ ਨਹੀਂ ਸਨ, ਬਲਕਿ ਉਹ ਦੈਵੀ-ਸ਼ਬਦ ਤੋਂ ਇਨਕਾਰੀ ਸਨ। ਸ਼ੈਵ ਮਤਿ ਦੇ ਉਪਾਸਕ ਈਸ਼ਵਰ-ਕ੍ਰਿਤ ਆਗਮਾਂ ਵਿਚ ਵਿਸ਼ਵਾਸ ਕਰਦੇ ਸਨ। ਇਸੇ ਕਾਰਣ ਗੋਰਖ ਬਾਣੀ ਵਿਚ ਸ਼ਬਦ ਗੁਰੂ ਦਾ ਵਖਾਣ ਹੋਇਆ ਹੈ। ਅਚਲ ਵਟਾਲੇ ਵਿਚ ਗੋਸ਼ਠੀ ਕਰਨ ਵਾਲੇ ਨਾਥਾਂ ਨੇ ਸ੍ਰੀ ਗੁਰੂ ਜੀ ਦੇ *ਸੁੰਨ ਸਬਦ ਅਪਰੰਪਰਿ ਧਾਰੈ, ਸਬਦੁ ਭਾਖਤ ਸਸਿ ਜੋਤਿ ਅਪਾਰਾ, ਕਹਤੇ ਮੁਕਤੁ ਸਬਦਿ ਨਿਸਤਾਰੈ, ਸਬਦੁ ਵਸੈ ਸਚੁ ਅੰਤਰਿ ਹੀਆ, ਸਬਦੁ ਕਮਾਈਐ ਖਾਈਐ ਸਾਰੁ, ਬਿਨੁ ਸਬਦੈ ਨਾਹੀ ਪਤਿ ਸਾਖੈ, ਕੁਬੁਧਿ ਮਿਟੈ ਗੁਰ ਸਬਦੁ ਬੀਚਾਰਿ* ਆਦਿ ਬਚਨਾਂ ਨੂੰ ਸੁਣ ਕੇ ਪੁਛਿਆ, ਕਿ ਦੱਸੋ ਉਹ ਸ਼ਬਦ ਜਿਸ ਨਾਲ ਲੱਗਿਆਂ ਸੰਸਾਰ ਸਾਗਰ (ਭਾਵ ਜਾਗਤਿਕ ਵਿਸ਼ਯ-ਵਾਸਨਾ) ਨੂੰ ਪਾਰ ਕਰ ਲਈਦਾ ਹੈ, ਉਸ ਦਾ ਨਿਵਾਸ ਕਿੱਥੇ ਕਿਹਾ ਜਾ ਸਕਦਾ ਹੈ (*ਸੁ ਸਬਦ ਕਾ ਕਹਾ ਵਾਸੁ ਕਥੀਅਲੇ ਜਿਤੁ ਤਰੀਐ ਭਵਜਲੁ ਸੰਸਾਰੋ*)? ਗੁਰੂ ਜੀ ਨੇ ਕਿਹਾ, ਸ਼ਬਦ ਦਾ ਉਸ ਅਦ੍ਰਿਸ਼ਟ ਅਕਾਲ ਪੁਰਖ ਵਿਚ ਹੀ ਨਿਰੰਤਰ ਵਾਸਾ ਹੈ (*ਸੁ ਸਬਦ ਕਉ ਨਿਰੰਤਰਿ ਵਾਸੁ ਅਲਖੰ ਜਹ ਦੇਖਾ ਤਹ ਸੋਈ*), ਜਿਸ ਦਾ ਜਿੱਧਰ ਵੇਖਦੇ ਹਾਂ

ਪ੍ਰਸਾਰ ਹੈ ਭਾਵ ਪਰਮੇਸ਼ਰ ਅਤੇ ਸ਼ਬਦ ਦੋਹਾਂ ਦਾ ਨਿਵਾਸ ਹਰ ਸਥਾਨ ’ਤੇ ਹੈ। ਸਮੱਸਿਆ ਇਹ ਹੈ, ਕਿ ਜੇ ਸ਼ਬਦ ਸਥੂਲ ਪ੍ਰਕ੍ਰਿਤੀ ਵਿਚ ਵਿਦਮਾਨ ਹੈ, ਤਾਂ ਫਿਰ ਕਿਹੜਾ ਸ਼ਬਦ ਸਾਧਕ ਲਈ ਅਪ੍ਰਾਪਤ ਹੈ, ਜਿਸ ਨੂੰ ਗੁਰੂ ਦੁਆਰਾ ਪ੍ਰਾਪਤ ਕਰਨਾ ਹੈ। ਪ੍ਰਕ੍ਰਿਤੀ ਵਿਚ ਸ਼ਬਦ ਪਦਾਰਥਕ ਲਾਲਸਾਵਾਂ ਵਿਚ ਲੁਪਤ ਹੋ ਗਿਆ ਹੈ। ਮਾਇਆ ਵਿਚ ਫਸਿਆ ਜੀਵ ਆਪਣੇ ਅੰਦਰ ਦੇ ਸ਼ਬਦ ਤੀਕ ਨਹੀਂ ਪਹੁੰਚ ਸਕਦਾ। ਮ੍ਰਿਗ ਵਾਂਗ ਕਸਤੂਰੀ ਬਾਹਰੋਂ ਲਭਦਾ ਹੈ। ਸ਼ਬਦ ਉਸ ਦੇ ਅੰਦਰ ਹੈ, ਪਰ ਭਾਲ ਬਾਹਰੋਂ ਕਰ ਰਿਹਾ ਹੈ। ਬਾਹਰ ਵਿਸ਼ੈ-ਵਾਸਨਾ ਹੈ। ਬਾਹਰ ਦਾ ਧਰਮ-ਕਰਮ ਵੀ ਕੇਵਲ ਮਾਇਆਵੀ ਵਿਵਹਾਰ ਹੈ। ਬਾਹਰੀ ਰਿਵਾਇਤੀ ਧਰਮ ਤਾਂ ਅੰਦਰਲੇ ਸ਼ਬਦ ਨਾਲੋਂ ਟੁੱਟਣ ਦਾ ਪਹਿਲਾਂ ਹੀ ਕਾਰਣ ਬਣਿਆ ਹੋਇਆ ਹੈ? ਸੋ ਅੰਦਰਲੇ ਸ਼ਬਦ ਤੀਕ ਪਹੁੰਚਣ ਵਾਸਤੇ ਸੱਚਾ ਗੁਰੂ ਜਿਗਿਆਸੀ ਦੇ ਮਨ ਤੋਂ ਮਾਇਆਵੀ ਵਿਸ਼ੈ-ਵਾਸਨਾ ਹਟਾਉਣ ਲਈ ਸ਼ਬਦ ਨੂੰ ਮਾਨਵੀ ਭਾਸ਼ਾ ਦਾ ਰੂਪ ਦੇਂਦਾ ਹੈ। ਜਦੋਂ ਜੀਵ ਉਸ ਬਾਣੀ ਰੂਪ ਸ਼ਬਦ ਨਾਲ ਮਨ-ਬੁਧਿ ਦਾ ਅੰਧੇਰਾ ਦੂਰ ਕਰ ਲੈਂਦਾ ਹੈ, ਤਾਂ ਜੀਵ ਅੰਦਰ ਵਸਦੇ ਸ਼ੁਧ ਸ਼ਬਦ ਤੀਕ ਪੁੱਜ ਜਾਂਦਾ ਹੈ। ਇਹ ਅੰਤਰ ਵੱਸਦਾ ਸ਼ਬਦ ਉਸੇ ਤਰ੍ਹਾਂ ਭਾਸ਼ਾ-ਮੁਕਤ ਹੈ, ਜਿਵੇਂ ਬ੍ਰਹਮ। ਇਹ ਸਭ ਭਾਸ਼ਾਵਾਂ ਦਾ ਮੂਲ ਤਾਂ ਹੈ, ਪਰ ਭਾਸ਼ਾਈ ਸੀਮਾਵਾਂ ਦੇ ਬੰਧਨ ਵਿਚ ਨਹੀਂ। ਇਹ ਸ਼ਬਦ ਕੇਵਲ ਮਾਨਵ ਸੰਬੰਧਿਤ ਨਹੀਂ, ਬਲਕਿ ਅਸੰਖਾਂ ਬ੍ਰਹਿਮੰਡਾਂ ਵਿਚ ਇਸੇ ਦਾ ਵਿਸਤਾਰ ਹੈ। ਇਸ ਸ਼ਬਦ ਵਿਚ ਉਤਰਿਆ ਜਿਗਿਆਸੀ ਸਭ ਕੁਝ ਜਾਣਨਹਾਰ ਹੋ ਜਾਂਦਾ ਹੈ। ਬਾਹਰਲਾ ਸ਼ਬਦ ਅੰਦਰਲੀ ਅਸੀਮ ਸ਼ਬਦ ਜੋਤੀ ਨੂੰ ਪ੍ਰੱਜ੍ਵਲਿਤ ਕਰਨ ਵਾਸਤੇ ਹੈ। ਬਾਹਰਲੇ ਸ਼ਬਦ ਆਪਣੀਆਂ ਧਾਰਮਿਕ ਮਨੌਤਾਂ ਅਨੁਸਾਰ ਹਨ, ਪਰ ਪ੍ਰਾਣ ਵਿਚ ਵਸਦਾ ਅੰਦਰਲਾ ਸ਼ਬਦ ਪੂਰੇ ਬ੍ਰਹਿਮੰਡ ਲਈ ਇਕੋ ਹੈ, ਯਥਾ- *ਏਕੁ ਸਬਦੁ ਮੇਰੈ ਪ੍ਰਾਨਿ ਬਸਤੁ ਹੈ ਬਾਹੁੜਿ ਜਨਮਿ ਨ ਆਵਾ*।[17]

ਨਾਥ ਇਹ ਵੀ ਪੁੱਛਦੇ ਹਨ, ਕਿ ਪ੍ਰਾਣ ਜਿਸ ਨੂੰ ਦਸ ਉਂਗਲ ਪ੍ਰਮਾਣ ਮੰਨਿਆ ਜਾਂਦਾ ਹੈ, ਉਸ ਦਾ ਆਧਾਰ ਕਿਹੜਾ ਹੈ (*ਤ੍ਰੈ ਸਤ ਅੰਗੁਲ ਵਾਈ ਕਹੀਐ ਤਿਸੁ ਕਹੁ ਕਵਨ ਅਧਾਰੋ*)? ਗੁਰੂ ਜੀ ਕਹਿੰਦੇ ਹਨ, ਕਿ ਪ੍ਰਾਣ ਦਾ ਆਸਰਾ ਮਾਇਅ-ਨਿਰਲੇਪ ਪਰਮੇਸ਼ਰ ਹੀ ਹੈ। ਪ੍ਰਾਣ ਸਰੀਰ ਕਾਰਣ ਨਹੀਂ ਟਿਕਿਆ, ਬਲਕਿ ਪ੍ਰਾਣ ਦਾ ਸੱਚਾ ਆਸਰਾ ਪਰਮੇਸ਼ਰ ਹੈ। ਪ੍ਰਾਣ ਦਾ ਟਿਕਾਣਾ ਪਰਮੇਸ਼ਰ ਨੂੰ ਦਰਸਾ ਕੇ ਗੁਰੂ ਜੀ ਪ੍ਰਾਣਾਯਾਮ ਦੀਆਂ ਫ਼ਜ਼ੂਲ ਕ੍ਰਿਆਵਾਂ ਤਿਆਗ ਕੇ, ਪਰਮੇਸ਼ਰ ਦੇ ਮਾਇਆ-ਮੁਕਤ ਸਰੂਪ ਨਾਲ ਜੁੜਣ ਲਈ ਪ੍ਰੇਰਿਤ ਕੀਤਾ ਹੈ। ਨਾਲ ਹੀ ਇਹ ਵੀ ਕਿਹਾ ਹੈ, ਕਿ ਭਾਵੇਂ ਬ੍ਰਹਮ ਮਾਇਆਵੀ ਉਪਾਧੀਆਂ (ਕਲਾ) ਧਾਰਣ ਕਰਦਾ ਹੈ, ਪਰ ਇਹ ਉਪਾਧੀਆਂ ਧਾਰਣ ਕਰ ਕੇ ਵੀ ਉਹਾ ਕਲਾ ਰਹਿਤ (ਅਕਲ) ਹੀ ਰਹਿੰਦਾ ਹੈ (*ਪਵਨ ਕਾ ਵਾਸਾ ਸੁੰਨ ਨਿਵਾਸਾ ਅਕਲ ਕਲਾ ਧਰ ਸੋਈ*)। ਜੋ ਸ਼ਬਦ ਪਹਿਲਾਂ ਹੀ ਅਪ੍ਰਾਪਤ ਸਥਿਤੀ ਵਿਚ ਹਰ ਘਟ ਵਿਚ ਨਿਵਾਸ ਕਰਦਾ ਹੈ, ਉਹ ਪ੍ਰਭੂ ਮਿਹਰ ਨਾਲ ਸਾਧਕ ਦੇ ਅੰਦਰੋਂ ਹੀ ਪ੍ਰਗਟ ਹੋ ਜਾਂਦਾ ਹੈ। ਸਾਧਕ ਨੂੰ ਭ੍ਰਮ ਸੀ, ਕਿ ਸ਼ਬਦ ਬਾਹਰ ਹੈ। ਅਕਾਲ ਪੁਰਖ਼ ਦੀ ਬਖ਼ਸ਼ਿਸ਼ ਨਾਲ ਅੰਦਰ ਵਸਦੇ ਸ਼ਬਦ ਦਾ ਸਾਖਿਆਤਕਾਰ ਹੋ ਗਿਆ। ਸ਼ਬਦ ਦੇ ਪਵਿਤ੍ਰ ਬਾਣੀ ਰੂਪ ਤੋਂ ਸਾਧਕ ਦਾ ਸਰੀਰ ਮਨ ਦੋਵੇਂ ਪਵਿੱਤਰ ਹੋ ਜਾਂਦੇ ਹਨ (*ਨਦਰਿ ਕਰੇ ਸਬਦੁ ਘਟ ਮਹਿ ਵਸੈ ਵਿਚਹੁ ਭਰਮੁ ਗਵਾਏ ॥ ਤਨੁ ਮਨੁ ਨਿਰਮਲੁ ਨਿਰਮਲ ਬਾਣੀ ਨਾਮੋ ਮੰਨਿ ਵਸਾਏ*)। ਸ਼ਬਦ ਗੁਰੂ ਦੀ ਅਗਵਾਈ ਵਿਚ ਸਾਧਨਾਰਤ ਮਨੁੱਖ ਸੰਸਾਰ ਸਾਗਰ ਤਰ ਲੈਂਦਾ ਹੈ ਅਤੇ ਉਸ ਨੂੰ ਅਹਿਸਾਸ ਹੁੰਦਾ ਹੈ, ਕਿ ਪਰਮੇਸ਼ਰ ਜਗਤ ਵਿਚ ਅਤੇ ਪਰਲੋਕ ਵਿਚ ਇਕ ਸਮਾਨ ਵਸਿਆ ਹੋਇਆ ਹੈ। ਸ਼ਬਦ ਪ੍ਰਭੂ ਸੰਬੰਧੀ ਭ੍ਰਮ ਦੂਰ ਕਰਦਾ ਹੈ। ਸ਼ਬਦ ਤੋਂ ਪਤਾ ਲਗਦਾ ਹੈ, ਕਿ ਪਰਮੇਸ਼ਰ ਰੂਪ ਆਦਿ ਚਿੰਨ੍ਹਾਂ, ਰੰਗਾਂ ਅਤੇ

---

[17] ਬਿਲਾਵਲੁ, ਮਹਲਾ 1, 2, ਸਫ਼ਾ 795.

ਮਾਇਆ ਦੀ ਪਰਛਾਈ ਤੋਂ ਪੂਰਨ ਨਿਰਲੇਪ ਹੈ (*ਸਬਦਿ ਗੁਰੂ ਭਵਸਾਗਰੁ ਤਰੀਐ ਇਤ ਉਤ ਏਕੋ ਜਾਣੈ॥ ਚਿਹਨੁ ਵਰਨੁ ਨਹੀ ਛਾਇਆ ਮਾਇਆ ਨਾਨਕ ਸਬਦੁ ਪਛਾਣੈ*)।

ਨਾਥਾਂ ਦੇ ਬਹੁਤ ਮਹੱਤਵ-ਪੂਰਨ ਪ੍ਰਸ਼ਨ ਸਨ- *ਕਵਨ ਮੁਖਿ ਚੰਦੁ ਹਿਵੈ ਘਰੁ ਛਾਇਆ॥ ਕਵਨ ਮੁਖਿ ਸੂਰਜੁ ਤਪੈ ਤਪਾਇਆ॥* ਵਿਆਖਿਆਕਾਰਾਂ ਨੇ 'ਕਵਨ ਮੁਖਿ' ਦੇ ਅਰਥ ਕਿਸ ਦੁਆਰੇ ਤੋਂ, ਕਿਸ ਤਰ੍ਹਾਂ ਆਦਿ ਕੀਤੇ ਹਨ। ਉਤਰ ਵਿਚ ਗੁਰੂ ਜੀ ਨੇ 'ਸਬਦੁ ਭਾਖਤ' ਲਿਖਿਆ ਹੈ। 'ਸਬਦੁ ਭਾਖਤ' ਉਕਤਿ ਦਾ ਸਪਸ਼ਟ ਭਾਵ 'ਕਵਨ ਮੁਖਿ' ਦਾ ਅਰਥ ਮੂੰਹ ਤੋਂ ਕੀ ਉਚਾਰਣ ਕੀਤਾ ਜਾਵੇ; ਅਰਥਾਤ ਕਿਹੜਾ ਜਪੁ ਕੀਤਾ ਜਾਵੇ। ਨਾਥ ਸ਼੍ਰੀ ਗੁਰੂ ਜੀ ਨੂੰ ਕਹਿੰਦੇ ਹਨ, ਕਿ ਗਿਆਨ ਵਿਚ ਸੂਰਜ ਵਾਲਾ ਤੇਜ ਹੈ, ਜੋ ਅਹੰਕਾਰ ਪੈਦਾ ਕਰਦਾ ਹੈ। ਗਿਆਨ ਬਿਨਾਂ ਪਰਮਪਦ ਨਹੀਂ ਮਿਲਦਾ, ਪਰ ਉੱਧਰ ਅਧਿਆਤਮਵਾਦੀ ਨੂੰ ਆਂਤ੍ਰਿਕ ਸ਼ਾਂਤੀ ਵਾਸਤੇ ਚੰਦ੍ਰਮਾ ਜੈਸੀ ਸੀਤਲਤਾ ਚਾਹੀਦੀ ਹੈ। ਸਮੱਸਿਆ ਇਹ ਹੈ- ਕੀ ਪੜ੍ਹਿਆ ਜਾਵੇ ਕਿ ਅਹੰਕਾਰ-ਮੁਕਤ ਗਿਆਨ ਮਿਲੇ। ਸੂਰਜ ਅਤੇ ਚੰਦ੍ਰਮਾ ਦੇ ਵਿਰੋਧੀ ਭਾਸਦੇ ਗੁਣ ਸਾਧਕ ਦੇ ਹਿਰਦੈ ਵਿਚ ਇਕ ਸਾਥ ਕਿਵੇਂ ਰਹਿਣ? ਉਨ੍ਹਾਂ ਦਾ ਪਹਿਲਾ ਪ੍ਰਸ਼ਨ ਹੈ- ਮੁਖ ਤੋਂ ਕੀ ਉਚਰਿਤ ਕਰੀਏ, ਕਿ ਬਰਫ਼ (ਠੰਡਕ, ਸ਼ਾਂਤੀ) ਦਾ ਘਰ ਚੰਦ੍ਰਮਾ ਮਨ ਉੱਤੇ ਛਾਇਆ ਰਹੇ। ਮੁੱਖ ਤੋਂ ਕੀ (ਕਿਹੜਾ ਮੰਤ੍ਰ) ਜਪੀਏ, ਕਿ ਗਿਆਨ ਦਾ ਸੂਰਜ ਬੁਧੀ ਵਿਚ ਸਦਾ ਪ੍ਰੱਜ੍ਵਲਿਤ ਰਹੇ। ਬੁਧੀ ਅਤੇ ਹਿਰਦੈ ਵਿਚ ਸਮਰਸਤਾ ਕਿਵੇਂ ਸਥਾਪਿਤ ਹੋਵੇ? ਅਰਥਾਤ ਮਨ ਅਹੰਕਾਰ-ਮੁਕਤ ਸਹਿਜ ਅਤੇ ਸ਼ਾਂਤੀ ਵਿਚ ਟਿਕਿਆ ਰਹੇ ਅਤੇ ਬੁੱਧੀ ਵਿਚ ਸੂਰਜ ਦੇ ਤੇਜ ਵਾਂਗ ਗਿਆਨ ਦਾ ਪ੍ਰਤਾਪ ਹੋਵੇ। ਪ੍ਰਚੰਡ ਗਿਆਨ ਵੀ ਹੋਵੇ ਅਤੇ ਅਹੰਕਾਰ ਵੀ ਮਨ ਨੂੰ ਅਸ਼ਾਂਤ ਨਾ ਕਰੇ। ਗੁਰੂ ਜੀ ਕਹਿੰਦੇ ਹਨ, ਕਿ ਜਦੋਂ ਕੇਵਲ ਅਕਲ ਦੇ ਵਾਧੇ ਲਈ '*ਪੜਿ ਪੜਿ ਗਡੀ ਲਦੀਅਹਿ ਪੜਿ ਪੜਿ ਭਰੀਅਹਿ ਸਾਥ*' ਦਾ ਅਨੁਸਰਣ ਕਰਦਿਆਂ ਮਨੁੱਖ ਇਲਮ ਹਾਸਿਲ ਕਰਦਾ ਹੈ, ਤਾਂ ਗਿਆਨ ਵਿਚੋਂ ਅਹੰ ਅਤੇ ਵਿਵਾਦ ਹੀ ਜਨਮ ਲੈਂਦੇ ਹਨ। ਗਿਆਨ ਨਾ ਗਿਆਨੀ ਨੂੰ ਸੁੱਖ ਦੇਂਦਾ ਹੈ, ਨਾ ਮਨੁੱਖਤਾ ਲਈ ਕਲਿਆਣਕਾਰੀ ਹੋ ਸਕਦਾ ਹੈ। ਸਤਿਗੁਰੂ ਦੀ ਜ਼ਰੂਰਤ ਹੀ ਇਹ ਹੈ, ਕਿ ਉਹ ਸੂਰਜ ਦੇ ਤੇਜ ਵਾਲੇ ਗਿਆਨ ਵਿਚੋਂ ਅਹੰਕਾਰ ਸੋਖ ਕੇ ਉਸ ਨੂੰ ਕਲਿਆਣਕਾਰੀ ਸ਼ਬਦ ਬਣਾ ਦੇਂਦਾ ਹੈ। ਉਸ ਦਾ ਸ਼ਬਦ ਮੁਖ ਤੋਂ ਜਪਣ ਨਾਲ ਸੂਰਜ ਦੇ ਪ੍ਰਚੰਡ ਤੇਜ ਵਾਲਾ ਗਿਆਨ ਸੀਤਲ ਸ਼ਬਦ ਹੋ ਕੇ ਮਨ ਰੂਪ ਚੰਦ੍ਰਮਾ ਦੀ ਜੋਤਿ ਨੂੰ ਪ੍ਰਚੰਡ ਕਰਦਾ ਹੈ। ਇਹ ਸ਼ਬਦ-ਗਿਆਨ ਕੇਵਲ ਬੁੱਧੀ ਨੂੰ ਰੁਸ਼ਨਾਉਣ ਦਾ ਕਾਰਜ ਨਹੀਂ ਕਰਦਾ, ਬਲਕਿ ਅਕਲ ਤੋਂ ਜ਼ਿਆਦਾ ਮਨ ਨੂੰ ਗਿਆਨਮਈ ਕਰਦਾ ਹੈ। ਜੇ ਕੇਵਲ ਬੁਧੀ ਨੂੰ ਪ੍ਰਚੰਡ ਕਰਦਾ, ਤਾਂ ਅਹੰਕਾਰ ਦੀ ਤਪਸ਼ ਵਧਣੀ ਸੀ। ਇਸ ਨੇ ਮਨ ਦੀਆਂ ਅੱਖਾਂ ਖੋਲ੍ਹ ਦਿਤੀਆਂ, ਅਹੰਕਾਰ ਦੀਆਂ ਲਹਿਰਾਂ ਜਿਸ ਮਨ ਵਿਚੋਂ ਉੱਠਣੀਆਂ ਸਨ, ਗੁਰੁ-ਸ਼ਬਦ ਨੇ ਉਸ ਨੂੰ ਸ਼ਾਂਤ ਕਰ ਦਿਤਾ। ਜਿਸ ਗਿਆਨ ਨੇ ਬੁੱਧੀ ਤੋਂ ਮਨ ਵੱਲ ਆਉਣਾ ਸੀ, ਉਸ ਨੇ ਸਿਧੀ ਮਨ ਉਤੇ ਚੋਟ ਕੀਤੀ। ਐਸਾ ਕਿਉਂ ਹੈ? ਕਿਉਂਕਿ ਸ਼ਬਦ ਅਕਲ ਦਾ ਵਿਸ਼ਯ ਨਹੀਂ। ਭਾਵਨਾ ਅਤੇ ਪ੍ਰੀਤ ਦਾ ਵਿਸ਼ਯ ਹੈ। ਹੋਰ ਸਭ ਗਿਆਨ ਬੁੱਧੀ ਦਾ ਵਿਸ਼ਯ ਹਨ। ਦਿਵਯ ਗਿਆਨ ਮਨ ਦਾ ਵਿਸ਼ਯ ਹੈ। ਜੇ ਗਿਆਨ ਬੁੱਧੀ ਦਾ ਵਿਸ਼ਯ ਹੋਵੇ, ਤਾਂ ਬੁੱਧੀ ਤੋਂ ਮਨ ਵਲ ਪਰਤੇਗਾ। ਅਕਲ ਦੇ ਦੋਸ਼ ਲੈ ਕੇ ਜਦੋਂ ਮਨ ਵਲ ਪਰਤੇਗਾ, ਤਾਂ ਅਹੰਕਾਰ ਪ੍ਰਚੰਡ ਹੁੰਦਾ ਜਾਵੇਗਾ। ਜਦੋਂ ਸ਼ਬਦ ਮਨ ਦਾ ਵਿਸ਼ਯ ਹੋਵੇਗਾ, ਤਾਂ ਮਨ ਦੀ ਭਾਵਨਾ ਅਤੇ ਪ੍ਰੀਤ ਬੁੱਧੀ ਦੇ ਵਿਕਾਰ ਦੂਰ ਕਰ ਦੇਵਗੀ।

ਗੁਰੂ ਜੀ ਨੇ ਸ਼ਬਦ ਨੂੰ ਮਨ ਦਾ ਵਿਸ਼ਯ ਬਣਾਉਣ ਲਈ, ਅਕਲ ਦੀ ਪਕੜ ਤੋਂ ਪਰ੍ਹੇ ਕੇਵਲ ਕੋਮਲਤਾ ਅਤੇ ਪ੍ਰੀਤ ਰੂਪ ਸੰਗੀਤ ਦੇ ਲੇਪ ਵਿਚ ਸੂਤ੍ਰਿਤ ਕੀਤਾ ਹੈ। ਸੰਗੀਤ ਬੁੱਧੀ ਦਾ ਨਹੀਂ, ਮਨ ਦਾ ਵਿਸ਼ਯ ਹੈ। ਦੈਵੀ ਸ਼ਬਦ ਦਾ

ਉਚਾਰਣ ਕਰਦਿਆਂ ਚੰਦ੍ਰਮਾ ਦੀ ਜੋਤਿ ਪ੍ਰਚੰਡ ਹੋ ਜਾਂਦੀ ਹੈ; ਅਰਥਾਤ ਸੀਤਲਤਾ ਵਿਚ ਅਥਾਹ ਵਾਧਾ ਹੋ ਜਾਂਦਾ ਹੈ। ਜੇ ਗਿਆਨ (ਸੂਰਜ) ਮਨ ਰੂਪ ਚੰਦ੍ਰਮਾ ਵਲ ਪਹਿਲਾਂ ਜਾਵੇ, ਤਾਂ ਗਿਆਨ ਸਹਿਜ ਅਤੇ ਸ਼ਾਂਤੀ ਨਾਲ ਇਕਮਿਕ ਹੋ ਕੇ ਰਹਿੰਦਾ ਹੈ। ਗਿਆਨ ਨਾਲ ਸਹਿਜ ਅਤੇ ਸ਼ਾਂਤੀ ਵਿਚ ਅਸੀਮ ਵਾਧਾ ਹੁੰਦਾ ਹੈ। ਇੰਞ ਅੰਦਰ ਦਾ ਅਗਿਆਨ ਵੀ ਨਸ਼ਟ ਹੁੰਦਾ ਹੈ ਅਤੇ ਅਹੰਕਾਰ ਮੁਕਤ ਸਹਿਜ-ਸ਼ਾਂਤੀ ਵਿਚ ਵੀ ਵਾਧਾ ਹੁੰਦਾ ਹੈ। ਇਹੋ ਭਾਵ ਹੈ, ਗੁਰੂ ਜੀ ਦੇ ਇਸ ਕਥਨ ਦਾ- *ਸਬਦੁ ਭਾਖਤ ਸਸਿ ਜੋਤਿ ਅਪਾਰਾ॥ ਸਸਿ ਘਰਿ ਸੂਰੁ ਵਸੈ ਮਿਟੈ ਅੰਧਿਆਰਾ॥* ਅੱਜਕਲ੍ਹ ਧਰਮ ਤੋਂ ਅਣਜਾਣ ਲੋਕ ਇਨ੍ਹਾਂ ਤੁਕਾਂ ਵਿਚੋਂ ਵਿਗਿਆਨ ਦੇ ਸੂਤ੍ਰ ਲੱਭਦੇ ਫਿਰਦੇ ਹਨ। ਇਹ ਧਰਮ ਦਰਸ਼ਨ ਹੈ, ਪਦਾਰਥ-ਵਿਗਿਆਨ ਨਹੀਂ। ਗੁਰੂ ਜੀ ਦੀ ਜੋ ਮਹਿਮਾ ਧਰਮ ਦਰਸ਼ਨ ਦੇ ਨਿਰਮਾਤਾ ਰੂਪ ਵਿਚ ਹੈ, ਉਹ ਮਹਿਮਾ ਪਦਾਰਥ-ਵਿਗਿਆਨੀ ਹੋਣ ਵਿਚ ਨਹੀਂ। ਨਾ ਨਾਥਾਂ ਨੇ ਪੁੱਛਿਆ ਸੀ, ਕਿ ਚੰਦ੍ਰਮਾ ਨੂੰ ਰੌਸ਼ਨੀ ਕਿੱਥੋਂ ਮਿਲਦੀ ਹੈ, ਨਾ ਗੁਰੂ ਜੀ ਨੇ ਦੱਸਿਆ, ਕਿ ਇਹ ਸੂਰਜ ਤੋਂ ਮਿਲਦੀ ਹੈ। ਇੱਥੇ ਚੰਦ ਅਤੇ ਸੂਰਜ ਆਂਤ੍ਰਿਕ ਹਨ। ਹਾਲਾਂਕਿ ਯੋਗ ਮਤਿ ਵਿਚ ਸੂਰਜ ਅਤੇ ਚੰਦ੍ਰਮਾ ਦੋ ਨਾੜੀਆਂ ਇੜਾ ਅਤੇ ਪਿੰਗੁਲਾ ਨੂੰ ਵੀ ਕਿਹਾ ਜਾਂਦਾ ਹੈ, ਪਰ ਇੱਥੇ ਗੁਰੂ ਜੀ ਇਸ ਦੀ ਨਵੀਂ ਪਰਿਭਾਸ਼ਾ ਸਿਰਜ ਦੇਂਦੇ ਹਨ। '*ਬੋਲੈ ਪਵਨਾ ਗਗਨੁ ਗਰਜੈ*' ਦੇ ਅਰਥ ਵੀ ਵਿਆਖਿਆਕਾਰਾਂ ਨੇ ਅਸਪਸ਼ਟ ਰੱਖੇ ਹਨ। 'ਪਵਨਾ' ਨੂੰ ਪ੍ਰਾਣ ਅਤੇ 'ਗਗਨੁ' ਨੂੰ ਦਸਮ-ਦੁਆਰ ਲਿਖ ਕੇ ਕੰਮ ਚਲਾ ਲਿਆ ਹੈ। ਅਸਲ ਵਿਚ 'ਪਵਨਾ' ਸੂਖਮ ਸ਼ਬਦ ਵਾਸਤੇ ਹੈ। ਜਦੋਂ ਸ਼ਬਦ ਗਿਆਨ ਰੂਪ ਹੋ ਕੇ ਚਿਦਾਕਾਸ਼ ਵਿਚ ਸਥਿਰ ਹੁੰਦਾ ਹੈ, ਤਾਂ ਚਿਦਾਕਾਸ਼ ਵਿਚ ਗਿਆਨ ਦੀ ਗਰਜਣਾ ਹੁੰਦੀ ਹੈ। ਚਿਦਾਕਾਸ਼ ਵਿਚ ਸ਼ਬਦ ਦਾ ਪ੍ਰਚੰਡ ਪ੍ਰਕਾਸ਼ ਹੀ ਗੁਰਮਤਿ ਦਾ ਅਨਹਤ ਨਾਦ ਹੈ।

**ਮਨ:** ਮਨ ਦੀ ਪਰਿਕਲਪਨਾ ਭਾਰਤੀ ਧਰਮ-ਚਿੰਤਨ ਦੀ ਆਪਣੀ ਵਿਸ਼ੇਸ਼ਤਾ ਹੈ। ਸਾਮੀ ਪਰੰਪਰਾ ਵਿਚ ਇਸ ਦੇ ਸਮਾਨਾਂਤਰ ਕੋਈ ਆਂਤ੍ਰਿਕ ਪ੍ਰਵਿਰਤੀ ਨਹੀਂ। ਇਸ ਦੀ ਵਿਆਖਿਆ ਵੀ ਕਠਿਨ ਹੈ ਅਤੇ ਧਰਮ-ਸ਼ਾਸਤ੍ਰੀਆਂ ਅਤੇ ਵੱਖ-ਵੱਖ ਪੰਥਾਂ ਨੇ ਆਪਣੇ ਢੰਗ ਨਾਲ ਹੀ ਕੀਤੀ ਹੈ। ਗੁਰਮਤਿ ਦਰਸ਼ਨ ਦੇ ਵਿਆਖਿਆਕਾਰ ਸਰਦੂਲ ਸਿੰਘ ਕਵੀਸ਼ਰ ਮਨ ਅਤੇ ਆਤਮਾ ਨੂੰ ਇਕੋ ਸਤਾ ਮੰਨਦੇ ਹਨ। ਉਹ ਮਨ ਦੇ ਪ੍ਰਕਾਸ਼ਿਤ ਰੂਪ ਨੂੰ ਆਤਮਾ ਅਤੇ ਅਪ੍ਰਕਾਸ਼ਿਤ ਰੂਪ ਨੂੰ ਮਨ ਕਹਿ ਲੈਂਦੇ ਹਨ, ਹਾਲਾਂਕਿ ਦੋ ਸ਼ਕਤੀਆਂ ਫਿਰ ਵੀ ਸਥਾਪਿਤ ਕਰਨੀਆਂ ਹੀ ਪਈਆਂ ਹਨ। ਜਦੋਂ ਅਸੀਂ ਗੁਰਬਾਣੀ ਪੜ੍ਹਦੇ ਹਾਂ, ਤਾਂ ਮਨ ਦੇ ਵਿਕਾਰਾਂ ਦੀ ਵਿਆਪਕ ਚਰਚਾ ਕੀਤੀ ਗਈ ਹੈ, ਪਰ ਆਤਮਾ ਦਾ ਸਰੂਪ ਚਿਤ੍ਰਿਤ ਕਰਦਿਆਂ, ਇਸ ਨੂੰ ਮਨ ਦੇ ਵਿਕਾਰਾਂ ਤੋਂ ਨਿਰਲੇਪ ਰਖਿਆ ਹੈ-

ਅਚਰਜ ਕਥਾ ਮਹਾ ਅਨੂਪ॥
ਪ੍ਰਾਤਮਾ ਪਾਰਬ੍ਰਹਮ ਕਾ ਰੂਪੁ॥ਰਹਾਉ॥
ਨਾ ਇਹੁ ਬੂਢਾ ਨਾ ਇਹੁ ਬਾਲਾ॥
ਨਾ ਇਸੁ ਦੂਖੁ ਨਹੀ ਜਮ ਜਾਲਾ॥
ਨਾ ਇਹੁ ਬਿਨਸੈ ਨਾ ਇਹੁ ਜਾਇ॥
ਆਦਿ ਜੁਗਾਦੀ ਰਹਿਆ ਸਮਾਇ॥
ਨਾ ਇਸੁ ਉਸਨੁ ਨਹੀ ਇਸੁ ਸੀਤੁ॥
ਨਾ ਇਸੁ ਦੁਸਮਨੁ ਨਾ ਇਸੁ ਮੀਤੁ॥

ਨਾ ਇਸੁ ਹਰਖੁ ਨਹੀ ਇਸੁ ਸੋਗੁ॥
ਸਭੁ ਕਿਛੁ ਇਸ ਕਾ ਇਹੁ ਕਰਨੈ ਜੋਗੁ॥
ਨਾ ਇਸੁ ਬਾਪੁ ਨਹੀ ਇਸੁ ਮਾਇਆ॥
ਇਹੁ ਅਪਰੰਪਰੁ ਹੋਤਾ ਆਇਆ॥
ਪਾਪ ਪੁੰਨ ਕਾ ਇਸੁ ਲੇਪੁ ਨ ਲਾਗੈ॥
ਘਟ ਘਟ ਅੰਤਰਿ ਸਦ ਹੀ ਜਾਗੈ॥
ਤੀਨਿ ਗੁਣਾ ਇਕ ਸਕਤਿ ਉਪਾਇਆ॥
ਮਹਾ ਮਾਇਆ ਤਾ ਕੀ ਹੈ ਛਾਇਆ॥
ਅਛਲ ਅਛੇਦ ਅਭੇਦ ਦਇਆਲ ॥
ਦੀਨ ਦਇਆਲ ਸਦਾ ਕਿਰਪਾਲ॥
ਤਾ ਕੀ ਗਤਿ ਮਿਤਿ ਕਛੂ ਨ ਪਾਇ॥
ਨਾਨਕ ਤਾ ਕੈ ਬਲਿ ਬਲਿ ਜਾਇ॥[18]

ਇਸ ਸ਼ਬਦ ਵਿਚ ਸ਼੍ਰੀ ਗੁਰੂ ਜੀ ਕਹਿੰਦੇ ਹਨ, ਕਿ ਆਤਮਾ ਵਿਸ਼ਯਕ ਕਥਾ ਬਹੁਤ ਅਸਚਰਜ ਅਤੇ ਅਤੁਲਯ ਹੈ। ਮਾਇਆ ਨਿਰਲੇਪ ਸ਼ੁੱਧ ਆਤਮਾ ਪਾਰਬ੍ਰਹਮ ਦੇ ਸ਼ੁੱਧ ਸਰੂਪ ਵਾਲਾ ਹੈ। ਪਰਮੇਸ਼ਰ ਵਾਂਗ ਇਹ ਨਾ ਬੁੱਢਾ ਨਾ ਜਵਾਨ, ਨਾ ਦੁੱਖ ਵਿਚ ਨਾ ਮ੍ਰਿਤੂ ਵਿਚ, ਨਾ ਨਸ਼ਟ ਹੋਵੇ ਨਾ ਕਿਤੇ ਜਾਵੇ, ਸਦੀਵ ਕਾਲ ਤੋਂ ਹੈ। ਨਾ ਇਹ ਦੁੱਖ ਵਿਚ ਨਾ ਸੁੱਖ ਵਿਚ, ਸਭ ਕੁਝ ਕਰਨ ਲਈ ਸੁਤੰਤਰ, ਨਾ ਇਸ ਨੂੰ ਗਰਮੀ ਨਾ ਸਰਦੀ, ਨਾ ਕੋਈ ਵੈਰੀ ਨਾ ਮਿਤ੍ਰ, ਨਾ ਇਸ ਦਾ ਪਿਤਾ ਨਾ ਮਾਤਾ, ਨਾ ਪੁੰਨ ਲਗੇ ਨਾ ਪਾਪ। '*ਤੀਨਿ ਗੁਣਾ ਇਕ ਸਕਤਿ ਉਪਾਇਆ*' ਕਹਿ ਕੇ ਦਸਿਆ ਹੈ, ਕਿ ਮਾਇਆ ਦੀ ਸਿਰਜਣਾ ਤੋਂ ਆਤਮਾ ਪਹਿਲਾਂ ਹੈ; ਭਾਵ ਆਤਮਾ ਮਾਇਆ-ਨਿਰਪੇਖ ਹੈ। ਇਸ ਦੇ ਮੁਕਾਬਲੇ 'ਤੇ ਮਨ ਨੂੰ ਹਾਥੀ, ਭੈਂਸਾ, ਖੋਤਾ, ਕੁਤਾ, ਬੈਲ, ਉਲਟਾ ਕਮਲ, ਮੈਗਲ, ਰਾਜਾ, ਵੈਰਾਗੀ, ਜੋਗੀ, ਅਸਵਾਰ (ਜੋ ਸਵਾਰੀ ਕਰਨੀ ਨਹੀਂ ਜਾਣਦਾ), ਪਉਣ, ਕਰਹਲਾ, ਡੱਡੂ ਆਦਿ ਵਿਸ਼ੇਸ਼ਣਾਂ ਨਾਲ ਸੰਬੋਧਿਤ ਕੀਤਾ ਹੈ। ਗੁਰਬਾਣੀ ਦੇ ਦ੍ਰਿਸ਼ਟੀਕੋਣ ਵਿਚ ਇਸ ਨੂੰ ਪ੍ਰਦੇਸੀ, ਅਸਾਧ, ਅਸਮਝ, ਅਸਥਿਰ, ਮੂੜ੍ਹ, ਖੁਟਹਰ, ਕੁਸੁਧਾ, ਕਾਲਾ, ਅੰਧਾ, ਅੰਧ-ਕੂਪ, ਕਠੋਰ, ਕ੍ਰੋਧੀ, ਹਠੀ, ਲੋਭੀ, ਮੈਲਾ, ਜੂਠਾ, ਕਾਮਨਾਯੁਕਤ, ਭਿਖਾਰੀ ਦੱਸਿਆ ਹੈ। ਨਿਸ਼ਚਿਤ ਹੀ ਮਨ ਅਤੇ ਆਤਮਾ ਦੇ ਸਰੂਪ ਅਤੇ ਗੁਣਾਂ ਵਿਚ ਬਿਲਕੁਲ ਸਮਾਨਤਾ ਨਹੀਂ।

'ਸਿਧ ਗੋਸਟਿ' ਵਿਚ ਮਨ ਸੰਬੰਧੀ ਕਈ ਪ੍ਰਸ਼ਨ ਅਤੇ ਉਨ੍ਹਾਂ ਦੇ ਉੱਤਰ ਹਨ। ਮਨ ਦੀ ਭਟਕਣਾ ਸੰਬੰਧੀ ਗੁਰੂ ਜੀ ਸਿਧਾਂ ਨੂੰ ਕਹਿੰਦੇ ਹਨ, ਕਿ ਵਿਸ਼ਿਆਂ ਪਿੱਛੇ ਦੌੜਦਾ, ਇਹ ਮਨ, ਸਚੇ ਘਰ ਵਿਚ ਟਿਕ ਜਾਂਦਾ ਹੈ, ਜੇ ਨਾਮ ਸਿਮਰਨ ਨੂੰ ਇਸ ਦਾ ਆਧਾਰ ਬਣਾ ਲਈਏ (*ਇਹੁ ਮਨੁ ਚਲਤਉ ਸਚ ਘਰਿ ਬੈਸੈ ਨਾਨਕ ਨਾਮੁ ਅਧਾਰੋ*)। ਨਾਥਾਂ ਨੇ ਪੁੱਛਿਆ ਕਿ ਇਹ ਮਦਮਸਤ ਮਨ ਕਿੱਥੇ ਰਹਿੰਦਾ ਹੈ (*ਇਹੁ ਮਨੁ ਮੈਗਲੁ ਕਹਾ ਬਸੀਅਲੇ*)? ਨਾਲ ਹੀ ਇਹ ਵੀ ਪੁੱਛ ਲਿਆ, ਕਿ ਪ੍ਰਾਣ ਕਿੱਥੇ ਵੱਸਦਾ ਹੈ (*ਕਹਾ ਬਸੈ ਇਹੁ ਪਵਨਾ*)? ਗੁਰੂ ਜੀ ਨੇ ਉੱਤਰ ਦਿਤਾ, ਕਿ ਇਸ ਚਰਚਾ ਤੋਂ ਕੀ ਲਾਭ ਕਿ ਮਨ ਸਰੀਰ ਦੇ ਕਿਸ ਭਾਗ ਵਿਚ ਰਹਿੰਦਾ ਹੈ। ਗਿਆਨਵਾਨ ਵਾਸਤੇ ਇਤਨਾ ਜਾਣਨਾ ਹੀ ਬਹੁਤ ਹੈ, ਕਿ

[18] ਗੋਂਡ, ਮਹਲਾ 5, 21, ਸਫ਼ਾ 868

ਜਦੋਂ ਮਨੁੱਖ ਜਗਤ ਦੇ ਮੂਲ ਪਰਮੇਸ਼ਰ ਨੂੰ ਪਛਾਣ ਲੈਂਦਾ ਹੈ, ਤਾਂ ਇਹ ਮਦਮਸਤ ਨਹੀਂ ਰਹਿੰਦਾ। ਬਹੁਤ ਸਥਿਰਤਾ ਨਾਲ ਹਿਰਦੈ ਵਿਚ ਸੰਕੋਚਿਆ ਜਾਂਦਾ ਹੈ। ਮਨ ਦੀਆਂ ਦੌੜਾਂ ਮੁੱਕ ਜਾਂਦੀਆਂ ਹਨ। ਹਿਰਦੈ ਦੇ ਪਵਿੱਤਰ ਭਾਵ ਗਤੀਮਾਨ ਹੋ ਜਾਂਦੇ ਹਨ (*ਇਹੁ ਮਨੁ ਨਿਹਚਲੁ ਹਿਰਦੈ ਵਸੀਅਲੇ ਗੁਰਮੁਖਿ ਮੂਲੁ ਪਛਾਣਿ ਰਹੈ*)। ਜਿੱਥੋਂ ਤੀਕ ਪ੍ਰਾਣ ਦਾ ਮਸਲਾ ਹੈ, ਗੁਰੂ ਦੇ ਉਪਦੇਸ਼ ਤੋਂ ਇਹ ਤੱਤ-ਗਿਆਨ ਪ੍ਰਾਪਤ ਹੁੰਦਾ ਹੈ, ਕਿ ਪ੍ਰਾਣ ਨਾਭੀ ਰੂਪ ਘਰ ਵਿਚ ਆਸਣ ਜਮਾ ਕੇ ਬੈਠਾ ਹੈ (*ਨਾਭਿ ਪਵਨੁ ਘਰਿ ਆਸਣਿ ਬੈਸੈ ਗੁਰਮੁਖਿ ਖੋਜਤ ਤਤੁ ਲਹੈ*)। ਨਾਥ ਕਹਿਣ ਲੱਗੇ, ਕਿ ਮਨ ਇਕ ਜਨਮ ਤੋਂ ਦੂਜੇ ਜਨਮ ਦੀ ਯਾਤਰਾ ਵਿਚ ਆਤਮਾ ਨਾਲ ਚੰਬੜਿਆ ਰਹਿੰਦਾ ਹੈ। ਇਸ ਲਈ ਮ੍ਰਿਤੂ ਪਿੱਛੋਂ ਜਦੋਂ ਸਰੀਰ ਨਹੀਂ ਹੁੰਦਾ, ਹਿਰਦੈ ਵੀ ਨਹੀਂ ਹੁੰਦਾ, ਉਸ ਵੇਲੇ ਕਿਸ ਸਥਾਨ 'ਤੇ ਰਹਿੰਦਾ ਹੈ (*ਜਾ ਇਹੁ ਹਿਰਦਾ ਦੇਹ ਨ ਹੋਤੀ ਤਉ ਮਨੁ ਕੈ ਠੈ ਰਹਤਾ*) ? ਗੁਰੂ ਜੀ ਨੇ ਉੱਤਰ ਦਿਤਾ, ਕਿ ਜਦੋਂ ਸਥੂਲ ਸਰੀਰ, ਹਿਰਦੈ ਆਦਿ ਨਹੀਂ ਰਹਿੰਦੇ, ਤਾਂ ਮਨ ਅਕ੍ਰਿਅ ਪ੍ਰਕ੍ਰਿਤੀ ਵਿਚ ਵੀਤਰਾਗ ਹੋ ਕੇ ਰਹਿੰਦਾ ਹੈ (*ਹਿਰਦਾ ਦੇਹ ਨ ਹੋਤੀ ਅਉਧੂ ਤਉ ਮਨੁ ਸੁੰਨਿ ਰਹੈ ਬੈਰਾਗੀ*)। ਜਦੋਂ ਪ੍ਰਕ੍ਰਿਤੀ ਨਹੀਂ ਸੀ, ਤਾਂ ਇਸ ਦਾ ਅਸਤਿਤ੍ਵ ਵੀ ਨਹੀਂ ਸੀ। ਮਨ ਦਾ ਅਸਤਿਤ੍ਵ ਜਗਤ ਨਾਲ ਹੀ ਹੈ। ਨਾਥਾਂ ਨੇ ਇਹ ਵੀ ਪ੍ਰਸ਼ਨ ਕੀਤਾ, ਕਿ ਜਦੋਂ ਪ੍ਰਾਣ ਨੂੰ ਨਾਭੀ-ਕਮਲ ਦਾ ਸਹਾਰਾ ਨਹੀਂ ਹੁੰਦਾ, ਤਾਂ ਉਹ ਕਿਸ ਘਰ ਵਿਚ ਸਹਾਰਾ ਲੈਂਦਾ ਹੈ (*ਨਾਭਿ ਕਮਲ ਅਸਥੰਭੁ ਨ ਹੋਤੋ ਤਾ ਪਵਨੁ ਕਵਨ ਘਰਿ ਸਹਤਾ*)? ਜਦੋਂ ਪ੍ਰਾਣ ਨੂੰ ਸਹਾਰਾ ਦੇਣ ਵਾਸਤੇ ਨਾਭੀ-ਕਮਲ ਆਦਿ ਨਹੀਂ ਹੁੰਦੇ, ਤਾਂ ਪ੍ਰਾਣ ਆਪਣੇ ਅਸਲ ਰੂਪ ਪਵਨ ਵਿਚ ਹੀ ਲੀਨ ਹੋ ਜਾਂਦਾ ਹੈ। ਜਦੋਂ ਪਵਨ ਨਹੀਂ ਸੀ, ਤਦੋਂ ਇਹ ਬ੍ਰਹਮ ਵਿਚ ਲੀਨ ਸੀ (*ਨਾਭਿ ਕਮਲੁ ਅਸਥੰਭੁ ਨ ਹੋਤੋ ਤਾ ਨਿਜ ਘਰਿ ਬਸਤਉ ਪਵਨੁ ਅਨਰਾਗੀ*)। ਫਿਰ ਪ੍ਰਸ਼ਨ ਕੀਤਾ, ਕਿ ਜਦੋਂ ਸਥੂਲ ਰੂਪ, ਚਿੰਨ੍ਹ ਆਦਿ ਕੋਈ ਨਹੀਂ ਸਨ, ਉਸ ਵੇਲੇ ਸ਼ਬਦ ਨੇ ਕਿੱਥੇ ਲਿਵ ਲਾਈ ਸੀ ਅਰਥਾਤ ਕਿਸ ਵਿਚ ਲੀਨ ਸੀ (*ਰੂਪੁ ਨ ਹੋਤੋ ਰੇਖ ਨ ਕਾਈ ਤਾ ਸਬਦਿ ਕਹਾ ਲਿਵ ਲਾਈ*)? ਗੁਰੂ ਜੀ ਨੇ ਉੱਤਰ ਦਿਤਾ, ਕਿ ਜਦੋਂ ਕੋਈ ਰੂਪ, ਰੇਖ, ਜਾਤਿ ਆਦਿ ਨਹੀਂ ਸਨ, ਉਸ ਵੇਲੇ ਸ਼ਬਦ ਅਕੁਲ ਪ੍ਰਭੂ ਅੰਦਰ ਤੱਤ ਰੂਪ ਵਿਚ ਲੀਨ ਸੀ; ਅਰਥਾਤ ਤਦੋਂ ਉਹ ਕੇਵਲ ਪ੍ਰਕਾਸ਼ ਰੂਪ ਵਿਚ ਸੀ (*ਰੂਪੁ ਨ ਰੇਖਿਆ ਜਾਤਿ ਨ ਹੋਤੀ ਤਉ ਅਕੁਲੀਣਿ ਰਹਤਉ ਸਬਦੁ ਸੁ ਸਾਰੁ*)।

**ਧਾਰਮਿਕ ਚਿੰਨ੍ਹ:** ਸਿਧਾਂ, ਯੋਗੀਆਂ, ਨਾਥਾਂ ਆਦਿ ਦੀਆਂ ਅਨੇਕਾਂ ਸੰਪ੍ਰਦਾਵਾਂ ਸਨ ਅਤੇ ਹਰ ਸੰਪ੍ਰਦਾਇ ਦਾ ਆਪਣਾ-ਆਪਣਾ ਭੇਖ ਸੀ। ਗੁਰੂ ਜੀ ਦੀ ਵਿਚਾਰਧਾਰਾ ਵਿਚ ਭੇਖ ਦਾ ਕੋਈ ਧਾਰਮਿਕ ਮਹੱਤਵ ਨਹੀਂ ਸੀ। ਧਰਮ ਦਾ ਸੰਬੰਧ ਆਂਤ੍ਰਿਕ ਪ੍ਰਵਿਰਤੀਆਂ ਨਿਯੰਤ੍ਰਿਤ ਕਰਨ ਨਾਲ ਸੀ, ਜਿਸ ਦਾ ਸੰਬੰਧ ਬਾਹਰੀ ਵੇਸ਼-ਭੂਸਾ ਅਤੇ ਧਾਰਮਿਕ ਆਚਾਰ ਨਾਲ ਬਿਲਕੁਲ ਨਹੀਂ। ਸੁਮੇਰ 'ਤੇ ਬੈਠੇ ਸਿਧਾਂ ਨੇ ਗੁਰੂ ਜੀ ਦੀ ਪ੍ਰਤਿਭਾ ਅਤੇ ਸੁਮੇਰ-ਵਿਜਯੀ ਵਿਅਕਤਿਤ੍ਵ ਵੇਖ ਕੇ ਮਹਿਸੂਸ ਕੀਤਾ, ਕਿ ਜੇ ਇਹ ਸਾਡੇ ਪੰਥ ਵਿਚ ਆ ਜਾਵੇ, ਤਾਂ ਸਾਡੇ ਮਤਿ ਦਾ ਨਾਮ ਜਗਤ ਵਿਚ ਰੌਸ਼ਨ ਕਰ ਸਕਦਾ ਹੈ (*ਐਸਾ ਜੋਗੀ ਕਲੀ ਮਾਹਿ ਹਮਰੇ ਪੰਥ ਕਰੇ ਉਜਿਆਲਾ*)। ਇਸ ਲਈ ਬਹੁਤ ਪਿਆਰ ਭਰੀ ਪ੍ਰੇਰਨਾ ਕਰਦਿਆਂ ਕਿਹਾ, ਹੇ ਪਰਮ ਜੋਗੀ! ਸਾਡੇ ਮਹਾਨ ਮਤਿ ਦਾ ਭੇਖ ਧਾਰਣ ਕਰ ਲਓ। ਮੁੰਦ੍ਰਾਂ, ਖਿੰਥਾ (ਗੋਦੜੀ), ਝੋਲੀ ਆਦਿ ਇਸ ਗੌਰਵਸ਼ਾਲੀ ਭੇਖ ਦੇ ਵਿਸ਼ੇਸ਼ ਚਿੰਨ੍ਹ ਹਨ (*ਦਰਸਨੁ ਭੇਖ ਕਰਹੁ ਜੋਗਿੰਦ੍ਰਾ ਮੁੰਦ੍ਰਾ ਝੋਲੀ ਖਿੰਥਾ*)। ਉਨ੍ਹਾਂ ਹੋਰ ਕਿਹਾ, ਕਿ ਤੁਸੀਂ ਸਾਡਾ ਪੰਥ ਕਬੂਲ ਕਰ ਲਓ, ਇਹ ਕੇਵਲ ਜੋਗ ਦੀਆਂ ਬਾਰਾਂ ਸੰਪ੍ਰਦਾਵਾਂ ਵਿਚੋਂ ਹੀ ਵਿਸ਼ੇਸ਼ ਨਹੀਂ, ਬਲਕਿ ਤੁਸੀਂ ਜਾਣਦੇ ਹੋ ਕਿ ਵੈਦਿਕ ਦਰਸ਼ਨ ਦੀਆਂ ਛੇ ਸ਼ਾਖਾਵਾਂ ਵਿਚ ਵੀ ਯੋਗ ਨੂੰ ਇਕ ਦਰਸ਼ਨ ਦੇ ਤੌਰ 'ਤੇ

ਸਵੀਕਾਰ ਕੀਤਾ ਹੋਇਆ ਹੈ (*ਬਾਰਹ ਅੰਤਰਿ ਏਕੁ ਸਰੇਵਹੁ ਖਟੁ ਦਰਸਨ ਇਕ ਪੰਥਾ*)। ਗੁਰੂ ਜੀ ਨੇ ਉੱਤਰ ਦਿਤਾ, ਕਿ ਮੇਰੇ ਅੰਦਰ ਸ਼ਬਦ ਦਾ ਨਿਰੰਤਰ ਵਾਦਨ ਹੋਣਾ ਇਹੋ ਮੁੰਦ੍ਹਾਂ ਮੈਂ ਪਾਈਆਂ ਹਨ (*ਅੰਤਰਿ ਸਬਦੁ ਨਿਰੰਤਰਿ ਮੁਦ੍ਰਾ*)। ਅਭਿਮਾਨ-ਸੂਚਕ ਧਾਰਮਿਕ ਚਿੰਨ੍ਹ ਧਾਰਣ ਕਰਨ ਨਾਲੋਂ ਮੈਂ ਅਹੰਕਾਰ ਅਤੇ ਮਮਤਾ ਤੋਂ ਦੂਰੀ ਬਣਾਉਣਾ ਚੰਗਾ ਜਾਣਿਆ ਹੈ (*ਹਉਮੈ ਮਮਤਾ ਦੂਰਿ ਕਰੀ*)। ਗੁਰੂ ਜੀ ਨੇ ਹੋਰ ਕਿਹਾ ਮੈਨੂੰ ਗੁਰੁ-ਪਰਮੇਸ਼ਰ ਦੇ ਸ਼ਬਦ ਤੋਂ ਇਹੋ ਸਮਝ ਆਈ ਹੈ, ਕਿ ਧਾਰਮਿਕ ਬਣਨ ਵਾਸਤੇ ਕਿਸੇ ਭੇਖ ਦੀ ਜ਼ਰੂਰਤ ਨਹੀਂ, ਬਲਕਿ ਧਰਮ ਦਾ ਅਸਲ ਮਕਸਦ ਮਨੁੱਖ ਦੀਆਂ ਕਾਮ, ਕ੍ਰੋਧ, ਅਹੰਕਾਰ ਆਦਿ ਪੰਜ ਬੁਰਾਈਆਂ ਨੂੰ ਨਸ਼ਟ ਕਰਨਾ ਹੈ (*ਕਾਮੁ ਕ੍ਰੋਧੁ ਅਹੰਕਾਰੁ ਨਿਵਾਰੈ ਗੁਰ ਕੈ ਸਬਦਿ ਸੁ ਸਮਝ ਪਰੀ*)। ਗੋਦੜੀ, ਝੋਲੀ ਆਦਿ ਧਾਰਣ ਕਰਨ ਨਾਲੋਂ ਪਰਮੇਸ਼ਰ ਨੂੰ ਸਾਰਿਆਂ ਵਿਚ ਵਿਦਮਾਨ ਵੇਖਣਾ ਜ਼ਰੂਰੀ ਹੈ। ਜਗਤ ਪਰਮੇਸ਼ਰ ਨੇ ਤਾਰਣਾ ਹੈ, ਨਾ ਕਿ ਸੰਪ੍ਰਦਾਈ ਚਿੰਨ੍ਹਾਂ ਨੇ (*ਖਿੰਥਾ ਝੋਲੀ ਭਰਿਪੁਰਿ ਰਹਿਆ ਨਾਨਕ ਤਾਰੈ ਏਕੁ ਹਰੀ*)। ਜੋਗ ਸੰਬੰਧਿਤ ਧਾਰਮਿਕ ਚਿੰਨ੍ਹਾਂ ਨੂੰ ਨਵੇਂ ਸਿਰਿਓਂ ਪਾਰਿਭਾਸ਼ਿਤ ਕਰਦਿਆਂ, ਗੁਰੂ ਜੀ ਨੇ ਕਿਹਾ ਕਿ ਜਾਗਤਿਕ ਖ਼੍ਵਾਹਿਸ਼ਾਂ ਤੋਂ ਪਲਟਿਆ ਮਨ ਅਸਲ ਖੱਪਰ ਹੈ ਅਤੇ ਹਵਾ, ਪਾਣੀ,  ਅਗਨਿ, ਮਿੱਟੀ ਅਤੇ ਆਕਾਸ਼ ਦੇ (ਕ੍ਰਮਾਨੁਸਾਰ) ਸਮਦਰਸਤਾ, ਸੀਤਲਤਾ, ਮੈਲ ਸਾੜਨਾ, ਧੀਰਜ ਅਤੇ ਨਿਰਲੇਪਤਾ ਆਦਿ ਗੁਣ ਧਾਰਣ ਕਰਨਾ ਟੋਪੀ ਪਹਿਨਣਾ ਹੈ। ਵਿਕਾਰ-ਮੁਕਤ ਸਰੀਰ ਹੀ ਕਟ ਦਾ ਆਸਣ ਸਮਝੋ ਅਤੇ ਮਨ ਨੂੰ ਕਾਬੂ ਕਰਨਾ ਲੰਗੋਟੀ ਜਾਣੋ। ਸਤ, ਸੰਤੋਖ ਅਤੇ ਸੰਜਮ ਨੂੰ ਹਮੇਸ਼ਾ ਨਾਲ ਰਖਣਾ ਅਤੇ ਗੁਰੂ ਦੀ ਸਿੱਖਿਆ ਅਨੁਸਾਰ ਪਰਮੇਸ਼ਰ ਦਾ ਨਾਮ ਚੇਤੇ ਕਰਣਾ, ਇਹੋ ਅਸਲ ਜੋਗ-ਭੇਖ ਹੈ[19]।

ਯੋਗ ਦੇ ਪ੍ਰਾਣਾਯਾਮ ਅਤੇ ਨਾੜੀ-ਨਿਯੰਤ੍ਰਣ ਸੰਬੰਧੀ ਵੀ ਗੁਰੂ ਜੀ ਨੇ ਸਪਸ਼ਟ ਦੱਸਿਆ, ਕਿ ਸੁਖਮਨਾ ਆਦਿ ਨਾੜੀਆਂ ਰਾਹੀਂ ਪ੍ਰਾਣ ਨੂੰ ਦਸਮ-ਦੁਆਰ ਵਿਚ ਲਿਜਾਣ ਨਾਲ ਸੱਚ ਦੀ ਸਮਝ ਨਹੀਂ ਆਉਂਦੀ। ਇਹ ਸਮਝ ਤਾਂ ਪਰਮੇਸ਼ਰ ਆਪ ਦੇਵੇ ਤਾਂ ਮਿਲਦੀ ਹੈ। ਇਨ੍ਹਾਂ ਤਿੰਨਾਂ ਨਾੜੀਆਂ ਦੇ ਪ੍ਰਾਣਾਯਾਮ ਤੋਂ ਉਪਰ ਸੱਚੇ ਸਤਿਗੁਰੂ ਦਾ ਸ਼ਬਦ ਸਥਿਤ ਹੈ।[20] ਗੁਰੂ ਜੀ ਨੇ ਵੱਖਰੇਵੇਂ ਪੈਦਾ ਕਰਨ ਵਾਲੇ ਸੰਪ੍ਰਦਾਇਕ ਝੁਕਾਵਾਂ ਦਾ ਵੀ ਨਿਖੇਧ ਕੀਤਾ ਅਤੇ ਕਿਹਾ ਕਿ ਬਾਰਾਂ ਭੇਖਾਂ ਵਿਚੋਂ ਆਪਣਾ ਮਤਿ ਚੰਗਾ ਦਸਣ ਵਿਚ ਜੋਗੀ ਭਟਕ ਗਏ ਹਨ ਅਤੇ ਸੰਨਿਆਸ ਦੀਆਂ ਦਸ ਸੰਪ੍ਰਦਾਵਾਂ ਵਿਚ ਸੰਨਿਆਸੀ ਭਟਕੇ ਹੋਏ ਹਨ। ਸੰਪ੍ਰਦਾਇਕ ਅਭਿਮਾਨ ਧਾਰਮਿਕ ਪਤਨ ਵਲ ਲਿਜਾਂਦਾ ਹੈ। ਜੋ ਵਿਅਕਤੀ ਗੁਰੂ ਦੇ ਸ਼ਬਦ ਦੁਆਰਾ ਅਭਿਮਾਨ ਮਾਰ ਲਵੇ, ਮੁਕਤੀ ਤਾਂ ਉਸੇ ਨੂੰ ਮਿਲ ਸਕਦੀ ਹੈ, ਪਰ ਇੱਥੇ ਸਥਿਤੀ ਇਹ ਬਣ ਗਈ ਹੈ, ਕਿ ਗੁਰੂ ਦੇ ਉਪਦੇਸ਼ ਵਲ ਕੋਈ ਧਿਆਨ ਨਹੀਂ, ਸਭ ਹੋਰ-ਹੋਰ ਪਾਸਿਆਂ ਵੱਲ ਭਟਕੇ ਪਏ ਹਨ। ਕਿਸੇ ਸੰਪ੍ਰਦਾਇ ਵਿਚ ਆਉਣ ਨਾਲ ਵਿਅਕਤੀ ਵੱਡਾ ਨਹੀਂ ਹੋ ਜਾਂਦਾ, ਵੱਡਾ ਤਾਂ ਹੁੰਦਾ ਹੈ, ਜੋ ਕਈ ਸੱਚ ਨੂੰ ਹਿਰਦੈ ਵਿਚ ਵਸਾ ਲਵੇ-

ਬਾਰਹ ਮਹ ਜੋਗੀ ਭਰਮਾਏ ਸੰਨਿਆਸੀ ਛਿਅ ਚਾਰਿ॥
ਗੁਰ ਕੈ ਸਬਦਿ ਜੋ ਮਰਿ ਜੀਵੈ ਸੋ ਪਾਏ ਮੋਖ ਦੁਆਰੁ॥
ਬਿਨੁ ਸਬਦੈ ਸਭਿ ਦੂਜੈ ਲਾਗੇ ਦੇਖਹੁ ਰਿਦੈ ਬੀਚਾਰਿ॥

---

[19] ਊਂਧਉ ਖਪਰੁ ਪੰਚ ਭੂ ਟੋਪੀ॥ ਕਾਂਇਆ ਕੜਾਸਣੁ ਮਨੁ ਜਾਗੋਟੀ॥ ਸਤੁ ਸੰਤੋਖੁ ਸੰਜਮੁ ਹੈ ਨਾਲਿ॥ ਨਾਨਕ ਗੁਰਮੁਖਿ ਨਾਮੁ ਸਮਾਲਿ॥
ਅੰਗ, 939

[20] ਸੁਖਮਨਾ ਇੜਾ ਪਿੰਗੁਲਾ ਬੂਝੈ ਜਾ ਆਪੇ ਅਲਖੁ ਲਖਾਏ॥ ਨਾਨਕ ਤਿਹੁ ਤੇ ਊਪਰਿ ਸਾਚਾ ਸਤਿਗੁਰ ਸਬਦਿ ਸਮਾਏ ॥
ਅੰਗ, 944

ਨਾਨਕ ਵਡੇ ਸੇ ਵਡਭਾਗੀ ਜਿਨੀ ਸਚੁ ਰਖਿਆ ਉਰ ਧਾਰਿ॥

**ਏਕਾਂਤ:** ਏਕਲ-ਸਾਧਨਾ ਅਤੇ ਏਕਾਂਤਿਕ ਵਿਚਰਣ ਤਿਆਗਵਾਦੀ ਸਾਧਨਾ ਦੇ ਮੁੱਖ ਲਛਣ ਹਨ। ਇਸ ਲਈ ਜ਼ਰੂਰੀ ਸੀ, ਕਿ 'ਸਿਧ ਗੋਸਟਿ' ਵਿਚ ਇਸ ਪ੍ਰਥਾਇ ਗੁਰੂ ਜੀ ਦੀਆਂ ਟਿੱਪਣੀਆਂ ਹੁੰਦੀਆਂ। ਗੁਰੂ ਜੀ ਕਹਿੰਦੇ ਹਨ, ਕਿ ਜਦੋਂ ਮਨ ਦੁਵਿਧਾ-ਗ੍ਰਸਤ ਹੈ, ਤਾਂ ਮਨੁੱਖ ਏਕਾਂਤਵਾਸੀ ਕਿਵੇਂ ਹੋ ਸਕਦਾ ਹੈ? ਏਕਾਂਤ ਵਿਚ ਉਹ ਰਹਿੰਦੇ ਹਨ, ਜਿਨ੍ਹਾਂ ਦੇ ਮਨ ਵਿਚ ਕੇਵਲ ਇਕ ਪਰਮੇਸ਼ਰ ਵਸਿਆ ਹੈ। ਜੋ ਸੰਸਾਰ ਦੀਆਂ ਖ਼੍ਵਾਹਿਸ਼ਾਂ ਤੋਂ ਮੁਕਤ ਹਨ। ਜੋ ਸੰਸਾਰ ਵਿਚ ਰਹਿੰਦਿਆਂ ਮਾਇਕ ਧੰਦਿਆਂ ਵਿਚ ਮਨ ਨਹੀਂ ਲਾਉਂਦੇ। ਜੋ ਅਗਮ ਅਤੇ ਅਗੋਚਰ ਦੇ ਆਪ ਦਰਸ਼ਨ ਕਰੇ, ਦੂਜਿਆਂ ਨੂੰ ਕਰਵਾਏ, ਅਸਲ ਏਕਾਂਤਵਾਸੀ ਉਹ ਹੈ-

ਰਹਹਿ ਇਕਾਂਤਿ ਏਕੋ ਮਨਿ ਵਸਿਆ ਆਸਾ ਮਾਹਿ ਨਿਰਾਸੋ॥
ਅਗਮੁ ਅਗੋਚਰੁ ਦੇਖਿ ਦਿਖਾਏ ਨਾਨਕੁ ਤਾ ਕਾ ਦਾਸੋ॥

ਗੋਰਖ ਦਾ ਸਮਕਾਲੀਨ ਮਹਾਨ ਸਿਧ ਵਿਦਵਾਨ 'ਲੁਇਪਾ', ਜਿਸ ਨੂੰ 'ਸਿਧ ਗੋਸਟਿ' ਵਿਚ 'ਲੋਹਾਰੀਪਾ' ਲਿਖਿਆ ਹੈ, ਉਹ 'ਗੋਰਖ ਪੂਤ' ਕਰ ਕੇ ਵਰਨਿਤ ਹੋਇਆ ਹੈ। ਇਹ ਸਮਝ ਲੈਣਾ ਜ਼ਰੂਰੀ ਹੈ, ਕਿ ਉਹ ਗੋਰਖ ਦਾ ਪੁੱਤਰ ਨਹੀਂ। ਉਹ ਨਾਥ ਪੰਥੀ ਵੀ ਨਹੀਂ, ਬੋਧੀ ਸਿਧ ਹੈ। ਪੁੱਤਰ ਕਿਉਂ ਕਿਹਾ? ਕਿਸੇ ਭੁਲੇਖੇ ਕਾਰਨ ਨਹੀਂ। ਗੁਰੂ ਜੀ ਨਾਲ ਉਸ ਦੀ ਮੁਲਾਕਾਤ ਵੀ ਸੰਭਵ ਨਹੀਂ ਹੋ ਸਕਦੀ, ਕਿਉਂਕਿ ਉਹ ਗੁਰੂ ਜੀ ਤੋਂ ਕਾਫ਼ੀ ਪਹਿਲਾਂ ਹੋਇਆ ਹੈ। ਵਾਸਤਵ ਵਿਚ ਸੁਮੇਰ ਦੀ ਸਿਧ-ਮੰਡਲੀ ਵਿਚ ਸ਼ਾਮਿਲ ਕੋਈ ਸਿਧ ਗੁਰੂ ਜੀ ਨੂੰ ਕਹਿ ਰਿਹਾ ਹੈ, ਕਿ 'ਲੁਇਪਾ' ਵਰਗਾ ਮਹਾਨ ਸਿਧ, ਜਿਸ ਦਾ ਨਾਮ ਆਪਣੇ ਕਾਲ ਵਿਚ ਗੁਰੂ ਗੋਰਖ ਨਾਥ ਤੋਂ ਬਾਅਦ ਲਿਆ ਜਾਂਦਾ ਸੀ, ਅਰਥਾਤ ਆਪਣੇ ਸਮੇਂ ਵਿਚ ਉਹ ਪ੍ਰਸਿਧੀ ਪੱਖੋਂ ਗੋਰਖ ਤੋਂ ਦੂਜੇ ਨੰਬਰ 'ਤੇ ਸੀ, ਉਸ ਨੇ ਜੋਗੀ ਜੀਵਨ ਦੀ ਵਿਧੀ ਇੰਵ ਦਸੀ ਹੈ- ਕਿ ਸਿਧ ਲੋਕ ਬਸਤੀਆਂ ਤੋਂ ਦੂਰ ਰਹਿੰਦੇ ਹਨ, ਜੰਗਲ ਵਿਚ ਰੁੱਖਾਂ-ਬਿਰਖਾਂ ਦਾ ਆਸਰਾ ਲੈ ਲੈਂਦੇ ਹਨ। ਇਹ ਅਵਧੂਤ ਦਾ ਕਥਿਆ ਗਿਆਨ ਹੈ, ਕਿ ਸਾਧਕ ਲੋਕ ਬਨਸਪਤਿ ਦੀਆਂ ਜੜ੍ਹਾਂ, ਮੂਲੀਆਂ ਆਦਿ ਦਾ ਆਹਾਰ ਕਰਦੇ ਹਨ। ਤੀਰਥਾਂ ਦਾ ਇਸਨਾਨ ਕਰ ਲੈਂਦੇ ਹਨ, ਜਿਸ ਤੋਂ ਸੁੱਖ ਮਿਲਦਾ ਹੈ ਅਤੇ ਮਨ ਦੀ ਮੈਲ ਦੂਰ ਹੁੰਦੀ ਹੈ-

ਹਾਟੀ ਬਾਟੀ ਰਹਹਿ ਨਿਰਾਲੇ ਰੂਖਿ ਬਿਰਖਿ ਉਦਿਆਨੇ॥
ਕੰਦ ਮੂਲੁ ਅਹਾਰੋ ਖਾਈਐ ਅਉਧੂ ਬੋਲੈ ਗਿਆਨੇ॥
ਤੀਰਥਿ ਨਾਈਐ ਸੁਖੁ ਫਲੁ ਪਾਈਐ ਮੈਲੁ ਨ ਲਾਗੈ ਕਾਈ॥
ਗੋਰਖ ਪੂਤੁ ਲੋਹਾਰੀਪਾ ਬੋਲੈ ਜੋਗ ਜੁਗਤਿ ਬਿਧਿ ਸਾਈ॥

ਗੁਰੂ ਜੀ ਨੇ ਉੱਤਰ ਦਿਤਾ, ਕਿ ਬਸਤੀਆਂ ਛੱਡਣ ਦੀ ਕੀ ਜ਼ਰੂਰਤ ਹੈ? ਸਾਧਨਾਰਤ ਵਿਅਕਤੀ ਸਿਰਫ਼ ਸੰਸਾਰ ਵਿਚ ਰਹਿੰਦਿਆਂ ਇਤਨੀ ਸੁਚੇਤਤਾ ਰੱਖੇ, ਕਿ ਪਰਾਈ ਵਸਤ ਉੱਤੇ ਚਿੱਤ ਨੂੰ ਡਿੱਗਣ ਨਾ ਦੇਵੇ। ਗੁਰੂ ਜੀ ਕਹਿੰਦੇ ਹਨ, ਕਿ ਕੰਦ-ਮੂਲੀ ਖਾਣ ਨਾਲ ਮਨ ਥੋੜ੍ਹਾ ਕਾਬੂ ਆ ਚੱਲਿਆ ਹੈ। ਨਾ ਇਸ ਤਿਆਗ ਨਾਲ ਸੰਸਾਰ ਦੀਆਂ ਲਾਲਸਾਵਾਂ ਦੀ ਭੁਖ ਮਿਟ ਜਾਣੀ ਹੈ। ਘਰਾਂ, ਸ਼ਹਿਰਾਂ ਅਤੇ ਬਾਜ਼ਾਰਾਂ ਵਿਚ ਵਿਚਰਣ ਦਾ ਪਵਿੱਤਰ ਸਲੀਕਾ ਗੁਰੂ ਨੇ ਦਰਸਾ ਦਿਤਾ ਹੈ। ਸਹਿਜ ਵਿਚ ਰਹੋ ਭਾਵ ਪਦਾਰਥਾਂ ਪਿਛੇ ਬੇਲੋੜਾ ਨਾ ਦੌੜੋ ਅਤੇ ਲੋਕਾਂ ਨਾਲ ਸੱਚ ਦਾ ਆਦਾਨ-ਪ੍ਰਦਾਨ ਕਰੋ। ਸੱਚ ਵੰਡੋ ਅਤੇ ਸੱਚ ਲਵੋ। ਸੰਸਾਰ ਵਿਚ ਸੰਜਮੀ ਹੋ ਕੇ ਵਿਚਰਣ ਦੇ ਬੁਨਿਆਦੀ ਅਸੂਲ ਇਹ ਰੱਖੋ, ਕਿ ਘੱਟ ਸੌਣਾ ਹੈ

ਆਲਸੀਆਂ ਵਾਂਗ ਬਹੁਤਾ ਨਹੀਂ ਸੌਣਾ, ਥੋੜ੍ਹਾ ਭੋਜਨ ਕਰਨਾ ਹੈ ਭਾਵ ਜ਼ਰੂਰਤ ਤੋਂ ਜ਼ਿਆਦਾ ਨਹੀਂ ਖਾਣਾ। ਜੀਵਨ ਲਈ ਇਹੋ ਸਾਰ ਗਿਆਨ ਹੈ:

ਹਾਟੀ ਬਾਟੀ ਨੀਦ ਨ ਆਵੈ ਪਰ ਘਰਿ ਚਿਤੁ ਨ ਡੋੁਲਾਈ ॥
ਬਿਨੁ ਨਾਵੈ ਮਨੁ ਟੇਕ ਨ ਟਿਕਈ ਨਾਨਕ ਭੂਖ ਨ ਜਾਈ ॥
ਹਾਟੁ ਪਟਣੁ ਘਰੁ ਗੁਰੂ ਦਿਖਾਇਆ ਸਹਜੇ ਸਚੁ ਵਾਪਾਰੋ ॥
ਖੰਡਿਤ ਨਿਦ੍ਰਾ ਅਲਪ ਅਹਾਰੰ ਨਾਨਕ ਤਤੁ ਬੀਚਾਰੋ ॥੪॥

ਗੁਰੂ ਜੀ ਕਹਿੰਦੇ ਹਨ, ਕਿ ਏਕਾਂਤਵਾਸੀ ਹੋਣ ਵਾਸਤੇ ਸੱਚ ਨੂੰ ਇਕ ਜਾਣੋ। ਅਹੰਕਾਰ ਅਤੇ ਦੂਜਾ-ਭਾਵ ਮਨ ਤੋਂ ਦੂਰ ਕਰ ਦਿਓ (*ਏਕੋ ਕਉ ਸਚੁ ਏਕਾ ਜਾਣੈ ਹਉਮੈ ਦੂਜਾ ਦੂਰਿ ਕੀਆ*)। ਜੇ ਜੰਗਲਾਂ ਦੀ ਏਕਾਂਤ ਵਿਚ ਵੀ ਮਨ ਅੰਦਰ ਅਹੰਕਾਰ ਹੈ ਅਤੇ ਦ੍ਵੈਤ ਭਾਵ ਤਿਆਗਿਆ ਨਹੀਂ, ਤਾਂ ਦੂਈ ਵਿਚ ਏਕਾਂਤ ਕਿਵੇਂ ਹੋ ਸਕਦੀ ਹੈ?

**ਗੁਰਮੁਖ:** ਗੁਰਬਾਣੀ ਵਿਚ ਗੁਰਮੁਖ ਅਤੇ ਗੁਰਮੁਖਿ ਵੀ ਦੋ ਪਦ ਹਨ। ਗੁਰਮੁਖ ਸ਼ਬਦ ਦੀ ਵਰਤੋਂ ਘੱਟ ਹੀ ਹੋਈ ਹੈ। ਕਦੇ-ਕਦੇ ਕੁੱਲ ਸੱਤ 'ਕੁ ਵਾਰ, ਜਿਵੇਂ '*ਵਾਹੁ ਵਾਹੁ ਗੁਰਮੁਖ ਸਦਾ ਕਰਹਿ ਮਨਮੁਖ ਮਰਹਿ ਬਿਖੁ ਖਾਇ*' ਆਦਿ ਪੰਕਤੀਆਂ ਵਿਚ ਇਹ ਪਦ ਮਿਲਦਾ ਹੈ। ਗੁਰਮੁਖਿ ਦੀ ਵਰਤੋਂ ਬਹੁਤਾਤ ਵਿਚ ਹੋਈ ਹੈ। ਗੁਰਮੁਖਹਿ, ਗੁਰਮੁਖਾ, ਗੁਰਮੁਖਾਂ, ਗੁਰਮੁਖੀਆ, ਗੁਰਮੁਖੇ ਹੋਰ ਪਦ ਵਰਤੇ ਗਏ ਹਨ। ਗੁਰਮੁਖਿ ਦਾ ਅਰਥ ਬਹੁਤੀ ਥਾਂਈਂ ਗੁਰੂ ਮੁੱਖ ਤੋਂ ਅਰਥਾਤ ਗੁਰੂ ਦੀ ਸਿਖਿਆ ਤੋਂ ਹੈ, ਜਦੋਂ ਕਿ ਗੁਰਮੁਖ ਗੁਰੂ ਉਪਦੇਸ਼ ਗ੍ਰਹਿਣ ਕਰਨ ਵਾਲਾ ਪ੍ਰਾਣੀ ਹੈ। ਉਂਵ 'ਗੁਰਮੁਖਿ' ਵਿਚ ਲੱਛਣ ਉਹੋ ਹਨ, ਜੋ ਗੁਰਮੁਖ ਨੇ ਸਾਕਾਰ ਕਰਨੇ ਹਨ, ਇਸ ਪੱਖੋਂ ਦੋਹਾਂ ਪਦਾਂ ਵਿਚ ਕੋਈ ਬਹੁਤ ਭੇਦ ਵੀ ਨਹੀਂ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ, ਕਿ ਗੁਰੂ ਉਪਦੇਸ਼ ਤੋਂ ਪਰਮਾਤਮਾ ਦਾ ਭਉ ਮਿਲਦਾ ਹੈ, ਮਨ ਬਾਣੀ ਨਾਲ ਘੜਿਆ ਜਾਂਦਾ ਹੈ, ਹਰੀ ਦੇ ਗੁਣ ਗਾਏ ਜਾਂਦੇ ਹਨ, ਪਵਿੱਤਰ ਪਰਮਪਦ ਮਿਲਦਾ ਹੈ, ਸਵਾਸ-ਸਵਾਸ ਨਾਮ ਜਪਣਾ ਮਿਲਦਾ ਹੈ। ਸੱਚ ਵਿਚ ਲੀਨਤਾ ਮਿਲਦੀ ਹੈ। ਗੁਰੂ ਦੀ ਸਿੱਖਿਆ ਤੋਂ ਹੀ ਨਾਮ, ਦਾਨ, ਇਸਨਾਨ ਦਾ ਮਹੱਤਵ ਮਿਲਦਾ ਹੈ। ਪਰਮੇਸ਼ਰ ਵਿਚ ਸੁਭਾਵਿਕ ਸੁਰਤਿ ਲਗਦੀ ਹੈ। ਦਰਗਾਹ ਵਿਚ ਸਨਮਾਨ ਮਿਲਦਾ ਹੈ ਅਤੇ ਗੁਰੂ ਉਪਦੇਸ਼ ਤੋਂ ਹੀ ਡਰ ਦੂਰ ਕਰਨ ਵਾਲਾ ਸਭ ਤੋਂ ਵੱਡਾ ਮਾਲਿਕ ਮਿਲਦਾ ਹੈ। ਗੁਰੂ ਦੇ ਉਪਦੇਸ਼ ਤੋਂ ਹੀ ਸ਼ਾਸਤਰ, ਸਿਮ੍ਰਿਤੀਆਂ ਅਤੇ ਵੇਦ ਦਾ ਗਿਆਨ ਮਿਲਦਾ ਹੈ। ਹਰ ਸਰੀਰ ਵਿਚ ਵੱਸਣ ਦਾ ਭੇਦ ਮਿਲਦਾ ਹੈ। ਗੁਰੂ ਦੀ ਸਿੱਖਿਆ ਨਾਲ ਪ੍ਰਾਣੀ ਵੈਰ-ਵਿਰੋਧ ਦੂਰ ਕਰਦਾ ਹੈ ਅਤੇ ਸਭ ਨਾਲ ਝਗੜੇ ਮੁੱਕਦੇ ਹਨ ਅਰਥਾਤ ਗੁਰਮੁਖ ਪਰਮੇਸ਼ਰ ਦੇ ਭਉ ਵਿਚ ਰਹਿਣ ਵਾਲਾ, ਘੜੇ ਹੋਏ ਸੁੱਛ ਮਨ ਵਾਲਾ, ਨਾਮ ਸਿਮਰਨ ਕਰਨ ਵਾਲਾ, ਪਵਿੱਤਰਤਾ ਅਤੇ ਉੱਚਤਾ ਵਾਲਾ, ਸਵਾਸ-ਸਵਾਸ ਪ੍ਰਭੂ ਨੂੰ ਯਾਦ ਕਰਨ ਵਾਲਾ, ਸੱਚ ਵਿਚ ਲੀਨ, ਨਾਮ-ਦਾਨ-ਇਸਨਾਨ ਦਾ ਅਭਿਆਸੀ, ਸਹਿਜ-ਧਿਆਨੀ, ਸ਼ਾਸਤ੍ਰ-ਸਿਮ੍ਰਿਤੀ-ਵੇਦ ਦਾ ਗਿਆਤਾ, ਘਟ-ਘਟ ਵਿਚ ਵੱਸਣ ਵਾਲੇ ਬ੍ਰਹਮ ਨੂੰ ਜਾਣਨ ਵਾਲਾ, ਵੈਰ-ਵਿਰੋਧ ਵਿਵਾਦਾਂ ਤੋਂ ਮੁਕਤ, ਸੱਚਾ ਸਨਮਾਨ ਪ੍ਰਾਪਤ, ਡਰ-ਰਹਿਤ ਵਿਅਕਤੀ ਹੁੰਦਾ ਹੈ-

ਗੁਰਮੁਖਿ ਸਾਚੇ ਕਾ ਭਉ ਪਾਵੈ॥
ਗੁਰਮੁਖਿ ਬਾਣੀ ਅਘੜੁ ਘੜਾਵੈ॥

ਗੁਰਮੁਖਿ ਨਿਰਮਲ ਹਰਿ ਗੁਣ ਗਾਵੈ॥
ਗੁਰਮੁਖਿ ਪਵਿਤ੍ਰੁ ਪਰਮ ਪਦੁ ਪਾਵੈ॥
ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥
ਨਾਨਕ ਗੁਰਮੁਖਿ ਸਾਚਿ ਸਮਾਵੈ॥...
ਗੁਰਮੁਖਿ ਨਾਮੁ ਦਾਨੁ ਇਸਨਾਨੁ॥
ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਪਾਵੈ ਦਰਗਹ ਮਾਨੁ॥
ਗੁਰਮੁਖਿ ਭਉ ਭੰਜਨੁ ਪਰਧਾਨੁ॥...
ਗੁਰਮੁਖਿ ਸਾਸਤ੍ਰ ਸਿਮ੍ਰਿਤਿ ਬੇਦ॥
ਗੁਰਮੁਖਿ ਪਾਵੈ ਘਟਿ ਘਟਿ ਭੇਦ॥
ਗੁਰਮੁਖਿ ਵੈਰ ਵਿਰੋਧ ਗਵਾਵੈ॥
ਗੁਰਮੁਖਿ ਸਗਲੀ ਗਣਤ ਮਿਟਾਵੈ॥

**ਨਾਮ ਸਿਮਰਨ ਦੇ ਲਾਭ:** ਜਿੱਥੇ ਸਿਧ, ਯੋਗੀ, ਨਾਥ ਆਦਿ ਤਪ ਅਤੇ ਤਿਆਗ ਨਾਲ ਪਰਮ-ਪਦ ਪ੍ਰਾਪਤ ਕਰਨ ਵਾਲੇ ਮਾਰਗ ਦਾ ਅਨੁਸਰਣ ਕਰਦੇ ਸਨ, ਉੱਥੇ ਸ਼੍ਰੀ ਗੁਰੂ ਜੀ ਦੇ ਮਾਰਗ ਦਾ ਮੂਲ-ਆਧਾਰ ਨਾਮ ਜਪਣਾ ਸੀ। ਗੁਰੂ ਜੀ ਨੇ 'ਸਿਧ ਗੋਸਟਿ' ਬਾਣੀ ਵਿਚ ਪਰਮੇਸ਼ਰ ਦਾ ਨਾਮ ਜਪਣ ਉੱਤੇ ਬਹੁਤ ਜ਼ੋਰ ਦਿਤਾ ਹੈ। ਉਹ ਕਰਾਮਾਤਾਂ ਵਿਚ ਲਿਪਤ ਨਾਥ-ਜੋਗੀਆਂ ਨੂੰ ਕਹਿੰਦੇ ਹਨ, ਕਿ ਹੇ ਅਵਧੂਤ! ਪਰਮੇਸ਼ਰ ਦੀ ਬਾਣੀ ਨੇ ਇਹ ਨਿਰਣਯ ਕਰ ਦਿਤਾ ਹੈ, ਕਿ ਨਾਮ ਤੋਂ ਬਿਨਾਂ ਨਾ ਰੱਬ ਨਾਲ ਜੁੜਿਆ ਜਾ ਸਕਦਾ ਹੈ, ਨਾ ਮਨੁੱਖਤਾ ਜੁੜ ਸਕਦੀ ਹੈ। ਰੱਬ ਦੀ ਏਕਤਾ ਅਤੇ ਉਸ ਦੇ ਸਭ ਨਾਵਾਂ ਦੀ ਇਕਸਮਾਨ ਪਵਿੱਤਰਤਾ ਹੀ ਯੋਗ ਪੈਦਾ ਕਰ ਸਕਦੀ ਹੈ। ਨਾਮ ਵਿਚ ਰੰਗੇ ਮਨੁੱਖ ਹੀ ਦਿਨ-ਰਾਤ ਮਸਤ ਹਨ, ਨਾਮ ਤੋਂ ਹੀ ਸੁੱਖ ਮਿਲਦਾ ਹੈ। ਨਾਮ ਤੋਂ ਹੀ ਸਭ ਕੁਝ ਪ੍ਰਗਟ ਹੁੰਦਾ ਹੈ, ਨਾਮ ਤੋਂ ਹੀ ਵਿਵੇਕ-ਬੁਧਿ ਮਿਲਦੀ ਹੈ, ਕਥਨ ਹੈ-

ਸਬਦੈ ਕਾ ਨਿਬੇੜਾ ਸੁਣਿ ਤੂ ਅਉਧੂ ਬਿਨੁ ਨਾਵੈ ਜੋਗੁ ਨ ਹੋਈ॥
ਨਾਮੇ ਰਾਤੇ ਅਨਦਿਨੁ ਮਾਤੇ ਨਾਮੈ ਤੇ ਸੁਖੁ ਹੋਈ॥
ਨਾਮੈ ਹੀ ਤੇ ਸਭੁ ਪਰਗਟੁ ਹੋਵੈ ਨਾਮੇ ਸੋਝੀ ਪਾਈ॥

ਉਹ ਕੇਵਲ ਨਾਮ ਜਪਣ ਉੱਤੇ ਜ਼ੋਰ ਹੀ ਨਹੀਂ ਦੇਂਦੇ, ਬਲਕਿ ਨਾਮ ਜਪਣ ਤੋਂ ਹੋਣ ਵਾਲੀਆਂ ਪ੍ਰਾਪਤੀਆਂ ਦਾ ਵੀ ਵਰਣਨ ਕਰਦੇ ਹਨ। ਉਹ ਕਹਿੰਦੇ ਹਨ, ਕਿ ਨਾਮ ਵਿਚ ਲੀਨ ਹੋਇਆਂ ਹਉਮੈ ਨਸ਼ਟ ਹੁੰਦੀ ਹੈ। ਨਾਮ ਜਪਿਆਂ ਸੱਚ ਵਿਚ ਲੀਨ ਹੋ ਜਾਈਦਾ ਹੈ। ਨਾਮ ਵਿਚ ਲੀਨ ਹੋਇਆਂ ਪਰਮੇਸ਼ਰ ਨਾਲ ਜੁੜਣ ਦੀ ਵਾਸਤਵਿਕ ਜੁਗਤੀ ਦੀ ਸਮਝ ਆਉਂਦੀ ਹੈ। ਮੋਕਸ਼ ਦਾ ਦੁਆਰਾ ਨਾਮ ਵਿਚ ਲੀਨਤਾ ਹੀ ਹੈ। ਨਾਮ ਵਿਚ ਲੀਨ ਹੋਇਆਂ, ਸਾਧਕ ਤਿੰਨ ਲੋਕ ਦਾ ਗਿਆਤਾ ਹੋ ਜਾਂਦਾ ਹੈ। ਸਦੀਵੀ ਸੁੱਖ ਦਾ ਮਾਰਗ ਨਾਮ ਸਿਮਰਨ ਵਿਚ ਹੈ। ਨਾਮ ਵਿਚ ਲੀਨ ਹੋਇਆਂ ਹੀ, ਪਰਮੇਸ਼ਰ ਦੀਆਂ ਗੋਸ਼ਠੀਆਂ ਹੋ ਸਕਦੀਆਂ ਹਨ। ਤਨ ਨੂੰ ਕਸ਼ਟ ਦੇਣਾ ਤਪੱਸਿਆ ਨਹੀਂ, ਅਸਲ ਤਪੱਸਿਆ ਨਾਮ

ਜਪਿਆਂ ਪ੍ਰਾਪਤ ਹੁੰਦੀ ਹੈ। ਨਾਮ ਵਿਚ ਲੀਨ ਹੋਇਆਂ ਸੱਚ-ਆਸ਼੍ਰਿਤ ਸ਼੍ਰੇਸ਼ਠ ਅਮਲ ਪ੍ਰਾਪਤ ਹੁੰਦਾ ਹੈ। ਨਾਮ ਵਿਚ ਰੰਗ ਕੇ ਹੀ ਦੈਵੀ-ਗੁਣ ਅਤੇ ਗਿਆਨ ਵਿਚਾਰੇ ਜਾ ਸਕਦੇ ਹਨ। ਨਾਮ ਤੋਂ ਬਿਨਾਂ ਜੋ ਬੋਲਦੇ ਹਾਂ, ਬੇਕਾਰ ਹੈ, ਜੋ ਨਾਮ ਜਪਦੇ ਹਨ, ਓਹ ਹੀ ਵਿਜੇਈ ਘੋਸ਼ਿਤ ਹੁੰਦੇ ਹਨ-

ਨਾਮੇ ਰਾਤੇ ਹਉਮੈ ਜਾਇ॥ ਨਾਮਿ ਰਤੇ ਸਚਿ ਰਹੇ ਸਮਾਇ॥
ਨਾਮਿ ਰਤੇ ਜੋਗ ਜੁਗਤਿ ਬੀਚਾਰੁ॥ ਨਾਮਿ ਰਤੇ ਪਾਵਹਿ ਮੋਖ ਦੁਆਰੁ॥
ਨਾਮਿ ਰਤੇ ਤ੍ਰਿਭਵਣ ਸੋਝੀ ਹੋਇ॥ ਨਾਨਕ ਨਾਮਿ ਰਤੇ ਸਦਾ ਸੁਖੁ ਹੋਇ॥
ਨਾਮਿ ਰਤੇ ਸਿਧ ਗੋਸਟਿ ਹੋਇ॥ ਨਾਮਿ ਰਤੇ ਸਦਾ ਤਪੁ ਹੋਇ॥
ਨਾਮਿ ਰਤੇ ਸਚੁ ਕਰਣੀ ਸਾਰੁ॥ ਨਾਮਿ ਰਤੇ ਗੁਣ ਗਿਆਨ ਬੀਚਾਰੁ॥
ਬਿਨੁ ਨਾਵੈ ਬੋਲੈ ਸਭੁ ਵੇਕਾਰੁ॥ ਨਾਨਕ ਨਾਮਿ ਰਤੇ ਤਿਨ ਕਉ ਜੈਕਾਰੁ॥
ਪੂਰੇ ਗੁਰ ਤੇ ਨਾਮੁ ਪਾਇਆ ਜਾਇ॥ ਜੋਗ ਜੁਗਤਿ ਸਚਿ ਰਹੈ ਸਮਾਇ॥...

ਸਾਰਾਂਸ਼ ਰੂਪ ਵਿਚ ਇਹ ਕਹਿ ਸਕਦੇ ਹਾਂ, ਕਿ 'ਸਿਧ ਗੋਸਟਿ' ਪ੍ਰਤਖ ਤੌਰ 'ਤੇ ਗੁਰੂ ਨਾਨਕ ਦੇਵ ਜੀ ਦੀਆਂ ਘੱਟੋ-ਘੱਟ ਦੋ ਗੋਸ਼ਠੀਆਂ ਦਾ ਸਾਰ ਹੈ, ਜੋ ਬਾਣੀ ਦੇ ਅੰਦਰਲੇ ਵਿਭਾਜਨ ਤੋਂ ਬਿਲਕੁਲ ਸਪਸ਼ਟ ਹੈ, ਕੋਈ ਕਿੰਤੂ ਨਹੀਂ ਰਹਿ ਜਾਂਦਾ। ਗੁਰੂ ਜੀ ਦੀਆਂ ਜਿਤਨੀਆਂ ਚਰਚਾਵਾਂ ਤਿਆਗਵਾਦੀਆਂ ਨਾਲ ਹੋਈਆਂ ਹਨ, ਉਤਨੀਆਂ ਕਿਸੇ ਹੋਰ ਧਾਰਮਿਕ ਸਮੁਦਾਇ ਨਾਲ ਨਹੀਂ ਹੋਈਆਂ, ਕਿਉਂਕਿ ਗੁਰੂ ਜੀ ਦਾ ਗ੍ਰਿਹਸਥ-ਪ੍ਰਧਾਨ ਧਰਮ ਤਿਆਗਵਾਦੀਆਂ ਦੇ ਧਾਰਮਿਕ ਅਮਲ ਦੇ ਬਿਲਕੁਲ ਉਲਟ ਸੀ। ਇਸ ਬਾਣੀ ਵਿਚ ਗੁਰੂ ਜੀ ਨੇ ਨਾ ਕੇਵਲ ਸਿਧਾਂ ਅਤੇ ਨਾਥਾਂ ਦੇ ਪ੍ਰਸ਼ਨਾਂ ਦੇ ਸਮਾਧਾਨ ਪ੍ਰਸਤੁਤ ਕੀਤੇ ਹਨ, ਬਲਕਿ ਆਪਣੇ ਵਿਚਾਰਾਂ ਦੀ ਉਚਤਾ ਵੀ ਸਥਾਪਿਤ ਕੀਤੀ ਹੈ, ਪਰ ਇਹ ਉੱਚਤਾ ਇਤਨੀ ਸਹਿਜ ਵਿਚ ਵਿਖਾਈ ਹੈ, ਕਿ ਕਿਤੇ ਰਤਾ ਭਰ ਵੀ ਅਭਿਮਾਨ ਦਾ ਭਾਵ ਨਹੀਂ। ਸਿਧਾਂ ਦੇ ਪ੍ਰਸ਼ਨਾਂ ਵਿਚ ਤਲਖ਼ੀ ਵੀ ਹੈ, ਆਪਣੇ ਮਤਿ ਦੀ ਸ਼੍ਰੇਸ਼ਠਤਾ ਦਾ ਅਭਿਮਾਨ ਵੀ ਹੈ, ਪ੍ਰਸ਼ਨਾਂ ਦਾ ਪ੍ਰਯੋਜਨ ਗਿਆਨ ਦਾ ਪ੍ਰਗਟਾਵਾ ਵੀ ਹੈ, ਗੁਰੂ ਜੀ ਨੂੰ ਆਪਣੇ ਮਤਿ ਵਿਚ ਲਿਆਉਣ ਦੀ ਚੇਸ਼ਟਾ ਵੀ ਹੈ, ਪਰ ਗੁਰੂ ਜੀ ਦੇ ਬਚਨਾਂ ਵਿਚ ਨਾ ਕੋਈ ਤਲਖ਼ੀ, ਨਾ ਆਪਣੇ ਮਤਿ ਦਾ ਅਭਿਮਾਨ, ਨਾ ਗਿਆਨੀ ਹੋਣ ਦਾ ਵਿਖਾਵਾ, ਨਾ ਕਿਸੇ ਨੂੰ ਆਪਣੇ ਪ੍ਰਭਾਵ ਵਿਚ ਲਿਆਉਣ ਦੀ ਫ਼ਿਕਰ। ਉਨ੍ਹਾਂ ਦਾ ਧਾਰਮਿਕ ਰਾਹ ਮਾਨਵਤਾ ਦਾ ਰਾਹ ਸੀ। ਸਰਬ-ਸਾਂਝਾ ਮਾਰਗ ਸੀ। ਇੰਞ ਇਹ ਕੇਵਲ ਇਕ ਸਾਧਾਰਨ ਗੋਸ਼ਠੀ ਹੀ ਨਹੀਂ, ਬਲਕਿ ਤਿਆਗਵਾਦ ਉਤੇ ਸ਼ੁੱਧ-ਆਚਾਰੀ ਗ੍ਰਿਹਸਥੀ ਦੇ ਸੰਤੁਲਿਤ ਜੀਵਨ ਦੀ ਵਿਜੈ ਵੀ ਹੈ।

ਡਾ. ਹਰਭਜਨ ਸਿੰਘ
ਡਾਇਰੈਕਟਰ (ਰਿਟਾਇਰਡ)
ਪੰਜਾਬੀ ਯੂਨੀਵਰਸਿਟੀ ਡਾ. ਬਲਬੀਰ ਸਿੰਘ ਸਾਹਿਤ ਕੇਂਦਰ
ਦੇਹਰਾਦੂਨ।
ਸੰਪਰਕ: 9997139539, 8427955727

# ਸ੍ਰਿਸ਼ਟੀ ਰਚਨਾ: ਦਾਰਸ਼ਨਿਕ ਪਰਿਪੇਖ*

ਸ੍ਰਿਸਟੀ ਰਚਨਾ ਆਦਰਸ਼ਵਾਦੀ ਅਤੇ ਭੌਤਿਕਵਾਦੀ ਦਾਰਸ਼ਨਿਕਾਂ ਅੰਦਰ ਸ਼ੁਰੂ ਤੋਂ ਹੀ ਚਰਚਾ ਦਾ ਕੇਂਦਰ ਰਹੀ ਹੈ। ਰਿਗਵੇਦ ਤੋਂ ਲੈ ਕੇ ਬਿੱਗ ਬੈਂਗ ਤੱਕ, ਇਸ ਸਬੰਧੀ ਸਾਨੂੰ ਅਨੇਕਾਂ ਪ੍ਰਮਾਣ ਅਤੇ ਵਿਸ਼ਵਾਸ਼ ਪ੍ਰਾਪਤ ਹੁੰਦੇ ਹਨ, ਪਰ ਇਨ੍ਹਾਂ ਪ੍ਰਮਾਣਾਂ ਅਤੇ ਵਿਸ਼ਵਾਸ਼ਾਂ ਵਿਚੋਂ ਕਿਹੜਾ ਪ੍ਰਮਾਣ ਜਾਂ ਵਿਸ਼ਵਾਸ਼ ਅੰਤਿਮ ਹੈ? ਇਹ ਦਾਅਵਾ ਕਰਨਾ ਕਦੀ ਵੀ ਆਸਾਨ ਨਹੀਂ ਰਿਹਾ। ਸ਼ਾਇਦ ਇਸ ਲਈ ਹੀ ਇਹ ਪ੍ਰਸ਼ਨ ਅੱਜ ਵੀ ਓਨਾ ਹੀ ਮਹੱਤਵਪੂਰਨ ਹੈ, ਜਿੰਨਾ ਕਿ ਆਪਣੇ ਸ਼ੁਰੂਆਤੀ ਸਮਿਆਂ ਦੌਰਾਨ ਰਿਹਾ ਹੋਵੇਗਾ ਕਿ ਆਖਿਰ ਇਸ ਦਿਖ ਰਹੇ ਪਾਸਾਰੇ ਦੀ ਸਾਜਨਾ ਕਿਉਂ ਅਤੇ ਕਿਵੇਂ ਹੋਈ? ਇਸ ਪਿੱਛੇ ਕਿਹੜੀਆਂ ਸ਼ਕਤੀਆਂ ਜਾਂ ਤੱਤ ਕਾਰਜਸ਼ੀਲ ਸਨ? ਇਨ੍ਹਾਂ ਦਾ ਮਨੋਰਥ ਕੀ ਸੀ? ਜਾਂ ਫਿਰ ਇਸ ਸਭ ਦਾ ਅੰਤ ਕਿਵੇਂ ਹੋਵੇਗਾ? ਅਜਿਹੇ ਅਨੇਕਾਂ ਸਵਾਲਾਂ ਨਾਲ ਦਾਰਸ਼ਨਿਕਾਂ/ਧਾਰਮਿਕ ਸੰਤਾਂ-ਮਹਾ-ਪੁਰਸ਼ਾਂ/ਸਾਇੰਸਦਾਨਾਂ ਅਤੇ ਚਿੰਤਕਾਂ ਦਾ ਹਜ਼ਾਰਾਂ ਸਾਲਾਂ ਤੋਂ ਵਾਹ ਪੈਂਦਾ ਆ ਰਿਹਾ ਹੈ ਅਤੇ ਕਿਹਾ ਜਾ ਸਕਦਾ ਹੈ ਕਿ ਨੇੜਲੇ ਭਵਿੱਖ ਵਿਚ ਵੀ ਇਸ ਦੇ ਅੰਤਿਮ ਕਾਰਨਾਂ ਦੀ ਖੋਜ ਕਰ ਲੈਣਾ ਮਨੁੱਖ ਜਾਤੀ ਲਈ ਇਕ ਚੁਨੌਤੀ ਭਰਿਆ ਕਾਰਜ ਹੋਵੇਗਾ। ਇਸ ਲਈ, ਆਪਣੇ ਇਸ ਲੇਖ ਅੰਦਰ ਅਸੀਂ ਇਸ ਕਾਰਜ ਦੀਆਂ ਕੁਝ 'ਕੁ ਚੋਣਵੀਆਂ ਪਰਤਾਂ ਨੂੰ ਹੀ ਸਮਝਣ ਦੀ ਕੋਸ਼ਿਸ਼ ਕਰਾਂਗੇ।

ਭੌਤਿਕਵਾਦੀ ਦਾਰਸ਼ਨਿਕਾਂ ਦੇ ਉਲਟ, ਈਸ਼ਵਰਵਾਦੀ ਦਾਰਸ਼ਨਿਕ ਇਕ ਦੈਵੀ-ਸੱਤਾ ਨੂੰ ਹੀ ਵਿਸ਼ਵ ਜਾਂ ਜਗਤ ਦਾ ਆਦਿ-ਕਾਰਨ ਜਾਂ ਰਚਨਹਾਰ ਸਵੀਕਾਰ ਕਰਦੇ ਹਨ। ਇਨ੍ਹਾਂ ਦਾਰਸ਼ਨਿਕਾਂ ਦਾ ਵਿਸ਼ਵਾਸ ਹੈ ਕਿ ਜਗਤ ਦਾ ਅਸਤਿਤਵ ਪੂਰਨ ਰੂਪ ਵਿਚ ਈਸ਼ਵਰ ਉੱਪਰ ਹੀ ਨਿਰਭਰ ਹੈ। ਬਹੁਤ ਸਾਰੇ ਪੱਛਮੀ ਅਤੇ ਭਾਰਤੀ ਦਾਰਸ਼ਨਿਕਾਂ ਨੇ ਕਿਸੇ ਨਾ ਕਿਸੇ ਰੂਪ ਵਿਚ ਇਸ ਮਾਨਤਾ ਨੂੰ ਹੀ ਆਪਣੀ ਸਵੀਕ੍ਰਿਤੀ ਪ੍ਰਦਾਨ ਕੀਤੀ ਹੈ।

ਅਸਲ ਵਿਚ ਮੁੱਖ ਸਮੱਸਿਆ ਇਹ ਹੈ ਕਿ ਜਦੋਂ ਅਜਿਹੇ ਦਾਰਸ਼ਨਿਕ ਈਸ਼ਵਰ ਨੂੰ ਹੀ ਇਸ ਜਗਤ ਦਾ ਰਚਨਹਾਰ ਸਵੀਕਾਰਦੇ ਹਨ ਤਾਂ ਇਸ ਤੋਂ ਉਨ੍ਹਾਂ ਦਾ ਵਾਸਤਵਿਕ ਅਰਥ ਕੀ ਹੁੰਦਾ ਹੈ? ਇਸ ਦਾ ਉੱਤਰ ਦਿੰਦਿਆਂ ਕਈ ਦਾਰਸ਼ਨਿਕ ਆਖਦੇ ਹਨ ਕਿ ਈਸ਼ਵਰ ਜਗਤ ਦਾ ਉਪਾਦਾਨ ਕਾਰਨ ਨਾ ਹੋ ਕੇ ਸਿਰਫ਼ ਨਿਮਿੱਤ ਕਾਰਨ ਹੀ ਹੈ। ਈਸ਼ਵਰ ਨੂੰ ਸ੍ਰਿਸਟੀ ਦਾ ਨਿਮਿੱਤ ਕਾਰਨ ਆਖਣ ਦਾ ਅਰਥ ਇਹ ਹੋਇਆ ਕਿ ਈਸ਼ਵਰ ਨੇ ਪਹਿਲਾਂ ਤੋਂ ਹੀ ਮੌਜੂਦ ਕੁਝ ਵਿਸ਼ੇਸ਼ ਦ੍ਰਵਾਂ ਰਾਹੀਂ ਇਸ ਪਾਸਾਰੇ ਦੀ ਸਿਰਜਣਾ ਕੀਤੀ ਹੈ, ਪਰ ਉਹ ਇਨ੍ਹਾਂ ਦ੍ਰਵਾਂ ਦਾ ਸਿਰਜਣਹਾਰ ਨਹੀਂ ਹੈ, ਕਿਉਂਕਿ ਇਹ ਦ੍ਰਵ ਤਾਂ ਉਸ ਦੇ ਸਮਾਨ ਹੀ ਅਬਿਨਾਸੀ ਜਾਂ ਨਿਰੰਤਰ ਹਨ। ਭਾਰਤ ਅੰਦਰ ਨਿਆਇ ਸ਼ਾਸਤਰਾਚਾਰੀਆਂ ਨੇ ਇਸ ਅਰਥ ਵਿਚ ਹੀ ਈਸ਼ਵਰ ਨੂੰ ਜਗਤ ਦਾ ਸਿਰਜਣਹਾਰ ਸਵੀਕਾਰਿਆ ਹੈ। ਨਿਆਇਕ ਮੰਨਦੇ ਹਨ ਕਿ ਈਸ਼ਵਰ ਨੇ ਪਹਿਲਾਂ ਤੋਂ ਹੀ ਵਿਦਮਾਨ ਪਰਮਾਣੂ, ਦਿਕ, ਕਾਲ, ਆਕਾਸ਼, ਆਤਮਾ ਅਤੇ ਮਨ ਦੇ ਰਾਹੀਂ ਇਸ ਪਾਸਾਰੇ ਦੀ ਰਚਨਾ ਕੀਤੀ ਹੈ, ਪਰ ਇਸ ਦੇ ਨਾਲ ਹੀ ਉਨ੍ਹਾਂ ਦਾ ਇਹ ਵੀ ਮੰਨਣਾ ਹੈ ਕਿ ਈਸਵਰ ਹੀ ਇਸ ਸੰਸਾਰ ਦਾ ਸੰਚਾਲਕ ਅਤੇ ਨਿਰਮਾਤਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਈਸ਼ਵਰ ਨੇ ਹੀ ਉਨ੍ਹਾਂ ਕੁਦਰਤੀ ਨਿਯਮਾਂ ਨੂੰ ਬਣਾਇਆ ਹੈ, ਜਿਨ੍ਹਾਂ ਦੁਆਰਾ ਸੰਪੂਰਨ ਵਿਸ਼ਵ ਸੰਚਾਲਿਤ ਹੁੰਦਾ ਹੈ।

---

*ਮੂਲ ਅਤੇ ਵਿਸਥਾਰ ਸਹਿਤ ਇਹ ਲੇਖ "ਗੁਰਬਾਣੀ: ਦਾਰਸ਼ਨਿਕ ਪਰਿਪੇਖ" ਵਿਚ ਪ੍ਰਕਾਸ਼ਿਤ ਹੋ ਚੁੱਕਾ ਹੈ। ਇੱਥੇ ਅਸੀਂ ਉਸ ਦਾ ਸੰਖੇਪ ਰੂਪ ਹੀ ਪ੍ਰਕਾਸ਼ਿਤ ਕਰ ਰਹੇ ਹਾਂ- ਮੁੱਖ ਸੰਪਾਦਕ।

ਪਰ, ਨਿਆਇ-ਸ਼ਾਸਤਰੀਆਂ ਦੀ ਇਹ ਮਾਨਤਾ ਸਵੀਕਾਰਨਯੋਗ ਨਹੀਂ ਹੈ, ਕਿਉਂਕਿ ਇਕ ਪਾਸੇ ਇਹ ਦਾਰਸ਼ਨਿਕ ਪਰੰਪਰਾ ਈਸ਼ਵਰ ਨੂੰ ਕੇਵਲ ਨਿਮਿੱਤ ਕਾਰਨ ਹੀ ਸਵੀਕਾਰਦੀ ਹੈ ਅਤੇ ਦੂਜੇ ਪਾਸੇ ਉਹ ਉਸ ਨੂੰ ਅਸੀਮ ਅਤੇ ਸਰਵ-ਸ਼ਕਤੀਮਾਨ ਵੀ ਮੰਨਦੀ ਹੈ। ਇਹ ਦੋਵੇਂ ਵਿਚਾਰ ਆਪਾ-ਵਿਰੋਧੀ ਹਨ। ਜੇਕਰ ਈਸਵਰ ਨੂੰ ਜਗਤ ਦਾ ਸਿਰਫ਼ ਨਿਮਿੱਤ ਕਾਰਨ ਹੀ ਮੰਨਦੇ ਹੋਏ, ਇਹ ਸਵੀਕਾਰਿਆ ਜਾਂਦਾ ਹੈ ਕਿ ਉਸ ਨੇ ਉਪਾਦਾਨ ਕਾਰਨਾਂ ਦੀ ਰਚਨਾ ਨਹੀਂ ਕੀਤੀ ਹੈ, ਫਿਰ ਉਸ ਨੂੰ ਅਸੀਮ ਅਤੇ ਸਰਵ-ਸ਼ਕਤੀਮਾਨ ਨਹੀਂ ਮੰਨਿਆ ਜਾ ਸਕਦਾ, ਕਿਉਂਕਿ ਪਹਿਲਾਂ ਤੋਂ ਹੀ ਮੌਜੂਦ ਸਾਰੇ ਦ੍ਰਵ ਉਸ ਦੀ ਸੀਮਤਤਾ ਨੂੰ ਪ੍ਰਗਟ ਕਰਦੇ ਹੋਏ, ਇਹ ਸਪਸ਼ਟ ਕਰਦੇ ਹਨ ਕਿ ਇਹ ਦ੍ਰਵ ਵੀ ਈਸ਼ਵਰ ਸਾਮਾਨ ਅਬਿਨਾਸ਼ੀ ਅਤੇ ਨਿਰੰਤਰ ਹਨ। ਜਿਸ ਤੋਂ ਇਹ ਨਤੀਜਾ ਨਿੱਕਲਦਾ ਹੈ ਕਿ ਈਸ਼ਵਰ ਕੋਈ ਅੰਤਿਮ-ਸੱਤਾ ਨਾ ਹੋ ਕੇ ਇਕ ਸ਼ਿਲਪਕਾਰ ਤੋਂ ਵਧੇਰੇ ਕੁਝ ਖ਼ਾਸ ਸ਼ੈਅ ਨਹੀਂ ਹੈ। ਸ਼ਾਇਦ ਇਸ ਸਮੱਸਿਆ ਦੀ ਬਦੌਲਤ ਹੀ ਕਈ ਭਾਰਤੀ ਅਤੇ ਪੱਛਮੀ ਦਾਰਸ਼ਨਿਕਾਂ ਨੇ ਈਸ਼ਵਰ ਨੂੰ ਸ੍ਰਿਸਟੀ ਰਚਨਾ ਦਾ ਉਪਾਦਾਨ ਅਤੇ ਨਿਮਿੱਤ ਕਾਰਨ ਇਕ-ਸਾਥ ਸਵੀਕਾਰਿਆ ਹੈ। ਉਦਾਰਹਨ ਵਜੋਂ ਈਸ਼ਵਰ, ਆਤਮਾ ਅਤੇ ਜਗਤ ਦੇ ਸਰੂਪ ਦੇ ਵਿਸ਼ੇ ਅੰਦਰ ਆਪਸੀ ਸਹਿਮਤੀ ਨਾ ਹੋਣ ਦੇ ਬਾਵਜੂਦ ਵੀ ਸ਼ੰਕਰ ਅਤੇ ਰਾਮਾਨੁਜ ਦੋਵਾਂ ਨੇ ਇਹ ਮੰਨਿਆ ਹੈ ਕਿ ਈਸਵਰ ਕੇਵਲ ਨਿਮਿੱਤ ਕਾਰਨ ਨਾ ਹੋ ਕੇ ਸੰਸਾਰ ਉਤਪਤੀ ਦਾ ਉਪਾਦਾਨ ਕਾਰਨ ਵੀ ਹੈ। ਅਦਵੈਤਵਾਦੀ ਸ਼ੰਕਰ ਦਾ ਵਿਚਾਰ ਹੈ ਕਿ ਪਰਮਾਰਥਿਕ ਦ੍ਰਿਸ਼ਟੀ ਤੋਂ ਸੱਤਾ ਕੇਵਲ ਇਕ ਹੈ, ਜਿਹੜੀ ਕਿ ਨਿਰਾਕਾਰ, ਨਿਰ-ਵਿਸ਼ੇਸ਼ ਅਤੇ ਨਿਰਗੁਣ ਬ੍ਰਹਮ, ਜਿਹੜਾ ਸਮੂਹ ਭੇਦਾਂ, ਉਪਾਧੀਆਂ ਅਤੇ ਵਿਕਾਰਾਂ ਤੋਂ ਮੁਕਤ ਹੈ, ਦੀ ਹੈ।

ਸ਼ੰਕਰ ਦੇ ਵਿਚਾਰਾਂ ਅਨੁਸਾਰ ਈਸ਼ਵਰ, ਜੀਵ ਅਤੇ ਜਗਤ ਸਾਰੇ ਇਸੇ ਬ੍ਰਹਮ ਦੇ ਮਿਥਿਆ ਰੂਪ ਹਨ। ਕੇਵਲ ਮਾਇਆ ਦੇ ਕਾਰਨ ਹੀ ਇਹ ਸਭ ਸਾਨੂੰ ਨਿਰਾਕਾਰ, ਨਿਰ-ਵਿਸ਼ੇਸ਼ ਅਤੇ ਨਿਰਗੁਣ ਬ੍ਰਹਮ ਤੋਂ ਵੱਖਰੇ ਅਤੇ ਸੁਤੰਤਰ ਪ੍ਰਤੀਤ ਹੁੰਦੇ ਹਨ। ਨਿਆਇਕਾਂ ਦੀ ਤਰ੍ਹਾਂ ਹੀ ਸ਼ੰਕਰ ਵੀ ਈਸ਼ਵਰ ਨੂੰ ਵਿਆਕਤੀਤਵ-ਸੰਪੰਨ, ਸਰਵ-ਗਿਆਤਾ, ਸਰਵ-ਸ਼ਕਤੀਮਾਨ, ਸਰਵ-ਵਿਆਪਕ, ਅਸੀਮ, ਅਬਿਨਾਸ਼ੀ ਅਤੇ ਸਮੂਹ ਸਦ-ਗੁਣਾਂ ਨਾਲ ਸੰਯੁਕਤ ਸਵੀਕਾਰਦੇ ਹਨ, ਪਰ ਨਿਆਇਕਾਂ ਦੇ ਉਲਟ ਉਨ੍ਹਾਂ ਦਾ ਇਹ ਵੀ ਵਿਚਾਰ ਹੈ ਕਿ ਈਸ਼ਵਰ ਜਗਤ ਦਾ ਕੇਵਲ ਨਿਮਿੱਤ ਕਾਰਨ ਹੀ ਨਹੀਂ, ਸਗੋਂ ਉਪਾਦਾਨ ਕਾਰਨ ਵੀ ਹੈ। ਇਸ ਲਈ ਇਹ ਮੰਨਣਾ ਚਾਹੀਦਾ ਹੈ ਕਿ ਈਸ਼ਵਰ ਨੇ ਜਗਤ ਦੀ ਉਤਪਤੀ ਪਹਿਲਾਂ ਤੋਂ ਹੀ ਮੌਜੂਦ ਕਿਸੇ ਦ੍ਰਵਾਂ ਦੀ ਬਜਾਏ ਆਪਣੀ ਮਾਇਆ-ਸ਼ਕਤੀ ਰਾਹੀਂ ਕੀਤੀ ਹੈ, ਪਰ ਇੱਥੇ ਇਹ ਯਾਦ ਰੱਖਣਾ ਬੇਹੱਦ ਜਰੂਰੀ ਹੈ ਕਿ ਇਸ ਮਾਇਆ ਦੀ ਈਸ਼ਵਰ ਤੋਂ ਸੁਤੰਤਰ ਕੋਈ ਸੱਤਾ ਨਹੀਂ ਹੈ।

ਹਾਲਾਂਕਿ ਸ਼ੰਕਰ ਦੇ ਇਸ ਵਿਚਾਰ ਨੇ ਭਾਰਤੀ ਦਰਸ਼ਨ ਨੂੰ ਬੇਹੱਦ ਪ੍ਰਭਾਵਿਤ ਕੀਤਾ ਹੈ, ਪਰ ਇਸ ਦੀਆਂ ਆਪਣੀਆਂ ਸਮੱਸਿਆਵਾਂ ਹਨ, ਜਿਨ੍ਹਾਂ ਦਾ ਹੱਲ ਕਰਨ ਲਈ ਵੈਸ਼ਣਵ ਦਰਸ਼ਨਾਚਾਰੀਆ ਰਾਮਾਨੁਜ ਨੇ ਇਕ ਸਿਧਾਂਤ ਦੀ ਉਤਪਤੀ ਕੀਤੀ, ਜਿਸ ਨੂੰ ਅਸੀਂ 'ਵਿਸ਼ਿਸਟਾਦਵੈਤਵਾਦ' ਦੇ ਨਾਮ ਨਾਲ ਜਾਣਦੇ ਹਾਂ। ਸ਼ੰਕਰ ਦੇ ਵਾਂਗ ਰਾਮਾਨੁਜ ਵੀ ਭਾਵੇਂ ਮੂਲ ਰੂਪ ਵਿਚ ਅਦਵੈਤਵਾਦੀ ਸਨ, ਪਰ ਈਸ਼ਵਰ ਦੇ ਸਰੂਪ, ਜਗਤ ਦੀ ਉਤਪਤੀ ਅਤੇ ਈਸ਼ਵਰ ਨਾਲ ਉਨ੍ਹਾਂ ਦੇ ਸਬੰਧਾਂ ਦੇ ਵਿਸ਼ੇ ਵਿਚ ਇਨ੍ਹਾਂ ਦੋਵਾਂ ਵਿਚਕਾਰ ਕਾਫ਼ੀ ਮੱਤਭੇਦ ਵੀ ਹਨ। ਸ਼ੰਕਰ ਦੀ ਤਰ੍ਹਾਂ ਰਾਮਾਨੁਜ ਦਾ ਵਿਚਾਰ ਵੀ ਇਹੀ ਹੈ ਕਿ ਜਗਤ ਦੀ ਉਤਪਤੀ ਸਬੰਧੀ ਈਸਵਰ ਹੀ ਉਸ ਦਾ ਨਿਮਿੱਤ ਅਤੇ ਉਪਾਦਾਨ ਕਾਰਨ ਦੋਵੇਂ ਹੈ, ਪਰ ਜਗਤ ਅਤੇ ਜੀਵ ਦੀ ਉਤਪਤੀ ਅਤੇ ਈਸ਼ਵਰ ਨਾਲ ਉਸ ਦੇ ਸਬੰਧ ਦੀ ਰਾਮਾਨੁਜ ਨੇ ਜੋ ਵਿਆਖਿਆ ਪੇਸ਼ ਕੀਤੀ ਹੈ, ਉਹ ਸ਼ੰਕਰ ਦੁਆਰਾ ਪਰਗਟ ਕੀਤੇ ਗਏ ਵਿਚਾਰਾਂ ਤੋਂ ਪੂਰਨ ਰੂਪ ਵਿਚ ਭਿੰਨ ਹੈ। ਰਾਮਾਨੁਜ ਆਤਮਾ

ਅਤੇ ਜੀਵਾਂ ਦੇ ਲਈ 'ਚਿਦ' ਜਾਂ 'ਚਿੱਤ' ਅਤੇ ਭੌਤਿਕ ਪਦਾਰਥਾਂ ਦੇ ਲਈ 'ਅਚਿਦ' ਜਾਂ 'ਅਚਿੱਤ' ਸ਼ਬਦਾਂ ਦਾ ਪ੍ਰਯੋਗ ਕਰਦਾ ਹੈ। ਉਨ੍ਹਾਂ ਦਾ ਵਿਚਾਰ ਹੈ ਕਿ ਈਸ਼ਵਰ ਅੰਸ਼ੀ ਜਾਂ ਵਿਸ਼ੇਸ਼ ਹੈ ਅਤੇ ਚਿੱਤ ਤੇ ਅਚਿੱਤ ਦੋਵੇਂ ਉਸ ਦੇ ਅੰਸ਼ ਜਾਂ ਵਿਸ਼ੇਸਣ ਹਨ, ਜਿਨ੍ਹਾਂ ਦੀ ਆਪਣੀ ਇਕ ਵਾਸਤਵਿਕ ਸੱਤਾ ਹੈ। ਭਾਵੇਂਕਿ ਰਾਮਾਨੁਜ ਦਾ ਇਹ ਸਿਧਾਂਤ ਸ਼ੰਕਰ ਦੇ ਮੁਕਾਬਲੇ ਕਾਫ਼ੀ ਵਿਕਸਿਤ ਜਾਪਦਾ ਹੈ, ਪਰ ਇਹ ਵੀ ਦੋਸ਼ਾਂ ਅਤੇ ਕਠਿਨਾਈਆਂ ਤੋਂ ਮੁਕਤ ਨਹੀਂ ਹੈ, ਕਿਉਂਕਿ ਸ਼ੰਕਰ ਦੇ ਅਦਵੈਤਵਾਦ ਦੀ ਤਰ੍ਹਾਂ ਰਾਮਾਨੁਜ ਦਾ ਇਹ ਸਿਧਾਂਤ ਵੀ ਈਸ਼ਵਰ ਦੇ ਸਰੂਪ ਅਤੇ ਜਗਤ ਦੇ ਨਾਲ ਉਸ ਦੇ ਸਬੰਧਾਂ ਦੀ ਕੋਈ ਸੰਤੁਸ਼ਟੀਪੂਰਵਕ ਵਿਆਖਿਆ ਨਹੀਂ ਕਰ ਪਾਇਆ ਹੈ।

ਭਾਰਤੀ ਦਾਰਸ਼ਨਿਕਾਂ ਦੇ ਮੁਕਾਬਲੇ ਜਦੋਂ ਅਸੀਂ ਪੱਛਮੀ ਦਾਰਸ਼ਨਿਕਾਂ ਦੁਆਰਾ ਕੀਤੀ ਗਈ ਜਗਤ-ਵਿਆਖਿਆ ਨੂੰ ਦੇਖਦੇ ਹਾਂ ਤਾਂ ਇਹ ਗੱਲ ਪ੍ਰਮੁੱਖ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦੀ ਹੈ ਕਿ ਪੱਛਮੀ ਦਾਰਸ਼ਨਿਕਾਂ ਦੀ ਸ੍ਰਿਸਟੀ ਪ੍ਰਤੀ ਵਿਆਖਿਆ ਈਸਾਈ ਧਰਮ ਤੋਂ ਬੇਹੱਦ ਪ੍ਰਭਾਵਿਤ ਹੈ। ਈਸਾਈ ਧਰਮ ਅੰਦਰ ਈਸ਼ਵਰ ਨੂੰ ਹੀ ਸੰਸਾਰ ਦਾ ਸਿਰਜਣਹਾਰ ਸਵੀਕਾਰਦੇ ਹੋਏ, ਉਸ ਨੂੰ ਸਰਵ-ਸ਼ਕਤੀਮਾਨ, ਸਰਵ-ਵਿਆਪਕ, ਅਬਿਨਾਸ਼ੀ ਅਤੇ ਅਸੀਮ ਆਦਿ ਗੁਣਾਂ ਵਾਲਾ ਆਖਿਆ ਗਿਆ ਹੈ। ਇਸ ਪ੍ਰਭਾਵ ਦੇ ਫਲਸਰੂਪ ਹੀ ਪੱਛਮੀ ਦਾਰਸ਼ਨਿਕਾਂ ਦਾ ਇਕ ਸਮੂਹ ਇਹ ਮੰਨ ਕੇ ਚੱਲਦਾ ਹੈ ਕਿ ਈਸ਼ਵਰ ਨੇ ਹੀ ਪਹਿਲਾਂ ਤੋਂ ਮੌਜੂਦ ਕਿਸੇ ਤੱਤਾਂ ਆਦਿ ਤੋਂ ਇਸ ਜਗਤ ਦੀ ਸਿਰਜਣਾ ਕਰਨ ਦੀ ਬਜਾਏ ਇਸ ਦੀ ਉਤਪਤੀ ਆਪਣੀ ਇੱਛਾ ਦੇ ਰਾਹੀਂ ਹੀ ਕੀਤੀ ਹੈ। ਇਸ ਸਬੰਧੀ ਆਪਣੀ ਕਿਤਾਬ "Philosophy of Religion" ਅੰਦਰ ਜਾਨ ਹਿਕ ਦਾ ਆਖਣਾ ਹੈ ਕਿ ਇਸ ਸਿਧਾਂਤ ਅੰਦਰ 'ਰਚਨਾ' ਦਾ ਅਰਥ ਪਹਿਲਾਂ ਤੋਂ ਮੌਜੂਦ ਸਮਗਰੀ ਨੂੰ ਨਵੇਂ ਰੂਪ ਵਿਚ ਪ੍ਰਦਾਨ ਕਰਨ ਦੇ ਮੁਕਾਬਲੇ ਕਿਤੇ ਵਧੇਰੇ ਹੈ। ਇਸ ਦਾ ਅਰਥ ਅਭਾਵ ਤੋਂ ਰਚਨਾ ਕਰਨਾ ਹੈ, ਅਰਥਾਤ ਆਪਣੀ ਇੱਛਾ ਦੁਆਰਾ ਬ੍ਰਹਿਮੰਡ ਨੂੰ ਉਸ ਸਮੇਂ ਅਸਤਿਤਵ ਵਿਚ ਲਿਆਉਣਾ, ਜਦੋਂ ਕੇਵਲ ਈਸਵਰ ਹੀ ਸੀ। ਜਾਨ ਹਿਕ ਦਾ ਕਥਨ ਹੈ ਕਿ ਵਿਸ਼ਵ-ਰਚਨਾ ਦੇ ਵਿਸ਼ੇ ਵਿਚ ਉਪਰੋਕਤ ਸਿਧਾਂਤ ਦੇ ਨਾਲ ਦੋ ਪ੍ਰਮੁੱਖ ਮਾਨਤਾਵਾਂ ਲਾਜ਼ਮੀ ਰੂਪ ਵਿਚ ਸਬੰਧਿਤ ਹਨ। ਪਹਿਲੀ ਇਹ ਕਿ ਈਸ਼ਵਰ ਅਤੇ ਜਗਤ ਅੰਦਰ ਅਜਿਹਾ ਭੇਦ ਵਿਦਮਾਨ ਹੈ, ਜਿਸ ਨੂੰ ਕਦੀ ਖ਼ਤਮ ਨਹੀਂ ਕੀਤਾ ਜਾ ਸਕਦਾ ਅਤੇ ਦੂਜੀ ਇਹ ਕਿ ਸੰਪੂਰਨ ਜਗਤ ਆਪਣੇ ਅਸਤਿਤਵ ਦੇ ਲਈ ਕੇਵਲ ਈਸ਼ਵਰ ਉੱਪਰ ਹੀ ਨਿਰਭਰ ਹੈ। ਇਹ ਵਿਚਾਰ ਸਾਨੂੰ ਇਹ ਗੱਲ ਸਮਝਣ ਵਿਚ ਵੀ ਆਸਾਨੀ ਪ੍ਰਦਾਨ ਕਰਦੇ ਹਨ ਕਿ ਈਸਵਰ ਨੇ ਇਸ ਜਗਤ ਦੀ ਉਤਪਤੀ ਕਿਸੇ ਵਿਸ਼ੇਸ ਸਮੇਂ ਜਾਂ ਕਾਲ ਵਿਚ ਨਹੀਂ ਕੀਤੀ ਹੈ, ਕਿਉਂਕਿ ਜਿਸ ਸਮੇਂ ਸ੍ਰਿਸਟੀ ਰਚਨਾ ਹੋਈ, ਉਸ ਵਕਤ ਕਾਲ ਦੀ ਕੋਈ ਹੋਂਦ ਹੀ ਨਹੀਂ ਸੀ। ਸੰਤ ਆਗਸਟਾਈਨ ਨੇ ਆਪਣੀ ਕਿਤਾਬ "Confession" ਵਿਚ ਇਸ ਗੱਲ ਦੀ ਹੀ ਪ੍ਰੋੜ੍ਹਤਾ ਕੀਤੀ ਹੈ, ਪਰ ਜਾਰਜ ਗੈਲੋਵੇ ਨੇ ਇਸ ਵਿਚਾਰ ਉੱਪਰ ਕੁਝ ਆਪੱਤੀਆਂ ਦਰਜ ਕੀਤੀਆਂ ਹਨ। ਗੈਲੇਵੋ ਆਪਣੀ ਰਚਨਾ "The Philosophy of Religion" ਅੰਦਰ ਲਿਖਦੇ ਹਨ ਕਿ, "ਅਭਾਵ ਤੋਂ ਸ੍ਰਿਸਟੀ ਰਚਨਾ ਦੇ ਇਸ ਵਿਚਾਰ ਅੰਦਰ ਕੁਝ ਘਾਟਾਂ ਹਨ। ਉਨ੍ਹਾਂ ਮੁਤਾਬਿਕ ਅਭਾਵ ਤੋਂ ਕਿਸੇ ਵਸਤੂ ਦੀ ਰਚਨਾ ਦੇ ਵਿਚਾਰ ਅੰਦਰ ਨਿਸ਼ਚਿਤ ਰੂਪ ਵਿਚ ਥੋੜ੍ਹੀ ਬੇਮੇਲਤਾ ਹੈ, ਕਿਉਂਕਿ ਜਦੋਂ ਅਸੀਂ ਰਚਨਾ ਕਰਨ ਦੀ ਗੱਲ ਕਰਦੇ ਹਾਂ ਤਾਂ ਸਾਡੇ ਲਈ ਮਾਨਵੀ ਕਿਰਿਆ ਦੇ ਖੇਤਰ ਤੋਂ ਪ੍ਰਾਪਤ ਸ਼ਬਦਾਂ ਅਤੇ ਸਬੂਤਾਂ ਦੇ ਪ੍ਰਯੋਗ ਨੂੰ ਛੱਡ ਦੇਣਾ ਲਗਭਗ ਅਸੰਭਵ ਹੈ, ਇਹ ਅਨੁਭਵਾਤਮਿਕ ਸੰਸਾਰ ਦੇ ਸਬੰਧਾਂ ਉੱਪਰ ਤਾਂ ਲਾਗੂ ਹੁੰਦੇ ਹਨ, ਪਰ ਇਹ ਇਸ ਗੱਲ ਦਾ ਸਮੁੱਚੇ ਰੂਪ ਵਿਚ ਵਰਨਣ ਨਹੀਂ ਕਰ ਸਕਦੇ ਕਿ ਖ਼ੁਦ ਇਸ ਸੰਸਾਰ ਦੀ ਉਤਪਤੀ ਕਿਵੇਂ ਹੋਈ?"

ਇਸ ਸਿਧਾਂਤ ਦੀਆਂ ਸਮੱਸਿਆਵਾਂ ਕਾਰਨ ਹੀ ਪੱਛਮੀ ਦਾਰਸ਼ਨਿਕਾਂ ਨੇ ਸ੍ਰਿਸਟੀ ਰਚਨਾ ਦੇ ਸਬੰਧ ਵਿਚ ਇਕ ਹੋਰ ਸਿਧਾਂਤ ਨੂੰ ਸਵੀਕਾਰ ਕੀਤਾ ਹੈ, ਜਿਸ ਨੂੰ 'ਅੰਤਰ-ਵਰਤੀ ਸਿਧਾਂਤ' ਦੇ ਨਾਮ ਨਾਲ ਜਾਣਿਆ ਜਾਂਦਾ ਹੈ। ਇਸ ਸਿਧਾਂਤ ਅਨੁਸਾਰ ਜਗਤ ਖ਼ੁਦ ਈਸ਼ਵਰ ਦੀ ਅਭਿਵਿਅਕਤੀ ਹੈ। ਜਿਸ ਦਾ ਅਰਥ ਇਹ ਹੋਇਆ ਹੈ ਕਿ ਈਸ਼ਵਰ ਹੀ ਜਗਤ ਦਾ ਇਕਮਾਤਰ ਮੂਲ ਸਰੋਤ ਹੈ, ਪਰ ਇਸ ਸਿਧਾਂਤ ਨੂੰ ਉਹ ਈਸ਼ਵਰਵਾਦੀ ਸਵੀਕਾਰ ਨਹੀਂ ਕਰਦੇ, ਜਿਹੜੇ ਈਸ਼ਵਰ ਅਤੇ ਜਗਤ ਅੰਦਰ ਭੇਦ ਸਵੀਕਾਰ ਕਰਦੇ ਹਨ। ਇਸ ਲਈ ਗੈਲੋਵੇ ਨੇ ਆਖਿਆ ਹੈ ਕਿ, "ਵਾਸਤਵ ਵਿਚ ਅਜਿਹਾ ਕੋਈ ਉਪਾਅ ਨਹੀਂ ਹੈ ਜਿਸ ਦੁਆਰਾ ਅਸੀਂ ਵਸਤੂਆਂ ਨੂੰ ਉਤਪੰਨ ਕਰਨ ਨਾਲ ਸਬੰਧਿਤ ਈਸ਼ਵਰ ਦੀ ਪ੍ਰਕਿਰਿਆ ਨੂੰ ਸਮਝ ਸਕੀਏ।" ਇਸ ਲਈ, ਅਜਿਹੀਆਂ ਕਈ ਸਮੱਸਿਆਵਾਂ ਕਾਰਨ ਹੀ ਅਸੀਂ ਦੇਖਦੇ ਹਾਂ ਕਿ ਫ਼ਾਰਸੀ ਦੇ ਇਕ ਕਥਨ ਅਨੁਸਾਰ ਸ੍ਰਿਸਟੀ ਰਚਨਾ ਅਜਿਹੀ ਕਿਤਾਬ ਹੈ, ਜਿਸ ਦਾ ਪਹਿਲਾ ਅਤੇ ਆਖਰੀ ਪੰਨਾ ਨਹੀਂ ਹੈ। ਜਿਸ ਤੋਂ ਇਹ ਸਿੱਧ ਹੁੰਦਾ ਹੈ ਕਿ ਸ੍ਰਿਸਟੀ ਰਚਨਾ ਦੇ ਆਦਿ ਅਤੇ ਅੰਤ ਬਾਰੇ ਮਨੁੱਖ ਨੂੰ ਕੋਈ ਪਤਾ ਨਹੀਂ ਹੈ, ਕਿਉਂਕਿ ਇਹ ਵਿਚਾਰ ਇਕ ਬੇਹੱਦ ਗੁੰਝਲਦਾਰ ਅਤੇ ਭੇਦ-ਭਰਿਆ ਹੈ। ਜਿਸ ਨੂੰ ਜਾਨਣ ਦਾ ਯਤਨ ਦਾਰਸ਼ਨਿਕ, ਚਿੰਤਕ, ਵਿਗਿਆਨੀ ਅਤੇ ਰਹੱਸਵਾਦੀ ਅਰੰਭ ਤੋਂ ਹੀ ਕਰਦੇ ਆ ਰਹੇ ਹਨ, ਪਰ ਇਸ ਦੀ ਆਰੰਭਤਾ ਦਾ ਕੋਈ ਅੰਤਿਮ ਫ਼ੈਸਲਾ ਅਜੇ ਤੱਕ ਨਹੀਂ ਹੋ ਪਾਇਆ ਹੈ। ਸਿੱਖ ਧਰਮ ਅੰਦਰ ਵੀ ਇਸ ਸਬੰਧੀ ਜੋ ਵਿਚਾਰ ਪ੍ਰਾਪਤ ਹੁੰਦੇ ਹਨ, ਉਨ੍ਹਾਂ ਅੰਦਰ ਵੀ ਅਜਿਹੇ ਕਿਸੇ ਫ਼ੈਸਲੇ ਨੂੰ ਅੰਤਿਮ ਸਵੀਕਾਰਨ ਦੀ ਬਜਾਏ, ਅਕਾਲ-ਪੁਰਖ ਨੂੰ ਹੀ ਇਸ ਸਾਜਨਾ ਦੇ ਗਿਆਨ ਦਾ 'ਆਖ਼ਰੀ' ਜਾਣਕਾਰ ਸਵੀਕਾਰਿਆ ਗਿਆ ਹੈ।

ਸਿੱਖ ਧਰਮ ਅੰਦਰ ਪ੍ਰਾਪਤ ਸ੍ਰਿਸਟੀ ਰਚਨਾ ਦਾ ਸਿਧਾਂਤ ਮੁੱਢਲੇ ਤੌਰ 'ਤੇ ਧਾਰਮਿਕ ਸਰੂਪ ਵਾਲਾ ਹੈ। ਜਿਸ ਦੀ ਆਧਾਰਸ਼ਿਲਾ ਗੁਰੂ ਗ੍ਰੰਥ ਸਾਹਿਬ ਦੀ ਸਮੁੱਚੀ ਬਾਣੀ ਹੈ। ਗੁਰਬਾਣੀ ਵਿਚ ਇਸ ਸਿਧਾਂਤ ਦੇ ਕਈ ਪੱਖਾਂ ਨੂੰ ਬਿਆਨ ਕੀਤਾ ਗਿਆ ਹੈ। ਜਿਨ੍ਹਾਂ ਅੰਦਰ ਸ੍ਰਿਸਟੀ ਰਚਨਾ ਤੋਂ ਪੂਰਬਲੀ ਅਵਸਥਾ, ਇਸ ਦੀ ਆਰੰਭਤਾ ਅਤੇ ਸ੍ਰਿਸਟੀ ਰਚਨਾ ਦਾ ਮਨੋਰਥ ਆਦਿ ਪ੍ਰਮੁੱਖ ਰੂਪ ਵਿਚ ਉੱਭਰ ਕਿ ਸਾਡੇ ਸਾਹਮਣੇ ਆਉਂਦੇ ਹਨ।

ਸ੍ਰਿਸਟੀ ਰਚਨਾ ਤੋਂ ਪੂਰਵਲੀ ਅਵਸਥਾ ਵਿਸ਼ੇਸ਼ ਕਰਕੇ ਮਾਰੂ ਰਾਗ ਅੰਦਰ 'ਸੋਲਹੇ' ਨਾਮੀਂ ਬਾਣੀ ਵਿਚ ਬਿਆਨ ਕੀਤੀ ਗਈ ਹੈ। ਜਿਸ ਅਨੁਸਾਰ ਇਹ ਅਵਸਥਾ ਇਕ 'ਅਰਬਦ ਨਰਬਦ ਧੁੰਧੂਕਾਰ' ਦੀ ਅਵਸਥਾ ਸੀ ਅਤੇ ਇਹ ਇੰਞ ਹੀ ਬਹੁਤ ਲੰਮੇ ਸਮੇਂ ਤੱਕ ਕਾਇਮ ਰਹੀ। ਇਸ ਵਿਚਾਰ ਅਨੁਸਾਰ ਕੋਈ 'ਸਮਾਂ' ਸੀ, ਜਦੋਂ ਸਾਰੇ ਪਾਸੇ ਹਨੇਰਾ ਹੀ ਹਨੇਰਾ ਸੀ। ਇਸ ਅਵਸਥਾ ਵਿਚ ਰਚਨਾ ਨਾਮ ਦੀ ਕੋਈ ਚੀਜ਼ ਨਹੀਂ ਸੀ। ਨਾ ਚੰਨ, ਨਾ ਸੂਰਜ, ਨਾ ਤਾਰੇ, ਨਾ ਦਿਨ ਅਤੇ ਨਾ ਹੀ ਰਾਤ ਆਦਿ। ਪ੍ਰਮਾਤਮਾ ਤੋਂ ਬਿਨਾਂ ਉਸ ਸਮੇਂ ਕੁਝ ਵੀ ਨਹੀਂ ਸੀ। ਇੱਥੋਂ ਤੱਕ ਕਿ ਸਮਾਂ ਵੀ ਨਹੀਂ ਸੀ। ਇਸ ਸਭ ਨੂੰ ਗੁਰੂ ਨਾਨਕ ਸਾਹਿਬ ਨੇ 'ਧਰਣਿ ਨ ਗਗਨਾ ਹੁਕਮੁ ਅਪਾਰਾ' ਕਿਹਾ ਹੈ। ਇਸ ਅਵਸਥਾ ਵਿਚ ਪ੍ਰਮਾਤਮਾ ਆਪਣੇ-ਆਪ ਵਿਚ 'ਸੁੰਨ-ਸਮਾਧੀ' ਅੰਦਰ ਸੀ। ਇਸ ਤੋਂ ਬਾਅਦ ਹੀ ਉਹ ਸੁੰਨ-ਸਮਾਧੀ ਵਿਚੋਂ ਬਾਹਰ ਆਇਆ, ਜਿਸ ਨੂੰ ਗੁਰਬਾਣੀ ਵਿਚ 'ਆਪੀ ਨੈ ਆਪਿ ਸਾਜਿਓ ਆਪੀ ਨੈ ਰਚਿਓ ਨਾਉ' ਕਿਹਾ ਹੈ। ਇਸ ਉਪਰੰਤ ਉਸ ਨੇ ਸ੍ਰਿਸਟੀ ਰਚਨਾ ਕੀਤੀ ਤੇ 'ਦੁਈ ਕੁਦਰਤਿ ਸਾਜੀਐ' ਦੀ ਅਵਸਥਾ ਹੋਂਦ ਵਿਚ ਆਈ। ਅਜਿਹੇ ਹੀ ਵਿਚਾਰਾਂ ਦੀ ਪ੍ਰਸਤੁਤੀ 'ਰਿਗਵੇਦ' ਦੇ ਦਸਵੇਂ ਮੰਡਲ ਵਿਚ ਵੀ ਹੋਈ ਹੈ। ਇਸ ਤੋਂ ਇਲਾਵਾ ਤੈਤਰੀਯ ਬ੍ਰਾਹਮਣ ਵਿਚ ਵੀ ਅਜਿਹਾ ਹੀ ਖ਼ਿਆਲ ਪ੍ਰਗਟ ਕੀਤਾ ਗਿਆ ਹੈ, ਜਿਸ ਅੰਦਰ ਆਖਿਆ ਗਿਆ ਹੈ ਕਿ, "ਸ਼ੁਰੂ-ਸ਼ੁਰੂ ਵਿਚ ਕੁਝ ਵੀ ਨਹੀਂ ਸੀ, ਨਾ ਆਕਾਸ਼ ਸੀ, ਨਾ ਪ੍ਰਿਥਵੀ ਸੀ।" ਇਸ ਲਈ ਅਜਿਹਾ ਮੰਨਿਆ ਗਿਆ ਹੈ

ਕਿ ਇੱਛਾ ਹੀ ਇਸ ਸੰਸਾਰ ਦੇ ਅਸਤਿਤਵ ਦਾ ਬੀਜ ਰੂਪ ਹੈ। ਜਦੋਂ ਕਿ ਸਤਪਥ ਬ੍ਰਾਹਮਣ ਦਾ ਕਥਨ ਹੈ ਕਿ, "ਸ੍ਰਿਸਟੀ ਦੇ ਆਰੰਭ ਵਿਚ ਕੇਵਲ ਪ੍ਰਜਾਪਤੀ ਹੀ ਮੌਜੂਦ ਸੀ। ਉਸ ਨੇ ਆਪਣੇ ਅੰਦਰ ਵਿਚਾਰ ਕੀਤਾ ਕਿ ਮੈਂ ਕਿਵੇਂ ਆਪਣਾ ਵਿਸਤਾਰ ਕਰਾਂ। ਉਸ ਨੇ ਕਠੋਰ ਘਾਲ਼ਣਾ ਅਤੇ ਤਪ ਕੀਤਾ। ਉਸ ਨੇ ਜੀਵਿਤ ਪ੍ਰਾਣੀਆਂ ਨੂੰ ਉਤਪੰਨ ਕੀਤਾ।"

ਇਸ ਤਰ੍ਹਾਂ ਉਪਨਿਸ਼ਦ ਸਾਹਿੱਤ ਇਸ ਗੱਲ ਦੀ ਪ੍ਰੋੜ੍ਹਤਾ ਕਰਦਾ ਹੈ ਕਿ ਈਸ਼ਵਰ ਹੀ ਇਸ ਜਗਤ ਦੀ ਸਿਰਜਣਾ ਕਰਦਾ ਹੈ ਅਤੇ ਫਿਰ ਖ਼ੁਦ ਹੀ ਇਸ ਅੰਦਰ ਸਮੋ ਜਾਂਦਾ ਹੈ। ਉਪਨਿਸ਼ਦ ਸਾਹਿੱਤ ਦੀਆਂ ਅਜਿਹੀਆਂ ਮਾਨਤਾਵਾਂ ਕਾਰਨ ਹੀ ਰਾਧਾ ਕ੍ਰਿਸ਼ਨਨ ਆਖਦੇ ਹਨ ਕਿ ਕਈ ਥਾਵਾਂ 'ਤੇ ਉਪਨਿਸ਼ਦਾਂ ਨੇ ਸਪਸ਼ਟ ਰੂਪ ਵਿਚ ਕਿਹਾ ਹੈ ਕਿ ਇਹ ਜਗਤ ਪਰਮ-ਬ੍ਰਹਮ ਦਾ ਇਕ ਤਰ੍ਹਾਂ ਨਾਲ ਵਿਕਾਸ ਹੈ, ਇਹ ਆਪਣੇ-ਆਪ ਵਿਚੋਂ ਪ੍ਰਗਟ ਹੋਣ ਵਾਲਾ ਸੁਤੰਤਰ-ਸ਼ਾਸਨ ਹੈ, ਕਿਉਂਕਿ ਇਹ ਬ੍ਰਹਮ ਦੀ ਸ਼ਕਤੀ ਦਾ ਸੰਚਾਰ ਹੈ। ਹਾਲਾਂਕਿ ਵਿਭਿੰਨ ਉਪਨਿਸ਼ਦਾਂ ਅੰਦਰ ਸਾਨੂੰ ਕਈ ਪ੍ਰਕਾਰ ਦੇ ਸ੍ਰਿਸਟੀ-ਰਚਨਾ ਸਬੰਧੀ ਵਿਚਾਰ ਪ੍ਰਾਪਤ ਹੁੰਦੇ ਹਨ, ਪਰ ਫਿਰ ਵੀ ਰਾਧਾ ਕ੍ਰਿਸ਼ਨਨ ਅਨੁਸਾਰ ਚਾਰ ਭਿੰਨ ਪ੍ਰਕਾਰ ਦੇ ਸਿਧਾਂਤ ਉਪਨਿਸ਼ਦਾਂ ਵਿਚੋਂ ਉੱਭਰ ਕੇ ਸਾਹਮਣੇ ਆਉਂਦੇ ਹਨ। ਜੋ ਇਸ ਤਰ੍ਹਾਂ ਹਨ:

1. ਪ੍ਰਾਕ੍ਰਿਤੀ ਅਨਾਦੀ-ਕਾਲ ਤੋਂ ਈਸ਼ਵਰ ਦੇ ਅਸਤਿਤਵ ਰਾਹੀਂ ਸੁਤੰਤਰ ਰੂਪ ਵਿਚ ਵਿਦਮਾਨ ਹੈ, ਈਸ਼ਵਰ ਕੇਵਲ ਉਸ ਨੂੰ ਆਕਾਰ ਦਿੰਦਾ ਹੈ, ਪਰ ਉਸ ਦੀ ਰਚਨਾ ਨਹੀਂ ਕਰਦਾ;
2. ਈਸ਼ਵਰ ਅਸੱਤ ਤੋਂ ਵਿਸ਼ਵ ਦੀ ਰਚਨਾ ਹੈ ਅਤੇ ਵਿਸ਼ਵ ਈਸ਼ਵਰ ਤੋਂ ਸੁਤੰਤਰ ਹੈ, ਹਾਲਾਂਕਿ ਇਹ ਸੰਸਾਰ ਉਸ ਦੀ ਰਚਨਾ ਹੈ;
3. ਈਸ਼ਵਰ ਖ਼ੁਦ ਨੂੰ ਹੀ ਪਰਿਵਰਤਿਤ ਕਰ ਕੇ ਸ੍ਰਿਸਟੀ ਦੀ ਰਚਨਾ ਕਰਦਾ ਹੈ; ਅਤੇ
4. ਈਸ਼ਵਰ ਹੀ ਇਕਮਾਤਰ ਯਥਾਰਥ ਸੱਤਾ ਹੈ, ਸ੍ਰਿਸਟੀ ਕੁਝ ਨਹੀਂ ਹੈ।

ਇਹ ਅੰਤਿਮ ਮੱਤ ਹੀ ਅਸਲ ਵਿਚ ਉਪਨਿਸ਼ਦਾਂ ਦਾ ਮੌਲਿਕ ਮੱਤ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਉਪਨਿਸ਼ਦਾਂ ਨੇ ਸ਼ਪਸਟ ਰੂਪ ਵਿਚ ਇਹ ਜਰੂਰ ਕਿਹਾ ਹੈ ਕਿ ਵਿਸ਼ਵ, ਈਸ਼ਵਰ ਦੇ ਅੰਦਰ ਹੈ, ਪਰ ਇਹ ਮੱਤ ਉਨ੍ਹਾਂ ਨੇ ਕਿਤੇ ਵੀ ਪ੍ਰਗਟ ਨਹੀਂ ਕੀਤਾ ਕਿ ਸੰਸਾਰ ਹੀ ਈਸ਼ਵਰ ਹੈ, ਬਲਕਿ ਬ੍ਰਹਦਾਰਣਯਕ ਉਪਨਿਸ਼ਦ ਅੰਦਰ ਤਾਂ ਇਹ ਆਖਿਆ ਗਿਆ ਹੈ ਕਿ, "ਜਿਵੇਂ ਅਗਨੀ ਤੋਂ ਅਨੇਕਾਂ ਨਿੱਕੀਆਂ-ਨਿੱਕੀਆਂ ਚੰਗਿਆੜੀਆਂ ਨਿੱਕਲਦੀਆਂ ਹਨ, ਉਸੇ ਪ੍ਰਕਾਰ ਆਤਮਾ ਤੋਂ ਪ੍ਰਾਣ, ਸਮੂਹ ਲੋਕ, ਸਮੂਹ ਦੇਵਤਾ ਅਤੇ ਤੱਤ ਉਤਪੰਨ ਹੁੰਦੇ ਹਨ।" ਜਦੋਂ ਕਿ ਛਾਂਦੋਗਯ ਮੁਤਾਬਿਕ, "ਜਿਸ ਪ੍ਰਕਾਰ ਮੱਕੜੀ ਆਪਣਾ ਜਾਲ ਬੁਣਦੀ ਹੈ, ਉਸੇ ਤਰ੍ਹਾਂ ਪ੍ਰਿਥਵੀ ਵਿਚ ਬਨਸਪਤੀ ਪੈਦਾ ਹੁੰਦੀ ਹੈ।" ਇਸ ਤੋਂ ਇਲਾਵਾ ਸਵੇਤਾਸ਼ਵਤਰ ਅਤੇ ਤੈਤਰੀਯ ਉਪਨਿਸ਼ਦ ਨੇ ਵੀ ਬ੍ਰਹਮ ਨੂੰ ਹੀ ਜਗਤ ਦਾ ਅੰਤਿਮ ਕਾਰਨ ਸਵੀਕਾਰਿਆ ਹੈ। ਇਸ ਸਬੰਧੀ ਤੈਤਰੀਯ ਉਪਨਿਸ਼ਦ ਦਾ ਆਖਣਾ ਹੈ:

**यतो वा इमानि भूतानि जायन्ते येन जातानि जीवन्ति**

**यत्प्रयन्त्यभिसंविशन्ति तद्विजिज्ञासस्व तद् ब्रह्म**

ਅਰਥਾਤ: ਜਿਸ ਪਰਮਾਤਮਾ ਦੀ ਰਚਨਾ ਤੋਂ ਪਹਿਲਾਂ ਇਹ ਸਭ ਪ੍ਰਿਥਵੀ ਆਦਿ ਭੂਤ ਉਤਪੰਨ ਹੁੰਦੇ ਹਨ, ਜਿਸ ਰਾਹੀਂ ਜਿਉਂਦੇ ਅਤੇ ਆਖੀਰ ਮੌਤ ਨੂੰ ਪ੍ਰਾਪਤ ਹੁੰਦੇ ਹਨ, ਉਹ ਬ੍ਰਹਮ ਹੈ। (ਹੇ ਮਨੁੱਖ! ਤੁਸੀਂ) ਉਸ ਨੂੰ ਜਾਣਨ ਦੀ ਇੱਛਾ ਕਰੋ।

ਇਨ੍ਹਾਂ ਵਿਚਾਰ-ਦ੍ਰਿਸ਼ਟੀਆਂ ਪ੍ਰਤੀ ਇਕ ਵੱਖਰੀ ਸੁਰ ਰੱਖਣ ਵਾਲੇ ਸਾਂਖ ਦਰਸ਼ਨ ਦੇ ਹਵਾਲੇ ਸਹਿਤ ਕਰਤਾ 'ਗੁਰੂ ਗ੍ਰੰਥ ਵਿਸ਼ਵ ਕੋਸ਼' ਅਨੁਸਾਰ, ਪ੍ਰਕ੍ਰਿਤੀ ਹੀ ਸੰਸਾਰ ਦਾ ਆਦਿ ਕਾਰਨ ਹੈ। ਜਿਹੜੀ ਕਿ ਨਿੱਤਯ, ਜੜ੍ਹ ਅਤੇ ਪਰਿਵਰਤਨਸ਼ੀਲ ਹੈ। ਇਸ ਦਾ ਉਦੇਸ਼ 'ਪੁਰਸ਼' ਦੀ ਉਦੇਸ਼ਪੂਰਤੀ ਤੋਂ ਭਿੰਨ ਹੋਰ ਕੁਝ ਵੀ ਨਹੀਂ ਹੈ। ਇਸ ਤਰ੍ਹਾਂ ਦਾ ਵਿਚਾਰ ਹੀ ਯੋਗ-ਸ਼ਾਸਤਰ ਦਾ ਵੀ ਹੈ, ਜਿਹੜਾ ਕਿ ਸਾਂਖ ਮੱਤ ਦਾ ਹੀ ਅਨੁਸਰਣ ਕਰਦਾ ਹੈ। ਉਸ ਅਨੁਸਾਰ ਪ੍ਰਕ੍ਰਿਤੀ ਅਤੇ ਪੁਰਸ਼ ਦੇ ਸੰਯੋਗ ਨਾਲ ਸੰਸਾਰ ਦੀ ਰਚਨਾ ਦਾ ਆਰੰਭ ਹੁੰਦਾ ਹੈ ਅਤੇ ਸੰਯੋਗਤਾ ਦਾ ਅੰਤ ਹੋਣ 'ਤੇ ਪ੍ਰਲਯ ਹੁੰਦੀ ਹੈ।

ਆਰਿਆਈ ਪਰੰਪਰਾ ਤੋਂ ਇਲਾਵਾ ਸ੍ਰਿਸ਼ਟੀ ਰਚਨਾ ਸਬੰਧੀ ਅਪਣੇ ਵਿਚਾਰਾਂ ਦੀ ਸਥਾਪਨਾ ਕਰਦਿਆਂ ਸਾਮੀ ਧਰਮ-ਗ੍ਰੰਥਾਂ ਨੇ ਇਕ ਵੱਖਰਾ ਦ੍ਰਿਸ਼ਟੀਕੋਣ ਪ੍ਰਸਤੁਤ ਕੀਤਾ ਹੈ। ਜਿਸ ਨੂੰ ਪ੍ਰਮੁੱਖ ਰੂਪ ਵਿਚ 'ਪੁਰਾਣਾ ਅਹਿਦਨਾਮਾ' ਅੰਦਰ ਪ੍ਰਗਟਾਇਆ ਗਿਆ ਹੈ। ਈਸਾਈਅਤ ਤੋਂ ਇਲਾਵਾ ਇਸਲਾਮ ਧਰਮ ਅੰਦਰ ਵੀ ਇਸ ਵਿਚਾਰ ਪ੍ਰਤੀ ਆਪਣਾ ਦ੍ਰਿਸ਼ਟੀਕੋਣ ਪ੍ਰਸਤੁਤ ਕੀਤਾ ਗਿਆ ਹੈ ਕਿ ਜਗਤ ਦੀ ਪੈਦਾਇਸ਼ ਕਿਸ ਪ੍ਰਕਾਰ ਹੋਈ ਹੈ। ਇਸ ਬਾਬਤ ਇਸਲਾਮਿਕ ਦਰਸ਼ਨ ਦਾ ਵਿਸ਼ਵਾਸ਼ ਹੈ ਕਿ:

ਉਹ (ਅਲੱਾਹ) ਆਕਾਸ਼ਾਂ ਅਤੇ ਧਰਤੀ ਦਾ ਸਰਵ-ਪ੍ਰਥਮ ਪੈਦਾ ਕਰਨ ਵਾਲਾ ਹੈ।

ਕੁਰਾਨ ਮਜੀਦ, 6:101

ਇਸ ਆਇਤ ਦੀ ਵਿਆਖਿਆ ਕਰਦਿਆਂ ਕਿਹਾ ਜਾ ਸਕਦਾ ਹੈ ਕਿ ਕਿਸੇ ਵਸਤੂ ਨੂੰ ਅਸਤਿਤਵ ਵਿਚ ਲਿਆਉਣ ਵਾਲਾ ਸਿਰਫ਼ ਖ਼ੁਦਾ ਹੀ ਹੈ। ਇਸ ਲਈ ਉਸ ਨੂੰ ਖ਼ਾਲਿਕ ਕਿਹਾ ਜਾਂਦਾ ਹੈ ਅਤੇ ਇਹੀ ਉਸ ਦੀ ਵਿਸ਼ੇਸ਼ਤਾ ਹੈ। ਜਿਹੜਾ 'ਵਸਤੂ' ਜਾਂ ਪਦਾਰਥ ਪਹਿਲਾਂ ਤੋਂ ਹੀ ਮੌਜੂਦ ਹੋਵੇ, ਉਸ ਦੀ ਸਹਾਇਤਾ ਨਾਲ ਕਿਸੇ ਚੀਜ਼ ਨੂੰ ਬਣਾਉਣਾ ਕੋਈ ਕਮਾਲ ਦੀ ਗੱਲ ਨਹੀਂ ਹੈ। ਇਹ ਤਾਂ ਇਨਸਾਨ ਵੀ ਕਰ ਸਕਦੇ ਹਨ। ਜਿਵੇਂ ਕਿ ਲੱਕੜੀ ਦੀ ਸਹਾਇਤਾ ਨਾਲ ਫਰਨੀਚਰ ਵਗ਼ੈਰਾ ਜਾਂ ਮਿੱਟੀ ਤੋਂ ਘੜਾ ਬਣਾ ਲੈਣਾ। ਇਹ ਸਿਰਫ਼ ਖ਼ੁਦਾ ਹੀ ਹੈ ਜਿਹਾ 'ਕੁਝ ਨਹੀਂ' ਤੋਂ 'ਕੁਝ' ਦੀ ਪੈਦਾਇਸ਼ ਕਰ ਸਕਦਾ ਹੈ। ਇਸਲਾਮੀ ਅਕੀਦੇ ਮੁਤਾਬਿਕ ਅਲੱਾਹ ਹੀ ਵਿਸ਼ਵ ਦਾ ਸਿਰਜਣਹਾਰ ਹੈ। ਉਸ ਨੇ ਹੀ ਜਿਵੇਂ ਚਾਹਿਆ ਸੰਸਾਰ ਨੂੰ ਬਣਾ ਦਿੱਤਾ। ਭੌਤਿਕ ਵਿਸ਼ਵ ਉਸ ਉੱਪਰ ਹੀ ਆਧਾਰਿਤ ਹੈ। ਇਸ ਦਾ ਅਰਥ ਇਹ ਹੋਇਆ ਕਿ ਭੌਤਿਕ ਸੰਸਾਰ ਪੂਰਨ ਰੂਪ ਵਿਚ ਵਾਸਤਵਿਕ ਹੈ। ਇਸ ਤੋਂ ਇਲਾਵਾ ਇਸਲਾਮ ਦਾ ਇਹ ਵੀ ਮੰਨਣਾ ਹੈ ਕਿ ਅਲੱਾਹ ਦੇ ਚੰਗਾ ਹੋਣ ਕਾਰਨ ਸੰਸਾਰ ਅੰਦਰ ਵੀ ਕੋਈ ਦੋਸ਼ ਦਿਖਾਈ ਨਹੀਂ ਦਿੰਦਾ।

ਉਪਰੋਕਤ ਵਿਚਾਰ-ਦ੍ਰਿਸ਼ਟੀਆਂ ਤੋਂ ਇਲਾਵਾ ਅਸੀਂ ਦੇਖਦੇ ਹਾਂ ਕਿ ਸ੍ਰਿਸ਼ਟੀ ਰਚਨਾ ਦੇ ਸਵਾਲ ਨਾਲ ਪੂਰਬੀ ਹੀ ਨਹੀਂ, ਸਗੋਂ ਯੂਨਾਨੀ ਦਾਰਸ਼ਨਿਕਾਂ ਨੇ ਵੀ ਨਜਿੱਠਣ ਦੀ ਕੋਸ਼ਿਸ਼ ਕੀਤੀ ਹੈ। ਪ੍ਰਾਚੀਨ ਯੂਨਾਨ ਦੇ ਮੁੱਢਲੇ ਸਟੋਇਕ ਦਾਰਸ਼ਨਿਕ ਮੌਲਿਕ ਦੈਵੀ ਅਗਨੀ ਤੋਂ ਸੰਸਾਰ ਦੀ ਉਤਪਤੀ ਦਾ ਤਰਤੀਬਵਾਰ ਵਰਨਣ ਪ੍ਰਸਤੁਤ ਕਰਦੇ ਹਨ। ਜਿਸ ਮੁਤਾਬਿਕ ਹਵਾ, ਜਲ ਅਤੇ ਪ੍ਰਿਥਵੀ ਅਗਨੀ ਤੋਂ ਉਤਪੰਨ ਹੁੰਦੇ ਹਨ, ਪਰ ਫਿਰ ਵੀ ਦੈਵੀ ਸਿਧਾਂਤ ਨਿਮਨ ਤੱਤਾਂ ਅੰਦਰ ਵਿਆਪਕ ਰਹਿੰਦਾ ਹੈ। ਪ੍ਰਸਿੱਧ ਯੂਨਾਨੀ ਦਾਰਸ਼ਨਿਕ ਅਨੈਗਜ਼ੀਮੈਂਡਰ ਦਾ ਵਿਚਾਰ ਸੀ ਕਿ ਸਾਡੀ ਦੁਨੀਆ ਉਨ੍ਹਾਂ ਅਨੰਤ ਸੰਸਾਰਾਂ ਵਿਚੋਂ ਇਕ ਹੈ, ਜਿਨ੍ਹਾਂ ਦਾ ਵਿਕਾਸ ਹੁੰਦਾ ਹੈ ਅਤੇ ਜਿਹੜੀਆਂ ਕਿਸੇ ਅਸੀਮ ਕਹੇ ਜਾਣ ਵਾਲੀ ਸੱਤਾ ਵਿਚ ਲੁਪਤ ਹੋ ਜਾਂਦੀਆਂ ਹਨ। ਅਨੈਗਜ਼ੀਮੈਂਡਰ ਨੇ ਅਸੀਮ ਜੜ੍ਹ-ਤੱਤ ਨੂੰ ਮੂਲ (ਦ੍ਰਵ) ਸਵੀਕਾਰ ਕੀਤਾ। ਪ੍ਰਸਿੱਧ ਵਿਦਵਾਨ ਜ਼ੈਲਰ ਨੇ ਆਪਣੀ ਕਿਤਾਬ, "A History of Greek Philosophy" ਅੰਦਰ ਆਖਿਆ ਹੈ

ਕਿ, "ਅਨੈਗਜ਼ੀਮੈਂਡਰ ਦਾ ਅਸੀਮ ਸਦੀਵੀ ਅਤੇ ਅਬਿਨਾਸ਼ੀ ਹੈ। ਉਹ ਆਦਿ ਕਾਲ ਤੋਂ ਹੀ ਚੇਤੰਨ ਸ਼ਕਤੀ-ਯੁਕਤ ਹੈ। ਅਰਸਤੂ ਅਨੁਸਾਰ ਅਸੀਮ ਵਿਚ ਨਾ ਕੇਵਲ ਸਾਰੀਆਂ ਵਸਤਾਂ ਸਮਾਈਆਂ ਹੋਈਆਂ ਸਨ, ਸਗੋਂ ਉਹ (ਅਸੀਮ) ਸਾਰੀਆਂ ਵਸਤਾਂ ਦਾ ਨਿਰਦੇਸ਼ਨ-ਕਰਤਾ ਵੀ ਸੀ। ਇਸ ਤਰ੍ਹਾਂ ਇਹ ਸਵੈ-ਚਾਲਿਤ ਅਤੇ ਸਜੀਵ ਸੀ ਅਤੇ ਇਸ ਗਤੀਸ਼ੀਲਤਾ ਜਾਂ ਹਰਕਤ ਕਾਰਨ ਹੀ ਇਸ ਨੇ ਆਪਣੇ-ਆਪ ਤੋਂ ਸਾਰੀਆਂ ਵਸਤਾਂ ਉਪਜਾਈਆਂ। ਅਰਸਤੂ ਨੇ ਠੀਕ ਹੀ ਅਨੈਗਜ਼ੀਮੈਂਡਰ ਦੇ ਅਸੀਮ ਨੂੰ ਦੈਵੀ ਤੱਤ ਕਿਹਾ ਹੈ, ਭਾਵੇਂ ਕਿ ਇਸ ਗੱਲ ਵਿਚ ਸੰਦੇਹ ਹੈ ਕਿ ਅਨੈਗਜ਼ੀਮੈਂਡਰ ਨੇ ਇਸ ਪ੍ਰਕਾਰ ਦੀ ਕੋਈ ਅਭਿਵਿਆਕਤੀ ਆਪ ਕੀਤੀ ਹੋਵੇ।"

ਹੇਰਾਕਲਾਈਟਸ (540-480 ਈ. ਪੂ.) ਦਾ ਵਿਚਾਰ ਸੀ ਕਿ ਈਸ਼ਵਰ ਜਾਂ ਦੇਵਤਾ (ਹਾਲਾਂਕਿ ਇਹ ਸਾਫ਼ ਹੈ ਕਿ ਉਹ ਪੌਰਾਣਿਕ ਕਥਾਵਾਂ ਵਾਲੇ ਦੇਵਤਿਆਂ ਦੀ ਗੱਲ ਨਹੀਂ ਕਰ ਰਿਹਾ ਸੀ) ਕੋਈ ਅਜਿਹੀ ਸ਼ਕਤੀ ਸੀ, ਜਿਸ ਨੇ ਸਾਰੀ ਦੁਨੀਆ ਨੂੰ ਆਪਣੇ ਅੰਦਰ ਸਮੋਇਆ ਹੋਇਆ ਸੀ। ਪ੍ਰਕ੍ਰਿਤੀ ਦੇ ਨਿਰੰਤਰ ਰੂਪਾਂਤਰਨਾਂ ਅਤੇ ਅੰਤਰ੍ਹਾਂ ਅੰਦਰ ਈਸ਼ਵਰ ਨੂੰ ਬਿਲਕੁਲ ਸਪਸ਼ਟ ਦੇਖਿਆ ਜਾ ਸਕਦਾ ਸੀ। ਜਦੋਂ ਕਿ ਐਂਪੀਡੋਕਲੀਜ (490-430 ਈ. ਪੂ.) ਦਾ ਮੰਨਣਾ ਸੀ ਕਿ ਕੁੱਲ ਮਿਲਾ ਕਿ ਪ੍ਰਕ੍ਰਿਤੀ ਚਾਰ ਤੱਤਾਂ ਜਾਂ 'ਜੜ੍ਹਾਂ' ਤੋਂ ਬਣੀ ਹੈ, ਇਹ ਚਾਰ ਤੱਤ ਸਨ- ਪ੍ਰਿਥਵੀ, ਹਵਾ, ਅੱਗ ਅਤੇ ਪਾਣੀ, ਪਰ ਅਨੈਕਸਾਗੋਰਸ (500-428 ਈ. ਪੂ.) ਇਸ ਗੱਲ ਨਾਲ ਸਹਿਮਤ ਨਹੀਂ ਸੀ ਕਿ ਵਿਸ਼ੇਸ਼ ਮੂਲ ਸਾਰ-ਤੱਤ ਨੂੰ (ਉਦਾਹਰਨ ਵਜੋਂ ਪਾਣੀ) ਅਸੀਂ ਹਰ ਉਸ ਚੀਜ਼ ਵਿਚ ਰੂਪਾਂਤਰਿਤ ਕਰ ਸਕਦੇ ਹਾਂ, ਜਿਸ ਨੂੰ ਅਸੀਂ ਪ੍ਰਾਕ੍ਰਿਤਿਕ ਜਗਤ ਵਿਚ ਦੇਖਦੇ ਹਾਂ। ਉਹ ਇਹ ਵੀ ਸਵੀਕਾਰ ਨਹੀਂ ਕਰਦਾ ਸੀ ਕਿ ਪ੍ਰਿਥਵੀ, ਹਵਾ, ਅੱਗ ਤੇ ਪਾਣੀ ਨੂੰ ਲਹੂ ਅਤੇ ਹੱਡੀ ਵਿਚ ਬਦਲਿਆ ਜਾ ਸਕਦਾ ਹੈ। ਇਸ ਸਭ ਤੋਂ ਅਲਹਿਦਾ ਉਸ ਨੇ ਇਕ ਅਜਿਹੀ ਸ਼ਕਤੀ ਦੇ ਰੂਪ ਵਿਚ 'ਵਿਵਸਥਾ' ਦੀ ਕਲਪਨਾ ਕੀਤੀ, ਜਿਹੜੀ ਸਾਰੇ ਮਾਨਵਾਂ ਅਤੇ ਜਾਨਵਰਾਂ, ਰੁੱਖਾਂ, ਬੂਟਿਆਂ ਆਦਿ ਦੀ ਰਚਨਾ ਕਰਦੀ ਹੈ। ਉਸ ਨੇ ਇਸ ਸ਼ਕਤੀ ਨੂੰ ਮਨ ਜਾਂ ਬੁੱਧੀ (Nous) ਕਿਹਾ।

ਪ੍ਰਾਚੀਨ ਯੂਨਾਨੀ ਦਾਰਸ਼ਨਿਕਾਂ ਅੰਦਰ ਡੈਮੋਕ੍ਰਾਈਟਸ (460-370 ਈ. ਪੂ.) ਨੂੰ ਮਹਾਨ ਪ੍ਰਾਕ੍ਰਿਤਿਕ ਦਾਰਸ਼ਨਿਕਾਂ ਵਿਚੋਂ ਆਖਰੀ ਸਵੀਕਾਰਿਆ ਜਾ ਸਕਦਾ ਹੈ। ਉਸ ਦਾ ਮੰਨਣਾ ਸੀ ਕਿ ਪ੍ਰਕ੍ਰਿਤੀ ਅਣੂਆਂ ਦੀ ਅਸੀਮਤਾ ਤੋਂ ਬਣੀ ਹੋਈ ਹੈ। ਇਸ ਲਈ, ਉਸ ਦਾ ਕਿਸੇ ਅਜਿਹੀ ਸੱਤਾ ਵਿਚ ਕੋਈ ਯਕੀਨ ਨਹੀਂ ਸੀ, ਜਿਹੜੀ ਕੁਦਰਤੀ ਪ੍ਰਕਿਰਿਆਵਾਂ ਅੰਦਰ ਕਿਸੇ ਪ੍ਰਕਾਰ ਦਾ ਕੋਈ ਦਖ਼ਲ ਕਰਦੀ ਸੀ, ਸਗੋਂ ਉਸ ਦਾ ਵਿਸ਼ਵਾਸ਼ ਸੀ ਕਿ ਅਸਤਿਤਵਮਾਨ ਕੇਵਲ ਅਣੂ ਅਤੇ ਖਾਲੀਪਣ ਹੈ। ਉਸ ਮੁਤਾਬਿਕ, ਅਣੂਆਂ ਦੀ ਗਤੀਸ਼ੀਲਤਾ ਅੰਦਰ ਕੋਈ ਸਚੇਤਨ 'ਡਿਜ਼ਾਇਨ' (ਯੋਜਨਾ) ਨਹੀਂ ਹੈ। ਪ੍ਰਕ੍ਰਿਤੀ ਅੰਦਰ ਹਰ ਚੀਜ਼ ਦਾ ਇਕ ਪ੍ਰਕ੍ਰਿਤਿਕ ਕਾਰਨ ਹੁੰਦਾ ਹੈ, ਇਕ ਅਜਿਹਾ ਕਾਰਨ ਜਿਹੜਾ ਖੁਦ ਉਸ ਚੀਜ਼ ਵਿਚ ਸ਼ਾਮਿਲ ਹੁੰਦਾ ਹੈ। ਹਿਰੇਕਲਾਈਟਸ ਦੀ ਤਰ੍ਹਾ ਉਸ ਦਾ ਵੀ ਮੰਨਣਾ ਸੀ ਕਿ ਪ੍ਰਕ੍ਰਿਤੀ ਅੰਦਰ ਹਰ ਚੀਜ਼ 'ਵਹਿੰਦੀ ਜਾ ਰਹੀ ਹੈ', ਕਿਉਂਕਿ ਰੂਪ-ਆਕਾਰ ਆਉਂਦੇ-ਜਾਂਦੇ ਰਹਿੰਦੇ ਹਨ, ਹਰ ਵਹਿਣ ਵਾਲੀ ਚੀਜ਼ ਦੇ ਪਿੱਛੇ ਕੁਝ ਤਾਕਤਵਰ ਅਤੇ ਅਪਰਵਰਤਨਸ਼ੀਲ ਚੀਜ਼ਾਂ ਸਨ, ਜੋ ਵਹਿੰਦੀਆਂ ਨਹੀਂ ਹਨ। ਡੈਮੋਕਰਾਈਟਸ ਉਨ੍ਹਾਂ ਨੂੰ ਅਣੂ ਆਖਦਾ ਹੈ। ਉਸ ਮੁਤਾਬਿਕ ਸੰਸਾਰ ਵਿਚ ਸਾਰੀਆਂ ਘਟਨਾਵਾਂ ਯਾਂਤ੍ਰਿਕ ਸ਼ਕਤੀਆਂ ਦੁਆਰਾ ਸੰਚਾਲਿਤ ਹੁੰਦੀਆਂ ਹਨ, ਇਸ ਲਈ ਇੱਥੇ ਮਨਸ ਦੇ ਨਾਮ ਵਰਗੀ ਕੋਈ ਸ਼ਕਤੀ ਨਹੀਂ ਹੈ। ਇਸ ਕਾਰਨ ਡੈਕੋਮਰਾਈਟਸ ਦੇ ਸਿਧਾਂਤਾਂ ਨੂੰ ਪ੍ਰਮਾਣੂਵਾਦੀ ਆਖਿਆ ਜਾਂਦਾ ਹੈ। ਇਸ ਲਈ ਬਹੁਤ ਸਾਰੇ ਬਾਅਦ ਦੇ ਉਨ੍ਹਾਂ ਦਾਰਸ਼ਨਿਕ

ਇਤਿਹਾਸਕਾਰਾਂ ਨੇ ਜਿਨ੍ਹਾਂ ਨੇ ਉਸ ਦੇ ਸਿਧਾਂਤਾਂ ਦਾ ਅਨੁਸਰਣ ਕੀਤਾ, ਉਨ੍ਹਾਂ ਨੂੰ ਪ੍ਰਮਾਣੂਵਾਦੀ ਦਾਰਸ਼ਨਿਕ ਵੀ ਆਖਿਆ ਜਾਣ ਲੱਗਾ।

ਪ੍ਰਮਾਣੂਵਾਦੀਆਂ ਅਨੁਸਾਰ ਸੰਸਾਰ ਦੀਆਂ ਸਾਰੀਆ ਵਸਤੂਆਂ ਪ੍ਰਮਾਣੂਆ ਤੋਂ ਬਣਦੀਆਂ ਹਨ। ਇਸ ਲਈ ਉਨ੍ਹਾਂ ਨੇ ਐਮਪੀਡਾਕਲੀਜ਼ ਦੇ ਇਸ ਸਿਧਾਂਤ ਨੂੰ ਵੀ ਮੰਨਣ ਤੋਂ ਇਨਕਾਰ ਕਰ ਦਿੱਤਾ ਕਿ ਸ਼੍ਰਿਸਟੀ ਦੇ ਮੂਲ ਵਿਚ ਪ੍ਰਿਥਵੀ, ਜਲ, ਹਵਾ ਅਤੇ ਅੱਗ ਦੇ ਮੂਲ ਤੱਤ ਸਨ। ਉਹ ਅਨੈਗਜ਼ਾਗੋਰਸ ਦੇ ਇਸ ਵਿਚਾਰ ਨਾਲ ਵੀ ਸਹਿਮਤ ਨਹੀਂ ਕਿ ਸ਼੍ਰਿਸਟੀ ਦੇ ਆਰੰਭ ਵਿਚ ਵਿਭਿੰਨ ਗੁਣਾਂ ਦੇ ਅਸੰਖ ਬੀਜ ਮੌਜੂਦ ਹਨ। ਹਾਲਾਂਕਿ ਪ੍ਰਮਾਣੂਵਾਦੀ ਵਿਚਾਰਧਾਰਾ ਇਕੱਲੇ ਪ੍ਰਾਚੀਨ ਯੂਨਾਨ ਅੰਦਰ ਹੀ ਨਹੀਂ ਪਾਈ ਜਾਂਦੀ ਸੀ, ਸਗੋਂ ਇਸ ਦਾ ਭਾਰਤ ਅੰਦਰ ਵੀ ਇਕ ਵੱਖਰਾ ਅਸਤਿਤਵ ਮੌਜੂਦ ਸੀ। ਭਾਰਤ ਅੰਦਰ ਪ੍ਰਮਾਣੂਵਾਦ ਦੇ ਸਿਧਾਂਤ ਦੇ ਮੋਢੀ ਕਾਤਯਾਯਨ ਸਨ, ਜਿਨ੍ਹਾਂ ਦਾ ਜਨਮ ਬੁੱਧ ਤੋਂ ਕੁਝ ਸਾਲ ਪਹਿਲਾਂ ਹੋਇਆ ਮੰਨਿਆ ਜਾਂਦਾ ਹੈ। ਇਸ ਤਰ੍ਹਾਂ ਭਾਰਤੀ ਪ੍ਰਮਾਣੂਵਾਦ ਡੈਮੋਕਰਾਈਟਸ ਤੋਂ ਪ੍ਰਾਚੀਨ ਹੈ। ਜੈਨ ਵਿਚਾਰਧਾਰਾ ਮੁਤਾਬਿਕ ਵੀ ਸਾਰੇ ਪ੍ਰਮਾਣੂ ਸਾਮਾਨ ਹਨ ਤੇ ਪ੍ਰਮਾਣੂਆਂ ਦੇ ਵਿਭਿੰਨ ਢੰਗਾਂ ਨਾਲ ਸੰਯੋਜਨ ਹੋਣ ਕਾਰਨ ਹੀ ਤੱਤਾਂ ਦੇ ਵਿਚਕਾਰ ਭੇਦ ਦਿਖਾਈ ਪੈਂਦਾ ਹੈ। ਆਮ ਤੌਰ 'ਤੇ ਪ੍ਰਮਾਣੂ ਨੂੰ ਨਿੱਤਯ ਮੰਨਿਆ ਗਿਆ ਹੈ, ਪਰ ਕੁਝ ਬੌਧ ਵਿਚਾਰਕਾਂ ਨੇ ਪ੍ਰਮਾਣੂ ਦੀ ਕਲਪਨਾ ਨਾ ਕੇਵਲ ਸੂਖ਼ਮ ਪਦਾਰਥ ਦੇ ਰੂਪ ਵਿਚ ਬਲਕਿ ਕਾਲ ਦੀ ਘੱਟ ਤੋਂ ਘੱਟ ਇਕਾਈ ਦੇ ਰੂਪ ਵਿਚ ਵੀ ਕੀਤੀ ਹੈ। ਪ੍ਰਮਾਣੂ ਦੀ ਉਮਰ ਕਾਲ ਦੀ ਨਿਊਨਤਮ ਇਕਾਈ ਤੱਕ ਸੀਮਤ ਰਹਿੰਦੀ ਹੈ। ਇਕ ਪ੍ਰਮਾਣੂ ਅਦ੍ਰਿਸ ਹੁੰਦੇ ਹੀ ਦੂਜੇ ਨੂੰ ਜਨਮ ਦਿੰਦਾ ਹੈ। ਇਸ ਪ੍ਰਕਾਰ ਬੁੱਧ ਦਰਸ਼ਨ ਦੇ ਵਿਕਸਿਤ ਪ੍ਰਮਾਣੂ ਦੀ ਸੰਕਲਪਨਾ ਕੁਝ ਸੀਮਾ ਤੱਕ ਮੈਕਸ ਪਲਾਂਕ ਦੇ ਆਧੁਨਿਕ ਕਵਾਂਟਮ ਸਿਧਾਂਤ ਨਾਲ ਮਿਲਦੀ-ਜੁਲਦੀ ਹੈ।

ਆਪਣੇ ਇਕ ਲੇਖ 'ਗੁਰਮਤਿ ਕਾਵਿ ਦੀ ਜਗਤ ਸਬੰਧੀ ਦ੍ਰਿਸ਼ਟੀ' ਅੰਦਰ ਡਾ. ਮਨਮੋਹਨ ਸਿੰਘ ਇਕ ਟਿੱਪਣੀ ਦਰਜ਼ ਕਰਦਿਆਂ ਪਲੈਟੋ ਦੇ ਸ਼੍ਰਿਸਟੀ ਸਬੰਧੀ ਵਿਚਾਰਾਂ ਬਾਬਤ ਆਖਦੇ ਹਨ ਕਿ ਉਸ ਨੇ 'ਤਿਮਾਈਅਸ' ਨਾਮੀਂ ਸੰਵਾਦ ਅੰਦਰ ਮੁੱਖ ਪਾਤਰ ਤਿਮਾਈਅਸ ਰਾਹੀਂ ਸ਼੍ਰਿਸਟੀ ਰਚਨਾ ਬਾਰੇ ਆਪਣੇ ਵਿਚਾਰ ਪ੍ਰਗਟਾਉਂਦਿਆਂ ਆਖਿਆ ਹੈ ਕਿ ਈਸ਼ਵਰ ਨੇ ਸਭ ਤੋਂ ਪਹਿਲਾਂ ਅਗਨੀ, ਪ੍ਰਿਥਵੀ, ਜਲ ਅਤੇ ਹਵਾ ਨੂੰ ਜੋ ਪਹਿਲਾਂ ਤੋਂ ਹੀ ਹੋਂਦ ਵਿਚ ਆ ਚੁੱਕੇ ਸਨ, ਤਿੰਨ ਭਾਗਾਂ ਵਿਚ ਵੰਡਿਆ। ਅਗਨੀ ਅਤੇ ਪ੍ਰਿਥਵੀ ਨੂੰ ਵੱਖ-ਵੱਖ ਕਰ ਕੇ ਜਲ ਅਤੇ ਹਵਾ ਨੂੰ ਉਸ ਨੇ ਉਨ੍ਹਾਂ ਵਿਚਕਾਰ ਰੱਖ ਦਿੱਤਾ। ਇੰਝ ਦ੍ਰਿਸ਼ਟੀਮਾਨ ਆਕਾਸ਼ ਦੀ ਉਤਪਤੀ ਹੋਈ। ਫਿਰ ਉਸ ਨੇ ਆਤਮਾ ਨੂੰ ਆਕਾਸ਼ ਦੇ ਮੱਧ ਵਿਚ ਰੱਖ ਕੇ ਨਿੱਤ ਜਗਤ ਦੀ ਰਚਨਾ ਕੀਤੀ। ਤਿਮਾਈਅਸ ਅਨੁਸਾਰ ਨਿੱਤ ਜਗਤ ਦੀ ਰਚਨਾ ਈਸ਼ਵਰੀ ਸੰਕਲਪਨਾ ਅਨੁਸਾਰ ਹੋਈ ਹੈ। ਰਚਨਾ ਦੇ ਪ੍ਰਤਿਰੂਪ ਦੀ ਸਿਰਜਣਾ ਲਈ ਈਸ਼ਵਰ ਨੇ ਰਚਨਾ ਦੇ ਚਾਰ ਤੱਤਾਂ ਦੇ ਆਧਾਰ 'ਤੇ ਚਾਰ ਪ੍ਰਕਾਰ ਦੇ ਪ੍ਰਾਣੀ ਉਤਪੰਨ ਕੀਤੇ, ਭਾਵ ਆਕਾਸ਼ ਦੇ ਦੇਵਤੇ, ਹਵਾ ਦੇ ਪੰਖੇਰੂ, ਜਲ-ਚਰ, ਅਨੇਕ ਪ੍ਰਕਾਰ ਦੇ ਭੂ-ਚਰ ਆਦਿ। ਸੰਖੇਪ ਵਿਚ ਉਕਤ ਸੰਵਾਦ ਦੇ ਆਧਾਰ 'ਤੇ ਵਿਸ਼ਵ ਰਚਨਾ ਸਬੰਧੀ ਅਫਲਾਤੂਨ ਦਾ ਵਿਚਾਰ ਪ੍ਰਤੱਖ ਉਜਾਗਰ ਹੁੰਦਾ ਹੈ ਕਿ ਈਸ਼ਵਰ ਨੇ ਸਥੂਲ ਅਤੇ ਸੂਖ਼ਮ ਤੱਤਾਂ ਦੇ ਸੰਯੋਗ ਤੋਂ ਸਵਰਗ ਦਾ ਨਿਰਮਾਣ ਕੀਤਾ, ਜੋ ਸਦੀਵੀ ਅਤੇ ਪੂਰਨ ਹੈ। ਫਿਰ ਉਸ ਨੇ ਅਪੂਰਨ ਰੂਪ ਅਰਥਾਤ ਜਗਤ ਦੀ ਰਚਨਾ ਕੀਤੀ। ਇਨ੍ਹਾਂ ਦੋਵਾਂ ਵਿਚ ਸਤਿ ਅਤੇ ਸਤਿ ਦੇ ਪ੍ਰਤਿਰੂਪ ਦਾ ਸਬੰਧ ਹੋਣ ਕਾਰਨ ਨਿੱਤ ਅਤੇ ਅਨਿੱਤ ਦਾ ਜਾਂ ਸਤਿ ਅਤੇ ਅਸਤਿ ਦਾ ਦਵੰਦ ਕੋਈ ਅਰਥ ਨਹੀਂ ਰੱਖਦਾ। ਅਫਲਾਤੂਨ ਨੇ ਤਿਮਾਈਅਸ ਪਾਸੋਂ ਅਖਵਾਇਆ ਹੈ ਕਿ ਸਤਿ ਸੰਸਾਰ ਦਾ ਗਿਆਨ

ਬੁੱਧੀ ਦੁਆਰਾ ਅਤੇ ਅਸਤਿ ਦਾ ਇੰਦਰੀਆਂ ਦੁਆਰਾ ਹੁੰਦਾ ਹੈ, ਪਰ ਅਸਤਿ ਕਿਉਂਕਿ ਸਤਿ ਦੀ ਛਾਇਆ ਹੈ, ਇਸ ਲਈ ਇਹ ਕੇਵਲ ਭਰਮ ਨਹੀਂ ਹੈ।

ਇਹ ਧਿਆਨ ਵਿਚ ਰੱਖਣਾ ਬਹੁਤ ਜਰੂਰੀ ਹੈ ਕਿ ਇਹ ਵਿਚਾਰ ਕਿਸੇ ਬੌਧਿਕ ਚਿੰਤਨ ਦਾ ਨਤੀਜਾ ਨਹੀਂ ਹਨ, ਸਗੋਂ ਇਨ੍ਹਾਂ ਦੀ ਪੈਦਾਇਸ਼ ਦੈਵੀ-ਅਨੁਭਵਤਾ ਦੇ ਅੰਦਰੋਂ ਆਪਣਾ ਸਰੂਪ ਧਾਰਨ ਕਰਦੀ ਹੈ। ਇਸ ਲਈ ਇਨ੍ਹਾਂ ਨੂੰ ਇਹ ਸਮਝ ਲੈਣਾ ਕਿ ਇਹ ਸ਼੍ਰਿਸਟੀ ਰਚਨਾ ਦੇ ਅੰਤਿਮ ਕਾਰਨ ਹਨ, ਵੱਡੀ ਭੁੱਲ ਹੋਵੇਗੀ। ਇਹ ਸਿਰਫ਼ ਉਨ੍ਹਾਂ ਅੰਤਿਮ ਕਾਰਨਾਂ ਨੂੰ ਸਮਝਣ ਦੀਆਂ ਅਨੁਭਵੀ ਦ੍ਰਿਸ਼ਟੀਆਂ ਹਨ, ਕਿਉਂਕਿ ਅੰਤਿਮ ਕਾਰਨ ਸਿਰਫ਼ ਅਕਾਲ-ਪੁਰਖ ਨੂੰ ਪਤਾ ਹੈ। ਉਹੀ ਜਾਣਦਾ ਹੈ ਕਿ ਇਹ ਪਾਸਾਰਾ ਕਦੋਂ ਤੇ ਕਿਵੇਂ ਹੋਇਆ? ਇਸ ਸਮੁੱਚੇ ਪਾਸਾਰੇ ਦੀ ਰਚਨਾ ਦਾ ਉਦੇਸ਼ ਕੀ ਸੀ? ਇਸ ਬਾਰੇ ਵੀ ਸਾਨੂੰ ਕਈ ਵਿਚਾਰ ਪ੍ਰਾਪਤ ਹੁੰਦੇ ਹਨ। ਇਕ ਵਿਚਾਰ ਅਨੁਸਾਰ, ਪ੍ਰਮਾਤਮਾ ਨੇ ਆਪਣਾ ਸਰੂਪ ਪ੍ਰਗਟ ਕਰਨ ਲਈ ਸ਼੍ਰਿਸਟੀ ਰਚਨਾ ਕੀਤੀ। ਦੂਸਰੇ ਵਿਚਾਰ ਅਨੁਸਾਰ, ਪ੍ਰਮਾਤਮਾ ਨੇ ਸ਼੍ਰਿਸਟੀ ਰਚਨਾ ਖੇਡ ਖੇਡਣ ਲਈ ਕੀਤੀ ਜਾਂ ਇਹ ਉਸ ਦੀ ਬਣਾਈ ਇਕ ਖੇਡ ਹੈ। ਤੀਸਰੇ ਵਿਚਾਰ ਮੁਤਾਬਿਕ, ਪ੍ਰਮਾਤਮਾ ਨੇ ਇਕ ਮਹਾਨ ਮਨੁੱਖੀ ਸਖਸ਼ੀਅਤ ਲਈ ਸ਼੍ਰਿਸਟੀ ਦੀ ਸਿਰਜਨਾ ਕੀਤੀ। ਇਨ੍ਹਾਂ ਵਿਚਾਰਾਂ ਵਿਚੋਂ ਤੀਜੇ ਵਿਚਾਰ ਨਾਲ ਮਿਲਦੀ ਜੁਲਦੀ ਗੱਲ ਸਾਨੂੰ ਗੁਰਬਾਣੀ ਵਿਚੋਂ ਪ੍ਰਾਪਤ ਹੁੰਦੀ ਹੈ। ਜਿਸ ਅਨੁਸਾਰ ਇਕ ਮਹਾਨ ਮਨੁੱਖੀ ਸਖ਼ਸ਼ੀਅਤ 'ਗੁਰਮੁਖ' ਦੀ ਸਿਰਜਣਾ ਲਈ ਸ਼੍ਰਿਸਟੀ ਦੀ ਰਚਨਾ ਕੀਤੀ, ਪਰ ਇੱਥੇ ਜੋ ਮੁੱਖ ਸਵਾਲ ਹੈ, ਉਹ ਇਹ ਹੈ ਕਿ ਸ਼੍ਰਿਸਟੀ ਰਚਨਾਂ ਕਦੋਂ ਹੋਈ?

ਗੁਰੂ ਨਾਨਕ ਸਾਹਿਬ ਨੇ ਇਸ ਸਮੱਸਿਆ ਨੂੰ ਛੂਹਿਆ ਹੈ ਤੇ ਇਸ ਨੂੰ ਹੱਲ ਕਰਨ ਦਾ ਉਪਰਾਲਾ ਕੀਤਾ ਹੈ। ਉਨ੍ਹਾਂ ਨੇ ਇਸ ਬਾਬਤ ਆਪਣਾ ਨਿਰਣਾ ਵੀ ਦਿੱਤਾ ਹੈ। ਸ਼੍ਰਿਸਟੀ ਦੀ ਰਚਨਾ ਕਦੋਂ ਹੋਈ ਦਾ ਪ੍ਰਸ਼ਨ ਗੁਰੂ ਜੀ ਨੇ 'ਜਪੁ' ਬਾਣੀ ਵਿਚ ਉਠਾਇਆ ਹੈ, ਜਿਸ ਅਨੁਸਾਰ ਸ਼੍ਰਿਸਟੀ ਰਚਨਾ ਦੇ ਸਮੇਂ ਬਾਰੇ ਕੋਈ ਵਿਅਕਤੀ ਨਹੀਂ ਜਾਣਦਾ, ਕਿਸੇ ਧਰਮ ਗ੍ਰੰਥ ਵਿਚ ਇਸ ਬਾਰੇ ਲਿਖਿਆ ਹੋਇਆ ਨਹੀਂ ਮਿਲਦਾ। ਅਸਲ ਗੱਲ ਤਾਂ ਇਹ ਹੈ ਕਿ ਸ਼੍ਰਿਸਟੀ ਰਚਨਾ ਦੇ ਬਾਰੇ ਕੋਈ ਮਨੁੱਖ ਜਾਣ ਹੀ ਨਹੀਂ ਸਕਦਾ। ਇਹ ਗੱਲ ਸਿਰਫ਼ ਪ੍ਰਮਾਤਮਾ ਹੀ ਜਾਣਦਾ ਹੈ, ਉਸ ਨੇ ਇਹ ਗੱਲ ਕਿਸੇ ਮਨੁੱਖ ਨੂੰ ਨਹੀਂ ਦੱਸੀ। ਸ਼ਾਇਦ ਇਸੇ ਕਰ ਕੇ ਕਿਸੇ ਧਰਮ ਦੇ ਬਾਨੀ ਨੇ ਨਿਸ਼ਚਿਤ ਤੌਰ 'ਤੇ ਇਸ ਬਾਰੇ ਨਹੀਂ ਦੱਸਿਆ। ਇਸ ਲਈ ਇਸ ਪ੍ਰਸ਼ਨ ਨਾਲ ਸਬੰਧਿਤ ਅਨੇਕਾਂ ਗੱਲਾਂ ਦਾ ਜਿਕਰ ਸਾਨੂੰ ਗੁਰਬਾਣੀ ਅੰਦਰ ਅਨੇਕਾਂ ਥਾਵਾਂ 'ਤੇ ਪ੍ਰਾਪਤ ਹੁੰਦਾ ਹੈ। ਜਿਸ ਰਾਹੀਂ ਅਸੀਂ ਇਹ ਆਸਾਨੀ ਨਾਲ ਸਮਝ ਸਕਦੇ ਹਾਂ ਕਿ ਵਾਸਤਵ ਵਿਚ ਇਨ੍ਹਾਂ ਸਵਾਲਾਂ ਦਾ ਇਕੋ-ਇਕ ਉੱਤਰ ਅਕਾਲ-ਪੁਰਖ ਹੈ। ਸ਼੍ਰਿਸਟੀ ਰਚਨਾ ਅਤੇ ਉਸ ਨਾਲ ਸਬੰਧਿਤ ਵਿਸ਼ਿਆਂ ਬਾਰੇ ਪ੍ਰਾਪਤ ਗੁਰਵਾਕ ਹਨ:

ਕਵਣੁ ਸੁ ਵੇਲਾ ਵਖਤੁ ਕਵਣੁ ਕਵਣ ਥਿਤਿ ਕਵਣੁ ਵਾਰੁ॥
ਕਵਣਿ ਸਿ ਰੁਤੀ ਮਾਹੁ ਕਵਣੁ ਜਿਤੁ ਹੋਆ ਆਕਾਰੁ॥
ਵੇਲ ਨ ਪਾਈਆ ਪੰਡਤੀ ਜਿ ਹੋਵੈ ਲੇਖੁ ਪੁਰਾਣੁ॥
ਵਖਤੁ ਨ ਪਾਇਓ ਕਾਦੀਆ ਜਿ ਲਿਖਨਿ ਲੇਖੁ ਕੁਰਾਣੁ॥
ਥਿਤਿ ਵਾਰੁ ਨਾ ਜੋਗੀ ਜਾਣੈ ਰੁਤਿ ਮਾਹੁ ਨਾ ਕੋਈ॥
ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ॥

ਅੰਕ 4

ਅਰਬਦ ਨਰਬਦ ਧੁੰਧੂਕਾਰਾ॥

ਧਰਣਿ ਨ ਗਗਨਾ ਹੁਕਮੁ ਅਪਾਰਾ॥

ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ॥

ਖਾਣੀ ਨ ਬਾਣੀ ਪਉਣ ਨ ਪਾਣੀ॥

ਓਪਤਿ ਖਪਤਿ ਨ ਆਵਣ ਜਾਣੀ॥

ਖੰਡ ਪਤਾਲ ਸਪਤ ਨਹੀ ਸਾਗਰ ਨਦੀ ਨ ਨੀਰੁ ਵਹਾਇਦਾ॥

ਨਾ ਤਦਿ ਸੁਰਗੁ ਮਛੁ ਪਇਆਲਾ॥

ਦੋਜਕੁ ਭਿਸਤੁ ਨਹੀ ਖੈ ਕਾਲਾ॥

ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ॥

ਅੰਕ

ਇਨ੍ਹਾਂ ਗੁਰਵਾਕਾਂ ਦੀ ਰੌਸ਼ਨੀ ਵਿਚ ਅਸੀਂ ਜਾਣਦੇ ਹਾਂ ਕਿ ਸ੍ਰਿਸਟੀ ਰਚਨਾ ਆਪਣੇ ਆਦਿ ਤੋਂ ਅੰਤ ਤੱਕ ਇਕ ਅਬੁੱਝ ਪਹੇਲੀ ਦੇ ਰੂਪ ਵਿਚ ਸਾਹਮਣੇ ਆਉਂਦੀ ਹੈ, ਪਰ ਇਹ ਲਾਜ਼ਮੀ ਹੈ ਕਿ ਇਹ ਪਹੇਲੀ ਨਿਰ-ਉਦੇਸ਼ ਨਹੀਂ ਹੈ। ਇਸ ਦਾ ਇਕ ਸਾਰਥਿਕ ਮਨੋਰਥ ਇਸ ਅੰਦਰ ਹੀ ਲੁਕਿਆ ਹੋਇਆ ਹੈ, ਕਿਉਂਕਿ ਕਿਸੇ ਵਸਤੂ ਦੀ ਰਚਨਾ ਕਰਨਾ ਇਕ ਇਛੁੱਕ ਅਤੇ ਬੌਧਿਕ ਕਰਮ ਹੈ। ਉਸ ਦਾ ਕੋਈ ਨਿਸ਼ਚਿਤ ਪ੍ਰਯੋਜਨ ਜਾਂ ਉਦੇਸ਼ ਹੋਣਾ ਲਾਜ਼ਮੀ ਹੈ। ਇਹ ਪ੍ਰਯੋਜਨ ਕੀ ਹੋ ਸਕਦਾ ਹੈ? ਇਸ ਦਾ ਉੱਤਰ ਲੱਭਣ ਤੋਂ ਪਹਿਲਾਂ ਇਹ ਧਿਆਨ ਵਿਚ ਰੱਖਣਾ ਜਰੂਰੀ ਹੈ ਕਿ ਈਸ਼ਵਰਵਾਦੀਆਂ ਅਨੁਸਾਰ ਈਸ਼ਵਰ ਅਪਰਿਵਰਤਨਸ਼ੀਲ ਅਤੇ ਸੰਪੂਰਨ ਸੱਤਾ ਹੈ। ਇਸ ਲਈ ਉਸ ਦੀ ਆਪਣੀ ਕੋਈ ਇੱਛਾ ਜਾਂ ਉਦੇਸ਼ ਨਹੀਂ ਹੋ ਸਕਦਾ, ਜਿਸ ਦੀ ਪ੍ਰਾਪਤੀ ਲਈ ਉਸ ਨੇ ਸ੍ਰਿਸਟੀ ਰਚਨਾ ਕੀਤੀ ਹੋਵੇ।

ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਕੀ ਈਸ਼ਵਰ ਨੇ ਪਰਉਪਕਾਰ ਲਈ ਜਗਤ-ਰਚਨਾ ਕੀਤੀ ਹੈ? ਕੁਝ ਈਸ਼ਵਰਵਾਦੀ ਇਸ ਦਾ ਉੱਤਰ 'ਹਾਂ' ਵਿਚ ਦਿੰਦੇ ਹਨ, ਪਰ ਇਹ ਸਹੀ ਨਹੀਂ ਹੈ, ਇਸ ਦਾ ਕਾਰਨ ਇਹ ਹੈ ਕਿ ਜਦੋਂ ਵਿਸ਼ਵ-ਰਚਨਾ ਤੋਂ ਪਹਿਲਾਂ ਕਿਸੇ ਜੀਵ ਦੀ ਹੋਂਦ ਹੀ ਨਹੀਂ ਸੀ, ਉਸ ਸਮੇਂ ਪਰਉਪਕਾਰ ਦੀ ਭਾਵਨਾ ਦਾ ਪ੍ਰਸ਼ਨ ਹੀ ਨਹੀਂ ਉੱਠਦਾ। ਕਈ ਦਰਸ਼ਨ-ਸ਼ਾਸਤਰੀ ਅਜਿਹਾ ਵੀ ਸਵੀਕਾਰਦੇ ਹਨ ਕਿ ਈਸ਼ਵਰ ਨੇ ਸ੍ਰਿਸਟੀ ਰਚਨਾ ਦੀ ਉਤਪਤੀ ਆਪਣੀ ਲੀਲ੍ਹਾ ਜਾਂ ਕ੍ਰੀੜਾ ਲਈ ਕੀਤੀ ਹੈ, ਇਸ ਲਈ ਇਸ ਦਾ ਕੋਈ ਨਿਸ਼ਚਿਤ ਉਦੇਸ਼ ਨਹੀਂ ਹੈ। ਅਜਿਹਾ ਵਿਚਾਰ ਜਿਆਦਾਤਰ ਵੈਸ਼ਨਣ ਆਚਾਰੀਆਂ ਦਾ ਰਿਹਾ ਹੈ, ਪਰ ਇਸ ਨਾਲ ਇਕ ਵੱਡੀ ਸਮੱਸਿਆ ਇਹ ਹੈ ਕਿ ਇਹ ਵਿਚਾਰ ਈਸ਼ਵਰ ਦੀ ਪੂਰਨਤਾ ਦਾ ਖੰਡਨ ਕਰਦਾ ਹੈ, ਕਿਉਂਕਿ ਇਸ ਤਰ੍ਹਾਂ ਈਸ਼ਵਰ ਅੰਦਰ ਆਨੰਦ ਦੀ ਭਾਵਨਾ ਅਤੇ ਉਸ ਦੀ ਪੂਰਤੀ ਦੀ ਕਾਮਨਾ ਦਾ ਬਾਕੀ ਹੋਣਾ ਸਾਹਮਣੇ ਆਉਂਦਾ ਹੈ। ਰਾਧਾ ਕ੍ਰਿਸ਼ਨਨ ਅਨੁਸਾਰ, "ਸ੍ਰਿਸਟੀ-ਰਚਨਾ ਦੇ ਵਿਸ਼ੇ ਵਿਚ ਜਿੰਨੇ ਵੀ ਸਿਧਾਂਤ ਹਨ, ਉਹ ਸਭ ਮੁੱਖ ਰੂਪ ਵਿਚ ਰਿਗਵੇਦ ਦਾ ਅਨੁਸਰਣ ਕਰਦੇ ਹਨ, ਪਰ ਕੁਝ ਵਿਚਿੱਤਰ ਕਲਪਨਾਵਾਂ ਵੀ ਇਸ ਵਿਸ਼ੇ ਅੰਦਰ ਪਾਈਆਂ ਹਨ।" ਹਾਲਾਂਕਿ ਅਜਿਹੀਆਂ ਕਲਪਨਾਵਾਂ ਦੀ ਬਜਾਏ ਗੁਰਮਤਿ-ਦਰਸ਼ਨ ਅੰਦਰ ਸ੍ਰਿਸਟੀ ਰਚਨਾ ਨੂੰ ਪੈਦਾ ਅਤੇ ਖ਼ਤਮ ਹੁੰਦਾ ਸਿਰਫ਼ ਤੇ ਸਿਰਫ਼ ਅਕਾਲ-ਪੁਰਖ ਅੰਦਰੋਂ ਹੀ ਸਵੀਕਾਰ ਕੀਤਾ ਹੋਇਆ ਮਿਲਦਾ ਹੈ। ਜਿਸ ਦੀਆਂ ਕੁਝ ਪ੍ਰਮੁੱਖ ਉਦਾਹਰਨਾਂ ਇਸ ਪ੍ਰਕਾਰ ਹਨ:

ਪ੍ਰਭ ਤੇ ਹੋਏ ਪ੍ਰਭ ਮਾਹਿ ਸਮਾਤਿ॥

ਅੰਕ 276

ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ॥

ਅੰਕ 1035

ਜਿਸ ਤੇ ਉਪਜੈ ਤਿਸ ਤੇ ਬਿਨਸੈ ਘਟਿ ਘਟਿ ਸਚੁ ਭਰਪੂਰਿ॥

ਅੰਕ 20

ਤੁਧੁ ਆਪੇ ਸਿਰਜੀ ਆਪੇ ਗੋਈ॥

ਅੰਕ 112

ਇਸ ਪ੍ਰਸੰਗ ਵਿਚ ਹੀ ਅਗਲਾ ਮਹੱਤਵਪੂਰਨ ਪ੍ਰਸ਼ਨ ਸਾਡੇ ਸਾਹਮਣੇ ਇਹ ਹੈ ਕਿ ਸ੍ਰਿਸਟੀ ਰਚਨਾ ਕਿਥੋਂ ਹੋਈ? ਜਾਂ ਸ੍ਰਿਸਟੀ ਰਚਨਾ ਪ੍ਰਮਾਤਮਾ ਨੇ ਕਿਸ ਵਿਚੋਂ ਕੀਤੀ? ਵਿਗਿਆਨੀਆਂ ਦਾ ਵਿਚਾਰ ਹੈ ਕਿ ਇਹ ਭੌਤਿਕ ਸੰਸਾਰ ਪਦਾਰਥ ਵਿਚੋਂ ਬਣਿਆ ਹੈ। ਪਦਾਰਥ ਨਾ ਪੈਦਾ ਕੀਤਾ ਜਾ ਸਕਦਾ ਹੈ ਤੇ ਨਾ ਹੀ ਨਾਸ਼ ਕੀਤਾ ਜਾ ਸਕਦਾ ਹੈ। ਇਹ ਆਪਣਾ ਰੂਪ ਬਦਲ ਲੈਂਦਾ ਹੈ, ਪਰ ਗੁਰੂ ਸਾਹਿਬ ਇਸ ਵਿਚਾਰ ਨਾਲ ਸਹਿਮਤ ਨਹੀਂ ਹਨ। ਉਹ ਕਹਿੰਦੇ ਹਨ ਕਿ ਸ੍ਰਿਸਟੀ ਦੀ ਰਚਨਾ ਪ੍ਰਮਾਤਮਾ ਨੇ ਕੀਤੀ ਹੈ ਅਤੇ ਇਹ ਪ੍ਰਮਾਤਮਾ ਦਾ ਹੀ ਇਕ ਰੂਪ ਹੈ ਤੇ ਇਸ ਨੇ ਪ੍ਰਮਾਤਮਾ ਵਿਚ ਹੀ ਅੰਤ ਨੂੰ ਮਿਲ ਜਾਣਾ ਹੈ। ਗੁਰਬਾਣੀ ਵਿਚ ਇਹ ਖਿਆਲ ਆਇਆ ਹੈ ਕਿ ਪ੍ਰਮਾਤਮਾ ਨੇ ਸੁੰਨ ਤੋਂ ਸਭ ਕੁਝ ਪੈਦਾ ਕੀਤਾ ਹੈ। ਗੁਰਵਾਕ ਹੈ:

ਆਪੇ ਕੁਦਰਤਿ ਕਰਿ ਕਰਿ ਦੇਖੈ ਸੁੰਨਹੁ ਸੁੰਨੁ ਉਪਾਇਦਾ॥

ਅੰਕ 1037

ਇਸ ਦਾ ਮਤਲਬ ਇਹ ਹੈ ਕਿ ਸਭ ਕੁਝ ਰਚਨਾ ਤੋਂ ਪਹਿਲਾਂ ਸੂਖ਼ਮ ਰੂਪ ਵਿਚ ਮੌਜੂਦ ਸੀ, ਪ੍ਰਮਾਤਮਾ ਨੇ ਉਸ ਨੂੰ ਸਾਕਾਰ ਕਰ ਦਿੱਤਾ। ਪ੍ਰਮਾਤਮਾ ਨੇ ਨਿਰਗੁਣ ਰੂਪ ਵਿਚ ਸਰਗੁਣ ਰੂਪ ਪੈਦਾ ਕੀਤਾ ਹੈ। ਉਹ ਆਪ ਹੀ ਸੂਖ਼ਮ ਤੋਂ ਅਸਥੂਲ ਹੋਇਆ ਹੈ। ਇਸ ਲਈ ਗੁਰਬਾਣੀ ਵਿਚ ਪ੍ਰਮਾਤਮਾ ਨੂੰ ਆਪ ਹੀ ਨਿਰਗੁਣ ਤੇ ਸਰਗੁਣ ਕਿਹਾ ਗਿਆ ਹੈ। ਗੁਰੂ ਸਾਹਿਬ ਆਖਦੇ ਹਨ:

ਨਿਰਗੁਣੁ ਸਰਗੁਣੁ ਆਪੇ ਸੋਈ ॥

ਅੰਕ 128

ਪ੍ਰਮਾਤਮਾ ਨੇ ਸ੍ਰਿਸਟੀ ਰਚਨਾ ਕਿਵੇਂ ਕੀਤੀ? ਸ੍ਰਿਸਟੀ ਰਚਨਾ ਦੇ ਸਬੰਧ ਵਿਚ ਇਹ ਗੱਲ ਇਕ ਬਹੁਤ ਹੀ ਗੁੰਝਲਦਾਰ ਅਤੇ ਭੇਦਭਰੀ ਹੈ ਅਤੇ ਇਸ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਦਾਰਸ਼ਨਿਕਾਂ ਤੇ ਚਿੰਤਕਾਂ ਨੇ ਕੀਤਾ ਹੈ। ਅਜੋਕੇ ਸਮੇਂ ਦਾ ਵਿਗਿਆਨ ਵੀ ਇਸ ਸਮੱਸਿਆ ਨੂੰ ਹੱਲ ਕਰਨ ਦਾ ਯਤਨ ਕਰ ਰਿਹਾ ਹੈ। ਇਸ ਲਈ ਇਸ ਸਮੱਸਿਆ ਪ੍ਰਤੀ ਦਾਰਸ਼ਨਿਕ ਅਤੇ ਧਾਰਮਿਕ ਤੇ ਵਿਗਿਆਨਕ ਦ੍ਰਿਸ਼ਟੀਕੋਣ ਹਨ। ਸਿੱਖ ਧਰਮ ਦਾ ਇਸ ਸਮੱਸਿਆ ਸਬੰਧੀ ਵਿਚਾਰ ਮੁੱਢਲੇ ਤੌਰ 'ਤੇ ਧਾਰਮਿਕ ਹੈ। ਗੁਰਬਾਣੀ ਵਿਚ ਇਸ ਸਬੰਧੀ ਜੋ ਵਿਚਾਰ ਪ੍ਰਗਟਾਏ ਗਏ ਹਨ ਉਹ ਇਸੇ ਦ੍ਰਿਸ਼ਟੀਕੋਣ ਤੋਂ ਹਨ। ਇਸਲਾਮ ਅਤੇ ਇਸਾਈ ਧਰਮ ਦੀ ਤਰ੍ਹਾਂ ਸਿੱਖ ਧਰਮ ਦਾ ਇਹ ਵਿਚਾਰ ਹੈ ਕਿ ਪ੍ਰਮਾਤਮਾ ਨੇ ਉਤਪਤੀ ਸ਼ਬਦ/ਨਾਮ/ਹੁਕਮ ਤੋਂ ਕੀਤੀ ਹੈ। ਇਸ ਲਈ, ਸ਼ਬਦ ਜਾਂ ਹੁਕਮ ਨੂੰ ਪ੍ਰਮਾਤਮਾ ਦੀ ਇਕ ਸਿਰਜਨਾਤਮਿਕ

ਸ਼ਕਤੀ ਮੰਨਿਆ ਗਿਆ ਹੈ। ਜਿਸ ਰਾਹੀਂ ਪ੍ਰਮਾਤਮਾ ਸ੍ਰਿਸਟੀ ਦੀ ਰਚਨਾ ਕਰਦਾ ਹੈ ਅਤੇ ਉਸ ਦਾ ਨਾਸ਼ ਕਰਦਾ ਹੈ। ਗੁਰੂ ਨਾਨਕ ਸਾਹਿਬ ਦਾ 'ਜਪੁ' ਬਾਣੀ 'ਚ ਕਥਨ ਹੈ ਕਿ ਦਿਸਦੀ ਹਰ ਵਸਤੂ, ਦਿਸਦਾ ਸੰਸਾਰ ਪ੍ਰਮਾਤਮਾ ਦੇ ਹੁਕਮ ਦੁਆਰਾ ਹੋਇਆ ਹੈ ਅਤੇ ਇਸ ਹੁਕਮ ਨੂੰ ਮਨੁੱਖ ਸ਼ਬਦਾਂ ਦੁਆਰਾ ਬਿਆਨ ਨਹੀਂ ਕਰ ਸਕਦਾ। ਗੁਰੂ ਨਾਨਕ ਸਾਹਿਬ ਦਾ ਫ਼ੁਰਮਾਨੁ ਹੈ:

ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ॥
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥

ਅੰਕ 1

ਇਸੇ ਵਿਚਾਰ ਨੂੰ ਗੁਰੂ ਨਾਨਕ ਸਾਹਿਬ ਨੇ ਅਰਬੀ ਭਾਸ਼ਾ ਦੇ ਸ਼ਬਦ ਹੁਕਮ ਤੇ ਕਵਾਉ ਦੁਆਰਾ ਹੋਂਦ ਵਿਚ ਆਈ ਸ੍ਰਿਸਟੀ ਰਚਨਾ ਦੇ ਬਾਰੇ ਬਿਆਨ ਕੀਤਾ ਹੈ। ਜਿਵੇਂ ਕਿ:

ਕੀਤਾ ਪਸਾਉ ਏਕੋ ਕਵਾਉ॥
ਤਿਸ ਤੇ ਹੋਇ ਲਖ ਦਰੀਆਓ॥

ਅੰਕ 3

ਇੱਥੇ ਇਹ ਵਿਸ਼ੇਸ਼ ਤੌਰ 'ਤੇ ਧਿਆਨਦੇਣ ਯੋਗ ਨੁਕਤਾ ਹੈ ਕਿ 'ਪਸਾਉ' ਦਾ ਅਰਥ ਇਕਦਮ ਹੋਂਦ ਧਾਰਨ ਕਰਨਾ ਨਹੀਂ ਹੈ। ਇਸ ਦਾ ਅਰਥ ਇਹ ਵੀ ਨਹੀਂ ਕਿ ਅਕਾਲ-ਪੁਰਖ ਨੇ ਕਿਹਾ ਕਿ 'ਹੋ ਜਾਓ' ਤੇ ਸ੍ਰਿਸਟੀ ਦੀ ਉਤਪਤੀ ਹੋ ਗਈ, ਬਲਕਿ ਇਸ ਦਾ ਅਰਥ ਦੱਸਦਿਆਂ ਡਾ. ਸ਼ੇਰ ਸਿੰਘ ਆਪਣੀ ਕਿਤਾਬ 'ਗੁਰਮਤਿ ਦਰਸ਼ਨ' ਅੰਦਰ ਆਖਦੇ ਹਨ-'ਪਸਾਉ' ਦਾ ਧਾਤੂ ਹੈ: ਪਸਰਨਾ, ਫੈਲਣਾ, ਵਧਣਾ, ਫੁੱਲਣਾ। ਇਸ ਦਾ ਭਾਵ (Evolution) ਤੋਂ ਹੈ। 'ਕਵਾਉ' ਦੇ ਅਰਥ 'ਵਚਨ' 'ਸ਼ਬਦ' ਹਨ। 'ਹੁਕਮ' ਦਾ ਭਾਵ ਹੈ।'ਹੁਕਮ' ਤੋਂ 'ਕੁਨ' 'ਹੋ ਜਾ' ਦਾ ਭਾਵ ਗੁਰੂ ਸਾਹਿਬ ਨਹੀਂ ਲੈਂਦੇ।... 'ਹੁਕਮ' ਦੇ ਅਰਥ (Order) ਜਾਂ (Command) ਨਹੀਂ ਹਨ। ਹੁਕਮ ਦਾ ਭਾਵ (Will) ਇੱਛਾ ਜਾਂ ਇਰਾਦਾ ਹੈ। ਇਸ ਦਾ ਭਾਵ 'ਰੱਬੀ ਫੁਰਨਾ' ਹੈ। ਇਹ ਈਸ਼ਵਰੀ 'ਫੁਰਨਾ' ਹੀ ਸਾਰੇ ਸੰਸਾਰ ਦੀ ਹੋਂਦ ਦਾ ਕਾਰਨ ਹੈ। ਨਾਲੇ ਇਹ 'ਕੁਨ' ਝਟਪਟ 'ਸ੍ਰਿਸਟੀ ਹੋ ਜਾ' ਦਾ ਭਾਵ ਗੁਰੂ ਸਾਹਿਬ ਦੇ ਖ਼ਿਆਲਾਂ ਨਾਲ ਢੁਕਾ ਨਹੀਂ ਖਾਂਦਾ।" ਇਸ ਲਈ ਕਿਹਾ ਗਿਆ ਹੈ:

ਹੁਕਮੀ ਸ੍ਰਿਸਟਿ ਸਾਜੀਅਨੁ ਬਹੁ ਭਿਤਿ ਸੰਸਾਰਾ॥

ਅੰਕ 786

ਅਤੇ;

ਆਪੇ ਸ੍ਰਿਸਟਿ ਸਾਜੀਅਨੁ ਆਪਿ ਗੁਪਤੁ ਰਖੇਸਾ ॥

ਅੰਕ 955

ਇਸੇ ਤਰ੍ਹਾਂ ਗੁਰਬਾਣੀ ਵਿਚ ਨਾਮ ਤੇ ਸ਼ਬਦ ਤੋਂ ਸ੍ਰਿਸਟੀ ਰਚਨਾ ਦੇ ਵਿਚਾਰ ਨੂੰ ਦਰਸਾਇਆ ਹੈ। ਉਦਾਹਰਨ ਵਜੋਂ:

ਉਤਪਤਿ ਪਰਲਉ ਸਬਦੇ ਹੋਵੈ॥
ਸਬਦੇ ਹੀ ਫਿਰਿ ਓਪਤਿ ਹੋਵੈ॥

ਅੰਕ 117

ਇਸ ਤਰ੍ਹਾਂ ਗੁਰਬਾਣੀ ਵਿਚ ਸ੍ਰਿਸਟੀ ਰਚਨਾ ਦੇ ਪ੍ਰਸੰਗ ਵਿਚ ਹੁਕਮ, ਸ਼ਬਦ, ਨਾਮ ਇਕ ਸਮਾਨ ਅਰਥਿਕ ਸ਼ਬਦ ਹਨ। ਗੁਰਬਾਣੀ ਜਾਂ ਸਿੱਖ ਧਰਮ ਦਾ ਵਿਚਾਰ ਇਸਲਾਮ ਧਰਮ ਦੇ ਵਿਚਾਰ ਨਾਲੋਂ ਬਿਲਕੁੱਲ ਵੱਖਰਾ ਹੈ। ਭਾਵੇਂਕਿ ਦੋਵਾਂ ਧਰਮਾਂ ਦੀ ਇਸ ਪੱਖ ਤੋਂ ਸਾਂਝ ਹੈ ਕਿ ਪ੍ਰਮਾਤਮਾ ਦੇ ਹੁਕਮ ਦੁਆਰਾ ਸ੍ਰਿਸਟੀ ਦੀ ਰਚਨਾ ਹੋਈ। ਇਸਲਾਮ ਧਰਮ ਦਾ ਵਿਸ਼ਵਾਸ਼ ਹੈ ਕਿ:

ਕੁੰਨ ਕਹਿਨੇ ਸੇ ਹੂਆ ਸਭ ਆਲਮ।

ਇਸ ਵਿਚਾਰ ਮੁਤਾਬਿਕ ਅੱਲਾਹ ਦੇ ਹੁਕਮ ਅਨੁਸਾਰ ਸਭ ਕੁਝ ਇਕੋ ਵਾਰੀ ਹੀ ਹੋਇਆ, ਪਰ ਸਿੱਖ ਧਰਮ ਅਨੁਸਾਰ ਅਜਿਹਾ ਨਹੀਂ ਹੈ। ਇਸ ਪੱਖ ਤੋਂ ਗੁਰਬਾਣੀ ਦਾ ਸਿਧਾਂਤ ਵਿਕਾਸਮਈ ਸਿਧਾਂਤ ਹੈ। ਜਿਸ ਅਨੁਸਾਰ ਸਭ ਕੁਝ ਸਹਿਜੇ-ਸਹਿਜੇ ਦਰਜਾ-ਬ-ਦਰਜਾ ਹੋਂਦ ਵਿਚ ਆਇਆ। ਗੁਰੂ ਨਾਨਕ ਸਾਹਿਬ ਨੇ ਆਪਣੀ ਬਾਣੀ 'ਓਅੰਕਾਰ' ਵਿਚ ਇਸ ਵਿਚਾਰ ਦੀ ਪ੍ਰੋੜਤਾ ਕਰਦਿਆਂ ਕਿਹਾ ਹੈ ਕਿ ਪ੍ਰਮਾਤਮਾ ਨੇ ਸਭ ਕੁਝ ਸਹਿਜ ਦੇ ਸਿਧਾਂਤ ਅਨੁਸਾਰ ਪੈਦਾ ਕੀਤਾ। ਗੁਰੂ ਨਾਨਕ ਸਾਹਿਬ ਦਾ ਆਖਣਾ ਹੈ ਕਿ:

ਸਸੈ ਸਭੁ ਜਗੁ ਸਹਜਿ ਉਪਾਇਆ ਤੀਨਿ ਭਵਨ ਇਕ ਜੋਤੀ॥

ਅੰਕ 930

ਇਸ ਵਿਚਾਰ ਦੀ ਵਿਆਖਿਆ ਕਰਦਿਆਂ ਗੁਰੂ ਨਾਨਕ ਸਾਹਿਬ ਦਾ ਪਾਵਨ ਬਚਨ ਹੈ ਕਿ ਸਭ ਤੋਂ ਪਹਿਲਾਂ ਪ੍ਰਮਾਤਮਾ ਨੇ ਪਵਨ ਦੀ ਅਵਸਥਾ ਪੈਦਾ ਕੀਤੀ, ਫ਼ਿਰ ਪਾਣੀ ਦੀ ਸਾਜਨਾ ਤੇ ਇਸ ਉਪਰੰਤ ਜੀਵ-ਜੰਤੂਆਂ ਦੀ ਉਤਪਤੀ ਹੋਈ। ਉਨ੍ਹਾਂ ਅਨੁਸਾਰ:

ਸਾਚੇ ਤੇ ਪਵਨਾ ਭਇਆ ਪਵਨੈ ਤੇ ਜਲੁ ਹੋਇ॥
ਜਲ ਤੇ ਤ੍ਰਿਭਵਣੁ ਸਾਜਿਆ ਘਟਿ ਘਟਿ ਜੋਤਿ ਸਮੋਇ ॥

ਅੰਕ 19

ਸ੍ਰਿਸਟੀ ਰਚਨਾ ਦੀ ਪ੍ਰਕ੍ਰਿਆ ਪ੍ਰਮਾਤਮਾ ਤੋਂ ਆਰੰਭ ਹੋਈ ਅਤੇ ਸਹਿਜੇ-ਸਹਿਜੇ ਸਭ ਕੁਝ ਹੋਂਦ ਵਿਚ ਆਇਆ, ਹਾਲਾਂਕਿ ਇਸ ਪ੍ਰਕ੍ਰਿਆ ਦੇ ਖ਼ਤਮ ਹੋਣ ਦਾ ਪਤਾ ਨਹੀਂ, ਪਰ ਫ਼ਿਰ ਵੀ ਇਸਾਈ ਧਰਮ ਦਾ ਵਿਚਾਰ ਹੈ ਕਿ ਇਹ ਸਾਰਾ ਕਾਰਜ ਛੇ ਦਿਨਾਂ ਵਿਚ ਮੁਕੰਮਲ ਕਰ ਲਿਆ ਸੀ। ਸਿੱਖ ਧਰਮ ਇਸ ਵਿਚਾਰ ਨਾਲ ਸਹਿਮਤ ਨਹੀਂ। ਗੁਰਬਾਣੀ ਅਨੁਸਾਰ ਹੋਂਦ ਤੇ ਅਣਹੋਂਦ, ਉਤਪਤੀ ਤੇ ਨਾਸ਼ ਦੀ ਪ੍ਰਕ੍ਰਿਆ ਰਚਨਾ ਦੇ ਆਰੰਭ ਤੋਂ ਲੈ ਕੇ ਹੁਣ ਤੱਕ ਨਿਰੰਤਰ ਹੋ ਰਹੀ ਹੈ।

## ਸ੍ਰਿਸਟੀ ਰਚਨਾ ਦੀ ਵਿਸ਼ਾਲਤਾ

ਪ੍ਰਮਾਤਮਾ ਦੁਆਰਾ ਕੀਤੀ ਸ੍ਰਿਸਟੀ ਰਚਨਾ ਕਿੰਨੀ 'ਕੁ ਹੈ? ਇਸ ਦਾ ਅੰਦਾਜ਼ਾ ਲਗਾਉਣਾ ਮਨੁੱਖ ਦੇ ਵਸ ਦੀ ਗੱਲ ਨਹੀਂ ਹੈ, ਕਿਉਂਕਿ ਜਿੱਥੇ ਪ੍ਰਮਾਤਮਾ ਆਪ ਅਨੰਤ ਅਤੇ ਬੇਅੰਤ ਹੈ, ਉਥੇ ਹੀ ਉਸ ਦੀ ਰਚਨਾ ਵੀ ਬੇਸ਼ੁਮਾਰ ਅਤੇ ਅਥਾਹ ਹੈ। ਜਿਸ ਦਾ ਮਨੁੱਖ ਪਾਰਾਵਾਰ ਨਹੀਂ ਪਾ ਸਕਦਾ। ਗੁਰੂ ਨਾਨਕ ਸਾਹਿਬ ਨੇ ਵਿਸ਼ੇਸ਼ ਕਰਕੇ 'ਜਪੁ' ਅਤੇ ਬਾਕੀ ਗੁਰਬਾਣੀ ਵਿਚ ਇਸ ਸਬੰਧੀ ਆਪਣੇ ਵਿਚਾਰ ਬੜੇ ਸਪੱਸ਼ਟ ਰੂਪ ਵਿਚ ਦਰਸਾਏ ਹਨ। ਸ੍ਰਿਸਟੀ ਰਚਨਾ ਦੀ ਬੇਸ਼ੁਮਾਰਤਾ ਬਾਰੇ ਗੁਰੂ ਜੀ ਕਥਨ ਕਰਦੇ ਹਨ:

ਪਾਤਾਲਾ ਪਾਤਾਲ ਲਖ ਆਗਾਸਾ ਆਗਾਸ॥

ਅੰਕ 5

'ਜਪੁ' ਬਾਣੀ ਵਿਚ ਹੀ ਗੁਰੂ ਨਾਨਕ ਸਾਹਿਬ ਇਸ ਨੂੰ ਹੋਰ ਢੰਗ ਨਾਲ ਵੀ ਬਿਆਨਦੇ ਹਨ। ਜੋ ਕਿ ਗਿਣਤੀ-ਮਿਣਤੀ ਦਾ ਢੰਗ ਨਹੀਂ ਤੇ ਨਾ ਹੀ ਕਿਸੇ ਸੰਖਿਆਵਾਚਕ ਸ਼ਬਦ ਦੁਆਰਾ ਸ੍ਰਿਸਟੀ ਰਚਨਾ ਦੀ ਵਿਸ਼ਲਾਤਾ ਨੂੰ ਦਰਸਾਉਣ ਲਈ ਅਸੰਖ ਸ਼ਬਦ ਦੀ ਵਰਤੋਂ ਵੀ ਗਲਤ ਹੈ। ਆਪ ਜੀ ਦਾ ਫ਼ੁਰਮਾਨੁ ਹੈ:

ਕੇਤੇ ਇੰਦ ਚੰਦ ਸੂਰ ਕੇਤੇ ਕੇਤੇ ਮੰਡਲ ਦੇਸ॥

ਕੇਤੇ ਸਿਧ ਬੁਧ ਨਾਥ ਕੇਤੇ ਕੇਤੇ ਦੇਵੀ ਵੇਸ॥

ਕੇਤੇ ਦੇਵ ਦਾਨਵ ਮੁਨਿ ਕੇਤੇ ਕੇਤੇ ਰਤਨ ਸਮੁੰਦ॥

ਕੇਤੀਆ ਖਾਣੀ ਕੇਤੀਆ ਬਾਣੀ ਕੇਤੇ ਪਾਤ ਨਰਿੰਦ॥

ਕੇਤੀਆ ਸੁਰਤੀ ਸੇਵਕ ਕੇਤੇ ਨਾਨਕ ਅੰਤੁ ਨ ਅੰਤੁ॥

ਅੰਕ 7

ਗੁਰੂ ਅਰਜਨ ਸਾਹਿਬ "ਸੁਖਮਨੀ" ਸਾਹਿਬ ਵਿਚ ਸ੍ਰਿਸਟੀ ਰਚਨਾ ਦੇ ਕੁਝ ਪੱਖਾਂ ਦੀ ਵਿਸ਼ਾਲਤਾ ਨੂੰ ਇਸ ਤਰ੍ਹਾਂ ਦਰਸਾਉਂਦੇ ਹਨ:

ਕਈ ਕੋਟਿ ਸਸੀਅਰ ਸੂਰ ਨਖੵਤ੍ਰ॥

ਅੰਕ 275

ਇਸ ਦੇ ਨਾਲ ਹੀ ਗੁਰੂ ਸਾਹਿਬ ਇਹ ਵੀ ਫ਼ੁਰਮਾਉਂਦੇ ਹਨ ਕਿ:

ਕੋਟਿ ਬ੍ਰਹਮੰਡ ਕੋ ਠਾਕੁਰ ਸੁਆਮੀ ਸਰਬ ਜੀਆ ਕਾ ਦਾਤਾ ਰੇ॥

ਅੰਕ 612

ਗੁਰੂ ਸਾਹਿਬ ਦੇ ਇਹ ਕਥਨ ਇਸ ਤੱਥ ਨੂੰ ਹੀ ਦਰਸਾਉਂਦੇ ਹਨ ਕਿ ਪ੍ਰਮਾਤਮਾ ਨੇ ਬੇਸ਼ੁਮਾਰ ਬ੍ਰਹਿਮੰਡ, ਖੰਡ-ਮੰਡਲ ਪੈਦਾ ਕੀਤੇ ਹਨ, ਜਿਨ੍ਹਾਂ ਦਾ ਕੋਈ ਮਨੁੱਖ ਪਾਰਾਵਾਰ ਨਹੀਂ ਪਾ ਸਕਦਾ।

## ਸ੍ਰਿਸਟੀ ਰਚਨਾ ਦਾ ਸਰੂਪ

ਸ੍ਰਿਸਟੀ ਰਚਨਾ ਦੇ ਸਬੰਧ ਵਿਚ ਇਹ ਵਿਚਾਰ ਬਹੁਤ ਹੀ ਮਹੱਤਵਪੂਰਨ ਵਿਚਾਰ ਹੈ ਅਤੇ ਇਸ ਵਿਚਾਰ ਨੂੰ ਗਿਆਨੀਆਂ, ਵਿਗਿਆਨੀਆਂ, ਦਾਰਸ਼ਨਿਕਾਂ ਅਤੇ ਧਾਰਮਿਕ ਚਿੰਤਕਾਂ ਨੇ ਦੱਸਣ ਦਾ ਉਪਰਾਲਾ ਕੀਤਾ ਹੈ। ਵਿਗਿਆਨਕ ਪੱਖ ਤੋਂ ਸਮੁੱਚੀ ਰਚਨਾ ਧਾਤ ਦੀ ਬਣੀ ਹੋਈ ਹੈ। ਧਾਰਮਿਕ ਚਿੰਤਕਾਂ ਨੇ ਜਿੰਨ੍ਹਾਂ ਨੇ ਸ੍ਰਿਸਟੀ ਰਚਨਾਂ ਨੂੰ ਪ੍ਰਮਾਤਮਾ ਦੀ ਰਚਨਾਂ ਮੰਨਿਆ, ਉਨ੍ਹਾਂ ਨੇ ਵੀ ਇਸ ਨੂੰ ਸੱਚ ਮੰਨਿਆ ਹੈ, ਕਿਉਂਕਿ ਤਰਕ ਦੇ ਪੱਖ ਤੋਂ ਸੱਚ ਵਿਚੋਂ ਹੀ ਸੱਚ ਪੈਦਾ ਕੀਤਾ ਜਾ ਸਕਦਾ ਹੈ। ਜੇਕਰ ਪ੍ਰਮਾਤਮਾ ਸੱਚ ਹੈ ਤਾਂ ਉਸ ਦੀ ਰਚਨਾ ਵੀ ਸੱਚ ਹੈ। ਇਸ ਸੰਬੰਧੀ ਗੁਰੂ ਨਾਨਕ ਸਾਹਿਬ ਦਾ ਵਿਚਾਰ ਬਹੁਤ ਹੀ ਤਾਰਕਿਕ ਹੈ, ਜਦੋਂ ਉਹ ਆਖਦੇ ਹਨ:

ਨਾਨਕ ਸਚੈ ਕੀ ਸਾਚੀ ਕਾਰ॥

ਅੰਕ 7

'ਆਸਾ ਦੀ ਵਾਰ' ਵਿਚ ਆਪਣੇ ਇਕ ਸ਼ਲੋਕ ਵਿਚ ਇਸ ਗੱਲ ਦਾ ਵਿਸਥਾਰ ਕਰਦੇ ਹਨ ਕਿ ਕੀ-ਕੀ ਸੱਚ ਹੈ ਜਾਂ ਸੱਚ ਦੇ ਖੇਤਰ ਵਿਚ ਕੀ-ਕੀ ਆਉਂਦਾ ਹੈ। ਗੁਰੂ ਨਾਨਕ ਸਾਹਿਬ ਆਖਦੇ ਹਨ:

ਸਚੇ ਤੇਰੇ ਖੰਡ ਸਚੇ ਬ੍ਰਹਮੰਡ॥
ਸਚੇ ਤੇਰੇ ਲੋਅ ਸਚੇ ਆਕਾਰ॥
ਸਚੇ ਤੇਰੇ ਕਰਣੇ ਸਰਬ ਬੀਚਾਰ॥
ਸਚਾ ਤੇਰਾ ਅਮਰੁ ਸਚਾ ਦੀਬਾਣੁ॥
ਸਚਾ ਤੇਰਾ ਹੁਕਮੁ ਸਚਾ ਫੁਰਮਾਣੁ॥
ਸਚਾ ਤੇਰਾ ਕਰਮੁ ਸਚਾ ਨੀਸਾਣੁ॥
ਸਚੇ ਤੁਧੁ ਆਖਹਿ ਲਖ ਕਰੋੜਿ॥
ਸਚੈ ਸਭਿ ਤਾਣਿ ਸਚੈ ਸਭਿ ਜੋਰਿ॥
ਸਚੀ ਤੇਰੀ ਸਿਫਤਿ ਸਚੀ ਸਾਲਾਹ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ॥

ਅੰਕ 463

ਪ੍ਰਸ਼ਨ ਇਹ ਪੈਦਾ ਹੁੰਦਾ ਹੈ ਕਿ ਸ਼੍ਰਿਸਟੀ ਰਚਨਾ ਕਿਹੋ ਜਿਹਾ ਸੱਚ ਹੈ, ਕਿਉਂਕਿ ਇਕ ਸੱਚ ਸਦੀਵੀ ਹੈ, ਦੂਸਰਾ ਪਰਿਵਰਤਨਸ਼ੀਲ ਹੈ, ਤੀਸਰਾ ਸੱਚ ਸਦਾਚਾਰ ਹੈ। ਗੁਰਬਾਣੀ ਵਿਚ ਸਿਰਫ਼ ਤੇ ਸਿਰਫ਼ ਸਦੀਵੀ ਸੱਚ ਅਕਾਲ ਪੁਰਖ ਨੂੰ ਕਿਹਾ ਹੈ। ਫ਼ਿਰ ਪ੍ਰਮਾਤਮਾ ਦੀ ਰਚਨਾ ਦਾ ਸੱਚ ਕਿਹੋ ਜਿਹਾ ਹੈ। ਗੁਰੂ ਸਾਹਿਬ ਅਨੁਸਾਰ ਸ਼੍ਰਿਸਟੀ ਰਚਨਾ ਸੱਚ ਤਾਂ ਹੈ, ਪਰ ਪਰਿਵਰਤਨਸ਼ੀਲ ਸੱਚ ਹੈ। ਸਦਾ ਸੱਚ ਨਹੀਂ, ਨਿਰਅਧਾਰਿਤ ਸੱਚ ਨਹੀਂ, ਨਿਰਕੁੰਸ਼ ਨਹੀਂ ਹੈ। ਇਹ ਆਦਿ ਸੱਚ ਨਹੀਂ, ਕਿਉਂਕਿ ਇਸ ਦਾ ਆਦਿ ਵੀ ਹੈ ਅਤੇ ਅੰਤ ਵੀ ਹੈ। ਇਸੇ ਕਰ ਕੇ ਗੁਰਬਾਣੀ ਵਿਚ ਸ਼੍ਰਿਸਟੀ ਰਚਨਾ ਦੇ ਸੱਚ ਦੇ ਸਰੂਪ ਨੂੰ ਬਿਆਨ ਕਰਨ ਲਈ ਝੂਠ, ਕੂੜ, ਮਿਥਿਆ, ਸੁਪਨਾ, ਬੁਦਬੁਦਾ ਆਦਿ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ। ਇਹ ਸ਼ਬਦ ਇਹ ਤਾਂ ਪ੍ਰਗਟ ਕਰਦੇ ਹਨ ਕਿ ਸ਼੍ਰਿਸਟੀ ਰਚਨਾ ਹੈ, ਪਰ ਨਾਲ ਹੀ ਦੱਸਦੇ ਹਨ ਕਿ ਇਹ ਸੁਪਨੇ ਅਤੇ ਬੁਦਬੁਦੇ ਦੀ ਤਰ੍ਹਾਂ ਥੋੜ੍ਹੇ ਚਿਰ ਲਈ ਹੈ, ਇਹ ਛਿਣ-ਭੰਗਰ ਹੈ, ਨਾਸ਼ਵੰਤ ਹੈ, ਪਰਿਵਰਤਨਸ਼ੀਲ ਹੈ।

ਸਿੱਖ ਧਰਮ ਦਾ ਇਸ ਪੱਖ ਤੋਂ ਸ਼੍ਰਿਸਟੀ ਰਚਨਾ ਪ੍ਰਤੀ ਦ੍ਰਿਸ਼ਟੀਕੋਣ ਵੇਦਾਂਤ ਮੱਤ ਦੇ ਮੁੱਖ ਵਿਆਖਿਆਕਾਰ ਸੰਕਰਚਾਰੀਆ ਨਾਲੋਂ ਬਿਲਕੁੱਲ ਵੱਖ ਹੈ। ਰਾਧਾ ਕ੍ਰਿਸ਼ਨਨ ਅਨੁਸਾਰ, "ਸ਼ੰਕਰਾਚਾਰੀਆ ਦਾ ਮੱਤ ਸੰਪੂਰਨ ਤੌਰ 'ਤੇ ਤਰਕਯੁਕਤ ਹੈ।" ਪਰ ਸਿੱਖ ਧਰਮ ਦਾ ਵਿਚਾਰ ਇਸ ਤੋਂ ਵੀ ਅੱਗੇ ਦਾ ਵਿਚਾਰ ਹੈ, ਕਿਉਂਕਿ ਜਿੱਥੇ ਸੰਕਰਾਚਾਰੀਆਂ ਨੇ ਰਚਨਾ ਦੀ ਹੋਂਦ ਹੀ ਸਵੀਕਾਰ ਨਹੀਂ ਕੀਤੀ ਤੇ ਇਸ ਨੂੰ ਮਨੁੱਖੀ ਮਨ ਦਾ ਭਰਮ ਤੇ ਭੁਲੇਖਾ ਦੱਸਿਆ ਹੈ, ਉੱਥੇ ਸਿੱਖ ਧਰਮ ਨੇ ਸ਼੍ਰਿਸਟੀ ਰਚਨਾ ਦੀ ਹੋਂਦ ਨੂੰ ਸਵੀਕਾਰ ਕੀਤਾ ਹੈ ਤੇ ਇਸ ਦੀ ਹੋਂਦ ਨੂੰ ਮਨੁੱਖੀ ਮਨ 'ਤੇ ਨਿਰਧਾਰਤ ਨਹੀਂ ਕੀਤਾ, ਸਗੋਂ ਇਸ ਦੀ ਆਪਣੀ ਸੁਤੰਤਰ ਹੋਂਦ ਨੂੰ ਮੰਨਿਆ ਹੈ। ਇਸ ਨੂੰ ਸਾਪੇਖ ਅਤੇ ਪਰਿਵਰਤਨਸ਼ੀਲ ਸੱਚ ਸਵੀਕਾਰਿਆ ਹੈ, ਕਿਉਂਕਿ ਇਹ ਧਰਮ ਸੱਚ ਪ੍ਰਮਾਤਮਾ ਤੋਂ ਪੈਦਾ ਹੋਈ ਹੈ। ਇਸ ਲਈ ਇਹ ਹਰੀ ਦਾ ਰੂਪ ਹੈ ਅਤੇ ਗਿਆਨਵਾਨ ਮਨੁੱਖੀ ਨੂੰ ਹੀ ਇਸ ਦਾ ਅਨੁਭਵ ਹੁੰਦਾ ਹੈ। ਗੁਰੂ ਅਮਰਦਾਸ ਜੀ ਕਥਨ ਕਰਦੇ ਹਨ:

ਏਹੁ ਵਿਸ ਸੰਸਾਰੁ ਤੁਮ ਦੇਖਦੇ ਏਹੁ ਹਰਿ ਕਾ ਰੂਪੁ ਹੈ ਹਰਿ ਰੂਪੁ ਨਦਰੀ ਆਇਆ॥

ਅੰਕ 922

ਇਸ ਪ੍ਰਕਾਰ ਉਪਰੋਕਤ ਪ੍ਰਮਾਣਾਂ ਦੇ ਹਵਾਲੇ ਨਾਲ ਅਸੀਂ ਆਖ ਸਕਦੇ ਹਾਂ ਕਿ ਗੁਰੂ ਗ੍ਰੰਥ ਸਾਹਿਬ ਅੰਦਰ ਪ੍ਰਾਪਤ ਜਗਤ ਰਚਨਾ ਸਬੰਧੀ ਵਿਧਾਨ-ਪ੍ਰਬੰਧ ਨਾ ਸਿਰਫ਼ ਨਿਵੇਕਲਾ ਅਤੇ ਮੂਲੋਂ ਹੀ ਮੌਲਿਕ ਹੈ, ਬਲਕਿ ਇਸ ਦੀ ਆਪਣੀ ਇਕ ਵਿਲੱਖਣ ਵਿਸ਼ੇਸ਼ਤਾ ਵੀ ਹੈ। ਜਿਸ ਦਾ ਜ਼ਿਕਰ ਕਰਦਿਆਂ ਡਾ. ਮਨਮੋਹਨ ਸਿੰਘ ਆਖਦੇ ਹਨ ਕਿ:

1. ਗੁਰਮਤਿ ਕਾਵਿ ਵਿਚ ਜਗਤ ਸਬੰਧੀ ਅਨੇਕਾਂ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ, ਜਿਵੇਂ ਜਗਤ, ਸੰਸਾਰ, ਰਚਨਾ, ਭਵਸਾਗਰ, ਭਉਜਲ ਅਤੇ ਭਉਨਿਧ ਆਦਿ।
2. ਜਗਤ-ਉਤਪਤੀ ਦਾ ਵਾਸਤਵਿਕ ਅਤੇ ਆਧਾਰਭੂਤ ਕਾਰਨ ਸੱਤ-ਬ੍ਰਹਮ ਹੈ।
3. ਸਤਿ-ਕਾਰਨ ਤੋਂ ਸਭ-ਕਾਰਜ ਰੂਪੀ ਜਗਤ ਦੀ ਉਤਪਤੀ ਹੋਣ ਕਰ ਕੇ ਜਗਤ ਸਤਿ-ਕਾਰਨ ਦੇ ਅਨੁਰੂਪ ਹੀ ਸਤਿ ਹੈ।
4. ਪਰ ਜਗਤ ਦੀ ਵਿਵਹਾਰਿਕ ਸੱਤਾ ਕਾਰਨ ਇਸ ਨੂੰ ਪਰਿਮਾਣਸ਼ੀਲ, ਪਰਿਵਰਤਨਸ਼ੀਲ, ਬਿਨਸਣਹਾਰ, ਮਿਥਿਆ, ਝੂਠਾ, ਨਾਸ਼ਵਾਨ, ਸੁਪਨਾ, ਤਮਾਸ਼ਾ, ਜਲ ਦਾ ਬੁਦਬੁਦਾ, ਧੂੰਏਂ ਦਾ ਪਹਾੜ, ਬਾਲੂ ਕੀ ਭੀਤ ਅਤੇ ਮ੍ਰਿਗ-ਤ੍ਰਿਸ਼ਨਾ ਆਦਿ ਕਿਹਾ ਜਾਂਦਾ ਹੈ।

ਇਨ੍ਹਾਂ ਸਮੂਹ ਪਹਿਲੂਆਂ ਦਾ ਇਕ ਕੇਂਦਰ-ਬਿੰਦੂ ਅਕਾਲ-ਪੁਰਖ ਖ਼ੁਦ ਹੈ। ਜਿਸ ਬਾਬਤ ਗੁਰੂ ਅਰਜਨ ਸਾਹਿਬ ਆਖਦੇ ਹਨ:

ਜਿਸਕੀ ਸ੍ਰਿਸਟਿ ਸੁ ਕਰਣੈਹਾਰੁ॥
ਅਵਰ ਨ ਬੂਝਿ ਕਰਤ ਬੀਚਾਰੁ॥

ਅੰਕ 285

******

ਪਰਮਿੰਦਰ ਸਿੰਘ ਸ਼ੌਂਕੀ
ਮੁੱਖ ਸੰਪਾਦਕ
ਅਨਹਦ ਈ-ਮੈਗਜ਼ੀਨ
ਸੰਪਰਕ: 094643-46677

# ਸੂਹੀ ਰਾਗ ਅੰਦਰ ਰਚਿਤ ਬਾਣੀ 'ਸੁਚਜੀ' ਅਨੁਸਾਰ ਆਦਰਸ਼ਿਕ ਨਾਰੀ

ਗੁਰੂ ਨਾਨਕ ਦੇਵ ਜੀ ਦੇ ਆਗਮਨ ਤੋਂ ਪੂਰਵ ਸੰਸਾਰ ਵਿਚ ਅਗਿਆਨਤਾ ਦਾ ਅੰਧਕਾਰ ਇਤਨਾ ਵਿਕਰਾਲ ਹੋ ਚੁੱਕਾ ਸੀ ਕਿ ਸੱਚ ਦਾ ਪ੍ਰਕਾਸ਼ ਇਸ ਪਿੱਛੇ ਢਕਿਆ ਜਾ ਚੁੱਕਾ ਸੀ। ਕੂੜ ਰੂਪੀ ਅਮਾਵਸ ਰਾਤ੍ਰੀ ਸਾਰੇ ਪਸਰ ਗਈ ਸੀ ਅਤੇ ਗਿਆਨ ਦੀ ਕੋਈ ਚਿਣਗ ਦਿਖਾਈ ਨਹੀਂ ਸੀ ਦੇਂਦੀ। ਧਰਮ ਦਾ ਰਾਹ ਇਤਨਾ ਤੰਗ ਹੋ ਚੁਕਾ ਸੀ ਕਿ ਮਨੁੱਖਤਾ ਨੂੰ ਇਸ ਰਾਹ ਦੀ ਸੋਝੀ ਦੇਣ ਵਾਲਾ ਕੋਈ ਸਾਹਮਣੇ ਨਹੀਂ ਸੀ ਆ ਰਿਹਾ। ਸਮਾਜ ਨੂੰ ਸੇਧ ਦੇਣ ਵਾਲੇ ਜੋਗੀ, ਜਤੀ, ਤਪੀ ਆਦਿ ਪਬਰਤਾਂ/ਕੰਦਰਾਂ ਵਿਚ ਛਿਪ ਕੇ ਆਰਾਧਨਾ ਵਿਚ ਵਿਅਸਤ ਹੋ ਗਏ ਸਨ। ਸੰਤਾਪ ਭੋਗ ਰਹੀ ਭੈਭੀਤ ਲੋਕਾਈ ਪਰਮਾਤਮਾ ਅੱਗੇ ਅਰਜ਼ੋਈਆਂ ਕਰ ਰਹੀ ਸੀ ਕਿ ਹੁਣ ਪਰਮ ਪੁਰਖ ਆਪ ਆ ਕੇ ਇਸ ਦੁੱਖਾਂ ਰੂਪੀ ਅੰਧਕਾਰ ਨੂੰ ਗਿਆਨ ਦੀ ਖੜਗ ਨਾਲ ਕੱਟ ਸੁੱਟੇ। ਜਗਤ ਜਲੰਦੇ ਦੀ ਪੁਕਾਰ ਆਖਿਰ ਅਕਾਲ ਪੁਰਖ ਦੇ ਦਰ ਤੇ ਸੁਣੀ ਗਈ। ਜਗਤ ਵਿਚ ਗਿਆਨ ਦਾ ਚਾਨਣ ਫੈਲਾਉਣ ਹਿਤ ਗੁਰੂ ਨਾਨਕ ਦੇਵ ਜੀ ਅਵਤਾਰ ਧਾਰ ਕੇ ਨਨਕਾਣੇ ਦੀ ਧਰਤੀ 'ਤੇ ਆ ਗਏ। ਗੁਰੂ ਨਾਨਕ ਦੇਵ ਜੀ ਨੇ ਵਿਸ਼ਵ ਰੂਪੀ ਰੰਗਮੰਚ ਦੇ ਕੈਨਵਾਸ 'ਤੇ ਉੱਤਮ ਮਾਨਵੀ ਗੁਣਾਂ ਵਾਲੇ ਪਰਿਪੂਰਣ 'ਗੁਰਸਿੱਖ' ਅਤੇ 'ਸਿੱਖੀ' ਦੇ ਸਰਵੋਤਮ ਚਿੱਤਰਨ ਹਿਤ ਜੋ ਪੂਰਨੇ ਪਾਏ ਉਨ੍ਹਾਂ ਨੂੰ ਸਾਕਾਰ ਕਰ ਅੰਤਿਮ ਟੀਚੇ ਤੇ ਪਹੁੰਚਾਉਣ ਲਈ ਦਸ ਗੁਰੂ ਸਾਹਿਬਾਨਾਂ ਵਿਚਲੀ ਇਕੋ ਅਕਾਲ ਜੋਤਿ ਕਾਰਜਰਤ ਰਹੀ। ਵਿਘਨ ਹਰਤਾ ਜਗਤ ਪਾਲਕ ਗੁਰੂ ਨਾਨਕ ਸਾਹਿਬ ਜੀ ਦੁਆਰਾ ਆਰੰਭੇ ਇਸ ਵਿਲਖਣ ਕਾਰਜ ਨੂੰ ਬਾਕੀ ਨੌਂ ਗੁਰੂ ਸਾਹਿਬਾਨ ਨੇ ਅਗਣਿਤ ਘਾਲਣਾ ਘਾਲ ਕੇ ਨਿਰੰਤਰ ਗਤੀਸ਼ੀਲ ਰੱਖਿਆ ਅਤੇ ਇਸ ਨੂੰ ਅੰਤਿਮ ਛੋਹ ਬਖਸ਼ਦਿਆਂ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਦੀ ਸਾਜਨਾ ਕਰ ਸਦੈਵ ਲਈ ਵੈਸ਼ਵਿਕ ਪਟਲ 'ਤੇ ਅਮਰ ਕਰ ਦਿਤਾ। ਅੰਤਤ: ਸਿੱਖ ਪੰਥ ਪੂਰੇ ਜਾਲੋ-ਜ਼ਲਾਲ ਨਾਲ ਉਦਿਤ ਹੋ ਅਨੂਠੀ ਆਭਾ ਨਾਲ ਜਗਮਗਾ ਉਠਿਆ। ਅਜਿਹਾ ਸਿੱਖ ਪੰਥ ਜਿਸ ਦੀ ਨੀਂਵ ਧਰਮ ਦੀ ਪਉੜੀ ਪਰ ਟਿਕੀ ਅਤੇ ਮਾਰਗ ਸਚ ਦੇ ਦੈਵੀ ਗੁਣਾਂ-ਨਿਮਰਤਾ, ਸਹਿਜ, ਸੰਤੋਖ, ਦਇਆ ਅਤੇ ਪਰਉਪਕਾਰ ਆਦਿਕ ਪਰ ਆਧਾਰਿਤ ਸੀ। ਇਸ ਮਾਰਗ ਦਾ ਪਾਂਧੀ ਬਣ ਕੇ ਸਾਧਕ ਗੁਰੂ ਉਦੇਸ਼ਾਂ-ਉਪਦੇਸ਼ਾਂ ਨੂੰ ਸ਼ਨੈ-ਸ਼ਨੈ ਅਪਣੇ ਆਚਾਰ-ਵਿਵਹਾਰ ਵਿਚ ਢਾਲਕੇ ਸਚਖੰਡ ਰੂਪੀ ਅੰਤਿਮ ਮੰਜ਼ਿਲ ਤੱਕ ਸਹਿਜੇ ਪਹੁੰਚ ਸਕਦਾ ਹੈ। ਸਿਖ ਪੰਥ ਦਾ ਉਦੈ ਕੇਵਲ ਇਸ ਦੇ ਅਨੁਆਈਆਂ ਦੇ ਭਲੇ ਲਈ ਹੀ ਨਹੀਂ, ਬਲਕਿ ਸੰਪੂਰਣ ਜੀਵੋਤਥਾਨ ਦੇ ਕਲਿਆਣ ਹਿਤ ਹੋਇਆ ਸੀ, ਇਸ ਕਰਕੇ ਇਸ ਪੰਥ ਦੇ ਧਰਮ ਗ੍ਰੰਥ ਦੀ ਸਿੱਖਿਆਵਾਂ ਪਰ ਅਮਲ ਕਿਸੀ ਵਿਸ਼ੇਸ ਜਾਤੀ ਦੇ ਲਈ ਨਹੀਂ, ਬਲਕਿ ਸਮੁੱਚਿਤ ਮਾਨਵਤਾ ਦੇ ਉੱਥਾਨ ਹਿਤ ਨਿਹਿਤ ਕੀਤਾ ਗਿਆ। ਪੰਥ ਦੇ ਆਪਣੇ ਮੌਲਿਕ ਉਪਦੇਸ਼, ਪਰੰਪਰਾਵਾਂ, ਨਿਯਮ ਅਤੇ ਮਰਯਾਦਾਵਾਂ ਸਥਾਪਿਤ ਕੀਤੀਆਂ ਗਈਆਂ ਅਤੇ ਜਿਨ੍ਹਾਂ ਦਾ ਪਾਲਣ ਹਰੇਕ ਅਨੁਆਈ ਲਈ ਪਰਮ ਧਰਮ ਬਣ ਗਿਆ। ਵੱਡੀ ਵਿਸ਼ੇਸ਼ਤਾ ਇਹ ਕਿ ਗੁਰੂਆਂ ਦੀ ਪਵਿਤਰ ਬਾਣੀ ਨਾਲ ਸ਼ਿੰਗਾਰੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਸ਼ਬਦ ਗੁਰੂ ਦੇ ਰੂਪ ਵਿਚ ਗੁਰੂ ਗਦੀ ਪਰ ਆਸੀਨ ਕਰ ਦਿਤਾ, ਜਿਸ ਦੀ ਬਾਣੀ (ਧੁਰ ਕੀ ਬਾਣੀ) ਆਪ ਗੁਰੂ ਸਾਹਿਬਾਂ ਦੇ ਪਾਵਨ ਮੁਖਾਰਬਿੰਦ ਤੋਂ ਉਚਰਿਤ ਹੋਈ ਸੀ। ਸਰਬ ਮਾਨਵਤਾ ਦੇ ਹਿਤ ਦੀ ਰਾਹਨੁਮਾਈ ਕਰਨ ਵਾਲੀ ਪਵਿੱਤਰ ਗੁਰਬਾਣੀ ਮੁਰਦਾ ਦਿਲ ਰੂਹਾਂ ਵਿਚ ਪ੍ਰਾਣ ਪਾਉਣ ਵਿਚ ਸਰਬ-ਭਾਂਤ ਸਮਰੱਥ ਹੈ।

ਇੰਞ ਪਾਵਨ ਗੁਰਬਾਣੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਅੱਜ ਪੰਥ ਦੀ ਗੁਰੂ ਗੱਦੀ ਪਰ ਬਿਰਾਜਮਾਨ ਪੂਰੀ ਆਨ-ਬਾਨ-ਸ਼ਾਨ ਦੇ ਨਾਲ ਇੰਞ ਸਤਿਕਾਰਿਤ ਹੈ ਕਿ ਜਿਸ ਦੀ ਮਿਸਾਲ ਹੋਰ ਨਹੀਂ।

ਨਾਂਦੇੜ (ਮਹਾਰਾਸ਼ਟਰ) ਵਿਖੇ ਅਕਾਲ ਜੋਤਿ ਵਿਚ ਵਿਲੀਨ ਹੋਣ ਤੋਂ ਪੂਰਵ ਦਸਮ ਗੁਰੂ ਜੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰਗੱਦੀ ਪਰ ਬਿਰਾਜਮਾਨ ਕਰਦਿਆਂ ਸਪਸ਼ਟ ਕਰ ਦਿਤਾ ਸੀ ਕਿ ਹੁਣ ਤੋਂ ਗੁਰੂ ਗ੍ਰੰਥ ਸਾਹਿਬ ਹੀ ਸ਼ਾਬਦਿਕ ਗੁਰੂ ਦੇ ਰੂਪ ਵਿਚ ਸਿਖ ਪੰਥ ਦੇ ਗੁਰੂ ਹਨ ਨਾ ਕਿ ਕੋਈ ਦੇਹਧਾਰੀ ਮਨੁੱਖ। ਇਨ੍ਹਾਂ ਦੇ ਉਪਦੇਸ਼ਾਂ ਤੋਂ ਉਚਿੱਤ ਜੀਵਨ ਸੇਧ ਪ੍ਰਾਪਤ ਕਰ ਪੰਥ ਪ੍ਰਗਤੀ ਕਰੇਗਾ ਅਤੇ ਪਰਿਵਾਰਿਕ, ਸਮਾਜਿਕ ਅਤੇ ਵਿਸ਼ਵ ਭਾਈਚਾਰੇ ਨਾਲ ਸਹਿਜੇ ਹੀ ਨਿਰਵਾਹ ਕਰਨਾ ਸਿੱਖ ਸਕੇਗਾ। ਪੰਥ ਦਾ ਹਰੇਕ ਅਨੁਆਈ ਇਨ੍ਹਾਂ ਉਪਦੇਸ਼ਾਂ ਨੂੰ ਅਪਣੇ ਆਚਾਰ-ਵਿਹਾਰ ਵਿਚ ਉਤਾਰ ਕੇ ਸਚਿਆਰ ਬਣ ਸਕਦਾ ਹੈ। ਸ਼ਬਦ ਗੁਰੂ ਹੀ ਗੁਰਸਿੱਖਾਂ ਦੇ ਅਧਿਆਤਮਿਕ, ਬੌਧਿਕ ਅਤੇ ਧਾਰਮਿਕ ਗਿਆਨ ਪ੍ਰਦਾਤਾ ਹੋਣਗੇ। ਇਨ੍ਹਾਂ ਤੋਂ ਇਲਾਵਾ ਹੋਰ ਕਿਸੇ ਦੇਹਧਾਰੀ ਗੁਰੂ ਦੀ ਕਲਪਨਾ ਵੀ ਨਹੀਂ ਕਰਨੀ। ਸ੍ਰੀ ਗੁਰੂ ਗ੍ਰੰਥ ਸਾਹਿਬ ਸਿੱਖ ਪੰਥ ਦੇ ਅੰਤਿਮ ਅਜਿਹੇ ਅਨੂਠੇ ਤੇ ਅਨੁਪਮ ਗੁਰੂ ਹਨ, ਜਿਨ੍ਹਾਂ ਤੋਂ ਕੇਵਲ ਸਿਖ ਪੰਥ ਦੇ ਅਨੁਆਈ ਹੀ ਨਹੀਂ, ਬਲਕਿ ਹੋਰ ਪੰਥਾਂ ਦੇ ਜਿਗਿਆਸੂ ਜਨ ਵੀ ਗਿਆਨ ਪ੍ਰਾਪਤ ਕਰ ਅਪਣੇ ਵਿਅਕਤਿਤਵ ਨੂੰ ਉੱਤਮ ਸਦਗੁਣਾਂ ਦੇ ਆਭੂਖਣਾਂ ਨਾਲ ਅਲੰਕਰਿਤ ਕਰ ਸਚੇ ਪਥ ਦੇ ਮਾਰਗੀ ਬਣ ਜੀਵਨ ਯਾਤਰਾ ਨੂੰ ਮੰਜ਼ਿਲ ਤੱਕ ਲੈ ਜਾਣ ਹਿਤ ਸਫਲ ਹੋ ਰਹੇ ਹਨ। ਇੰਞ ਇਹ ਵਿਸ਼ਵ ਕਲਿਆਣ ਦੀ ਭਾਵਨਾ ਨਾਲ ਓਤ-ਪ੍ਰੋਤ ਮਾਨਵਤਾ ਦਾ ਪੱਥ ਪ੍ਰਕਾਸ਼ਿਤ ਕਰ ਰਹੇ ਤੇ ਸਦੈਵ ਕਰਦੇ ਰਹਿਣਗੇ। ਪਾਰੰਪਰਿਕ ਧਰਮ ਸ਼ਾਸਤਰਾਂ ਅਨੁਸਾਰ ਪਰਮ ਆਤਮਾ ਦੁਆਰਾ ਰਚਿਤ ਇਸ ਸ੍ਰਿਸ਼ਟੀ ਦੇ ਸੰਪੂਰਣ ਚਰ-ਅਚਰ ਜੀਵਾਂ ਵਿਚੋਂ ਕੇਵਲ ਮਾਨਵ ਦੇਹ ਹੀ ਅਜਿਹੀ ਅਮੋਲਕ ਦਾਤ ਸਵੀਕਾਰ ਕੀਤੀ ਗਈ ਹੈ, ਜਿਸ ਵਿਚ ਮਨੁਖ ਗਿਆਨ ਅਰਜਿਤ ਕਰ ਆਪਣੇ ਪੂਰਬਲੇ ਜਨਮ-ਜਨਮਾਂਤਰਾਂ ਦੇ ਪਾਪਾਂ ਦਾ ਸਮੂਲ ਵਿਨਾਸ਼ ਕਰ ਸਕਦਾ ਹੈ। ਉਹ ਗਿਆਨ ਜੋ ਜੀਵਨ ਦਾ ਰਾਹ ਦਸੇਰਾ ਅਤੇ ਜੀਵਾਂ ਦੀ ਮੁਕਤੀ ਦਾ ਅੰਤਿਮ ਟੀਚਾ ਹੈ। ਮਾਨਵ-ਦੇਹ ਨੂੰ ਪ੍ਰਾਪਤ ਕਰਨ ਲਈ ਦੇਵਤੇ ਵੀ ਤਰਸਦੇ ਹਨ। ਭਗਤ ਕਬੀਰ ਜੀ ਉਪਦੇਸ਼ ਕਰਦੇ ਹਨ:

ਗੁਰ ਸੇਵਾ ਤੇ ਭਗਤਿ ਕਮਾਈ॥
ਤਬ ਇਹ ਮਾਨਸ ਦੇਹੀ ਪਾਈ॥
ਇਸ ਦੇਹੀ ਕਉ ਸਿਮਰਹਿ ਦੇਵ॥
ਸੋ ਦੇਹੀ ਭਜੁ ਹਰਿ ਕੀ ਸੇਵ॥

ਗੁਰੁ-ਰੂਪ ਭਗਵੰਤ ਦੀ ਭਗਤੀ ਰੂਪ ਕਮਾਈ ਤੋਂ ਸੰਚਿਤ ਉੱਤਮ ਕਰਮਾਂ ਦੇ ਫਲਸਵਰੂਪ ਇਹ ਮਨੁੱਖਾ-ਦੇਹੀ ਪ੍ਰਾਪਤ ਹੁੰਦੀ ਹੈ। ਇਸ ਦੇਹੀ ਦੀ ਪ੍ਰਾਪਤੀ ਲਈ ਦੇਵਤੇ ਵੀ ਤਰਸਦੇ ਹਨ। ਸੋ ਹੇ ਮਨੁੱਖ! ਤੂੰ ਵੀ ਇਸ ਦੇਹ ਨੂੰ ਪਰਮਾਤਮਾ ਦੀ ਸੇਵਾ ਰੂਪ ਭਗਤੀ ਵਿਚ ਅਰਪਣ ਕਰ ਦੇ। ਮਨੁੱਖਾ ਜਨਮ 84 ਲੱਖ ਜੂਨਾਂ ਦੌਰਾਨ ਕੀਤੇ ਕਰਮਾਂ ਦੇ ਪ੍ਰਾਰਬਧ ਤੋਂ ਮਿਲਦਾ ਹੈ। ਇਸ ਲਈ ਇਹ ਅਵਸਰ ਜੇਕਰ ਇਕ ਵਾਰ ਨਿਸਫਲ ਚਲਾ ਗਿਆ ਫਿਰ ਹੱਥ ਨਹੀਂ ਆਉਣ ਵਾਲਾ।

ਉੱਤਮ ਮਨੁੱਖਾਂ ਦੀ ਘਾੜਤ ਗੁਰੂ ਦੀ ਰਾਹਨੁਮਾਈ ਤੋਂ ਬਗੈਰ ਸੰਭਵ ਨਹੀਂ। ਗੁਰਬਾਣੀ ਮਨੁੱਖ ਨੂੰ ਗੁਰਮੁਖ ਬਣਾਉਣ ਲਈ ਪ੍ਰੇਰਦੀ ਹੈ ਤੇ ਗੁਰਮੁਖ ਨੂੰ ਸੱਚੇ ਦੇ ਦਰ 'ਤੇ ਵਡਿਆਈ ਮਿਲਦੀ ਹੈ। ਵਾਹਿਗੁਰੂ ਦੇ ਦਰ ਤੱਕ ਪਹੁੰਚਾਉਣ ਲਈ ਜਾਤ, ਵਰਣ, ਭੇਖ ਨਹੀਂ ਬਲਕਿ ਸੱਚੇ ਅਮਲ ਸਹਾਈ ਹੁੰਦੇ ਹਨ। ਕਿਸੇ ਸ਼ਾਇਰ ਨੂੰ ਬਹੁਤ ਖ਼ੂਬ ਕਿਹਾ ਹੈ:

ਉੱਥੇ ਅਮਲਾਂ ਦੇ ਹੋਣਗੇ ਨਿਬੇੜੇ ਕਿਸੇ ਨਾ ਤੇਰੀ ਜਾਤ ਪੁੱਛਣੀ।

ਛੇਂ ਸਿੱਖ ਗੁਰੂ ਸਾਹਿਬਾਨ ਦੀ ਅੰਮ੍ਰਿਤ ਬਾਣੀ ਤੋਂ ਇਲਾਵਾ ਉਨ੍ਹਾਂ ਭਗਤਾਂ, ਭੱਟਾਂ, ਗੁਰੂ ਘਰ ਦੇ ਕੀਰਤਨਕਾਰਾਂ ਅਤੇ ਗੁਰੂ ਦੇ ਪਿਆਰੇ ਸਿੱਖਾਂ ਦੀ ਬਾਣੀ ਵੀ ਗੁਰੂ ਗ੍ਰੰਥ ਸਾਹਿਬ ਵਿਚ ਸਤਿਕਾਰ ਸਹਿਤ ਦਰਜ ਹੈ, ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਆਸ਼ੇ ਦੇ ਸਰਬ-ਭਾਂਤ ਅਨੁਕੂਲ ਹੈ। ਗੁਰੂ ਗ੍ਰੰਥ ਸਾਹਿਬ ਦੀ ਸੰਪੂਰਣ ਬਾਣੀ ਸੰਗੀਤਕ ਧੁਨਾਂ ਅਤੇ ਰਾਗਾਂ ਵਿਚ ਸਜੀ ਹੈ, ਪ੍ਰਤੇਕ ਰਾਗ ਦਾ ਸਮਾਂ, ਗਾਇਨ, ਉਸਦੀ ਸ਼ੈਲੀ ਦੂਸਰੇ ਰਾਗ ਤੋਂ ਭਿੰਨ ਹੈ। ਰਾਗਾਂ ਦੀ ਕ੍ਰਮਬਧਤਾ ਅਨੁਸਾਰ ਰਾਗ ਸੂਹੀ 15 ਨੰਬਰ ਪਰ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੁਭਾਇਮਾਨ ਹੈ। ਇਸ ਰਾਗ ਵਿਚ ਕੁੱਲ 82 ਚਉਪਦੇ, 16 ਅਸ਼ਟਪਦੀਆਂ, 3 ਸ਼ਬਦ ਕੁਚਜੀ, ਸੁਚਜੀ ਅਤੇ ਗੁਣਵੰਤੀ, 29 ਛੰਦ ਅਤੇ ਇਕ ਵਾਰ (ਮਹਲਾ 3) ਸ਼ਾਮਿਲ ਹੈ। ਸੂਹਾ ਸ਼ਬਦ ਗੂੜ੍ਹੇ ਲਾਲ ਰੰਗ ਦੀ ਉਪਮਾ ਦੇ ਰੂਪ ਵਿਚ ਪ੍ਰਯੁਕਤ ਹੋਇਆ ਹੈ। 'ਸੂਹਾ ਸ਼ਬਦ ਗੂੜ੍ਹੇ ਲਾਲ ਰੰਗ ਲਈ ਵਰਤਿਆ ਜਾਂਦਾ ਹੈ। ਗੁਰਬਾਣੀ ਅਨੁਸਾਰ ਕੁਸੰਭੀ (ਇਕ ਪ੍ਰਕਾਰ ਦਾ ਫੁੱਲ) ਰੰਗ ਜੋ ਸ਼ੋਖ, ਪਰ ਕੱਚਾ ਹੈ; ਮਾਇਆ ਦਾ ਪ੍ਰਤੀਕ ਰੰਗ ਹੈ: ਲਾਲ ਰੰਗ ਦੇ ਉਲਟ, ਜੋ ਮਜੀਠ ਨਾਲ ਸਬੰਧਤ ਅਤੇ ਪੱਕਾ ਹੈ'।[1] ਜੋ ਅਪਣੇ ਕੱਚੇਪਣ ਦੇ ਕਾਰਣ ਜਲਦੀ ਹੀ ਆਪਣੀ ਸੁੰਦਰਤਾ ਗਵਾ ਦਿੰਦਾ ਹੈ। ਗੁਰਬਾਣੀ ਵਿਚ ਇਸ ਦੀ ਤੁਲਨਾ ਮਾਇਆ ਦੇ ਪ੍ਰਤੀਕ ਰੂਪ ਵਿਚ ਕਰਦੇ ਹੋਏ ਸਾਧਕ ਨੂੰ ਇਸ ਦੇ ਪ੍ਰਭਾਵ ਤੋਂ ਬਚਣ ਲਈ ਉਪਦੇਸ਼ ਹੈ:

ਸੁਣਿ ਬਾਵਰੇ ਤੂ ਕਾਏ ਦੇਖਿ ਭੁਲਾਨਾ॥
ਸੁਣਿ ਬਾਵਰੇ ਨੇਹੁ ਕੂੜਾ ਲਾਇਓ ਕੁਸੰਭ ਰੰਗਾਨਾ॥
ਕੂੜੀ ਡੇਖਿ ਭੁਲੋ ਅਢੁ ਲਹੈ ਨ ਮੁਲੋ ਗੋਵਿਦ ਨਾਮੁ ਮਜੀਠਾ॥
ਥੀਵਹਿ ਲਾਲਾ ਅਤਿ ਗੁਲਾਲਾ ਸਬਦੁ ਚੀਨਿ ਗੁਰ ਮੀਠਾ॥[2]

ਹਰਿ ਨਾਮ ਵਿਚ ਲੀਨ ਹੋਣ ਤੋਂ ਪੂਰਵ ਅਪਣੇ ਹਿਰਦੇ ਨੂੰ ਸੁੱਚਾ ਕਰਨ ਦੀ ਪ੍ਰੇਰਣਾ ਕਰਦੇ ਹੋਏ ਦਰਸਾਇਆ ਗਿਆ ਹੈ ਕਿ ਮਨੁੱਖ ਦੀ ਕਥਨੀ ਅਤੇ ਕਰਨੀ ਇਕ ਸਮਾਨ ਹੋਣੀ ਆਵਸ਼ਕ ਹੈ। ਪਾਖੰਡ ਰਚਿਤ ਕਰਮਾਂ ਦੁਆਰਾ ਕਿਸੇ ਮਨੁਖ ਨੂੰ ਤਾਂ ਧੋਖੇ ਵਿਚ ਰੱਖਿਆ ਜਾ ਸਕਦਾ ਹੈ, ਪਰ ਪਰਮਾਤਮਾ ਦੇ ਸਨਮੁੱਖ ਇਹ ਕੱਚਾ ਰੰਗ ਟਿਕ ਨਹੀਂ ਸਕਦਾ ਤੇ ਜਲਦੀ ਹੀ ਅਪਣੀ ਚਮਕ ਗਵਾ ਦਿੰਦਾ ਹੈ। ਮਲੀਨ ਮਨ ਦੀ ਪਾਖੰਡ ਰੂਪ ਭਗਤੀ ਉਸ ਕੁਸੰਭੇ ਰੰਗ ਦੀ ਮਾਨਿੰਦ ਹੈ, ਜੋ ਉੱਤਰਦੇ ਹੋਏ ਇਕ ਖਿਣ ਦਾ ਸਮਾਂ ਨਹੀਂ ਲੈਂਦੀ। ਸੱਚਾ ਸਾਧਕ ਉਹੀ ਹੈ, ਜੋ ਪ੍ਰਭੂ-ਪ੍ਰੇਮ ਰੂਪੀ ਸੂਹੇ ਰੰਗ ਦੁਆਰਾ ਅਪਣੇ ਮਨ, ਵਚਨ ਅਤੇ ਕਰਮ ਨੂੰ ਸ਼ਿੰਗਾਰ ਕੇ ਅਪਣੇ ਸੰਪਰਕ ਵਿਚ ਆਉਣ ਵਾਲੇ ਮਿੱਤਰਾਂ, ਸਕੇ-ਸਨੇਹੀਆਂ ਦਾ ਵੀ ਉਧਾਰ ਕਰਦਾ ਹੈ। ਜਿਸ ਭਾਂਤੀ ਸੂਹਾ ਲਾਲ ਰੰਗ ਦੂਰ ਤੋਂ ਹੀ ਅਪਣੀ ਛਟਾ ਬਿਖੇਰਦਾ ਹੈ; ਠੀਕ ਇੰਝ ਹੀ ਸੱਚਾ ਸਾਧਕ ਪ੍ਰਭੂ ਪ੍ਰੇਮ ਦੇ ਗਹਿਰੇ ਰੰਗ ਵਿਚ ਸਜਿਆ ਪ੍ਰਭੂ ਪ੍ਰੀਤਮ ਦੀ ਭਗਤੀ ਤੋਂ ਅਰਜਿਤ ਸੁੰਦਰਤਾ ਨੂੰ ਛੁਪਾ ਨਹੀਂ ਸਕਦਾ।

ਗੁਰਬਾਣੀ ਮਾਨਵ ਮਨ ਨੂੰ ਉਸ ਦੇ ਸਮੱਗਰ ਉੱਥਾਨ ਅਤੇ ਕਲਿਆਣ ਹਿਤ ਜਾਗ੍ਰਿਤ ਤਾਂ ਕਰਦੀ ਹੀ ਹੈ; ਨਾਲ ਹੀ ਉੱਤਮ ਜੀਵਨ-ਜਾਚ ਦੀ ਅਸਲੀ ਜੁਗਤ ਤੋਂ ਵੀ ਜਾਣੂੰ ਕਰਵਾਉਂਦੀ ਹੈ। ਗੁਰੂ ਨਾਨਕ ਦੇਵ ਜੀ ਨੇ ਜੀਵ ਕਾਇਆ ਨੂੰ ਇਸਤਰੀ ਰੂਪ ਵਿਚ ਸੰਬੋਧਨ ਕਰਦਿਆਂ ਸ੍ਰਿਸ਼ਟੀ ਦੇ ਰਚਨਹਾਰ ਮਾਲਕ ਨੂੰ ਪਤੀ ਪਰਮੇਸ਼ਰ ਨੂੰ 'ਸਹੁ' ਕਹਿ ਕੇ

[1] ਜੀ. ਐਸ. ਰਿਆਲ, ਪੰਜਾਬੀ ਭਾਸ਼ਾ ਦਾ ਨਿਰੁਕਤ ਕੋਸ਼, ਪਬਲੀਕੇਸ਼ਨ ਬਿਊਰੋ ਪੰਜਾਬੀ ਯੂਨੀਵਰਸਿਟੀ, 2006 ਪੰਨਾ 137
[2] ਸ਼੍ਰੀ. ਗੁਰ. ਗ੍ਰੰ. ਸਾ. ਰਾਗੁ ਸੂਹੀ ਮ:5, ਅੰਕ 777

ਵਡਿਆਇਆ ਹੈ। ਜੀਵ ਕਾਇਆ ਦਾ ਮਿਲਾਪ ਪਤੀ ਪਰਮੇਸ਼ਰ ਨਾਲ ਤਾਂ ਹੀ ਹੋ ਸਕਦਾ ਹੈ, ਜੇਕਰ ਉਹ ਗੁਣਵੰਤੀ (ਗੁਰਮੁਖ) ਹੋਵੇ। ਗੁਣਵੰਤੀ ਹੋਣ ਲਈ ਜੀਵ ਇਸਤਰੀ ਨੂੰ ਆਪਣੇ ਮਨ ਤੋਂ ਕੂੜ ਦੇ ਕਚੇ ਰੰਗ ਨੂੰ ਉਤਾਰ ਕੇ ਪਰਮੇਸ਼ਰ ਦੀ ਭਗਤੀ ਦੇ ਸੂਹੇ ਰੰਗ ਵਿਚ ਰੰਗ ਕੇ ਸਚਿਆਰਾ ਬਣਨਾ ਪਵੇਗਾ। ਅਜਿਹੀ ਗੁਣਵੰਤੀ ਜੀਵਾਤਮਾ ਹੀ ਪ੍ਰਭੂ ਪਤੀ ਦੇ ਦਰ 'ਤੇ ਸਤਿਕਾਰ ਪਾਉਂਦੀ ਹੈ।

ਮੇਰੇ ਇਸ ਲੇਖ ਦਾ ਵਿਸ਼ਾ ਗੁਰੂ ਨਾਨਕ ਦੇਵ ਜੀ ਦੁਆਰਾ ਰਚਿਤ ਬਾਣੀ ਜੋ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸੂਹੀ ਰਾਗ ਮਹਲਾ ਪਹਿਲਾ ਦੇ ਸਿਰਲੇਖ ਹੇਠ ਸੰਕਲਿਤ ਹੈ, ਦੇ ਦੋ ਸ਼ਬਦਾਂ ਕੁਚਜੀ, ਸੁਚਜੀ ਅਤੇ ਅਗਲਾ ਸ਼ਬਦ ਗੁਰੂ ਅਰਜਨ ਦੇਵ ਜੀ ਦੁਆਰਾ ਰਚੇ ਸ਼ਬਦ ਗੁਣਵੰਤੀ ਉੱਪਰ ਆਧਾਰਿਤ ਹੈ। ਇੱਥੇ ਇਹ ਸਪਸ਼ਟ ਕਰਨਾ ਆਵੱਸ਼ਕ ਹੈ ਕਿ ਪੰਜਵੇਂ ਗੁਰੂ ਸਾਹਿਬ ਦੁਆਰਾ ਰਚਿਤ ਗੁਣਵੰਤੀ ਸ਼ਬਦ ਉਪਰੋਕਤ ਕੁਚਜੀ ਅਤੇ ਸੁਚਜੀ ਦੀ ਹੀ ਵਿਆਖਿਆ ਰੂਪ ਵਿਚ ਆਇਆ ਹੈ। ਇਹ ਪਾਵਨ ਸ਼ਬਦ ਸ਼੍ਰੀ ਗੁਰੂ ਗ੍ਰੰਥ ਸਾਹਿਬ ਦੇ ਅੰਕ 762-63 ਉੱਪਰ ਸੁਭਾਇਮਾਨ 'ਰਾਗੁ ਸੂਹੀ ਮਹਲਾ ਪਹਿਲਾ ਕੁਚਜੀ' ਤੋਂ ਆਰੰਭ ਹੁੰਦਾ ਹੈ। ਇਸੇ ਕਮ੍ਰਬੱਧਤਾ ਵਿਚ 'ਸੁਚਜੀ' ਨਾਮ ਨਾਲ ਅਲੰਕ੍ਰਿਤ ਬਾਣੀ ਅਗਲੇ ਸ਼ਬਦ ਵਿਚ ਅੰਕਿਤ ਹੈ। ਇਹ ਬੁਰੇ ਆਚਾਰ ਵਾਲੀ ਇਸਤਰੀ ਦਾ ਉੱਤਮ ਆਚਾਰ ਵੱਲ ਕਾਇਆ ਪਲਟਣ ਦਾ ਸੰਕੇਤ ਹੈ। 'ਕੁਚਜੀ' ਅਤੇ 'ਸੁਚਜੀ' ਤੋਂ ਉਪਰੰਤ ਅਗਲਾ ਸ਼ਬਦ 'ਗੁਣਵੰਤੀ' ਰੂਪ ਵਿਚ ਪ੍ਰਸਤੁਤ ਹੈ। ਗੁਣਵੰਤੀ ਇਸਤਰੀ ਅਪਣੇ ਉੱਤਮ ਗੁਣਾਂ ਕਰ ਕੇ (ਪੇਕੇ ਅਤੇ ਸਹੁਰੇ) ਦੋਹਾਂ ਪਰਿਵਾਰਾਂ ਵਿਚ ਪ੍ਰੇਮ ਅਤੇ ਸਨਮਾਨ ਪ੍ਰਾਪਤ ਕਰਦੀ ਹੈ, ਠੀਕ ਇਸੇ ਪ੍ਰਕਾਰ ਗੁਰਬਾਣੀ ਆਧਾਰਿਤ ਗੁਣਵੰਤੀ ਇਸਤਰੀ ਰੂਪੀ ਜੀਵਾਤਮਾ ਲੋਕ-ਪਰਲੋਕ ਵਿਚ ਸਤਿਕਾਰੀ ਜਾਂਦੀ ਹੈ।[3] 'ਕੁਚਜੀ ਸੰਸਕ੍ਰਿਤ ਦੇ 'ਕੁਚਰਯਾ' ਸ਼ਬਦ ਦਾ ਤਦਭਵ ਰੂਪ ਹੈ। ਇਸ ਰਾਹੀਂ ਮਾੜੇ ਆਚਰਣ ਵਾਲੀ ਇਸਤਰੀ (ਅਰਥਾਤ ਮਨਮੁੱਖ) ਦਾ ਸਰੂਪ ਵਿਤਰਿਆ ਗਿਆ ਹੈ। ਆਪਣੇ ਮਾੜੇ ਆਚਰਣ ਕਰ ਕੇ ਜੀਵਾਤਮਾ ਰੂਪੀ ਇਸਤਰੀ ਪਰਮਾਤਮਾ ਤੋਂ ਵਿੱਛੜ ਜਾਂਦੀ ਹੈ ਅਤੇ ਦ੍ਵੈਤ-ਭਾਵ ਤਥਾ ਹਉਮੈ ਕਾਰਣ ਅਨੇਕ ਪ੍ਰਕਾਰ ਦੇ ਕਸ਼ਟ ਅਤੇ ਦੁੱਖ ਸਹਿੰਦੀ ਹੈ'।[4] ਸ਼ਬਦ ਜਿੱਥੇ ਬੁਰੇ ਆਚਰਣ ਵਾਲੀ ਜੀਵ ਇਸਤਰੀ ਦੇ ਲਈ ਵਰਤਿਆ ਗਿਆ ਹੈ, ਉੱਥੇ 'ਸੁਚਜੀ' ਸ਼ੁੱਭ ਆਚਰਣ ਵਾਲੀ ਜੀਵ ਇਸਤਰੀ ਨੂੰ ਸੰਬੋਧਿਤ ਹੈ।

'ਸੁਚਜੀ ਸ਼ਬਦ ਤੋਂ ਭਾਵ ਹੈ- ਚੰਗੇ ਆਚਾਰ ਵਾਲੀ ਇਸਤਰੀ। ਇਹ 'ਕੁਚਜੀ' ਦਾ ਵਿਪਰੀਤ-ਅਰਥਕ ਸ਼ਬਦ ਹੈ।...ਸੁਚਜੀ ਸ਼ਬਦ ਅਜਿਹੇ ਜਿਗਿਆਸੂ ਲਈ ਵਰਤਿਆ ਗਿਆ ਹੈ, ਜੋ ਸੰਸਾਰਿਕਤਾ ਨੂੰ ਤਿਆਗ ਕੇ ਪੂਰੀ ਤਰ੍ਹਾਂ ਪਰਮਾਤਮਾ ਵਿਚ ਲੀਨ ਰਹਿੰਦਾ ਹੈ'।[5] ਹਰਿ ਨਾਮ ਸਿਮਰਨ ਦੁਆਰਾ ਆਖ਼ਿਰ ਜੀਵਾਤਮਾ ਪ੍ਰਭੂ-ਪ੍ਰੇਮ ਰੂਪੀ ਸੂਹੇ ਰੰਗ ਵਿਚ ਰੰਗੀ ਜਾਂਦੀ ਹੈ। ਗੁਰਬਾਣੀ ਵਿਚ ਉੱਚਤਮ ਸ਼ੁੱਭ ਸਦਗੁਣਾਂ ਵਾਲੀ ਅਜਿਹੀ ਆਦਰਸ਼ਿਕ ਜੀਵ ਇਸਤਰੀ ਦੀ ਛਵੀ ਦ੍ਰਿਸ਼ਟੀਗੋਚਰ ਹੁੰਦੀ ਹੈ, ਜਿਸ ਨੂੰ ਗੁਰਬਾਣੀ ਵਿਚ ਸਰਬ-ਗੁਣ ਸੰਪੰਨ ਗੁਣਵੰਤੀ ਇਸਤਰੀ ਕਹਿ ਕੇ ਸਤਿਕਾਰਿਆ ਗਿਆ ਹੈ। ਜਦੋਂ ਤੱਕ ਮਨੁੱਖੀ ਮਨ ਤੇ ਜੰਮ੍ਹੀ ਸੰਸਕਾਰਾਂ ਰੂਪੀ ਵਿਕਾਰਾਂ ਦੀ ਮੈਲ ਸਾਫ਼ ਨਹੀਂ ਹੁੰਦੀ, ਤਦ ਤੱਕ ਉਹ ਅਗਿਆਨਤਾ ਦੇ ਅੰਧਕਾਰ ਵਿਚ ਗੋਤੇ ਖਾਂਦਾ ਪ੍ਰਾਰੰਬਧ ਭੋਗਦਾ, ਪਾਪ ਕਰਮਾਂ ਵਿਚ ਲਿਪਤ ਭਗਵੰਤ ਅਤੇ ਅਪਣੇ ਭਾਗ ਨੂੰ ਦੋਸ਼ਾਰੋਪਣ ਕਰਦਾ ਰਹਿੰਦਾ ਹੈ, ਪਰ ਜਿਵੇਂ ਹੀ ਜੀਵਾਤਮਾ ਪਰਮ ਆਤਮਾ ਦੀ ਸ਼ਰਣ ਵਿਚ ਆਉਂਦੀ ਹੈ। ਉਸ ਦੇ ਗਿਆਨ ਚਕਸ਼ੂ ਖੁੱਲ੍ਹਣ ਲਗਦੇ ਹਨ। ਉਸ ਨੂੰ ਇਹ ਅਨੁਭਵ ਹੋਣ ਲੱਗਦਾ ਹੈ ਕਿ ਇਹ ਸਭ

---

[3] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ-ਪਹਿਲਾ, ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005, ਪੰਨਾ-598
[4] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ-ਪਹਿਲਾ, ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005, ਪੰਨਾ-513
[5] ਡਾ. ਰਤਨ ਸਿੰਘ ਜੱਗੀ, ਸਿੱਖ ਪੰਥ ਵਿਸ਼ਵਕੋਸ਼, ਭਾਗ-ਪਹਿਲਾ, ਗੁਰ ਰਤਨ ਪਬਲਿਸ਼ਰਜ਼ ਪਟਿਆਲਾ, 2005, ਪੰਨਾ-304

ਮਾਇਆ ਦਾ ਛਲ ਉਸ ਦੇ ਅਪਣੇ ਸੰਸਕਾਰਾਂ ਦੇ ਜੰਜਾਲ ਤੋਂ ਉਤਪੰਨ ਹੋਇਆ ਹੈ। ਗੁਰੂ ਦੀ ਸ਼ਰਣ ਵਿਚ ਉਸ ਨੂੰ ਆਤਮਿਕ ਸੰਤੁਸ਼ਟੀ ਅਨੁਭਵ ਹੁੰਦੀ ਹੈ। ਹੁਣ ਉਹ ਅਪਣੇ ਪ੍ਰੀਤਮ ਦੇ ਚਰਣਾਂ ਤੋਂ ਇਕ ਖਿਣ ਵੀ ਦੂਰ ਨਹੀਂ ਜਾਣਾ ਚਾਹੁੰਦੀ। ਉਹ ਅਪਣੇ ਗੁਰੂ ਪ੍ਰੀਤਮ ਦੇ ਪਿਆਰੇ ਜਨਾਂ (ਗੁਰਮੁੱਖਾਂ) ਤੋਂ ਪ੍ਰਭੂ-ਮਿਲਾਪ ਦਾ ਮਾਰਗ ਪੁੱਛਦੀ ਵਿਆਕੁਲ ਹੋ ਕੇ ਬੇਨਤੀ ਕਰਦੀ ਹੈ ਕਿ ਹੇ ਗੁਰੂ! ਮੈਨੂੰ ਵੀ ਹੋਰ ਦੂਸਰੀਆਂ ਪ੍ਰੀਤਮ ਭਗਤੀ ਰੂਪੀ ਲਾਲ ਰੰਗ ਵਿਚ ਸੱਜੀਆਂ ਸੁਹਾਗਣ ਇਸਤਰੀਆਂ (ਗੁਰਮੁੱਖਾਂ) ਦੀ ਤਰ੍ਹਾਂ ਅਪਣੇ ਰੰਗ ਵਿਚ ਰੰਗ ਦਿਓ। ਜਿਗਿਆਸੂ ਜੀਵ ਇਸਤਰੀ ਗੁਰੂ ਮਿਲਾਪ ਹੇਤੂ ਵਿਰਲਾਪ ਕਰਦੀ, ਅਪਣੇ ਹਿਰਦੇ ਦੀ ਮੈਲ਼ ਨੂੰ ਭਗਵੰਤ ਕ੍ਰਿਪਾ ਦੁਆਰਾ ਸ਼ੁੱਭ ਕਰਮਾਂ ਦੀ ਭੱਠੀ ਵਿਚ ਦਗਧ ਕਰਦੀ ਪਵਿੱਤਰ ਜੀਵਨ ਵੱਲ ਤੁਰ ਪੈਂਦੀ ਹੈ। ਪ੍ਰਭੂ ਸ਼ਰਬ ਸ਼ਕਤੀਮਾਨ ਦਇਆਵਾਨ ਪਰਮ ਪਿਤਾ ਹੈ, ਬਾਲਕ ਦੀ ਮਨੁਹਾਰ ਸਵੀਕਾਰ ਕਰ ਉਸ ਨੂੰ ਹਰਿ ਨਾਮ ਦੇ ਪ੍ਰੇਮ ਰਸ ਵਿਚ ਸਰੋਬਾਰ ਕਰ ਅਪਣੇ ਕੰਠ ਨਾਲ ਲਾ ਲੈਂਦੇ ਹਨ। ਉਹ ਪ੍ਰਾਣੀ ਜੋ ਇਸ ਪ੍ਰਕਾਰ ਪ੍ਰਭੂ ਪ੍ਰੇਮ ਦੇ ਗੂੜ੍ਹੇ ਸੂਹੇ ਰੰਗ ਵਿਚ ਰੰਗ ਜਾਂਦੇ ਹਨ। ਉਨ੍ਹਾਂ ਨੂੰ *'ਲਾਲ ਰੰਗੁ ਤਿਸ ਕਉ ਲਗਾ ਜਿਸ ਕੇ ਵਡਭਾਗਾ'* ਕਹਿਕੇ ਨਿਵਾਜਿਆ ਹੈ। ਇਸ ਪ੍ਰਕਾਰ ਪ੍ਰਭੂ ਸਮਰੱਥ ਹੈ। ਜੀਵਾਤਮਾ ਨੂੰ ਉਸ ਦੇ ਪੂਰਵਲੇ ਤਥਾ ਵਰਤਮਾਨ ਜਨਮਾਂ ਦੇ ਪਾਪ ਕਰਮਾਂ ਤੋਂ ਮੁਕਤ ਕਰਨ ਅਤੇ ਪੁੰਨ ਕਰਮਾਂ ਵੱਲ ਪ੍ਰੇਰਿਤ ਕਰ ਨਵੀਨ ਸਭਿਅਕ ਮਨੁੱਖਾ ਸਮਾਜ ਸਿਰਜਚ ਵਿਚ। ਸੰਪੂਰਣ ਸ਼੍ਰੀ ਗੁਰੂ ਗ੍ਰੰਥ ਵਿਚ ਸੁਸ਼ੋਭਿਤ ਬਾਣੀ ਮਾਨਵਤਾ ਦੇ ਉੱਥਾਨ ਹਿਤ ਰਚੀ ਗਈ ਹੈ। ਇਸ ਲਈ ਇਹ ਮਨੁੱਖੀ ਮਨ ਦੀਆਂ ਜਿਗਿਆਸਾ ਅਤੇ ਉਤਕੰਠਾ ਨੂੰ ਸ਼ਾਂਤ ਕਰਨ ਵਿਚ ਪਰਮ ਸਹਾਇਕ ਹੈ। ਸੂਹੀ ਰਾਗ ਵਿਚ ਗੁਰੂ ਨਾਨਕ ਦੇਵ ਜੀ ਸਵੈ ਨੂੰ ਜੀਵ ਇਸਤਰੀ ਦੇ ਰੂਪ ਵਿਚ ਸੰਬੋਧਿਤ ਕਰਦਿਆਂ ਉਚਾਰਣ ਕਰਦੇ ਹਨ:

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ॥
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ॥
ਜਿਨ੍ਹੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ॥
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ॥
ਕਿਆ ਗੁਣ ਤੇਰੇ ਵਿਥਰਾ ਹਉ ਕਿਆ ਕਿਆ ਘਿਨਾ ਤੇਰਾ ਨਾਉ ਜੀਉ ॥
ਇਕਤੁ ਟੋਲਿ ਨ ਅੰਬੜਾ ਹਉ ਸਦ ਕੁਰਬਾਣੈ ਤੇਰੈ ਜਾਉ ਜੀਉ ॥[6]

ਅਰਥਾਤ- ਹੇ ਪ੍ਰਭੂ! ਮੈਂ ਬੁਰੇ ਆਚਰਣ ਵਾਲੀ ਇਸਤਰੀ ਹਾਂ ਮੇਰੇ ਦੋਸ਼ ਕਦੇ ਗਿਣੇ ਨਹੀਂ ਜਾ ਸਕਦੇ ਫਿਰ ਮੈਂ ਕਿਸ ਪ੍ਰਕਾਰ ਤੁਹਾਡੇ ਪ੍ਰੇਮ ਨੂੰ ਪ੍ਰਾਪਤ ਕਰ ਸਕਦੀ ਹਾਂ। ਪ੍ਰਭੂ ਪਤੀ ਦੀਆਂ ਸੁਹਾਗਣਾਂ (ਭਗਤ) ਇਕ ਤੋਂ ਵੱਧ ਇਕ ਸ਼੍ਰੇਸ਼ਠ ਹਨ। ਇੰਞ ਉਨ੍ਹਾਂ ਦੇ ਹੁੰਦਿਆਂ ਮੇਰਾ ਨਾਮ ਕੌਣ ਜਾਣਦਾ ਹੈ। ਹੇ ਸਖੀ ! ਜਿਨ੍ਹਾਂ ਸੁਹਾਗਣਾਂ (ਭਗਤਾਂ) ਨੇ ਅਪਣੇ ਪ੍ਰਭੂ ਪਤੀ ਦਾ ਆਰਾਧਨ ਕੀਤਾ ਹੈ, ਉਹ ਅੰਬ ਦੇ ਬਿਰਖ ਦੀ ਛਾਂ ਰੂਪ ਸੁੱਖ ਵਿਚ ਸਦਾ ਪ੍ਰਸੰਨ ਹਨ। ਉਨ੍ਹਾਂ ਵਰਗੇ ਉੱਤਮ ਗੁਣ ਮੇਰੇ ਵਿਚ ਉਤਪੰਨ ਨਹੀਂ ਹੋ ਸਕਦੇ। ਇਸ ਕਰ ਕੇ ਮੈਂ ਕਿਸ ਨੂੰ ਦੋਸ਼ ਦਵਾਂ। ਇੱਥੇ ਉਸ 'ਕੁਚਜੀ' (ਬੁਰੇ ਆਚਾਰਣ ਵਾਲੀ) ਜੀਵ ਇਸਤਰੀ ਦਾ ਦ੍ਰਿਸ਼ਟਾਂਤ ਦਿੰਦਿਆਂ ਉਪਦੇਸ਼ ਹੈ ਕਿ ਉਹ ਮਨੁੱਖ ਜੋ ਝੂਠਾ ਵਿਖਾਵਾ ਕਰ ਪਰਮਾਤਮਾ ਨਾਲ ਪ੍ਰੇਮ ਵਿਅਕਤ ਕਰਦੇ ਹਨ, ਅੰਤ ਕਿਸ ਪ੍ਰਕਾਰ ਅਪਣਾ ਜੀਵਨ ਵਿਅਰਥ ਗੁਆ ਲੈਂਦੇ ਹਨ। ਪ੍ਰਭੂ ਦੀ ਮਹਿਮਾ ਦਾ ਗੁਣਗਾਨ ਕਰਦਿਆਂ ਕਹਿੰਦੇ ਹਨ ਕਿ ਤੇਰੇ ਨਾਮ ਰੂਪ ਮਹਿਮਾ ਦੇ ਇਕ ਵੀ ਗੁਣ ਤੱਕ ਮੇਰੀ ਪਹੁੰਚ

[6] ਸ਼੍ਰੀ. ਗੁਰ. ਗ੍ਰੰ. ਸਾ. ਰਾਗੁ ਸੂਹੀ ਮ:1, ਅੰਕ 762

ਨਹੀਂ ਹੈ। ਹੇ ਪ੍ਰਭੂ! ਮੈਂ ਸਦੈਵ ਤੇਰੇ ਤੋਂ ਬਲਿਹਾਰੀ ਜਾਂਦੀ ਹੈ। ਇੱਥੇ ਕੂੜੀ ਪ੍ਰਭੂ ਭਗਤੀ ਦੇ ਪਾਖੰਡੀ ਦਿਖਾਵੇ ਦੇ ਵਿਸ਼ੇ ਵਿਚ ਸੁਚੇਤ ਕਰਦੇ ਚੇਤੰਨ ਕੀਤਾ ਹੈ ਕਿ ਜੀਵਾਤਮਾ ਭਲੇ ਹੀ ਤੂੰ ਕਿਤਨਾ ਵੀ ਯਤਨ ਕਿਉਂ ਨਾ ਕਰ ਲਵੇਂ, ਬਿਨਾਂ ਪ੍ਰਭੂ ਪ੍ਰੇਮ ਦੇ ਇਹ ਜੀਵ ਇਸਤਰੀ 'ਕੁਚਜੀ' ਹੈ, ਜਿਸ ਨੂੰ ਜੀਵਨ ਜਾਚ ਹੀ ਨਹੀਂ ਆਈ।

ਸੁਇਨਾ ਰੁਪਾ ਰੰਗੁਲਾ ਮੋਤੀ ਤੈ ਮਾਣਿਕੁ ਜੀਉ॥
ਸੇ ਵਸਤੂ ਸਹਿ ਦਿਤੀਆ ਮੈ ਤਿਨ ਸਿਉ ਲਾਇਆ ਚਿਤੁ ਜੀਉ॥
ਮੰਦਰ ਮਿਟੀ ਸੰਦਣੇ ਪਥਰ ਕੀਤੇ ਰਾਸਿ ਜੀਉ॥
ਹਉ ਇਨੀ ਟੋਲੀ ਭੁਲੀਅਸੁ ਤਿਸੁ ਕੰਤ ਨ ਬੈਠੀ ਪਾਸਿ ਜੀਉ॥[7]

ਸੋਨਾ, ਚਾਂਦੀ ਅਤੇ ਮਾਣਿਕ ਆਦਿ ਆਨੰਦ ਪ੍ਰਦਾਨ ਕਰਨ ਵਾਲੇ ਪਦਾਰਥ ਹਨ ਅਤੇ ਇਹ ਸਾਰੀਆਂ ਵਸਤੂਆਂ ਪ੍ਰਮਾਤਮਾ ਦੀ ਮਿਹਰ ਦੁਆਰਾ ਪ੍ਰਾਪਤ ਹੋਈਆਂ ਹਨ, ਪਰ ਮੈਂ ਅਭਾਗੀ ਨੇ ਇਨ੍ਹਾਂ ਦੀ ਝੂਠੀ ਚਮਕ ਵਿਚ ਅਪਣਾ ਮਨ ਲਗਾ ਲਿਆ ਹੈ। ਮਿੱਟੀ ਪੱਥਰਾਂ ਤੋਂ ਨਿਰਮਿਤ ਇਨ੍ਹਾਂ ਮਹੱਲਾਂ ਵਿਚ ਮੈਂ ਅਪਣਾ ਮਨ ਰਚਾ ਕੇ ਪ੍ਰਭੂ ਪ੍ਰੇਮ ਨੂੰ ਅਪਣੇ ਹਿਰਦੇ ਤੋਂ ਵਿਸਮ੍ਰਿਤ ਕਰ ਛੱਡਿਆ ਹੈ। ਮੈਂ ਇਨ੍ਹਾਂ ਖਿਣ ਬਿਣਸਨਹਾਰ ਪਦਾਰਥਾਂ ਵਿਚ ਹੀ ਭੁੱਲੀ ਰਹੀ ਅਤੇ ਅਪਣੇ ਪ੍ਰੀਤਮ ਦੇ ਪਾਸ ਨਾ ਬੈਠ ਸਕੀ। ਇੱਥੇ ਉਪਰੋਕਤ ਕੱਚੇ ਰੰਗ ਦਾ ਹੀ ਪੁਨਰ ਵਰਣਨ ਕੀਤਾ ਹੈ ਕਿ ਕਿਸ ਪ੍ਰਕਾਰ ਮਨੁੱਖੀ ਮਨ ਪ੍ਰਭੂ ਪ੍ਰੇਮ ਤੋਂ ਵਿਹੀਣ ਜੀਵਨ ਬਤੀਤ ਕਰਦਾ ਹੈ, ਉਹ ਭਗਵੰਤ ਕ੍ਰਿਪਾ ਦੁਆਰਾ ਪ੍ਰਾਪਤ ਸੁੱਖਾਂ ਦਾ ਆਨੰਦ ਤਾਂ ਮਾਣਦਾ ਹੈ, ਪਰ ਮਾਇਆ ਦੇ ਫੇਰ ਵਿਚ ਉਲਝ ਕੇ ਇਨ੍ਹਾਂ ਨਿਮਖ ਮਾਤਰ ਸੁੱਖਾਂ ਨੂੰ ਅਪਣੇ ਜੀਵਨ ਦਾ ਸਾਰ ਸਮਝਣ ਦੀ ਭੁੱਲ ਕਰ ਬੈਠਦਾ ਹੈ। ਜਿਸ ਕਾਰਨ ਬਾਅਦ ਵਿਚ ਪਛਤਾਵਾ ਹੀ ਹੱਥ ਰਹਿ ਜਾਂਦਾ ਹੈ।

ਅੰਬਰਿ ਕੂੰਜਾ ਕੁਰਲੀਆ ਬਗ ਬਹਿਠੇ ਆਇ ਜੀਉ॥
ਸਾਧਨ ਚਲੀ ਸਾਹੁਰੈ ਕਿਆ ਮੁਹੁ ਦੇਸੀ ਅਗੈ ਜਾਇ ਜੀਉ॥
ਸੁਤੀ ਸੁਤੀ ਝਾਲੁ ਥੀਆ ਭੁਲੀ ਵਾਟਣੀਆਸੁ ਜੀਉ॥
ਤੈ ਸਹ ਨਾਲਹੁ ਮੁਤੀਅਸੁ ਦੁਖਾ ਕੂੰ ਧਰੀਆਸੁ ਜੀਉ॥
ਤੁਧੁ ਗੁਣ ਮੈ ਸਭਿ ਅਵਗਣਾ ਇਕ ਨਾਨਕ ਕੀ ਅਰਦਾਸਿ ਜੀਉ॥[8]

ਸਰੀਰ ਰੂਪ ਘਟਾਕਾਸ਼ ਮੰਡਲ ਦੇ ਮਸਤਕ ਵਿਚ ਕੂੰਜ ਪੰਛੀਆਂ ਦਾ ਕਲਰਵ ਸੁਣਾਈ ਦੇਣਾ ਆਰੰਭ ਹੋ ਗਿਆ ਹੈ ਅਰਥਾਤ ਬਿਰਧ-ਅਵਸਥਾ ਦੇ ਕਾਰਨ ਮਸਤਕ ਵਿਚ ਸਾਂ-ਸਾਂ ਦਾ ਸ਼ੋਰ ਸੁਣਨ ਲੱਗ ਪਿਆ ਹੈ। ਬੁਢਾਪੇ ਦੀ ਨਿਸ਼ਾਨੀ ਚਿਟੇ ਵਾਲਾਂ ਨੇ ਆ ਕੇ ਡੇਰਾ ਸਾਂਭ ਲਿਆ ਹੈ। ਹੁਣ ਇਹ ਜੀਵ ਇਸਤਰੀ ਅਪਣੇ ਸੁਹਰੇ ਘਰ ਵਲ ਤੁਰ ਪਈ ਹੈ ਸੰਸਾਰ ਯਾਤਰਾ ਤੋਂ ਵਾਪਸੀ ਦਾ ਸਮਾਂ ਨਜ਼ਦੀਕ ਆ ਰਿਹਾ ਹੈ, ਪਰ ਸਮਝ ਨਹੀਂ ਆ ਰਿਹਾ ਕਿ ਕਿਹੜੇ ਮੂੰਹ ਨਾਲ ਪਤੀ ਪਰਮੇਸ਼ਰ ਦੇ ਸਨਮੁੱਖ ਪਹੁੰਚਿਆ ਜਾਵੇ। ਇਸ ਜੀਵ ਇਸਤਰੀ ਨੇ ਆਰਜਾ ਰੂਪੀ ਰਾਤ ਸੁਤੇ ਹੀ ਵਿਅਰਥ ਗੁਵਾ ਦਿਤੀ, ਨਾਲ ਹੀ ਉਸ ਮਨੋਰਥ ਨੂੰ ਵੀ ਵਿਸਾਰ ਦਿਤਾ। ਜਿਸ ਕਰ ਕੇ ਇਹ ਮਨੁੱਖਾ ਦੇਹੀ ਪ੍ਰਾਪਤ ਹੋਈ ਸੀ; ਅਰਥਾਤ ਮਾਰਗ ਤੋਂ ਭਟਕ ਕੇ ਰਾਹ ਭੁੱਲ ਗਈ। ਇਸ ਪ੍ਰਕਾਰ ਹੇ ਪ੍ਰਭੂ! ਤੇਰੇ ਤੋਂ ਵਿਛੁੱੜ ਕੇ ਇਸ ਜੀਵ ਇਸਤਰੀ ਨੇ ਅਪਣੇ ਦੁੱਖਾਂ ਨੂੰ ਬੁਲਾਵਾ ਭੇਜ ਦਿਤਾ ਹੈ। ਅਗਲੀ ਪੰਕਤੀ ਵਿਚ ਬੇਨਤੀ ਹੈ ਕਿ ਤੇਰੇ ਸਨਮੁੱਖ ਮੇਰੀ ਬੇਨਤੀ ਹੈ ਕਿ ਜਿਸ ਤਰ੍ਹਾਂ

[7] ਸ਼੍ਰੀ. ਗੁਰ. ਗ੍ਰੰ. ਸਾ. ਰਾਗੁ ਸੂਹੀ ਮ:5, ਅੰਕ 762

[8] ਉਹੀ

ਸਾਰੀਆਂ ਸੁਹਾਗਣਾਂ (ਭਗਤਾਂ) ਨੂੰ ਤੂੰ ਆਪਣੀ ਭਗਤੀ ਰੂਪ ਰਾਤ ਪ੍ਰਦਾਨ ਕੀਤੀ ਹੈ, ਮੈਂ ਅਭਾਗੀ ਨੂੰ ਵੀ ਇਕ ਸਿਮਰਨ ਰੂਪ ਦਾਤ ਪ੍ਰਦਾਨ ਕਰੋ।

'ਸੁਚਜੀ' ਸਿਰਲੇਖ ਹੇਠ ਦਰਜ ਬਾਣੀ ਵਿਚ ਕਿਹਾ ਹੈ ਕਿ ਕੁਚਜੀ ਤੋਂ ਸੁਚਜੀ ਬਣਨਾ ਹੀ ਸ਼ੋਭਨੀਕ ਹੈ, ਕਿਉਂਕਿ ਸੁਚਜੀ ਇਸਤਰੀ ਹਰਿ ਨਾਮ ਪ੍ਰਾਪਤੀ ਨੂੰ ਹੀ ਅਪਣੇ ਜੀਵਨ ਦਾ ਉਦੇਸ਼ ਜਾਣ ਕੇ ਸਦੈਵ ਆਦਰ ਪ੍ਰਾਪਤ ਕਰਦੀ ਹੈ। ਸੁਚਜੀ ਬਣ ਕੇ ਜੀਵ ਇਸਤਰੀ ਬਿਨੈ-ਸ਼ੀਲ ਹੋ ਜਾਂਦੀ ਹੈ, ਉਸ ਦੀ ਬਾਣੀ ਅਤੇ ਕਰਮ ਸੱਚੇ ਨਾਮ ਦੇ ਰੰਗ ਵਿਚ ਰੰਗੇ ਜਾਂਦੇ ਹਨ:

ਜਾ ਤੂ ਤਾ ਮੈ ਸਭੁ ਕੋ ਤੂ ਸਾਹਿਬੁ ਮੇਰੀ ਰਾਸਿ ਜੀਉ॥
ਤੁਧੁ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ॥
ਭਾਣੈ ਤਖਤਿ ਵਡਾਈਆ ਭਾਣੈ ਭੀਖ ਉਦਾਸਿ ਜੀਉ॥
ਭਾਣੈ ਥਲ ਸਿਰਿ ਸਰੁ ਵਹੈ ਕਮਲੁ ਫੁਲੈ ਆਕਾਸਿ ਜੀਉ॥[9]

ਸੁਚਜੀ ਮਤਲਬ ਚੰਗੇ ਆਚਰਣ ਵਾਲੀ ਇਸਤਰੀ ਅਜਿਹੀ ਸੁਹਾਗਣ (ਗੁਰਮੁਖ) ਹੈ; ਜੋ ਕਹਿ ਉੱਠਦੀ ਹੈ ਕਿ ਹੇ ਪ੍ਰਭੂ! ਤੂੰ ਹੀ ਮੇਰਾ ਸਭ ਕੁਝ ਏਂ, ਮੇਰਾ ਸੁਆਮੀ ਮੇਰੀ ਰਾਸਿ ਏਂ। ਜੇਕਰ ਤੂੰ ਮੇਰੇ ਮਨ ਅੰਦਰ ਨਿਵਾਸ ਕਰਦਾ ਏਂ ਤਾਂ ਹੀ ਮੈਂ ਵੀ ਸੁੱਖ ਨੂੰ ਪ੍ਰਾਪਤ ਕਰਦੀ ਹਾਂ। ਤੇਰਾ ਮੇਰਾ ਹਿਰਦੇ ਵਿਚ ਵਸ ਜਾਣਾ ਹੀ ਮੇਰੀ ਸ਼ਾਬਾਸ਼ੀ ਹੈ, ਕਿਉਂਕਿ ਇਹ ਮਾਨਵ ਦੇਹ ਵਿਚ ਜੇਕਰ ਤੂੰ ਨਹੀਂ ਵਸਿਆ, ਤਾਂ ਮੇਰੀ ਅਪਣੀ ਕੋਈ ਪਛਾਣ ਨਹੀਂ। ਤੇਰੀ ਆਗਿਆ ਤੋਂ ਹੀ ਉੱਚ ਪਦ ਤੇ ਪੁੱਜਣ ਦਾ ਆਨੰਦ ਮਿਲਦਾ ਹੈ। ਤੇਰੇ ਹੁਕਮ ਵਿਚ ਰਹਿ ਕੇ ਭਿੱਖਿਆ ਪ੍ਰਾਪਤ ਕਰ ਕੇ ਵੀ ਸੰਸਾਰ ਵਿਚ ਉਦਸ (ਨਿਰਲੇਪ) ਰਿਹਾ ਜਾ ਸਕਦਾ ਹੈ। ਜੇਕਰ ਤੈਨੂੰ ਭਾਵੇ ਤਾਂ ਸੁੱਕੀ ਧਰਤੀ 'ਤੇ ਸਾਗਰ ਵੱਗਣ ਲਗਦੇ ਹਨ ਅਤੇ ਇਸ ਘਟ ਰੂਪੀ ਆਕਾਸ਼ ਮੰਡਲ ਵਿਚ ਗਿਆਨ ਰੂਪ ਕਮਲ ਖਿਲ ਉੱਠਦੇ ਹਨ। ਹਰਿ ਨਾਮ ਰੰਗ ਨਾਲ ਸ਼ਿੰਗਾਰੀ ਜਾ ਸਕਣ ਵਾਲੀ ਇਹ ਜੀਵ ਕਾਇਆ ਦਾ ਪਰਮ ਉਦੇਸ਼ ਇਹੀ ਹੋਵੇ ਕਿ ਉਹ ਅਪਣੇ ਤੋਂ ਪਾਖੰਡ ਰੂਪੀ ਕੱਚਾ ਰੰਗ ਉਤਾਰੇ ਕੇ ਸੱਚੇ ਨਾਮ ਦੀ ਸ਼ਰਣ ਵਿਚ ਆ ਜਾਵੇ, ਜਿਸ ਨਾਲ ਪਰਮਾਤਮਾ ਦੀ ਪ੍ਰਸੰਨਤਾ ਪ੍ਰਾਪਤ ਹੋ ਸਕੇ।

ਭਾਣੈ ਭਵਜਲੁ ਲੰਘੀਐ ਭਾਣੈ ਮੰਝਿ ਭਰੀਆਸਿ ਜੀਉ॥
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣਤਾਸਿ ਜੀਉ॥
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ॥
ਤੂ ਸਹੁ ਅਗਮੁ ਅਤੋਲਵਾ ਹਉ ਕਹਿ ਕਹਿ ਢਹਿ ਪਈਆਸਿ ਜੀਉ॥
ਕਿਆ ਮਾਗਉ ਕਿਆ ਕਹਿ ਸੁਣੀ ਮੈ ਦਰਸਨ ਭੂਖ ਪਿਆਸਿ ਜੀਉ॥
ਗੁਰ ਸਬਦੀ ਸਹੁ ਪਾਇਆ ਸਚੁ ਨਾਨਕ ਕੀ ਅਰਦਾਸਿ ਜੀਉ॥2॥[10]

ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ ਕਿ ਵਾਹਿਗੁਰੂ ਦੀ ਆਗਿਆ ਵਿਚ ਰਹਿ ਕੇ ਹੀ ਭਵ ਸਾਗਰ ਤਰਿਆ ਜਾ ਸਕਦਾ ਹੈ ਅਤੇ ਉਸੇ ਦੇ ਹੁਕਮ ਵਿਚ ਅੱਧ-ਵਿਚਕਾਰ ਮਨੁੱਖ ਡੁੱਬ ਜਾਂਦਾ ਹੈ। ਜੇਕਰ ਤੈਨੂੰ ਭਾਅ ਜਾਏ ਤਾਂ ਤੂੰ ਰੰਗੀਲਾ (ਰੰਗਾਂ ਨਾਲ ਸ਼ਿੰਗਾਰਿਆ) ਹੋ ਕੇ ਦਿਖਾਈ ਦਿੰਦਾ ਹੈ ਅਤੇ ਤੇਰੀ ਉਸਤਤਿ ਰੂਪ ਕੀਰਤਿ ਵਿਚ ਮੈਂ ਲੀਨ ਹੋ ਸਕਦਾ

[9] ਉਹੀ
[10] ਸ੍ਰੀ. ਗੁਰ. ਗ੍ਰੰ. ਸਾ. ਰਾਗੁ ਸੂਹੀ ਮ:5, ਅੰਕ 762-63

ਹਾਂ। ਤੂੰ ਚਾਹੇ ਤਾਂ ਭਿਆਨਕ ਰੂਪ ਹੋ ਕੇ ਦਿਖਾਈ ਦਿੰਦਾ ਹੈ, ਜਿਸ ਨਾਲ ਆਵਾਗਵਨ ਦੇ ਗੇੜ ਵਿਚ ਪਿਆ ਜਾ ਸਕਦਾ ਹੈ। ਹੇ ਪ੍ਰੀਤਮ! ਤੂੰ ਅਜਿਹਾ ਅਗਮ ਬਹੁਤ ਬਲਵਾਨ ਤੌਲ ਤੋਂ ਪਰ੍ਹੇ ਹੈ ਕਿ ਤੇਰਾ ਵਰਣਨ ਕਰਦੇ-ਕਰਦੇ ਮੈਂ ਵਿਯੋਗ ਵਿਚ ਹੀ ਪਈ ਰਹਿੰਦੀ ਹਾਂ। ਮੈਂ ਤੇਰੇ ਤੋਂ ਕੀ ਮੰਗਾਂ ਕੀ ਕਹਾਂ ਅਤੇ ਕੀ ਤੇਰੇ ਤੋਂ ਸੁਣਾਂ, ਕਿਉਂਕਿ ਮੈਨੂੰ ਤਾਂ ਤੇਰੇ ਦਰਸ਼ਨ ਦੀ ਸਿੱਕ ਨੇ ਵਿਆਕੁਲ ਕੀਤਾ ਹੋਇਆ ਹੈ। ਸ਼ਬਦ ਗੁਰੂ ਦੁਆਰਾ ਹੀ ਉਸ ਮਾਲਕ ਨੂੰ ਪ੍ਰਾਪਤ ਕੀਤਾ ਜਾ ਸਕਦਾ ਹੈ। ਇਹੀ ਨਾਨਕ ਦੀ ਅਰਦਾਸ ਹੈ ਜੋ ਅਪਣੇ ਪ੍ਰਭੂ ਪਤੀ ਦੇ ਸਨਮੁੱਖ ਬਿਆਨ ਕੀਤੀ ਹੈ। ਉਪਰੋਕਤ ਦ੍ਰਿਸ਼ਟਾਂਤ ਦੁਆਰਾ ਮਨੁੱਖ ਮਨ ਨੂੰ ਸੁਚੇਤ ਕੀਤਾ ਹੈ ਕਿ ਵਾਹਿਗੁਰੂ ਦੀ ਭਗਤੀ ਦੇ ਰੰਗ ਵਿਚ ਰੰਗੇ ਉਪਰੋਕਤ ਦ੍ਰਿਸ਼ਟਾਂਤ ਦੁਆਰਾ ਮਨ ਨੂੰ ਸੁਚੇਤ ਕੀਤਾ ਹੈ ਕਿ ਭਗਤੀ ਰੂਪੀ ਰੰਗ ਤੋਂ ਰੰਗੇ ਬਗੈਰ ਇਹ ਭਵ ਸਾਗਰ ਨਹੀਂ ਤਰਿਆ ਜਾ ਸਕਣਾ। ਪਰਮ ਸ਼ਕਤੀ ਦੀ ਕੀਰਤੀ ਕਰਨਾ ਹੀ ਜੀਵਾਤਮਾ ਦਾ ਪਰਮ ਧਰਮ ਹੈ ਅਤੇ ਉਸ ਦੀ ਭਗਤੀ ਵਿਚ ਵੀ ਉਸ ਦੀ ਕ੍ਰਿਪਾ ਪ੍ਰਾਪਤੀ ਬਗੈਰ ਲੀਨ ਹੋਣਾ ਅਸੰਭਵ ਹੈ। ਉਸ ਦੀ ਸ਼ਰਣ ਵਿਚ ਸਰਬ ਸੁੱਖਾਂ ਦੀ ਪ੍ਰਾਪਤੀ ਹੋ ਸਕਦੀ ਹੈ।

ਜੋ ਦੀਸੈ ਗੁਰ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥
ਸੋਈ ਦਸਿ ਉਪਦੇਸੜਾ ਮੇਰਾ ਮਨੁ ਅਨਤ ਨ ਕਾਹੂ ਜਾਇ ਜੀਉ॥
ਇਹੁ ਮਨੁ ਤੈ ਕੂੰ ਡੇਵਸਾ ਮੈ ਮਾਰਗੁ ਦੇਹੁ ਬਤਾਇ ਜੀਉ॥
ਹਉ ਆਇਆ ਦੂਰਹੁ ਚਲਿ ਕੈ ਮੈ ਤਕੀ ਤਉ ਸਰਣਾਇ ਜੀਉ॥
ਮੈ ਆਸਾ ਰਖੀ ਚਿਤਿ ਮਹਿ ਮੇਰਾ ਸਭੋ ਦੁਖੁ ਗਵਾਇ ਜੀਉ॥[11]

ਇੱਥੇ ਗੁਣਵੰਤੀ ਸਿਰਲੇਖ ਅਧੀਨ ਫੁਰਮਾਨ ਹੈ ਕਿ ਜੋ ਵੀ ਗੁਰੂ ਦਾ ਸਿੱਖ ਮੈਨੂੰ ਨਦਰੀ ਆ ਜਾਏ ਤਾਂ ਮੈਂ ਨਿਵ-ਨਿਵ ਕੇ ਉਸ ਦੇ ਚਰਣਾਂ ਦਾ ਸਪਰਸ਼ ਕਰਦਾ ਹਾਂ। ਉਸ ਨੂੰ ਹਿਰਦੇ ਦੀ ਵੇਦਨਾ ਪ੍ਰਗਟ ਕਰਦਿਆਂ ਬੇਨਤੀ ਕਰਦਾ ਹਾਂ ਕਿ ਹੇ ਭਾਈ! ਗੁਰੂ ਰੂਪ ਸੱਜਣ ਨਾਲ ਮੇਰਾ ਮਿਲਾਪ ਕਰਵਾ ਦੇਵੋ। ਮੈਨੂੰ ਅਜਿਹਾ ਉਪਦੇਸ਼ ਦਿਓ ਕਿ ਮੇਰਾ ਮਨ ਵਿਅਰਥ ਦੀ ਭਟਕਣਾ ਤੋਂ ਮੁਕਤ ਹੋ ਜਾਏ। ਇਹ ਮਨ ਮੈਂ ਤੈਨੂੰ ਅਰਪਣ ਕਰ ਦੇਵਾਂਗਾਂ, ਜੇਕਰ ਤੂੰ ਮੈਨੂੰ ਮੇਰੇ ਗੁਰੂ ਨਾਲ ਮਿਲਾਪ ਕਰਵਾ ਦੇਵੇ। ਮੈਂ ਬਹੁਤ ਦੂਰ ਤੋਂ ਚੱਲ ਕੇ ਇੱਥੇ ਆ ਕੇ ਪਹੁੰਚਿਆ ਹਾਂ ਅਤੇ ਹੁਣ ਮੈਂ ਸਤਿਗੁਰੂ ਦੀ ਸ਼ਰਣ ਵਿਚ ਆ ਗਿਆ ਹਾਂ। ਮੇਰੇ ਹਿਰਦੇ ਦੀ ਪ੍ਰਬਲ ਆਸ ਹੈ ਕਿ ਸਤਿਗੁਰੂ ਤੂੰ ਮੇਰੇ ਸਰਬ ਦੁੱਖ ਦੂਰ ਕਰ ਦੇਵੋਗੇ।

ਇਤੁ ਮਾਰਗਿ ਚਲੇ ਭਾਈਅੜੇ ਗੁਰੁ ਕਹੈ ਸੁ ਕਾਰ ਕਮਾਇ ਜੀਉ॥
ਤਿਆਗੇਂ ਮਨ ਕੀ ਮਤੜੀ ਵਿਸਾਰੇਂ ਦੂਜਾ ਭਾਉ ਜੀਉ॥
ਇਉ ਪਾਵਹਿ ਹਰਿ ਦਰਸਾਵੜਾ ਨਹ ਲਗੈ ਤਤੀ ਵਾਉ ਜੀਉ॥
ਹਉ ਆਪਹੁ ਬੋਲਿ ਨ ਜਾਣਦਾ ਮੈ ਕਹਿਆ ਸਭੁ ਹੁਕਮਾਉ ਜੀਉ॥
ਹਰਿ ਭਗਤਿ ਖਜਾਨਾ ਬਖਸਿਆ ਗੁਰਿ ਨਾਨਕਿ ਕੀਆ ਪਸਾਉ ਜੀਉ॥
ਮੈ ਬਹੁੜਿ ਨ ਤ੍ਰਿਸਨਾ ਭੁਖੜੀ ਹਉ ਰਜਾ ਤ੍ਰਿਪਤਿ ਅਘਾਇ ਜੀਉ॥
ਜੋ ਗੁਰ ਦੀਸੈ ਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥3॥[12]

[11] ਉਹੀ

ਹੁਣ ਜੀਵ ਇਸਤਰੀ ਨੂੰ ਸੱਚੇ ਮਾਰਗ ਦੀ ਪ੍ਰਾਪਤੀ ਹਿੱਤ ਉਪਦੇਸ਼ ਹੈ ਕਿ ਇਸ ਮਾਰਗ ਉੱਪਰ ਤੁਰਨ ਵਾਲੇ ਮੇਰੇ ਭਾਈ, ਤੂੰ ਉਹ ਕਰਮ ਕਰ ਜੋ ਗੁਰੂ ਦੀ ਸਿੱਖਿਆ ਹੈ। ਤੂੰ ਆਪਣੀ ਮਤਿ ਅਰਥਾਤ ਚਤੁਰਾਈ ਨੂੰ ਵਿਸਾਰ ਕੇ ਅਪਣੇ ਹਿਰਦੇ ਵਿਚੋਂ ਦਵੈਖ ਭਾਵ ਦਾ ਵਿਨਾਸ਼ ਕਰ ਦੇ। ਇੰਝ ਤੈਨੂੰ ਸਤਿਗੁਰੂ ਦਾ ਦਰਸ਼ ਵੀ ਹੋਵੇਗਾ ਅਤੇ ਦੁੱਖ ਰੂਪੀ ਤੱਤੀ ਹਵਾ ਤੋਂ ਬਚਿਆ ਰਹੇਂਗਾ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਇਹ ਮੈਂ ਸਵੈ ਨਹੀਂ ਕਹਿ ਰਿਹਾ, ਬਲਕਿ ਮੈਂ ਉਹੀ ਕਿਹਾ ਜੋ ਪਰਮਾਤਮਾ ਦਾ ਆਦੇਸ਼ ਹੈ। ਵਾਹਿਗੁਰੂ ਨੇ ਮੇਰੇ 'ਤੇ ਦਇਆ ਦ੍ਰਿਸ਼ਟੀ ਕੀਤੀ ਹੈ ਅਤੇ ਮੈਨੂੰ ਹਰਿ ਨਾਮ ਦੀ ਭਗਤੀ ਦਾ ਖ਼ਜ਼ਾਨਾ ਸੌਂਪਿਆ ਹੈ। ਮੇਰੀ ਭੁੱਖ ਪਿਆਸ ਹੁਣ ਬਾਕੀ ਨਹੀਂ ਰਹੀ, ਬਲਕਿ ਹੁਣ ਮੈਂ ਪੂਰਣ ਰੂਪ ਤ੍ਰਿਪਤੀ ਦਾ ਅਨੁਭਵ ਕਰ ਰਿਹਾ ਹਾਂ। ਹੁਣ ਮੈਨੂੰ ਜੋ ਵੀ ਗੁਰੂ ਦਾ ਪਿਆਰਾ ਸੇਵਕ ਦਿਖਾਈ ਪੈਂਦਾ ਹੈ, ਮੈਂ ਉਸ ਦੇ ਚਰਣਾਂ ਤੋਂ ਬਲਿਹਾਰ ਜਾਂਦਾ ਹਾਂ।

ਉਪਰੋਕਤ ਸ਼ਬਦ ਦਾ ਸਾਰ ਇਹ ਹੈ ਕਿ ਉਹ ਜੀਵਾਤਮਾ ਜਿਸ ਨੇ ਆਪਣੀ ਹਉਮੈ ਨੂੰ ਗੁਰੂ ਨੂੰ ਅਰਪਣ ਕਰ ਦਿੱਤਾ ਸੀ, ਹੁਣ ਅਹੰਕਾਰ ਮੁਕਤ ਹੋ ਨਿਸ਼ਚਲ ਭਾਵ ਵਿਚ ਪਰਮਾਤਮਾ ਨਾਲ ਇਕਮਿਕ ਹੋ ਗਈ। ਉਸ ਦੇ ਮਨ ਤੋਂ ਜੰਮ੍ਹੀਂ ਕੁਸੰਭੀ ਕੱਚੇ ਰੰਗ ਦੀ ਮੈਲ ਉਤਰ ਕੇ ਆਤਮਾ ਗੁਰੂ ਉਪਦੇਸ਼ ਧਾਰਣ ਕਰ ਸਤਿਗੁਰੂ ਦੇ ਪ੍ਰੇਮ ਦੇ ਗੂੜ੍ਹੇ ਸੂਹੇ ਰੰਗ ਵਿਚ ਰੰਗੀ ਗਈ, ਜਿਸ ਕਰ ਕੇ ਉਸ ਦੇ ਜਨਮ-ਜਨਮਾਂਤਰਾਂ ਦੇ ਕਲੇਸ਼ ਦੂਰ ਹੋ ਗਏ। ਸੂਹੇ ਰੰਗ ਵਿਚ ਸਜੀ ਜੀਵ ਕਾਇਆ ਗੁਰੂ ਸਿਖਿਆ ਨੂੰ ਜੀਵਨ ਵਿਚ ਧਾਰ ਕੇ ਹੁਣ 'ਗੁਣਵੰਤੀ' ਬਣ ਗਈ। ਇਸ ਤਰ੍ਹਾਂ ਗੁਰਬਾਣੀ ਜੀਵ ਇਸਤਰੀ ਦੀ ਆਤਮਿਕ ਅਵਸਥਾ ਨੂੰ ਉੱਚਾ ਚੁੱਕ ਕੇ 'ਕੁਚਜੀ' ਤੋਂ 'ਸੁਚਜੀ' ਵੱਲ ਪ੍ਰੇਰ ਕੇ 'ਗੁਣਵੰਤੀ' ਜੀਵ ਇਸਤਰੀ ਬਣਾਉਣ ਵਿਚ ਸਰਬ-ਭਾਂਤ ਸਮਰੱਥ ਹੈ।

ਮਨਜੀਤ ਕੌਰ

ਸੰਪਰਕ: manjeetdehradun@gmail.com

******

[12] ਸ੍ਰੀ. ਗੁਰ. ਗ੍ਰੰ. ਸਾ. ਰਾਗੁ ਸੂਹੀ ਮ:5, ਅੰਕ 763

# ਕੱਤਕ ਨਹੀਂ ਵੈਸਾਖ

ਗੁਰੂ ਨਾਨਕ ਸਾਹਿਬ ਦੀ ਜਨਮ ਤਾਰੀਖ਼ ਦੇ ਬਾਰੇ 'ਚ ਵਿਦਵਾਨਾਂ ਅੰਦਰ ਮਤਭੇਦ ਹਨ। ਇਕ ਮਨੌਤ ਕੱਤਕ ਦੀ ਪੂਰਨਮਾਸ਼ੀ ਨਾਲ ਸਬੰਧਿਤ ਹੈ, ਜਿਸ ਅਨੁਸਾਰ ਮੌਜੂਦਾ ਸਮੇਂ ਵਿਚ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਵੀ ਇਸੇ ਦਿਨ ਹੀ ਮਨਾਇਆ ਜਾਂਦਾ ਹੈ। ਦੂਸਰੀ ਮਨੌਤ ਹੈ ਕਿ ਗੁਰੂ ਸਾਹਿਬ ਦਾ ਜਨਮ ਵੈਸਾਖ ਸੁਦੀ ਤੀਜ ਦਾ ਹੈ। ਪੁਰਾਤਨ ਇਤਹਾਸਿਕ ਸਰੋਤਾਂ ਨੂੰ ਵਾਚਣ 'ਤੇ ਇਹ ਸਪੱਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਬ ਦੀ ਅਸਲ ਜਨਮ ਤਿੱਥ ਕੱਤਕ ਦੀ ਪੂਰਨਮਾਸ਼ੀ ਨਹੀਂ, ਸਗੋਂ ਵੈਸਾਖ ਸੁਦੀ ਤੀਜ ਹੈ।

ਇਸ ਮਸਲੇ ਨੂੰ ਪਹਿਲੀ ਵਾਰ ਗੰਭੀਰਤਾ ਨਾਲ ਸਿੰਘ ਸਭਾ ਸੰਸਥਾ ਨੇ 1872 ਈਸਵੀ ਵਿਚ ਆਪਣੀ ਸਥਾਪਤੀ ਦੇ ਨਾਲ ਹੀ ਵਿਚਾਰਨਾ ਸ਼ੁਰੂ ਕੀਤਾ। ਗਿਆਨੀ ਗਿਆਨ ਸਿੰਘ (ਲੌਂਗੋਵਾਲ ਵਾਲੇ ਨਹੀਂ) ਅੰਮ੍ਰਿਤਸਰ ਵਾਲੇ ਜੋ ਸਿੰਘ ਸਭਾ ਸੰਸਥਾ ਦੇ ਸਕੱਤਰ ਸਨ, ਉਨ੍ਹਾਂ ਨੇ ਲਗਾਤਾਰ ਇਸ ਵਿਸ਼ੇ 'ਤੇ ਤਿੰਨ ਸਾਲ ਤੱਕ ਵਿਚਾਰ ਚਰਚਾ ਕਰਵਾਈ। ਸ. ਗੁਰਬਖਸ਼ ਸਿੰਘ ਸ਼ਮਸ਼ੇਰ ਝੁਬਾਲੀਏ (ਕਰਤਾ ਸ਼ਹੀਦੀ ਜੀਵਨ) ਆਪਣੇ ਲੇਖ 'ਅਸਲੀ ਗੁਰਪੁਰਬ ਕਿਸ ਤਾਰੀਖ਼ ਨੂੰ ਹੈ' ਵਿਚ ਖਾਲਸਾ ਤਵਾਰੀਖ਼ ਵਿਚੋਂ ਹਵਾਲਾ ਦਿੰਦੇ ਹੋਏ ਲਿਖਦੇ ਹਨ:

> "ਵਿਸਾਖੀ ਗੁਰਪੁਰਬ ਪ੍ਰਚਾਰਕ ਮਾਨਯੋਗ ਹਸਤੀਆਂ ਦੇ ਨਾਮ ਭੀ ਦਿੱਤੇ ਜਾਂਦੇ ਹਨ, ਤਾਂ ਜੋ ਇਨ੍ਹਾਂ ਦੀ ਸਮਤੀ ਤੋਂ ਭੀ ਪਾਠਕਾਂ ਨੂੰ ਭੀ ਨਿਸਚਾ ਹੋ ਜਾਏ ਕਿ ਜਨਮ ਦੀ ਅਸਲੀ ਤਰੀਕ ਕੇਹੜੀ ਹੈ। ਭਾਈ ਸਾਹਿਬ ਭਾਈ ਸਰਦੂਲ ਸਿੰਘ ਜੀ, ਭਾਈ ਸਾਹਿਬ ਸੰਤ ਸਿੰਘ ਜੀ, ਭਾਈ ਸਾਹਿਬ ਪ੍ਰੇਮ ਸਿੰਘ ਜੀ, ਬਾਬਾ ਖੇਮ ਸਿੰਘ ਜੀ ਲਾਹੌਰ, ਭਾਈ ਸੁਮੇਰ ਸਿੰਘ ਜੀ, ਭਾਈ ਸਾਹਿਬ ਭਾਈ ਹਜ਼ਾਰਾ ਸਿੰਘ ਜੀ, ਭਾਈ ਸਾਹਿਬ ਭਾਈ ਭਗਵਾਨ ਸਿੰਘ ਜੀ, ਖਾਲਸਾ ਅਖਬਾਰ ਲਾਹੌਰ, ਸ੍ਰੀ ਗੁਰੂ ਸਿੰਘ ਸਭਾ ਅੰਮ੍ਰਿਤਸਰ ਜੀ, ਸਾਰੀਆਂ ਸਿੱਖ ਰਿਆਸਤਾਂ ਦੇ ਮਹਾਰਾਜੇ, ਇਹ ਕੇਵਲ ਇਸ਼ਾਰੇ ਮਾਤਰ ਨਾਮਾਵਲੀ ਹੈ, ਵੈਸੇ ਹੋਰ ਹਜ਼ਾਰਾਂ ਵਿਦਵਾਨ ਇਕ ਜ਼ਬਾਨ ਨਾਲ ਮੰਨ ਕਰ ਕਹਿ ਚੁਕੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਸਲੀ ਜਨਮ ਦਿਨ ਵਿਸਾਖ ਦਾ ਹੈ, ਇਹ ਲਹਿਰ ਖਾਲਸਾ ਦੀਵਾਨ ਲਾਹੌਰ ਦੇ ਮੱਧਮ ਪੈਣ ਅਰ ਖਾਲਸਾ ਅਖਬਾਰ ਲਾਹੌਰ ਦੇ ਬੰਦ ਹੋਣ ਨਾਲ ਦਬਾਈ ਗਈ ਸੀ, ਪਰ ਸਚਾਈ ਅੰਤ ਸਚਾਈ ਹੈ, ਤੇ ਰਹੇਗੀ, ਤੇ ਸਚਾਈ ਦੇ ਹਾਮੀ ਕਦੇ ਆਪਣੀ ਜ਼ਮੀਰ ਨੂੰ ਕੁਚਲਿਆ ਨਹੀਂ ਵੇਖ ਸਕਦੇ।"

ਆਪਣੀ ਇਸ ਲਿਖ਼ਤ ਨੂੰ ਅਸੀਂ ਦੋ ਭਾਗਾਂ ਵਿਚ ਵੰਡਾਂਗੇ, ਪਹਿਲੇ ਭਾਗ ਵਿਚ ਅਸੀਂ ਉਨ੍ਹਾਂ ਪੁਰਾਤਨ ਸਰੋਤਾਂ ਦਾ ਜ਼ਿਕਰ ਕਰਾਂਗੇ, ਜਿਨ੍ਹਾਂ ਵਿਚ ਗੁਰੂ ਸਾਹਬ ਦਾ ਜਨਮ ਵੈਸਾਖ ਦਾ ਲਿਖਿਆ ਹੋਇਆ ਹੈ ਅਤੇ ਦੂਸਰੇ ਭਾਗ ਵਿਚ ਉਸ ਲਿਖ਼ਤ ਦੀ ਪ੍ਰਮਾਣਕਿਤਾ ਵਿਚਾਰਾਂਗੇ, ਜਿਸ ਦੀ ਮਨੌਤ ਨੇ ਗੁਰੂ ਬਾਬੇ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਲਿਖ ਕੇ ਪੰਥ ਦੇ ਵਿਹੜੇ ਵਿਚ ਇਹ ਭੰਬਲਭੂਸਾ ਪਾਇਆ ਹੈ।

## (1)

ਇਸ ਭਾਗ ਵਿਚ ਆਪਾਂ ਉਨ੍ਹਾਂ ਲਿਖਤਾਂ ਨੂੰ ਦੇਖਾਂਗੇ ਜਿਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਦਾ ਜਨਮ ਵੈਸਾਖ ਸੁਦੀ ਤੀਜ ਦਾ ਲਿਖਿਆ ਹੋਇਆ ਮਿਲਦਾ:

1. ਸਾਖੀ ਮਹਲ ਪਹਿਲੇ ਕੀ (1570-74 ਈਸਵੀ ਵਿਚਕਾਰ ਸ਼ੀਹੇ ਉਪਲ ਦੁਆਰਾ ਲਿਖੀ ਗਈ)- ...ਸੰਮਤ 1526 ਬਾਬਾ ਨਾਨਕੁ ਜਨਮਿਆ। ਵੈਸਾਖ ਦਿਨ ਤੀਜ ਚਾਨਣੀ ਅੰਮ੍ਰਿਤ ਵੇਲਾ ਪਹਰੁ ਰਾਤਿ ਰਹਦੀ ਜਨਮੁ ਲਇਆ।
2. ਆਦਿ ਸਾਖੀਆਂ (1597-1600 ਈਸਵੀ ਦੇ ਵਿਚਕਾਰ ਦੀ ਰਚਨਾ/ਭਾਈ ਬੂਲਾ)- ਗੁਰੂ ਬਾਬਾ ਸਤ ਸਮਰਥ ਤ੍ਰੈ ਗੁਣ ਨਾਥ ਸਬਲ ਦੇਵ ਮਨਸਾ ਪੂਰਨ ਘਟਿ ਘਟਿ ਵਾਸੀ ਖੰਡ ਬ੍ਰਹਮੰਡ ਕੈ ਨਾਇਕ ਦੀਨਾ ਨਾਥ ਗਰਬ ਪਰਹਾਰੀ ਗਰੀਬ ਨਿਵਾਜ ਨਿਰੰਕਾਰ ਕੀ ਆਗਿਆ ਪਾਇ ਕਰ ਗੁਰੂ ਬਾਬਾ ਸੰਸਾਰ ਮਹਿ ਆਇਆ॥ ਸ੍ਰੀ ਸਤਿ ਜਨਕੁ ਭਗਤੁ ਨਿਰੰਕਾਰੁ ਜਗਤ ਤਾਰਣ ਕਉ ਆਇਆ॥ ਕਲਜੁਗ ਵਿਚਿ ਬਾਬਾ ਨਾਨਕ ਹੋਇ ਜਨਮਿਆ॥ ਪਾਰਬ੍ਰਹਮ ਕਾ ਭਗਤ॥ ਸੰਮਤ 1526 ਬਾਬਾ ਨਾਨਕੁ ਜਨਮਿਆ ਪਾਰਬ੍ਰਹਮ ਕਾ ਭਗਤੁ॥ ਵੈਸਾਖ ਮਾਹਿ ਦਿਨ ਤੀਜੇ ਪਹਰ ਰਾਤਿ ਰਹਦੀ ਕਉ ਜਨਮਿਆ॥
3. ਪੋਥੀ ਸਚਖੰਡ (1619 ਈਸਵੀ ਮਿਹਰਵਾਨ)- ਤਬ ਗੁਰੂ ਬਾਬਾ ਨਾਨਕੁ ਕਾਲੂ ਕੈ ਘਰਿ ਤਿਪਰਾ ਕੈ ਉਦਰਿ, ਬੇਦੀ ਕੈ ਬੰਸਿ ਖਤ੍ਰੀ ਕੈ ਜਨਮਿ ਪੰਜਾਬ ਕੀ ਧਰਤੀ ਚਾਹਲਾ ਵਾਲੇ, ਸੰਮਤ 1526 ਵੈਸਾਖ ਮਾਸਿ ਥਿਤਿ ਤ੍ਰਿਤੀਏ ਚਾਂਨਣੀ ਕਉ, ਪਹਰੁ ਰਾਤਿ ਪਿਛਲੀ ਰਹਤੀ ਕਉ ਅੰਬ੍ਰਿਤ ਵੇਲਾ ਜਨਮੁ ਲਇਆ, ਕਲਿ ਕੈ ਬਿਖੈ ਆਇ ਅਵਤਰੇ ...।
4. ਪੁਰਾਤਨ ਜਨਮ ਸਾਖੀ (1658 ਈਸਵੀ/ਸੈਦੋ ਜੱਟ)- ਸੰਮਤ 1526 ਬਾਬਾ ਨਾਨਕੁ ਜਨਮਿਆ, ਵੈਸਾਖ ਮਾਹਿ ਤ੍ਰਿਤੀਆ, ਚਾਨਣੀ ਰਾਤਿ, ਅੰਮ੍ਰਿਤ ਵੇਲਾ, ਪਹਰ ਰਾਤ ਰਹਦੀ ਕੁ ਜਨਮਿਆ।
5. ਜਨਮਸਾਖੀ ਭ-40 (1733 ਈਸਵੀ)- ਸਾਖੀ ਮਹਲੇ ਪਹਿਲੇ ਕੀ॥ ਹੋਈ ਤਲਵੰਡੀ ਰਾਇ ਭੋਇ ਭਟੀ ਕੀ॥ ਬਾਬਾ ਨਾਨਕੁ ਜੀ ਜਨਮਿਆ ਕਾਲੂ ਖਤ੍ਰੀ ਜਾਤਿ ਵੇਦੀ ਦੇ ਘਰਿ ਜਨਮੁ ਲਇਆ॥ ਕਲਿਜੁਗ ਵਿਚਿ ਬਾਬਾ ਨਾਨਕੁ ਨਾਉ ਧਰਾਇਆ॥ ਆਪਣਾ ਪੰਥੁ ਚਲਾਇਆ॥ ਕਲਿਜੁਗ ਵਿਚਿ॥ ਸੰਮਤ 1526॥ ਬਾਬਾ ਨਾਨਕੁ ਜਨਮਿਆ॥ ਵੈਸਾਖੋ ਦਿਨ ਤੀਜੈ ਚਾਨਣੀ ਰਾਤਿ ਅੰਮ੍ਰਿਤ ਵੇਲੈ ਪਹਰੁ ਰਾਤਿ ਰਹਦੀ ਕਉ ਜਨਮਿਆ॥
6. ਮਹਿਮਾ ਪ੍ਰਕਾਸ਼ ਵਾਰਤਕ (1741 ਈਸਵੀ)- ਸ੍ਰੀ ਪਾਰਬ੍ਰਹਮ ਅਬਿਨਾਸੀ ਨਿਰੰਕਾਰ ਨਿਰੰਜਨ ਭਗਤ ਬਛਲ ਪਤਤ ਉਧਾਰਨ ਜੀ ਨੇ ਕਲਜੁਗ ਵਿਖੇ ਬਹੁਤ ਅੰਧਕਾਰ ਵਰਤਾਰਾ ਬਰਤਿਆ ਦੇਖ ਕਰ ਕਿਰਪਾ ਕਰਕੇ ਨਿਰੰਜਨੀ ਅਉਤਾਰ ਧਾਰਾ ਜਗਤ ਕੇ ਉਧਾਰਨੇ ਕੇ ਨਮਿਤ ਸਰਬ ਕਲਾ ਸੰਪੂਰਨ ਭਗਤ ਬੈਰਾਗ ਜੋਗ ਗਿਆਨ ਸੱਜੁਗਤ ਸਰਬ ਉਪਮਾ ਸਪੰਨ ਸੰਬਤ 1526 ਮਾਸ ਬੈਸਾਖ ਤੀਜ ਚਾਂਦਨੀ ਰਾਤ ਅੰਮ੍ਰਿਤ ਵੇਲੇ ਪਹਰ ਰਾਤ ਰਹਦੀ ਤਿਲਵੰਡੀ ਰਾਇ ਭੋਇਆ ਭਟੀ ਦੇ ਵਿਚ ਕਾਲੂ ਬੇਦੀ ਦੇ ਘਰ ਅਉਤਾਰ ਲੀਆ।
7. ਮਹਿਮਾ ਪ੍ਰਕਾਸ਼ (ਕਵਿਤਾ, 1776 ਤੋਂ ਬਾਅਦ)- ਹਰਿ ਭਯੋ ਅਵਤਾਰ ਈਸਵੀ ਸੰਤ ਰੂਪ ਤਨ ਧਾਰਿ॥ ਕਾਰਨ ਤਾਰਨ ਜਗਤ ਕੋ, ਕਰ ਹੈ ਭਗਤਿ ਪ੍ਰਚਾਰ॥ ਧੰਨ ਦੇਸ ਧੰਨ ਨਗਰ ਸੌ, ਧੰਨ ਬਰਨ ਕੁਲ ਸੋਇ॥

ਧੰਨ ਸਮਾਂ ਧੰਨ ਮਾਤ ਪਿਤ, ਧੰਨ ਜਨਮ ਗ੍ਰਿਹ ਹੋਇ॥ ਸੰਮਤ ਬਿਕ੍ਰਮ ਨ੍ਰਿਪ ਕੋ, ਪੰਦ੍ਰਹ ਸਹਸ ਪਚੀਸ॥ ਵੈਸਾਖ ਸੁਦੀ ਥਿਤ ਤੀਜ ਕੋ ਧਰਿਅਉ ਸੰਤ ਬਪੁ ਈਸ॥

8. ਜਨਮ ਸਾਖੀ ਭਾਈ ਮਨੀ ਸਿੰਘ ਵਾਲੀ (1790 ਈਸਵੀ)- ਸੰਮਤ 1526, ਸ਼ੁਭ ਦਿਨ ਮਾਹ ਵੈਸਾਖ, ਸ਼ੁਕਲ ਤੀਜ, ਸਵਾ ਪਹਰ ਰਾਤਿ ਰਹਿੰਦੀ, ਸ਼ੁਭ ਮਾਸ, ਸ਼ੁਭ ਨਿਖਤ੍ਰ, ਸ਼ੁਭ ਸੁਥਿਤ, ਸ਼ੁਭ ਮਹੂਰਤ, ਸ਼ੁਭ ਘੜੀ, ਮਾਤਾ ਤ੍ਰਿਪਤਾ ਅਰੁ ਪਿਤਾ ਕਾਲੂ ਕੇ ਗ੍ਰਿਹ ਆਇ ਅਵਤਾਰ ਧਾਰਿਆ (ਨੋਟ- 1892 ਈਸਵੀ ਵਿਚ ਜਦੋਂ ਇਹ ਜਨਮ-ਸਾਖੀ ਨੂੰ ਪ੍ਰਕਾਸ਼ਕਾਂ ਵੱਲੋਂ ਛਾਪਿਆ ਗਿਆ, ਤਾਂ ਉਨ੍ਹਾਂ ਨੇ ਮੌਲਿਕ ਲਿਖ਼ਤ ਦੀ ਭੰਨ-ਤੋੜ ਕਰਦਿਆਂ, ਆਪਣੀ ਦਖ਼ਲ ਅੰਦਾਜ਼ੀ ਕਰਦਿਆਂ ਗੁਰੂ ਬਾਬੇ ਦਾ ਜਨਮ ਵੈਸਾਖ ਤੋਂ ਬਦਲ ਕੇ ਕੱਤਕ ਦੀ ਪੂਰਨਮਾਸ਼ੀ ਦਾ ਕੀਤਾ ਗਿਆ। ਇਹ ਇਕ ਬੇਈਮਾਨੀ ਸੀ। ਜੋ ਹੁਣ ਤੱਕ ਨਿਰੰਤਰ ਜਾਰੀ ਹੈ)।
9. ਗੁਰੂ ਨਾਨਕ ਬੰਸ ਪ੍ਰਕਾਸ਼ (ਸੁਖਵਾਸੀ ਰਾਏ /1815 ਈਸਵੀ)- ਸ੍ਰੀ ਸਤਿਗੁਰ ਅਵਤਾਰ ਕੋ, ਸਮਾਂ ਪਹੂਚਯੋ ਆਇ॥ ਬੇਦੀ ਸਭ ਉਛਲ ਰਹੇ, ਈਸ ਭਗਤਿ ਅਧਿਕਾਇ॥ ਸੰਬਤ ਬਿਕ੍ਰਮ ਨ੍ਰਿਪਤਿ ਕੋ, ਪੰਦ੍ਰਹ ਸ਼ਤ ਖਟ ਬੀਸ॥ ਅਖਯ ਤੀਜ ਤਿਥ, ਮਾਸ ਵਰ, ਮਾਧਵ ਪ੍ਰਗਟੇ ਈਸ॥ ਰਿਤੁ ਬਸੰਤ ਸ਼ੋਭਾ ਘਨੀ, ਪਹੁਪ, ਭ੍ਰਮਰ ਗੁੰਜਾਰ॥ ਏਕ ਜਾਮ ਰਜਨੀ ਰਹਤ, ਆਵਿਰਭਾਵ ਮੁਰਾਰਿ॥ ਸ਼ੁਕਲ ਪੱਖ ਉਤਪਤਿ ਭਏ, ਆਤਮ ਰਾਮ ਅਨੰਤ॥ ਦਰਸਨ ਦੀਨੇ ਮਾਤ ਕੇ, ਜਪਹਿੰ ਸਕਲ ਜਿਹ ਸੰਤ॥
10. ਸਾਖੀ ਸ੍ਰੀ ਚੋਲਾ ਸਾਹਿਬ ਟ੍ਰੈਕਟ ਉਰਦੂ (ਦਲਜੀਤ ਸਿੰਘ ਬੇਦੀ, 1941 ਈਸਵੀ)- ਇਨ੍ਹਾਂ ਨੇ ਵੀ ਗੁਰੂ ਨਾਨਕ ਸਾਹਿਬ ਦੀ ਜਨਮ ਤਿੱਥ ਵੈਸਾਖ ਦੀ ਹੀ ਮੰਨੀ ਹੈ (ਨੋਟ: ਪਾਠਕ ਇਹ ਗੱਲ ਜ਼ਰੂਰ ਨੋਟ ਕਰਨ ਕੇ ਬਾਬਾ ਸੁਖਬਾਸੀ ਰਾਇ ਜੀ ਗੁਰੁ ਨਾਨਕ ਸਾਹਿਬ ਦੀ ਦਸਵੀਂ ਪੁਸ਼ਤ ਵਿਚੋਂ ਸਨ, ਤੇ ਦਲਜੀਤ ਸਿੰਘ ਬੇਦੀ ਵੀ ਗੁਰੂ ਨਾਨਕ ਸਾਹਿਬ ਦੀ ਕੁੱਲ ਵਿਚੋਂ ਹੀ ਸਨ। ਇਨ੍ਹਾਂ ਦੋਨ੍ਹਾਂ ਲਿਖਾਰੀਆਂ ਦੇ ਕੋਲ ਆਪਣੇ ਬਜ਼ੁਰਗਾਂ ਤੋਂ ਤੁਰਿਆ ਆਉਂਦਾ ਬ੍ਰਿਤਾਂਤ ਮੌਜੂਦ ਸੀ ਤੇ ਇਹ ਦੋਵੇਂ ਹੀ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਨਹੀਂ, ਸਗੋਂ ਵੈਸਾਖ ਸੁਦੀ ਤੀਜ ਦਾ ਮੰਨਦੇ ਹਨ)।
11. ਕਵੀ ਸੌਂਧਾ ਸਿੰਘ ਗੁਰ ਪ੍ਰਣਾਲੀ- ਸੱਤਰ ਬਰਸ ਅਰ ਸਾਤ ਦਿਨ, ਮਾਸ ਪਾਂਚ ਹੈ ਜੋਇ॥ ਕੀਯੋ ਰਾਜ ਨਾਨਕ ਗੁਰੂ, ਭਗਤਿ ਗਯਾਨ ਜੁਤ ਹੋਇ॥ ਪੰਦ੍ਰਾਂ ਸੈ ਛਿੰਨਵੇਂ ਬਰਖ, ਸੰਮਤ ਬਿਕ੍ਰਮ ਰਾਇ॥ (ਨੋਟ: ਗੁਰੂ ਸਾਹਬ ਦੇ ਜੋਤੀ ਜੋਤ ਸਮਾਉਣ ਵਾਲੇ ਸਮੇਂ 'ਚੋਂ ਜਦੋਂ ਪੂਰੀ ਉਮਰ ਘਟਾਈ ਜਾਵੇ ਤਾਂ ਅਸਲ ਤਾਰੀਖ ਨਿਕਲ ਆਉਂਦੀ ਹੈ। ਚੇਤ ਸੁਦੀ ਇਕ ਤੋਂ ਗਿਣਿਆ ਅੱਸੂ ਸੁਦੀ ਦਸ ਤੱਕ ਛੇ ਮਹੀਨੇ ਨੌਂ ਦਿਨ ਬਣਦੇ ਹਨ। ਚੇਤ ਸੁਦੀ ਇਕ ਵਿਚ ਦੋ ਦਿਨ ਤੇ ਇਕ ਮਹੀਨਾ ਵਧਾਇਆਂ ਵਿਸਾਖ ਸੁਦੀ ਤੀਜ ਬਣਦੀ ਹੈ। ਜਿਸ ਤੋਂ ਸਿੱਧ ਹੋਇਆ ਕਿ ਗੁਰੂ ਨਾਨਕ ਜੀ ਵਿਸਾਖ ਸੁਦੀ ਤੀਜ ਸੰਮਤ 1526 ਨੂੰ ਪਰਗਟ ਹੋਏ। ਜੇਕਰ ਜੋਤੀ-ਜੋਤ ਸਮਾਉਣ ਦੀ ਤਰੀਕ ਅੱਸੂ ਵਦੀ 10 ਮੰਨੀ ਜਾਏ ਤਾਂ ਪ੍ਰਗਟ ਹੋਣ ਦੀ ਤਾਰੀਖ ਵਿਸਾਖ ਵਦੀ ਤੀਜ ਨਿੱਕਲਦੀ ਹੈ, ਪਰ ਕੱਤਕ ਦੀ ਪੂਰਨਮਾਸ਼ੀ ਕਿਸੇ ਤਰ੍ਹਾਂ ਵੀ ਠੀਕ ਨਹੀ ਹੋ ਸਕਦੀ, (ਵੇਖੋ ਕੱਤਕ ਕਿ ਵਿਸਾਖ) ਇਹੋ ਢੰਗ ਅਸਲ ਜਨਮ ਤਾਰੀਖ਼ ਕੱਢਣ ਦਾ ਉਸ ਹਰ ਲਿਖਤ 'ਤੇ ਲਾਗੂ ਹੁੰਦਾ ਹੈ, ਜਿਸ 'ਚ ਗੁਰੂ ਬਾਬੇ ਦੀ ਉਮਰ 70 ਸਾਲ 5 ਮਹੀਨੇ ਤੇ ਸੱਤ ਦਿਨ ਲਿਖੀ ਹੈ।

12. ਗੁਰਪ੍ਰਣਾਲੀ ਕੇਸਰ ਸਿੰਘ ਛਿੱਬਰ- ਇਸ ਗੁਰਪ੍ਰਣਾਲੀ ਦਾ ਕਰਤਾ ਗੁਰੂ ਘਰ ਨਾਲ ਜੁੜੇ ਹੋਏ ਛਿੱਬਰ ਘਰਾਣੇ 'ਚੋਂ ਹੈ। ਇਨ੍ਹਾਂ ਦੀ ਇਕ ਹੋਰ ਪ੍ਰਸਿੱਧ ਲਿਖਤ "ਬੰਸਾਵਲੀਨਾਮਾ ਦਸਾਂ ਪਾਤਸ਼ਾਹੀਆਂ ਕਾ" ਮਿਲਦੀ ਹੈ। ਸ. ਰਣਧੀਰ ਸਿੰਘ ਰੀਸਰਚ ਸਕਾਲਰ ਅਨੁਸਾਰ ਇਹ ਗੁਰਪ੍ਰਣਾਲੀਆਂ ਵਿਚੋਂ ਸਭ ਤੋਂ ਪੁਰਾਣੀ ਗੁਰਪ੍ਰਣਾਲੀ ਹੈ। ਛਿੱਬਰ ਜਨਮ ਬਾਰੇ ਲਿਖਦਾ ਹੈ, "ਕਲਿਆਨ ਦਾਸ ਜੀ ਕੇ ਘਰਿ ਮਹਲੁ ਮਾਤਾ ਬੀਬੀ ਜੀ। ਤਿਨ ਕੇ ਘਰਿ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਜਨਮੇ, ਰਾਇ ਭੋਇ ਭਟੀ ਦੀ ਤਿਲਵੰਡਿ ਬਾਰ ਵਿਚਿ। ਸੰਮਤ 1526, ਕਤਿਕ ਦਿਨੇ 18, ਬੁਧਵਾਰਿ ਪੁੰਨਿਆਂ ਸੁਦੀ। ਦੁਇ ਪਹਰ ਤੇ ਇਕ ਘੜੀ ਰਾਤਿ ਗਈ। ਅਨੁਰਾਧਾ ਨਛੱਤ੍ਰ ਵਿਚਿ।" ਰਣਧੀਰ ਸਿੰਘ ਨੇ ਇਸ ਉੱਤੇ ਟਿੱਪਣੀ ਕਰਦਿਆਂ ਦੱਸਿਆ ਹੈ ਕਿ, "ਇਸ ਵਰ੍ਹੇ 'ਕੱਤਕਿ ਪੁੰਨਿਆ', 21 ਕਤਕਿ, ਸ਼ੁਕਰਵਾਰ ਨੂੰ ਸੀ ਅਤੇ ਨੱਛਤ੍ਰ 'ਭਰਣੀ' ਸੀ।" ਅਸਲ ਵਿਚ ਕਵੀ ਛਿੱਬਰ ਨੇ ਦੱਸਿਆ ਹੈ ਕੇ ਉਸ ਦਾ ਸ੍ਰੋਤ ਬਾਲੇ ਵਾਲੀ ਹਿੰਦਾਲੀ ਜਨਮ-ਸਾਖੀ ਹੈ, ਜਿਸ ਵਿਚ ਇਹ ਕੱਤਕ ਦੀ ਗ਼ਲਤ ਤਾਰੀਖ ਦਿੱਤੀ ਹੋਈ ਹੈ। ਬੰਸਵਾਲੀਨਾਮੇ ਅੰਦਰ ਕਵੀ ਜੀ ਲਿਖਦੇ ਹਨ: ਹਕੀਕਤ ਸਾਰੀ 'ਜਨਮ ਪੱਤ੍ਰੀ' ਵਿਚਿ ਹੈ ਆਖੀ॥ ਮੈ ਇਥੇ ਥੋੜੀ ਹੀ ਹੈ ਆਖੀ॥" ਹੁਣ ਇਹੋ ਕਵੀ ਛਿੱਬਰ ਜੀ ਗੁਰਪ੍ਰਣਾਲੀ 'ਚ ਅੱਗੇ ਜਾ ਕੇ ਲਿਖਦੇ ਹਨ, "ਸੱਤਰ ਵਰ੍ਹੇ, ਪੰਜ ਮਹੀਨੇ, ਸੱਤ ਦਿਨ ਪਾਤਿਸ਼ਾਹੀ ਸ੍ਰੀ ਗੁਰੂ ਨਾਨਕ ਦੇਵ ਜੀ ਕੀਤੀ। ਸੰਮਤ 1596, ਅੱਸੂ ਵਦੀ 10, ਸ੍ਰੀ ਗੁਰੂ ਨਾਨਕ ਦੇਵ ਜੀ ਸਮਾਣੇ ਡੇਹਰੇ ਵਿਚਿ।" ਹੁਣ ਜਦ ਕਵੀ ਜੀ ਦੇ ਇਨ੍ਹਾਂ ਬੋਲਾਂ ਅਨੁਸਾਰ ਗੁਰੂ ਜੀ ਦੀ ਉਮਰ, ਉਨ੍ਹਾਂ ਦੇ ਜੋਤੀ ਜੋਤ ਸਮਾਉਣ ਵਾਲੇ ਦਿਨ੍ਹਾਂ 'ਚੋਂ ਘਟਾ ਕੇ ਦੇਖੀਏ ਤਾਂ ਪਤਾ ਲੱਗਦਾ ਹੈ ਕੇ ਗੁਰੂ ਸਾਹਬ ਦਾ ਜਨਮ ਵੈਸਾਖ ਵਦੀ ਤੀਜ ਨੂੰ ਹੋਇਆ ਹੈ, ਨਾ ਕੇ ਕੱਤਕ ਵਿਚ। ਇਨ੍ਹਾਂ ਦੋ ਗੁਰਪ੍ਰਣਾਲੀਆਂ ਤੋਂ ਬਿਨਾਂ ਦੋ ਹੋਰ ਗੁਰਪ੍ਰਣਾਲੀਆਂ ਉਂਨੀਵੀਂ ਸਦੀ ਦੀਆਂ ਮਿਲਦੀਆਂ ਹਨ, ਭਾਵ ਇਨ੍ਹਾਂ ਚਾਰਾਂ ਵਿਚ ਗੁਰੂ ਸਾਹਬ ਦਾ ਜਨਮ ਵੈਸਾਖ ਦਾ ਸਿੱਧ ਹੁੰਦਾ ਹੈ। ਇਸ ਤੋਂ ਬਿਨਾਂ ਵੀਹਵੀਂ ਸਦੀ ਦੀਆਂ ਤਿੰਨ ਗੁਰਪ੍ਰਣਾਲੀਆਂ ਵਿਚ ਵੀ ਗੁਰੂ ਸਾਹਿਬ ਦਾ ਜਨਮ ਵੈਸਾਖ ਸੁਦੀ ਤੀਜ ਹੀ ਪ੍ਰਗਟ ਹੁੰਦਾ ਹੈ।[1]

13. ਗੁਰ ਨਾਨਕ ਪ੍ਰਕਾਸ਼ (ਕਵੀ ਸੰਤੋਖ ਸਿੰਘ)- ਕਵੀ ਸੰਤੋਖ ਸਿੰਘ ਨੇ ਆਪਣੇ ਇਸ ਗ੍ਰੰਥ ਨੂੰ ਰਚਨ ਵਿਚ ਸਹਾਇਕ ਗ੍ਰੰਥਾਂ ਦਾ ਹਵਾਲਾ ਦਿੰਦਿਆਂ 37 ਵੇਂ ਅਧਿਆਏ ਅੰਦਰ ਲਿਖਿਆ ਹੈ: ਪੂਰਬ ਪੋਥੀ ਜੋ ਲਿਖੀ ਸ੍ਰੀ ਨਾਨਕ ਇਤਿਹਾਸ॥ ਲਿਖਵਾਈ ਅੰਗਦ ਗੁਰੂ ਬਾਲ ਬਦਨ ਪ੍ਰਕਾਸ਼॥ ਅਸਲ ਵਿਚ ਇਹ ਇਤਿਹਾਸ ਕਵੀ ਜੀ ਨੇ ਬਾਲਾ ਜਨਮਸਾਖੀ ਦੇ ਆਧਾਰ 'ਤੇ ਲਿਖਿਆ ਹੈ। ਇਸ ਵਿਚੋਂ ਭਾਂਵੇ ਕਵੀ ਜੀ ਨੇ ਕੁਝ ਗੱਲਾਂ ਦਾ ਤਿਆਗ ਵੀ ਕੀਤਾ ਹੈ, ਪਰ ਜਨਮ ਦੀ ਤਿੱਥ ਉਹ ਹੀ ਲਿਖ ਗਏ ਹਨ, ਜੋ ਹਿੰਦਾਲੀਆਂ ਦੀ ਸਾਖੀ ਵਿਚ ਮੌਜੂਦ ਸੀ, ਪਰ ਆਪਣੇ ਇਸ ਗ੍ਰੰਥ ਅੰਦਰ ਅੱਗੇ ਜਾ ਕੇ 54 ਵੇਂ ਅਧਿਆਏ ਵਿਚ ਕਵੀ ਜੀ ਗੁਰੂ ਸਾਹਿਬ ਦੀ ਪੂਰੀ ਉਮਰ ਦੱਸਦੇ ਹੋਏ ਲਿਖਦੇ ਹਨ: ਸੰਮਤ ਸਤ੍ਰ ਪਛਾਨ ਪੰਚ ਮਾਸ ਬੀਤੇ ਬਹੁਰ॥ ਸਪਤ ਦਿਨਨ ਪਰਵਾਨ, ਪਾਤਿਸ਼ਾਹੀ ਸ੍ਰੀ ਪ੍ਰਭ ਕਰੀ॥ ਇਸ ਅਧਾਰ 'ਤੇ ਗੁਰੂ ਬਾਬੇ ਦਾ ਜਨਮ ਵੈਸਾਖ ਦਾ ਨਿੱਕਲਦਾ ਹੈ, ਨਾ ਕਿ ਕੱਤਕ ਦੀ ਪੂਰਨਮਾਸ਼ੀ ਦਾ।

14. ਗੁਰ ਸ਼ਬਦ ਰਤਨਾਕਾਰ ਮਹਾਨ ਕੋਸ਼ (ਭਾਈ ਕਾਨ ਸਿੰਘ ਨਾਭਾ/1930)- ਗੁਰੂ ਨਾਨਕ ਦੇਵ ਸਤਿਗੁਰੂ ਸਿਖ ਧਰਮ ਦੇ ਆਚਾਰਯ ਅਗਿਯਾਨ ਅੰਧਕਾਰ ਦੇ ਵਿਨਾਸ਼ਕ ਸੂਰਯ ਰੂਪ ਜਗਤ ਗੁਰੂ ਨਾਨਕ ਨਾਨਕ ਦਾ ਜਨਮ

[1] ਵਧੇਰੇ ਵਿਸਥਾਰ ਲਈ ਦੇਖੋ ਕਿਤਾਬ "ਗੁਰੂ-ਪ੍ਰਣਾਲੀਆਂ" ਸੰਪਾਦਕ ਸ. ਰਣਧੀਰ ਸਿੰਘ ਰਿਸਰਚ ਸਕਾਲਰ

ਵੈਸਾਖ ਸੁਦੀ ਤੀਜ (20 ਵੈਸਾਖ) ਸੰਮਤ 1526 ਬਿਕਰਮੀ ਮੁਤਾਬਕ 15 ਅਪਰੈਲ ਸੰਨ 1469 ਈਸਵੀ ਨੂੰ ਕਾਲੂ ਚੰਦ ਦੇ ਘਰ ਮਾਤਾ ਤ੍ਰਿਪਤਾ ਜੀ ਦੇ ਉਦਰ ਤੋਂ ਰਾਇ ਭੋਇ ਦੀ ਤਲਵੰਡੀ ਵਿਚ (ਜੋ ਹੁਣ ਨਨਕਾਣਾ ਸਾਹਿਬ ਪ੍ਰਸਿਧ ਹੈ) ਹੋਇਆ। ਇਸ ਤੋਂ ਬਿਨਾਂ ਭਾਈ ਕਾਨ੍ਹ ਸਿੰਘ ਜੀ ਨਾਭਾ "ਗੁਰਮਤਿ ਸੁਧਾਕਰ" (ਮੇਰੇ ਕੋਲ ਦੂਸਰੀ ਐਡੀਸ਼ਨ 1912 ਈਸਵੀ ਦੀ ਹੈ) ਵਿਚ, ਪੰਨਾ ਨੰਬਰ 91 'ਤੇ ਫੁੱਟ-ਨੋਟ ਵਿਚ ਲਿਖਦੇ ਹਨ, "ਵੈਸਾਖੀ ਜੇਹਾ ਅੰਨਦ ਮੰਗਲ, ਅਥਵਾ ਵੈਸਾਖੀ, ਸਿੱਖਾਂ ਵਿਚ ਵੈਸਾਖੀ ਦਾ ਉਤਸਵ ਗੁਰੂ ਨਾਨਕ ਦੇਵ ਜੀ ਦਾ ਅਤੇ ਖਾਲਸੇ ਦਾ ਜਨਮ ਦਿਨ ਹੋਣ ਕਰ ਕੇ ਮਨਾਯਾ ਜਾਂਦਾ ਹੈ।"

## (2)

ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਦੱਸਣ ਵਾਲਾ ਸਾਡੇ ਕੋਲ ਜੋ ਪਹਿਲਾ ਗ੍ਰੰਥ ਮੌਜੂਦ ਹੈ, ਉਹ "ਜਨਮ ਪਤ੍ਰੀ ਨਾਨਕ ਵੇਦੀ ਕੀ ਅਰਥਾਤ ਜਨਮ ਸਾਖੀ ਭਾਈ ਬਾਲਾ" ਹੈ। ਇਸ ਜਨਮ-ਸਾਖੀ ਨੂੰ ਆਧਾਰ ਬਣਾ ਕੇ ਹੀ ਬਾਅਦ ਵਿਚ ਕਈ ਲਿਖਾਰੀਆਂ ਨੇ ਗੁਰੂ ਨਾਨਕ ਸਾਹਿਬ ਦਾ ਜਨਮ ਕੱਤਕ ਦੀ ਪੂਰਨਮਾਸ਼ੀ ਦਾ ਮੰਨ ਲਿਆ। ਇਸ ਜਨਮ-ਸਾਖੀ ਦੀ ਪ੍ਰਮਾਣਿਕਤਾ ਨੂੰ ਭਾਂਵੇ ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿਚ ਹੀ ਸਵਾਲਾਂ ਨੇ ਘੇਰ ਲਿਆ ਸੀ, ਪਰ ਫਿਰ ਵੀ ਇਸ ਉੱਪਰ ਖੁੱਲ੍ਹੇ ਰੂਪ ਵਿਚ ਚਰਚਾ ਪਹਿਲੀ ਵਾਰ ਪ੍ਰੋ. ਗੁਰਮੁਖ ਸਿੰਘ ਨੇ ਆਪਣੇ ਰਸਾਲੇ 'ਸੁਧਾਰਕ' ਅੰਦਰ ਕੀਤੀ ਸੀ। ਗਿਆਨੀ ਗਿਆਨ ਸਿੰਘ ਵੀ ਇਸ ਸਾਖੀ ਦੀ ਪ੍ਰਮਾਣਿਕਤਾ ਅਤੇ ਵਿਗਾੜ ਵੱਲ ਇਸ਼ਾਰਾ ਕਰਦੇ ਦਿੱਸ ਪੈਂਦੇ ਹਨ, ਪਰ ਇਸ ਵਿਚਾਰ ਚਰਚਾ ਦਾ ਸਿਖ਼ਰ ਸ. ਕਰਮ ਸਿੰਘ ਹਿਸਟੋਰੀਅਨ ਦੀ ਕਿਤਾਬ "ਕੱਤਕ ਕਿ ਵਿਸਾਖ" ਹੈ, ਜਿਸ ਵਿਚ ਇਸ ਵਿਦਵਾਨ ਤੇ ਦਾਨੇ ਸੱਜਣ ਨੇ ਜਿੱਥੇ ਇਸ ਜਨਮ-ਸਾਖੀ ਦੇ ਵਜੂਦ ਨੂੰ ਕਟਿਹਰੇ 'ਚ ਖੜ੍ਹਾ ਕੀਤਾ, ਉੱਥੇ ਹੀ ਗੁਰੂ ਨਾਨਕ ਸਾਹਿਬ ਦੇ ਸਾਥੀ ਦੇ ਰੂਪ 'ਚ ਖੜ੍ਹੇ ਕੀਤੇ ਬਾਲੇ ਨੂੰ ਵੀ ਸਪੁਰਦੇ ਖ਼ਾਕ ਕੀਤਾ। ਫਿਰ ਇਸ ਜਨਮ-ਸਾਖੀ ਤੇ ਡਾ. ਗੁਰਬਚਨ ਕੌਰ ਨੇ, ਪ੍ਰੋ. ਪ੍ਰੀਤਮ ਸਿੰਘ ਦੀ ਨਿਗਰਾਨੀ ਵਿਚ ਆਪਣਾ ਥੀਸਿਸ "ਜਨਮ ਸਾਖੀ ਭਾਈ ਬਾਲਾ ਦਾ ਪਾਠ ਪ੍ਰਮਾਣੀਕਰਨ ਤੇ ਅਲੋਚਨਾਤਮਿਕ ਅਧਿਅਨ" ਲਿਖ ਕੇ ਇਸ ਜਨਮ ਸਾਖੀ ਦਾ ਕੱਚ-ਸੱਚ ਲੋਕਾਂ ਦੀ ਕਚਿਹਰੀ ਵਿਚ ਰੱਖ ਦਿੱਤਾ। ਪੁਰਾਤਨ ਹੱਥ-ਖਰੜ੍ਹਿਆਂ ਦੇ ਖੋਜੀ ਪ੍ਰੋ. ਪ੍ਰੀਤਮ ਸਿੰਘ ਦੇ ਸ਼ਾਗਿਰਦ ਡਾ. ਸੰਤ ਸਿੰਘ ਪਦਮ ਹੁਰਾਂ ਨੇ ਆਪਣੀਆਂ ਲਿਖਤਾਂ ਵਿਚ ਇਸ ਸਾਖੀ ਦਾ ਪੂਰਨ ਵਿਸ਼ਲੇਸ਼ਣ ਕਰ ਕੇ, ਆਖ਼ਰੀ ਰਿਪੋਰਟ ਵੀ ਪਾਠਕਾਂ ਦੇ ਸਨਮੁਖ ਰੱਖ ਦਿੱਤੀ।

ਜਨਮ ਸਾਖੀ ਭਾਈ ਬਾਲਾ ਦਾ ਹੁਣ ਤੱਕ ਦਾ ਸਭ ਤੋਂ ਪੁਰਾਣਾ ਖਰੜਾ ਜੋ ਮਿਲਦਾ ਹੈ, ਉਹ ਸੰਨ 1658 ਈਸਵੀ ਦਾ ਹੈ। ਇਹ ਲਿਖ਼ਤ ਦੀ ਸ਼ੁਰੂਆਤ ਹੀ ਇਸ ਨੂੰ ਸ਼ੱਕ ਦੇ ਘੇਰੇ ਵਿਚ ਲਿਆ ਖੜ੍ਹਾ ਕਰਦੀ ਹੈ। ਜਿਵੇਂ ਕਿ ਇਸ ਜਨਮ ਸਾਖੀ ਅੰਦਰ ਲਿਖਿਆ ਗਿਆ ਹੈ:

> ਸੰਮਤ 1582, ਪੰਦ੍ਰਹ ਸੈ ਬੈਆਸੀਆ ਮਿਤੀ ਵੈਸਾਖ ਸੁਦੀ ਪੰਚਮੀ "ਪੋਥੀ ਲਿਖੀ ਪੈੜੇ ਮੋਖੇ ਸੁਲਤਾਨਪੁਰ ਕੇ ਖਤਰੀ" ਗੁਰੂ ਅੰਗਦਿ ਲਿਖਵਾਈ ਪੈੜਾ ਮੋਖਾ ਬਾਲੇ ਸੰਧੂ ਜਟੇਟੇ ਨਾਲਿ ਰਾਇ ਭੋਏ ਦੀ ਤਲਵੰਡੀ ਆਇਆ ਆਹਾ। ਗੁਰੂ ਅੰਗਦ ਜੀ ਨੌ ਢੂਢਿਕੈ ਲਧਾ ਆਹਾ। ਦੁਇ ਮਹੀਨੇ ਸਤਾਰਹ ਦਿਨ ਲਿਖਦਿਆਂ ਲਗੇ ਅਹੇ।

ਹੁਣ ਪਾਠਕ-ਜਨ ਧਿਆਨ ਦੇਣ ਕੇ ਜਨਮ-ਸਾਖੀ ਦਾ ਲਿਖਣ ਵਾਲਾ ਸੰਮਤ ਬ੍ਰਿਕਰਮੀ 1582 ਦਿੱਤਾ ਗਿਆ ਹੈ, ਇਸ ਨੂੰ ਜਦ ਅਸੀਂ 57 ਸਾਲ ਘਟਾ ਕੇ ਈਸਵੀ ਸੰਨ ਵਿਚ ਬਦਲਦੇ ਹਾਂ ਤਾਂ ਇਹ ਬਣ ਜਾਂਦਾ ਹੈ- 1525 ਈਸਵੀ। ਹੁਣ ਲਿਖਾਰੀ ਇਸ ਵਕਤ ਗੁਰਿਆਈ ਅਤੇ ਗੁਰੂ ਅੰਗਦ ਸਾਹਿਬ ਨੂੰ ਬਿਰਾਜਮਾਨ ਹੋਏ ਦਿਖਾ ਰਿਹਾ ਹੈ, ਜਦੋ ਕੇ ਹਕੀਕਤ ਤਾਂ ਇਹ ਹੈ ਕੇ ਇਸ ਸਮੇਂ ਤੱਕ ਗੁਰੂ ਅੰਗਦ ਸਾਹਿਬ (ਜੋ ਅਜੇ ਭਾਈ ਲਹਿਣਾ ਸਨ), ਗੁਰੂ ਨਾਨਕ ਸਾਹਿਬ ਨੂੰ ਮਿਲੇ ਹੀ ਨਹੀ ਸਨ, ਉਨ੍ਹਾਂ ਦਾ ਮਿਲਾਪ ਤਾਂ ਗੁਰੂ ਜੀ ਦੇ ਨਾਲ 1532 ਈਸਵੀ ਦੇ ਵਿਚ ਹੋਇਆ ਤੇ 1539 ਈਸਵੀ ਵਿਚ ਉਹ ਗੁਰੂ ਬਾਬੇ ਦੀ ਜੋਤ ਦੇ ਵਾਰਸ ਬਣਦੇ ਹਨ। 1525 ਈਸਵੀ ਤੱਕ ਗੁਰੂ ਨਾਨਕ ਸਾਹਿਬ ਆਪ ਸਰੀਰਿਕ ਰੂਪ ਵਿਚ ਮੌਜੂਦ ਸਨ। ਜਨਮ-ਸਾਖੀ ਵਾਲੇ ਨੇ ਸ਼ੁਰੂਆਤ ਹੀ ਝੂਠ ਤੋਂ ਕੀਤੀ ਹੈ। ਫਿਰ ਅੱਗੇ ਹੋਰ ਦੇਖੋ ਜਦ ਬਾਲਾ ਗੁਰੂ ਅੰਗਦ ਸਾਹਿਬ ਨੂੰ ਮਿਲਦਾ ਹੈ ਤਾਂ ਜੋ ਸੰਵਾਦ ਹੋਇਆ ਜਨਮ ਸਾਖੀ ਵਿਚ ਇਸ ਪ੍ਰਕਾਰ ਹੈ-

> ਗੁਰੂ ਅੰਗਦ ਬਾਲੇ ਨੂੰ ਪੁਛਣਾ ਕੀਤਾ, ਭਾਈ ਸਿਖ ਕਿਥੋਂ ਆਇਓ। ਕਿਉਂ ਕਰਿ ਆਵਣ ਹੋਇਆ। ਕਉਣ ਹੋਂਦੇ ਹੋ, ਤਾਂ ਬਾਲੇ ਸੰਧੂ ਹਥਿ ਜੋੜੇ ਗੁਰੂ ਜੀ, ਹੋਂਦਾ ਹਾਂ ਜਟੇਟਾ, ਨਾਉਂ ਹੈ ਬਾਲਾ, ਗੋਤ ਸੰਧੂ ਵਤਨ ਰਾਇ ਭੋਏ ਦੀ ਤਲਵੰਡੀ ਹੈ। ਗੁਰੂ ਦੇ ਦਰਸਨ ਆਇਆ ਹਾਂ। ਫੇਰਿ ਗੁਰੂ ਅੰਗਦ ਜੀ ਪੁਛਿਆ ਭਾਈ ਬਾਲਾ ਤੂ ਸਿਖ ਕਿਸਦਾ ਹੈਂ, ਤੈਨੂ ਕਉਣ ਮਿਲਿਆ ਸੀ। ਫੇਰਿ ਬਾਲਾ ਬੋਲਿਆ ਜੀ ਹਉ ਗੁਰੂ ਨਾਨਕ ਦਾ ਸਿਖ ਹਾਂ। ਮੈਨੂੰ ਨਾਨਕ ਬੇਦੀ, ਕਾਲੂ ਦਾ ਪੁਤ੍ਰ ਮਿਲਿਆ ਸੀ। ਗੁਰੂ ਅੰਗਦੁ ਪੁਛਿਆ ਭਾਈ ਬਾਲਾ ਗੁਰੂ ਤੁਹਿ ਡਿਠਾ ਸੀ। ਤਾਂ ਬਾਲੇ ਸੰਧੂ ਕਹਿਆ ਜੀ ਮੈਂ ਥੀ ਤ੍ਰੈ ਵਰ੍ਹੇ ਗੁਰੂ ਨਾਨਕ ਵਡਾ ਸੀ । ਮੈਂ ਨਾਨਕ ਦੇ ਨਾਲਿ ਪਿਛੈ ਲਗਾ ਫਿਰਦਾ ਸੀ। ਪਰੁ ਜੀ ਤਦ ਅਸਾਨੂ ਏਹੀ ਮਤਿ ਨਾਹ ਸੀ।

ਹੁਣ ਪਾਠਕ ਆਪ ਉਪਰੋਕਤ ਟੂਕ ਵਿਚੋਂ ਦੇਖ ਸਕਦੇ ਹਨ ਕੇ, ਖ਼ੁਦ ਜਨਮ-ਸਾਖੀ ਦਾ ਰਚੈਤਾ ਇਹ ਗੱਲ ਸਾਫ ਕਰ ਰਿਹਾ ਹੈ ਕੇ ਗੁਰੂ ਅੰਗਦ ਸਾਹਿਬ ਬਾਲੇ ਨੂੰ ਨਹੀ ਜਾਣਦੇ। ਹੁਣ ਇਹੋ ਸੋਚਣ ਵਾਲੀ ਗੱਲ ਹੈ, ਆਪਣੇ-ਆਪ ਨੂੰ ਬਾਬੇ ਦੇ ਸਫਰਾਂ ਦਾ ਸਾਥੀ ਬਣਾ ਕੇ ਜਨਮ-ਸਾਖੀ ਵਿਚ ਪੇਸ਼ ਕਰ ਰਿਹਾ ਬਾਲਾ, ਜੇ ਸਚਮੁਚ ਗੁਰੂ ਸਾਹਿਬ ਦਾ ਸਾਥੀ ਜਾਂ ਇੰਨਾ ਵੱਡਾ ਸ਼੍ਰੋਮਣੀ ਸਿੱਖ ਹੁੰਦਾ ਤਾਂ ਉਸ ਨੂੰ ਕੀ ਗੁਰੂ ਅੰਗਦ ਸਾਹਿਬ ਨਾ ਜਾਣਦੇ? ਗੁਰੂ ਅੰਗਦ ਸਾਹਿਬ ਨੇ ਭਾਈ ਲਹਿਣੇ ਦੇ ਰੂਪ ਵਿਚ ਸੱਤ ਸਾਲ ਗੁਰੂ ਨਾਨਕ ਸਾਹਿਬ ਦੀ ਸੰਗਤ ਦਾ ਅਨੰਦ ਮਾਣਿਆ, ਇਸ ਸਮੇਂ ਵਿਚ ਇਕ ਵਾਰ ਵੀ ਬਾਲਾ ਗੁਰੂ ਨਾਨਕ ਸਾਹਿਬ ਦੇ ਦਰਸ਼ਨਾਂ ਨੂੰ ਨਹੀਂ ਆਇਆ ,ਕਿਉਂ? ਹੋਰ ਕਿਸੇ ਵੀ ਜਨਮ-ਸਾਖੀ ਕਾਰ ਨੇ ਬਾਲੇ ਦੀ ਹੋਂਦ ਨੂੰ ਕਿਉਂ ਨਹੀ ਸਵੀਕਾਰਿਆ? ਸਿੱਖ ਕੌਮ ਦੇ ਸ਼੍ਰੋਮਣੀ ਕਵੀ, ਪ੍ਰਚਾਰਕ, ਲਿਖਾਰੀ ਭਾਈ ਗੁਰਦਾਸ ਜੀ, ਜਿਨ੍ਹਾਂ ਨੇ ਕਾਵਿਕ ਰੂਪ ਵਿਚ ਗੁਰੂ ਬਾਬੇ ਦੇ ਜੀਵਨ ਦੇ ਕੁਝ ਪੱਖਾਂ ਨੂੰ ਕਲਮਬੱਧ ਕੀਤਾ, ਸ਼੍ਰੋਮਣੀ ਸਿੱਖਾਂ ਦੀ ਫਹਿਰਸਤ ਤਿਆਰ ਕੀਤੀ, ਉਨ੍ਹਾਂ ਨੇ ਵੀ ਬਾਲੇ ਦਾ ਜ਼ਿਕਰ ਤੱਕ ਨਹੀ ਕੀਤਾ। ਮੰਨਦੇ ਹਾਂ ਕੇ ਭਾਈ ਗੁਰਦਾਸ ਨੇ ਹੋਰ ਵੀ ਕਈ ਗੁਰਸਿੱਖਾਂ ਦਾ ਜ਼ਿਕਰ ਨਹੀਂ ਕੀਤਾ, ਪਰ ਗੁਰੂ ਬਾਬੇ ਦਾ ਆਪਣੇ-ਆਪ ਨੂੰ ਸੰਗੀ ਬਣਾ ਕੇ ਪੇਸ਼ ਕਰ ਰਿਹਾ ਪਾਤਰ, ਜੋ ਦਾਅਵਾ ਕਰਦਾ ਹੈ ਕੇ ਉਸ ਨੇ ਬਾਬੇ ਨਾਲ ਬੜਾ ਪੈਂਡਾ ਸਰ ਕੀਤਾ, ਉਸ ਨੂੰ ਕਿਵੇਂ ਭਾਈ ਜੀ ਵਿਸਾਰ ਸਕਦੇ ਸਨ, ਜਦ ਉਹ ਮਰਦਾਨੇ ਦਾ ਜ਼ਿਕਰ ਕਰ ਸਕਦੇ ਹਨ, ਤਾਂ ਜੇ ਕੋਈ ਬਾਲੇ ਨਾਅ ਦੀ ਸ਼ੈਅ ਹੁੰਦੀ ਤਾਂ ਉਸ ਦਾ ਵੀ ਜ਼ਿਕਰ ਜ਼ਰੂਰ ਕਰਦੇ, ਪਰ ਇਹ ਕਪੋਲ ਪਾਤਰ ਉਨ੍ਹਾਂ ਦੀ ਰਚਨਾਂ ਤੋਂ ਕਈ ਦਹਾਕਿਆ ਬਾਅਦ ਹੋਂਦ ਵਿਚ ਆਇਆ।

ਡਾ. ਗੁਰਬਚਨ ਕੌਰ ਆਪਣੇ ਥੀਸਿਸ ਵਿਚ ਬਾਲੇ ਦਾ ਖੁਰਾ ਖੋਜ ਨੱਪਦਿਆਂ ਹੋਇਆ ਲਿਖਦੀ ਹੈ: ਬਾਲਾ, ਇਸ ਜਨਮ-ਸਾਖੀ ਦਾ ਵਿਸ਼ੇਸ਼ ਪਾਤਰ ਹੈ, ਜੋ ਗੁਰੂ ਨਾਨਕ ਜੀ ਦਾ ਸਾਥੀ ਹੋਣ ਦਾ ਦਾਅਵਾ ਕਰਦਾ ਹੈ ਤੇ ਆਪਣੇ-

ਆਪ ਨੂੰ ਗੁਰੂ ਅੰਗਦ ਸਾਹਿਬ ਦੀ ਹਜ਼ੂਰੀ ਵਿਚ ਗੁਰੂ ਨਾਨਕ ਦੀ ਜੀਵਨੀ ਲਿਖਾਉਣ ਵਾਲਾ ਸਿੱਧ ਕਰਦਾ ਹੈ, ਪਰ ਜਨਮ-ਸਾਖੀ ਦੀਆਂ ਅੰਦਰਲੀਆਂ ਗਵਾਈਆਂ ਦੇ ਆਧਾਰ ਉੱਤੇ ਸਿੱਧ ਕੀਤਾ ਗਿਆ ਹੈ ਕਿ ਇਹੋ ਜਿਹਾ ਕੋਈ ਇਤਿਹਾਸਿਕ ਵਿਅਕਤੀ ਨਹੀਂ ਹੋਇਆ, ਸਗੋਂ ਇਸ ਸਾਰੇ ਛੜ-ਯੰਤਰ ਨੂੰ ਰਚਣ ਦਾ ਕੰਮ, ਬੜੀ ਚਤਰਾਈ ਨਾਲ 'ਹੰਦਾਲ ਦੇ ਜੇਠੇ ਲੜਕੇ ਬਾਲ ਚੰਦ' ਨੇ ਕੀਤਾ ਹੈ। ਇਹ ਇਕ ਨਵੀਂ ਲੱਭਤ ਹੈ।

ਅਸਲ ਵਿਚ ਇਹ ਜਨਮ-ਸਾਖੀ ਜੰਡਿਆਲੇ ਆਲੇ ਬਾਬਾ ਹਿੰਦਾਲ ਦੇ ਮੁੰਡਿਆਂ ਬਾਲ ਚੰਦ ਤੇ ਬਿਧੀ ਚੰਦ ਦੀ ਬੁਧੀ ਵਿਚ ਪ੍ਰਗਟ ਹੋਏ ਫੁਰਨਿਆਂ ਦੀ ਪੈਦਾਇਸ਼ ਹੈ। ਬਾਬਾ ਹਿੰਦਾਲ ਜੋ ਗੁਰੂ ਘਰ ਦਾ ਸੇਵਕ ਸੀ, ਉਸ ਦੇ ਨਿਆਣੇ ਬਦ-ਇਖਲਾਕ ਕਿਸਮ ਦੇ ਸਨ। ਇਹ ਪੂਜਾ ਦਾ ਧਾਨ ਖਾਣ ਵਾਲੇ ਸਨ, ਜਿਸ ਵਲ ਖ਼ੁਦ ਸਾਖੀਕਾਰ ਵੀ ਸਾਡਾ ਧਿਆਨ ਖਿੱਚ ਕੇ ਇਸ ਸਾਖੀ ਦਾ ਰਚਨਾ-ਕਾਲ ਨਿਸਚਿਤ ਕਰਨ ਵਿਚ ਸਾਡੀ ਮਦਦ ਕਰਦਾ ਹੈ। ਜਨਮ-ਸਾਖੀ ਵਿਚ ਬੋਲ ਹਨ- " ...ਭਾਈ ਬਾਲਾ ਭਲੇ ਭਲੇ ਮਹਾਂਪੁਰਖ ਸੰਗਤਾ ਦੀਆਂ ਕਾਰਾ ਅਤੇ ਭੇਟਾ ਦੇਖਿਕੈ ਭਉਦਲਦੇ ਹੈਨਿ।" ਉਪਰੋਕਤ ਟੂਕ ਨੂੰ ਧਿਆਨ ਨਾਲ ਪੜ੍ਹੀਏ ਤਾਂ ਸਾਨੂੰ ਸਮਝ ਲੱਗ ਜਾਂਦੀ ਹੈ ਕੇ ਇਸ ਜਨਮ-ਸਾਖੀ ਦਾ ਰਚਨਾ ਕਾਲ ਉਸ ਵਕਤ ਦਾ ਹੈ, ਜਦ ਮੰਸਦ ਸੰਗਤ ਦੀ ਭੇਟਾ ਤੇ ਹੱਥ ਸਾਫ ਕਰਨ ਲੱਗ ਪਏ ਸਨ, ਗੁਰੂ ਇਤਹਾਸ ਨੂੰ ਪੜ੍ਹਦਿਆਂ ਸਾਨੂੰ ਪਤਾ ਲੱਗਦਾ ਹੈ ਕੇ ਗੁਰੂ ਅੰਗਦ ਸਾਹਿਬ ਵਕਤ ਅਜੇ ਮੰਸਦ ਪ੍ਰਥਾ ਹੋਂਦ ਵਿਚ ਹੀ ਨਹੀ ਆਈ ਸੀ। ਇਸ ਜਨਮ-ਸਾਖੀ ਦੇ ਹੋਂਦ ਵਿਚ ਆਉਣ ਵਕਤ ਮੰਸਦ ਵਿਗੜ ਚੁੱਕੇ ਸਨ।

ਡਾ. ਸੰਤ ਸਿੰਘ ਪਦਮ, ਸੰਤੋਖ ਸਿੰਘ ਚੂੜਾਮਣਿ ਕਵੀ ਦੇ ਗੁਰੂ ਭਾਈ ਵਿਸਨ ਸਿੰਘ ਦੇ ਗਿਆਨ ਰਤਨਾਗਰ ਕਾਵਿਕ ਗ੍ਰੰਥ ਵਿਚੋਂ ਇਕ ਪਦਾ ਦੇ ਕੇ ਇਸ ਅਖੌਤੀ ਬਾਲਾ ਜਨਮ-ਸਾਖੀ ਦਾ ਪਾਜ ਬਿਲਕੁਲ ਉਧੇੜ ਕੇ ਰੱਖ ਦਿੰਦਾ ਹਨ। ਵਿਸਨ ਸਿੰਘ ਇਸ ਜਨਮ-ਸਾਖੀ ਦੀ ਪੈਦਾਇਸ਼ ਬਾਰੇ ਦੱਸਦਾ ਹੈ:

ਜਬ ਹੰਦਾਲ ਸੁਰ ਲੋਕ ਪਧਾਰਾ।
ਬਿਧੀ ਚੰਦ ਸੁਤ ਸਕਤੀਵਾਰਾ।
ਲਈ ਮਹੰਤੀ ਸਿਖ ਬਨਾਏ।
ਤੁਰਕਨ ਕੀ ਗਨਕਾ ਇਕ ਗਾਇ।
ਸੋ ਅਪਨੇ ਗ੍ਰਹ ਆਨ ਵਸਾਈ।
ਤਬ ਵਰਤਨ ਤਜ ਦੀਨ ਲੁਕਾਈ।
ਬਿਧੀ ਚੰਦ ਮੰਝੌਤ ਪ੍ਰਸੰਗਾ।
ਲਿਖੇ ਗੁਰ ਧਾਰੀ ਹਿਤ ਸੰਗਾ।
ਆਗੇ ਗੁਰ ਕੀ ਸਾਖੀ ਨਾਹੀ।
ਰਚੀ ਨਿੰਦਾ ਬਿਧ ਬਹੁਤ ਬਨਾਈ।
ਬਾਲੇ ਅੰਗਦ ਕੋ ਧਰ ਨਾਮਾ।
ਪ੍ਰਥਮੇ ਹੀ ਝੂਠਾ ਕੀਓ ਕਾਮਾ।
ਪੰਦ੍ਰਹ ਸਹਸ ਪੰਚਾਸੀ ਮਾਹੀ।
ਪੰਚਮ ਥਿਤ ਬੈਸਾਖ ਕੀ ਆਹੀ।

ਪੈੜੇ ਮੋਖੇ ਲਿਖੀ ਬਨਾਈ।

ਗੁਰ ਅੰਗਦ ਗੁਰ ਮਿਲੇ ਨ ਭਾਈ।

ਵਿਸਨ ਸਿੰਘ ਦਾ ਉਪਰੋਕਤ ਪਦਾ ਸਾਫ ਕਰਦਾ ਹੈ ਕਿ ਹਿੰਦਾਲ ਕਿਆ ਨੇ ਆਪਣੀ ਬੁਰਿਆਈ 'ਤੇ ਪਰਦਾ ਪੌਣ ਲਈ ਇਸ ਜਨਮ-ਸਾਖੀ ਨੂੰ ਵਜੂਦ ਵਿਚ ਲੈ ਕੇ ਆਂਦਾ। ਅਸਲ ਵਿਚ ਬਾਬੇ ਹਿੰਦਾਲ ਦੇ ਦੋਵੇਂ ਮੁੰਡੇ ਆਚਰਣ ਦੇ ਪੱਖ ਤੋਂ ਡਿੱਗੇ ਹੋਏ ਸਨ। ਬਿਧੀ ਚੰਦ ਨੇ ਤਾਂ ਆਪਣੇ ਘਰ ਵਿਚ ਇਕ ਮੁਸਲਮਾਨ ਬੀਬੀ ਰੱਖ ਲਈ, ਜਦ ਇਨ੍ਹਾਂ ਦੀ ਥੂਹ-ਥੂਹ ਹੋਣ ਲੱਗੀ ਤਾਂ ਇਨ੍ਹਾਂ ਨੇ ਆਪਣਾ ਔਗੁਣ ਗੁਰੂ ਵਿਚ ਪਾਉਣ ਦੀ ਕੋਸ਼ਿਸ਼ ਕੀਤੀ ਤੇ ਆਪਣੀ ਜਨਮ-ਸਾਖੀ ਵਿਚ ਦਿਆਲੂ ਪਾਤਸ਼ਾਹ ਗੁਰੂ ਨਾਨਕ ਸਾਹਿਬ ਦੇ ਕਿਰਦਾਰ ਨੂੰ ਦਾਗੀ ਕਰਨ ਲਈ, "ਮੰਝੌਤ" ਅਤੇ "ਸਹਜ ਕੁਸਹਜ" ਵਾਲੇ ਪ੍ਰਸੰਗ ਵੀ ਪੁਆਏ ਤੇ ਆਪਣੇ ਬਾਪੂ ਨੂੰ ਗੁਰੂ ਨਾਨਕ ਸਾਹਿਬ ਤੋਂ ਵੱਡਾ ਕਰ ਕੇ ਵੀ ਰੂਪਮਾਨ ਕੀਤਾ। ਇਸ ਤੋਂ ਪਹਿਲ੍ਹਾਂ ਇਨ੍ਹਾਂ ਨੇ ਆਪਣੇ ਪਿਉ ਹੰਦਾਲ ਨੂੰ ਗੁਰੂ ਬਾਬੇ ਤੋਂ ਵੱਡਾ ਕਰ ਕੇ ਦਿਖਾਉਣ ਦਾ ਯਤਨ "ਪਰਚੀ ਹਿੰਦਾਲ" ਵਿਚ ਵੀ ਕੀਤਾ ਸੀ।

ਇਸ ਜਨਮ-ਸਾਖੀ ਦਾ ਲਿਖਾਰੀ ਕੌਣ ਸੀ? ਇਸ ਸਵਾਲ ਦਾ ਜੁਆਬ ਵੀ ਸੌਖੇ ਢੰਗ ਨਾਲ ਹੀ ਮਿਲ ਜਾਂਦਾ ਹੈ। ਡਾ. ਕਿਰਪਾਲ ਸਿੰਘ ਦੀ ਕਿਤਾਬ "ਜਨਮ ਸਾਖੀ ਪ੍ਰੰਪਰਾ" ਵਿਚ ਬਾਲਾ ਜਨਮ-ਸਾਖੀ ਦੇ ਪਾਠ ਦੀ ਸਮਾਪਤੀ 'ਤੇ ਟੂਕ ਹੈ-

...ਸੰਮਤੁ 1715। ਮਾਘੁ ਸੁਦੀ॥ ਪੋਥੀ ਲਿਖੀ ਗੁਰਪ੍ਰਸਾਦਿ ਗੋਰਖ ਦਾਸ ਸੰਮਤ ਗੁਰੂ ਕਾ ਜਾਚਕ॥ ਵਾਹਗੁਰੂ ਸਤਿ ਗੁਰੂ ਜੀ॥

ਡਾ. ਕਿਰਪਾਲ ਸਿੰਘ ਅਨੁਸਾਰ ਇਹ ਪਾਠ ਹੁਣ ਤੱਕ ਦੇ ਬਾਲਾ ਜਨਮ-ਸਾਖੀ ਦੇ ਸਭ ਤੋਂ ਪੁਰਾਣੇ ਖਰੜੇ ਦੀ ਨਕਲ ਹੈ। ਇੱਥੋਂ ਇਹ ਸਪਸ਼ਟ ਹੋ ਜਾਂਦਾ ਹੈ ਕੇ ਇਸ ਜਨਮ-ਸਾਖੀ ਦਾ ਲਿਖਾਰੀ "ਗੋਰਖ ਦਾਸ" ਨਾਮ ਦਾ ਬੰਦਾ ਹੈ। ਡਾ. ਸੰਤ ਸਿੰਘ ਪਦਮ ਅਨੁਸਾਰ ਇਸੇ ਗੋਰਖਦਾਸ ਨੇ "ਪਰਚੀ ਹਿੰਦਾਲ ਕੀ" ਗ੍ਰੰਥ ਵੀ ਲਿਖਿਆ ਸੀ। ਇਹ ਹਿੰਦਾਲ ਕਿਆ ਦਾ ਖ਼ਾਸਮ-ਖ਼ਾਸ ਲਿਖਾਰੀ ਮੰਨ ਲਿਆ ਜਾਵੇ ਤਾਂ ਕੋਈ ਅਤਿਕਥਨੀ ਨਹੀ ਹੋਵੇਗੀ। ਇਸ ਜਨਮ-ਸਾਖੀ ਨੂੰ ਲਿਖਵਾਉਣ ਵਾਲੇ ਸਨ- ਬਾਲ ਚੰਦ ਤੇ ਬਿਧੀ ਚੰਦ (ਸੁਰਸਿੰਘ ਵਾਲਾ ਬਿਧੀ ਚੰਦ ਹੋਰ ਹੈ), ਲਿਖਣ ਵਾਲਾ ਸੀ ਗੋਰਖਦਾਸ ਤੇ ਇਸ ਦੀ ਪੂਰੀ ਮਨਸੂਬਾਬੰਦੀ ਤੇ ਨਿਗਰਾਨੀ ਦਾ ਕੰਮ ਲਾਲਾ ਪਨੂੰ ਨੇ ਸੰਭਾਲਿਆ ਸੀ। ਡਾ. ਗੁਰਬਚਨ ਕੌਰ ਦੀ ਖੋਜ ਇਹ ਗੱਲ ਸਾਫ ਕਰਦੀ ਹੈ ਕਿ ਲਾਲਾ ਪਨੂੰ ਇਕ ਵਾਸਤਵਿਕ ਤੇ ਇਤਿਹਾਸਿਕ ਪਾਤਰ ਹੈ। ਇਹ ਲਾਹੌਰ ਦਾ ਨਿਵਾਸੀ ਹੈ ਤੇ ਇਸੇ ਨੇ ਪਹਿਲ੍ਹਾਂ ਗੋਰਖਦਾਸ ਤੋਂ ਆਪਣੇ ਯਾਰ ਬਿਧੀ ਚੰਦ ਲਈ ਪਰਚੀ ਹਿੰਦਾਲ ਲਿਖਵਾਈ ਤੇ ਫਿਰ ਬਾਲਾ ਜਨਮ-ਸਾਖੀ। ਗੋਰਖਦਾਸ ਲਾਲਾ ਪਨੂੰ ਨੂੰ ਬਿਧੀ ਚੰਦ ਦਾ ਵਕੀਲ ਮੰਨਦਾ ਹੈ। ਇਸ ਜਨਮ-ਸਾਖੀ ਦੇ ਉਤਾਰੇ ਬਹੁਤ ਵੱਡੇ ਪੱਧਰ 'ਤੇ ਕਰਵਾ ਕੇ ਵੰਡੇ ਗਏ ਤੇ ਇਕ ਕਾਲਪਨਿਕ ਪਾਤਰ ਬਾਲਾ ਖੜ੍ਹਾ ਕੀਤਾ ਗਿਆ। ਇਸ ਤੋਂ ਪਿੱਛੋਂ ਲਿਖੇ ਗੁਰ ਇਤਹਾਸਾਂ ਲਈ ਇਸ ਜਨਮ-ਸਾਖੀ ਦੀ ਵਰਤੋਂ ਹੁੰਦੀ ਰਹੀ, ਪਰ ਇਸ ਦੀ ਪ੍ਰਮਾਣਕਿਤਾ ਹਮੇਸ਼ਾ ਸ਼ੱਕ ਦੇ ਘੇਰੇ ਵਿਚ ਰਹੀ। ਜਿਉਂ ਦੂਸਰੀਆਂ ਜਨਮ-ਸਾਖੀਆਂ ਦੀ ਲੱਭਤ ਹੋਈ ਤਾਂ ਔਖਤੀ ਬਾਲਾ ਤੇ ਉਸ ਦੀ ਜਨਮ-ਸਾਖੀ ਦਾ ਸੱਚ ਵੀ ਪੂਰਨ ਰੂਪ ਵਿਚ ਨੰਗਾ ਹੋ ਗਿਆ ਅਤੇ ਨਾਲ ਹੀ ਇਹ ਵੀ ਸਪੱਸ਼ਟ ਹੋ ਗਿਆ ਕਿ ਉਨ੍ਹਾਂ ਜਨਮ-ਸਾਖੀਆਂ ਅੰਦਰ ਗੁਰੂ ਬਾਬੇ ਦਾ ਜਨਮ ਵੈਸਾਖ ਸੁਦੀ ਤੀਜ ਦਾ ਹੈ। ਇੱਥੇ ਅਸੀਂ ਕੱਤਕ ਦੀ

ਪੂਰਨਮਾਸ਼ੀ ਦੇ ਹਮਾਇਤੀਆਂ ਦੁਆਰਾਂ ਦਿੱਤੀ ਜਾਂਦੀ ਇਕ ਹੋਰ ਦਲੀਲ ਨੂੰ ਵੀ ਦੇਖ ਲਈਏ ਜੋ ਭਾਈ ਗੁਰਦਾਸ ਜੀ ਦੇ ਕਬਿੱਤ ਦੇ ਮੁਤੱਲਕ ਹੈ:

ਕਾਰਤਕ ਮਾਸ ਰੁਤਿ ਸਰਦ ਪੂਰਨ ਮਾਸੀ
ਆਠਜਾਮ ਸਾਰਿ ਘਰੀ ਆਜ ਤੇਰੀ ਬਾਰੀ ਹੈ॥
ਅਉਸਰ ਅਭੀਚ ਬਹੁ ਨਾਇਕ ਕੀ ਨਾਇਕਾ ਹੁਇ
ਰੂਪ ਮੁਨ ਜੋਬਨ ਸਿੰਗਾਰ ਅਧਿਕਾਰੀ ਹੈ॥
ਚਾਤਰ ਚਤੁਰ ਪਾਠ ਸੇਵਕ ਸਹੇਲੀ ਸਾਰਿ
ਸੰਪਦਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ॥
ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ
ਜੀਵਨ ਜਨਮ ਧੰਨਿ ਪ੍ਰੀਤਮ ਪਿਆਰੀ ਹੈ॥

ਕੱਤਕ ਦੀ ਪੂਰਨਮਾਸ਼ੀ ਦਾ ਜਨਮ-ਦਿਨ ਸਿੱਧ ਕਰਨ ਲਈ, ਇਸ ਕਬਿੱਤ ਦੇ ਅਰਥਾਂ ਦੇ ਅਨਰਥ ਕੀਤੇ ਜਾਂਦੇ ਹਨ। ਵਿਦਵਾਨ ਸੱਜਣ ਪਿਆਰਾ ਸਿੰਘ ਪਦਮ, ਬਲਵੰਤ ਸਿੰਘ ਕੋਠਾਗੁਰੂ, ਡਾ. ਸੰਤ ਸਿੰਘ ਪਦਮ ਆਦਿ ਇਸ ਗੱਲ ਨਾਲ ਸਹਿਮਤ ਨਹੀਂ ਹੁੰਦੇ, ਸਗੋਂ ਉਹ ਕਹਿੰਦੇ ਹਨ ਕੇ ਹਿੰਦੀ ਕਵੀਆਂ ਦੀ ਤਰਜ਼ ’ਤੇ ਹੀ ਭਾਈ ਗੁਰਦਾਸ ਨੇ ਖਟ ਰਿਤੂ, ’ਚੋਂ ਸ਼ਰਦ ਰੁਤ (ਅੱਸੂ ਕੱਤਕ, ਜੋ ਕਵੀਆਂ ਦੀ ਮਨਭਾਉਂਦੀ ਰੁੱਤ ਹੈ, ਆਪਣੇ ਭਾਵਾਂ ਨੂੰ ਪ੍ਰਗਟ ਕਰਨ ਲਈ) ਦਾ ਇਸਤੇਮਾਲ ਗੁਰਮਤਿ ਪੰਧ ਸਮਝਾਉਣ ਲਈ ਕੀਤਾ ਹੈ, ਪਰ ਸਾਡੇ ਕੁਝ ਨਾਸਮਝ ਵੀਰ ਇਸ ਕਬਿੱਤ ਦੀ ਕੋਝੀ ਵਿਆਖਿਆ ਕਰਕੇ ਗੁੰਮਰਾਹ ਕਰ ਰਹੇ ਹਨ। ਗੁਰਬਾਣੀ ਸਾਹਿਤ ਦੇ ਪ੍ਰਪੱਕ ਵਿਦਵਾਨ ਗਿਆਨੀ ਬਿਸ਼ਨ ਸਿੰਘ ਜੀ ਖਾਲਸਾ ਕਾਲਜ ਵਾਲਿਆਂ ਨੇ “ਕਬਿੱਤ ਸੱਵਯੇ ਸਟੀਕ, ਭਾਈ ਗੁਰਦਾਸ ਜੀ” ਵਿਚ ਇਸ ਕਬਿੱਤ ਦੇ ਅਰਥ ਇੰਵ ਕੀਤੇ ਹਨ, “ਹੇ ਭਾਈ! ਮਨੁੱਖਾ ਜਨਮ ਤੈਨੂੰ ਪ੍ਰਮਾਤਮਾ ਨੇ ਬਖਸ਼ਿਆ ਹੈ ਅਤੇ ਸ਼ਾਂਤੀ ਸੁਭਾਉ ਨੂੰ ਧਾਰਨ ਕਰ,ਜਿਸ ਕਰਕੇ ਗਯਾਨ ਰੂਪੀ ਚੰਦਰਮਾ ਤੈਨੂੰ ਚਾਨਣ ਕਰੇ ਅਤੇ ਵੇਖ! ਹੁਣ ਤੈਨੂੰ ਪਰਮਾਤਮਾ ਨੇ ਅਠ ਪਹਰ ਦਿਨ ਰਾਤ ਦੇ ਅਤੇ ਸਠ ਸੜੀਆਂ ਦਿਤੀਆਂ ਹਨ ਸੋ ਤੇਰਾ ਅਜ ਵਾਹਿਗੁਰੂ ਨੂੰ ਮਿਲਨ ਦਾ ਵੇਲਾ ਹੈ। ਨੀ ਭੈਣੇ ਵੇਖ! ਕਿਆ ਸੋਹਣਾ ਅਭੀਚ ਨਿਛਤ੍ਰ ਦਾ ਵੇਲਾ ਹੈ ਅਤੇ ਰੂਪ ਗੁਣ ਜਵਾਨੀ ਤੇਰੇ ਵਿਚ ਹੈ ਇਸ ਵੇਲੇ ਤੂੰ ਬਹੁਤੀਆਂ ਇਸਤ੍ਰੀਆਂ ਵਾਲੇ ਪਤੀ ਦੀ ਇਸਤ੍ਰੀ ਬਣਜਾ। ਹੇ ਸਿਆਣੀ ਭੈਣੇ! ਵਿਦਿਆ ਦੇ ਪੜ੍ਹਨ ਵਿਚ ਤੂੰ ਸਿਆਣੀ ਹੈਂ ਕਿਆ ਪਤੀ ਦੀਆਂ ਚਿੱਠੀਆਂ ਵਾਚ ਲੈਂਦੀਂ ਏਂ? ਅਤੇ ਬਹੁਤ ਸਾਰੀਆਂ 60 ਤੇਰੀਆਂ ਸਹੇਲੀਆਂ ਹਨ ਅਤੇ ਰਾਜ ਭਾਗ ਨਾਲ ਵੀ ਤੈਨੂੰ ਪ੍ਰਮਾਤਮਾ ਨੇ ਭਾਗ ਲਾਇਆ ਹੋਇਆ ਹੈ, ਅਚਲ ਸੁਖ ਵਿਚ ਵਸਦੀ ਏਂ ਅਤੇ ਸੁੰਦਰ ਰੂਪ ਵਾਲੀ ਏਂ, ਹਛੇ 2 ਮਕਾਨ ਅਤੇ ਚੰਗੇ ਲਗਨ ਵਿਚ ਤੇਰਾ ਪਤੀ ਨਾਲ ਹੋਇਆ ਹੈ। ਜਿਸ ਕਰਕੇ ਤੈਨੂੰ (ਭੋਗ) ਸਾਰੇ ਪਦਾਰਥਾਂ ਦੇ ਭੋਗ (ਸੰਯੋਗ) ਮਿਲੇ ਰਹਿੰਦੇ ਹਨ, ਪਰ ਹੇ ਪਯਾਰੀ! ਤੇਰੇ ਜੀਊਣ ਅਤੇ ਜਨਮ ਧਾਰਨੇ ਨੂੰ ਤਦ ਹੀ ਧੰਨ-ਧੰਨ ਹੋਵੇਗਾ ਜੇ ਤੂੰ ਪ੍ਰੀਤਮ ਪਤੀ ਨੂੰ ਪਯਾਰੀ ਹੋਵੇਂਗੀ।” ਹੁਣ ਪਾਠਕ ਆਪ ਹੀ ਨਿਰਣਾ ਕਰ ਸਕਦੇ ਹਨ ਕੇ ਰੱਬੀ ਮਿਲਾਪ ਦੀ ਪ੍ਰੇਰਣਾ ਕਰਦਾ ਕਬਿੱਤ ਕਿਵੇਂ ਗੁਰੂ ਸਾਹਿਬ ਦੇ ਨਾਮ ਨਾਲ ਜੋੜ ਦਿੱਤਾ ਗਿਆ। ਇਹੋ ਜਿਹੀ ਗ਼ਲਤੀ, ਭਾਈ ਗੁਰਦਾਸ ਦੀ ਪਹਿਲੀ ਵਾਰ ਦੇ ਇਨ੍ਹਾਂ ਬੋਲਾਂ “ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨ ਸਦਾ ਵਿਸੋਆ” ਵਿਚ ਆਏ ਵਿਸੋਆ ਸ਼ਬਦ ਤੋਂ ਹੀ ਵੈਸਾਖ ਸੁਦੀ ਤੀਜ ਦਾ ਮੰਨਣ ਵਾਲੇ ਵਿਦਵਾਨਾਂ ਨੂੰ ਲੱਗੀ ਹੈ। ਵਿਸੋਆ ਸ਼ਬਦ ਦਾ ਇੱਥੇ ਅਰਥ ਪਹਿਲੀ ਵੈਸਾਖ ਹੀ

ਹੈ, ਜਦੋਂ ਕਿ ਗੁਰੂ ਸਾਹਿਬ ਦਾ ਜਨਮ 20 ਵੈਸਾਖ ਦਾ ਹੈ। ਭਾਈ ਗੁਰਦਾਸ ਜੀ ਅਸਲ ਵਿਚ ਆਪਣੀ ਇਸ ਪੰਕਤੀ ਵਿਚ ਆਖ ਰਹੇ ਹਨ "ਗੁਰੂ ਦੀ ਕ੍ਰਿਪਾ ਨਾਲ ਘਰ ਘਰ ਅੰਦਰ ਰੱਬੀ ਉਸਤਤਿ ਹੋ ਰਹੀ ਹੈ, ਤੇ ਐਸਾ ਰੰਗ ਚੜ੍ਹਦਾ ਹੈ ਮਾਨੋ ਸਦਾ ਵਿਸਾਖੀ ਲਗੀ ਹੋਈ ਹੈ।" ਇਸ ਪ੍ਰਕਾਰ, ਇਸ ਸਮੁੱਚੀ ਵਾਰਤਾ ਵਿਚੋਂ ਸਾਨੂੰ ਇਹੋ ਸਿੱਟਾ ਪ੍ਰਾਪਤ ਹੁੰਦਾ ਹੈ ਕੇ ਗੁਰੂ ਬਾਬਾ ਨਾਨਕ ਸਾਹਿਬ ਜੀ ਦਾ ਪ੍ਰਕਾਸ਼ ਪੁਰਬ ਵੈਸਾਖ ਸੁਦੀ ਤੀਜ ਦਾ ਹੈ, ਨਾ ਕਿ ਕੱਤਕ ਦੀ ਪੂਰਨਮਾਸ਼ੀ।

ਬਲਦੀਪ ਸਿੰਘ ਰਾਮੂੰਵਾਲੀਆ

ਸੰਪਰਕ: 95601-85402



# ਮਾਤਾ ਤ੍ਰਿਪਤਾ ਜੀ

ਕਹਾਵਤ ਹੈ ਕਿ ਮਾਂ ਦੇ ਦੀਦਾਰ ਉਸ ਦੇ ਮੁੱਖ ਤੋਂ ਨਹੀਂ ਕੁੱਖ ਤੋਂ ਕੀਤੇ ਜਾਂਦੇ ਹਨ। ਕਹਿਣ ਤੋਂ ਭਾਵ ਕਿ ਮਾਂ ਦੀ ਸ਼ਖ਼ਸੀਅਤ ਦਾ ਪਤਾ ਉਸ ਦੀ ਕੁੱਖ ਤੋਂ ਜਨਮ ਲੈਣ ਵਾਲੀ ਸੰਤਾਨ ਤੋਂ, ਸੰਤਾਨ ਦੇ ਜੀਵਨ ਤੋਂ ਲਗਾਇਆ ਜਾਂਦਾ ਹੈ। ਇਸੇ ਤਰ੍ਹਾਂ ਮਾਤਾ ਤ੍ਰਿਪਤਾ ਜੀ ਦੀ ਸ਼ਖ਼ਸੀਅਤ ਨੂੰ ਜਾਣਨ ਵਾਸਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜੀਵਨ ਬਾਰੇ ਜਾਣ ਲੈਣਾ ਜ਼ਰੂਰੀ ਹੈ। ਸਿੱਖ ਧਰਮ ਦੇ ਮੋਢੀ ਸ੍ਰੀ ਗੁਰੂ ਨਾਨਕ ਦੇਵ ਜੀ ਸਮੁੱਚੀ ਲੋਕਾਈ ਦੇ ਸਰਬ-ਸਾਂਝੇ ਰਹਿਬਰ ਸਨ। ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਹਰ ਕੋਈ ਆਪਣੇ ਅਕੀਦੇ ਅਨੁਸਾਰ ਆਪਣੇ-ਆਪਣੇ ਤਰੀਕੇ ਨਾਲ ਯਾਦ ਕਰਦਾ ਹੈ। ਇਤਿਹਾਸ ਗਵਾਹ ਹੈ ਕਿ ਜਦੋਂ ਵੀ ਕਦੀ ਧਰਤੀ 'ਤੇ ਰਹਿਣ ਵਾਲੇ ਨਿਮਾਣੇ, ਨਿਤਾਣੇ ਲੋਕਾਂ ਉੱਤੇ ਜ਼ੁਲਮਾਂ ਦੀ ਅੱਤ ਹੋਈ ਹੈ, ਤਾਂ ਉਨ੍ਹਾਂ ਦੀ ਦਰਦਮੰਦ ਪੁਕਾਰ 'ਤੇ ਅਕਾਲ ਪੁਰਖ ਨੇ ਹਮੇਸ਼ਾਂ ਹੀ ਕਿਸੇ ਪਵਿੱਤਰ ਆਤਮਾ ਨੂੰ ਇਸ ਧਰਤੀ ਉੱਤੇ ਜ਼ੁਲਮ ਰੂਪੀ ਹਨ੍ਹੇਰੇ ਨੂੰ ਖ਼ਤਮ ਕਰਨ ਲਈ ਭੇਜਿਆ ਹੈ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ।

ਵਾਰ ਭਾਈ ਗੁਰਦਾਸ ਜੀ, 1:23

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵਰਗੀ ਪਵਿੱਤਰ ਆਤਮਾ ਨੂੰ ਭੇਜਣ ਲਈ ਅਕਾਲ ਪੁਰਖ ਨੇ ਜਿਸ ਪਰਵਾਰ ਦੀ ਚੋਣ ਕੀਤੀ, ਉਹ ਪਰਵਾਰ ਸੀ- ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ ਦਾ। ਇਸੇ ਪ੍ਰਥਾਇ "*ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ॥ ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ॥*" ਦੇ ਮਹਾਂਵਾਕ ਅਨੁਸਾਰ ਅਕਾਲ ਪੁਰਖ ਦੀ ਜੋਤਿ ਨੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਰੂਪ ਵਿਚ ਜਨਮ ਲੈ ਕੇ ਮਾਤਾ ਤ੍ਰਿਪਤਾ ਜੀ ਦੀ ਭਾਗਭਰੀ ਕੁੱਖ ਨੂੰ ਵਡਿਆਇਆ। ਭਾਈ ਗੁਰਦਾਸ ਜੀ ਮਾਤਾ ਤ੍ਰਿਪਤਾ ਜੀ ਵੱਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਜਨਮ ਦੇਣ ਸਮੇਂ ਦੇ ਹਾਲਾਤ ਬਾਰੇ ਬਿਆਨ ਕਰਦਿਆਂ ਫੁਰਮਾਨ ਕਰਦੇ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ।

ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ।

ਵਾਰ 1:27

ਮਾਤਾ ਤ੍ਰਿਪਤਾ ਜੀ ਨੇ ਜਿਸ ਰੂਹਾਨੀ ਨੂਰ, ਮਹਾਨ ਆਤਮਾ ਨੂੰ ਜਨਮ ਦਿੱਤਾ, ਉਸ ਨੇ ਸਮੁੱਚੀ ਲੋਕਾਈ ਨੂੰ ਅਨਿਆਇ, ਪਾਪ, ਜ਼ੁਲਮ ਅਤੇ ਹਿੰਸਾ ਦੇ ਨਾਲ ਲਿੱਬੜੇ ਹੋਏ 'ਕਲਯੁਗ' ਵਿਚ ਰਾਹਤ ਪ੍ਰਦਾਨ ਕਰਦਿਆਂ ਸਿੱਖ ਮਤ ਦਾ ਮੁੱਢ ਬੰਨ ਕੇ ਨਵੀਂਆਂ ਸਮਾਜ ਸੁਧਾਰਕ ਲੀਹਾਂ ਪਾਈਆਂ। ਗੁਰੂ ਸਾਹਿਬ ਦੇ "*ਜਿਤੁ ਜੰਮਹਿ ਰਾਜਾਨ*" ਮਹਾਂਵਾਕ ਰਾਹੀਂ ਸਪੱਸ਼ਟ ਹੁੰਦਾ ਹੈ ਕਿ ਮਨੁੱਖ ਭਾਵੇਂ ਕਿੰਨਾ ਵੀ ਮਹਾਨ ਕਿਹਾ ਜਾਂਦਾ ਹੋਵੇ ਉਸ ਨੂੰ ਜਨਮ ਦੇਣ ਵਾਲੀ ਇਸਤਰੀ ਹੀ ਹੈ। ਇਸ ਲਈ ਉਹ ਵੀ ਮਹਾਨਤਾ ਦੀ ਹੱਕਦਾਰ ਹੈ। ਜਿਸ ਤਰ੍ਹਾਂ ਸ਼ੇਰਨੀ ਦਾ ਦੁੱਧ ਸੋਨੇ ਦੇ ਬਰਤਨ ਵਿਚ ਹੀ

ਸਮਾ ਸਕਦਾ ਹੈ ਠੀਕ ਉਸੇ ਤਰ੍ਹਾਂ ਕਿਸੇ ਮਹਾਨ ਸ਼ਖ਼ਸੀਅਤ ਦੀ ਮਾਤਾ ਨੂੰ ਵੀ ਮਹਾਨਤਾ ਦੀ ਸਿਖਰ ’ਤੇ ਦ੍ਰਿੜ੍ਹ ਰਹਿਣਾ ਪੈਂਦਾ ਹੈ। ਇਤਿਹਾਸ ਪੜ੍ਹਦਿਆਂ ਪਤਾ ਲੱਗਦਾ ਹੈ ਕਿ ਜਿੰਨੀਆਂ ਵੀ ਮਹਾਨ ਸ਼ਖ਼ਸੀਅਤਾਂ ਨੇ ਜਨਮ ਲਿਆ, ਉਨ੍ਹਾਂ ਵਿਚੋਂ ਬਹੁਤਿਆਂ ਨੂੰ ਜਨਮ ਦੇਣ ਵਾਲੀ ਮਾਂ ਦੀ ਗੋਦ ਨਸੀਬ ਨਹੀਂ ਹੋਈ। ਸ੍ਰੀ ਕ੍ਰਿਸ਼ਨ ਜੀ ਦੀ ਜਨਨੀ ਮਾਂ ਦੇਵਕੀ ਸੀ, ਪਰ ਉਹ ਉਨ੍ਹਾਂ ਨੂੰ ਪਾਲਣ ਦਾ ਸੁਖ ਗ੍ਰਹਿਣ ਨਾ ਕਰ ਸਕੀ। ਮਹਾਤਮਾ ਬੁੱਧ ਦੀ ਮਾਂ ਉਨ੍ਹਾਂ ਨੂੰ ਜਨਮ ਦਿੰਦੇ ਸਮੇਂ ਹੀ ਇਸ ਨਾਸ਼ਮਾਨ ਸੰਸਾਰ ਨੂੰ ਅਲਵਿਦਾ ਕਹਿ ਗਈ। ਹਜ਼ਰਤ ਈਸਾ ਮਸੀਹ ਦੀ ਮਾਂ ਨੂੰ ਸਮਾਜ ਦੀਆਂ ਕਈ ਤਰ੍ਹਾਂ ਦੀਆਂ ਜ਼ਿਆਦਤੀਆਂ ਬਰਦਾਸ਼ਤ ਕਰਨੀਆਂ ਪਈਆਂ, ਪਰ ਮਾਤਾ ਤ੍ਰਿਪਤਾ ਜੀ ਅਜਿਹੀ ਮਹਾਨ ਅਤੇ ਖੁਸ਼ਕਿਸਮਤ ਮਾਂ ਹੈ, ਜਿਸ ਨੇ ਨਾ ਕੇਵਲ ਰੂਹਾਨੀ ਸ਼ਖ਼ਸੀਅਤ ਸ੍ਰੀ ਗੁਰੂ ਨਾਨਕ ਸਾਹਿਬ ਜੀ ਨੂੰ ਜਨਮ ਹੀ ਦਿੱਤਾ, ਸਗੋਂ ਉਨ੍ਹਾਂ ਨੂੰ ਗੋਦ ਵਿਚ ਖਿਡਾ ਕੇ ਉਨ੍ਹਾਂ ਦੀਆਂ ਬਾਲ-ਲੀਲਾਵਾਂ ਦੇ ਅਨੰਦ ਵੀ ਮਾਣੇ; ਉਨ੍ਹਾਂ ਨੂੰ ਜੁਆਨ ਹੁੰਦਿਆਂ ਵੇਖਿਆ; ਉਨ੍ਹਾਂ ਨੂੰ ਘੋੜੀ ਵੀ ਚੜ੍ਹਾਇਆ; ਨੂੰਹ-ਪੁੱਤ ਤੋਂ ਪਾਣੀ ਵਾਰ ਕੇ ਪੀਤਾ; ਪੋਤਰੇ ਖਿਡਾਏ ਅਤੇ ਅਖ਼ੀਰ ਅੰਤਿਮ ਸਵਾਸ ਵੀ ਸਪੁੱਤਰ ਦੀ ਗੋਦ ਵਿਚ ਲਏ। ਇਸੇ ਮਹਾਨ ਮਾਂ ਮਾਤਾ ਤ੍ਰਿਪਤਾ ਜੀ ਦੇ ਪਿਆਰ ਦੇ ਨਿੱਘ ਨੇ ਸ੍ਰੀ ਗੁਰੂ ਨਾਨਕ ਸਾਹਿਬ ਦੀ ਸ਼ਖ਼ਸੀਅਤ ਨੂੰ ਚਾਰ ਚੰਨ ਲਾਏ।

ਇਤਿਹਾਸਿਕ ਪੁਸਤਕਾਂ ਅਤੇ ਜਨਮ ਸਾਖੀਆਂ ਦੇ ਅਧਿਐਨ ਤੋਂ ਪਤਾ ਚਲਦਾ ਹੈ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਜਨਮ ਤੋਂ ਪਹਿਲਾਂ ਸਮਾਜ ਵਿਚ ਇਸਤਰੀ ਦੀ ਦਸ਼ਾ ਬਹੁਤ ਹੀ ਮਾੜੀ ਸੀ। ਉਸ ਨੂੰ ਢੋਰ, ਗਵਾਰ, ਪਸ਼ੂ ਦੇ ਬਰਾਬਰ ਜਾਣਿਆ ਜਾਂਦਾ ਸੀ। ਉਸ ਲਈ ਧਾਰਮਿਕ ਅਸਥਾਨਾਂ ’ਤੇ ਜਾਣ ਦੀ ਪਾਬੰਦੀ ਸੀ, ਉਸ ਨੂੰ ਧਾਰਮਿਕ ਚਿੰਨ੍ਹ ਵੀ ਪਹਿਨਣ ਦੀ ਆਗਿਆ ਨਹੀਂ ਸੀ। ਗੁਰੂ ਨਾਨਕ ਸਾਹਿਬ ਨੇ ਇਸਤਰੀ ਜਾਤੀ ਨੂੰ ਨਾ ਕੇਵਲ ਬਰਾਬਰਤਾ ਦਿੱਤੀ, ਸਗੋਂ ਗੁਰਬਾਣੀ ‘ਭੰਡਿ ਹੋਵੈ ਬੰਧਾਨੁ’ ਮਹਾਂਵਾਕ ਅਨੁਸਾਰ ਵਡਿਆਇਆ ਵੀ। “*ਧਨੁ ਜਨਨੀ ਜਿਨਿ ਜਾਇਆ*” ਅਨੁਸਾਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਪੈਦਾ ਹੋਏ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਇਸਤਰੀ ਨੂੰ ਵਡਿਆਉਂਦਿਆਂ ਕਿਹਾ ਹੈ:

ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ॥

ਪੰਨਾ, 473

ਮਾਤਾ ਤ੍ਰਿਪਤਾ ਜੀ ਦਾ ਜਨਮ ਪਿੰਡ ਚਾਹਲ, ਜੋ ਲਾਹੌਰ (ਪਾਕਿਸਤਾਨ) ਤੋਂ 15 ਕਿਲੋਮੀਟਰ ਦੂਰ ਦੱਖਣ-ਪੂਰਬ ਵੱਲ ਸਥਿਤ ਹੈ, ਵਿਖੇ ਪਿਤਾ ਭਾਈ ਰਾਮਾ ਜੀ ਅਤੇ ਮਾਤਾ ਭਰਾਈ ਜੀ ਦੇ ਘਰ ਹੋਇਆ। ਇਤਿਹਾਸਿਕ ਸ੍ਰੋਤਾਂ ਤੋਂ ਪਤਾ ਚਲਦਾ ਹੈ ਕਿ ਮਾਤਾ ਤ੍ਰਿਪਤਾ ਜੀ ਦਾ ਇਕ ਭਰਾ ਸ੍ਰੀ ਕ੍ਰਿਸ਼ਨ ਜੀ ਅਤੇ ਇਕ ਭੈਣ ਮਾਤਾ ਲੱਖੋ ਜੀ ਸਨ। ਵਿਆਹੁਣ ਯੋਗ ਹੋਣ ’ਤੇ ਮਾਤਾ ਤ੍ਰਿਪਤਾ ਜੀ ਦੀ ਸ਼ਾਦੀ ਮਾਤਾ ਬਨਾਰਸੀ ਜੀ ਅਤੇ ਸ੍ਰੀ ਸ਼ਿਵ ਰਾਮ ਜੀ ਦੇ ਸਪੁੱਤਰ ਮਹਿਤਾ ਕਾਲੂ ਜੀ ਨਾਲ ਹੋਈ, ਜੋ ਉਸ ਵਕਤ ਰਾਇ ਭੋਇ ਕੀ ਤਲਵੰਡੀ ਵਿਖੇ ਰਹਿੰਦੇ ਸਨ। ਰਾਇ ਭੋਇ ਕੀ ਤਲਵੰਡੀ ਨੂੰ ਅੱਜਕਲ੍ਹ ਸ੍ਰੀ ਨਨਕਾਣਾ ਸਾਹਿਬ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ‘ਸ੍ਰੀ ਗੁਰ ਨਾਨਕ ਪ੍ਰਕਾਸ਼- ਪੂਰਬਾਰਧ’ ਅਨੁਸਾਰ ਤਲਵੰਡੀ ਦੇ ਵਾਸੀ ਸ੍ਰੀ ਸ਼ਿਵ ਰਾਮ ਜੀ ਅਤੇ ਬੀਬੀ ਬਨਾਰਸੀ ਜੀ ਨੇ ਆਪਣੇ ਵੱਡੇ ਸਪੁੱਤਰ ਮਹਿਤਾ ਕਾਲੂ ਜੀ ਦਾ ਵਿਆਹ ਲਾਹੌਰ ਦੇ ਪਿੰਡ ਚਾਹਲ ਦੇ ਵਸਨੀਕ ਭਾਈ ਰਾਮਾ ਜੀ ਅਤੇ ਮਾਤਾ ਭਿਰਾਈ ਜੀ ਦੀ ਸੁਘੜ, ਸਿਆਣੀ, ਸੁਸ਼ੀਲ ਅਤੇ ਗੁਣਵਾਨ ਸਪੁੱਤਰੀ ਮਾਤਾ ਤ੍ਰਿਪਤਾ ਜੀ ਨਾਲ ਕਰ ਦਿੱਤਾ:

ਸੁਤ ਕਾਲੂ ਪਿਖ ਪਿਤ ਸ਼ਿਵਰਾਮੂ॥

ਪਾਨ ਗ੍ਰਹਨ ਕਿਯ ਕੀਰਤਿ ਧਾਮੂ॥

ਤਿਯ ਪਤਿਬਰਤਾ ਗੁਣਨਿਧਿ ਸੋਊ॥

ਤਿਹ ਸੁਸ਼ੀਲਤਾ ਕਹਿਸਕ ਕੋਊ॥

'ਪੰਜਾਬ ਕੋਸ਼' ਅਨੁਸਾਰ ਵਿਦਵਾਨਾਂ ਨੇ ਮਾਤਾ ਤ੍ਰਿਪਤਾ ਜੀ ਦੇ ਸੁਭਾਉ ਨੂੰ ਇਸ ਤਰ੍ਹਾਂ ਉਲੀਕਿਆ ਹੈ- "ਇਹ ਵਿਭਿੰਨ ਸੁਭਾਓ ਤੇ ਰੁਚੀਆਂ ਵਾਲੀ ਸੁਘੜ ਤੇ ਸੁਸ਼ੀਲ ਸੁਆਣੀ ਸੀ। ਇਸ ਦਾ ਘਰੋਗੀ ਜੀਵਨ ਉਸ ਸਮੇਂ ਦੀਆਂ ਉਪਰਲੀਆਂ ਮੱਧ ਸ਼੍ਰੇਣੀ ਦੀਆਂ ਪੰਜਾਬਣਾਂ ਵਰਗਾ ਸੀ, ਜੋ ਸਦੀਆਂ ਤੋਂ ਪਿਆਰ ਤੇ ਸਿਦਕ ਵਿਚ ਨੇਕ ਪਤਨੀ, ਨਿੱਘੀ ਭੈਣ ਤੇ ਜਾਨ ਨਿਸਾਰ ਕਰਨ ਵਾਲੀ ਮਾਂ ਬਣਨ ਦੇ ਫਰਜ਼ ਅਦਾ ਕਰਦੀਆਂ ਹੋਈਆਂ ਸਾਰਾ ਜੀਵਨ ਕੁਰਬਾਨ ਕਰ ਦਿੰਦੀਆਂ ਸਨ।"

ਵਿਆਹ ਉਪਰੰਤ ਲੋਕ ਪ੍ਰਸਿੱਧ ਕਹਾਵਤ '*ਸੋਈ ਨਾਰ ਸੁਲੱਖਣੀ ਜਿਸ ਪਹਿਲਾਂ ਜਾਈ ਲਛਮੀ*' ਅਨੁਸਾਰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਸੰਨ 1464 ਈ: (ਸੰਮਤ 1521) ਵਿਚ ਇਕ ਸਪੁੱਤਰੀ ਦਾ ਜਨਮ ਪਿੰਡ ਚਾਹਲ ਵਿਖੇ ਹੋਇਆ। ਨਾਨਕੇ ਪਿੰਡ ਵਿਚ ਪੈਦਾ ਹੋਣ ਕਰਕੇ ਉਸ ਦਾ ਨਾਮ 'ਨਾਨਕੀ' ਪ੍ਰਸਿੱਧ ਹੋਇਆ। ਭਾਈ ਸੰਤੋਖ ਸਿੰਘ 'ਸ਼੍ਰੀ ਗੁਰ ਨਾਨਕ ਪ੍ਰਕਾਸ਼-ਪੂਰਬਾਰਧ' ਵਿਚ ਜ਼ਿਕਰ ਕਰਦੇ ਹਨ ਕਿ ਸ੍ਰੀ ਮਹਿਤਾ ਕਾਲੂ ਜੀ ਅਤੇ ਬੀਬੀ ਤ੍ਰਿਪਤਾ ਜੀ ਦੀ ਇਸ ਸੁਭਾਗ ਜੋੜੀ ਨੇ ਸੰਤਾਨ ਦੀ ਪ੍ਰਾਪਤੀ ਲਈ ਬੜੇ ਲੰਮੇ ਸਮੇਂ ਤਕ ਪ੍ਰਭੂ ਦੀ ਅਰਾਧਨਾ ਕਰਦਿਆਂ ਬਤੀਤ ਕੀਤਾ:

ਸਾਧ੍ਵੀ ਪਾਇ ਕਾਲ ਬਹੁ ਕਾਲੂ॥

ਕਿਯੇ ਬਰਤ ਤਪ ਕਠਨ ਬਿਸਾਲੂ॥

ਚਿਰੰਕਾਲ ਇਵ ਦੰਪਤਿ ਬੀਤਾ॥

ਹਰਿ ਪਦ ਪੰਕਜ ਜਿਨ ਮਨ ਪ੍ਰੀਤਾ॥

ਗ੍ਰਿਹਿਸਥ ਜੀਵਨ ਦਾ ਅਨੰਦ ਮਾਣਦਿਆਂ ਮਹਿਤਾ ਕਾਲੂ ਜੀ ਅਤੇ ਮਾਤਾ ਤ੍ਰਿਪਤਾ ਜੀ 'ਤੇ ਪਰਮਾਤਮਾ ਨੇ ਕਿਰਪਾ ਕੀਤੀ ਅਤੇ ਇਨ੍ਹਾਂ ਦੇ ਗ੍ਰਹਿ ਵਿਖੇ ਸੁਸ਼ੀਲ ਕੰਨਿਆ ਨੇ ਜਨਮ ਲਿਆ:

ਅਸ ਬਿਧਿ ਬਿਲਸਤਿ ਅਨਿਕ ਬਿਲਾਸਾ॥

ਦੰਪਤਿ ਉਰ ਧਰਿਹੀ ਸੁਤ ਆਸਾ॥

ਸਾਧ੍ਵੀ ਗਰਭ ਧਰਨ ਪੁਨ ਕੀਨਾ॥

ਜਨਮੀ ਤਨਿਯਾ ਸੁਮਤਿ ਪ੍ਰਬੀਨਾ॥

ਇਹ ਉਸ ਸਮੇਂ ਦੀ ਗੱਲ ਹੈ ਜਦ ਧਰਤੀ ਉੱਤੇ ਪਾਪਾਂ ਦਾ ਬੋਝ ਬਹੁਤ ਵਧ ਗਿਆ ਸੀ। ਧਰਮ ਖ਼ਤਮ ਸੀ ਤੇ ਧਰਤੀ ਪਾਪੀਆਂ ਦੇ ਡਰ ਨਾਲ ਭੈਅ-ਭੀਤ ਹੋ ਗਈ ਸੀ। ਉਸ ਵਕਤ ਧਰਤੀ ਨੇ ਪਰਮ ਪਿਤਾ ਪਰਮੇਸ਼ਵਰ ਅੱਗੇ ਬੜੀ ਅਧੀਨਗੀ ਨਾਲ ਅਰਦਾਸ-ਬੇਨਤੀ ਕਰਦਿਆਂ ਮਦਦ ਲਈ ਪੁਕਾਰਿਆ। ਪਰਮਾਤਮਾ ਨੇ ਧਰਤੀ ਨੂੰ ਧੀਰਜ ਦਿੰਦਿਆਂ ਉਸ ਦੇ ਕਸ਼ਟ ਦੂਰ ਕਰਨ ਦਾ ਭਰੋਸਾ ਦਿੱਤਾ ਤਾਂ ਧਰਤੀ ਬਹੁਤ ਪ੍ਰਸੰਨ ਹੋਈ:

ਭਯੋ ਭਾਰ ਧਰ ਪਰ ਅਧਿਕ ਧਰਮ ਧਰਤਿ ਨਹਿਂ ਧੀਰ।

ਭਾਉ ਭਗਤਿ ਨਹਿਂ ਜਗਤ ਮੇਂ, ਬਿਕੁਲ ਭਈ ਭਯ ਭੀਰ॥

ਏਕੁੰਕਾਰ ਅਰਾਧਨ ਕੀਨਾ॥ ਭਨਤਿ ਬੇਨਤੀ ਭਈ ਅਧੀਨਾ॥

"ਪਰਮੇਸੁਰ ਪਰ ਪੁਰਖ ਪੁਰਾਤਨ॥ ਪਰਮ ਪਰਾਵਰਨਾਥ ਸਨਾਤਨ॥...

ਕਲਮਲ ਕਲਿ ਕੇ ਕਾਲ ਬਿਥਾਰਾ॥ ਅਬਹਿ ਭਾਰ ਨਹਿਂ ਜਾਇ ਸੰਭਾਰਾ॥

ਅਤਿ ਦੁਸ਼ਤਰ ਦੁਖ ਵੇਲਾ ਭਯੋ॥ ਬਿਨ ਅਵਿਲੰਬ ਜਾਤਿ ਨਹਿਂ ਰਹਯੋ॥"...

ਧਰਮ ਧਾਮ ਧਰ ਧੀਰਜ ਦੀਨੋ॥ "ਪਾਇ ਅਲੰਬ ਹੋਇ ਦੁਖ ਛੀਨੋ"॥

ਸੁਨਿ ਕਰਿ ਗਿਰਾ ਗਗਨ ਕੀ ਛੋਨੀ॥ ਉਰ ਕਰਿ ਪਰਮ ਹਰਖ ਮੁਖ ਮੋਨੀ॥...

ਕਾਲ ਬਿਤੀਤ ਭਯੋ ਪਸ਼ਚਾਤਾ॥ ਕਾਲੂ ਰਤਿ ਲਖਕਰਿ ਜਗਦਾਤਾ॥

-ਹੋਵੌਂ ਪੁੱਤ੍ਰ ਤਾਸ ਮੈਂ ਜਾਈ-॥ ਅਸ ਵਿਚਾਰ ਆਏ ਜਗਰਾਈ॥61॥

ਮਹਿਤਾ ਕਾਲੂ ਜੀ ਦੀ ਪਤਨੀ ਮਾਤਾ ਤ੍ਰਿਪਤਾ ਜੀ ਨੇ ਦੂਜੀ ਵਾਰ ਗਰਭ ਧਾਰਨ ਕੀਤਾ। ਜਦ ਸੰਮਤ 1526 ਵਿਚ ਉਨ੍ਹਾਂ ਦੀ ਦੂਜੀ ਸੰਤਾਨ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ ਤਾਂ ਚਾਰੇ ਪਾਸੇ ਸੁਹਾਵਣਾ ਤੇ ਰਮਣੀਕ ਵਾਤਾਵਰਨ ਪੈਦਾ ਹੋ ਗਿਆ:

ਦੁਤਿਯ ਗਰਭ ਕੋ ਧਾਰਨ ਕੀਨਾ॥ ਪਤਿਬ੍ਰਤ ਧਰਮ ਜਾਸੁ ਮਨ ਲੀਨਾ॥

ਜਿਉਂ ਦੁਤੀਆ ਕੋ ਬ੍ਰਿੱਧਤਿ ਚੰਦੂ॥ ਤਿਹ ਸਮ ਗਰਭ ਰੂਪ ਸੁਖਕੰਦੂ॥...

ਸੰਬਤ ਨੌ ਖਟ ਸਹਸ ਛਬੀਸਾ॥ ਭੋ ਅਵਤਾਰ ਪ੍ਰਗਟ ਜਗਦੀਸ਼ਾ॥

ਭਯੋ ਅਚਾਨਕ ਸਭਿਨਿ ਉਛਾਹਾ॥ ਬਿਨ ਕਾਰਨ ਮਨ ਲਖਿ ਨ ਸਕਾਹਾ॥

ਬੀਬੀ ਨਾਨਕੀ ਜੀ ਦੇ ਜਨਮ ਤੋਂ ਪੰਜ ਸਾਲ ਬਾਅਦ ਭਾਗਭਰੀ ਮਾਤਾ ਤ੍ਰਿਪਤਾ ਜੀ ਦੇ ਗ੍ਰਹਿ ਉਨ੍ਹਾਂ ਦੇ ਸਹੁਰੇ ਪਿੰਡ ਰਾਇ ਭੋਇ ਤਲਵੰਡੀ ਵਿਖੇ ਦਾਈ ਦੌਲਤਾਂ ਦੇ ਹੱਥੋਂ ਨੂਰਾਨੀ ਸ਼ਖ਼ਸੀਅਤ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਨਮ ਲਿਆ। ਗੁਰੂ ਨਾਨਕ ਸਾਹਿਬ ਦੇ ਜਨਮ ਸਮੇਂ ਅਤੇ ਉਸ ਤੋਂ ਬਾਅਦ ਅਜਿਹੀਆਂ ਅਲੋਕਾਰੀ ਘਟਨਾਵਾਂ ਵਾਪਰੀਆਂ ਕਿ ਰੂਹਾਨੀਅਤ ਦਾ ਅਨੁਭਵ ਰੱਖਣ ਵਾਲਾ ਹਰ ਸ਼ਖ਼ਸ ਇਹ ਜਾਣ ਗਿਆ ਕਿ ਇਹ ਬਾਲ ਇਸ ਕਲਯੁੱਗੀ ਸੰਸਾਰ ਨੂੰ ਦੁੱਖਾਂ ਦੇ ਸਮੁੰਦਰ ਵਿੱਚੋਂ ਕੱਢਣ ਲਈ ਹੀ ਪੈਦਾ ਹੋਇਆ ਹੈ। ਤਲਵੰਡੀ ਰਾਇ ਭੋਇ ਦਾ ਚੌਧਰੀ ਰਾਇ ਬੁਲਾਰ ਵੀ ਜਦ ਸ੍ਰੀ ਗੁਰੂ  ਨਾਨਕ ਦੇਵ ਜੀ ਨੂੰ ਦੇਖਣ ਆਇਆ ਤਾਂ ਉਸ ਨੂੰ ਗੁਰੂ ਜੀ ਵਿੱਚੋਂ ਇਲਾਹੀ ਜੋਤਿ ਦੇ ਦਰਸ਼ਨ ਹੋਏ।

ਮਾਤਾ ਤ੍ਰਿਪਤਾ ਜੀ ਬਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬਹੁਤ ਹੀ ਲਾਡਾਂ ਨਾਲ ਪਾਲਦੇ। ਉਹ ਉਨ੍ਹਾਂ ਨੂੰ ਝਿੜਕਦੇ ਅਤੇ ਡਾਂਟਦੇ। ਬਾਲ ਗੁਰੂ ਨਾਨਕ ਦੇਵ ਜੀ ਜਦੋਂ ਕਦੀ ਬੱਚਿਆਂ ਨਾਲ ਖੇਡਣ ਵਿਚ ਮਸਤ ਹੋ ਜਾਂਦੇ ਅਤੇ ਕਿੰਨਾ-ਕਿੰਨਾ ਸਮਾਂ ਘਰ ਹੀ ਨਾ ਆਉਂਦੇ। ਮਾਤਾ ਤ੍ਰਿਪਤਾ ਜੀ ਉਨ੍ਹਾਂ ਨੂੰ ਸੱਦ ਕੇ ਘਰ ਲਿਆਉਂਦੇ, ਉਨ੍ਹਾਂ ਦੇ ਮਿੱਟੀ ਨਾਲ ਲਿੱਬੜੇ ਹੱਥ-ਪੈਰ ਧੋ, ਬੜੇ ਹੀ ਚਾਵਾਂ ਨਾਲ ਸੁਆਦੀ ਪਦਾਰਥ ਬਣਾ-ਬਣਾ ਕੇ ਖਵਾਉਂਦੇ:

ਪਲਨਾ ਪਰ ਪੌਢਾਵਈ ਕਹਿ ਲਲਨਾ ਲੇ ਅੰਕ॥

ਲਾਲਤਿ ਮਾਤ ਬਿਸਾਲ ਹਿਤ ਸੁੰਘਤਿ ਬਦਨ ਮਯੰਕ॥...

ਲਗੀ ਧੂਰ ਤਨ ਧੂਸਰ ਹੋਏ॥ ਅੰਬ ਲੇਯ ਅੰਬਾ ਅੰਗ ਧੋਏ॥

ਮਲਿਕਰਿ ਮੁਖ ਮੱਜਨ ਕਰਿਵਾਯੋ॥ ਪੌਂਛ ਸਰੀਰ ਅੰਕ ਬੈਸਾਯੋ॥

ਝਗਲੀ ਝੀਨ ਨਵੀਨ ਪੁਨ ਪਹਿਰਾਈ ਤਨ ਤਾਤ॥

ਪੈ ਕੋ ਪਾਨ ਕਰਾਇ ਕੈ ਪੌਢਾਏ ਕਰ ਮਾਤ॥...

ਬਿਨ ਬੋਲੇ ਨਹਿਂ ਆਲਯ ਆਵਹਿਂ॥ ਸ਼ਿਸ਼ੂ ਪਸ਼ਚਾਤ ਪਰਿਪ ਮਹਿਂ ਧਾਵਹਿਂ॥

ਜਨਨੀ ਅਸਨ ਹਕਾਰਿ ਖੁਵਾਵਹਿ॥ ਨਹਿਂ ਅਘਾਤਿ ਦੇਖਤਿ ਬਲ ਜਾਵਹਿ॥

'ਤਵਾਰੀਖ ਗੁਰੂ ਖਾਲਸਾ' ਦੇ ਕਰਤਾ ਗਿਆਨੀ ਗਿਆਨ ਸਿੰਘ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਬਚਪਨ ਦਾ ਜ਼ਿਕਰ ਕਰਦਿਆਂ ਦੱਸਦੇ ਹਨ ਕਿ "ਜਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਸੱਤ ਬਰਸ ਦੇ ਹੋਏ ਤਾਂ ਜੋ ਕੁਛ ਘਰੋਂ ਬਾਹਰ ਲੈ ਜਾਣ, ਮੋੜ ਕੇ ਨਾ ਲਿਆਵਣ। ਅੰਨ, ਬਸਤ੍ਰ, ਜ਼ੇਵਰ, ਬਰਤਨ, ਗ਼ਰੀਬਾਂ ਨੂੰ ਦੇ ਛੱਡਣ। ਮਾਤਾ ਤ੍ਰਿਪਤਾ ਜੀ ਤਾਂ ਓਨਾਂ ਦੀ ਧਰਮ ਚਰਚਾ ਤੇ ਅਨੇਕ ਸ਼ਕਤੀਆਂ ਦੇਖ ਕੇ ਨਿਸ਼ਚੇ ਕਰ ਬੈਠੀ ਸੀ, ਜੋ ਏਹ ਕੋਈ ਅਵਤਾਰੀ ਪੁਰਖ ਹੈ। ਜਿਸ ਦਿਨ ਤੋਂ ਜੰਮਿਆ ਹੈ, ਲੁਟਾਉਂਦਾ ਭੀ ਬਹੁਤ ਹੈ ਪਰ ਸਾਡੇ ਘਰ ਅੱਗੇ ਨਾਲੋਂ ਦਸ ਗੁਣੇਂ ਪਦਾਰਥ ਵਧੀਕ ਹਨ ਤੇ ਨਾ ਹੀ ਕਿਸੇ ਮੰਦੇ ਰਾਹ ਗਵਾਂਵਦਾ ਹੈ। ਏਹ ਬਾਤ ਸੋਚ ਕੇ ਮਾਤਾ ਸਾਹਿਬ ਤਾਂ ਗੁਰੂ ਜੀ ਨੂੰ ਪਦਾਰਥ ਲੁਟਾਵਣੋਂ ਨਾ ਰੋਕਦੀ, ਸਗੋਂ ਪੱਖ ਰੱਖਦੀ।"

'ਸ਼੍ਰੀ ਗੁਰ ਨਾਨਕ ਪ੍ਰਕਾਸ਼-ਪੂਰਬਾਰਧ' ਅਨੁਸਾਰ ਜਦੋਂ ਬਾਲ ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਘਰੋਂ ਜ਼ਰੂਰਤ ਦੀਆਂ ਚੀਜ਼ਾਂ-- ਭਾਂਡੇ, ਗਹਿਣੇ, ਕੱਪੜੇ ਆਦਿ ਬਾਹਰ ਲਿਜਾ ਕੇ ਗਰੀਬਾਂ/ਫਕੀਰਾਂ ਆਦਿ ਨੂੰ ਦੇ ਆਉਂਦੇ ਸਨ ਤਾਂ ਉਸ ਸਮੇਂ ਮਾਤਾ ਤ੍ਰਿਪਤਾ ਜੀ ਦਾ ਇਕ ਹੋਰ ਮਮਤਾਮਈ ਰੂਪ ਸਾਹਮਣੇ ਆਉਂਦਾ ਹੈ, ਉਹ ਜਿੱਥੇ ਬਾਲ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਗੁੱਸੇ ਵਿਚ ਆ ਕੇ ਡਾਂਟਦੇ ਸਨ, ਉੱਥੇ ਉਹ ਆਪਣੇ ਸਪੁੱਤਰ ਦੀਆਂ ਅੱਖਾਂ ਵਿਚ ਹੰਝੂ ਦੇਖ ਕੇ ਬਰਦਾਸ਼ਤ ਨਹੀਂ ਕਰ ਪਾਉਂਦੇ ਸੀ। ਉਹ ਮਮਤਾ ਵੱਸ ਪਛਤਾਵਾ ਕਰਦੇ ਸਨ ਕਿ ਉਨ੍ਹਾਂ ਨੇ ਆਪਣੇ ਸਪੁੱਤਰ ਨੂੰ ਕਿਉਂ ਡਾਂਟਿਆ। ਉਸ ਵਕਤ ਉਹ ਆਪਣੇ ਮਨ ਨੂੰ ਸਮਝਾਉਂਦੇ ਸਨ ਕਿ ਉਨ੍ਹਾਂ ਦਾ ਸਪੁੱਤਰ ਅਜੇ ਬਾਲ-ਅਵਸਥਾ ਵਿਚ ਹੋਣ ਕਾਰਨ ਲਾਭ-ਹਾਨੀ ਨੂੰ ਨਹੀਂ ਜਾਣਦਾ, ਵੱਡਾ ਹੋ ਕੇ ਸਭ ਸਮਝ ਜਾਵੇਗਾ:

ਭਾਂਜਨ ਭੂਖਨ ਬਸਨ ਜੇ ਨਿਤ ਨਿਕੇਤ ਤੇ ਲੇਯ॥

ਜਾਇ ਨਿਰਸਤਹਿ ਜਾਇ ਤਹਿਂ ਜਹਿਂ ਅਗਾਤ ਦੀਨੇਯ॥...

ਮੁਰਿਕਰਿ ਨਿਜ ਘਰ ਆਏ ਜਬਿਹੀ॥ ਜਨਨੀ ਹੇਰੇ ਰੋਸੀ ਤਬਹੀ॥

ਬੂਝਨ ਲਗੀ, "ਕਹਾਂ ਤੈਂ ਗੇਰਾ? ਅਬ ਥੋ ਕਰ ਮਹਿਂ, ਭਈ ਨ ਦੇਰਾ"॥...

ਮ੍ਰਿਗ ਅਰਭਕ ਸੇ ਚਕਿਤ ਚਖੁ ਕਰੇ ਨੀਚ ਡਰਿ ਮਾਤ॥

ਸਜਲ ਭਏ ਝਖ ਦੋ ਮਨੋ ਛੋਰਤਿ ਸਰਿਤਾ ਗਾਤ॥...

ਪੌਛਤਿ ਈਛਨ ਸ੍ਰਛਾਂਨਨ ਛਬਿ॥ ਛਕੀ ਮੋਹ ਮੈਂ ਪਿਖਿ ਜਨਨੀ ਤਬ॥

ਪਸਚਾਤਾਪ ਕਰਤਿ ਚਿਤ ਮਾਂਹੀ॥ -ਹਮਰੇ ਸਦਨ ਏਕ ਸੁਤ ਆਹੀ॥

ਬਾਲ ਬੈਸ ਇਹ ਆਪਨ ਪਰ ਕੋ। ਹਾਨ ਲਾਭ ਨਹਿਂ ਜਾਨਹਿ ਘਰ ਕੋ।

ਵਡੋ ਹੋਇ ਸਮਝਹਿ ਸਭਿ ਰੀਤੀ॥ ਅਬ ਡਰਪਾਵਨ ਕੀ ਨਹਿਂ ਨੀਤੀ॥

ਮਾਤਾ ਤ੍ਰਿਪਤਾ ਜੀ ਦਾ ਆਪਣੇ ਲਾਡਲੇ ਸਪੁੱਤਰ ਨਾਲ ਪਿਆਰ ਜਤਾਉਣ ਦਾ ਇਕ ਹੋਰ ਰੂਪ ਸਾਡੇ ਸਾਹਮਣੇ ਇਸ ਤਰ੍ਹਾਂ ਵੀ ਆਉਂਦਾ ਹੈ ਕਿ ਜਦ ਸ੍ਰੀ ਗੁਰੂ ਨਾਨਕ ਸਾਹਿਬ ਜੀ ਪਿਤਾ ਮਹਿਤਾ ਕਾਲੂ ਜੀ ਦੇ ਕਹਿਣ 'ਤੇ ਪਸ਼ੂ ਚਰਾਉਣ ਬਾਹਰ ਖੇਤਾਂ ਵਿਚ ਜਾਂਦੇ ਹਨ ਤਾਂ ਮਾਂ ਆਪਣੇ ਲਾਡਲੇ ਸਪੁੱਤਰ ਤੋਂ ਬਲਿਹਾਰੀ ਜਾਂਦੀ ਹੈ, ਉਸ ਨੂੰ ਆਪਣੀ ਗੋਦ ਵਿਚ ਬਿਠਾ ਕੇ ਲਾਡ ਲਡਾਉਂਦੀ ਹੋਈ, ਉਸ ਦੇ ਮੁਖੜੇ ਤੋਂ ਧੂੜ-ਪਸੀਨਾ ਆਦਿ ਸਾਫ ਕਰਦੀ ਹੋਈ ਮਮਤਾ ਵੱਸ ਹੋ ਕੇ ਕਹਿੰਦੀ ਹੈ ਕਿ ਉਹ ਬਾਹਰ ਖੇਤਾਂ ਵਿਚ ਨਾ ਜਾਇਆ ਕਰੇ ਬਲਕਿ ਉਸ ਦੀਆਂ ਨਜ਼ਰਾਂ ਸਾਹਮਣੇ ਹੀ ਰਿਹਾ ਕਰੇ:

ਅੰਕ ਬਸਾਇ ਮਾਤ ਬਲ ਜਾਈ॥

ਬਦਨ ਪੌਂਛ ਦੇਖਹਿ ਹਿਤ ਲਾਈ॥

ਕਰਤਿ ਦੁਲਾਰਸੰਗ ਪ੍ਰਿਯਬਾਨੀ॥

"ਤਾਤ ਨ ਕੀਜੈ ਅਬ ਬਨ ਜਾਨੀ॥

ਸ੍ਰੀ ਗੁਰੂ ਨਾਨਕ ਸਾਹਿਬ ਕੁਝ ਵੱਡੇ ਹੋਏ ਤਾਂ ਉਹ ਇਕੱਲੇ ਘਰ ਵਿਚ ਲੇਟੇ ਰਹਿੰਦੇ ਜਾਂ ਸੰਤਾਂ-ਮਹਾਂਪੁਰਖਾਂ ਦੀ ਆਮਦ ਹੋਣ 'ਤੇ ਉਨ੍ਹਾਂ ਨਾਲ ਵਿਚਾਰ-ਵਟਾਂਦਰਾ ਕਰਦੇ ਰਹਿੰਦੇ। ਇੱਥੋਂ ਤਕ ਕਿ ਹੁਣ ਉਹ ਆਪਣੇ ਬਚਪਨ ਦੇ ਬੇਲੀਆਂ/ਮਿੱਤਰਾਂ ਨਾਲ ਘੱਟ ਹੀ ਮਿਲਦੇ। ਮਾਤਾ ਤ੍ਰਿਪਤਾ ਜੀ ਨੂੰ ਉਨ੍ਹਾਂ ਦੀ ਫਿਕਰ ਹੋਣੀ ਸ਼ੁਰੂ ਹੋ ਗਈ ਕਿ ਕਿਤੇ ਉਨ੍ਹਾਂ ਦੇ ਲਾਡਲੇ ਸਪੁੱਤਰ ਨੂੰ ਕੋਈ ਰੋਗ ਤਾਂ ਨਹੀਂ ਲੱਗ ਗਿਆ। ਉਸ ਵਕਤ ਮਾਤਾ ਜੀ ਗੁਰੂ ਸਾਹਿਬ ਨੂੰ ਫਕੀਰਾਂ ਦੀ ਸੰਗਤ ਦਾ ਤਿਆਗ ਕਰ ਦੁਨਿਆਵੀ ਕੰਮ-ਕਾਰ ਕਰਨ ਲਈ ਪ੍ਰੇਰਿਤ ਕਰਦੇ। ਮਾਂ ਨੂੰ ਸੰਤਾਨ ਦੀ ਸਭ ਤੋਂ ਵੱਧ ਚਿੰਤਾ ਹੁੰਦੀ ਹੈ, ਇਸ ਲਈ ਜਦ ਮਾਤਾ ਤ੍ਰਿਪਤਾ ਜੀ ਕੋਲੋਂ ਸਪੁੱਤਰ ਦੀ ਇਹ ਹਾਲਤ ਬਰਦਾਸ਼ਤ ਨਾ ਹੋਈ ਤਾਂ ਉਨ੍ਹਾਂ ਨੇ ਹਰਿਦਾਸ ਵੈਦ ਨੂੰ ਘਰ ਬੁਲਾ ਲਿਆ। ਵੈਦ ਗੁਰੂ ਸਾਹਿਬ ਦੀ ਨਬਜ਼ ਰਾਹੀਂ ਰੋਗ ਲਭਦਾ ਰਿਹਾ, ਪਰ ਗੁਰੂ ਸਾਹਿਬ ਦੀ ਅਧਿਆਤਮਿਕ ਅਵਸਥਾ  ਸਧਾਰਨ ਵੈਦ ਦੀ ਸਮਝ 'ਚ ਆਉਣ ਵਾਲੀ ਨਹੀਂ ਸੀ।

ਇਕ ਵਾਰ ਮਹਿਤਾ ਕਾਲੂ ਜੀ ਨੇ 20 ਰੁਪਏ ਦੇ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਵਪਾਰ ਕਰਨ ਲਈ ਭੇਜਿਆ। ਗੁਰੂ ਜੀ ਉਨ੍ਹਾਂ ਪੈਸਿਆਂ ਨਾਲ ਭੁੱਖੇ ਸਾਧੂਆਂ ਨੂੰ ਪਰਸ਼ਾਦਾ ਛਕਾ ਕੇ, 'ਸੱਚਾ ਸੌਦਾ' ਕਰ ਕੇ ਪਿੰਡੋਂ ਬਾਹਰ ਜਾ ਬਿਰਾਜੇ। ਮਹਿਤਾ ਕਾਲੂ ਜੀ ਦਾ ਉਸ ਸਮੇਂ ਕ੍ਰੋਧ ਵਿਚ ਆਉਣਾ ਸੁਭਾਵਿਕ ਸੀ, ਪਰ ਮਾਤਾ ਤ੍ਰਿਪਤਾ ਜੀ ਨੇ ਆਪਣੀ ਮਮਤਾ ਨਾਲ ਜਿਸ ਤਰ੍ਹਾਂ ਗੁਰੂ ਜੀ ਨੂੰ ਪਿਤਾ ਜੀ ਦੇ ਕ੍ਰੋਧ ਤੋਂ ਬਚਾਇਆ, ਉਹ ਵੀ ਮਾਤਾ ਤ੍ਰਿਪਤਾ ਜੀ ਦੀ ਪ੍ਰਤਿਭਾ ਦੀ ਵਿਲੱਖਣ ਪਹਿਚਾਣ ਸੀ। ਜਿੱਥੇ ਉਹ ਆਪ ਆਪਣੇ ਪੁੱਤਰ ਨੂੰ ਮਹਿਤਾ ਕਾਲੂ ਜੀ ਦੇ ਗੁੱਸੇ ਤੋਂ ਬਚਾਉਣ ਦੀਆਂ ਕੋਸ਼ਿਸ਼ਾਂ ਕਰਦੇ ਹਨ, ਉੱਥੇ ਉਹ ਆਪਣੀ ਸਪੁੱਤਰੀ ਬੀਬੀ ਨਾਨਕੀ ਜੀ ਨੂੰ ਅਤੇ ਹੋਰ ਘਰੇਲੂ ਨੌਕਰਾਂ ਨੂੰ ਮਹਿਤਾ ਕਾਲੂ ਜੀ ਦੇ ਮਗਰ ਭੇਜਦੇ ਹਨ ਤਾਂ ਜੋ ਉਹ ਗੁਰੂ ਨਾਨਕ ਸਾਹਿਬ ਜੀ ਨੂੰ ਮਹਿਤਾ ਕਾਲੂ ਜੀ ਦੇ ਗੁੱਸੇ ਤੋਂ ਬਚਾ ਸਕਣ:

ਤੁਰਤ ਤਬਹਿ ਤਨਿਯਾ ਕੋ ਭੇਜਾ॥

ਪਤਿ ਰਿਸ ਤੇ ਉਠਿ ਧਰਕ ਕਰੇਜਾ॥

ਬਹੁਰੋ ਦਾਸੀ ਦਾਸ ਪਠਾਏ॥

ਹਿਤ ਬਿਲੋਕਨੇ ਲੋਕ ਸਿਧਾਏ॥

ਮਾਤਾ ਤ੍ਰਿਪਤਾ ਜੀ ਅਤੇ ਮਹਿਤਾ ਕਾਲੂ ਜੀ ਦੀ ਸਪੁੱਤਰੀ ਅਤੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਬੀਬੀ ਨਾਨਕੀ ਜੀ ਨੂੰ ਰਾਇ ਬੁਲਾਰ ਵੀ ਆਪਣੀ ਪੁੱਤਰੀ ਸਮਾਨ ਸਮਝਦਾ ਸੀ, ਇਸ ਲਈ ਉਸ ਨੇ ਬੀਬੀ ਨਾਨਕੀ ਜੀ ਦਾ ਵਿਆਹ ਸੁਲਤਾਨਪੁਰ ਲੋਧੀ ਦੇ ਖੱਤਰੀ ਭਾਈ ਜੈ ਰਾਮ ਜੋ ਕਿ ਸੁਲਤਾਨਪੁਰ ਦੇ ਨਵਾਬ ਦੌਲਤ ਖਾਨ ਦਾ ਭਰੋਸੇਯੋਗ ਦੀਵਾਨ ਸੀ, ਨਾਲ ਕਰਵਾ ਦਿੱਤਾ:

ਸੁਤਾ ਨਾਨਕੀ ਜੋ ਹੁਤੀ ਧਾਮ ਕਾਲੂ॥

ਗੁਨੰ ਖਾਨ ਮਾਨੋ ਸਰੂਪੰ ਬਿਸਾਲੂ॥

ਸੁਤਾ ਕੇ ਸਮਾਨੰ ਲਖਯੋ ਤਾਂਹਿ ਰਾਈ॥

ਭਲੇ ਥਾਨ ਕੀਨੀ ਸੁਤਾ ਕੀ ਸਗਾਈ॥

ਜਦੋਂ ਗੁਰੂ ਨਾਨਕ ਸਾਹਿਬ ਨੂੰ ਦੁਨਿਆਵੀ ਕੰਮ-ਕਾਰ ਸਿਖਾਉਣ ਦੀ ਕੋਸ਼ਿਸ਼ ਵਿਚ ਸੁਲਤਾਨਪੁਰ ਲੋਧੀ ਵਿਖੇ ਭੈਣ ਬੀਬੀ ਨਾਨਕੀ ਅਤੇ ਭਾਈਆ ਜੈਰਾਮ ਜੀ ਕੋਲ ਭੇਜਣ ਦਾ ਫੈਸਲਾ ਕੀਤਾ ਗਿਆ ਤਾਂ ਮਾਤਾ ਤ੍ਰਿਪਤਾ ਜੀ ਦੀ ਹਾਲਤ ਅਸਹਿ ਹੋ ਗਈ ਉਨ੍ਹਾਂ ਲਈ ਆਪਣੇ ਇਕਲੌਤੇ ਸਪੁੱਤਰ ਦਾ ਵਿਛੋੜਾ ਝੱਲਣਾ ਔਖਾ ਹੋ ਗਿਆ। ਉਨ੍ਹਾਂ ਨੇ ਭਰੀਆਂ ਅੱਖਾਂ ਨਾਲ ਗੁਰੂ ਨਾਨਕ ਸਾਹਿਬ ਨੂੰ ਵਿਦਾ ਕੀਤਾ:

ਇਕੰ ਤਾਤ ਮੇਰੋ ਬਿਯੋਗੰ ਸੁ ਕੀਨੋ॥

ਨ ਦੈਵੰ ਸਹਾਰਯੋ ਨ ਦੇਖੰਨ ਦੀਨੋ-॥

ਭਰੇ ਅੰਕ ਮੈਂ ਸੀਤ ਸ੍ਵਾਸੰ ਨਿਕਾਰੇ॥

ਬਢੀ ਪੀਰ ਮਾਨੋ ਹੁਵੈਂ ਪ੍ਰਾਨ ਨਯਾਰੇ॥

ਕਹੋ "ਤਾਤ! ਤੇਰੇ ਬਿਨਾ ਕੈਸ ਜੀਵੋਂ॥

ਸਹਯੋ ਜਾਇ ਨਾਂਹੀ ਬਿਖੈ ਘੋਰ ਪੀਵੋਂ॥

ਕਿਆ ਮੈ ਨਿਹਾਰੋਂ ਸੁ ਪਾਛੈ ਇਕਾਕੀ॥

ਹੁਤੋ ਸੂਨ ਏਕੋ ਸਮੀਪੰ ਨ ਤਾਂਕੀ॥

'ਤਵਾਰੀਖ ਗੁਰੂ ਖਾਲਸਾ' ਅਨੁਸਾਰ "ਬਾਬੇ ਜੀ ਦੇ ਖ਼ਰਚ ਖਰਾਇਤ ਕਰਨ ਤੋਂ ਯੱਦਪਿ ਮਹਿਤਾ ਜੀ ਤਾਂ ਹਮੇਸ਼ਾਂ ਕ੍ਰੋਧ ਹੀ ਕਰਦਾ ਰਹਿੰਦਾ ਪਰ ਮਾਤਾ ਤ੍ਰਿਪਤਾ ਜੀ ਤੇ ਭੈਣ ਨਾਨਕੀ ਜੀ ਬਾਬੇ ਦੀ ਬਹੁਤ ਸਹਾਇਤਾ ਰੱਖਦੀਆਂ।....ਓੜਕ ਰਾਇ ਨੇ ਰੋਜ਼ ਦਾ ਖਰਖਸਾ ਮੇਟਣ ਲਈ ਬਾਬੇ ਜੀ ਨੂੰ ਜੈਰਾਮ ਦੇ ਨਾਲ ਤੋਰਨ ਦੀ ਰਾਇ ਦਿੱਤੀ। ਸੋ ਕਾਲੂ ਚੰਦ ਨੇ ਖੁਸ਼ ਹੋ ਕੇ ਬਾਬੇ ਨੂੰ ਸੁਲਤਾਨਪੁਰ ਭੇਜ ਦਿੱਤਾ। ਤੁਰਨ ਸਮੇਂ ਜਦ ਮਾਤਾ ਤ੍ਰਿਪਤਾ ਜੀ ਨੂੰ ਬਾਬੇ ਮੱਥਾ ਟੇਕਿਆ ਤਾਂ ਮਾਤਾ ਨੇ ਬੁੱਕਲ ਵਿਚ ਲੈ ਕੇ ਪੁੱਤ੍ਰ ਦਾ ਮੂੰਹ ਮੱਥਾ ਚੁੰਮਿਆ ਅਤੇ ਨੇਤ੍ਰ ਭਰ ਕੇ ਆਖਿਆ, "ਪੁੱਤ੍ਰ ਮੈਨੂੰ ਤਾਂ ਤੇਰੇ ਨਾਲ ਹੀ ਜਹਾਨ ਵਸਦਾ ਹੈ। ਮੇਰਾ ਧਰਵਾਸ ਤੂੰ ਹੈਂ। ਤੈਨੂੰ ਵੇਖ ਕੇ ਨੇਤ੍ਰ ਠੰਡੇ ਰਹਿੰਦੇ ਹਨ। ਫੇਰ ਖਵਰੇ ਕਦੋਂ ਮਿਲਸੇਂ?"

'ਸ਼੍ਰੀ ਗੁਰ ਨਾਨਕ ਪ੍ਰਕਾਸ਼-ਪੂਰਬਾਰਧ' ਅਨੁਸਾਰ ਜਿਸ ਵੇਲੇ ਸੁਲਤਾਨਪੁਰ ਲੋਧੀ ਤੋਂ ਭੈਣ ਬੇਬੇ ਨਾਨਕੀ ਜੀ ਅਤੇ ਭਾਈਆ ਜੈਰਾਮ ਜੀ ਨੇ ਤਲਵੰਡੀ ਵਿਖੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਵਿਆਹ ਲਈ ਜ਼ਿਲ੍ਹਾ ਗੁਰਦਾਸਪੁਰ ਦੇ

ਪਿੰਡ ਪੱਖੋਕੇ ਰੰਧਾਵਾ ਦੇ ਵਸਨੀਕ ਭਾਈ ਮੂਲੇ ਚੌਣੇ ਦੀ ਸਪੁੱਤਰੀ ਬੀਬੀ ਸੁਲੱਖਣੀ ਜੀ ਦੇ ਆਏ ਰਿਸ਼ਤੇ ਬਾਰੇ ਸੁਨੇਹਾ ਭੇਜਿਆ ਤਾਂ ਮਾਤਾ ਤ੍ਰਿਪਤਾ ਜੀ ਦਾ ਮਨ ਬਹੁਤ ਹੀ ਖੁਸ਼ ਹੋਇਆ, ਉਨ੍ਹਾਂ ਨੂੰ ਇਸ ਤਰ੍ਹਾਂ ਲੱਗਿਆ ਜਿਵੇਂ ਉਨ੍ਹਾਂ ਨੂੰ ਦੁਨੀਆ ਭਰ ਦੀਆਂ ਖੁਸ਼ੀਆਂ ਮਿਲਣ ਜਾ ਰਹੀਆਂ ਹੋਣ, ਉਨ੍ਹਾਂ ਨੇ ਸੁਨੇਹਾ ਪਹੁੰਚਾਉਣ ਵਾਲੇ ਦਾ ਮਾਣ ਕਰਦਿਆਂ ਉਸ ਨੂੰ ਮਠਿਆਈਆਂ ਤੇ ਪੈਸੇ ਦਿੱਤੇ। ਘਰ ਵਿਚ ਨਗਰ ਦੀਆਂ ਸਾਰੀਆਂ ਇਸਤਰੀਆਂ ਬੁਲਾ ਕੇ ਖੁਸ਼ੀਆਂ ਮਨਾਈਆਂ:

-ਤ੍ਰਿਪਤਾ ਗੁਰ ਮਾਤ ਸੁਨੀ ਜਬ ਬਾਤ ਰਿਦੈ ਹਰਖੀ ਜਿਉਂ ਨਵੌਂਨਿਧਿ ਪਾਈ॥

ਕਰ ਮੈਂ ਮਿਸ਼ਟਾਨ ਲਏ ਨਿਕਸੀ ਕਿਯ ਤੁੰਡ ਅਲੰ ਜਿਨ ਸੁੱਧ ਬਤਾਈ॥

-ਬਲਿਹਾਰਿ ਮੈਂ ਜਾਊ ਮੁਹੂਰਮੁਹੂ ਦਿਯ -ਕਾਰਿਖਕੰ ਪੰਚ, ਚੀਰ ਉਢਾਈ॥

ਕੁਲਨਾਰਿ ਬੁਲਾਇ ਗਵਾਇ ਕੈ ਗੀਤਨਿ ਮੰਗਲ ਕੀਨ ਭਯੋ ਮਨ ਭਾਈ॥

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਸਮੇਂ ਮਾਤਾ ਤ੍ਰਿਪਤਾ ਜੀ ਨੇ ਜੋ ਵੀ ਰੀਤੀ-ਰਿਵਾਜ ਸਨ, ਉਹ ਸਾਰੇ ਹੀ ਬੜੇ ਚਾਵਾਂ ਨਾਲ ਪੂਰੇ ਕੀਤੇ:

ਸ੍ਰੀ ਨਾਨਕ ਕੀ ਮਾਤ, ਕਰੀ ਰੀਤਿ ਜੇ ਬਯਾਹਕੀ॥

ਮੰਗਲ ਸਦਨ ਸੁਹਾਤਿ, ਤੋਰਨ ਦਰ ਪਰ ਰਾਜਹੀ॥

ਨੱਗਰ ਕੀ ਨਾਰਿ ਸਭ ਲੀਨੀ ਹੈ ਹਕਾਰਿ, ਕੀਨੇ ਅੰਗਨ ਸਿੰਗਾਰ ਕੋ ਅਨੰਦ ਉਰ ਆਵਤੀ॥...

ਮਾਤਾ ਤ੍ਰਿਪਤਾ ਜੀ ਨੇ ਆਪਣੇ ਨੂੰਹ-ਪੁੱਤ ਤੋਂ ਪਾਣੀ ਵਾਰ-ਵਾਰ ਕੇ ਪੀਤਾ, ਅਤੇ ਉਨ੍ਹਾਂ ਤੋਂ ਬੇਅੰਤ ਧਨ ਨਿਛਾਵਰ ਕੀਤਾ। ਨੂੰਹ ਮਾਤਾ ਸੁਲੱਖਣੀ ਜੀ ਨੂੰ ਗਲਵੱਕੜੀ ਵਿਚ ਲੈ ਕੇ ਬੇਅੰਤ ਅਸੀਸਾਂ ਦਿੱਤੀਆਂ। ਮਾਤਾ ਤ੍ਰਿਪਤਾ ਜੀ ਆਪਣੇ ਸਪੁੱਤਰ ਦੇ ਵਿਆਹ ਦੀਆਂ ਵਧਾਈਆਂ ਲੈਂਦੇ ਹੋਏ ਖੁਸ਼ੀ ਵਿਚ ਫੁੱਲੇ ਨਹੀਂ ਸੀ ਸਮਾਉਂਦੇ:

ਭਾ ਤ੍ਰਿਪਤਾ ਉਰ ਹਰਖ ਘਨੇਰਾ॥

ਸਹਿਤ ਸਨੁਖਾ ਸੁਤ ਕੋ ਹੇਰਾ॥

ਕਰਹਿ ਨਿਛਾਵਰ ਦਰਬ ਅਪਾਰਾ॥

ਵਾਰੈ ਵਾਰ ਵਾਰ ਵਰ ਵਾਰਾ॥...

ਮਿਲੀ ਸੁਲਖਣੀ ਪੁਨਿ ਨਿਜ ਸਾਸੂ॥

ਧਰਯੋ ਚਰਨ ਪਰ ਮਸਤਕ ਆਸੂ॥

ਆਸ਼ਿਖ ਦੀਨੀ, ਲੀਨੀ ਅੰਕਾ॥

ਹਰਖ ਬਿਲੋਕਯੋ ਬਦਨ ਮਯੰਕਾ॥...

ਨਿਕਟਿ ਸੁ ਤ੍ਰਿਪਤਾ ਦੇਤਿ ਵਧਾਈ॥

ਲੇਤਿ ਹਰਖ ਯੁਤਿ ਅੰਗ ਨ ਮਾਈ॥

ਸਹਿਤ ਸਨੁਖਾ ਸੁਤਹਿ ਸੁਹਾਈ॥

ਵਾਰਤਿ ਮਾਤੁ ਲਵਨ ਪੁਨਿਰਾਈ॥

'ਤਵਾਰੀਖ ਗੁਰੂ ਖਾਲਸਾ' ਅਨੁਸਾਰ "ਮਾਤਾ ਤ੍ਰਿਪਤਾ ਜੀ ਭੀ ਜੋ ਕਈ ਮਹੀਨੇ ਬਾਬਾ ਜੀ ਦੇ ਪਾਸ ਆਇ ਰਹੀ ਸੀ ਅਨੇਕ ਹੇਰ ਫੇਰ ਕਰ ਕੇ ਹਮੇਸ਼ਾ ਏਹੋ ਬਾਤ ਆਖਿਆ ਕਰਦੀ, ਪੁੱਤ੍ਰ ਨਾਨਕ! ਮੈਂ ਪੋਤੇ ਖਿਲਾਉਣ ਦੀ ਇੱਛਾ ਕਰਦੀ ਹਾਂ।"

ਜਦੋਂ ਬੀਬੀ ਨਾਨਕੀ ਜੀ ਤਲਵੰਡੀ ਵਿਖੇ ਆਪਣੇ ਮਾਤਾ-ਪਿਤਾ ਨੂੰ ਉਨ੍ਹਾਂ ਦੇ ਪੋਤ੍ਰੇ ਸ੍ਰੀ ਚੰਦ ਜੀ ਦੇ ਜਨਮ ਦੀ ਖ਼ਬਰ ਭੇਜਦੇ ਹਨ ਤਾਂ ਉਹ ਬੇਅੰਤ ਖੁਸ਼ੀਆਂ ਮਨਾਉਂਦੇ ਹੋਏ ਸੁਲਤਾਨਪੁਰ ਆਉਂਦੇ ਹਨ। ਮਾਤਾ ਤ੍ਰਿਪਤਾ ਜੀ ਜਿੱਥੇ ਆਪਣੇ ਲਾਡਲੇ ਸਪੁੱਤਰ ਗੁਰੂ ਨਾਨਕ ਸਾਹਿਬ ਦੇ ਸਿਰ 'ਤੇ ਲਾਡ ਨਾਲ ਹੱਥ ਫੇਰ ਕੇ ਪਿਆਰ ਦਿੰਦੇ ਹਨ, ਆਪਣੇ ਪੋਤਰੇ ਦਾ ਕਮਲ ਵਰਗਾ ਸੁੰਦਰ ਮੁਖੜਾ ਵੇਖ ਕੇ ਗਰੀਬਾਂ ਨੂੰ ਬਹੁਤ ਸਾਰਾ ਧਨ ਵੰਡਦੇ ਹਨ, ਉੱਥੇ ਆਪਣੀ ਲਾਡਲੀ ਸਪੁੱਤਰੀ ਬੀਬੀ ਨਾਨਕੀ ਜੀ ਨੂੰ ਮਿਲਣ 'ਤੇ ਇਸ ਤਰ੍ਹਾਂ ਖੁਸ਼ ਹੁੰਦੇ ਹਨ ਜਿਵੇਂ ਪਿਆਸੇ ਨੂੰ ਪਾਣੀ ਮਿਲਣ 'ਤੇ ਖੁਸ਼ੀ ਹੁੰਦੀ ਹੈ:

ਸਦਨ ਨਾਨਕੀ ਪਿਤਾ ਕੇ ਸੁਧ ਪਠਈ ਸੁਖ ਸਾਰ॥

ਸੁਨਿ ਕਰਿ ਪੌਤ੍ਰੇ ਜਨਕ ਕੀ ਹਰਖੇ ਰਿਦੇ ਅਪਾਰ॥

ਚਲਿ ਆਵਤਿ ਭੇ ਸੁਲਤਾਨਪੁਰੇ॥

ਸੁਨਿ ਸ੍ਰੀ ਗੁਰੁ ਪਾਇਨ ਧਾਇ ਪਰੇ॥

ਜਨਨੀ ਮਨ ਕੀਨ ਅਨੰਦ ਘਨਾ॥

ਸੁਤ ਪੈ ਕਰ ਫੇਰ ਦੁਲਾਰ ਸਨਾ॥

ਪਿਖਿ ਪੌਤ੍ਰਹਿ ਤੁੰਡ ਕੁਸ਼ੇਸ਼ਯ ਸਾ॥

ਧਨ ਦੀਨਨ ਦੀਨ ਨਰੇਸ਼ਯਸਾ॥...

ਤਨਿਯਾ ਮਿਲਿ ਤੋਖ ਤਿਖਾ ਤਰਖੀ॥

ਜਲ ਮੇਲ ਮਿਲਾ, ਸੁਖ ਸੋਂ ਹਰਖੀ॥

ਇਸੇ ਤਰ੍ਹਾਂ ਸਮਾਂ ਬੀਤਿਆ। ਮਾਤਾ ਸੁਲੱਖਣੀ ਜੀ ਦੀ ਕੁੱਖੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦੂਜੇ ਸਪੁੱਤਰ ਸ੍ਰੀ ਲਖਮੀ ਦਾਸ ਦਾ ਜਨਮ ਹੋਇਆ। ਜਿਸ ਦੀਆਂ ਪਰਵਾਰ ਨੇ ਬੇਅੰਤ ਖੁਸ਼ੀਆਂ ਮਨਾਈਆਂ:

...ਲਖਮੀਦਾਸ ਜਨਮ ਤਬ ਲੀਨੋ॥

ਸਭਿ ਪਰਵਾਰ ਹਰਖ ਮਨ ਕੀਨੋ॥

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਪਹਿਲੀ ਉਦਾਸੀ ਦਾ ਸਮਾਂ ਕਾਫੀ ਲੰਬਾ ਜਾਣਿਆ ਜਾਂਦਾ ਹੈ। 'ਸ੍ਰੀ ਗੁਰ ਨਾਨਕ ਪ੍ਰਕਾਸ਼-ਉਤਰਾਰਧ' ਅਨੁਸਾਰ ਪਹਿਲੀ ਉਦਾਸੀ ਉਪਰੰਤ ਸੁਲਤਾਨਪੁਰ ਲੋਧੀ ਵਿਖੇ ਭੈਣ ਬੀਬੀ ਨਾਨਕੀ ਨੂੰ ਮਿਲਣ ਉਪਰੰਤ ਗੁਰੂ ਨਾਨਕ ਸਾਹਿਬ ਜਦੋਂ ਤਲਵੰਡੀ ਪਹੁੰਚੇ ਤਾਂ ਉਹ ਤਲਵੰਡੀ ਵਿਖੇ ਪਿੰਡ ਤੋਂ ਬਾਹਰ ਖੂਹ ਉੱਪਰ ਹੀ ਬਿਰਾਜਮਾਨ ਹੋ ਗਏ। ਭਾਈ ਮਰਦਾਨਾ ਜੀ ਪਿੰਡ ਵਿਚ ਆਪਣੇ ਪਰਵਾਰ ਨੂੰ ਮਿਲਣ ਉਪਰੰਤ ਗੁਰੂ ਨਾਨਕ ਸਾਹਿਬ ਦੇ ਘਰ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਾਲੂ ਜੀ ਨੂੰ ਮਿਲਣ ਪਹੁੰਚੇ। ਮਾਤਾ ਤ੍ਰਿਪਤਾ ਜੀ ਬਹੁਤ ਹੀ ਵੈਰਾਗ ਵਿਚ ਆ ਗਏ ਅਤੇ ਭਾਈ ਮਰਦਾਨਾ ਜੀ ਕੋਲੋਂ ਆਪਣੇ ਲਾਡਲੇ ਸਪੁੱਤਰ ਸ੍ਰੀ ਗੁਰੂ ਨਾਨਕ ਸਾਹਿਬ ਬਾਰੇ ਪੁੱਛਣ ਲੱਗੇ ਕਿ ਭਾਈ ਜੀ, ਮੈਨੂੰ ਦੱਸੋ, ਮੇਰੇ ਪੁੱਤਰ ਨੂੰ ਕਿਸ ਥਾਂ ਛੱਡ ਆਏ ਹੋ? ਮਾਤਾ ਤ੍ਰਿਪਤਾ ਜੀ ਵੈਰਾਗ ਵਿਚ ਆ ਕੇ ਬੋਲੇ ਕਿ ਉਨ੍ਹਾਂ ਦਾ ਇਕਲੌਤਾ ਸਪੁੱਤਰ ਕਦੀ ਵੀ ਉਨ੍ਹਾਂ ਦੇ ਕੋਲ ਨਹੀਂ ਰਹਿੰਦਾ। ਮਾਤਾ ਤ੍ਰਿਪਤਾ ਜੀ ਦੇ ਪ੍ਰਸ਼ਨ ਦੇ ਜੁਆਬ ਵਿਚ ਜਦ ਭਾਈ ਮਰਦਾਨਾ ਜੀ ਨੇ ਦੱਸਿਆ ਕਿ ਉਹ ਨਹੀਂ ਜਾਣਦੇ ਕਿ ਗੁਰੂ ਸਾਹਿਬ ਕਿੱਥੇ ਹਨ ਤਾਂ ਮਾਤਾ ਤ੍ਰਿਪਤਾ ਜੀ ਬਹੁਤ ਹੀ ਬੇਚੈਨ ਹੋ ਗਏ। ਉਨ੍ਹਾਂ ਦਾ ਬਿਰਧ ਸਰੀਰ ਨਿਢਾਲ ਹੋ ਗਿਆ। ਉਨ੍ਹਾਂ ਦੀਆਂ ਅੱਖਾਂ ਵਿੱਚੋਂ ਅੱਥਰੂ ਵਹਿ ਤੁਰੇ:

ਦ੍ਵੈ ਘਟਿਕਾ ਬੀਤੇ ਤਤਕਾਲੂ॥ ਚਲਜੋ ਜਹਾਂ ਥੋ ਆਲਯ ਕਾਲੂ॥

ਆਗੈ ਸ਼੍ਰੀ ਨਾਨਕ ਕੀ ਮਾਤਾ॥ ਤ੍ਰਿਪਤਾ ਨਾਮ ਜੁ ਥੀ ਬੱਖਜਾਤਾ॥

ਜਬ ਆਵਤਿ ਦੇਖਜੋ ਮਰਦਾਨਾ॥ ਗਰ ਸੋਂ ਲਾ ਬਿਰਾਗ ਬਹੁ ਠਾਨਾ॥

ਭਯੋ ਮੋਹ ਸਰਿਤਾ ਸੁ ਪ੍ਰਵਾਹਾ॥ ਧੀਰਜ ਸਿਕਤਾ ਸੇਤੁ ਨਸਾਹਾ॥

ਬਾਕ ਜੁ ਤਿਨ ਸਭਿ ਦੀਯੇ ਰੁੜ੍ਹਾਈ॥ ਕਹੈ ਬਹੁਤ ਨਹਿੰ ਧੀਰ ਧਰਾਈ॥

ਸ਼੍ਰੀ ਨਾਨਕ ਕੋ ਭਾ ਅਨੁਰਾਗਾ॥ ਕੀਨੋ ਜਨਨੀ ਬਹੁ ਬੈਰਾਗਾ॥

ਕਿਤਿਕ ਦੇਰ ਮਹਿੰ ਧੀਰਜ ਧਰਿਕੈ॥ ਬੂਝਨ ਲਗੀ ਸੁ ਬਚਨ ਉਚਰਿਕੈ॥

'ਸੁਤ ਨਾਨਕ ਕੀ ਖਬਰ ਸੁਨਾਵਹੁ॥ ਤਜਜੋ ਥਾਨ ਕਿਹ? ਮੋਹਿ ਬਤਾਵਹੁ॥

ਜਬਿ ਕੇ ਨਿਕਸੇ ਤੁਮ ਘਰ ਮਾਂਹੀ॥ ਤਬਿ ਕੀ ਸੁਧਿ ਆਈ ਕਬਿ ਨਾਂਹੀ॥

ਮਮ ਸੁਤ ਸਭਿ ਤਜਿਕੈ ਘਰਿ ਬਾਰਾ॥ ਭਾ ਫਕੀਰ, ਕਜਾ ਰਿਦੈ ਬਿਚਾਰਾ॥

ਨਿਸ ਦਿਨ ਕਰਤਯੋ ਰੁਦਨ ਬਿਤਾਊਂ॥ ਕਰਿ ਉਰ ਯਾਦ ਬੈਠਿ ਪਛੁਤਾਊਂ॥

ਬਿਧਿ ਨੈ ਇਕ ਸੁਤ ਦੀਨੋ ਮੋਹੀ॥ ਨਹਿੰ ਸਮੀਪ ਕਬਿ ਰਾਖਯੋ ਓਹੀ॥...

'ਜਬ ਸੁਲਤਾਨ ਪੁਰੇ ਹਮ ਅਹੇ॥ ਤਬਿ ਸ਼੍ਰੀ ਨਾਨਕ ਕੇ ਸੰਗ ਰਹੇ॥

ਪੁਨ ਸੁਧ ਨਹਿੰ ਤਿਹ ਤੇ ਪਸ਼ਚਾਤੀ॥ ਕਿਤ ਕੋ ਗਯੋ ਨ ਜਾਨਯੋ ਜਾਤੀ॥

ਸੁਨਿ ਮਾਤਾ ਉਰ ਬਹੁ ਅਕੁਲਾਈ॥ ਜਨੁ ਬ੍ਰਿਣ ਪਾਕੇ ਪਾਵਕ ਲਾਈ॥

ਬੋਲ ਨ ਆਵ ਬਿਕੁਲ ਤਨ ਹੋਈ॥ ਜਨੁ ਸੁਤ ਬ੍ਰਿਹੁ ਮੈਂ ਪਰਿ ਕੈ ਸੋਈ॥

ਇਕ ਤੌ ਬ੍ਰਿਧ, ਹੀਨ ਬਲ ਦੇਹੀ॥ ਪੁਨ ਨ ਪਾਇ ਸੁਧ ਤਾਤ ਸਨੇਹੀ॥

ਜਾਨਤਿ ਹੁਤੀ ਸੰਗਿ ਮਰਦਾਨਾ॥ ਤਿਨ ਅਸ ਦੁਖਦਾ ਬਚਨ ਬਖਾਨਾ॥

ਜਿਉਂ ਸੁ ਖਤੰਗ ਮਰਮ ਦੇ ਭੇਦਾ॥ ਪਰੀ ਬਿਬਰਨ ਹੋਇ ਅਤਿ ਖੇਦਾ॥

ਕਿਤਿਕ ਬਾਰ ਮਹਿੰ ਪੁਨ ਸੁਧ ਆਈ॥ ਲੋਚਨ ਤੇ ਆਂਸੁਨ ਜਲ ਜਾਈ॥

ਜਦ ਭਾਈ ਮਰਦਾਨਾ ਜੀ ਕੁਝ ਸਮੇਂ ਬਾਅਦ ਵਾਪਸ ਜਾਣ ਲਈ ਮੁੜੇ ਤਾਂ ਮਾਤਾ ਤ੍ਰਿਪਤਾ ਜੀ ਆਪਣੀ ਮਮਤਾ ਦੀ ਅਵਾਜ਼ ਸੁਣ ਭਾਈ ਮਰਦਾਨਾ ਜੀ ਦੇ ਮਗਰ-ਮਗਰ ਤੁਰ ਪਏ। ਉਨ੍ਹਾਂ ਨੇ ਮਹਿਸੂਸ ਕੀਤਾ ਕਿ ਉਨ੍ਹਾਂ ਦਾ ਸਪੁੱਤਰ ਭਾਈ ਮਰਦਾਨਾ ਜੀ ਦੇ ਨਾਲ ਹੀ ਹੋਵੇਗਾ। ਮਾਤਾ ਤ੍ਰਿਪਤਾ ਜੀ ਨੇ ਆਪਣੀ ਮਮਤਾ ਦਾ ਵਾਸਤਾ ਪਾ ਭਾਈ ਮਰਦਾਨਾ ਜੀ ਨੂੰ ਗੁਰੂ ਸਾਹਿਬ ਦੇ ਟਿਕਾਣੇ ਬਾਰੇ ਪੁੱਛਿਆ। ਭਾਈ ਮਰਦਾਨਾ ਜੀ ਗੁਰੂ ਨਾਨਕ ਸਾਹਿਬ ਦੇ ਹੁਕਮ ਦੇ ਬੱਝੇ ਚੁੱਪ ਰਹੇ। ਮਾਤਾ ਜੀ ਭਾਈ ਮਰਦਾਨਾ ਜੀ ਦੀ ਚੁੱਪ ਦੀ ਰਮਜ਼ ਨੂੰ ਸਮਝਦਿਆਂ ਤਿਆਰ ਮਿੱਠੇ ਭੋਜਨ ਝੋਲੀ ਵਿਚ ਪਾ ਕੇ, ਸੁੰਦਰ ਬਸਤਰ ਨਾਲ ਲੈ ਕੇ ਭਾਈ ਮਰਦਾਨਾ ਜੀ ਦੇ ਪਿੱਛੇ-ਪਿੱਛੇ ਚੱਲ ਪਏ ਅਤੇ ਗੁਰੂ ਸਾਹਿਬ ਕੋਲ ਪਹੁੰਚ ਗਏ। ਦੂਰੋਂ ਹੀ ਮਾਤਾ ਤ੍ਰਿਪਤਾ ਜੀ ਨੂੰ ਆਉਂਦਿਆਂ ਦੇਖ ਕੇ ਸ੍ਰੀ ਗੁਰੂ ਨਾਨਕ ਦੇਵ ਜੀ ਉੱਠ ਖੜ੍ਹੇ ਹੋਏ ਅਤੇ ਮਾਤਾ ਜੀ ਦੇ ਚਰਨਾਂ 'ਤੇ ਸਿਰ ਧਰ ਕੇ ਮੱਥਾ ਟੇਕਿਆ। ਲੰਮੇ ਸਮੇਂ ਦੇ ਵਿਛੋੜੇ ਬਾਅਦ ਆਪਣੇ ਲਾਡਲੇ ਸਪੁੱਤਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਦੇਖ ਕੇ ਮਾਤਾ ਤ੍ਰਿਪਤਾ ਜੀ ਦੀਆਂ ਅੱਖਾਂ ਵਿੱਚੋਂ ਹੰਝੂਆਂ ਦਾ ਮੀਂਹ ਵਰ੍ਹ ਆਇਆ। ਖੁਸ਼ੀ ਵਿਚ ਵੈਰਾਗ ਕਰਦਿਆਂ ਆਪਣੇ ਸਪੁੱਤਰ ਦੇ ਮੱਥੇ ਨੂੰ ਚੁੰਮਦਿਆਂ ਮਾਤਾ ਤ੍ਰਿਪਤਾ ਜੀ ਫੁੱਲੇ ਨਹੀਂ ਸੀ ਸਮਾ ਰਹੇ:

ਚਤੁਰ ਘਟੀ ਬੈਠਯੋ ਮਰਦਾਨਾ॥ ਪੁਨ ਉਠਿ ਚਲਯੋ ਪ੍ਰਭੂ ਜਿਹ ਥਾਨਾ॥

ਤਬਿ ਤ੍ਰਿਪਤਾ ਉਰ ਧੀਰਜ ਧਰਿਕੈ॥ ਇਸ ਬਿਲੋਕਿ ਉਰ ਰਹੀ ਬਿਚਰਿਕੈ॥13॥

— ਵਹਿਰ ਚਲਯੋ ਉਠਿ ਤੂਰਨ ਜਹਿੰਵਾ॥ ਹੋਇ ਆਤਮਜ ਮੇਰੋ ਤਹਿੰਵਾ॥

ਬਹੁ ਦਿਨ ਬਿਤੇ ਅਯੋ ਘਰ ਮਾਂਹੀ॥ ਬਾਸੁਰ ਰਹਯੋ ਏਕ ਭੀ ਨਾਂਹੀ—॥14॥

ਇਸ ਬਿਧਿ ਜਨਨੀ ਮਨ ਗੁਨਤਿ ਮਧੁਰ ਅਸਨ ਲੇ ਓਲ॥

ਤੂਰਨ ਗਵਨੀ ਧਾਇ ਕਰਿ ਲੀਨੇ ਰੁਚਿਰ ਨਿਚੋਲ॥

ਮਿਲੀ ਗੈਲ ਮੈਂ ਜਹਿਂ ਮਰਦਾਨਾ॥ ਆਤੁਰ ਹ੍ਵੈ ਕਰਿ ਬਚਨ ਬਖਾਨਾ॥

'ਸੁਤ ਨਾਨਕ ਸੋਂ ਮੇਲਹੁ ਮੋਂ ਕੋ॥ ਸੁਧ ਮਰਦਾਨੇ ਹੈ ਕਹੁ ਤੋ ਕੋ॥

ਬਹੁਤ ਬਰਖ ਭੇ ਦੇਖਯੋ ਨਾਂਹੀ॥ ਮੋਹ ਬਢਯੋ ਅਤਿਸ਼ੈ ਮਨ ਮਾਂਹੀ'॥

ਸੁਨਿ ਮਰਦਾਨੇ ਤੂਸ਼ਨ ਕੀਨੰ॥ ਗੁਰ ਭੈ ਲਖਯੋ, ਨ ਉੱਤਰ ਦੀਨੰ॥

ਜਨਨੀ ਜਾਨਿ ਗਈ ਤਿੰਹ ਬਾਤਾ॥ ਚਲੀ ਤਬਹਿ ਤਿਹ ਕੇ ਪਸ਼ਚਾਤਾ॥

ਜਹਿਂ ਬੈਠੇ ਬੇਦੀ ਕੁਲਦੀਪਾ॥ ਪਹੁੰਚਤਿ ਭੇ ਤਿਹ ਕੂਪ ਸਮੀਪਾ॥

ਮਾਤ ਬਿਲੋਕੀ ਦੂਰ ਤੇ ਤੂਰਨ ਉਠਿ ਸੁਖਦਾਇ॥

ਚਰਨ ਬੰਦਨਾ ਸੀਸ ਧਰਿ ਕੀਨੀ ਆਗੈ ਆਇ॥

ਕੌਰੀ ਭਰਿ ਨਾਨਕ ਕੋ ਜਨਨੀ॥ ਰੋਦਨ ਕਰਤਿ ਨ ਜਾਇ ਗਨਨੀ॥

ਚਲਯੋ ਬਿਲੋਚਨ ਤੇ ਬਹੁ ਨੀਰੰ॥ ਸੁਤ ਬਿਰਹਾਨਲ ਜਨੁ ਕਰਿ ਸੀਰੰ॥

ਅਸ਼੍ਰੁ ਪਾਤਿ ਸੋਂ ਬਸਤ੍ਰ ਭਿਗੋਏ॥ ਜੋ ਦੇਖਤਿ ਸੋ ਗਦਗਦ ਹੋਏ॥

ਕੌਰੀ ਤੇ ਸੁਤ ਕੋ ਨਹਿਂ ਤਜਈ॥ ਅਧਿਕ ਬਿਰਹੁ ਤੇ ਮਿਲਤਿ ਨ ਰਜਈ॥...

ਜਦੋਂ ਮਹਿਤਾ ਕਾਲੂ ਜੀ ਨੂੰ ਗੁਰੂ ਨਾਨਕ ਸਾਹਿਬ ਜੀ ਦੇ ਤਲਵੰਡੀ ਵਿਖੇ ਆਉਣ ਦੀ ਖ਼ਬਰ ਮਿਲੀ ਤਾਂ ਉਹ ਵੀ ਉਸੇ ਵਕਤ ਘੋੜੇ 'ਤੇ ਸਵਾਰ ਹੋ ਕੇ ਗੁਰੂ ਜੀ ਕੋਲ ਆ ਗਏ। ਜਿੱਥੇ ਗੁਰੂ ਨਾਨਕ ਸਾਹਿਬ ਨੇ ਆਪਣੇ ਪਿਤਾ ਨੂੰ ਦੇਖ ਚਰਨ-ਬੰਦਨਾ ਕੀਤੀ, ਉੱਥੇ ਪਿਤਾ ਜੀ ਨੇ ਵੀ ਸਪੁੱਤਰ ਨੂੰ ਪ੍ਰੇਮ-ਪੂਰਵਕ ਗਲੇ ਲਗਾਇਆ:

ਜਬ ਕਾਲੂ ਨੈ ਸੁਧ ਇਉਂ ਪਾਈ॥ 'ਬੈਸਯੋ ਵਹਿਰ ਤਾਤ ਮਮ ਆਈ'॥

ਤਤਛਿਨ ਜ਼ੀਨ ਤੁਰੰਗਨਿ ਪਾਵਾ॥ ਹ੍ਵੈ ਅਰੂਢ ਤੂਰਨ ਤਬ ਆਵਾ॥

ਪਿਤਾ ਬਿਲੋਕਿ ਉਠੇ ਦੁਖਕੰਦਨ॥ ਪਦ ਅਰਬਿੰਦ ਕਰਤਿ ਭੇ ਬੰਦਨ॥

ਬੜਵਾ ਤੇ ਉਤਰਯੋ ਤਤਕਾਲਾ॥ ਗਰ ਸੋਂ ਲਾਯੋ ਪ੍ਰੇਮ ਬਿਸਾਲਾ॥...

ਮਾਤਾ ਤ੍ਰਿਪਤਾ ਜੀ ਆਪਣੇ ਸਪੁੱਤਰ ਤੋਂ ਕੁਰਬਾਨ ਜਾਂਦੇ ਹੋਏ ਕਹਿੰਦੇ ਹਨ ਕਿ "ਪੁੱਤਰ! ਤੂੰ ਸਾਡਾ ਇਕਲੌਤਾ ਪੁੱਤਰ ਹੈਂ। ਤੇਰੇ ਤੋਂ ਬਿਨਾਂ ਸਾਡਾ ਹੋਰ ਕੋਈ ਵੀ ਨਹੀਂ ਹੈ। ਤੁਸਾਂ ਵੀ ਫਕੀਰੀ ਧਾਰਨ ਕਰ ਲਈ ਹੈ। ਅਸੀਂ ਸਦਾ ਤੁਹਾਨੂੰ ਮਿਲਣ ਲਈ ਝੂਰਦੇ ਰਹਿੰਦੇ ਹਾਂ।" ਉਪਰੰਤ ਮਾਤਾ ਤ੍ਰਿਪਤਾ ਜੀ ਨੇ ਸਪੁੱਤਰ ਅੱਗੇ ਮਿੱਠੇ ਪਕਵਾਨ ਰੱਖ ਕੇ ਆਪਣੀ ਖੁਸ਼ੀ ਲਈ ਖਾਣ ਲਈ ਪ੍ਰੇਰਿਤ ਕੀਤਾ ਅਤੇ ਕਿਹਾ ਕਿ "ਪੁੱਤਰ ਜੀ! ਤੁਹਾਨੂੰ ਫਕੀਰੀ ਬਾਣਾ ਨਹੀਂ ਸ਼ੋਭਦਾ। ਮੇਰੇ ਮਨ ਵਿਚ ਹੋਰ ਕਿਸੇ ਪ੍ਰਕਾਰ ਦਾ ਕੋਈ ਮੋਹ ਨਹੀਂ ਹੈ। ਤੁਸੀਂ ਘਰ ਚੱਲ ਕੇ ਆਪਣੇ ਪਰਵਾਰ ਨੂੰ ਮਿਲੋ।"

ਦਰਸ਼ਨ ਦੀਨੋ ਆਨਿਕੈ ਮੋ ਕੇ ਕੀਓ ਨਿਹਾਲ॥

ਨਿਸ ਬਾਸੁਰ ਤਵ ਹੇਤ ਤੇ ਚਿੰਤਾਤੁਰ ਬੇਹਾਲ॥

ਇਕ ਸੁਤ ਹਮਰੈ ਦੂਜੋ ਨਾਂਹੀ॥ ਘਰ ਤਜਿ ਰਲਯੋ ਫਕੀਰਨ ਮਾਂਹੀ।

ਭਏ ਅਧੀਰ ਬਿਸੂਰਤਿ ਸਦਾ॥ ਅਭਿਲਾਖਤਿ ਦਰਸ਼ਨ ਹ੍ਵੈ ਕਦਾ॥..

ਅੱਗ੍ਰਜ ਸ਼੍ਰੀ ਨਾਨਕ ਤਬੈ ਧਰਿ ਕਰਿ ਮਧੁਰ ਅਹਾਰ॥

'ਖਾਹੁ ਤਾਤ!' ਮਾਤਾ ਕਹੈ 'ਹ੍ਵੈ ਮੁਝ ਹਰਖ ਅਪਾਰ'॥...

ਨਾਂਹੀ ਸੋਹਤਿ ਇਹਿ ਤੁਝ ਤਾਈਂ॥ ਮਾਨਹੁ ਕਹਯੋ ਮਾਤ ਬਲਿ ਜਾਈ॥

ਸੰਤ ਸੁਭਾਇ ਤੁਮਾਰ ਸਦੀਵਾ॥ ਜਨੁ ਬਡਿਆਈ ਕੇ ਭਲਿ ਸੀਵਾ॥...

ਸੁਨਿ ਕਾਲੂ ਤਬ ਤੂਸ਼ਨ ਠਾਨੀ॥ ਹਿਤ ਕਰਿ ਤ੍ਰਿਪਤਾ ਬੋਲੀ ਬਾਨੀ।

'ਸੁਨਿ ਸੁਤ! ਰਿਦੇ ਮੋਹ ਤਵ ਨਾਂਹੀ॥ ਮਿਲਹੁ ਕੁਟੰਬ ਚਲਹੁ ਘਰ ਮਾਂਹੀ॥..

ਮਾਤਾ ਤ੍ਰਿਪਤਾ ਜੀ ਦੀ ਬੇਨਤੀ ਸੁਣ ਗੁਰੂ ਨਾਨਕ ਸਾਹਿਬ ਨੇ ਬਚਨ ਕੀਤੇ ਕਿ ਉਹ ਅਜੇ ਘਰ ਨਹੀਂ ਜਾ ਸਕਦੇ। ਉਹ ਦੇਸ਼ਾਂ-ਪ੍ਰਦੇਸ਼ਾਂ ਤੋਂ ਹੋ ਕੇ ਹੀ ਘਰ ਆਉਣਗੇ। ਇਨ੍ਹਾਂ ਬਚਨਾਂ ਉਪਰੰਤ ਪਿਤਾ ਕਾਲੂ ਜੀ ਤਾਂ ਚੁੱਪ ਕਰ ਰਹੇ, ਪਰ ਮਾਤਾ ਜੀ ਹਠ ਕਰਦਿਆਂ ਕਿਹਾ "ਪੁੱਤਰ ਜੀ! ਤੁਹਾਡਾ ਤਾਂ ਸਾਧੂ ਸੁਭਾਅ ਹੈ। ਸਾਡਾ ਕਹਿਣ ਮੰਨੋ ਅਤੇ ਘਰ ਚੱਲੋ। ਸਾਡੀਆਂ ਅੱਖਾਂ ਸਾਹਮਣੇ ਜ਼ਿੰਦਗੀ ਗੁਜ਼ਾਰੋ। ਸਾਡੀ ਤਾਂ ਸਾਰੀ ਉਮਰ ਹੀ ਤੁਹਾਡੇ ਨਾਲ ਵਿਛੋੜੇ ਵਿਚ ਹੀ ਲੰਘ ਗਈ ਹੈ। ਅਸੀਂ ਰਾਤ-ਦਿਨ ਤੁਹਾਨੂੰ ਮਿਲਣ ਦੀ ਸਿੱਕ ਵਿਚ ਹੀ ਗੁਜ਼ਾਰਦੇ ਹਾਂ।" ਮਾਤਾ ਤ੍ਰਿਪਤਾ ਜੀ ਦਾ ਹਠ ਦੇਖ ਕੇ ਗੁਰੂ ਨਾਨਕ ਸਾਹਿਬ ਜੀ, ਉਨ੍ਹਾਂ ਦੇ ਨਾਲ ਘਰ ਨੂੰ ਚੱਲ ਪਏ:

'ਸੁਨਿ ਜਨਨੀ! ਮਮ ਬਚਨ ਕੋ ਅਬ ਲੌ ਰਿਦਾ ਉਦਾਸ॥

ਦੇਸ਼ ਬਿਦੇਸ਼ ਬਿਲੋਕਿ ਕੈ ਬਹੁਰੋ ਆਇੰ ਅਵਾਸ'॥...

ਸੁਨਿ ਕਾਲੂ ਤਬ ਤੂਸ਼ਨਿ ਕੀਨੰ॥ ਪੁਨ ਜਨਨੀ ਕਹਿ ਹ੍ਵੈ ਮਨਦੀਨੰ॥

'ਸੰਤ ਸੁਭਾਇ ਅਹੈ ਸੁਤ! ਥੇਰਾ॥ ਅਬਿ ਕੇ ਬਚਨ ਮਾਨਿਯੇ ਮੇਰਾ॥

ਸਦਨ ਬਿਖੇ ਕੋ ਦਿਨ ਚਲਿ ਰਹਿਯੇ॥ ਗਮਨ ਕਰਨ ਕੋ ਹਠ ਨਹਿਂ ਗਹਿਯੇ॥

ਪੂਰਨ ਕਰਿ ਅਭਿਲਾਖ ਹਮਾਰੀ॥ ਸਮਾ ਬਿਤਾਵਹ ਦ੍ਰਿਸ਼੍ਰਿ ਅਗਾਰੀ॥

ਤੁਝ ਬਿਲੋਕਿ ਮੈਂ ਨਹੀਂ ਘਾਈ॥ ਬਿਛੁਰੇ ਹੀ ਸਭਿ ਬੈਸ ਬਿਤਾਈ॥

ਬ੍ਰਿੱਧ ਭਈ ਮਨ ਬਹੁ ਲਲਚਾਵਾ॥ ਅਭਿਲਾਖਤਿ ਨਿਸ ਦਿਵਸ ਬਿਤਾਵਾ॥

ਸੁਨਿ ਜਨਨੀ ਕੀ ਇਸ ਬਿਧਿ ਬਾਨੀ॥ ਦਯਾਧਾਰਿ ਸ਼੍ਰੀ ਨਾਨਕ ਮਾਨੀ॥

ਤਹਿੰਤੇ ਉਠਿ ਗਮਨੇ ਤਿਨ ਸੰਗਾ॥ ਸਭਿ ਕੇ ਉਰ ਭਾ ਹਰਖ ਉਮੰਗਾ॥...

ਪਿਤਾ ਮਹਿਤਾ ਕਾਲੂ ਜੀ ਵੀ ਗੁਰੂ ਨਾਨਕ ਸਾਹਿਬ ਜੀ ਦੇ ਘਰ ਆਉਣ 'ਤੇ ਖੁਸ਼ ਹੋਏ। ਉਹ ਗੁਰੂ ਨਾਨਕ ਸਾਹਿਬ ਨੂੰ ਕਹਿਣ ਲੱਗੇ ਕਿ "ਅੱਖਾਂ ਸਾਹਮਣੇ ਰਹਿਣ ਨਾਲ ਤੁਹਾਡੀ ਮਾਤਾ ਸੁਖੀ ਰਹੇਗੀ। ਹੁਣ ਤੁਸੀਂ ਆਪਣੀ ਪਤਨੀ ਅਤੇ ਬੱਚਿਆਂ ਨੂੰ ਵੀ ਇੱਥੇ ਹੀ ਮੰਗਵਾ ਲਵੋ ਅਤੇ ਸਾਰੇ ਪਰਵਾਰ ਦੀ ਪਿਆਰ ਨਾਲ ਪਾਲਣਾ ਕਰੋ" ਪਿਤਾ ਮਹਿਤਾ ਕਾਲੂ ਜੀ ਨੇ ਬਹੁਤ ਹੀ ਪ੍ਰੇਮ ਅਤੇ ਸ਼ਰਧਾ ਨਾਲ ਕਿਹਾ ਕਿ "ਮੈਂ ਤੁਹਾਨੂੰ ਸਿਰਫ ਆਪਣਾ ਸਪੁੱਤਰ ਹੀ ਸਮਝਦਾ ਰਿਹਾ ਹਾਂ, ਪਰ ਹੁਣ ਮੈਨੂੰ ਨਿਸ਼ਚਾ ਹੋ ਗਿਆ ਹੈ ਕਿ ਤੁਸੀਂ ਮਹਾਂਪੁਰਖ ਅਤੇ ਗਰੀਬਾਂ ਉੱਪਰ ਦਇਆ ਕਰਨ ਵਾਲੇ ਹੋ, ਇਸ ਲਈ ਮੈਨੂੰ ਵੀ ਗਿਆਨ ਦੀ ਬਖ਼ਸ਼ਿਸ਼ ਕਰੋ।" ਗੁਰੂ ਨਾਨਕ ਸਾਹਿਬ ਨੇ ਕਿਹਾ, "ਹੇ ਪਿਤਾ ਜੀ! ਸਾਰਿਆਂ ਵਿਚ ਇਕ ਹੀ ਪਰਮਾਤਮਾ ਸਰਬ ਵਿਆਪਕ ਹੈ। ਸਾਰਿਆਂ ਵਿਚ ਉਸ ਪ੍ਰਭੂ ਨੂੰ ਹੀ ਦੇਖਣਾ-ਸਮਝਣਾ ਚਾਹੀਦਾ ਹੈ।" ਗੁਰੂ ਜੀ ਦੇ ਇਨ੍ਹਾਂ ਸੁੰਦਰ ਬਚਨਾਂ ਨੂੰ ਸੁਣ ਕੇ ਪਿਤਾ ਮਹਿਤਾ ਕਾਲੂ ਜੀ ਨੇ ਜਗਤ ਦੇ ਸਾਰੇ ਜੰਜਾਲ ਛੱਡ ਦਿੱਤੇ। ਉਨ੍ਹਾਂ ਦਾ ਮੋਹ-ਅਗਿਆਨਤਾ ਦਾ ਹਨ੍ਹੇਰਾ ਦੂਰ ਹੋ ਗਿਆ:

ਰਹਿਯੇ ਹਮਰੀ ਦ੍ਰਿਸ਼ਟਿ ਅਗਾਰੀ॥ ਸੁਖੀ ਰਹੈ ਤਵ ਪਿਖਿ ਮਹਿਤਾਰੀ॥

ਨਿਜ ਸੁਤ ਇਸਤ੍ਰੀ ਲੇਹੁ ਮੰਗਾਈ॥ ਕਰਿ ਪ੍ਰਤਿਪਾਲ ਸਭਿਨਿ ਹਿਤ ਲਾਈ॥...

ਬੋਲਯੋ ਕਰਿਕੈ ਭਾਉ ਘਨੇਰਾ॥ 'ਮੈਂ ਜਾਨਤਿ ਰਹਿਓ ਸੁਤ ਮੇਰਾ॥

ਮਾਂ ਪੁਰਖ ਤੁਮ ਦੀਨਦਯਾਲਾ॥ ਮੁਝ ਉਰ ਦੀਜੈ ਗਯਾਨ ਬਿਸਾਲਾ॥...

ਹੇ ਪਿਤ! ਇਕ ਪਰਮਾਤਮਾ ਸਾਰੇ॥ ਰਾਗ ਦ੍ਵੈਖ ਕਿਉਂ ਕਰਹੁ ਬਿਚਾਰੇ॥

ਅਪਰ ਕਲਪਨਾ ਤੇ ਮਨ ਰੋਕਹੁ॥ ਸਰਬ ਸਥਾਨ ਏਕ ਅਵਲੋਕਹੁ॥...

ਬਚਨਨ ਕੀ ਰਚਨਾ ਸੁਨਿ ਕਾਲੂ॥ ਤੁਜੇ ਬਾਰ ਇਕ ਜਗਤ ਜੰਜਾਲੂ॥

ਨਿਰਮਲ ਮਨ ਹ੍ਵੈ ਸਿਮਰਨ ਲਾਗਾ॥ ਉਪਜਯੋ ਗਯਾਨ ਮੋਹ ਤਮ ਭਾਗਾ॥

'ਸ਼੍ਰੀ ਗੁਰ ਨਾਨਕ ਪ੍ਰਕਾਸ਼-ਉਤਰਾਰਧ' ਅਨੁਸਾਰ ਕਿਤਨੇ ਹੀ ਦਿਨ ਜਦੋਂ ਹੋਰ ਬੀਤ ਗਏ ਤਾਂ ਉਸ ਵੇਲੇ ਮਹਿਤਾ ਕਾਲੂ ਜੀ ਦਾ ਅੰਤਿਮ ਸਮਾਂ ਆ ਗਿਆ। ਜਿਵੇਂ ਹਾਥੀ ਫੁੱਲਾਂ ਦੀ ਮਾਲਾ ਸੌਖਿਆਂ ਹੀ ਸੁੱਟ ਦਿੰਦਾ ਹੈ, ਤਿਵੇਂ ਸਰੀਰ ਤਿਆਗ ਕੇ ਮਹਿਤਾ ਕਾਲੂ ਜੀ ਬੈਕੁੰਠ ਨੂੰ ਚਲੇ ਗਏ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਹੁਤ ਸ੍ਰੇਸ਼ਟ (ਗੁਰਮਤਿ) ਰੀਤੀ ਨਾਲ ਪਿਤਾ ਜੀ ਦੇ ਸਰੀਰ ਦਾ ਦਾਹ ਸਸਕਾਰ ਕਰ ਦਿੱਤਾ। ਉਸ ਦੇ ਕੁਝ ਹੀ ਦਿਨਾਂ ਮਗਰੋਂ ਮਾਤਾ ਤ੍ਰਿਪਤਾ ਜੀ ਨੇ ਵੀ ਆਪਣਾ ਸਰੀਰ ਭਲੀ-ਪ੍ਰਕਾਰ ਤਿਆਗ ਦਿੱਤਾ। ਉਨ੍ਹਾਂ ਦਾ ਸਸਕਾਰ ਵੀ ਉੱਤਮ (ਗੁਰਮਤਿ) ਢੰਗ ਨਾਲ ਕੀਤਾ:

ਕਿਤਿਕ ਦਿਵਸ ਜਬ ਬਹੁਰ ਬਿਤਾਏ॥ ਅੰਤ ਸਮਾਂ ਪਹੁੰਚਯੋ ਤਬ ਆਏ॥

ਜਿਉਂ ਗਜ ਫੂਲ ਮਾਲ ਕੋ ਡਾਰੇ॥ ਤਿਉਂ ਤਨ ਤਜਿ ਬੈਕੁੰਠ ਪਧਾਰੇ॥

ਸ਼੍ਰੀ ਨਾਨਕ ਉੱਤਮ ਬਿਧਿ ਸੰਗਾ॥ ਪਿਤ ਕੋ ਦਾਹ ਕੀਯੋ ਸਰਬੰਗਾ॥

ਕਿਤਿਕ ਦਿਵਸ ਤਿਹ ਕੇ ਪਸ਼ਚਾਤੀ॥ ਤ੍ਰਿਪਤਾ ਤਜੀ ਦੇਹਿ ਸ਼ੁਭ ਭਾਂਤੀ॥

ਤਿਹ ਕੋ ਦਾਹ ਕੀਨ ਸ਼ੁਭ ਰੀਤੀ॥ ਗੀ ਬਿਕੁੰਠ ਕਰਤਯੋ ਸੁਤ ਪ੍ਰੀਤੀ॥

ਸਰਬ ਦਰਬ ਜੇਤੋ ਘਰ ਬਾਰਾ॥ ਦਯੋ ਅਤਿੱਥਿਨ ਕੋ ਸੁਖਕਾਰਾ॥

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਮਾਤਾ ਤ੍ਰਿਪਤਾ ਜੀ ਆਪਣੇ ਜੀਵਨ-ਕਾਲ ਵਿਚ ਇਕ ਸੰਸਕਾਰੀ ਧੀ, ਨੂੰਹ, ਪਤਨੀ ਅਤੇ ਆਪਣੀ ਸੰਤਾਨ ਨੂੰ ਪਿਆਰ ਕਰਨ ਵਾਲੀ ਮਾਂ ਬਣਨ ਦੇ ਨਾਲ-ਨਾਲ ਦਿਆਲੂ ਅਤੇ ਜ਼ਿੰਮੇਵਾਰ ਸੱਸ ਤੇ ਦਾਦੀ ਦੀ ਜ਼ਿੰਮੇਵਾਰੀ ਨੂੰ ਬਹੁਤ ਹੀ ਖ਼ੂਬਸੂਰਤੀ ਨਾਲ ਨਿਭਾਉਂਦੇ ਹੋਏ ਇਸ ਨਾਸ਼ਮਾਨ ਸੰਸਾਰ ਨੂੰ ਅਲਵਿਦਾ ਕਹਿ ਗਏ।

ਮਨਮੋਹਨ ਕੌਰ

ਇੰਚਾਰਜ (ਮਾਸਿਕ ਪੱਤਰ ਗੁਰਮਤਿ ਪ੍ਰਕਾਸ਼, ਗੁਰਮਤਿ ਗਿਆਨ)

ਧਰਮ ਪ੍ਰਚਾਰ ਕਮੇਟੀ, (ਸ਼੍ਰੋਮਣੀ ਗੁ: ਪ੍ਰ: ਕਮੇਟੀ)

ਸ੍ਰੀ ਅੰਮ੍ਰਿਤਸਰ ਸਾਹਿਬ।

ਸੰਪਰਕ: 98148-98124

# ਗੁਰੂ ਨਾਨਕ ਬਾਣੀ ਵਿਚ ਪ੍ਰਾਪਤ ਕਿਰਤ ਸਿਧਾਂਤ ਅਤੇ ਇੱਕੀਵੀਂ ਸਦੀ

ਕਿਰਤ ਕਰਤਾਰੀ ਗੁਣ ਹੈ।ਇਹ ਅਕਾਲ ਪੁਰਖ ਦੀ ਅਮੋਲਕ ਬਖਸ਼ਿਸ਼ ਹੈ, ਜਿਸ ਨਾਲ ਮਨੁੱਖ ਵਿਕਾਸ ਦੀਆਂ ਉੱਚੀਆਂ ਮੰਜ਼ਿਲਾਂ ਨੂੰ ਛੂੰਹਦਾ ਹੋਇਆ, ਆਪਣੀ ਜੜ੍ਹ ਨਾਲ ਜੁੜਿਆ ਰਹਿੰਦਾ ਹੈ। ਸਧਾਰਣ ਅਰਥਾਂ ਵਿੱਚ ਤਾਂ ਕਿਰਤ ਨੂੰ ਕੰਮ ਕਰਨ ਤੱਕ ਸੀਮਿਤ ਕੀਤਾ ਜਾ ਸਕਦਾ ਹੈ, ਪਰ ਇਸ ਦੇ ਵਿਸ਼ਲੇਸ਼ਣ ਦੌਰਾਨ ਕਿਰਤ ਦੇ ਸਿਧਾਂਤ ਦਾ ਵਿਸ਼ਾਲ ਪ੍ਰਸਾਰ ਸਾਡੇ ਸਾਹਮਣੇ ਆਉਂਦਾ ਹੈ। ਕਿਰਤ ਦਾ ਸਿਧਾਂਤ ਮਨੁੱਖੀ ਜੀਵਨ ਦਾ ਆਧਾਰ ਹੈ। ਭਾਈ ਕਾਨ੍ਹ ਸਿੰਘ ਨਾਭਾ ਕਿਰਤ ਦਾ ਅਰਥ ਕਰਮ, ਕੰਮ, ਮਿਹਨਤ ਅਤੇ ਘਾਲ ਕਰਦੇ ਹਨ।[1] ਮਨੁੱਖ ਦੁਆਰਾ ਕਿਸੇ ਕੰਮ ਦਾ ਹੋਣਾ, ਕਰਨਾ ਜਾਂ ਵਾਪਰਨਾ ਕਿਰਤ ਹੈ। ਕਿਰਤ ਦੀ ਪਰਿਭਾਸ਼ਾ ਸਮੇਂ ਸਮੇਂ ਨਾਲ ਬਦਲਦੀ ਰਹਿੰਦੀ ਹੈ। ਅਜੋਕੇ ਸਮੇਂ ਵਿੱਚ ਮਨੁੱਖ ਦੁਆਰਾ ਹੀ ਨਹੀਂ, ਮਨੁੱਖੀ ਪ੍ਰਭਾਵ ਹੇਠ ਕਿਸੇ ਕੰਮ ਦੇ ਹੋਣ ਜਾਂ ਵਾਪਰਨ ਨੂੰ ਕਿਰਤ ਕਿਹਾ ਜਾਂਦਾ ਹੈ। ਕਿਰਤ ਵਿੱਚ ਮਨੁੱਖ ਦਾ ਆਪਾ ਸ਼ਾਮਿਲ ਹੋਣਾ ਜ਼ਰੂਰੀ ਹੈ। ਜਿਸ ਦੀ ਅਜੋਕੇ ਸਮੇਂ ਵਿੱਚ ਮਹੱਤਤਾ ਖ਼ਤਮ ਹੁੰਦੀ ਦਿਖਾਈ ਦੇ ਰਹੀ ਹੈ। ਕਿਰਤ ਮਨੁੱਖ ਦੇ ਅੰਦਰ ਤੱਕ ਉਸ ਨਾਲ ਜੁੜੀ ਹੋਈ ਹੈ। ਕਿਰਤ ਤੋਂ ਸੱਖਣਾ ਮਨੁੱਖ ਆਪਣੇ ਆਪ ਨੂੰ ਖੋਹ ਬੈਠਦਾ ਹੈ। ਕਿਰਤ ਮਾਨਸਿਕ, ਸਮਾਜਿਕ, ਆਰਥਿਕ ਅਤੇ ਧਾਰਮਿਕ ਆਦਿ ਖੇਤਰਾਂ ਨੂੰ ਪ੍ਰਭਾਵਿਤ ਕਰਦੀ ਹੈ। ਮਨੁੱਖ ਅਤੇ ਕਿਰਤ ਦਾ ਸੁਮੇਲ ਹੀ ਉੱਤਮ ਜੀਵਨ ਦਾ ਆਧਾਰ ਹੈ।

ਗੁਰੂ ਨਾਨਕ ਸਾਹਿਬ ਦਾ ਉਦੇਸ਼ ਉੱਚਤਮ ਮਨੁੱਖੀ ਜੀਵਨ ਦਾ ਆਦਰਸ਼ ਪ੍ਰਚਾਰਣਾ ਸੀ। ਉਹਨਾਂ ਨੇ ਇਕ ਆਦਰਸ਼ਿਕ ਸਮਾਜ ਦੀ ਸਿਰਜਣਾ ਲਈ ਸੰਕਲਪ ਲਿਆ ਅਤੇ ਉਸ ਦੀ ਪੂਰਤੀ ਲਈ ਆਪਣਾ ਸਮੁੱਚਾ ਜੀਵਨ ਸਮਰਪਿਤ ਕਰ ਦਿੱਤਾ। ਪੰਦਰਵੀਂ ਸਦੀ ਦਾ ਸਮਾਜ ਜੋ ਭ੍ਰਿਸ਼ਟਾਚਾਰੀ, ਪਾਖੰਡ ਅਤੇ ਝੂਠ-ਫਰੇਬ ਵਿੱਚ ਘਿਰਿਆ ਹੋਇਆ ਸੀ ਨੂੰ ਸੋਧ ਕੇ ਉੱਚਤਮ ਬਣਾਉਣ ਦਾ ਟੀਚਾ ਅਪਣਾਇਆ।(ਚੜਿਆ ਸੋਧਣ ਧਰਤ ਲੁਕਾਈ।) ਗੁਰੂ ਸਾਹਿਬ ਨੇ ਘਰ ਛੱਡ ਜੰਗਲਾਂ ਅਤੇ ਪਹਾੜਾਂ ਨੂੰ ਮੰਜ਼ਿਲ ਮੰਨੀ ਬੈਠੇ ਸਿਧਾਂ ਜੋਗੀਆਂ ਨੂੰ ਘਰ ਦਾ ਰਾਹ ਦਿਖਾਇਆ। ਉਹਨਾਂ ਉੱਤਮ ਕਿਰਤ ਕਰਦੇ ਹੋਏ, ਸਮਾਜ ਵਿੱਚ ਰਹਿ ਕੇ ਮੁਕਤੀ ਪ੍ਰਾਪਤ ਕਰਨ ਦਾ ਪਾਠ ਪੜਾਇਆ। ਇਸ ਤਰ੍ਹਾਂ ਕਿਰਤ ਦਾ ਸਿਧਾਂਤ ਸਿੱਖ ਧਰਮ ਦਾ ਅਹਿਮ ਅੰਗ ਬਣ ਗਿਆ। ਹੱਥਲੇ ਪਰਚੇ ਵਿੱਚ ਗੁਰੂ ਨਾਨਕ ਸਾਹਿਬ ਜੀ ਦੇ ਕਿਰਤ ਸਿਧਾਂਤ ਦੀ ਵਿਆਖਿਆ ਕਰਦੇ ਹੋਏ, ਇੱਕੀਵੀਂ ਸਦੀ ਦੀ ਸਥਿਤੀ ਦਾ ਵਰਣਨ ਕੀਤਾ ਗਿਆ ਹੈ। ਜਿਸ ਵਿੱਚ ਕਿਰਤ ਤੋਂ ਹੀਣੀ ਹੋ ਰਹੀ ਇੱਕੀਵੀਂ ਸਦੀ ਦੇ ਦਰਪੇਸ਼ ਸਮੱਸਿਆਵਾਂ ਅਤੇ ਉਹਨਾਂ ਦਾ ਹੱਲ ਗੁਰੂ ਨਾਨਕ ਸਾਹਿਬ ਦੇ ਕਿਰਤ ਸਿਧਾਂਤ ਦੁਆਰਾ ਜਿਸ ਪ੍ਰਕਾਰ ਮਿਲਦਾ ਹੈ, ਉਸ ਦੀ ਵਿਆਖਿਆ ਕੀਤੀ ਗਈ ਹੈ।

## ਭਾਰਤੀ ਸਮਾਜ ਵਿਚ ਕਿਰਤ

ਭਾਰਤੀ ਸਮਾਜ ਦਾ ਸਰੂਪ ਅਤੇ ਪ੍ਰਬੰਧ ਜ਼ਿਆਦਾ ਧਰਮ ਦੇ ਪ੍ਰਭਾਵ ਹੇਠ ਹੀ ਰਿਹਾ। ਜਿਸ ਦੇ ਨਤੀਜੇ ਵਜੋਂ ਸਮਾਜਿਕ ਵਿਵਸਥਾ ਸਮੇਂ ਸਮੇਂ ਬਦਲਦੀ ਰਹੀ। ਸਨਾਤਨ ਧਰਮ ਦੀ ਵਿਚਾਰਧਾਰਾ ਨੇ ਇਥੋਂ ਦੇ ਸਮਾਜਿਕ ਪ੍ਰਬੰਧ ਨੂੰ ਸਿਰਜਿਆ। ਜਾਤ-ਪਾਤ ਅਤੇ ਆਸ਼ਰਮ ਵਿਵਸਥਾ ਨੇ ਕਿਰਤ ਦੇ ਸੰਕਲਪ ਨੂੰ ਅਨੇਕਾਂ ਜ਼ੰਜ਼ੀਰਾਂ ਵਿੱਚ ਜਕੜ ਦਿੱਤਾ। ਕਿਰਤ ਦੀ ਵੰਡ ਜਨਮ ਜਾਤ ਦੇ ਆਧਾਰ 'ਤੇ ਕੀਤੀ ਗਈ। ਜਿਸ ਦੇ ਨਤੀਜੇ ਵਜੋਂ ਮਨੁੱਖਤਾ ਵਿੱਚ ਵੰਡੀਆਂ ਪੈ ਗਈਆਂ। ਇਕ ਜਾਤ ਵੱਲੋਂ ਦੂਜੀ ਜਾਤ ਦਾ ਸ਼ੋਸ਼ਣ ਹੋਣਾ ਸੁਭਾਵਿਕ ਸੀ। ਇੱਥੋਂ ਦੀ ਆਸ਼ਰਮ ਵਿਵਸਥਾ ਨੇ ਮਨੁੱਖੀ

ਜੀਵਨ ਦੇ ਇਕ-ਚੌਥਾਈ ਹਿੱਸੇ ਨੂੰ ਕਿਰਤ ਕਰਨ ਦਾ ਅਧਿਕਾਰ ਦਿੱਤਾ। ਇਸ ਪ੍ਰਕਾਰ ਭਾਰਤੀ ਸਮਾਜ ਵਿੱਚ ਸਿਧਾਂ, ਨਾਥਾਂ, ਜੋਗੀਆਂ ਅਤੇ ਸੰਨਿਆਸੀਆਂ ਦੀ ਬਹੁਤਾਤ ਦੇਖਣ ਨੂੰ ਮਿਲਦੀ ਹੈ। ਜਿੰਨ੍ਹਾਂ ਨੇ ਕਿਰਤ ਨੂੰ ਤਿਆਗ ਆਪਣੇ ਆਪ ਨੂੰ ਸਮਾਜ ਨਾਲੋਂ ਤੋੜ ਲਿਆ। ਉਹ ਕਿਰਤੀ ਲੋਕਾਂ 'ਤੇ ਬੋਝ ਹੀ ਬਣਦੇ। ਮੰਗ ਕੇ ਖਾਣਾਂ ਤਾਂ ਉਹਨਾਂ ਦੀ ਫਿਤਰਤ ਬਣ ਗਈ, ਜਿਸ ਨੂੰ ਉਹਨਾਂ ਨੇ ਆਪਣੇ ਧਰਮ-ਕਰਮ ਦਾ ਅੰਗ ਬਣਾ ਲਿਆ।

ਮਖਟੂ ਹੋਇ ਕੈ ਕੰਨ ਪੜਾਏ॥
ਫਕਰੁ ਕਰੇ ਹੋਰੁ ਜਾਤਿ ਗਵਾਏ॥
ਗੁਰੁ ਪੀਰੁ ਸਦਾਏ ਮੰਗਣ ਜਾਇ॥
ਤਾ ਕੈ ਮੂਲਿ ਨ ਲਗੀਐ ਪਾਇ॥[2]

ਸਨਾਤਨ ਧਰਮ ਤੋਂ ਇਲਾਵਾ ਬੁੱਧ ਅਤੇ ਜੈਨ ਧਰਮ ਨੇ ਵੀ ਅਜਿਹਾ ਪਾਠ ਹੀ ਪੜ੍ਹਾਇਆ। ਲੋਕਾਂ ਨੂੰ ਅਹਿੰਸਾ ਦਾ ਮਾਰਗ ਦਿਖਾਉਂਦਾ ਹੋਇਆ ਜੈਨ ਧਰਮ ਹਨ੍ਹੇਰ ਕੋਠਰੀ ਵਿੱਚ ਲੈ ਗਿਆ। ਗੁਰੂ ਨਾਨਕ ਦੇਵ ਜੀ ਆਪਣੀ ਬਾਣੀ ਵਿੱਚ ਜੈਨੀ ਸਾਧੂਆਂ ਦੁਆਰਾ ਕੀਤੇ ਜਾਂਦੇ ਭੇਖਾਂ ਦੀ ਬਾਖ਼ੂਬੀ ਪੇਸ਼ਕਾਰੀ ਕਰਦੇ ਹੋਏ ਦੱਸਦੇ ਹਨ ਕਿ ਕਿਸ ਪ੍ਰਕਾਰ ਉਹ ਆਪਣੇ ਪੁਰਖਿਆਂ ਦੇ ਸਿਧਾਂਤ ਨੂੰ ਤਿਲਾਂਜਲੀ ਦੇ ਕੇ ਕੁਰਾਹੇ ਪੈ ਗਏ ਹਨ, ਜਿਸ ਦਾ ਨਤੀਜਾ ਉਹਨਾਂ ਦਾ ਪਰਿਵਾਰ ਰੋ ਰੋ ਕੇ ਭੁਗਤ ਰਿਹਾ ਹੈ।

ਸਿਰੁ ਖੋਹਾਇ ਪੀਅਹਿ ਮਲਵਾਣੀ ਜੂਠਾ ਮੰਗਿ ਮੰਗਿ ਖਾਹੀ॥
ਫੋਲ ਫਦੀਹਤਿ ਮੁਹਿ ਲੈਨਿ ਭੜਾਸਾ ਪਾਣੀ ਦੇਖਿ ਸਗਾਹੀ॥
ਭੇਡਾ ਵਾਗੀ ਸਿਰੁ ਖੋਹਾਇਨਿ ਭਰੀਅਨਿ ਹਥੁ ਸੁਆਹੀ॥
ਮਾਊ ਪੀਊ ਕਿਰਤੁ ਗਵਾਇਨਿ ਟਬਰ ਰੋਵਨਿ ਧਾਹੀ॥[3]

ਬੁੱਧ ਧਰਮ ਨੇ ਵੀ ਕਿਰਤੀ ਮਨੁੱਖ ਦੀ ਥਾਂ ਘਰ ਬਾਰ ਤਿਆਗ ਕੇ ਕਿਰਤ ਨੂੰ ਛੱਡਣ ਵਾਲਿਆਂ ਭਿਖੂਆਂ ਨੂੰ ਹੀ ਪੈਦਾ ਕੀਤਾ। ਇਸ ਪ੍ਰਕਾਰ ਭਾਰਤੀ ਸਮਾਜ ਵਿੱਚ ਕਿਰਤ ਸਿਧਾਂਤ ਹਮੇਸ਼ਾਂ ਹੀ ਕਿਨਾਰੇ ਤੇ ਰਿਹਾ। ਇੱਥੋ ਦੇ ਲੋਕਾਂ ਵਿੱਚ ਕਿਰਤ ਤੋਂ ਭੱਜਣ ਦੀ ਪ੍ਰਵਿਰਤੀ ਹਮੇਸ਼ਾਂ ਹੀ ਹਾਵੀ ਰਹੀ। ਅਜਿਹੀ ਸਮਾਜਿਕ ਸਥਿਤੀ ਅਤੇ ਧਾਰਮਿਕ ਪ੍ਰਭਾਵ ਵਿੱਚ ਸਿੱਖ ਧਰਮ ਇਨਕਲਾਬੀ ਪਰਿਵਰਤਨ ਲਿਆਉਂਦਾ ਹੈ।

## ਸਿੱਖ ਧਰਮ ਅਤੇ ਕਿਰਤ

ਸਾਡਾ ਸਮੁੱਚਾ ਆਲਾ ਦੁਆਲਾ ਵੱਡੇ ਵੱਡੇ ਪਹਾੜ, ਨਦੀਆਂ, ਸਮੁੰਦਰ, ਜੰਗਲ, ਚਮਕਦੇ ਤਾਰੇ, ਮਹਿਕਦੀ ਹੋਈ ਬਨਸਪਤੀ, ਚਹਿਕਦੇ ਹੋਏ ਪੰਛੀ ਇੱਥੋਂ ਤੱਕ ਕਿ ਸਾਡੀ ਆਪਣੀ ਹੋਂਦ ਵੀ ਕਰਤੇ ਦੀ ਕਿਰਤ ਹੈ। ਕਿਰਤ ਦੇ ਦੁਆਰਾ ਹੀ ਸਮੁੱਚਾ ਪਸਾਰਾ ਹੋਂਦ ਵਿੱਚ ਆਉਂਦਾ ਹੈ।

ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ॥
ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ॥[4]

ਪ੍ਰਮਾਤਮਾ ਨੇ ਆਪਣੇ ਆਪ ਨੂੰ ਸਾਜਨ ਤੋਂ ਬਾਅਦ ਸਾਰੇ ਬ੍ਰਹਿਮੰਡੀ ਪਸਾਰੇ ਦੀ ਰਚਨਾ ਕੀਤੀ। ਮਨੁੱਖ ਦੀ ਰਚਨਾ ਕਰਤੇ ਦੀ ਉੱਤਮ ਕਿਰਤ ਹੈ, ਜਿਸ ਨੂੰ ਸਰਦਾਰੀ ਦੀ ਉਪਾਧੀ ਦੇ ਨਾਲ ਨਿਵਾਜਿਆ ਗਿਆ ਅਤੇ ਬੁੱਧੀ ਦੀ ਦਾਤ

ਪ੍ਰਾਪਤ ਹੋਈ। ਮਨੁੱਖ ਉਸ ਕਰਤੇ ਦਾ ਹੀ ਸਰੂਪ ਹੈ। ਇਸ ਵਿੱਚ ਅਤੇ ਪ੍ਰਮਾਤਮਾ ਵਿੱਚ ਸਰੂਪ ਦਾ ਕੋਈ ਭੇਦ ਨਹੀਂ, ਹਾਂ ਦਰਜੇ ਦਾ ਭੇਦ ਜ਼ਰੂਰ ਹੈ। ਮਨਸੂਰ-ਅਲ-ਹਲਾਬ ਅਨੁਸਾਰ ਦਿੱਵਤਾ ਮਾਨਵਤਾ ਵਿੱਚ ਸਾਕਾਰ ਹੋਈ ਹੈ, ਕਿਉਂਕਿ ਮਨੁੱਖ ਰੱਬ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਤੇ ਨਾਂਵਾਂ ਦਾ ਪ੍ਰਤਿਰੂਪ ਹੈ, ਜਿਸ ਰਾਹੀਂ ਰੱਬ ਪ੍ਰਗਟ ਹੋਇਆ ਹੈ।[5] ਮਨੁੱਖ ਵਿੱਚ ਕਰਤੇ ਵਾਲੇ ਸਾਰੇ ਕਰਤਾਰੀ ਗੁਣ ਮੌਜੂਦ ਹਨ। ਜਿੰਨ੍ਹਾਂ ਨੂੰ ਉਜਾਗਰ ਕਰਕੇ ਮਨੁੱਖ ਇਕ ਉਚੇਰੀ ਹਸਤੀ ਹੋ ਕੇ ਨਿਬੜਦਾ ਹੈ। ਮਨੁੱਖ ਵਿੱਚ ਸਭ ਤੋਂ ਮਹੱਤਵਪੂਰਨ ਗੁਣ ਕਿਰਤ ਦਾ ਹੈ। ਜਿਸ ਦੇ ਅਧਾਰ 'ਤੇ ਹੀ ਮਨੁੱਖ ਨੇ ਸਮੁੱਚਾ ਵਿਕਾਸ ਕੀਤਾ। ਆਪਣੇ ਆਪ ਨੂੰ ਜੀਵਤ ਰੱਖਣ ਲਈ ਕਿਰਤ ਹੀ ਸਭ ਤੋਂ ਪਹਿਲਾ ਸਾਧਨ ਬਣੀ। ਮਨੁੱਖ ਨੇ ਆਪਣੀ ਤਾਕਤ ਨੂੰ ਆਪਣੀ ਬੁੱਧੀ ਦੁਆਰਾ ਕਿਰਤ ਦੇ ਰੂਪ ਵਿੱਚ ਸਾਕਾਰ ਕੀਤਾ। ਮਨੁੱਖ ਪੱਥਰ ਯੁੱਗ ਤੋਂ ਅੱਜ ਦੇ ਅਤਿ-ਅਧੁਨਿਕ ਯੁੱਗ ਤੱਕ ਆ ਪਹੁੰਚਿਆ। ਜਿਸ ਦਾ ਰਾਜ ਮਨੁੱਖ ਦਾ ਦ੍ਰਿੜ ਇਰਾਦਾ ਅਤੇ ਆਪਣੀ ਕਿਰਤ ਵਿੱਚ ਜੁਟੇ ਰਹਿਣਾ ਹੀ ਸੀ। ਖ਼ਲੀਲ ਜਿਬਰਾਨ ਅਨੁਸਾਰ, "ਤੁਹਾਡਾ ਕੰਮ ਵਿੱਚ ਜੁਟੇ ਰਹਿਣਾ ਵਾਸਤਵ ਵਿੱਚ ਤੁਹਾਡਾ ਜੀਵਨ ਨੂੰ ਪਿਆਰ ਕਰਨਾ ਹੀ ਹੈ।[6]"

ਗੁਰਮਤਿ ਵਿੱਚ ਕਿਰਤ ਦੇ ਸੰਕਲਪ ਨੂੰ ਬਹੁਤ ਮਹਾਨਤਾ ਦਿੱਤੀ ਹੈ। ਗੁਰਮਤਿ ਇਕ ਕਿਰਤੀ ਮਨੁੱਖ ਦੀ ਉਸਾਰੀ ਕਰਦੀ ਹੈ, ਜੋ ਕਿਸੇ 'ਤੇ ਬੋਝ ਨਹੀਂ ਬਣਦਾ ਸਗੋਂ 'ਸਰਬੱਤ ਦਾ ਭਲਾ' ਲੋਚਦਾ ਹੋਇਆ, ਹੋਰਾਂ ਦਾ ਸਹਾਰਾ ਬਣਦਾ ਹੈ। ਇਹ ਮਾਰਗ ਸੂਰਮਿਆਂ, ਯੋਧਿਆਂ ਅਤੇ ਬਹਾਦਰਾਂ ਦਾ ਮਾਰਗ ਹੈ, ਜੋ ਸਮਾਜ ਦੇ ਵਰਤਾਰਿਆਂ ਤੋਂ ਡਰ ਕੇ ਪਹਾੜਾਂ ਜਾਂ ਜੰਗਲਾਂ ਵਿੱਚ ਜਾ ਡੇਰਾ ਨਹੀਂ ਲਾਉਂਦੇ।ਗੁਰਮਤਿ ਭਗਤੀ ਦਾ ਉਦੇਸ਼ ਕਿਸੇ ਪ੍ਰਕਾਰ ਦੇ ਕਰਮ-ਹੀਨ ਅਨੁਯਾਈਆਂ ਦਾ ਦਲ ਖੜ੍ਹਾ ਕਰਨਾ ਨਹੀਂ ਸੀ। ਇਹ ਭਗਤੀ ਸੰਸਾਰਿਕਤਾ ਤੋਂ ਭੱਜਣ ਵਾਲੀ ਨਹੀਂ, ਸਗੋਂ ਸੰਸਾਰਿਕ ਪ੍ਰਪੰਚ ਵਿਚ ਰਹਿ ਕੇ ਨਿਰਲਿਪਤ ਜਾਂ ਮਾਇਆ ਦੇ ਪ੍ਰਭਾਵ ਤੋਂ ਮੁਕਤ ਰਹਿਣ ਵਾਲੀ ਭਗਤੀ ਸੀ। ਇਸ ਭਗਤੀ ਦੇ ਅਨੁਯਾਈ ਸਮਾਜ ਉੱਤੇ ਕਿਸੇ ਪ੍ਰਕਾਰ ਦਾ ਬੋਝ ਬਣਨਾ ਨਹੀਂ ਸਨ ਚਾਹੁੰਦੇ। ਗੁਰਮਤਿ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਸਮਝਦੀ ਸੀ। ਇਸ ਲਈ ਸਿੱਖ ਗੁਰੂ ਸਾਹਿਬਾਨ ਨੇ ਸਮਾਜ ਤੋਂ ਪਲਾਇਣ ਕਰਨ ਦੀ ਬਿਰਤੀ ਨੂੰ ਖ਼ਤਮ ਕਰ ਕੇ ਕਿਰਤ ਕਰਨ ਦੇ ਸਿਧਾਂਤ ਦੀ ਸਥਾਪਨਾ ਕੀਤੀ।[7]

ਗੁਰਸਿੱਖ ਇਸ ਸੰਸਾਰ ਵਿੱਚ ਰਹਿੰਦਾ ਹੋਇਆ ਹੀ ਸੁਤੰਤਰ ਜੀਵਨ ਨੂੰ ਮਾਣਦਾ ਹੈ। ਪ੍ਰਮਾਤਮਾ ਦੇ ਨਾਮ ਵਿੱਚ ਰੰਗਿਆ ਹੋਇਆ ਮਨੁੱਖ, ਸੂਰਮੇ ਦੀ ਤਰ੍ਹਾਂ ਵਿਕਾਰਾਂ ਨਾਲ ਜੂਝਦਾ ਅਤੇ ਜਿੱਤ ਪ੍ਰਾਪਤ ਕਰਦਾ ਹੈ। ਸਿੱਖੀ ਦਾ ਮਾਰਗ ਸਮਾਜ ਨੂੰ ਸਿਖ਼ਰਤਾ ਤੱਕ ਲੈ ਕੇ ਜਾਣ ਵਾਲਾ ਹੈ। ਗੁਰਮਤਿ ਸਮਾਜ ਤੋਂ ਭਾਜਮਈ ਪ੍ਰਵਿਰਤੀ ਦੀ ਹਾਮੀ ਨਹੀਂ ਭਰਦੀ। ਗੁਰਮਤਿ ਦਾ ਪਾਂਧੀ ਆਪਣੇ ਪਰਿਵਾਰ ਵਿੱਚ ਰਹਿੰਦਾ ਹੋਇਆ, ਸਮਾਜਿਕ ਭਲਾਈ ਲਈ ਹਮੇਸ਼ਾਂ ਤਤਪਰ ਰਹਿੰਦਾ ਹੈ। ਗੁਰਸਿੱਖੀ ਦੇ ਮਾਰਗ ਵਿੱਚ ਅਜਿਹੇ ਮਹਾਨ ਵਿਅਕਤੀ ਵੀ ਵੇਖਣ ਨੂੰ ਮਿਲਦੇ ਹਨ, ਜਿਹੜੇ ਆਪਣਾ ਪੂਰਾ ਜੀਵਨ ਹੀ ਸਮਾਜ ਦੀ ਭਲਾਈ ਨੂੰ ਸਮਰਪਿਤ ਕਰ ਦਿੰਦੇ ਅਤੇ ਆਪਣੇ ਨਿੱਜਤਵ ਤੋਂ ਉੱਪਰ ਉੱਠ ਕੇ ਵਿਚਰਦੇ ਹਨ। ਜਿੰਨ੍ਹਾਂ ਦਾ ਪਰਿਵਾਰਿਕ ਘੇਰਾ ਬ੍ਰਹਿਮੰਡ ਦੀ ਤਰ੍ਹਾਂ ਵਿਸ਼ਾਲ ਹੁੰਦਾ ਹੈ। ਅਜਿਹੀ ਸ਼ਖ਼ਸੀਅਤ ਸਦਾ ਹੀ ਸਤਿਕਾਰ ਦਾ ਪਾਤਰ ਬਣਦੀ ਹੈ।

ਸਿੱਖ ਧਰਮ ਜਿੱਥੇ ਆਪਣੇ ਵਿਲੱਖਣ ਇਤਿਹਾਸ ਅਤੇ ਮਹਾਨ ਕਾਰਨਾਮਿਆਂ ਕਰਕੇ ਮਹਾਨ ਹੈ, ਉੱਥੇ ਨਾਲ ਹੀ ਗੁਰਮਤਿ ਦੇ ਸਿਧਾਂਤ ਨਵੀਂ ਚੇਤਨਾ ਦਾ ਵਿਕਾਸ ਕਰਦੇ ਹਨ। ਸਿੱਖ ਧਰਮ ਕਿਰਤ ਨੂੰ ਕੇਵਲ ਆਰਥਿਕ ਪੱਧਰ ਤੱਕ ਸੀਮਿਤ ਨਹੀਂ ਰਹਿਣ ਦਿੰਦਾ, ਬਲਕਿ ਕਿਰਤ ਦਾ ਸੰਬੰਧ ਧਾਰਮਿਕ, ਸਮਾਜਿਕ ਅਤੇ ਮਾਨਸਿਕ ਪੱਧਰਾਂ ਨਾਲ ਵੀ

ਜੋੜਦਾ ਹੈ। ਡਾ. ਜਸਵੰਤ ਸਿੰਘ ਨੇਕੀ ਅਨੁਸਾਰ, " ਸਿੱਖ ਧਰਮ ਵਿੱਚ ਕਿਰਤ ਕਰਨ ਨੂੰ ਦੁਨਿਆਵੀ ਕਾਰਜ ਨਹੀਂ, ਧਾਰਮਿਕ ਕਾਰਜ ਦਾ ਦਰਜਾ ਦਿੱਤਾ ਗਿਆ ਹੈ ਪਰ ਇਹ ਕਿਰਤ ਸੱਚੀ ਹੋਵੇ, ਦਸਾਂ ਨੁੰਹਾਂ ਦੀ ਕਿਰਤ ਅਥਵਾ ਧਰਮ ਕਿਰਤ। ਸਿੱਖੀ ਵਿੱਚ ਕਿਰਤ ਕਰਨੀ ਪੂਜਾ ਕਰਨ ਦੇ ਤੁੱਲ ਹੈ। ਇਹ ਅਰਦਾਸ ਹੁੰਦੀ ਹੈ ਸ਼ੁਕਰਾਨੇ ਦੀ। ਕਿਰਤ ਕੇਵਲ ਕਮਾਈ ਦਾ ਸਾਧਨ ਨਹੀਂ, ਪ੍ਰਮਾਤਮਾ ਦੀ ਸ਼ੁਕਰ ਗੁਜ਼ਾਰੀ ਦਾ ਸਾਧਨ ਵੀ ਹੈ। ਜੇਕਰ ਅਸੀਂ ਵਾਹਿਗੁਰੂ ਦੇ ਦਿੱਤੇ ਹੱਥ ਮਿਹਨਤ ਨਾਲ ਸੁੱਚੇ ਰੱਖ ਸਕਦੇ ਹਾਂ ਤਾਂ ਇਹ ਇਕ ਪ੍ਰਕਾਰ ਦਾ ਸ਼ੁਕਰਾਨਾਂ ਕਰਨਾ ਹੀ ਤਾਂ ਹੈ।[8]" ਪ੍ਰੋ. ਪੂਰਨ ਸਿੰਘ ਅਨੁਸਾਰ, " ਜਿਸ ਦੇ ਹੱਥ ਵਿੱਚ ਕਿਰਤ ਨਹੀਂ ਉਹ ਨਿਕੰਮਾ ਆਦਮੀ ਹੈ। ਉਹ ਕਦੇਂ ਉੱਚ ਜੀਵਨ ਦੇ ਮਰਮਾਂ ਨੂੰ ਅਨੁਭਵ ਨਹੀਂ ਕਰ ਸਕਦਾ।[9]"

ਸਿੱਖ ਧਰਮ ਨੂੰ ਜੇਕਰ ਕਿਰਤੀਆਂ ਦਾ ਧਰਮ ਕਹਿ ਲਿਆ ਜਾਵੇ ਤਾਂ ਇਸ ਵਿਚ ਕੋਈ ਅਤਿਕਥਿਨੀ ਨਹੀਂ ਹੋਵੇਗੀ। ਸਿੱਖ ਧਰਮ ਦੇ ਮੁੱਢਲੇ ਉਪਦੇਸ਼ 'ਨਾਮ ਜਪੋ, ਕਿਰਤ ਕਰੋ ਅਤੇ ਵੰਡ ਛਕੋ' ਵਿੱਚ ਕਿਰਤ ਨੂੰ ਸਤਿਕਾਰਿਆ ਗਿਆ ਹੈ। ਸਿੱਖ ਗੁਰੂ ਸਾਹਿਬਾਨ ਨੇ ਕਿਰਤ ਦੇ ਸਿਧਾਂਤ ਨੂੰ ਆਪਣੇ ਜੀਵਨ ਵਿੱਚ ਅਪਣਾਇਆ ਅਤੇ ਇਸ ਨੂੰ ਸਿੱਖ ਵਿਵਹਾਰ ਦਾ ਸਦੀਵੀ ਅੰਗ ਬਣਾ ਦਿੱਤਾ। ਸਿੱਖ ਧਰਮ ਅਨੁਸਾਰ ਅਕਾਲ ਪੁਰਖ ਆਪ ਕਿਰਤੀ ਹੈ। ਉਹ ਕਰਤਾਰ ਅਤੇ ਕਰਤਾ ਪੁਰਖੁ ਹੈ। ਉਸ ਨੇ ਆਪ ਹੀ ਕਿਰਤ ਦਾ ਮਹਾਨ ਚੱਕਰ ਚਲਾਇਆ ਹੈ ਤਾਂ ਉਹ ਆਪਣੇ ਸਿਰਜੇ ਜੀਆਂ ਨੂੰ ਕਿਰਤ ਕਰਦਿਆਂ ਦੇਖ ਕੇ ਕਿੰਨਾਂ ਖੁਸ਼ ਹੁੰਦਾ ਹੋਵੇਗਾ? ਗੁਰੂ ਸਾਹਿਬਾਨ ਜੀ ਨੇ ਵੀ ਕਿਰਤ ਕਰਨ ਦੀ ਮਿਸਾਲ ਕਾਇਮ ਕੀਤੀ। ਗੁਰੂ ਨਾਨਕ ਸਾਹਿਬ ਨੇ ਬਚਪਨ ਵਿੱਚ ਮੱਝਾਂ ਚਾਰੀਆਂ, ਜਵਾਨੀ ਵਿੱਚ ਮੋਦੀਖ਼ਾਨਾ ਚਲਾਇਆ ਅਤੇ ਵਢੇਰੀ ਉਮਰ ਵਿੱਚ ਵਾਹੀ ਕੀਤੀ। ਗੁਰੂ ਅੰਗਦ ਦੇਵ ਜੀ ਨੇ ਵਾਣ ਵੱਟ ਕੇ ਅਤੇ ਵੱਟਿਆ ਹੋਇਆ ਵੇਚ ਕੇ ਆਪਣੀ ਉਪਜੀਵਿਕਾ ਦਾ ਸਾਧਨ ਕੀਤਾ। ਗੁਰੂ ਰਾਮਦਾਸ ਜੀ ਨੇ ਵੀ ਘੁੰਗਣੀਆਂ ਉਬਾਲ ਕੇ ਵੇਚਣ ਦਾ ਕੰਮ ਕੀਤਾ। ਇਉਂ ਉਹਨਾਂ ਨੇ ਦਸਾਂ ਨੁੰਹਾਂ ਦੀ ਕਿਰਤ ਨੂੰ ਅਧਿਆਤਮਿਕ ਵਰਦਾਨ ਦਿੱਤਾ। ਰਾਮਦਾਸਪੁਰਾ (ਸ੍ਰੀ ਅੰਮ੍ਰਿਤਸਰ ਸਾਹਿਬ) ਵਿਖੇ 52 ਕਿੱਤਾਕਾਰਾਂ ਨੂੰ ਵਸਾਉਣਾ ਕਿਰਤ ਦੀ ਵਡਿਆਈ ਹੀ ਸੀ।

## ਗੁਰੂ ਨਾਨਕ ਸਾਹਿਬ ਦਾ ਕਿਰਤ ਸਿਧਾਂਤ

ਗੁਰੂ ਨਾਨਕ ਦੇਵ ਜੀ ਵੱਲੋਂ ਸੰਸਾਰ ਵਿੱਚ ਨਵੇਂ ਸਮਾਜ ਦਾ ਮੁੱਢ ਬੰਨਣਾ ਇਕ ਮਹੱਤਵਪੂਰਨ ਘਟਨਾ ਹੈ। ਗੁਰੂ ਨਾਨਕ ਦੇਵ ਜੀ ਦੀ ਰਚਨਾ ਦਾ ਉਦੇਸ਼ ਇਸ ਸਮਾਜ ਨੂੰ ਹਰ ਪੱਖ ਤੋਂ ਅਗਵਾਈ ਦੇਣਾ ਸੀ। ਜ਼ਿੰਦਗੀ ਦੇ ਧਾਰਮਿਕ, ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਖੇਤਰ ਵਿੱਚ ਅਗਵਾਈ ਉਹਨਾਂ ਦੀ ਰਚਨਾ ਦੇ ਅਧਿਐਨ ਤੋਂ ਬਾਅਦ ਸਾਨੂੰ ਪ੍ਰਾਪਤ ਹੁੰਦੀ ਹੈ। ਗੁਰੂ ਨਾਨਕ ਸਾਹਿਬ ਜੀ ਨੇ 'ਕਿਰਤ' ਨੂੰ ਉੱਚਤਮ ਜੀਵਨ ਦਾ ਆਧਾਰ ਮੰਨਿਆ ਅਤੇ ਉਹਨਾਂ ਕਿਰਤੀਆਂ ਦੇ ਗ੍ਰਿਹਿ ਨੂੰ ਪੱਵਿਤਰ ਕਰ ਕੇ ਉਹਨਾਂ ਨੂੰ ਮਾਣ ਬਖਸ਼ਿਆ।

ਗੁਰੂ ਨਾਨਕ ਦੇਵ ਜੀ ਨੇ ਨਾਮ ਜਪਣ, ਕਿਰਤ ਕਰਨ ਅਤੇ ਵੰਡ ਛੱਕਣ ਦਾ ਆਦਰਸ਼ ਸਾਹਮਣੇ ਰੱਖਿਆ ਅਤੇ ਇਸ ਦਾ ਹੋਕਾ ਸਾਰੇ ਸੰਸਾਰ ਨੂੰ ਦਿੱਤਾ। ਕਿਰਤ ਸਿੱਖ ਦੇ ਜੀਵਨ ਦਾ ਜ਼ਰੂਰੀ ਅੰਗ ਹੈ। ਕਿਰਤ ਤੋਂ ਬਾਅਦ ਵੰਡ ਛੱਕਣਾ ਆਉਂਦਾ ਹੈ ਜੋ ਮਨੁੱਖ ਨੂੰ ਸਮਾਜ ਵਿੱਚ ਆਪਸੀ ਸਾਂਝ ਵਿਕਸਿਤ ਕਰਨ ਦਾ ਉਪਦੇਸ਼ ਹੈ। ਕਿਰਤ ਅਤੇ ਵੰਡ ਛੱਕਣਾ ਮਨੁੱਖ ਨੂੰ ਮਨੁੱਖ ਦੇ ਨੇੜੇ ਲੈ ਜਾਣਾ ਹੈ।

ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਕਿਰਤੀ ਮਨੁੱਖ ਦੀ ਸਿਰਜਣਾ ਕਰਦੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਚਾਰਧਾਰਾ ਦਾ ਆਧਾਰ ਅਤੇ ਸਾਰ 'ਜਪੁ ਜੀ' ਸਾਹਿਬ ਦੀ ਬਾਣੀ ਹੈ, ਜਿਸ ਵਿੱਚ ਕਿਰਤ ਕਰਨ ਨੂੰ ਸਿੱਖ ਮਤ ਦਾ ਜ਼ਰੂਰੀ ਅੰਗ ਮੰਨਿਆ ਗਿਆ ਹੈ। ਜਪੁ ਜੀ ਵਿੱਚ ਆਏ 'ਸਰਮੁ' , 'ਸਰਮ ਖੰਡ' , 'ਘਾਲਿ' ਅਤੇ 'ਮਸਕਤਿ' ਸ਼ਬਦ ਕਿਰਤ ਦੇ ਗੌਰਵ ਦੇ ਲਖਾਇਕ ਹਨ। ਗੁਰੂ ਨਾਨਕ ਸਾਹਿਬ ਦਾ ਪ੍ਰਮਾਤਮਾ ਕਰਤਾ ਹੈ, ਇਹ ਜਗਤ ਉਹਨਾਂ ਲਈ ਕਰਮ ਭੂਮੀ ਜਾਂ ਧਰਮਸ਼ਾਲਾ ਹੈ।[10] ਗੁਰੂ ਨਾਨਕ ਦੇਵ ਜੀ ਨੇ ਕਿਰਤ ਤੋਂ ਮੂੰਹ ਮੋੜ ਕੇ ਅਖੌਤੀ ਧਰਮ ਕਮਾਉਣ ਵਾਲਿਆਂ ਦੀ ਅਲੋਚਨਾ ਕਰਦਿਆਂ, ਉਹਨਾਂ ਦੇ ਭੇਖਾਂ ਨਾਲ ਸੰਬੰਧਿਤ ਚਿੰਨ੍ਹਾਂ ਦੀ ਨਵੀਂ ਵਿਆਖਿਆ ਅਤੇ ਪਰਿਭਾਸ਼ਾ ਸਿਰਜਦੇ ਹਨ। ਜਿੰਨ੍ਹਾਂ ਦਾ ਉਦੇਸ਼ ਜੋਗੀਆਂ, ਸਿਧਾਂ ਅਤੇ ਨਾਥਾਂ ਦੇ ਜੀਵਨ ਨੂੰ ਤਬਦੀਲ ਕਰਨਾ ਅਤੇ ਉਹਨਾਂ ਨੂੰ ਕਿਰਤ ਦੇ ਰਾਹੇ ਪਾ ਕੇ ਆਦਰਸ਼ਿਕ ਜੀਵਨ ਪ੍ਰਦਾਨ ਕਰਨਾ ਸੀ। ਗੁਰੂ ਜੀ ਨੇ ਜਪੁ ਬਾਣੀ ਵਿੱਚ ਲੋਕਾਂ ਪਾਸੋਂ ਭੀਖ ਮੰਗ ਕੇ ਗੁਜ਼ਾਰਾ ਕਰਨ ਵਾਲਿਆਂ ਜੋਗੀਆਂ ਨੂੰ ਉਪਦੇਸ਼ ਦਿੱਤਾ ਕਿ ਹੇ ਜੋਗੀ ! ਤੂੰ ਸੰਤੋਖ ਨੂੰ ਆਪਣੀਆਂ ਮੁੰਦਰਾਂ, ਮਿਹਨਤ ਭਾਵ ਕਿਰਤ ਨੂੰ ਆਪਣੀ ਝੋਲੀ ਬਣਾ ਅਤੇ ਅਕਾਲ ਪੁਰਖ ਦੇ ਧਿਆਨ ਦੀ ਸੁਆਹ ਪਿੰਡੇ 'ਤੇ ਮਲ।

ਮੁੰਦਾ ਸੰਤੋਖੁ ਸਰਮੁ ਪਤੁ ਝੋਲੀ
ਧਿਆਨ ਕੀ ਕਰਹਿ ਬਿਭੂਤਿ॥[11]

ਇਸ ਤਰ੍ਹਾਂ ਗੁਰੂ ਜੀ ਭਿੱਖਿਆਂ ਮੰਗਣ ਵਾਲੇ ਖੱਪਰ ਅਤੇ ਝੋਲੀ ਨੂੰ ਕਿਰਤ ਵਿੱਚ ਤਬਦੀਲ ਕਰ ਕੇ ਜੋਗੀਆਂ ਨੂੰ ਸਮਾਜ ਦਾ ਰਾਹ ਦਿਖਾਉਂਦੇ ਹਨ।

ਜਪੁ ਜੀ ਵਿੱਚ ਵਰਣਿਤ ਸਰਮ ਖੰਡ ਵਿੱਚ ਉੱਦਮੀ ਅਵਸਥਾ ਦਾ ਜ਼ਿਕਰ ਹੈ, ਜਿਸ ਵਿੱਚ ਸਰਮ ਖੰਡ ਸਾਧਕ ਨੂੰ ਸਚਿਆਰ ਬਣਨ ਲਈ ਤਿਆਰ ਕਰਦਾ ਹੈ। ਪਰ ਇਹ ਤਿਆਰੀ ਬਹੁਤ ਕਠਿਨ ਘਾਲ ਦੁਆਰਾ ਸਿਰੇ ਚੜ੍ਹਦੀ ਹੈ।[12] ਕੋਸ਼ਾਂ ਅਨੁਸਾਰ ਸਰਮ ਦੇ ਅਰਥ ਥਕੇਵਾਂ, ਯਤਨ, ਖੇਦ, ਤਪੱਸਿਆ, ਕਲੇਸ਼, ਪ੍ਰਯਾਸ, ਵਯਾਯਾਮ, ਪੁਰਸ਼ਾਰਥ, ਮਿਹਨਤ, ਉੱਦਮ, ਘਾਲਣਾ, ਕਮਾਈ, ਅਨੰਦ, ਖੁਸ਼ੀ ਅਤੇ ਸੁੱਖ ਆਦਿਕ ਹਨ।[13] ਸਰਮ ਖੰਡ ਘਾੜਨਾ ਘੜਨ ਦਾ ਖੰਡ ਹੈ। ਭਾਵ ਉੱਦਮੀਆਂ ਅਤੇ ਕਿਰਤੀਆਂ ਦੀ ਅਵਸਥਾ। ਗੁਰੂ ਨਾਨਕ ਸਾਹਿਬ ਜੀ ਗਿਆਨ ਖੰਡ ਤੋਂ ਬਾਅਦ ਮਨੁੱਖ ਨੂੰ ਉਸ ਗਿਆਨ ਨੂੰ ਅਮਲਾਂ ਵਿੱਚ ਲਿਆਉਣ ਅਤੇ ਆਪਣੇ ਜੀਵਨ ਨੂੰ ਵਿਵਹਾਰਿਕ ਪੱਧਰ ਤੇ ਉੱਚਾ ਚੁੱਕਣ ਦਾ ਉਪਦੇਸ਼ ਦਿੰਦੇ ਹਨ।

ਸਰਮ ਖੰਡ ਕੀ ਬਾਣੀ ਰੂਪੁ॥
ਤਿਥੈ ਘਾੜਤਿ ਘੜੀਐ ਬਹੁਤੁ ਅਨੂਪੁ॥
ਤਾ ਕੀਆ ਗਲਾ ਕਥੀਆ ਨਾ ਜਾਹਿ॥
ਜੇ ਕੋ ਕਹੈ ਪਿਛੈ ਪਛੁਤਾਇ॥
ਤਿਥੈ ਘੜੀਐ ਸੁਰਤਿ ਮਤਿ ਮਨਿ ਬੁਧਿ॥
ਤਿਥੈ ਘੜੀਐ ਸੁਰਾ ਸਿਧਾ ਕੀ ਸੁਧਿ॥[14]

ਗੁਰੂ ਜੀ ਕਿਰਤੀ ਜੀਵਨ ਨੂੰ ਆਦਰਸ਼ ਵਜੋਂ ਲੈਂਦੇ ਹਨ। ਉਹਨਾਂ ਅਨੁਸਾਰ ਕਿਰਤ ਤੋਂ ਬਿਨ੍ਹਾਂ ਮੰਗ ਕੇ ਖਾਣ ਵਾਲੇ ਜੀਵਨ ਵਿੱਚ ਕੋਈ ਇੱਜ਼ਤ ਨਹੀਂ। ਮਨੁੱਖ ਨੂੰ ਘਾਲਣਾ, ਮਿਹਨਤ ਅਤੇ ਉੱਦਮ ਦੇ ਰਸਤੇ ਚੱਲਦੇ ਹੋਏ, ਆਪਣੇ ਜੀਵਨ

ਵਿੱਚ ਸੰਤੁਲਨ ਕਾਇਮ ਕਰਨਾ ਚਾਹੀਦਾ ਹੈ। ਉਹ ਵਿਅਕਤੀ ਕਦੇ ਵੀ ਰੱਬ ਦਾ ਭਗਤ ਨਹੀਂ ਹੋ ਸਕਦਾ ਜੋ ਕਿਰਤ ਤੋਂ ਹੀਣਾ ਹੈ। ਮੰਗਣ ਵਾਲੇ ਨੂੰ ਆਪਣੀ ਲਾਜ ਪਤ ਪਰਾਏ ਪਾਸ ਗਿਰਵੀ ਰੱਖਣੀ ਪੈਂਦੀ ਹੈ।

ਘਰਿ ਘਰਿ ਮਾਗੈ ਜਗੁ ਪਰਬੋਧੈ ਮਨਿ ਅੰਧੈ ਪਤਿ ਹਾਰੀ॥ [15]

ਜੋਗੀ ਬੈਸਿ ਰਹਹੁ ਦੁਬਿਧਾ ਦੁਖੁ ਭਾਗੈ॥

ਘਰਿ ਘਰਿ ਮਾਗਤ ਲਾਜ ਨ ਲਾਗੈ॥ [16]

ਗੁਰੂ ਸਾਹਿਬ ਤਾਂ ਉਸ ਆਦਮੀ ਨੂੰ ਹੀਣਾ ਸਮਝਦੇ ਹਨ ਜੋ ਮੰਗਦਾ ਫਿਰਦਾ ਹੈ। ਮੰਗਤਾ ਪੱਵਿਤਰ ਨਹੀਂ ਹੋ ਸਕਦਾ, ਅਪੱਵਿਤਰ ਹੁੰਦਾ ਹੈ।[17]

ਗੁਰੁ ਪੀਰ ਸਦਾਏ ਮੰਗਣ ਜਾਇ॥

ਤਾ ਕੈ ਮੂਲਿ ਨ ਲਗੀਐ ਪਾਇ॥ [18]

ਕਿਰਤ ਕਰਤਾਰੀ ਗੁਣ ਹੈ ਅਤੇ ਕਿਰਤ ਕਰਨ ਵਾਲਾ ਕਰਤਾਰ ਦੇ ਨੇੜੇ ਹੋ ਜਾਂਦਾ ਹੈ। ਕਿਰਤ ਸਕੂਨ ਹੈ ਜੋ ਮਨੁੱਖ ਦੇ ਤਨ ਅਤੇ ਮਨ ਨੂੰ ਇਕ-ਸੁਰ ਕਰਦੀ ਹੈ। ਇਸ ਲਈ ਗੁਰੂ ਜੀ ਮੰਗਣ ਦੀ ਪ੍ਰਵਿਰਤੀ ਦਾ ਤਿਆਗ ਕਰਨ ਦਾ ਉਪਦੇਸ਼ ਦਿੰਦੇ ਹਨ। ਮੰਗਣ ਦੀ ਥਾਂ ਮਨੁੱਖ ਨੂੰ ਚਾਹੀਦਾ ਹੈ ਕਿ ਉਹ ਘਾਲਣਾ ਦਾ ਰਾਹ ਅਪਣਾਏ। ਘਾਲਣਾ (ਕਿਰਤ) ਦੇ ਰਸਤੇ 'ਤੇ ਚੱਲਦਾ ਹੋਇਆ ਉਹ ਆਪਣੇ ਜੀਵਨ ਦਾ ਨਿਰਵਾਹ ਕਰੇ ਅਤੇ ਵੰਡ ਛੱਕਣ ਦੇ ਸਿਧਾਂਤ ਨੂੰ ਅਪਣਾਏ। ਇਸ ਨਾਲ ਜਿੱਥੇ ਸਮਾਜਿਕ ਬਰਾਬਰੀ ਦਾ ਵਿਕਾਸ ਹੋਵੇਗਾ, ਉੱਥੇ ਨਾਲ ਹੀ ਮਨੁੱਖੀ ਸਾਂਝ ਦੀਆਂ ਕੰਧਾਂ ਵੀ ਮਜ਼ਬੂਤ ਹੋਣਗੀਆਂ। ਗੁਰੂ ਜੀ ਅਨੁਸਾਰ ਇਹੀ ਉਹ ਰਾਹ ਹੈ ਜੋ ਮਨੁੱਖ ਨੇ ਲੱਭਣਾ ਹੈ। ਇਸੇ ਦੀ ਪਹਿਚਾਣ ਕਰ ਕੇ ਹੀ ਉਹ ਆਪਣੇ ਜੀਵਨ ਮਨੋਰਥ ਨੂੰ ਪ੍ਰਾਪਤ ਕਰ ਸਕਦਾ ਹੈ।

ਘਾਲਿ ਖਾਇ ਕਿਛੁ ਹਥਹੁ ਦੇਇ॥

ਨਾਨਕ ਰਾਹੁ ਪਛਾਣਹਿ ਸੇਇ॥ [19]

ਗੁਰੂ ਨਾਨਕ ਸਾਹਿਬ ਦਾ ਕਿਰਤ ਸਿਧਾਂਤ ਜਿੱਥੇ ਮਿਹਨਤ, ਉੱਦਮ ਅਤੇ ਘਾਲਣਾ ਕਰਨ ਦੀ ਪ੍ਰੇਰਨਾ ਦਿੰਦਾ ਹੈ, ਉੱਥੇ ਨਾਲ ਹੀ ਕਿਰਤ ਨੂੰ ਪਾਕ ਅਤੇ ਸੁੱਚੀ ਰੱਖਣਾ ਜ਼ਰੂਰੀ ਹੈ। ਕਿਰਤ ਜੋ ਬਿਨ੍ਹਾਂ ਕਿਸੇ ਵਲ-ਛੱਲ ਤੋਂ ਨੇਕ ਨੀਅਤ ਵਿੱਚੋਂ ਉਪਜਦੀ ਹੋਵੇ ਅਤੇ ਜਿਸ ਦਾ ਉਦੇਸ਼ ਕਿਸੇ ਨਾਲ ਧੋਖਾ, ਫਰੇਬ ਜਾਂ ਭ੍ਰਿਸ਼ਟਾਚਾਰ ਨਾ ਹੋਵੇ। ਮਨੁੱਖ ਲੋਭ ਲਾਲਚ ਦੇ ਵੱਸ ਹੋ ਕੇ ਗਲਤ ਰਾਹਾਂ ਤੇ ਪੈ ਜਾਂਦਾ, ਜਿਸ ਵਿੱਚ ਉਹ ਸੁੱਚੀ ਕਿਰਤ ਨਹੀਂ ਕਰਦਾ ਅਤੇ ਕੂੜਾ ਧੰਧਾ ਕਰਦਾ ਹੈ। ਜਿਸ ਦਾ ਉਦੇਸ਼ ਕੇਵਲ ਮਾਇਆ ਨੂੰ ਇਕੱਤਰ ਕਰਨਾ ਹੁੰਦਾ ਹੈ। ਇਸ ਪ੍ਰਕਾਰ ਉਹ ਮਾੜੇ ਰਸਤੇ ਨੂੰ ਅਪਣਾ ਕੇ ਆਪਣੀ ਪਤ ਗਵਾ ਲੈਂਦਾ ਹੈ ਅਤੇ ਭਰਮਾਂ ਵਿੱਚ ਫਸਿਆ ਰਹਿੰਦਾ ਹੈ।

ਧੰਧਾ ਕਰਤ ਸਗਲੀ ਪਤਿ ਖੋਵਸਿ ਭਰਮੁ ਨ ਮਿਟਸਿ ਗਵਾਰਾ॥ [20]

ਗੁਰੂ ਸਾਹਿਬ ਅਨੁਸਾਰ ਕਿਰਤ ਦਾ ਸਿਧਾਂਤ ਦੁਨਿਆਵੀ ਹੀ ਨਹੀਂ, ਕਿਰਤ ਧਰਮ ਨਾਲ ਜੁੜੀ ਹੋਈ ਧਾਰਮਿਕ ਮਹੱਹਤਾ ਰੱਖਦੀ ਹੈ। ਕਿਰਤ ਧਰਮ-ਕਰਮ ਹੈ ਜੋ ਮਨੁੱਖ ਨੂੰ ਪ੍ਰਮਾਤਮਾ ਦੇ ਨੇੜੇ ਲੈ ਕੇ ਜਾਣ ਵਾਲਾ ਹੈ। ਇਸ ਲਈ ਕਿਰਤੀ ਮਨੁੱਖ ਲਈ ਜ਼ਰੂਰੀ ਹੋ ਜਾਂਦਾ ਹੈ ਕਿ ਉਹ ਦੁਨਿਆਵੀ ਬੰਧਨਾਂ ਤੋਂ ਆਪਣਾ ਬਚਾਅ ਕਰਦਾ ਹੋਇਆ, ਮੰਦੇ ਕੰਮਾਂ ਦੇ ਨੇੜੇ ਨਾ ਜਾਵੇ ਅਤੇ ਸੁਕ੍ਰਿਤ ਦਾ ਰਾਹ ਅਪਣਾਏ।

ਓਨੀ ਮੰਦੈ ਪੈਰੁ ਨ ਰਖਿਓ ਕਰਿ ਸੁਕ੍ਰਿਤ ਧਰਮੁ ਕਮਾਇਆ॥

ਓਨੀ ਦੁਨੀਆ ਤੋੜੇ ਬੰਧਨਾ ਅੰਨੁ ਪਾਣੀ ਥੋੜਾ ਖਾਇਆ॥ [21]

ਇਸ ਪ੍ਰਕਾਰ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਇਕ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਕਰਦੀ ਹੈ। ਜਿਸ ਸਮਾਜ ਵਿੱਚ ਸੁੱਚੀ ਕਿਰਤ ਕਰਨ ਵਾਲੇ ਕਿਰਤੀ ਲੋਕ ਹੋਣ ਉਹ ਸਮਾਜ ਹਮੇਸ਼ਾਂ ਚੜ੍ਹਦੀਕਲਾ ਵਿੱਚ ਰਹਿੰਦਾ ਹੈ। ਗੁਰੂ ਨਾਨਕ ਬਾਣੀ ਵਿੱਚ ਜੋ ਉਪਦੇਸ਼ ਦਿੱਤਾ ਗਿਆ, ਉਸ ਦਾ ਅਮਲੀ ਰੂਪ ਗੁਰੂ ਸਾਹਿਬ ਨੇ ਆਪ ਸੁਲਤਾਨਪੁਰ ਵਿਖੇ ਮੋਦੀਖਾਨਾ ਚਲਾ ਅਤੇ ਕਰਤਾਰਪੁਰ ਦੀ ਧਰਤੀ 'ਤੇ ਹਲ ਚਲਾ ਕੇ ਦਿੱਤਾ। ਉਹਨਾਂ ਹੱਥੀਂ ਕਿਰਤ ਕੀਤੀ ਅਤੇ ਹੱਥੀਂ ਕਿਰਤ ਕਰਨ ਦਾ ਉਪਦੇਸ਼ ਦਿੱਤਾ। ਉਹਨਾਂ ਦਾ ਇਹ ਉਪਦੇਸ਼ ਸਰਬ-ਕਾਲੀ ਪ੍ਰਸੰਗਿਕਤਾ ਰੱਖਦਾ ਹੈ।

## ਇੱਕੀਵੀਂ ਸਦੀ ਅਤੇ ਕਿਰਤ

ਇੱਕੀਵੀਂ ਸਦੀ ਦਾ ਸਮਾਂ ਟੁੱਟ-ਭੱਜ ਅਤੇ ਵਿਗਿਆਨਿਕ ਤਰੱਕੀ ਦਾ ਸਮਾਂ ਹੈ। ਜਿਸ ਵਿਚ ਬਹੁਤ ਸਾਰੀਆਂ ਕਦਰਾਂ-ਕੀਮਤਾਂ ਅਤੇ ਰਿਸ਼ਤਿਆਂ ਦੀ ਟੁੱਟ-ਭਜ ਹੋਈ ਹੈ। ਰਿਸ਼ਤਿਆਂ ਦੇ ਮੁੱਲ ਬਦਲ ਗਏ ਅਤੇ ਪਿਆਰ ਦੀ ਪਰਿਭਾਸ਼ਾ। ਮਨੁੱਖ ਅਗਾਂਹ ਨੂੰ ਵੱਧਦਾ ਹੋਇਆ ਆਪਣੇ ਮੂਲ ਤੋਂ ਦੂਰ ਹੁੰਦਾ ਗਿਆ। ਇੱਕੀਵੀਂ ਸਦੀ ਵਿਚ ਐਸੀ ਦੌੜ ਲੱਗੀ, ਜਿਸ ਵਿਚ ਦੌੜਦਾ ਹੋਇਆ ਮਨੁਖ ਕਿੰਨਾ ਕੁੱਝ ਲਿਤਾੜੀ ਗਿਆ। ਤਕਨੀਕੀ ਵਿਕਾਸ ਨੇ ਬਹੁਤ ਸਾਰੀਆਂ ਸੁਖ ਸਹੂਲਤਾਂ ਪ੍ਰਦਾਨ ਕੀਤੀਆਂ, ਮਸ਼ੀਨਰੀ ਨੇ ਘੰਟਿਆਂ ਵਿਚ ਹੋਣ ਵਾਲੇ ਕੰਮਾਂ ਨੂੰ ਮਿੰਟਾਂ-ਸਕਿੰਟਾਂ ਦੀ ਸੀਮਾ ਵਿਚ ਲੈ ਆਂਦਾ ਹੈ। ਇਸ ਤਰ੍ਹਾਂ ਮਨੁੱਖ ਮਸ਼ੀਨਰੀ ਦਾ ਆਦੀ ਹੋ ਗਿਆ। ਸੁਖ ਸਹੂਲਤ ਦੀ ਚਾਹਤ ਵਿਚ ਉਹ ਕਿਰਤ ਤੋਂ ਦੂਰ ਹੁੰਦਾ ਗਿਆ। ਮਨੁੱਖ ਦੀ ਲਾਲਚੀ ਪ੍ਰਵਿਰਤੀ ਅਤੇ ਵਾਧੂ ਇਕੱਠਾ ਕਰਨ ਦੀ ਰੁਚੀ ਪ੍ਰਫੁਲਿਤ ਹੁੰਦੀ ਗਈ। ਇਸ ਪ੍ਰਕਾਰ ਇੱਕੀਵੀਂ ਸਦੀ ਵਿਚ ਕਿਰਤ ਦਾ ਸੰਕਲਪ ਧੁੰਦਲਾ ਹੁੰਦਾ ਦਿਖਾਈ ਦੇ ਰਿਹਾ ਹੈ। ਹੱਥੀਂ ਕੰਮ ਕਰਨ ਵਾਲੇ ਕਿਰਤੀ ਲੋਕਾਂ ਦਾ ਜੀਵਨ ਫਾਕਿਆਂ ਵਿੱਚ ਕੱਟ ਰਿਹਾ ਹੈ ਅਤੇ ਉਹਨਾਂ ਦੀ ਕਿਰਤ ਦੀ ਲੁੱਟ ਸ਼ਰੇਆਮ ਹੋ ਰਹੀ ਹੈ। ਜਿਸ ਦੇ ਫਲਸਰੂਪ ਕਿਰਤੀ ਲੋਕਾਂ ਦੀ ਖਵਾਰੀ ਵਜੋਂ ਕਿਰਤ ਤੋਂ ਮਨੁੱਖ ਦੀ ਦੂਰੀ ਵੱਧਦੀ ਜਾ ਰਹੀ ਹੈ। ਉੱਚਾ ਵਰਗ ਆਪਣੇ ਸਰਮਾਏ ਦੇ ਬਲ ਨਾਲ ਆਪਣਾ ਦਬਦਬਾ ਕਾਇਮ ਰੱਖਦਾ ਹੈ।

ਇਸ ਤਰ੍ਹਾਂ ਕਿਰਤ ਦਾ ਸਿਧਾਂਤ ਇੱਕੀਵੀ ਸਦੀ ਵਿੱਚ ਸਰੂਪ ਬਦਲਦਾ ਹੋਇਆ, ਕਈ ਸਮੱਸਿਆਵਾਂ ਨਾਲ ਘਿਰਿਆ ਹੋਇਆ ਹੈ। ਕਿਉਂਕਿ ਕਿਰਤ ਤੋਂ ਹੀਣਾ ਹੋਇਆ ਮਨੁੱਖ ਧਾਰਮਿਕ, ਮਾਨਸਿਕ, ਸਮਾਜਿਕ ਅਤੇ ਆਰਥਿਕ ਪੱਖ ਤੋਂ ਬਹੁਤ ਪ੍ਰਭਾਵਿਤ ਹੁੰਦਾ ਹੈ। ਉਹ ਸੰਤੁਲਨ ਖੋਹ ਬੈਠਦਾ ਹੈ। ਜਿਸ ਨਾਲ ਕਈ ਸਮੱਸਿਆਵਾਂ ਉਤਪੰਨ ਹੁੰਦੀਆਂ ਹਨ। ਅਜੋਕੇ ਸਮੇਂ ਵਿੱਚ ਅਨੇਕਾਂ ਸਮੱਸਿਆਵਾਂ ਕਿਰਤ ਦੇ ਨਾਲ ਜੁੜੀਆਂ ਹੋਈਆਂ ਹਨ। ਇਸ ਲਈ ਮਨੁੱਖ ਨੂੰ ਵਾਪਿਸ ਆਪਣੇ ਕਿਰਤੀ ਜੀਵਨ ਵੱਲ ਪਰਤਣਾ ਹੋਵੇਗਾ ਤਾਂ ਕਿ ਉਸ ਦੇ ਜ਼ਜ਼ਬਾਤ ਅਤੇ ਭਾਵਨਾਵਾਂ ਸੁਰਜੀਤ ਹੋ ਸਕਣ ਅਤੇ ਮਨੁੱਖ ਦੀ ਮਨੁੱਖਤਾ ਬਰਕਰਾਰ ਰਹਿ ਸਕੇ।

## ਗੁਰੂ ਨਾਨਕ ਸਾਹਿਬ ਅਤੇ ਇੱਕੀਵੀਂ ਸਦੀ

ਗੁਰੂ ਨਾਨਕ ਸਾਹਿਬ ਜੀ ਆਪ ਨਿਰੰਕਾਰ ਸਰੂਪ ਹਨ, ਜਿੰਨ੍ਹਾਂ ਨੂੰ ਸਮੇਂ ਦੀਆਂ ਸੀਮਾਵਾਂ ਵਿੱਚ ਨਹੀਂ ਬੰਨਿਆ ਜਾ ਸਕਦਾ। ਉਹਨਾਂ ਦਾ ਉਪਦੇਸ਼ ਸਰਬਕਾਲੀ ਪ੍ਰਸੰਗਿਕਤਾ ਰੱਖਦਾ ਹੈ। ਹਰ ਸਮੇਂ ਅਤੇ ਹਰ ਸਥਿਤੀ ਵਿੱਚ ਗੁਰੂ ਨਾਨਕ

ਸਾਹਿਬ ਦਾ ਉਪਦੇਸ਼ ਮਹੱਤਤਾ ਰੱਖਦਾ ਹੈ। ਇੱਕੀਵੀਂ ਸਦੀ ਵਿੱਚ ਜਦ ਮਨੁੱਖ ਵਿਕਾਸ ਦੀਆਂ ਸ਼ਿਖਰਾਂ ਨੂੰ ਛੂਹ ਰਿਹਾ ਹੈ ਤਾਂ ਇਸ ਅਜੋਕੇ ਸਮੇਂ ਵਿੱਚ ਵੀ ਗੁਰੂ ਨਾਨਕ ਸਾਹਿਬ ਦੇ ਉਪਦੇਸ਼ ਅਤੇ ਬਾਣੀ ਦੀ ਓਨੀ ਹੀ ਸਾਰਥਿਕਤਾ ਹੈ। ਮਨੁੱਖ ਅਤੇ ਮਨੁੱਖੀ ਜੀਵਨ ਨਾਲ ਜੁੜੀਆਂ ਹੋਈਆਂ ਮੁਸ਼ਕਿਲਾਂ, ਸਮੱਸਿਆਵਾਂ ਅਤੇ ਚੁਣੌਤੀਆਂ ਅੱਜ ਵੀ ਬਰਕਰਾਰ ਹਨ। ਅਜੋਕਾ ਮਨੁੱਖ ਤਕਨੀਕੀ ਵਿਕਾਸ ਕਰਦਾ ਹੋਇਆ ਕਿਰਤ ਤੋਂ ਦੂਰ ਹੁੰਦਾ ਜਾ ਰਿਹਾ ਹੈ। ਉਸ ਦੀ ਬਹੁਤਾ ਜੋੜਨ ਦੀ ਲਾਲਸਾ ਅਤੇ ਹੱਥੀ ਕਿਰਤ ਨਾ ਕਰਨ ਦੇ ਸ਼ੋਕ ਨੇ ਅਨੇਕਾਂ ਸੱਮਸਿਆਵਾਂ ਨੂੰ ਜਨਮ ਦਿੱਤਾ ਹੈ। ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਵਿੱਚ ਅਜੋਕੇ ਯੁੱਗ ਦੀਆਂ ਪ੍ਰਮੁੱਖ ਸਮੱਸਿਆਵਾਂ ਜਿਵੇਂ ਅਵਿਸ਼ਵਾਸ ਦੀ ਭਾਵਨਾ, ਈਰਖਾ, ਆਪਸੀ ਵੈਰ-ਵਿਰੋਧ, ਇਕੱਲਤਾ, ਡਾਵਾਂਡੋਲ ਮਾਨਸਿਕਤਾ, ਕਮਜ਼ੋਰ ਸੰਬੰਧ ਆਦਿ ਦਾ ਹੱਲ ਮੌਜੂਦ ਹੈ। ਕਿਰਤ ਦਾ ਸਿਧਾਂਤ ਬਹੁ-ਪੱਖੀ ਮਹੱਤਤਾ ਰੱਖਦਾ ਹੈ ਜੋ ਮਨੁੱਖ ਨੂੰ ਕੇਵਲ ਆਰਥਿਕ ਪੱਖ ਤੋਂ ਹੀ ਸੰਤੁਲਿਤ ਨਹੀਂ ਕਰਦਾ ਸਗੋਂ ਉਸ ਦੇ ਸਮਾਜਿਕ, ਮਾਨਸਿਕ ਅਤੇ ਧਾਰਮਿਕ ਪੱਖਾਂ ਨੂੰ ਸੰਤੁਲਨ ਵਿੱਚ ਲੈ ਆਉਂਦਾ ਹੈ।

ਸਿੱਖ ਧਰਮ ਵਿੱਚ ਕਿਰਤ ਧਰਮ ਕਰਮ ਹੈ। ਇਹ ਮਨੁੱਖ ਦਾ ਧਰਮ ਹੈ, ਉਸ ਦਾ ਫ਼ਰਜ਼, ਜਿਸ ਨੂੰ ਨਿਭਾਉਣਾ ਉਸ ਲਈ ਜ਼ਰੂਰੀ ਹੈ। ਗੁਰੂ ਜੀ ਦੀ ਸਿੱਖਿਆ ਅਨੁਸਾਰ ਅਜੋਕਾ ਮਨੁੱਖ ਕਿਰਤ ਕਰ ਕੇ ਘਾਲਣਾ ਘਾਲਦਾ ਹੋਇਆ ਆਪਣਾ ਜੀਵਨ ਬਤੀਤ ਕਰੇ ਅਤੇ ਵੰਡ ਕੇ ਛਕਣ ਦੀ ਪ੍ਰਵਿਰਤੀ ਵਾਲਾ ਹੋਵੇ ਤਾਂ ਅਨੇਕਾਂ ਅਜੋਕੀਆਂ ਸਮੱਸਿਆਵਾਂ ਹੱਲ ਹੋ ਜਾਂਦੀਆਂ ਹਨ। ਕਿਰਤ ਕਰਨ ਵਾਲਾ ਮਨੁੱਖ ਆਪਣੀ ਮਾਨਸਿਕਤਾ ਨੂੰ ਮਜ਼ਬੂਤ ਬਣਾ ਲੈਂਦਾ ਹੈ। ਕਿਰਤ ਉਸ ਨੂੰ ਵਾਧੂ ਭੈੜੇ ਵਿਚਾਰਾਂ ਤੋਂ ਬਚਾ ਲੈਂਦੀ ਹੈ। ਮਨੁੱਖ ਦੀ ਡਾਵਾਂਡੋਲ ਹੋਈ ਮਾਨਸਿਕਤਾ ਸੰਤੁਲਨ ਹੋ ਜਾਂਦੀ ਹੈ। ਵੰਡ ਕੇ ਛੱਕਣ ਦੀ ਪ੍ਰਵਿਰਤੀ ਮਨੁੱਖੀ ਭਾਈਚਾਰੇ ਨੂੰ ਮਜ਼ਬੂਤ ਬਣਾਉਣ ਦੇ ਨਾਲ ਸਮਾਜਿਕ ਬਰਾਬਰੀ ਨੂੰ ਪਰਪੱਕ ਕਰਦੀ ਹੈ। ਜਿਸ ਦੇ ਫਲਸਰੂਪ ਮਨੁੱਖ ਮਨੁੱਖ ਦੇ ਨੇੜੇ ਆ ਜਾਂਦਾ ਹੈ ਅਤੇ ਆਪਸੀ ਨੇੜਤਾ ਵਿੱਚ ਵਾਧਾ ਹੁੰਦਾ ਹੈ। ਜਿਸ ਨਾਲ ਇਕੱਲਤਾ ਤੋਂ ਸੁਭਾਵਿਕ ਹੀ ਛੁਟਕਾਰਾ ਮਿਲ ਜਾਂਦਾ ਹੈ। ਅਜੋਕੇ ਯੁੱਗ ਦੀ ਇਕ ਪ੍ਰਮੁੱਖ ਸਮੱਸਿਆ ਇਕੱਲਤਾ ਦੀ ਹੈ। ਮਨੁੱਖ ਇਸ ਵਿਸ਼ਵੀਕਰਨ ਦੀ ਸੁੰਗੜੀ ਦੁਨੀਆ ਵਿੱਚ ਵੀ ਇਕੱਲਾ ਹੋ ਕੇ ਰਹਿ ਗਿਆ ਹੈ। ਉਹ ਇਕ ਦੂਜੇ ਦੇ ਨੇੜੇ ਹੁੰਦਿਆ ਵੀ ਦੂਰ ਹੋ ਗਿਆ ਹੈ। ਕਿਰਤ ਦੇ ਸਿਧਾਂਤ ਨਾਲ ਮਨੁੱਖੀ ਇਕੱਲਤਾ ਜਾਂਦੀ ਰਹਿੰਦੀ ਹੈ। ਉਹ ਕਿਰਤ ਦੌਰਾਨ ਇਕ ਦੂਜੇ ਨਾਲ ਸੰਬੰਧ ਬਣਾਉਂਦਾ ਹੋਇਆ, ਦਿਲ ਤੋਂ ਜੁੜਦਾ ਹੈ। ਗੁਰੂ ਸਾਹਿਬ ਦੀ ਸਿੱਖਿਆ ਅਨੁਸਾਰ ਲਾਲਚ ਨੂੰ ਛੱਡ ਕੇ ਕੀਤੀ ਗਈ ਕਿਰਤ ਧਰਮ ਕਾਰਜ ਹੈ। ਜਦ ਮਨੁੱਖ ਕਿਰਤ ਦਾ ਸਾਥ ਮਾਣਣ ਲੱਗਦਾ ਹੈ ਤਦ ਉਸ ਦੀ ਕਿਰਤ ਹੀ ਸਿਮਰਨ ਹੋ ਜਾਂਦੀ ਹੈ। ਜਿਸ ਪ੍ਰਕਾਰ ਭਗਤ ਨਾਮਦੇਵ ਜੀ ਅਤੇ ਭਗਤ ਤ੍ਰਿਲੋਚਨ ਜੀ ਦੇ ਸੰਵਾਦ ਦਾ ਵਰਨਣ ਭਗਤ ਕਬੀਰ ਜੀ ਕਰਦੇ ਹਨ।ਜਿਸ ਵਿੱਚ ਕਿਰਤ ਅਤੇ ਧਿਆਨ ਦੇ ਸੁੰਦਰ ਸੁਮੇਲ ਦਾ ਵਰਨਣ ਮਿਲਦਾ ਹੈ।[22] ਮਨੁੱਖ ਦਾ ਧਿਆਨ ਸੰਸਾਰਿਕ ਵਿਸ਼ਿਆ ਤੋਂ ਪਰੇ ਕਰਤਾਰ ਨਾਲ ਜੁੜ ਜਾਂਦਾ ਹੈ। ਆਪਸੀ ਵੈਰ-ਵਿਰੋਧ ਦੀ ਭਾਵਨਾ ਖਾਤਮਾ ਹੁੰਦਾ ਹੈ ਅਤੇ ਵਿਸ਼ਵ-ਵਿਆਪੀ ਏਕਤਾ ਅਤੇ ਭਾਈਚਾਰੇ ਦੀ ਸਥਾਪਨਾ ਹੁੰਦੀ ਹੈ।

ਆਧੁਨਿਕ ਯੁੱਗ ਦੀ ਇਕ ਤਰਾਸਦੀ ਇਹ ਵੀ ਹੈ ਕਿ ਸਰਮਾਏ ਦੀ ਵੰਡ ਬਹੁਤ ਵੱਡੀ ਸਮੱਸਿਆ ਬਣੀ ਹੈ। ਜਿਸ ਦੇ ਸਿੱਟੇ ਵਜੋਂ ਸਮਾਜ ਵਿੱਚ ਵੰਡੀਆਂ ਵੀ ਪੈ ਜਾਂਦੀਆਂ ਹਨ। ਸਮਾਜ ਉੱਚ, ਮੱਧ ਅਤੇ ਨੀਵੀਂ ਸ਼੍ਰੇਣੀ ਵਿੱਚ ਵੰਡਿਆ ਜਾਂਦਾ ਹੈ। ਸਰਮਾਏ ਦੇ ਬਹੁਤ ਵੱਡੇ ਹਿੱਸੇ ਉੱਤੇ ਕੁਝ ਚੋਣਵੇਂ ਲੋਕਾਂ ਦਾ ਕਬਜ਼ਾ ਹੈ। ਜਿਸ ਦੇ ਨਤੀਜੇ ਵਜੋਂ ਬਹੁਤ ਵੱਡੀ ਗਿਣਤੀ ਵਜੋਂ ਸਧਾਰਣ ਲੋਕ ਕੰਗਾਲੀ ਨੂੰ ਭੋਗ ਰਹੇ ਹਨ। ਵੱਡੀ ਗਿਣਤੀ ਵਿੱਚ ਲੋਕ ਪੋਸ਼ਟਿਕ ਅਹਾਰ ਲੈਣ ਤੋਂ ਅਸਮਰੱਥ ਅਤੇ ਭੁੱਖਮਰੀ ਦਾ ਸ਼ਿਕਾਰ ਹੋ ਰਹੇ ਹਨ। ਗੁਰੂ ਨਾਨਕ ਦੇਵ ਜੀ ਨੇ ਮਾਇਕ ਪਦਾਰਥਾਂ ਨੂੰ

ਇਕੱਠਿਆਂ ਕਰਨ ਦੀ ਰੁਚੀ ਦੀ ਵੀ ਨਿੰਦਾ ਕੀਤੀ ਹੈ। ਕਿਉਂ ਕਿ ਮਾਇਕ ਪਦਾਰਥਾਂ ਅਤੇ ਸਰਮਾਏ ਨੂੰ ਇਕੱਠਿਆ ਕਰਨ ਲਈ ਮਨੁੱਖ ਅਯੋਗ ਤਰੀਕੇ ਨੂੰ ਅਪਨਾਉਂਦਾ ਹੈ। ਜਿਸ ਨਾਲ ਮਨੁੱਖ ਮਨੁੱਖਤਾ ਦਾ ਘਾਣ ਕਰਦਾ ਹੋਇਆ ਆਪਣੇ ਭਾਈਚਾਰੇ ਦਾ ਗਲਾ ਘੁੱਟਦਾ ਹੈ, ਜੋ ਕਿ ਯੋਗ ਨਹੀਂ ਹੈ। ਪਰਾਇਆ ਹਕ ਮੁਸਲਮਾਨ ਲਈ ਸੂਰ ਅਤੇ ਹਿੰਦੂ ਲਈ ਗਾਂ ਖਾਣ ਦੇ ਬਰਾਬਰ ਹੈ।[23] ਇਸ ਲਈ ਗੁਰੂ ਜੀ ਸਮਝਾਉਂਦੇ ਹਨ ਕਿ ਮਨੁੱਖ ਦੀ ਅਜਿਹੀ ਤ੍ਰਿਸ਼ਨਾ ਅਤੇ ਭੁੱਖ ਕਦੇ ਪੂਰੀ ਨਹੀਂ ਹੋ ਸਕਦੀ। ਇਸ ਲਈ ਮਨੁੱਖ ਨੂੰ ਇਸ ਪ੍ਰਵਿਰਤੀ ਦਾ ਤਿਆਗ ਕਰ ਦੇਣਾ ਚਾਹੀਦਾ ਹੈ।

ਭੁਖਿਆ ਭੁਖ ਨ ਉਤਰੀ
ਜੇ ਬੰਨਾ ਪੁਰੀਆ ਭਾਰ॥[24]

## ਸਿੱਟਾ

ਇਸ ਪ੍ਰਕਾਰ ਗੁਰੂ ਨਾਨਕ ਦੇਵ ਜੀ ਅਜੋਕੇ ਯੁੱਗ ਨੂੰ ਸੇਧ ਦਿੰਦੇ ਹਨ। ਗੁਰੂ ਸਾਹਿਬ ਦੀ ਬਾਣੀ ਇਕ ਆਦਰਸ਼ਿਕ ਮਨੁੱਖ ਅਤੇ ਸਮਾਜ ਦੀ ਸਿਰਜਣਾ ਕਰਨ ਦਾ ਮਾਰਗ ਹੈ। ਇਸ ਵਿਚਾਰਧਾਰਾ ਨੂੰ ਅਪਣਾ ਕੇ ਜਿੱਥੇ ਅਜੋਕੇ ਯੁੱਗ ਦੀਆਂ ਮੁਸ਼ਕਿਲਾਂ ਦਾ ਹੱਲ ਕੀਤਾ ਜਾ ਸਕਦਾ ਹੈ। ਉੱਥੇ ਸੰਤੁਲਿਤ ਸਮਾਜ ਸਿਰਜਿਆ ਵੀ ਜਾ ਸਕਦਾ ਹੈ। ਇਹ ਗੁਰੂ ਸਾਹਿਬ ਜੀ ਦੀ ਬਾਣੀ ਦੀ ਮਹਾਨਤਾ ਹੈ ਕਿ ਅਜੋਕੇ ਸਮੇਂ ਵਿੱਚ ਉਸ ਦੀ ਮਹਾਨਤਾ ਅਤੇ ਪ੍ਰਸੰਗਿਕਤਾ ਬਰਾਬਰ ਬਰਕਰਾਰ ਹੈ ਅਤੇ ਅੱਗੇ ਵੀ ਰਹੇਗੀ।

---

## ਹਵਾਲੇ ਅਤੇ ਟਿੱਪਣੀਆਂ


[1] ਨਾਭਾ, ਭਾਈ ਕਾਨ੍ਹ ਸਿੰਘ, ਗੁਰਸ਼ਬਦ ਰਤਨਾਗਰ ਮਹਾਨਕੋਸ਼, ਭਾਸ਼ਾ ਵਿਭਾਗ, ਪਟਿਆਲਾ,2011, ਪੰਨਾ-329,330.

[2] ਗੁਰੂ ਗ੍ਰੰਥ ਸਾਹਿਬ ਜੀ, ਅੰਗ-1245.

[3] ਉਹੀ, ਅੰਗ-149.

[4] ਉਹੀ, ਅੰਗ-463.

[5] ਵਾਸੂ, ਇੰਦਰਜੀਤ ਸਿੰਘ (ਡਾ.), ਗੁਰਮਤਿ ਤੇ ਸੂਫੀ ਪੰਜਾਬੀ ਕਾਵਿ ਵਿੱਚ ਮਨੁੱਖ ਦਾ ਸੰਕਲਪ, ਵਾਸੂ ਪ੍ਰਕਾਸ਼ਨ, ਫਗਵਾੜਾ, ਮਈ 2007, ਪੰਨਾ-341.

[6] ਪਰਮਿੰਦਰ ਕੌਰ ਕ੍ਰਾਂਤੀ, ਅੱਛਰੂ ਸਿੰਘ, ਕਥਨ ਕੋਸ਼, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2003, ਪੰਨਾ-87.

[7] ਜੱਗੀ, ਰਤਨ ਸਿੰਘ (ਡਾ.), ਸਿੱਖ ਪੰਥ ਵਿਸ਼ਵਕੋਸ਼ ਭਾਗ ਦੂਜਾ, ਗ੍ਰਾਸੀਅਸ ਬੁੱਕ, ਪਟਿਆਲਾ, 2014, ਪੰਨਾ-578.

[8] ਨੇਕੀ, ਜਸਵੰਤ ਸਿੰਘ (ਡਾ.), ਗੁਰਮਤਿ ਮਨੋਵਿਗਿਆਨ, ਸਿੰਘ ਬ੍ਰਦਰਜ਼, ਅੰਮ੍ਰਿਤਸਰ, 2014, ਪੰਨਾ-127.

[9] ਪ੍ਰੋ. ਪੂਰਨ ਸਿੰਘ, ਖੁੱਲ੍ਹੇ ਲੇਖ, ਲਾਹੌਰ ਬੁੱਕ ਸ਼ਾਪ, ਲੁਧਿਆਣਾ, 2011, ਪੰਨਾ-78.

[10] ਗੁਰਸ਼ਰਨ ਜੀਤ ਸਿੰਘ (ਡਾ.), ਜਪੁ ਜੀ ਦੇ ਆਰਥਿਕ ਮੁੱਦੇ, ਗੁਰੂ ਨਾਨਕ ਬਾਣੀ ਤੇ ਵਿਚਾਰਧਾਰਾ, ਰਾਏ ਜਸਬੀਰ ਸਿੰਘ (ਸੰਪਾ.), ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ, 1999, ਪੰਨਾ-82.

[11] ਉਹੀ, ਪੰਨਾ-6.

[12] ਰਾਮ ਸਿੰਘ (ਡਾ.). ਜਪੁ ਜੀ ਦੇ ਪੰਜ ਖੰਡ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2007, ਪੰਨਾ-32.

[13] ਰਾਮ ਸਿੰਘ (ਡਾ.), ਉਹੀ, ਪੰਨਾ-26.

[14] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-8.

[15] ਉਹੀ, ਪੰਨਾ-1012.

[16] ਉਹੀ, ਪੰਨਾ-903.

[17] ਨੇਕੀ, ਜਸਵੰਤ ਸਿੰਘ (ਡਾ.), ਉਹੀ, ਪੰਨਾ-154.

[18] ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1245.

[19] ਉਹੀ, ਪੰਨਾ-1245.

[20] ਉਹੀ, ਪੰਨਾ-1127.

[21] ਉਹੀ, ਪੰਨਾ-467.

[22] "ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮ੍ਹਾਲਿ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ॥" ਗੁਰੂ ਗ੍ਰੰਥ ਸਾਹਿਬ ਜੀ, ਪੰਨਾ-1375.

[23] "ਹਕੁ ਪਰਾਇਆ ਨਾਨਕਾ ਉਸੁ ਸੂਅਰ ਉਸੁ ਗਾਇ॥
ਗੁਰੁ ਪੀਰੁ ਹਾਮਾ ਤਾ ਭਰੇ ਜਾ ਮੁਰਦਾਰੁ ਨ ਖਾਇ॥" ਉਹੀ, ਪੰਨਾ-141.

[24] ਉਹੀ, ਪੰਨਾ-1.

******

ਵਿਕਰਮਜੀਤ ਸਿੰਘ ਤਿਹਾੜਾ
ਵਿਦਿਆਰਥੀ, ਗੁਰੂ ਨਾਨਕ ਅਧਿਐਨ ਵਿਭਾਗ,
ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ।
ਸੰਪਰਕ: +91 98555 34961

# ਜਪੁ ਬਾਣੀ ਦੇ ਪ੍ਰਸੰਗ ਵਿਚ ਗੁਰੂ ਨਾਨਕ ਬਾਣੀ ਦੀ ਕਾਵਿ ਕਲਾ

ਗੁਰਮਤਿ ਸਾਹਿਤ ਦੇ ਇਤਿਹਾਸ ਵਿਚ ਗੁਰੂ ਨਾਨਕ ਦੇਵ ਜੀ ਦੀ ਰਚਨਾ ਜਪੁਜੀ ਸਾਹਿਬ ਦੀ ਇਕ ਵਿੱਲਖਣ ਸਥਾਪਤੀ ਹੈ। ਇਸ ਰਚਨਾ ਵਿਚ ਗੁਰੂ ਸਾਹਿਬ ਦੁਆਰਾ ਉਚਾਰੇ ਹੋਏ ਉਹ ਬਚਨ ਹਨ ਜੋ ਉਹਨਾਂ ਦੇ ਅਨੁਭਵ ਅਤੇ ਜੀਵਨ ਤਜ਼ਰਬੇ 'ਤੇ ਅਧਾਰਿਤ ਹਨ।ਇਸ ਬਾਣੀ ਵਿਚ ਬ੍ਰਹਮ ਦਾ ਸਰੂਪ, ਸ੍ਰਿਸਟੀ ਰਚਨਾ, ਮਨੁੱਖ ਦੀ ਸਿਰਜਨਾ, ਨਾਮ ਸਾਧਨਾ, ਹੁਕਮ ਮੰਨਣ, ਕਿਰਪਾ ਪ੍ਰਾਪਤੀ, ਜੀਵਨ ਆਦਰਸ਼ ਬਾਰੇ ਵਿਚਾਰ ਵਿਅਕਤ ਕੀਤੇ ਗਏ ਹਨ। ਮੱਨੁਖੀ ਜੀਵਨ ਦੇ ਪਾਰ ਉਤਾਰੇ ਲਈ, ਪਸ਼ੂ ਬਿਰਤੀ ਨੂੰ ਮਾਨਵ ਬਿਰਤੀ ਵਿਚ ਬਦਲਣ ਲਈ ਅਤੇ ਅਗੰਮੀ ਜੋਤ ਨਾਲ ਇਕ ਸੁਰ ਹੋ ਕੇ ਸਦੀਵੀ ਸੁਖ ਅਤੇ ਅਨੰਦ ਮਾਨਣ ਲਈ ਇਹ ਬਾਣੀ ਪ੍ਰੇਰਨਾ ਸਰੋਤ ਹੈ। ਡਾ. ਜਸਬੀਰ ਸਿੰਘ ਭੱਲਾ ਅਨੁਸਾਰ, ''ਗੁਰੂ ਸਾਹਿਬ ਦੀਆਂ ਸਾਰੀਆਂ ਬਾਣੀਆਂ ਵਿਚੋਂ ਜਪੁਜੀ ਸਾਹਿਬ ਦਾ ਪ੍ਰਥਮ ਸਥਾਨ ਹੈ। ਇਸ ਬਾਣੀ ਦੀ ਵਿਸ਼ੇਸ਼ਤਾ ਇਹ ਹੈ ਕਿ ਇਸ ਵਿਚ ਸਿੱਖ ਧਰਮ ਦੇ ਮੁਢਲੇ ਸਿਧਾਂਤਾਂ ਦਾ ਉਲੇਖ ਕੀਤਾ ਗਿਆ ਹੈ। ਇਸ ਵਿਚ ਗੁਰੂ ਜੀ ਨੇ ਸਿੱਖਾਂ ਨੂੰ ਸ੍ਰੇਸ਼ਟ ਜੀਵਨ ਬਤੀਤ ਕਰਨ ਅਤੇ ਸਤਿ ਮਾਰਗ ਉਪਰ ਚਲਣ ਦੀ ਪ੍ਰਰੇਨਾ ਦਿੱਤੀ ਹੈ।''[1]

ਜਪੁਜੀ ਸਾਹਿਬ ਆਪਣੀ ਬਣਤਰ ਅਤੇ ਬੁਣਤਰ ਦੋਹਾਂ ਪੱਖਾਂ ਤੋਂ ਵਿਲੱਖਣ ਬਾਣੀ ਹੈ। ਇਹ 40 ਪਦਾਂ ਵਾਲੀ ਨਿੱਕੀ ਜਿਹੀ ਰਚਨਾ ਦਾ ਉਕਤ ਪਹਿਲਾ ਸਲੋਕ ਇਸਦੀ ਆਦਿਕਾ ਭਾਵ ਭੂਮਿਕਾ, ਮੱਧ ਵਿਚ 38 ਪਾਉੜੀਆਂ ਹਨ। ਇਹ ਪਾਉੜੀਆਂ ਵੱਖ-ਵੱਖ ਜੁੱਟਾਂ ਵਿਚ ਬੱਝੀਆਂ ਤੋਲ ਤੁਕਾਂਤ ਅਨੁਸਾਰ ਹਨ। ਇਹ ਸਾਰੇ ਜੁੱਟ ਇਕ ਦੂਜੇ ਨਾਲ ਸੰਯੁਕਤ ਰੂਪ ਵਿਚ ਮਿਲਦੇ ਹਨ। ਜਪੁਜੀ ਸਾਹਿਬ ਦੇ ਆਰੰਭ ਵਿਚ ਅੰਕਿਤ ਮੂਲਮੰਤਰ ਇਸ ਬਾਣੀ ਦਾ ਮੰਗਲਾਚਰਨ ਹੈ। ਇਹ 14 ਗੁਣਵਾਚਕ ਲਫ਼ਜਾਂ ਦਾ ਗੁਣਵਾਚਕ ਵਾਕ ਹੈ, ਜੋ ਸੰਜਮਤਾ ਤੇ ਸਚੁੱਜ ਨਾਲ ਉਲੀਕਿਆ ਹੋਣ ਕਾਰਨ ਸਮੁੱਚੇ ਸੰਚਾਰ ਸਾਹਿਤ ਦਾ ਵਿਸ਼ੇਸ਼ ਵਿਲੱਖਣ ਬੁਨਿਆਦੀ ਬਿਆਨ ਬਣ ਗਿਆ ਹੈ।

ਇਸ ਤੋਂ ਉਪਰੰਤ ਪਾਉੜੀਆਂ ਦੀ ਲੜੀ ਸ਼ੁਰੂ ਹੋ ਜਾਂਦੀ ਹੈ। ਸਭ ਤੋਂ ਛੋਟੀ ਪਉੜੀ ਤੇਈਵੀਂ ਹੈ। ਇਹਨਾਂ ਪਉੜੀਆਂ ਦੀਆਂ ਤੁਕਾਂ ਦੀ ਗਿਣਤੀ ਸਮਰੂਪ ਨਹੀਂ ਹੈ। ਜਿਵੇਂ-

ਸਾਲਾਹੀ ਸਾਲਾਹਿ ਏਤੀ ਸੁਰਤਿ ਨਾ ਪਾਈਆ॥

ਨਦੀਆ ਅਤੈ ਵਾਹ ਪਵਹਿ ਸਮੁੰਦਿ ਨ ਜਾਣੀਅਹਿ॥

ਸਮੁੰਦ ਸਾਹ ਸੁਲਤਾਨ ਗਿਰਹਾ ਸੇਤੀ ਮਾਲੁ ਧਨੁ॥

ਕੀੜੀ ਤੁਲਿ ਨ ਹੋਵਨੀ ਜੇ ਤਿਸੁ ਮਨਹੁ ਵੀਸਰਹਿ॥੨੩॥

ਇਸੇ ਤਰ੍ਹਾਂ ਹੀ ਛੱਬੀ ਤੁਕਾਂ ਵਾਲੀ ਛੱਬੀਵੀਂ ਪਾਉੜੀ ਹੈ -

ਅਮੁਲ ਗੁਣ ਅਮੁਲ ਵਾਪਾਰ॥

ਅਮੁਲ ਵਾਪਾਰੀਏ ਅਮੁਲ ਭੰਡਾਰ॥

ਅਮੁਲ ਆਵਹਿ ਅਮੁਲ ਲੈ ਜਾਹਿ ॥

ਅਮੁਲ ਭਾਇ ਅਮੁਲਾ ਸਮਾਹਿ ॥

ਅਮੁਲ ਧਰਮੁ ਅਮੁਲ ਦੀਬਾਣੁ ॥

ਅਮੁਲ ਤੁਲੁ ਅਮੁਲੁ ਪਰਵਾਣੁ ॥

ਅਮੁਲ ਬਖਸੀਸ ਅਮੁਲੁ ਨੀਸਾਣੁ ॥

ਅਮੁਲ ਕਰਮੁ ਅਮੁਲੁ ਫੁਰਮਾਣੁ ॥

ਅਮਲੋ ਅਮੁਲੁ ਆਖਿਆ ਨ ਜਾਇ ॥

ਆਖਿ ਆਖਿ ਰਹੇ ਲਿਵ ਲਾਇ ॥

ਆਖਹਿ ਵੇਦ ਪਾਠ ਪੁਰਾਣ ॥

ਆਖਹਿ ਪੜੇ ਕਰਹਿ ਵਖਿਆਣ ॥

ਆਖਹਿ ਬਰਮੇ ਆਖਹਿ ਇੰਦ ॥

ਆਖਹਿ ਗੋਪੀ ਤੈ ਗੋਵਿੰਦ ॥

ਆਖਹਿ ਈਸਰ ਆਖਹਿ ਸਿਧ ॥

ਆਖਹਿ ਕੇਤੇ ਕੀਤੇ ਬੁਧ ॥

ਆਖਹਿ ਦਾਨਵ ਆਖਹਿ ਦੇਵ ॥

ਆਖਹਿ ਸੁਰਿ ਨਰ ਮੁਨਿ ਜਨ ਸੇਵ ॥

ਕੇਤੇ ਆਖਹਿ ਆਖਣਿ ਪਾਹਿ ॥

ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥

ਏਤੇ ਕੀਤੇ ਹੋਰਿ ਕਰੇਹਿ ॥

ਤਾ ਆਖਿ ਨ ਸਕਹਿ ਕੇਈ ਕੇਇ ॥

ਜੇਵਡੁ ਭਾਵੈ ਤੇਵਡੁ ਹੋਇ ॥

ਨਾਨਕ ਜਾਣੈ ਸਾਚਾ ਸੋਇ॥

ਜੇ ਕੋ ਆਖੈ ਬੋਲੁ ਵਿਗਾੜੁ॥

ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ॥੨੬॥

ਜਪੁਜੀ ਵਿਚ ਕੁਲ 382 ਤੁਕਾਂ, 2090 ਲਫ਼ਜ, 4977 ਵਿਅੰਜਨ ਅਤੇ ਸਵਰ ਹਨ। ਪਹਿਲੀ ਪਾਉੜੀ ਵਿਚ ਪਰਮਸੱਚ ਦੀ ਰਜ਼ਾ, ਦੂਜੀ ਵਿਚ ਪਰਮਸੱਚ ਤੇ ਹੁਕਮ ਦਾ ਸਰੂਪ, ਤੀਜੀ ਵਿਚ ਪਰਮਾਤਮਾ ਦੇ ਗੁਣ ਗਾ ਕੇ ਅੱਗੇ ਭੂਮਿਕਾ ਬੰਨ ਕੇ ਬਾਕੀ ਪਾਉੜੀਆਂ ਦਾ ਜੁਟਾਂ ਰਾਹੀਂ ਇਸ ਮਹਾਨ ਕਿਰਤ ਦੇ ਵਿਸ਼ੇ ਦਾ ਪਿੜ ਬੰਨਦਿਆਂ ਵਿਸ਼ੇਸ਼ ਪੱਖ ਦ੍ਰਿਸ਼ਟੀਗੋਚਰ ਕੀਤੇ ਹਨ। ਜਿਵੇਂ ਕਿ-

ਪੰਜਵੀਂ ਤੋਂ ਛੇਵੀਂ (ਗੁਰਾ ਇਕ ਦੇਹਿ ਬੁਝਾਈ)

ਅੱਠਵੀਂ ਤੋਂ ਗਿਆਰਵੀਂ (ਨਾਨਕ ਭਗਤਾ ਸਦਾ ਵਿਗਾਸ)

ਬਾਰਵੀਂ ਤੋਂ ਪੰਦਰਵੀਂ (ਐਸਾ ਨਾਮ ਨਿਰੰਜਨ ਹੋਇ)

ਸੋਲਵੀਂ ਤੋਂ ਉਨੱਵੀਂ (ਕੁਦਰਤਿ ਕਵਣ ਕਹਾ ਵੀਚਾਰ)

ਅਠਾਰਵੀਂ ਤੋਂ ਇੱਕਵੀਂ (ਆਦੇਸ ਤਿਸੇ ਤਿਸੇ ਅਦੇਸ)

ਉਪਰੋਕਤ ਅਧਿਐਨ ਤੋਂ ਸਿੱਧ ਹੁੰਦਾ ਹੈ ਕਿ ਜਪੁਜੀ ਦੀ ਰਚਨਾ ਭਾਵ ਪਾਉੜੀਆਂ ਦੀ ਰਚਨਾ ਜੁੱਟਾਂ ਵਿਚ ਹੋਈ ਹੈ। ਅੰਤਲੀਆਂ ਪਾਉੜੀਆਂ ਵਿਚ 'ਪੰਜ ਖੰਡਾਂ' ਦਾ ਵਰਣਨ ਹੈ। ਅੰਤ ਵਿਚ ਸਲੋਕ ਹੈ। ਇਹ ਸਲੋਕ ਸਾਰੇ ਵਿਸ਼ੇ ਦਾ ਨਿਚੋੜ ਹੈ ਅਤੇ ਸੰਸਾਰ ਨੂੰ ਇਕ ਵਿਸ਼ਾਲ ਪਰਿਵਾਰਕ ਚੌਖਟੇ ਵਿਚ ਪੇਸ਼ ਕਰਦਿਆਂ ਮਨੁੱਖੀ ਜੀਵਨ ਦਾ ਮਨੋਰਥ ਦੱਸਦਾ ਹੈ।

ਜਪੁਜੀ ਦੀ ਉਪਰ ਦੱਸੀ ਬਣਤਰ ਇਸ ਗੱਲ ਦੀ ਗਵਾਹ ਹੈ ਕਿ ਇਸਦੇ ਵਿਸ਼ੇ ਅਤੇ ਰੂਪ ਦੀ ਉਸਾਰੀ ਇਕ ਢੁੱਕਵੀਂ ਤੇ ਸੁਚੱਜੀ ਵਿਗਿਆਨਕ ਤੇ ਕਲਾਤਮਕ ਵਿਉਂਤ ਰਾਹੀਂ ਕੀਤੀ ਗਈ ਹੈ। ਸਲੋਕ ਅਤੇ ਪਾਉੜੀਆਂ ਇਕ ਦੂਜੇ ਨਾਲ ਬੱਝੀਆਂ ਹੋਈਆਂ ਹਨ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ, "ਮਹਾਨ ਤੇ ਅਮਰ ਸੰਦੇਸ਼ ਦਾ ਧਾਰਨੀ ਜਪੁਜੀ ਹਰ ਪੱਖੋਂ ਸਰੇਸ਼ਟ ਸੰਪੂਰਨ ਤੇ ਅਨੁਪਮ ਕਲਾ ਕਿਰਤ ਹੈ। ਇਸਦੇ ਵਿਸ਼ੇ ਦਾ ਆਰੰਭ, ਇਸਦੀ ਉਸਾਰੀ ਤੇ ਸਮਾਪਤੀ ਬੜੀ ਸੁੱਚਜੀ, ਰਸ-ਪੱਕੀ ਤੇ ਪ੍ਰਬੀਣ ਕਲਾ ਦੀ ਸਾਖ ਭਰਦੀ ਹੈ। ਵਿਸ਼ਾਲ ਅਨੁਭਵ ਤੇ ਅਨੂਠੀ ਕਲਪਨਾ, ਢੁਕਵੀਂ ਬਿੰਬਾਵਲੀ ਤੇ ਸੁਵੰਨੀ ਛੰਦਾਬੰਦੀ, ਸੁੱਨਖੀ ਬਣਤਰ ਤੇ ਸਪੱਸ਼ਟ ਬਿਆਨ, ਨਿਰੰਤਰ ਚਾਲ ਤੇ ਬੱਝਵੀਂ ਇਕਾਗਰਤਾ ਨੇ ਇਹਨੂੰ ਠੀਕ ਅਰਥਾਂ ਵਿਚ, ਇਕ ਸਦੀਵੀ ਤੇ ਸ਼ਾਹਕਾਰੀ ਕਿਰਤ ਬਣਾ ਦਿੱਤਾ ਹੈ।"[2]

**ਕਾਵਿ ਰੂਪ:** ਜਪੁਜੀ ਅਜਿਹੀ ਅਦਰਸ਼ਕ ਕਲਾ ਕਿਰਤ ਹੈ ਜਿਸ ਵਿਚ ਕਲਾਸਕ ਜਾਂ ਸਨਾਤਨੀ ਸਾਹਿਤ ਦੇ ਲਗਭਗ ਸਾਰੇ ਗੁਣ ਮੌਜੂਦ ਹਨ। ਜਪੁਜੀ ਦੇ ਕਾਵਿ-ਰੂਪ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੋਢੀ ਹਜ਼ਾਰਾ

ਸਿੰਘ ਅਨੁਸਾਰ, " ਜਪੁ ਵਾਰ ਹੈ। ਇਹ ਬਿਮਲ ਜੱਸ ਗਾਨ ਹੈ। ਇਹ ਸਚੁ ਨਾਮੁ ਵਡਿਆਈ ਹੈ। ਇਹ ਗੁਣ ਵੀਚਾਰ ਸੰਗ੍ਰਹਿ ਹੈ। ਜਪੁ ਬਾਣੀ ਵਾਰਾਂ ਵਿਚ ਸ਼ਾਮਿਲ ਨਹੀਂ। ਇਹ ਪੰਜ ਬਾਣੀਆਂ ਵਿਚ ਸ਼ਾਮਿਲ ਹੈ।ਪਾਉੜੀ ਇਕ ਛੰਦ ਹੈ।... ਜਪੁ ਵਾਰ ਵਿਚ ਵੀ ਪਾਉੜੀ ਪਦ ਵਰਤਿਆ ਹੋਇਆ ਹੈ।"[3] ਡਾ. ਮੋਹਨ ਸਿੰਘ ਵੀ ਇਹਨਾਂ ਵਿਚਾਰਾਂ ਦੀ ਪ੍ਰੋੜਤਾ ਕਰਦਿਆਂ, ਜਪੁਜੀ ਸ਼ਾਹਕਾਰ ਰਚਨਾ ਨੂੰ ਵਾਰ ਮੰਨਦਾ ਹੈ।[4] ਉਹ ਦਲੀਲਾਂ ਦਿੰਦਾ ਹੈ ਕਿ ਬਾਣੀ ਪਾਉੜੀਆਂ ਵਿਚ ਲਿਖੀ ਹੋਈ ਹੈ।ਵਾਰ ਦਾ ਨਾਇਕ ਹੁੰਦਾ ਹੈ। ਇਸ ਵਾਰ ਵਿਚ ਪਰਮਾਤਮਾ ਨਾਇਕ ਹੈ। ਜਪੁਜੀ ਦੀਆਂ ਕੁਝ ਪਾਉੜੀਆਂ 1,2,22,23 ਨਿਸ਼ਾਨੀ ਛੰਦ ਵਿਚ ਲਿਖੀਆਂ ਗਈਆਂ ਹਨ। ਵਾਰ ਵੀ ਨਿਸ਼ਾਨੀ ਛੰਦ ਵਿਚ ਰਚਿਤ ਹੁੰਦੀ ਹੈ। ਡਾ. ਹਰਨਾਮ ਸਿੰਘ ਸ਼ਾਨ ਅਨੁਸਾਰ, ਜਪੁਜੀ ਇਕ ਪ੍ਰਬੰਧ ਕਾਵਿ ਹੈ। ਇਸਦੀਆਂ 38 ਪਾਉੜੀਆਂ, 2 ਸਲੋਕ ਇਕ ਕੇਂਦਰੀ ਖਿਆਲ ਨਾਲ ਬੀੜੇ ਹੋਏ ਹਨ। ਇਹ ਕੇਂਦਰੀ ਖਿਆਲ ਸੱਚ ਦਾ ਸਰੂਪ ਉਲੀਕਣ ਤੇ ਸਚਿਆਰ ਬਣਨ ਨਾਲ ਸਬੰਧਤ ਹਨ।[5]

ਪਰ ਕਈ ਵਿਦਵਾਨ ਇਹਨਾਂ ਵਿਚਾਰਾਂ ਨਾਲ ਅਸਹਿਮਤੀ ਪ੍ਰਗਟ ਕਰਦੇ ਹਨ। ਵਾਰ ਦੇ ਨਿਸ਼ਚਿਤ ਪੈਟਰਨ ਅਨੁਸਾਰ ਇਸ ਵਿਚ ਸਰਲ ਤੇ ਤਿੱਖਾ ਵੇਗ ਨਹੀਂ ਹੈ। ਨਿਰੰਤਰ ਛੰਦ ਰੂਪ ਤੇ ਬੱਝਵਾਂ ਪ੍ਰਬੰਧ ਵੀ ਨਹੀਂ ਹੈ।ਪ੍ਰਬੰਧ-ਕਾਵਿ ਮੰਨਣਾ ਵੀ ਇਕ ਗਲਤੀ ਹੈ। ਡਾ. ਰਤਨ ਸਿੰਘ ਜੱਗੀ ਅਨੁਸਾਰ, ਪ੍ਰਬੰਧ ਕਾਵਿ ਮੰਨਣਾ ਸਿਧਾਂਤਕ ਗਲਤੀ ਹੈ। ਕਿਉਂਕਿ ਇਸ ਵਿਚ ਪ੍ਰਬੰਧ ਕਾਵਿ ਵਾਲੀਆਂ ਵਿਸ਼ੇਸ਼ਤਾਵਾਂ ਨਹੀਂ ਹਨ ਨਾ ਹੀ ਪ੍ਰਬੰਧ ਕਾਵਿ-ਸ਼ੈਲੀ ਬਿਰਤਾਂਤ ਹੈ ਜਾਂ ਕਥਾਨਕ ਵੀ ਨਹੀਂ ਹੈ। ਨਾਇਕ ਦੀ ਵੀ ਕਲਪਨਾ ਨਹੀਂ ਕੀਤੀ ਜਾ ਸਕਦੀ।... ਨਿਸਚਿਤ ਵਿਚਾਰਮਈ ਅਤੇ ਪ੍ਰਗਟਾ ਵਿਚਾਰਾਂ ਵਿਚ ਕ੍ਰਮਵਾਰ ਉਤਪੱਤ ਵਿਕਾਸ ਦੀ ਪ੍ਰਬੰਧ ਕਰਨੀ ਹੈ।[6]

ਉਪਰੋਕਤ ਵਿਚਾਰਾਂ ਤੋਂ ਸਪੱਸ਼ਟ ਹੁੰਦਾ ਹੈ ਕਿ ਵਿਸ਼ੇ ਦੀ ਇਕਾਗਰਤਾ, ਵਸਤੂ ਦੀ ਲੜੀ ਬੱਧਤਾ, ਬਣਤਰ ਦੀ ਸੰਪੂਰਨਤਾ, ਰਸ ਦੀ ਇਕ ਸੁਰਤਾ ਨੂੰ ਮੁੱਖ ਰੱਖ ਕੇ ਵੇਖੀਏ ਤਾਂ ਇਹ ਇਕ ਸੁੰਦਰ ਕਾਵਿ-ਪ੍ਰਬੰਧ ਹੈ। ਭਾਵੇਂ ਇਸ ਵਿਚ ਪਰੰਪਰਾਗਤ ਕਾਵਿ ਵਾਲੀਆਂ ਵਿਸ਼ੇਸ਼ਤਾਵਾਂ ਘੱਟ ਹਨ ਪਰ ਇਹ ਅਜਿਹਾ ਪ੍ਰਬੰਧ ਕਾਵਿ ਹੈ ਜਿਸ ਉੱਤੇ ਗੁਰੂ ਨਾਨਕ ਦੇਵ ਜੀ ਦੀ ਮੌਲਿਕ ਤੇ ਸੁੰਦਰ ਪ੍ਰਤਿਭਾਸ਼ਾਲੀ ਸ਼ਖ਼ਸੀਅਤ ਦੀ ਮੁਹਰ ਲੱਗੀ ਹੋਈ ਹੈ।

**ਸ਼ੈਲੀ:** ਜਪੁ ਸਾਹਿਬ ਸ਼ੈਲੀ ਪੱਖੋਂ ਵੀ ਇਕ ਉੱਤਮ ਤੇ ਮਿਆਰੀ ਕਲਾ ਕਿਰਤ ਹੈ। ਇਸ ਦੀ ਨੁਹਾਰ ਉਂਜ ਤਾਂ 'ਸੂਤਰਿਕ ਸ਼ੈਲੀ' ਵਾਲੀ ਹੈ। ਇਕ-ਇਕ ਗੰਭੀਰ ਵਿਚਾਰ ਹੈ। ਨਿੱਕੀਆਂ-ਨਿੱਕੀਆਂ ਤੁਕਾਂ 'ਗਾਗਰ ਵਿਚ ਸਾਗਰ' ਭਰਦੀਆਂ ਹਨ ਜੋ ਅਟੱਲ ਸੱਚਾਈਆਂ ਬਣ ਗਈਆਂ ਹਨ ਜਿਵੇਂ-

'ਮਨ ਜੀਤੈ ਜਗੁ ਜੀਤ'

ਸ਼ੈਲੀ ਨਿੱਜੀ ਵੀ ਹੈ ਅਤੇ ਗੈਰ ਨਿੱਜੀ ਵੀ ਵਿਸਵਾਰਥੀ ਵੀ ਹੈ ਤੇ ਸਧਾਰਨੀਕਰਨ ਵੀ ਇਹਨਾਂ ਦੋਹਾਂ ਦੀ ਮਿਸਾਲ ਪਹਿਲੀ ਪਉੜੀ ਵਿਚ ਮਿਲਦੀ ਹੈ-

ਸੋਚੈ ਸੋਚਿ ਨਾ ਹੋਵਈ ਜੇ ਸੋਚੀ ਲਖਵਾਰ॥

ਚੁਪੈ ਚੁਪ ਨ ਹੋਵਈ ਜੇ ਲਾਇ ਰਹਾ ਲਿਵਤਾਰ॥...

ਦੂਜੀ ਪਾਉੜੀ ਵਿਚ ਨਿੱਜੀ ਤੇ ਛੇਵੀਂ ਪਾਉੜੀ ਵਿਚ ਗੈਰ ਨਿੱਜੀ ਸ਼ੈਲੀ ਦਾ ਅਭਾਵ ਹੈ। ਪ੍ਰਸ਼ਨੋਤਰੀ ਸ਼ੈਲੀ ਦਾ ਵਾ ਮਿਸ਼ਰਨ ਹੈ ਜਿਵੇਂ-

ਕਿਵ ਸਚਿਆਰਾ ਹੋਈਐ ਕਿਵ ਤੁਟੇ ਪਾਲਿ॥

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ॥

ਇਹੋ ਜਿਹੇ ਪ੍ਰਸ਼ਨ 2,5,6,16,21 ਪਾਉੜੀ ਵਿਚ ਵੀ ਮਿਲਦੇ ਹਨ।

ਸਵੈ-ਸੰਬੋਧਨੀ ਸ਼ੈਲੀ ਦੀਆਂ ਉਦਾਹਰਨਾਂ ਵੀ ਵੇਖੀਆਂ ਜਾ ਸਕਦੀਆਂ ਹਨ-

ਨਾਨਕ ਨੀਚ ਕਹੈ ਵੀਚਾਰੁ॥

ਵਾਰਿਆ ਨਾ ਜਾਵਾ ਏਕ ਵਾਰ॥

ਸੋ ਸ਼ੈਲੀ ਦੇ ਗੁਣਾਂ ਪੱਖੋਂ ਜਪੁਜੀ ਇਕ ਉਤਮ ਕਿਰਤ ਦਾ ਗੌਰਵ ਪ੍ਰਾਪਤ ਕਰਦੀ ਹੈ। Dr. Rao P. Nagaraja ਅਨੁਸਾਰ, "ਇਹ ਇਕ ਅਜਿਹੀ ਉੱਤਮ ਕਲਾ ਤੇ ਸੁੰਦਰ ਸ਼ੈਲੀ ਦੀ ਧਾਰਨੀ ਹੈ ਜੋ ਕਈ ਗੱਲੋਂ ਨਿਵੇਕਲੀ ਤੇ ਹੁਣ ਤਕ ਵਿਲੱਖਣ ਜਾਪਦੀ ਹੈ। ਇਥੋਂ ਤਕ ਕਿ ਇਸ ਦੀਆਂ ਅੱਜ ਤੱਕ, ਉੱਨੀਆਂ ਤੇ ਉਜਿਹੀਆਂ ਨਕਲਾਂ ਵੀ ਨਜ਼ਰ ਨਹੀਂ ਆਈਆਂ ਜਿੰਨੀਆਂ ਤੇ ਜਿਹੋ-ਜਹੀਆਂ ਕਿ 'ਗੀਤਾ' ਜੀ ਦੀਆਂ ਮਿਲਦੀਆਂ ਹਨ।"[7]

**ਰਾਗ-ਰਸ:** ਜਪੁ ਜੀ ਰਾਗ ਮੁਕਤ ਬਾਣੀਆਂ ਵਿਚ ਗਿਣਿਆਂ ਜਾਂਦਾ ਹੈ।ਇਸਦੇ ਕਰਤਾ ਨੇ ਆਪ ਹੀ ਇਸ ਬਾਣੀ ਦੀ ਵਡਿਆਈ ਤੋਂ ਵਿਲੱਖਣਤਾ ਨੂੰ ਮੁੱਖ ਰੱਖਦਿਆਂ ਖੁਦ ਹੀ ਇਸਨੂੰ ਸੰਗੀਤਕ ਬੰਦਸ਼ਾਂ ਤੋਂ ਮੁਕਤ ਰੱਖਿਆ ਹੈ। ਰਾਗ ਜਾਂ ਤਾਲ ਬਾਰੇ ਕਿਸੇ ਵੀ ਤਰਾਂ ਦੀ ਕੋਈ ਅਜਿਹੀ ਸੂਚਨਾ ਅੰਕਿਤ ਨਾ ਹੋਣ ਦਾ ਕਾਰਨ ਵੀ ਇਹ ਹੈ ਕਿ ਇਹ ਗਾਉਣ ਲਈ ਨਹੀਂ ਸਗੋਂ ਜੱਪਣ ਲਈ ਰਚੀ ਗਈ ਜਾਪਦੀ ਹੈ। ਪ੍ਰਿੰਸੀਪਲ ਤੇਜਾ ਸਿੰਘ ਅਨੁਸਾਰ, "ਇਹ ਸੋਚਣ ਤੇ ਸਮਝਣ ਵਾਲੀ ਬਾਣੀ ਹੈ ਗਾਉਣ ਵਾਲੀ ਨਹੀਂ, ਇਸ ਲਈ ਇਸਦੇ ਨਾਲ ਕੋਈ ਰਾਗ ਨਹੀਂ ਦਿੱਤਾ ਗਿਆ।"[8]

ਜਪੁਜੀ ਇਕ ਗੰਭੀਰ ਵਿਚਾਰਸ਼ੀਲ ਤੇ ਬੋਧਾਤਮਕ ਕਿਰਤ ਹੈ ਪਰ ਗੁਰੂ ਜੀ ਨੇ ਭਾਵਾਂ ਤੇ ਜਜ਼ਬਿਆਂ ਨੂੰ ਅਜਿਹੇ ਤਰੀਕੇ ਨਾਲ ਸੁਮੇਲਿਆ ਤੇ ਸਰੋਦੀ ਅੰਸ਼ ਇਸ ਤਰ੍ਹਾਂ ਘੋਲਿਆ ਹੈ ਕਿ ਸਾਹਿਤ ਤੇ ਸੰਗੀਤ ਦੀ ਸਾਂਝ ਪ੍ਰਤੱਖ ਰੂਪ ਵਿਚ ਰਾਗ-ਰਸ ਭਰਪੂਰ ਹੈ। ਪਿਆਰਾ ਸਿੰਘ ਪਦਮ ਅਨੁਸਾਰ, "ਇਸ ਬਾਣੀ ਦਾ ਉਚਾਰਨ ਭਾਵੇਂ ਰਾਗ ਵਿਚ ਨਹੀਂ ਹੋਇਆ ਤੇ ਅੱਖਰ ਵੀ ਕੁਲ 4977 ਹਨ, ਮਗਰ ਇਸਦੀ ਵਿਸ਼ਾਲਤਾ ਅਸੰਖਾਂ ਨੂੰ ਪਾਰ ਕਰ ਕੇ ਅਸਮਾਨ ਜੇਡਾ ਚੌੜਾ ਗੀਤ ਛੇੜ ਰਹੀ ਹੈ। ਇਸ ਗੀਤ ਵਿਚ (ਕੇਵਲ) ਮਨੁੱਖ (ਹੀ) ਨਹੀਂ ਬਲਕਿ ਪੌਣ, ਪਾਣੀ, ਬ੍ਰਹਮ, ਵਿਸ਼ਨੂੰ, ਇੰਦਰ, ਦੇਵਤੇ, ਪਰੀਆਂ, ਜੋਧ, ਬੀਰ, ਭਾਂਤ-ਭਾਂਤ ਦੇ ਜੀਵ ਜੰਤ, ਸਭ ਸ਼ਾਮਿਲ ਹਨ।"[9] ਸੋ ਭਾਵੇਂ ਇਸ ਵਿਚ ਕੋਈ ਬੰਝਵਾਂ ਰਾਗ ਨਹੀਂ ਪਰ ਇਸ ਵਿਚਲਾ ਛੰਦ ਪ੍ਰਬੰਧ, ਭਾਸ਼ਾਈ ਪ੍ਰਬੀਨਤਾ, ਤੁਕ ਪ੍ਰਬੰਧ, ਸੁਰ-ਤਾਲ, ਲੈ-ਚਾਲ ਦਾ ਵੀ ਕਾਫੀ ਹੱਥ ਹੈ। ਜਿਵੇਂ-

ਅਸੰਖ ਜਪੁ ਅਸੰਖ ਭਾਓ॥

ਅਸੰਖ ਪੂਜਾ ਅਸੰਖ ਤਪ ਤਾਓ॥

ਉਪਰੋਕਤ ਪਾਉੜੀ ਵਿਚ 'ਅਸੰਖ' ਦੀ ਨਿਰੰਤਰ ਵਰਤੋਂ ਸਾਂਝਾ ਜਿਹਾ ਤਾਲ ਉਪਜਾ ਰਹੀ ਹੈ।

ਜਪੁਜੀ ਬਾਣੀ ਵਿਚ ਮੁੱਖ ਤੌਰ 'ਤੇ ਸ਼ਾਂਤ ਰਸ ਪ੍ਰਦਾਨ ਹੈ। ਅਦਭੁਤ ਰਸ ਵੀ ਇਸੇ ਨਾਲ ਹੀ ਸੰਮਿਲਤ ਹੈ। ਕਾਦਰ ਦੀ ਅਨੇਕਤਾ ਤੇ ਕੁਦਰਤ ਦੀ ਬੇਅੰਤਤਾ ਸਬੰਧੀ ਅਸਚਰਜਤਾ ਦਾ ਭਾਵ ਇਸ ਤਰ੍ਹਾਂ ਪ੍ਰਗਟ ਹੁੰਦਾ ਹੈ-

ਸਤਿ ਸੁਹਾਣੁ ਸਦਾ ਮਨਿ ਚਾਉ॥

ਕਿਵ ਕਿਰ ਆਖਾ ਕਿਵ ਸਾਲਾਹੀ॥

ਕਿਉ ਵਰਨੀ ਕਿਵ ਜਾਣਾ॥

ਇਸ ਨੂੰ ਉਪਜਾਉਣ ਲਈ ਵਰਤੀ ਗਈ ਰੁਚੀ ਭਾਵੁਕ ਹੋਣ ਦੀ ਥਾਂ ਬੋਧਕ ਹੈ। ਕਿਤੇ-ਕਿਤੇ ਸਾਦੇ ਜਿਹੇ ਸੁਆਲ, ਸੁਭਾਵਿਕ ਜਿਹੀ ਦਲੀਲ, ਸੂਖਮ ਜਿਹੇ ਹਾਸਰਸੀ ਕਟਾਖ਼ਸ ਵੀ ਹਨ-

ਜੇ ਕੋ ਬੂਝੈ ਹੋਵੈ ਸਚਿਆਰ॥

ਧਵਲੈ ਉਪਰਿ ਕੇਤਾ ਭਾਰ॥

ਸੋ ਕਹਿ ਸਕਦੇ ਹਾਂ ਕਿ ਜਪੁਜੀ ਸਾਹਿਬ ਵਿਚ ਗੁਰੂ ਸਾਹਿਬ ਦੀ ਕਿਰਤ ਦੇ ਰਸਨਾਤਮਕ ਪੱਖ ਤੇ ਸੰਗੀਤਕ ਚਾਲ ਉੱਪਰ ਵੀ ਅਜਿਹਾ ਪ੍ਰਭਾਵ ਹੈ ਕਿ ਇਹ ਉੱਤਮ ਦਰਜੇ ਦੀ ਕਲਾ ਕੁਸ਼ਲਤਾ ਦਾ ਇਕ ਸ੍ਰੇਸ਼ਟ ਨਮੂਨਾ ਹੈ।

**ਭਾਸ਼ਾ:** ਜਪੁ ਜੀ ਬਾਣੀ ਦੀ ਭਾਸ਼ਾ ਦਾ ਸਮਾਂ ਉਹ ਸਮਾਂ ਸੀ ਜਦੋਂ ਪੰਜਾਬੀ ਭਾਸ਼ਾ ਦਾ ਵਿਕਾਸ ਪੂਰਨ ਰੂਪ ਵਿਚ ਨਹੀਂ ਸੀ ਹੋਇਆ। ਇਹ ਅਪਭ੍ਰੰਸ਼ ਤੱਕ ਸੀਮਤ ਸੀ। ਜੇਕਰ ਇਕ ਵਾਕ ਵਿਚ ਕਹਿਣਾ ਹੋਵੇ ਤਾਂ, ਉਹਨਾਂ ਨੇ ਮਹਾਤਮਾ ਬੁੱਧ ਦੀ ਪਾਲੀ ਭਾਸ਼ਾ ਵਾਂਗ ਇਸ ਅਮਰਬਾਣੀ ਨੂੰ ਲੋਕਬੋਲੀ ਵਿਚ ਕਾਨੀਬੰਦ ਕੀਤਾ। ਪੰਜਾਬੀ ਵਿਚ ਉਸ ਸਮੇਂ ਸ਼ਬਦਾਂ ਦੀ ਕਮੀ ਸੀ ਪਰ ਗੁਰੂ ਨਾਨਕ ਸਾਹਿਬ ਨੇ ਇਸ ਕੱਚੇ ਪਿੱਲੇ ਸਾਧਨ ਨੂੰ ਬੜੀ ਕਾਮਯਾਬੀ ਨਾਲ ਵਰਤਿਆ। ਜਨਸਧਾਰਨ ਬੋਲੀ ਰਾਹੀਂ, ਅਮਰ ਸਾਹਿਤਕ ਕਿਰਤ ਬਣਨ ਤੇ ਜਿੰਨਾ ਮਾਣ ਕੀਤਾ ਜਾ ਸਕੇ ਉਨ੍ਹਾਂ ਹੀ ਥੋੜ੍ਹਾ ਹੈ। ਪ੍ਰੋ. ਪੂਰਨ ਸਿੰਘ ਅਨੁਸਾਰ, "ਇਹ ਕਾਵਿ-ਕਿਰਤ, ਆਪਣੇ ਅਸਲ ਰੂਪ ਵਿਚ, ਪੰਜਾਬੀ ਵਿਚ ਹੈ ਜਿਸ ਨੂੰ ਪਹਿਲੀ ਵਾਰ ਗੁਰੂ ਨਾਨਕ ਸਾਹਿਬ ਨੇ ਹੀ ਬੜੇ ਉੱਚੇ ਦਾਰਸ਼ਨਿਕ ਤੇ ਧਾਰਮਕ ਵਿਚਾਰ ਪਰਗਟਾਉਣ ਲਈ ਵਰਤਿਆ ਹੈ। ਅਤੇ ਉਹਨਾਂ ਨੇ ਇਸ ਨੂੰ ਅਜਿਹੀ ਅਚਰਜ ਨਿਪੁੰਨਤਾ ਤੇ ਸੰਜਮ ਨਾਲ ਵਰਤਿਆ ਹੈ ਕਿ 'ਜਪੁਜੀ' ਨੂੰ ਹੱਕੀ ਤੌਰ ਤੇ ਪੰਜਾਬੀ ਬੋਲੀ ਦੀ ਸਭ ਤੋਂ ਸੁੰਦਰ ਤੇ ਗੰਭੀਰ...ਕਾਵਿ-ਰਚਨਾ ਸਮਝਿਆ ਜਾਂਦਾ ਹੈ।"[10]

ਉਪਭਾਸ਼ਾਈ ਪੱਧਰ 'ਤੇ ਲਹਿੰਦੀ ਪੋਠੋਹਾਰੀ ਦਾ ਹਿੱਸਾ ਵੀ ਵਿਸ਼ੇਸ਼ ਤੇ ਵਧੇਰੇ ਜਾਪਦਾ ਹੈ। ਇਹ ਨਾਵਾਂ, ਕਿਰਿਆਵਾਂ, ਵਿਸ਼ੇਸ਼ਣਾ ਤੇ ਸਬੰਧਕਾਂ ਵਿਚ ਸਪੱਸ਼ਟ ਤੌਰ 'ਤੇ ਵੇਖੀ ਜਾ ਸਕਦੀ ਹੈ-

- ਨਾਨਕ ਹੋਸੀ ਭੀ ਸਚ॥
- ਮੰਦਾ ਸੰਤੋਖੁ ਸਰਮੁ ਪਤੁ ਝੱਲੀ॥

ਸੰਸਕ੍ਰਿਤ, ਹਿੰਦੀ, ਅਰਬੀ-ਫ਼ਾਰਸੀ ਪੁਰਤਗਾਲੀ ਸ਼ਬਦ ਵੀ ਹਨ। ਸਪੇਨੀ ਪੁਰਤਗਾਲੀ ਦਾ ਕੇਵਲ ਇਕ ਲਫ਼ਜ਼ 'ਸਾਬੁਣੁ' ਹੀ ਹੈ।

**ਅਰਬੀ-ਫ਼ਾਰਸੀ ਸ਼ਬਦਾਵਲੀ:** ਹੁਕਮ, ਸਾਹਿਬ, ਸਿਫ਼ਤ, ਪੀਰ, ਕਾਜ਼ੀ, ਸੇਖ਼ ਖਲਾਸੀ, ਬਾਦਸ਼ਾਹ, ਬਖਸ਼ਿਸ਼, ਰਜ਼ਾ ਆਦਿ।

**ਸੰਸਕ੍ਰਿਤ ਸ਼ਬਦਾਵਲੀ:**

- ਗਿਆਨ ਖੰਡ ਮਹਿ ਗਿਆਨ ਪਰਚੰਡ॥
- ਤਿਥੈ ਸੀਤੋ ਸੀਤਾ ਮਹਿਮਾ ਮਾਹਿ॥

ਉਪਰੋਕਤ ਤੋਂ ਇਲਾਵਾ ਨਾਥਾਂ-ਜੋਗੀਆਂ, ਸਾਧਾਂ-ਸੰਤਾ, ਸੂਫ਼ੀ-ਫ਼ਕੀਰਾਂ ਦੇ ਪ੍ਰਚਲਿਤ ਸ਼ਬਦ ਵੀ ਲੋੜ ਅਨੁਸਾਰ ਵਰਤੇ ਹਨ-

- ਆਈ ਪੰਥੀ ਸਗਲ ਜਮਾਤੀ॥
- ਜੇ ਜੁਗ ਚਾਰੇ ਆਰਜਾ॥

ਸੋ ਕਹਿ ਸਕਦੇ ਹਾਂ ਕਿ ਸਮੁੱਚੇ ਤੌਰ 'ਤੇ ਜਪੁਜੀ ਦੀ ਬੋਲੀ ਗੁਰੂ ਨਾਨਕ ਦੀ ਮਾਤ-ਭਾਸ਼ਾ ਪੰਜਾਬੀ ਹੈ। ਕਈ ਪ੍ਰਕਾਰ ਦੇ ਪ੍ਰਭਾਵਾਂ ਦੇ ਬਾਵਜੂਦ ਵੀ ਇਸਦਾ ਪਿੰਡਾ ਪੰਜਾਬੀ ਹੀ ਹੈ।

## ਹਵਾਲੇ ਅਤੇ ਟਿੱਪਣੀਆਂ


1. ਜਸਬੀਰ ਸਿੰਘ ਭੱਲਾ, ਜਪੁਜੀ ਸਾਹਿਬ ਇਕ ਅਧਿਐਨ, ਪੰਨਾ,83

2. ਡਾ. ਹਰਨਾਮ ਸਿੰਘ ਸ਼ਾਨ, ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ ਇਕ ਆਲੋਚਨਾਤਮਕ ਤੇ ਇਤਿਹਾਸਕ ਸਰਵੇਖਣ, ਪੰਨਾ,272

3. ਸੋਢੀ ਹਜ਼ਾਰਾ ਸਿੰਘ, ਜਪੁ ਵਿਆਖਿਆ, ਪੰਨਾ,32

4. ਡਾ. ਹਰਨਾਮ ਸਿੰਘ ਸ਼ਾਨ, ਗੁਰੂ ਨਾਨਕ ਦਾ ਸ਼ਾਹਕਾਰ ਜਪੁਜੀ (ੳਧਰਿਤ) ਪੰਨਾ,279

5. ਡਾ. ਹਰਨਾਮ ਸਿੰਘ ਸ਼ਾਨ, ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ, ਪੰਨਾ,281

6. ਡਾ. ਰਤਨ ਸਿੰਘ ਜੱਗੀ, ਵਿਚਾਰਧਾਰਾ, ਪੰਨਾ, 48-49

7. ਡਾ. ਹਰਨਾਮ ਸਿੰਘ ਸ਼ਾਨ, ਗੁਰੂ ਨਾਨਕ ਦਾ ਸ਼ਾਹਕਾਰ ਜਪੁ ਜੀ, (ੳਧਰਿਤ) ਪੰਨਾ,284

8. ਓਹੀ, ਪੰਨਾ,309

9. ਓਹੀ, ਪੰਨਾ,313

10. ਓਹੀ, ਪੰਨਾ,364



ਅਮਾਨਤ ਮਸੀਹ

ਰਿਸਰਚ ਸਕਾਲਰ

ਭਾਸ਼ਾ ਵਿਗਿਆਨ ਅਤੇ ਪੰਜਾਬੀ ਕੋਸ਼ਕਾਰੀ ਵਿਭਾਗ

ਪੰਜਾਬੀ ਯੂਨੀਵਰਸਿਟੀ, ਪਟਿਆਲਾ।

**ਸੰਪਰਕ:** 9915325505

# ਗੁਰੂ ਗ੍ਰੰਥ ਸਾਹਿਬ ਵਿਚ ਪ੍ਰਾਪਤ ਧਰਮ, ਸੰਤ ਅਤੇ ਬ੍ਰਹਮ ਗਿਆਨੀ ਦਾ ਸੰਕਲਪ

ਧਰਮ ਸਮਾਜ ਦਾ ਸਭਿਆਚਾਰਕ ਅੰਸ਼ ਹੁੰਦਾ ਹੈ।'ਧਰਮ' ਸ਼ਬਦ ਨੂੰ 'ਸਹਾਰਾ ਦੇਣ' ਅਤੇ 'ਆਸਰਾ ਦੇਣ' ਦੇ ਅਰਥਾਂ ਵਿਚ ਵਰਤਿਆ ਜਾਂਦਾ ਹੈ।ਧਰਮ ਉਹ ਹੈ, ਜੋ ਕਿਸੇ ਲਈ ਸਹਾਰਾ ਬਣਦਾ ਹੈ।ਇਸੇ ਲਈ ਸਿੱਖ ਧਰਮ ਵਿਚ ਕਿਹਾ ਜਾਂਦਾ ਹੈ।ਗੁਰੂ ਕੀ ਗੋਲਕ, ਗ਼ਰੀਬ ਕਾ ਮੂੰਹ।

ਸੰਸਾਰ ਦੀਆਂ ਸਮੁੱਚੀਆਂ ਸਭਿਅਤਾਵਾਂ ਧਰਮ ਦੇ ਆਸਰੇ ਖੜ੍ਹੀਆਂ ਹਨ।ਇਨ੍ਹਾਂ ਸਭਿਅਤਾਵਾਂ ਵੱਲੋਂ ਹੀ ਧਾਰਮਿਕ ਗ੍ਰੰਥ ਰਚੇ ਜਾਂਦੇ ਹਨ।ਇਨ੍ਹਾਂ ਗ੍ਰੰਥਾਂ ਵਿਚੋਂ ਧਰਮ ਸੰਬੰਧਿਤ ਰਹੁ-ਰੀਤਾਂ, ਅਨੁਸ਼ਠਾਨਾਂ, ਗੁਰੂਆਂ ਪੈਗੰਬਰਾਂ, ਰਿਸ਼ੀ ਮੁਨੀਆਂ, ਨਾਥਾਂ ਜੋਗੀਆਂ ਆਦਿ ਦਾ ਵੇਰਵਾ ਪ੍ਰਾਪਤ ਹੁੰਦਾ ਹੈ।ਹਰ ਸਭਿਅਤਾ ਦਾ ਆਪਣਾ ਧਰਮ ਹੁੰਦਾ ਹੈ ਤੇ ਉਸ ਸਭਿਅਤਾ ਦਾ ਆਪਣਾ ਧਾਰਮਿਕ ਗ੍ਰੰਥ।ਜਿਵੇਂ ਇਸਾਈ ਧਰਮ ਦਾ ਗ੍ਰੰਥ ਬਾਈਬਲ, ਮੁਸਲਿਮ ਧਰਮ ਦਾ ਗ੍ਰੰਥ ਕੁਰਾਨ ਸ਼ਰੀਫ਼, ਹਿੰਦੂ ਧਰਮ ਦਾ ਗ੍ਰੰਥ ਵੇਦ ਪੁਰਾਣ, ਸਿੱਖ ਧਰਮ ਦਾ ਗ੍ਰੰਥ ਗੁਰੂ ਗ੍ਰੰਥ ਸਾਹਿਬ ਆਦਿ।ਇਨ੍ਹਾਂ ਧਰਮਾਂ ਦੇ ਵੱਖੋ-ਵੱਖਰੇ ਨਾਮ ਹੋਣ ਕਾਰਨ ਧਰਮ ਵੀ ਵੱਖਰੇ ਬਣ ਗਏ ਅਤੇ ਧਰਮਾਂ ਦੇ ਨਾਮ ਦੇ ਆਧਾਰ 'ਤੇ ਨਵੀਂ ਜਾਤ ਹੋਂਦ ਵਿਚ ਆਈ।ਜਿਵੇਂ ਹਿੰਦੂਆਂ ਦਾ ਹਿੰਦੂ ਧਰਮ, ਮੁਸਲਿਮਾ ਦਾ ਮੁਸਲਿਮ ਧਰਮ, ਇਸਾਈਆਂ ਦਾ ਇਸਾਈ ਧਰਮ, ਸਿੱਖਾਂ ਦਾ ਸਿੱਖ ਧਰਮ ਆਦਿ।ਹਰ ਧਰਮ ਦਾ ਵਿਸ਼ਵਾਸ ਪਰਮ ਸਤਿ ਕਰਤਾਰ ਵਿਚ ਹੁੰਦਾ ਹੈ।ਉਸੇ ਸਤਿ ਕਰਤਾਰ ਨੂੰ ਧਰਮਾਂ ਦੇ ਆਗੂਆਂ ਨੇ ਵੱਖੋ-ਵੱਖਰੇ ਨਾਵਾਂ ਨਾਲ ਸੰਬੋਧਿਤ ਕੀਤਾ ਹੈ।ਜਿਵੇਂ ਰਾਮ, ਅੱਲ੍ਹਾ, ਗਾੱਡ, ਵਾਹਿਗੁਰੂ ਆਦਿ।

ਧਰਮ ਅਤੇ ਸਭਿਆਚਾਰ ਦਾ ਆਪਸ ਵਿਚ ਗਹਿਰਾ ਅੰਤਰ ਸੰਬੰਧ ਹੁੰਦਾ ਹੈ।ਸਭਿਆਚਾਰ ਦੇ ਅਨੁਕੂਲ ਹੀ ਲੋਕ ਵਿਸ਼ਵਾਸ ਬਣਦਾ ਹੈ, ਉਸੇ ਵਿਸ਼ਵਾਸ ਦੇ ਪ੍ਰਤੀਕਰਮ ਵਿਚੋਂ ਧਰਮ ਉਪਜਦਾ ਹੈ।ਕਿਹਾ ਜਾਂਦਾ ਹੈ, ਕਿ ਪੱਥਰ ਯੁੱਗ ਵਿਚ ਜਦੋਂ ਮਨੁੱਖੀ ਪ੍ਰਾਣੀ ਕੁਦਰਤੀ ਸ਼ਕਤੀਆਂ ਤੋਂ ਵਾਕਫ਼ ਹੋਇਆ ਤਾਂ ਉਸ ਨੂੰ ਲੱਗਾ ਕਿ ਕੋਈ ਉੱਪਰ ਬੈਠਾ ਜਾਦੂ ਕਰ ਰਿਹਾ ਹੈ।ਇਸੇ ਜਾਦੂ ਦੇ ਕੋਹਰਾਮ ਤੋਂ ਬਚਣ ਲਈ ਉਨ੍ਹਾਂ ਨੇ ਇਨ੍ਹਾਂ ਸ਼ਕਤੀਆਂ ਦੀ ਪੂਜਾ ਕਰਨੀ ਸ਼ੁਰੂ ਕਰ ਦਿੱਤੀ ਸੀ।ਇਸੇ ਪ੍ਰਤੀਕਿਰਿਆ ਵਿਚੋਂ ਇੰਦਰ ਦੇਵਤਾ, ਵਾਯੂ ਦੇਵਤਾ, ਅਗਨੀ ਦੇਵਤਾ ਆਦਿ ਦੇਵਤਿਆਂ ਦੀ ਹੋਂਦ ਸਥਾਪਿਤ ਹੋਈ ਸੀ ਤੇ ਆਦਿਵਾਸੀਆਂ ਨੇ ਪੱਥਰ ਦੀਆਂ ਮੂਰਤਾਂ ਬਣਾ ਉਨ੍ਹਾਂ ਮੂਰਤਾਂ ਨੂੰ ਦੇਵਤਿਆਂ ਦਾ ਨਾਂ ਦੇ ਕੇ ਪੂਜਣਾ ਸ਼ੁਰੂ ਕਰ ਦਿੱਤਾ ਸੀ।ਅਰਥਾਤ ਕਿਹਾ ਜਾ ਸਕਦਾ ਹੈ, ਕਿ ਧਰਮ ਦਾ ਜਨਮ ਮਨੁੱਖੀ ਮਨ ਦੇ ਡਰ ਵਿਚੋਂ ਹੋਇਆ ਸੀ।ਇਸੇ ਤ੍ਰਿਸ਼ਨਾ ਨੂੰ ਸ਼ਾਂਤ ਕਰਨ ਲਈ ਉਨ੍ਹਾਂ ਨੇ ਮੂਰਤੀ ਪੂਜਾ ਦਾ ਆਰੰਭ ਕੀਤਾ ਸੀ।

ਇਹ ਗੱਲ ਵੱਖ ਹੈ, ਕਿ ਧਰਮ ਦਾ ਜਨਮ ਮਨੁੱਖੀ ਡਰ ਵਿਚੋਂ ਹੋਇਆ ਹੈ, ਪਰ ਮਨੁੱਖੀ ਪ੍ਰਾਣੀ ਨੂੰ ਜੀਵਨ ਜਿਉਣ ਦੀ ਜਾਂਚ ਧਰਮ ਤੋਂ ਪ੍ਰਾਪਤ ਹੁੰਦੀ ਹੈ।ਮਰਿਆਦਾ ਵਿਚ ਰਹਿਣਾ ਹੀ ਧਰਮ ਦਾ ਨੇਮ ਹੁੰਦਾ ਹੈ।ਧਰਮ ਦੀਆਂ ਪੈੜਾਂ 'ਤੇ ਚੱਲਣ ਨਾਲ ਵਿਅਕਤੀਗਤ ਵਿਚਾਰਾਂ ਵਿਚ ਵਾਧਾ ਹੁੰਦਾ ਹੈ ਅਤੇ ਮਨ ਨੂੰ ਸ਼ਾਂਤੀ ਪ੍ਰਾਪਤ ਹੁੰਦੀ ਹੈ।ਇਸੇ ਪ੍ਰੇਮ-ਭਗਤੀ ਅਤੇ ਸ਼ਰਧਾ-ਉਪਾਸਨਾ ਦੇ ਮਾਧਿਅਮ ਰਾਹੀਂ ਹਿਰਦਾ ਕੋਮਲ, ਮਨ ਸ਼ਾਂਤ ਅਤੇ ਭਾਵ ਸਹਿਜ-ਸੁੱਖ ਪ੍ਰਾਪਤ ਕਰਦੇ ਹਨ।ਮਨੁੱਖੀ ਜੀਵਨ ਵਿਚ ਧਰਮ ਅਤੇ ਧਾਰਮਿਕ ਗਿਆਨ ਦਾ ਹੋਣਾ ਬਹੁਤ ਲਾਜ਼ਮੀ ਹੁੰਦਾ ਹੈ, ਬੇਸ਼ੱਕ

ਧਰਮ ਮਨੁੱਖੀ ਪ੍ਰਾਣੀ ਵੱਲੋਂ ਸਿਰਜਿਆ ਹੋਇਆ ਖੰਡ ਹੈ।ਧਰਮ ਮਰਿਆਦਾ ਦੇ ਘੇਰੇ ਵਿਚ ਰੱਖ ਕੇ ਮਨੁੱਖ ਨੂੰ ਆਪਣੇ ਅਹਿਸਾਸ ਨਾਲ ਜੋੜੀ ਰੱਖਦਾ ਹੈ।

ਹਰ ਸਮਾਜ ਦਾ ਆਪਣਾ ਵੱਖਰਾ ਸਭਿਆਚਾਰ ਹੁੰਦਾ ਹੈ।ਜੋ ਉਥੋਂ ਦਾ ਭੂਗੋਲ ਅਤੇ ਕੁਦਰਤੀ ਵਰਤਾਰਾ ਨਿਸ਼ਚਤ ਕਰਦਾ ਹੈ।ਜਿਸ ਸਮਾਜ ਦਾ ਵੱਖਰਾ ਸਭਿਆਚਾਰ ਹੁੰਦਾ ਹੈ, ਉਸ ਸਮਾਜ ਦੇ ਅਨੁਸ਼ਠਾਨ ਵੀ ਵੱਖਰੇ ਹੁੰਦੇ ਹਨ।ਧਰਮ ਨੂੰ ਸਭਿਆਚਾਰ ਦਾ ਪ੍ਰਤੀਬਿੰਬ ਵੀ ਕਿਹਾ ਜਾ ਸਕਦਾ ਹੈ।

ਧਰਮ ਸੰਬੰਧੀ ਭਗਤ ਪੂਰਨ ਸਿੰਘ ਆਖਦੇ ਹਨ, ਕਿ ਉੱਚਾ ਸੁੱਚਾ ਤੀਖਣ ਤੇ ਜੀਂਦਾ ਧਿਆਨੀ ਪਿਆਰ ਹੈ।ਅਨੇਕਤਾ ਨੂੰ ਏਕਤਾ ਵਿਚ ਵੇਖਣ ਵਾਲਾ, ਨਿੱਜੀ ਖ਼ੁਸ਼ੀਆਂ ਤੋਂ ਉੱਪਰ ਉੱਠ ਕੇ ਦੂਜਿਆਂ ਲਈ ਕੁਰਬਾਨੀ ਦੇਣ ਵਾਲਾ, ਸਤਿਕਾਰ ਤੇ ਪਿਆਰ ਦਾ ਗਿਆਨ ਰੱਖਣ ਵਾਲਾ ਹੀ ਧਾਰਮਿਕ ਇਨਸਾਨ ਹੋ ਸਕਦਾ ਹੈ।ਧਰਮ ਦੇ ਵੱਖੋ-ਵੱਖਰੇ ਪੈਰੋਕਾਰ ਕਿਸੇ ਮਜ਼੍ਹਬ ਦਾ ਨਾਮ ਨਹੀਂ ਸਗੋਂ ਇਨ੍ਹਾਂ ਫ਼ਲਸਫ਼ਿਆਂ ਨੂੰ ਮਨੁੱਖ ਨੇ ਆਪਣੇ ਵਿਅਕਤੀਗਤ ਅਨੁਸ਼ਾਸਨਾਂ ਅਨੁਸਾਰ ਪਸਾਰਿਆ ਹੈ, ਪ੍ਰੰਤੂ ਇਨ੍ਹਾਂ ਅਨੁਸ਼ਾਸਨਾਂ ਦਾ ਉਦੇਸ਼ ਇਕ ਮਿਕ ਹੁੰਦਾ ਹੈ।

ਜਿਸ ਵਿਚ ਧਰਮ ਆ ਗਿਆ, ਉਸ ਵਿਚ ਪਿਆਰ ਆ ਗਿਆ।ਸਰਵ ਸਾਂਝ ਆ ਗਈ, ਕੁਰਬਾਨੀ ਤੇ ਆਤਮਾ ਦੀ ਉੱਚਤਾ ਆ ਗਈ (ਲੇਖ-ਧਰਮ ਕੀ ਹੈ)।ਇਨ੍ਹਾਂ ਗੁਣਾਂ ਦਾ ਧਾਰਨੀ ਕੇਵਲ ਪਰਮ ਬ੍ਰਹਮ ਹੀ ਹੁੰਦਾ ਹੈ।ਧਰਮ ਇਕ ਵਿਸ਼ਾਲ ਸਾਗਰ ਹੈ।ਇਸੇ ਸਾਗਰ ਵਿਚੋਂ ਰਿਸ਼ੀਆਂ-ਮੁਨੀਆਂ, ਜੋਗੀਆਂ, ਸਾਧਾਂ, ਪੈਗੰਬਰਾਂ, ਭਗਤਾਂ, ਗੁਰੂਆਂ, ਸੰਤਾਂ, ਬਾਬਿਆਂ ਆਦਿ ਦਾ ਆਗਮਨ ਹੋਇਆ ਹੈ।ਇਨ੍ਹਾਂ ਵੱਲੋਂ ਹੀ ਧਰਮ ਦਾ ਪ੍ਰਚਾਰ ਕੀਤਾ ਗਿਆ ਅਤੇ ਉਸ ਦੀ ਵਿਸ਼ੇਸ਼ਤਾ ਤੋਂ ਜਾਣੂ ਕਰਵਾਇਆ ਗਿਆ ਸੀ।ਪੰਜਾਬੀ ਸਭਿਆਚਾਰ ਵਿਚ ਇਨ੍ਹਾਂ ਸੰਤਾਂ, ਬ੍ਰਹਮ-ਗਿਆਨੀ, ਬਾਬੇਆਂ ਆਦਿ ਦੀ ਵਿਸ਼ੇਸ਼ ਮਹੱਤਤਾ ਹੈ।

ਧਰਮ ਅਤੇ ਸੰਤਾਂ ਦਾ ਅੰਤਰ ਸੰਬੰਧ ਬਹੁਤ ਨੇੜੇ ਤੋਂ ਹੁੰਦਾ ਹੈ।ਸੰਤਾਂ ਮਹਾ ਪੁਰਖ ਹੁੰਦੇ ਹਨ, ਜਿਨ੍ਹਾਂ ਨੂੰ ਪਾਰ ਬ੍ਰਹਮ ਦੀ ਸੋਝੀ ਪ੍ਰਾਪਤ ਹੁੰਦੀ ਹੈ।ਇਨ੍ਹਾਂ ਸੰਤਾਂ ਕੋਲ ਹੀ ਦਸਵੇਂ ਦੁਆਰ ਦੀ ਕੁੰਜੀ ਹੁੰਦੀ ਹੈ, ਜਿੱਥੇ ਪ੍ਰਭੂ ਦਾ ਵਾਸ ਹੁੰਦਾ ਹੈ।ਸੰਤ ਆਮ ਮਨੁੱਖ ਨੂੰ ਕਰਤਾਰ ਦੇ ਨਾਮ ਨਾਲ ਜੋੜਦੇ ਹਨ।ਨਾਮ ਸਿਮਰਨ ਵਿਚੋਂ ਹੀ ਪ੍ਰਮਾਤਮਾ ਦੀ ਸੋਝੀ ਪ੍ਰਾਪਤ ਹੁੰਦੀ ਹੈ

ਸੰਤ ਸ਼ਬਦ ਸੰਸਕ੍ਰਿਤ ਦੇ 'ਸਾਂਤ' ਸ਼ਬਦ ਤੋਂ ਉਪਜਿਆ ਹੋਇਆ ਸ਼ਬਦ ਹੈ।ਇਸ ਦੇ ਸ਼ਾਬਦਿਕ ਅਰਥ ਵਿਦਵਾਨ, ਪੰਡਿਤ, ਉੱਤਮ, ਸ਼੍ਰੇਸ਼ਠ, ਸਜਨ, ਜਾਂ ਧਾਰਮਿਕ ਵਿਅਕਤੀ ਆਦਿ ਹਨ।ਆਮ ਬੋਲੀ ਦੇ ਪ੍ਰਯੋਗ ਵਿਚ ਇਹ ਸ਼ਬਦ ਸਾਧਾਂ ਜਾਂ ਸਾਧਾਂ ਵਰਗਾ ਆਚਰਨ ਕਰਨ ਵਾਲਿਆਂ ਲਈ ਵਰਤਿਆ ਜਾਂਦਾ ਹੈ।ਆਧੁਨਿਕ ਯੁੱਗ ਵਿਚ ਇਸ ਸ਼ਬਦ ਦੀ ਵਰਤੋਂ ਵਿਸ਼ੇਸ਼ ਰੂਪ ਵਿਚ ਨਿਰਗੁਣਵਾਦੀ ਧਰਮ-ਸਾਧਕ ਲਈ ਹੋਣ ਲੱਗੀ ਹੈ।ਵਾਲਮੀਕੀ ਰਾਮਾਇਣ (ਉਤਰ-ਕਾਂਡ 3/33) ਅਤੇ ਬੋਧੀ ਜਾਤਕ ਸਾਹਿਤ ਵਿਚ ਦੱਸਿਆ ਗਿਆ ਹੈ, ਕਿ ਸਹੀ ਸੰਤ ਉਹ ਹੈ, ਜੋ ਧਰਮ ਦਾ ਵਿਖਿਆਨ ਕਰੇ ਅਤੇ ਪਾਪ ਮੋਹ ਤੋਂ ਉੱਚਾ ਹੋਵੇ (ਪੰਜਾਬੀ ਪੀਡੀਆ)।

ਸਤ ਜਾਂ ਸਤਯ ਸ਼ਬਦ ਵੈਦਿਕ ਸਮੇਂ ਤੋਂ ਹੀ ਸਦਾ ਸਥਿਰ, ਅਬਦਲ ਜਾਂ ਸਵੈ ਹੋਂਦ ਵਾਲੀ ਇਕ ਬ੍ਰਹਿਮੰਡੀ ਆਤਮਾ ਬ੍ਰਹਮ ਜਾਂ ਪ੍ਰਮਾਤਮਾ ਲਈ ਵਰਤਿਆ ਗਿਆ ਹੈ।ਸ਼ਬਦ ਸੰਤ ਕਾਫ਼ੀ ਸਮੇਂ ਪਿੱਛੋਂ ਪੰਜਾਬੀ ਬੋਲੀ ਵਿਚ ਪ੍ਰਚਲਿਤ ਹੋਇਆ ਸੀ।ਇਹ ਸ਼ਬਦ ਬੁੱਧ ਧਰਮ ਦੇ ਪੁਰਾਤਨ ਪਾਲੀ ਸਾਹਿਤ ਵਿਚ ਸ਼ਾਂਤ ਸੱਚਾ ਜਾਂ ਸਿਆਣੇ ਦੇ ਅਰਥਾਂ ਵਿਚ ਅਕਸਰ ਵਰਤਿਆ ਜਾਂਦਾ ਰਿਹਾ ਹੈ।ਮੱਧ ਕਾਲ ਵਿਚ ਇਹ ਉਦੋਂ ਪੁਨਰ ਜੀਵਿਤ ਹੋ ਗਿਆ, ਜਦੋਂ

ਭਗਤੀ ਲਹਿਰ ਨੇ ਜਨਮ ਲਿਆ ਸੀ ਬਾਅਦ ਵਿਚ ਇਹ ਸ਼ਬਦ ਮਹਾਰਾਸ਼ਟਰ ਦੇ ਵਿਠੱਲ ਜਾਂ ਵਾਰਕਰੀ ਸੰਪਰਦਾਵਾਂ ਦੇ ਵੈਸ਼ਨਵ ਭਗਤਾਂ ਜਿਵੇਂ ਕਿ ਗਿਆਨ ਦੇਵ, ਨਾਮਦੇਵ, ਏਕਨਾਥ ਅਤੇ ਤੁਕਾਰਾਮ ਆਦਿ ਨਾਲ ਜੁੜ ਗਿਆ ਸੀ। ਭਗਤੀ ਲਹਿਰ ਦੇ ਅੰਦਰ ਵੀ ਇਕ ਵੱਖਰੀ ਸੰਤ ਪਰੰਪਰਾ ਹੈ। ਜਿਹੜੀ ਕਿ ਦੱਖਣੀ ਭਾਰਤੀ ਸੈਵ ਭਗਤੀ ਉੱਤਰੀ ਅਤੇ ਕੇਂਦਰੀ ਭਾਰਤ ਦੀ ਵੈਸ਼ਨਵ ਪਰੰਪਰਾ ਤੋਂ ਸਾਫ਼ ਤੌਰ 'ਤੇ ਨਿਖੇੜੀ ਜਾ ਸਕਦੀ ਹੈ। ਸੰਤ, ਭਗਤ ਪ੍ਰਮੁੱਖ ਰੂਪ ਵਿਚ ਅਸੰਪਰਦਾਇਕ ਸਨ। ਉਹ ਪੱਕੇ ਤੌਰ 'ਤੇ ਏਕੇਸ਼ਵਰਵਾਦੀ ਸਨ ਅਤੇ ਬ੍ਰਾਹਮਣੀ ਕਰਮ ਕਾਂਡਾਂ, ਮੂਰਤੀ ਪੂਜਾ ਅਤੇ ਜਾਤੀ-ਪ੍ਰਣਾਲੀ ਦੇ ਵਿਰੋਧੀ ਸਨ। ਦੂਸਰੇ ਭਗਤਾਂ ਦੀ ਤਰ੍ਹਾਂ ਉਹ ਜਗਿਆਸੂ ਅਤੇ ਦੇਵਤੇ ਵਿਚਕਾਰ ਪ੍ਰੇਮ ਸੰਬੰਧਾਂ ਦੀ ਕਦਰ ਕਰਦੇ ਸਨ (ਪੰਜਾਬੀ ਪੀਡੀਆ)।

ਗੁਰਬਾਣੀ ਵਿਚ ਗੁਰਮੁਖ, ਮਨਮੁਖ, ਸਾਧ, ਸਚਿਆਰ, ਜੀਵਨ ਮੁਕਤ, ਬ੍ਰਹਮ-ਗਿਆਨੀ, ਪਚ ਆਦਿ ਸ਼ਬਦ ਇਸ ਦੇ ਸਮਾਨਾਰਥੀ ਸ਼ਬਦ ਹਨ, ਪ੍ਰੰਤੂ ਗੁਰਬਾਣੀ ਵਿਚ ਸੰਤ ਸ਼ਬਦ ਦੀ ਵਰਤੋਂ ਅਕਾਲ ਪੁਰਖ ਲਈ ਕੀਤੀ ਗਈ ਹੈ। ਮਿਸਾਲ ਵੱਜੋ

ਭਾਗੁ ਹੋਆ ਗੁਰਿ ਸੰਤੁ ਮਿਲਾਰਿਆ॥
ਪ੍ਰਭੁ ਅਬਿਨਾਸੀ ਘਰ ਮਹਿ ਪਾਇਆ॥

ਅੰਗ-97

ਮੇਰਾ ਪ੍ਰੀਤਮੁ ਮਿਤ੍ਰੁ ਹਰਿ ਪੁਰਖੁ ਸੁਜਾਣੁ ਜੀਉ॥
ਗੁਰ ਮੇਲੇ ਸੰਤ ਹਰਿ ਸੁਘੜ ਸੁਜਾਣੁ ਜੀਉ॥

ਅੰਗ-175

ਆਨੰਦ ਕਰਿ ਸੰਤ ਹਰਿ ਜਪਿ

ਅੰਗ-895

ਗੁਰੂ ਅਰਜਨ ਦੇਵ ਸਾਹਿਬ ਜੀ ਗੁਰਬਾਣੀ ਵਿਚ ਪੂਰਨ ਸੰਤ ਦੀ ਪਰਿਭਾਸ਼ਾ ਦਿੰਦੇ ਹੋਏ ਆਖਦੇ ਹਨ:

ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ॥
ਧੰਨ ਸਿ ਸੇਈ ਨਾਨਕਾ ਪੂਰਨ ਸੋਈ ਸੰਤੁ

ਅੰਗ-319

ਅਰਥਾਤ ਜਿਨ੍ਹਾਂ ਦੇ ਸਵਾਸ ਪ੍ਰਭੂ ਦਾ ਨਾਮ ਨਹੀਂ ਵਿਸਰ ਦੇ ਆਪਣੇ ਮਨ ਵਿਚ ਹਰਿ ਨਾਮ ਜਪਦੇ ਰਹਿੰਦੇ ਹਨ, ਕਿਸੇ ਹੋਰ ਵਸਤੂ ਦੀ ਚਿੰਤਾ ਨਹੀਂ ਕਰਦੇ ਉਹ ਹੀ ਪੂਰਨ ਸੰਤ ਹੁੰਦੇ ਹਨ।

ਧਰਮ ਦੀ ਸੋਝੀ ਰੱਖਣ ਵਾਲੇ ਪਰਮ ਮਨੁੱਖ ਲਈ ਜਿੱਥੇ ਸੰਤ ਸ਼ਬਦ ਦੀ ਵਰਤੋਂ ਕੀਤੀ ਗਈ ਹੈ। ਉੱਥੇ ਹੀ ਉਸ ਨੂੰ ਬ੍ਰਹਮ-ਗਿਆਨੀ, ਬਾਬਾ ਆਦਿ ਸ਼ਬਦਾਂ ਨਾਲ ਵੀ ਸੰਬੋਧਿਤ ਕੀਤਾ ਜਾਂਦਾ ਰਿਹਾ ਹੈ। ਗੁਰਬਾਣੀ ਦੇ ਅਨੁਸਾਰ ਇਨ੍ਹਾਂ ਸ਼ਬਦਾਂ ਦਾ ਮੰਤਵ ਅਤੇ ਅਰਥ ਪਸਾਰ ਹੇਠ ਲਿਖੇ ਅਨੁਸਾਰ ਹੈ।

ਬ੍ਰਹਮਗਿਆਨੀ: ਜਿਨ੍ਹਾਂ ਨੂੰ ਪੂਰਨ ਬ੍ਰਹਮ ਦਾ ਗਿਆਨ ਹੁੰਦਾ ਹੈ, ਉਨ੍ਹਾਂ ਨੂੰ ਬ੍ਰਹਮ-ਗਿਆਨੀ ਕਿਹਾ ਜਾਂਦਾ ਹੈ। ਗੁਰਬਾਣੀ ਬ੍ਰਹਮ-ਗਿਆਨੀ ਦੀ ਬੇਅੰਤ ਉਪਮਾ ਕਰਦੀ ਹੈ। ਗੁਰੁ ਅਰਜਨ ਦੇਵ ਜੀ ਨੇ ਗਉੜੀ ਰਾਗ ਵਿਚ ਸੁਖਮਨੀ ਬਾਣੀ ਦੀ ਅੱਠਵੀਂ ਅਸ਼ਟਪਦੀ ਵਿਚ ਪੂਰਨ ਬ੍ਰਹਮ-ਗਿਆਨੀ ਦੀਆਂ ਵਡਿਆਇਆਂ ਨੂੰ ਦਰਸਾਇਆ ਹੈ। ਜਿਵੇਂ :-

ਬ੍ਰਹਮ ਗਿਆਨੀ ਸਭ ਸ੍ਰਿਸਟਿ ਕਾ ਕਰਤਾ॥
ਬ੍ਰਹਮ ਗਿਆਨੀ ਸਦ ਜੀਵੈ ਨਹੀ ਮਰਤਾ॥
ਬ੍ਰਹਮ ਗਿਆਨੀ ਮੁਕਤਿ ਜੁਗਤਿ ਜੀਅ ਕਾ ਦਾਤਾ॥
ਬ੍ਰਹਮ ਗਿਆਨੀ ਪੂਰਨ ਪੁਰਖੁ ਬਿਧਾਤਾ

ਅੰਗ-273

ਬ੍ਰਹਮ ਗਿਆਨੀ ਕਾ ਸਗਲ ਅਕਾਰੁ॥
ਬ੍ਰਹਮ ਗਿਆਨੀ ਆਪਿ ਨਿਰੰਕਾਰੁ॥
ਬ੍ਰਹਮ ਗਿਆਨੀ ਕੀ ਸੋਭਾ ਬ੍ਰਹਮ ਗਿਆਨੀ ਬਨੀ॥
ਨਾਨਕ ਬ੍ਰਹਮ ਗਿਆਨੀ ਸਰਬ ਕਾ ਧਨੀ ॥

ਅੰਗ-274

ਇਨ੍ਹਾਂ ਗੁਣਾਂ ਦਾ ਧਾਰਨੀ ਕੋਈ ਆਮ ਮਨੁੱਖ ਨਹੀਂ ਹੋ ਸਕਦਾ, ਕੋਈ ਪਰਮ ਮਨੁੱਖ, ਸੰਤ, ਬ੍ਰਹਮ ਗਿਆਨੀ ਹੀ ਹੋ ਸਕਦਾ ਹੈ।

ਬਾਬਾ: ਬਾਬਾ ਲਹਿੰਦੀ ਭਾਸ਼ਾ ਦਾ ਠੇਠ ਸ਼ਬਦ ਹੈ। ਗੁਰੂ ਨਾਨਕ ਸਾਹਿਬ ਜੀ ਦੇ ਨਾਲ ਇਸ ਸ਼ਬਦ ਨੇ ਪੂਰੇ ਸੰਸਾਰ ਵਿਚ ਸਫ਼ਰ ਤੈਅ ਕਰ ਲਿਆ ਸੀ। ਅਜੋਕੇ ਦੌਰ ਦੇ ਭਾਰਤ ਵਿਚ ਸਭ ਤੋਂ ਜ਼ਿਆਦਾ ਪ੍ਰਚਲਿਤ ਲਫ਼ਜ਼ ਜੋ ਸੰਤਾਂ, ਬ੍ਰਹਮ-ਗਿਆਨੀ, ਸਾਧੂ, ਜੋਗੀਆਂ ਆਦਿ ਲਈ ਆਮ ਵਰਤਿਆ ਜਾਂਦਾ ਹੈ। ਉਹ ਸ਼ਬਦ ਬਾਬਾ ਹੈ। ਗੁਰਬਾਣੀ ਵਿਚ ਪ੍ਰਮੁੱਖ ਰੂਪ ਵਿਚ ਇਸ ਸ਼ਬਦ ਨਾਲ ਅਕਾਲ ਪੁਰਖ ਨੂੰ ਸੰਬੋਧਿਤ ਕੀਤਾ ਗਿਆ ਹੈ। ਜਿਵੇਂ :-

ਬਾਬਾ ਬਿਖੁ ਦੇਖਿਆ ਸੰਸਾਰੁ ॥
ਰਖਿਆ ਕਰਹੁ ਗੁਸਾਈ ਮੇਰੇ
ਮੈ ਨਾਮੁ ਤੇਰਾ ਆਧਾਰੁ ॥ ਰਹਾਉ ॥

ਅੰਗ-382

ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖੁ ਤੇਰਾ ਅੰਤੁ ਨ ਪਾਇਆ
ਕਰਿ ਕਰਿ ਦੇਖਹਿ ਵੇਸ ॥

ਅੰਗ-417

ਅਕਾਲ ਪੁਰਖ ਤੋਂ ਇਲਾਵਾ ਇਸ ਸ਼ਬਦ ਦੀ ਵਰਤੋਂ ਸਤਿਗੁਰੂ, ਗੁਰੂ ਨਾਨਕ ਪਾਤਸ਼ਾਹ, ਗੁਰੂ ਸਿੱਖ ਆਦਿ ਲਈ ਕੀਤੀ ਜਾਂਦੀ ਰਹੀ ਹੈ। ਗੁਰਬਾਣੀ ਵਿਚ ਵੀ ਸਭ ਤੋਂ ਪਹਿਲਾ ਆਮ ਲੋਕਾਈ ਨੂੰ ਸੰਬੋਧਨ ਕਰਨ ਲਈ ਇਹ ਸ਼ਬਦ ਵਰਤਿਆ ਗਿਆ ਸੀ। ਜਿਵੇਂ :-

ਬਾਬਾ ਜੈ ਘਰਿ ਕੀਰਤਿ ਹੋਇ।
ਸੋ ਘਰੁ ਰਾਖੁ ਵਡਾਈ ਤੋਇ ॥

ਅੰਗ-412

ਇਨ੍ਹਾਂ ਸੰਤਾਂ, ਬਾਬਿਆਂ ਵੱਲੋਂ ਦੁਨੀਆ ਨੂੰ ਤਾਰਨ ਲਈ ਘੋਰ ਤਪੱਸਿਆ ਕੀਤੀ ਜਾਂਦੀ ਹੈ। ਇਹ ਤਪ ਅਸਥਾਨ ਹੀ ਡੇਰੇ ਦਾ ਰੂਪ ਗ੍ਰਹਿਣ ਕਰ ਲੈਂਦੇ ਹਨ। ਇਸੇ ਡੇਰੇ 'ਚ ਵਿਚਰ ਕੇ ਸੰਤਾਂ ਵੱਲੋਂ ਧਰਮ ਦਾ ਪ੍ਰਚਾਰ ਅਤੇ ਪਸਾਰ ਕੀਤਾ ਜਾਂਦਾ ਹੈ।

ਪੰਜਾਬ ਦੇ ਪਿੰਡਾਂ ਵਿਚ ਡੇਰਾ ਸ਼ਬਦ ਆਮ ਬੋਲੀ ਵਿਚ ਉਚਾਰਿਆ ਜਾਣ ਵਾਲਾ ਸ਼ਬਦ ਹੈ। ਮਾਝੇ ਦੇ ਇਲਾਕੇ ਵਿਚ ਬਹਿਕਾਂ ਨੂੰ ਡੇਰਾ ਕਿਹਾ ਜਾਂਦਾ ਹੈ। ਰਿਸ਼ੀਆਂ ਮੁਨੀਆਂ, ਜੋਗੀਆਂ, ਸਾਧਾਂ ਦੇ ਰਹਿਣ ਅਸਥਾਨ ਨੂੰ ਡੇਰਾ ਕਿਹਾ ਜਾਂਦਾ ਹੈ। ਪੰਜਾਬ ਵਿਚ ਡੇਰੇ ਨਿਰਮਲੇ ਸਾਧੂਆਂ ਵੱਲੋਂ ਲਾਏ ਗਏ ਸਨ। ਇਹ ਸਾਧੂ ਸਿੱਖ ਧਰਮ ਦੇ ਆਗੂ ਸਨ, ਪ੍ਰੰਤੂ ਸਮੇਂ ਦੇ ਬੀਤ ਜਾਣ ਨਾਲ ਇਨ੍ਹਾਂ ਸਾਧੂਆਂ ਨੇ ਹੀ ਗੁਰਦੁਆਰਿਆਂ 'ਤੇ ਆਪਣਾ ਅਧਿਕਾਰ ਜਮ੍ਹਾ ਲਿਆ ਸੀ। ਗੁਰਬਾਣੀ ਦੇ ਵਿਰੁੱਧ ਜਾ ਕਰਮ ਕਾਂਡਾਂ ਨੂੰ ਅਪਣਾਉਣਾ, ਜਾਤਾਂ ਪਾਤਾਂ ਵਿਚ ਵੰਡੀਆਂ ਪਾਉਣਾ ਆਦਿ ਇਨ੍ਹਾਂ ਦੇ ਕਰਮ ਸਨ। ਅਠਾਰ੍ਹਵੀਂ ਸਦੀ ਵਿਚ ਚੱਲੀ ਸਿੰਘ ਸਭਾ ਲਹਿਰ ਦੇ ਆਗੂਆਂ ਨੇ ਇਨ੍ਹਾਂ ਸਾਧੂਆਂ ਦਾ ਵਿਰੋਧ ਕੀਤਾ ਤੇ ਗੁਰਦੁਆਰਿਆਂ ਨੂੰ ਇਨ੍ਹਾਂ ਦੀ ਕਬਜ਼ੇ ਤੋਂ ਛੁਡਵਾਇਆ ਸੀ।

ਸੰਤ ਦਸ ਗੁਰੂ ਸਾਹਿਬਾਨਾਂ ਅਤੇ ਗੁਰੂ ਗ੍ਰੰਥ ਸਾਹਿਬ ਜੀ ਨੂੰ ਆਪਣਾ ਇਸ਼ਟ ਮੰਨਦੇ ਹਨ। ਇਨ੍ਹਾਂ ਸੰਤਾਂ ਵਿਚ ਗੁਰੂ ਚੇਲੇ ਦੀ ਪਰੰਪਰਾ ਚੱਲਦੀ ਹੈ ਅਤੇ ਗੁਰੂ ਦੇ ਦੇਹਾਂਤ ਤੋਂ ਬਾਅਦ ਯੋਗ ਚੇਲੇ ਨੂੰ ਹੀ ਗੱਦੀ ਤੇ ਬਿਰਾਜਮਾਨ ਕੀਤਾ ਜਾਂਦਾ ਸੀ।

ਇਨ੍ਹਾਂ ਸੰਤਾਂ ਦਾ ਪਹਿਰਾਵਾ ਤਿੰਨ ਪ੍ਰਕਾਰ ਦਾ ਹੁੰਦਾ ਹੈ। ਇਕ ਉਹ ਜੋ ਭਗਵੇਂ ਕੱਪੜੇ ਪਾਉਂਦੇ ਹਨ। ਦੂਜੇ ਉਹ ਜੋ ਬਾਕੀ ਕੱਪੜੇ ਤਾਂ ਚਿੱਟੇ ਪਹਿਨਦੇ ਹਨ ਪਰ ਪਗੜੀ ਭਗਵੇਂ ਰੰਗ ਦੀ ਰੱਖਦੇ ਹਨ। ਤੀਜੇ ਉਹ ਜੋ ਸਾਰੇ ਕੱਪੜੇ ਚਿੱਟੇ ਪਹਿਨਦੇ ਹਨ। ਕੇਸ ਧਾਰੀ ਹੋਣਾ ਸੰਤਾਂ ਲਈ ਅਤਿ ਜ਼ਰੂਰੀ ਹੁੰਦਾ ਹੈ (ਲੇਖ-ਨਿਰਮਲੇ ਸਾਧੂ, ਧਰਮ ਸਿੰਘ)।

ਸੰਤਾਂ ਦੀ ਵਿਸ਼ੇਸ਼ਤਾ ਉਨ੍ਹਾਂ ਦੇ ਗੁਣ ਹੁੰਦੇ ਹਨ। ਇਸੇ ਸੰਬੰਧ ਵਿਚ ਭਗਤ ਕਬੀਰ ਜੀ ਆਖਦੇ ਹਨ, ਕਿ ਸੰਤ ਆਪਣੇ ਸ਼ਾਂਤ ਸੁਭਾਓ ਨੂੰ ਨਹੀਂ ਤਿਆਗਦੇ, ਚਾਹੇ ਉਸ ਦਾ ਪਾਪੀ ਬੰਦੇ ਨਾਲ ਵਾਹ ਕਿਉਂ ਨਾ ਪੈ ਜਾਵੇ।

ਕਬੀਰ ਸੰਤੁ ਨ ਛਾਡੈ ਸੰਤਈ ਜਉ ਕੋਟਿਕ ਮਿਲਹਿ ਅਸੰਤ॥
ਮਲਿਆਗਰੁ ਭੁਯੰਗਮ ਬੇਢਿਓ ਤ ਸੀਤਲਤਾ ਨ ਤਜੰਤ ॥

ਅੰਗ-1373

ਪ੍ਰਮਾਤਮਾ ਦਾ ਨਾਮ ਜਪਣਾ, ਉਸ ਨੂੰ ਸਰਬ ਵਿਆਪਕ ਜਾਣ ਉਸ ਦੀ ਭਗਤੀ ਵਿਚ ਲੀਨ ਰਹਿਣਾ, ਸੁੱਖ-ਦੁੱਖ ਨੂੰ ਬਰਾਬਰਤਾ ਦੇਣੀ, ਕੁਦਰਤ ਨਾਲ ਪਿਆਰ, ਪੰਜ ਵਿਕਾਰਾਂ ਤੋਂ ਬਚਾਅ, ਪਾਰ ਬ੍ਰਹਮ ਦੇ ਚਰਨਾਂ ਦੀ ਧੂੜ ਬਣੇ ਰਹਿਣਾ ਆਦਿ ਪੂਰਨ ਸੰਤ ਦੇ ਗੁਣ ਹੁੰਦੇ ਹਨ।

ਗੁਰੂ ਅਰਜਨ ਦੇਵ ਜੀ ਨੇ ਸੁਖਮਨੀ ਸਾਹਿਬ ਵਿਚ ਸੰਤ ਦੀ ਮਹਿਮਾ ਵਿਸਤਾਰ ਸਹਿਤ ਕੀਤੀ ਹੋਈ ਹੈ।ਭਾਈ ਗੁਰਦਾਸ ਜੀ ਨੇ 35ਵੀਂ ਵਾਰ ਵਿਚ ਕਈ ਉਦਾਹਰਨਾਂ ਦੇ ਕੇ ਸੰਤ ਅਤੇ ਅਸੰਤ ਦੀ ਪਰਖ ਕਰਨ ਦਾ ਜ਼ਿਕਰ ਕੀਤਾ ਹੈ। ਇਸੇ ਵਾਰ ਦੀ 18ਵੀਂ ਪਉੜੀ ਵਿਚ ਦੱਸਿਆਂ ਹੈ, ਕਿ ਸਾਧਨਾਂ ਵਾਲੇ ਸੰਤ ਚਹੁੰ ਵਰਣਾਂ ਵਿਚ ਹੀ ਸਤਿਕਾਰੇ ਜਾਂਦੇ ਹਨ।ਗੁਰੂ ਰਾਮਦਾਸ ਜੀ ਭੈਰੁਓ ਰਾਗ ਵਿਚ ਦੱਸਦੇ ਹਨ, ਕਿ ਉਹ ਮਾਤਾ ਪਿਤਾ ਧੰਨ ਹਨ, ਜੋ ਸੰਤਾਂ ਨੂੰ ਜਨਮ ਦਿੰਦੇ ਹਨ (ਪੰਜਾਬੀ ਪੀਡੀਆ) ।

ਗੁਰਬਾਣੀ ਵਿਚ ਸੰਤ ਅਤੇ ਅਸੰਤ ਵਿਚ ਨਿਖੇੜਾ ਕੀਤਾ ਹੋਇਆ ਹੈ।ਗੁਰਬਾਣੀ ਬਾਰ ਬਾਰ ਸੁਚੇਤ ਕਰਾਉਂਦੀ ਹੈ।ਜਿਵੇਂ :-

ਹੰਸਾ ਦੇਖਿ ਤਰੰਦਿਆ ਬਗਾ ਆਇਆ ਚਾਉ ॥
ਡੁਬਿ ਮੁਏ ਬਗੁ ਬਪੁੜੇ ਸਿਰੁ ਤਲਿ ਉਪਰਿ ਪਾਉ ॥

ਅੰਗ-1384

ਅਰਥਾਤ ਹੰਸਾਂ ਨੂੰ ਤੈਰਦੇ ਦੇਖ ਬਗਲਿਆਂ ਨੂੰ ਵੀ ਤੈਰਨ ਦਾ ਚਾਅ ਆਇਆ।ਸਿਰ ਹੇਠ ਤੇ ਪੈਰ ਉੱਤੇ ਕਰ ਤੈਰਨ ਦੀ ਕੋਸ਼ਿਸ਼ ਵਿਚ ਡੁੱਬ ਜਾਂਦੇ ਹਨ।ਇਸੇ ਪ੍ਰਕਾਰ ਅਸੰਤਾਂ ਨਾਲ ਹੁੰਦਾ ਹੈ, ਜੋ ਸੰਤਾਂ ਦੀ ਨਕਲ ਕਰਦੇ ਹਨ।ਗੁਰਬਾਣੀ ਦੀ ਕਸਵੱਟੀ ਮੁਤਾਬਿਕ ਸੰਤ ਵਿਚਲੇ ਗੁਣਾਂ ਦੀ ਜਾਣਕਾਰੀ ਹੋਣਾ ਬਹੁਤ ਲਾਜ਼ਮੀ ਹੁੰਦਾ ਹੈ ਤਾਂ ਹੀ ਸੰਤ ਅਤੇ ਅਸੰਤ ਵਿਚ ਅੰਤਰ ਨਿਖੇੜਾ ਕੀਤਾ ਜਾ ਸਕਦਾ ਹੈ।ਸੰਤ ਦਾ ਧਿਆਨ ਬ੍ਰਹਮ ਕੇਂਦਰਿਤ ਹੁੰਦਾ ਹੈ, ਜਦਕਿ ਅਸੰਤ ਦਾ ਦੁਨਿਆਵੀ ਕੇਂਦਰਿਤ ਹੁੰਦਾ ਹੈ।


ਧਰਮ ਸਮਾਜ ਦਾ ਅਜਿਹਾ ਅੰਗ ਹੈ, ਜੋ ਆਦਰਸ਼ ਸਿਰਜਦਾ ਹੈ।ਇਸੇ ਆਦਰਸ਼ ਦਾ ਸਰੂਪ ਗੁਰਮਤਿ ਪਰੰਪਰਾ ਵਿਚ ਵੇਖਿਆ ਜਾ ਸਕਦਾ ਹੈ।ਕਿਸੇ ਵੀ ਧਾਰਮਿਕ ਗ੍ਰੰਥ ਵਿਚ ਇਸ ਦੇ ਬਿੰਬ ਦੇਖੇ ਜਾ ਸਕਦੇ ਹਨ।ਇਹ ਅਜਿਹੇ ਪਾਰਦਰਸ਼ੀ ਬਿੰਬ ਹੁੰਦੇ ਹਨ, ਜਿਸ ਦੇ ਉਸ ਪਾਰ ਅਲੌਕਿਕ ਦਰਸ਼ਨ ਹੁੰਦੇ ਹਨ।

ਧਰਮ ਦਾ ਸਮਾਜ ਵਿਚ ਜਦੋਂ ਆਗਮਨ ਹੋਇਆ ਤਾਂ ਸੰਸਾਰਿਕ ਵਿਵਸਥਾ ਸੁਹਿਰਦ ਹੋ ਗਈ ਸੀ, ਪ੍ਰੇਮ ਭਾਈਚਾਰੇ ਦਾ ਵਿਕਾਸ ਹੋਣ ਲੱਗਾ ਸੀ।ਸੰਤ, ਬਾਬੇ, ਰਿਸ਼ੀ ਮੁਨੀ, ਬ੍ਰਹਮਗਿਆਨੀ, ਗੁਰ ਸਿੱਖ, ਆਦਿ ਧਰਮ ਦੇ ਆਗੂ ਹੁੰਦੇ ਹਨ।ਜਿਨ੍ਹਾਂ ਨੇ ਕਿਸੇ ਵੀ ਹੀਣ ਭਾਵਨਾਂ ਤੋਂ ਬਿਨਾਂ ਧਰਮ ਦਾ ਪ੍ਰਚਾਰ ਕਰਨਾ ਹੁੰਦਾ ਹੈ।ਗੁਰੂ ਸਾਹਿਬ ਨਾਨਕ ਦੇਵ ਜੀ ਨੇ ਅਕਾਲ ਪੁਰਖ ਨੂੰ ਕੁਦਰਤ ਵਿਚੋਂ ਪਛਾਣ ਉਸ ਦੇ ਸਰੂਪ ਨੂੰ ਜਪੁ ਜੀ ਸਾਹਿਬ ਦੇ ਪਹਿਲੇ ਸ਼ਲੋਕ ਵਿਚ ਬਿਆਨ ਕਰ ਦਿੱਤਾ ਹੈ।ਵਿਸ਼ਵ ਦੇ ਸਾਰੇ ਧਾਰਮਿਕ ਗ੍ਰੰਥ ਉਸੇ ਦੀ ਵਿਆਖਿਆ ਹੈ ਅਤੇ ਜਪੁ ਜੀ ਸਾਹਿਬ ਉਨ੍ਹਾਂ ਗ੍ਰੰਥਾਂ ਦਾ ਕੇਂਦਰੀ ਧੁਰਾ ਹੈ।

ਸੰਦੀਪ ਸਾਂਪਲਾ
ਪੰਜਾਬੀ ਵਿਭਾਗ,
ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਜਲੰਧਰ।

# ਗੁਰੂ ਨਾਨਕ ਸਾਹਿਬ ਦੁਆਰਾ ਵਰਤਾਏ ਗਏ ਦੋ ਅਚਰਜ ਕੌਤਕ

ਚਿੱਤਰਕਾਰਾਂ ਨੇ ਗੁਰੂ ਨਾਨਕ ਸਾਹਿਬ ਜੀ ਨਾਲ ਸੰਬਧਿਤ ਸਾਖੀ ਆਧਾਰਿਤ ਜ਼ਿਆਦਾਤਰ ਚਿੱਤਰਾਂ ਵਿਚ ਉਨ੍ਹਾਂ ਨੂੰ ਸਮੂਰਤ ਚਿੱਤਰਿਆ ਹੈ। ਚਿੱਤਰਕਾਰ ਜਸਵੰਤ ਸਿੰਘ ਨੇ ਉਨ੍ਹਾਂ ਨਾਲ ਜੁੜੀਆਂ ਦੋ ਸਾਖੀਆਂ "ਸੱਚਾ ਸੌਦਾ" ਅਤੇ "ਭਾਈ ਲਾਲੋ ਤੇ ਮਲਿਕ ਭਾਗੋ" ਵਿਚ ਹੋਏ ਕਾਰਜ ਨੂੰ ਚਿੱਤਰਾਂ ਵਿਚ ਪੇਸ਼ ਕੀਤਾ ਹੈ। ਅਮੂਰਤ ਹੋਣ ਦੇ ਬਾਵਜੂਦ ਇਹ ਚਿੱਤਰ ਸਮੂਰਤ ਚਿੱਤਰਾਂ ਨਾਲੋਂ ਵਧੀਕ ਪ੍ਰਭਾਵ ਸਿਰਜਦੇ ਹਨ। ਜਸਵੰਤ ਸਿੰਘ ਨੇ ਗੁਰੂ ਨਾਨਕ ਸਾਹਿਬ ਕੇਂਦਰਿਤ ਕਈ ਦ੍ਰਿਸ਼ ਪੇਂਟ ਕੀਤੇ ਹਨ। ਉਨ੍ਹਾਂ ਵਿਚੋਂ ਕੁਝ ਸਸਰੀਰ ਹਨ, ਕੁਝ ਅੰਸ਼ਿਕ ਅਤੇ ਕੁਝ ਸੰਕੇਤਕ। ਸੰਕੇਤਕ ਚਿੱਤਰਾਂ ਵਿਚ ਗੁਰੂ ਆਪ ਉਪਸਥਿਤ ਨਹੀਂ, ਸਗੋਂ ਜੋ ਕਰਮ ਉਨ੍ਹਾਂ ਕੀਤਾ, ਉਸ ਦੇ ਹੋਣ ਦਾ ਦ੍ਰਿਸ਼ ਹੈ। ਅਜਿਹੇ ਵੇਲੇ ਗੁਰੂ ਦਾ ਚਿਤਰਣ ਨਹੀਂ, ਗੁਰੂ-ਕਾਰਜ ਦਾ ਚਿਤਰਣ ਮਹੱਤਵਪੂਰਨ ਹੋ ਜਾਂਦਾ ਹੈ। ਕਿਸੇ ਵੀ ਕੰਮ ਦਾ ਉਦੇਸ਼, ਸੰਦੇਸ਼ ਅੱਪੜਦਾ ਕਰਨਾ ਹੈ। ਇਉਂ ਚਿਤੇਰਾ ਸਿਰਫ਼ 'ਨਿਰੋਲ ਨਿੱਜੀ ਪ੍ਰਗਟਾਵੇ' ਨਾਲ ਹੀ ਨਹੀਂ ਜੁੜਿਆ, ਸਗੋਂ ਉਹ ਸਮਾਜ ਨਾਲ ਜੁੜੇ ਰਹਿਣ ਦੇ ਉਪਰਾਲੇ ਨੂੰ ਵਿਰਾਸਦਾ ਨਹੀਂ। ਚਿੱਤਰ ਸਿਰਫ਼ ਧਰਮ ਪੱਖੀ ਨਹੀਂ, ਸਗੋਂ 'ਸਮਾਜ ਸੁਧਾਰ' ਦੀ ਸੁਰ ਵਾਲੇ ਵੀ ਹਨ।



ਗੁਰੂ ਨਾਨਕ ਸਾਹਿਬ ਦੇ ਜੀਵਨ ਨਾਲ ਜੁੜੀਆਂ ਘਟਨਾਵਾਂ ਨੂੰ ਚਿਤੇਰਿਆ ਨੇ ਭਾਤ-ਭਾਂਤ ਤਰ੍ਹਾਂ ਬਣਾਇਆ ਹੈ, ਪਰ ਜਸਵੰਤ ਸਿੰਘ ਕਿਸੇ ਵੇਲੇ ਬਿਲਕੁਲ ਹਟਵਾਂ ਸੋਚਦਾ ਹੀ ਨਹੀਂ, ਸਗੋਂ ਉਸ ਵਿਚਾਰ ਨੂੰ ਕੈਨਵਸ ਉਪਰ ਉਤਾਰਦਾ ਵੀ ਹੈ।

ਗੁਰੂ ਨਾਨਕ ਸਾਹਿਬ ਜੀ ਦੇ ਜੀਵਨ ਨਾਲ ਜੁੜੀਆਂ ਦੋ ਮਹੱਤਵਪੂਰਨ ਘਟਨਾਵਾਂ ਹਨ। ਇਕ, ਸੱਚੇ ਸੌਦੇ ਵਾਲੀ ਅਤੇ ਦੂਜੀ ਭਾਈ ਲਾਲੋ-ਮਲਿਕ ਭਾਗੋ ਨਾਲ ਸੰਬਧਿਤ ਹੈ। ਵਾਪਰੀਆਂ ਘਟਨਾਵਾਂ ਵਿਚ ਸਮੇਂ-ਸਥਾਨ ਦੀ ਵਿੱਥ ਹੈ, ਪਰ ਉਨ੍ਹਾਂ ਦਾ ਦੀਰਘ ਸਰੋਕਾਰ 'ਮਨੁੱਖ ਦੀ ਭਲਾਈ' ਹੈ। ਗੁਰੂ ਸਾਹਿਬ ਵੱਲੋਂ ਕੀਤਾ ਗਿਆ ਕਰਮ ਤਤਕਾਲੀ ਹੋਣ ਦੇ ਬਾਵਜੂਦ ਸਰਬਕਾਲੀ ਪ੍ਰਭਾਵ ਅਤੇ ਅਰਥ ਰੱਖਦਾ ਹੈ। ਸੱਚੇ ਸੌਦੇ ਵਾਲੀ ਸਾਖੀ ਦਾ ਜ਼ਿਕਰ ਭਾਈ ਬਾਲੇ ਵਾਲੀ ਜਨਮਸਾਖੀ ਵਿਚ ਮਿਲਦਾ ਹੈ। ਸਾਖੀ ਮੁਜਬ ਗੁਰੂ ਨਾਨਕ ਸਾਹਿਬ ਜੀ ਦੇ ਮਨ ਨੂੰ ਸੋਧਣ ਵਾਸਤੇ ਪਿਤਾ ਮਹਿਤਾ ਕਾਲੂ ਨੇ ਵੀਹ ਰੁਪਏ ਦਿੱਤੇ ਤਾਂ ਕਿ ਉਨ੍ਹਾਂ ਦਾ ਪੁੱਤਰ ਆਪਣਾ ਮਨਭਾਉਂਦਾ ਵਪਾਰ ਕਰ ਸਕੇ। ਸੰਸਾਰ ਵਿਚ ਵਪਾਰ ਦਾ ਅਰਥ ਹੈ 'ਲਾਭ ਹਿੱਤ ਕੀਤਾ ਜਾਂਦਾ ਕਾਰਜ'। ਇਹ ਘਾਟੇ ਵਾਸਤੇ ਹਰਗਿਜ਼ ਨਹੀਂ ਕੀਤਾ ਜਾਂਦਾ। ਸਮਾਜ ਵਿਚ ਪ੍ਰਚੱਲਿਤ ਰਵਾਇਤ ਇਹੋ ਹੈ, ਪਰ ਗੁਰੂ ਨਾਨਕ ਸਾਹਿਬ ਜੀ ਤਲਵੰਡੀਓ ਬਾਰਾਂ ਕੋਹ ਦੂਰ ਗਏ ਸਨ ਕਿ ਉਨ੍ਹਾਂ ਭੁੱਖੇ ਪਿਆਸੇ ਸਾਧਾਂ ਦੀ ਮੰਡਲੀ ਮਿਲ ਗਈ। ਪਿਤਾ ਤੋਂ ਪ੍ਰਾਪਤ ਸਾਰਾ ਪੈਸਾ ਸਾਧਾਂ ਦੀ ਸੇਵਾ ਹਿੱਤ ਲਾ ਦਿੱਤਾ। ਘਰ ਪਹੁੰਚੇ ਤਾਂ ਪਿਤਾ ਦੇ ਗੁੱਸੇ ਦਾ ਸਾਹਮਣਾ ਕਰਨਾ ਪਿਆ। ਜਦੋਂ ਰਾਏ ਬੁਲਾਰ ਨੂੰ ਪਤਾ ਲੱਗਿਆ ਤਾਂ ਉਸ ਨੇ ਬਾਲ ਨਾਨਕ ਨੂੰ ਨਾ ਝਿੜਕਣ ਦੀ ਹਿਦਾਇਤ ਦਿੱਤੀ ਅਤੇ ਵੀਹ ਰੁਪਏ ਆਪਣੇ ਕੋਲੋਂ ਮਹਿਤਾ ਕਾਲੂ ਦੇ ਸਪੁਰਦ ਕਰ ਦਿੱਤੇ। ਖੁਦ ਗੁਰੂ ਨਾਨਕ ਸਾਹਿਬ ਜੀ ਨੇ ਸੱਚ ਆਧਾਰਿਤ ਵਪਾਰ ਵਾਰੇ 'ਸਚੁ ਸਉਦਾ ਵਾਪਾਰ' ਫ਼ਰਮਾਇਆ ਹੈ।

ਜਸਵੰਤ ਸਿੰਘ ਵਾਸਤੇ ਇਹ ਘਟਨਾ ਪ੍ਰੇਰਨਾ ਬਿੰਦੂ ਹੈ। ਇਸੇ ਨੂੰ ਹੀ ਪੇਂਟਿੰਗ ਦਾ ਆਧਾਰ ਬਣਾਇਆ ਹੈ। ਲੰਬੇ ਰੁੱਖ ਬਣੀ ਪੇਂਟਿੰਗ ਦੇ ਥੱਲੜੇ ਪਾਸੇ ਵੱਲ ਕਿਸੇ ਵਿਅਕਤੀ ਦੇ ਜੁੜੇ ਹੋਏ ਦੋ ਹੱਥ ਹਨ। ਜੁੜੇ ਹੱਥ ਮਿਲਣ ਵਾਲੀ ਵਸਤੂ ਨੂੰ ਪ੍ਰਾਪਤ ਕਰਨ ਹਿੱਤ ਜੁੜੇ ਹੋਏ ਹਨ। ਠੀਕ ਉਪਰ ਖੱਬੇ ਪਾਸੇ ਵੱਲ ਇਕ ਹੱਥ ਦਿਖਾਈ ਦਿੰਦਾ ਹੈ, ਜਿਸ ਨੇ ਫੁਲਕਾ ਫੜਿਆ ਹੋਇਆ ਹੈ। ਉਹ ਫੁਲਕੇ ਨੂੰ ਦੇਣ ਦੇ ਆਹਰ ਵਿਚ ਹੈ। ਐਨ ਬਾਂਹ ਦੇ ਨਾਲ ਦੂਜਾ ਹੱਥ (ਜ਼ਿਆਦਾ ਹਿੱਸਾ ਲੁਕਵਾਂ) ਹੈ ਜਿਸ ਉੱਪਰ ਫੁਲਕੇ ਰੱਖੇ ਹੋਏ ਹਨ। ਵਰਤਾਵਾ ਇੱਥੋਂ ਹੀ ਪ੍ਰਸ਼ਾਦਾ ਚੁੱਕ ਕੇ ਦੇ ਰਿਹਾ ਹੈ। ਇਹ ਸਥਿਤੀ ਨਾ ਤਾਂ ਬਿਲਕੁਲ ਸ਼ੁਰੂ ਦੀ ਹੈ ਅਤੇ ਨਾ ਹੀ ਅੰਤਲੀ। ਚਿੱਤਰ ਇਹੋ ਦੱਸਦਾ ਹੈ ਕਿ ਕਾਰਜ ਹੋ ਰਿਹਾ ਹੈ। ਸੰਪੂਰਨ ਕਾਰਜ ਵਿਚ ਦੇਣ ਅਤੇ ਲੈਣ ਦਾ ਵਿਹਾਰ ਦਰਜ ਹੈ। ਜਾਪਦਾ ਹੈ ਚਿਤੇਰਾ ਜੋ ਕੁਝ ਕਹਿਣਾ ਚਾਹੁੰਦਾ ਹੈ, ਉਹ ਇਸ ਰਾਹੀਂ ਕਹਿ ਲੈਂਦਾ ਹੈ। ਕੈਨਵਸ ਉਪਰ ਸਰੀਰਾਂ ਦੀ ਮੌਜੂਦਗੀ ਨਹੀਂ। ਇਸ ਦੇ ਬਾਵਜੂਦ ਕਹੀ ਗੱਲ ਸੰਚਾਰਿਤ ਹੋ ਰਹੀ ਹੈ।

ਚਿੱਤਰ ਸੰਪੂਰਨ ਤਾਹੀਓਂ ਹੁੰਦਾ ਹੈ, ਜਦੋਂ ਇਹਦੇ ਪਿਛੋਕੜ ਦੀ ਸਾਖੀ ਦਾ ਗਿਆਨ ਹੁੰਦਾ ਹੈ। ਇਹੋ ਗੱਲ 'ਭਾਈ ਲਾਲੋ ਅਤੇ ਮਲਿਕ ਭਾਗੋ' ਦੇ ਚਿੱਤਰ ਬਾਰੇ ਵੀ ਕਹੀ ਜਾ ਸਕਦੀ ਹੈ। ਜੋ ਹੱਥ ਫੁਲਕੇ ਵਾਸਤੇ ਜੁੜੇ ਹਨ, ਉਹ ਹੱਥ ਗੁੱਟ ਤੱਕ ਮਸੀਂ ਵਧੇ ਹੋਏ ਹਨ। ਇਹ ਹੱਥ ਅਨੇਕਾਂ ਸਾਧੂਆਂ ਵਿਚੋਂ ਕਿਸੇ ਇਕ ਦੇ ਹੋ ਸਕਦੇ ਹਨ। ਕੇਂਦਰੀ ਹੱਥਾਂ 'ਤੇ ਜ਼ਰਾ 'ਕੁ ਉਪਰ ਵੱਲ ਫੁਲਕਾ ਪ੍ਰਾਪਤ ਕਰ ਚੁੱਕੇ ਸਾਧੂ ਦੇ ਹੱਥ ਹਨ, ਜਦੋਂਕਿ ਥੱਲੇ ਵੱਲ ਸਾਧੂ ਦੀਆਂ ਕੁਝ ਉਂਗਲਾਂ ਦਿਸਦੀਆਂ ਹਨ; ਭਾਵ ਉਸ ਦੀ ਵਾਰੀ ਇਹਦੇ ਬਾਅਦ ਆਉਂਦੀ ਹੈ। ਹੱਥ ਸਾਧਾਰਨ ਵਿਅਕਤੀ ਦੇ ਲੱਗਦੇ ਹਨ, ਕਿਉਂਕਿ ਇਹ ਕੋਮਲ ਨਹੀਂ, ਪਰ ਜਿਹੜਾ ਹੱਥ ਫੁਲਕਾ ਦੇ ਰਿਹਾ ਹੈ, ਉਹ ਜੁੜੇ ਹੱਥਾਂ ਦੇ ਮੁਕਾਬਲੇ ਛੋਟਾ ਹੈ, ਕੂਲਾ ਹੈ। ਹੋਣ, ਨਾ ਹੋਣ ਜਾਂ ਘੱਟ ਹੋਣ ਦੀ ਤਫਸੀਲ ਵੀ ਇੱਥੇ ਮੌਜੂਦ ਹੈ। ਸਾਧੂ ਦਾ ਹੱਥ ਗੁੱਟ ਤੱਕ ਹੀ ਹੈ। ਉਸ ਕੀ ਪਹਿਨਿਆ ਹੈ, ਪਤਾ ਨਹੀਂ ਚੱਲਦਾ। ਫੁਲਕੇ ਵਾਲੇ ਹੱਥ ਦੀ ਬਾਂਹ ਸੀਤੇ ਕੱਪੜੇ ਨਾਲ ਕੱਜੀ ਹੋਈ ਹੈ। ਸਾਧੂ ਹਨ, ਘੁਮੱਕੜੀ ਕਰ ਜੀਵਨ ਗੁਜ਼ਾਰਦੇ

ਹਨ। ਵਸਤਾਂ, ਜੇ ਹਨ ਤਾਂ ਸਿਰਫ ਗੁਜਾਰੇ ਜੋਗੀਆਂ। ਦੂਜੇ ਪਾਸੇ ਜਿਸ ਹੱਥ ਫੁਲਕਾ ਹੈ ਵੱਖਰਾ ਤਾਂ ਹੈ, ਪਰ ਦੇਖ ਕੇ ਅਣਡਿੱਠ ਕਰਨ ਵਾਲਾ ਨਹੀਂ। ਦੋਵਾਂ ਧਿਰਾਂ ਵਿਚਾਲੇ ਸਭ ਕੁਝ ਦੇ ਬਾਵਜੂਦ ਕੋਈ ਸਾਂਝ ਹੈ। ਤਾਹੀਓ ਜੋ ਮਿਲਿਆ ਸੀ ਉਸ ਨੂੰ ਵਪਾਰ ਵਾਸਤੇ ਖ਼ਰਚ ਕਰ ਦਿੱਤਾ ਗਿਆ ਹੈ। ਦੇਣ ਵਾਲਾ ਹੱਥ ਘੁਮੱਕੜ ਨਹੀਂ। ਉਸ ਪਾਸ ਖਾਣ-ਪਹਿਨਣ ਦੇ ਸਾਧਨ ਮੌਜੂਦ ਹਨ। ਇਸ ਪੇਂਟਿੰਗ ਵਿਚ ਕੋਈ ਹੋਰ ਵੇਰਵਾ ਦਰਜ ਨਹੀਂ।

ਪੇਂਟਿੰਗ ਵਿਚ ਇਕ ਭੇਦ ਹੈ, ਜੋ ਸ਼ਖ਼ਸੀਅਤ ਘੁਮੱਕੜ ਸਾਧੂਆਂ ਦੀ ਟਹਿਲ-ਸੇਵਾ ਕਰ ਰਹੀ ਹੈ। ਕੁਝ ਵਰ੍ਹਿਆਂ ਵਾਅਦ ਉਹ ਖ਼ੁਦ ਉਦਾਸੀਆਂ ਧਾਰਨ ਕਰ ਮਨੁੱਖਤਾ ਦੀ ਭਲਾਈ ਹਿੱਤ ਘਰੋਂ ਤੁਰੇਗੀ। ਥੱਲੜੇ ਪਾਸੇ ਦੇ ਰੰਗ ਹਨੇਰੇ ਵੱਲ ਦੇ ਹਨ ਜਦੋਂਕਿ ਉੱਪਰ ਵਾਲੇ ਹਿੱਸੇ ਲੋਅ ਨੂੰ ਦੱਸਣ ਵਾਲੇ ਹਨ। ਕੈਨਵਸ ਦੀ ਸਾਰੀ ਜ਼ਮੀਨ ਇਕੋ ਜਿਹੀ ਨਹੀਂ, ਉੱਘੜ-ਦੁੱਗੜ ਹੈ। ਇਹ ਪਿਛੋਕੜ ਸੰਸਾਰ ਦਾ ਲਖਾਇਕ ਵੀ ਹੋ ਸਕਦਾ ਹੈ, ਜਿਹੜਾ ਕਦੇ ਇਕਸਾਰ ਇਕੋ ਜਿਹਾ ਨਹੀਂ ਹੁੰਦਾ। ਇਹ ਲੋਅ ਦੇ ਆਗਮਨ ਵੱਜੋਂ ਵੀ ਦੇਖਿਆ ਜਾ ਸਕਦਾ ਹੈ। ਦੇਣ ਵਾਲਾ ਪੱਖ ਗਿਆਨ, ਵਿਚਾਰ, ਅਨੁਭੂਤੀ ਕਰਕੇ ਪ੍ਰਕਾਸ਼ਿਤ ਹੈ। ਸੰਭਵ ਹੈ ਕਿ ਇਸੇ ਕਾਰਨ ਉੱਪਰ ਹੈ। ਦੋਵਾਂ ਵਿਚਾਲੇ ਵਿੱਥ ਜ਼ਿਆਦਾ ਹੈ। ਇਹ ਇਕੋ ਤਲ ਦੀ ਹੋ ਸਕਦੀ ਸੀ, ਪਰ ਨਹੀਂ ਹੈ। ਗੁਰੂ ਨਾਨਕ ਸਾਹਿਬ ਜੀ ਨੇ ਆਪਣੇ ਵਿਹਾਰ ਨਾਲ ਜੋ ਕੀਤਾ ਅਦਭੁੱਤ ਵਿਲੱਖਣ ਸੀ। ਕਾਲ ਪ੍ਰਵਾਹ ਵਿਚ ਉਹ ਵਿਹਾਰ, ਆਉਣ ਵਾਲੇ ਸਮੇਂ ਵਿਚ ਸਿੱਖ ਸੰਗਤ ਦੀ ਪਛਾਣ ਦਾ ਮੁੱਖ ਚਿੰਨ੍ਹ ਬਣਨਾ ਹੈ। ਚਿਤੇਰਾ ਉਸ ਨੂੰ ਅਹਿਮੀਅਤ ਦੇ ਰਿਹਾ ਹੈ। ਸਾਧਾਰਨ ਜਿਹਾ ਦਿਸਣ ਵਾਲਾ ਚਿੱਤਰ ਇੰਨਾ ਸਾਧਾਰਨ ਨਹੀਂ ਹੈ।

ਦੂਜੇ ਚਿੱਤਰ ਦੀ ਸਾਖੀ ਵੀ ਮਹੱਤਵਪੂਰਨ ਹੈ। ਜਨਮ-ਸਾਖੀਆਂ ਅਨੁਸਾਰ ਭਾਈ ਲਾਲੋ (ਜਾਤ ਘਟਾਓੜਾ, ਕੰਮ ਤਰਖਾਣਾ) ਸੈਦਪੁਰ (ਏਮਨਾਬਾਦ) ਦਾ ਵਾਸੀ ਸੀ। ਬਾਬਰ ਦੇ ਹਮਲੇ ਵੇਲੇ ਗੁਰੂ ਜੀ ਇਸੇ ਸਿੱਖ ਦੇ ਘਰ ਰਹਿ ਰਹੇ ਸਨ। ਹਮਲਾਵਰ ਦੇ ਜੁਲਮਾਂ ਨੂੰ ਦੇਖ ਉਨ੍ਹਾਂ ਦੁਆਰਾ ਸੰਬੋਧਿਤ ਸ਼ਬਦ ਇਸ ਪ੍ਰਕਾਰ ਸੀ:

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

ਅੰਗ 722

ਇਸੇ ਥਾਂ ਨਾਲ ਇਕ ਹੋਰ ਪ੍ਰਸੰਗ ਜੁੜਿਆ ਹੋਇਆ ਹੈ, ਜਿਸ ਨੂੰ ਸਾਹਮਣੇ ਰੱਖ ਚਿੱਤਰਕਾਰ ਜਸਵੰਤ ਸਿੰਘ ਨੇ ਚਿੱਤਰ ਤਿਆਰ ਕੀਤਾ ਹੈ। ਸੈਦਪੁਰ ਪ੍ਰਸਾਸਕ ਦੇ ਅਹਿਲਕਾਰ ਮਲਿਕ ਭਾਗੋ ਨੇ ਬ੍ਰਹਮ ਭੋਜ ਕੀਤਾ। ਗੁਰੂ ਨਾਨਕ ਸਾਹਿਬ ਜੀ ਨੇ ਉਹ ਨਿਉਂਦਾ ਸਵੀਕਾਰ ਨਾ ਕੀਤਾ। ਮਲਿਕ ਭਾਗੋ ਦੇ ਗੁੱਸੇ ਅਤੇ ਅਹੰ ਨੂੰ ਤੋੜਨ ਲਈ ਗੁਰੂ ਜੀ ਨੇ ਭਾਈ ਲਾਲੋ ਦੇ ਘਰੋਂ ਕੋਧਰੇ ਦੀ ਰੋਟੀ ਮੰਗਵਾ ਕੇ ਇਕ ਹੱਥ ਫੜੀ ਅਤੇ ਦੂਜੇ ਹੱਥ ਮਲਿਕ ਭਾਗੋ ਦੇ ਘਰ ਦੀਆਂ ਪੂਰੀਆਂ ਲਈਆਂ। ਦੋਵਾਂ ਹੱਥਾਂ ਨੂੰ ਦਬਾਉਣ ਉਪਰੰਤ ਭਾਈ ਲਾਲੋ ਦੇ ਭੋਜਨ ਵਿਚੋਂ ਦੁੱਧ ਅਤੇ ਮਲਿਕ ਭਾਗੋ ਦੇ ਭੋਜਨ ਵਿਚੋਂ ਲਹੂ ਨਿਕਲਿਆ।

ਲੰਮੇ ਰੁੱਖ਼ ਦੇ ਚਿੱਤਰ ਵਿਚ ਉੱਪਰ-ਥੱਲੇ ਦੋ ਹੱਥ ਹਨ। ਦੋਵਾਂ ਹੱਥਾਂ ਦੀ ਬਨਾਵਟ ਅਤੇ ਪੇਸ਼ਕਾਰੀ ਦੀ ਸਥਿਤੀ ਵੱਖ-ਵੱਖ ਹੈ। ਉੱਪਰਲਾ ਹੱਥ ਸੁਚੱਜਾ, ਸਪਸ਼ਟ ਹੈ ਜਦੋਂਕਿ ਥੱਲੜਾ ਪਹਿਲੇ ਦੀ ਤੁਲਨਾ ਵਿਚ ਹਰ ਪੱਖੋਂ ਨਿਮਨ ਹੈ। ਉਪਰਲੇ ਭੋਜਨ ਵਿਚੋਂ ਦੁੱਧ ਸਿਮ ਰਿਹਾ ਹੈ, ਜਦੋਂਕਿ ਥੱਲੜੇ ਵਾਲੇ ਭੋਜਨ ਵਿਚੋਂ ਲਹੂ ਨਿੱਕਲਦਾ ਨਜ਼ਰ ਪੈਂਦਾ ਹੈ। ਚਿੱਤਰਕਾਰ ਆਪਣੀ ਜੁਗਤ ਯੋਜਨਾ ਰਾਹੀਂ ਉਹੀ ਸੰਦੇਸ਼ ਦੇ ਰਿਹਾ ਹੈ, ਜੋ ਸ਼ਬਦਾਂ ਰਾਹੀਂ ਜਨ ਸਾਧਾਰਨ ਸੁਣਦੇ-ਸੁਣਾਉਂਦੇ ਆ ਰਹੇ ਹਨ। ਵੱਖਰਤਾ ਦੋ ਪੱਧਰੀ ਹੈ। ਚਿਤੇਰਾ ਆਪਣੀ ਗੱਲ ਵਿਜ਼ੁਅਲ ਦੁਆਰਾ ਸੰਚਾਰ ਰਿਹਾ ਹੈ। ਦੂਜਾ, ਘਟਨਾ ਨੂੰ

ਹਟ ਕੇ ਰੂਪਾਂਤਰਿਤ ਕਰ ਰਿਹਾ ਹੈ। ਮੂਲ ਨਤੀਜਾ/ਫ਼ੈਸਲਾ ਹੱਥਾਂ ਨਾਲ ਭੋਜਨ ਦਬਾਉਣ ਨਾਲ ਹੀ ਮਿਲਦਾ ਹੈ ਕਿ ਮਿਹਨਤ ਵਿਚ ਪਵਿੱਤਰਤਾ (ਦੁੱਧ) ਅਤੇ ਲੁੱਟ-ਖਸੁੱਟ ਦੇ ਪੁੰਨ ਦਾਨ ਵਿਚ ਅਪਵਿੱਤਰਤਾ (ਲਹੂ) ਦਾ ਰਲਾਅ ਹੈ। ਦੁੱਧ ਸਫ਼ੈਦ ਰੰਗ ਦਾ ਹੈ। ਸਫ਼ੈਦ ਪਵਿੱਤਰਤਾ ਅਤੇ ਨਿਰਮਲਤਾ ਦਾ ਪ੍ਰਤੀਕ ਹੈ। ਲਹੂ ਲਾਲ ਰੰਗ ਦਾ ਹੈ ਜੋ ਹਿੰਸਾ, ਵੈਰ-ਵਿਰੋਧ, ਨਾਸ਼ ਕਰਨ ਦਾ ਲਖਾਇਕ ਵੀ ਹੈ। ਹੱਥਾਂ ਦੇ ਉਭਾਰ ਦੇ ਪਿਛੋਕੜ ਵਿਚ ਕੋਈ ਆਕਾਰ ਨਹੀਂ, ਬੱਸ ਸੰਘਣੇ ਗੂੜ੍ਹੇ ਰੰਗਾਂ ਦੇ ਖਿਲਾਰ ਦਾ ਪੈਟਰਨ ਹੈ।

ਜਸਵੰਤ ਸਿੰਘ ਦੀਆਂ ਇਹ ਦੋ ਰਚਨਾਵਾਂ ਹਨ ਅਤੇ ਦੋਵੇਂ ਦੋ ਬਿਰਤਾਂਤਾਂ ਨਾਲ ਜੁੜੀਆਂ ਹੋਈਆਂ ਹਨ। ਇਕ ਬਿਰਤਾਂਤ ਮੁੱਢਲੇ ਜੀਵਨ ਦਾ ਹੈ ਅਤੇ ਦੂਜਾ ਪ੍ਰੌੜ੍ਹ ਅਵਸਥਾ ਦਾ। ਪਹਿਲੀ ਥਾਏਂ ਗੁਰੂ ਨਾਨਕ ਸਾਹਿਬ ਜੀ ਦੇ ਆਪਣੇ ਵਿਹਾਰ ਦੀ ਝਲਕ ਮਿਲਦੀ ਹੈ, ਦੂਜੀ ਥਾਏਂ ਉਨ੍ਹਾਂ ਦੇ ਨੇੜੇ ਦੂਰ ਵਿਅਕਤੀਆਂ ਦੀ ਵਰਤੋਂ ਵਿਹਾਰ ਨੂੰ ਉਹ ਅੰਦਰੋਂ-ਬਾਹਰੋਂ ਜਾਣ ਕੇ ਲੋਕ ਸਮੂਹ ਅੱਗੇ ਉਘਾੜਦੇ ਹਨ। ਕੋਧਰੇ ਦੀ ਰੋਟੀ ਅਤੇ ਪੂਰੀਆਂ ਉੱਪਰ ਪੈ ਰਹੀ ਦਾਬ ਦੇਖਣਯੋਗ ਹੈ। ਪਹਿਲੀ ਥਾਂ ਉਹ ਹਲਕੀ ਹੈ, ਜਦੋਂਕਿ ਦੂਜੀ ਥਾਂ ਚਾਰ ਉਂਗਲਾਂ ਦਾ ਦਾਬ ਤਕੜਾ, ਅੰਦਰ ਵੱਲ ਨੂੰ ਹੈ। ਦੋਵੇਂ ਤਰ੍ਹਾਂ ਦੇ ਭੋਜਨ ਦੀ ਰੰਗਤ ਵਿਚ ਅੰਤਰ ਹੈ।



ਜਸਵੰਤ ਸਿੰਘ ਵਸਤੂ ਨੂੰ ਕਮਾਉਣ ਅਤੇ ਅਰਜਿਤ ਕਰਨ ਦੇ ਤਰੀਕੇ ਦੀ ਦਰਜਾਬੰਦੀ ਕਰਦਾ ਹੈ। ਲੁੱਟ-ਖੋਹ ਨੂੰ ਨੀਵੀਂ ਜਗ੍ਹਾ ਪ੍ਰਾਪਤ ਹੈ, ਜਦੋਂਕਿ ਮਿਹਨਤ ਹੱਕ ਦੀ ਕਮਾਈ ਨੂੰ ਉੱਪਰ ਰੱਖਿਆ ਹੈ। ਖ਼ਿਆਲ ਵਿਚ ਆਉਂਦਾ ਹੈ ਕਿ ਅੰਨ ਨਾਲ ਲਹੂ-ਮਿੱਝ ਬਣਦੀ ਹੈ। ਲਹੂ ਨਾਲ ਕੁਝ ਨਹੀਂ ਬਣਦਾ।

ਪਹਿਲਾ ਚਿੱਤਰ ਦੱਸਦਾ ਹੈ ਵਿਓਪਾਰ ਨਿੱਜ ਹਿੱਤ ਲਈ ਨਹੀਂ, ਪਰ ਹਿੱਤ ਲਈ ਕੀਤਾ ਜਾਣਾ ਚਾਹੀਦਾ ਹੈ। ਦੂਜਾ ਚਿੱਤਰ ਸਦਵਿਹਾਰ ਅਤੇ ਸਦ-ਆਚਰਣ ਨੂੰ ਪਰਣਾਏ ਭਾਈ ਲਾਲੋ ਦੇ ਵਿਪਰੀਤ ਅੰਤਰ ਵਿਰੋਧੀ ਵਿਹਾਰ ਦੇ ਧਾਰਨੀ ਮਲਿਕ ਭਾਗੋ ਦੀ ਕਮਾਈ ਦੇ ਪ੍ਰਭਾਵ ਨੂੰ ਪ੍ਰਗਟ ਕਰਦਾ ਹੈ। ਦੋਵੇਂ ਚਿੱਤਰ ਕਲਾ ਦ੍ਰਿਸ਼ਟੀ ਤੋਂ ਅਜਿਹੇ ਨਹੀਂ ਹਨ ਕਿ ਉਹ ਚੰਗੇ ਚੰਗੇਰੇ ਲੱਗਣ। ਇਨ੍ਹਾਂ ਵਿਚ ਗੁਰੂ ਜੀ ਦੀ ਦਿੱਬਤਾ ਦਾ ਰੂਪ ਚਿੱਤਰਨ ਵੀ ਨਹੀਂ ਹੈ, ਜੋ ਸਾਧਾਰਨ ਤੌਰ ’ਤੇ ਹੋਰ ਚਿੱਤਰਕਾਰਾਂ ਦੇ ਕੰਮ ਵਿਚ ਦਿਖ ਪੈਂਦਾ ਹੈ।

ਚਿੱਤਰਕਾਰ ਇਕ ਵਸਤ ਨੂੰ ਮਹੱਤਵ ਦੇ ਰਿਹਾ ਹੈ ਅਤੇ ਉਹ ਹੈ ਅੰਨ। ਅੰਨ ਨਾਲ ਤਿਆਰ ਹੋਇਆ ਫੁਲਕਾ, ਰੋਟੀ ਅਤੇ ਪੂਰੀ। ਸਾਰਾ ਘਟਨਾਕ੍ਰਮ ਇਸੇ ਦੁਆਲੇ ਘੁੰਮ ਰਿਹਾ ਹੈ। ਚਿੱਤਰਾਂ ਦਾ ਮਹੱਤਵ ਉਨ੍ਹਾਂ ਵਿਚ ਸਮਾਏ ਵੱਥ ਸਦਕਾ ਹੈ। ਜੋ ਜ਼ਿਕਰਯੋਗ ਹੈ ਅਤੇ ਸਿੱਖ ਮੱਤ ਉਸ ਨੂੰ ਸਤਿਕਾਰਦਾ ਹੈ। ਚਿੰਤਨ ਪੱਧਰ ਉਪਰ ਇਹ ਸਿੱਖ ਸਿਧਾਂਤ ਦੇ ਥਮ੍ਹਲੇ ਹਨ। ਸਿੱਖ ਜਿੱਥੇ ਹਨ, ਜਿਵੇਂ ਹਨ, ਇਨ੍ਹਾਂ ਦੋ ਜੀਵਨ ਵਿਧੀਆਂ ਦਾ ਤਿਆਗ ਨਹੀਂ ਕਰ ਸਕਦੇ। ਜੇ ਥੋੜ੍ਹਾ ਹੋਰ ਅਗਾਂਹ ਦਾ ਸੋਚੀਏ ਤਾਂ ਗਿਆਤ ਹੁੰਦਾ ਹੈ ਕਿ ਦੋਵੇਂ ਵਿਹਾਰ ਮਨੁੱਖ ਨੂੰ ਮਨੁੱਖ ਨਾਲ ਜੋੜਨ ਵਾਲੇ ਹਨ। ਇਨ੍ਹਾਂ ਚਿੱਤਰਾਂ ਦੀ ਵਿਸ਼ੇਸ਼ਤਾ ਇਹ ਵੀ ਹੈ ਕਿ ਦਰਸ਼ਕ ਇਨ੍ਹਾਂ ਨੂੰ ਦੇਖ ਵਾਪਰੇ ਬਿਰਤਾਂਤ ਵੱਲ ਮੁੜਦਾ ਹੈ। ਬਿਰਤਾਂਤ ਨੂੰ ਜਾਣ ਉਹ ਚਿੱਤਰ ਦੀ ਥਾਹ ਲੈਣ ਵੱਲ ਓਹਲਦਾ ਹੈ। ਇਹ ਚਿੱਤਰ ਪਾਠ ਦੀ ਯਾਤਰਾ ਹੈ, ਜੋ ਨਿਰੰਤਰ ਜਾਰੀ ਰਹਿੰਦੀ ਹੈ ਅਤੇ ਹਰ ਕਿਰਤ ਵਿਚ ਇਹ ਗੁਣ ਲੱਛਣ ਹੋਣਾ ਚਾਹੀਦਾ ਹੈ।

ਜਗਤਾਰਜੀਤ ਸਿੰਘ, ਦਿੱਲੀ

ਸੰਪਰਕ: 98990-91186



# ਗੁਰਮਤਿ ਸਾਹਿੱਤ ਦਾ ਕਾਵਿ-ਸ਼ਾਸਤਰ

## ਗਿਆਨ-ਮੂਲਕ ਅਤੇ ਅਨੁਭਵਮਈ ਪਰਿਪੇਖ

ਕਿਸੇ ਰਚਨਾ ਦਾ ਕਾਵਿ-ਸ਼ਾਸਤਰ ਲੱਭਣ ਦਾ ਅਰਥ ਹੈ ਉਸ ਦੇ ਰਚਨਾ-ਸੰਗਠਨ ਵਿਚ ਕਾਰਜਸ਼ੀਲ ਨੇਮਾਂ ਅਤੇ ਸੰਗਠਨ ਸਿਧਾਂਤਾਂ ਨੂੰ ਖੋਜਣਾ ਅਤੇ ਉਹਨਾਂ ਨੂੰ ਇਕ ਨਿਆਯੁਕਤ ਪ੍ਰਬੰਧ ਵਿੱਚ ਪੇਸ਼ ਕਰਨਾ ਜਰੂਰੀ ਹੈ। ਸਾਹਿਤ ਕੀ ਹੈ? ਸਾਹਿਤ ਜੀਵਨ ਅਨੁਭਵ ਦੀ ਉਪਜ ਹੈ। ਇਕ ਅਮਰ, ਮਹਾਨ ਤੇ ਉਚੇਚ ਸਾਹਿਤ ਦਾ ਪ੍ਰਮੁੱਖ ਮਨੋਰਥ ਸਿਰਫ਼ ਇਹ ਨਹੀਂ ਕਿ ਉਸ ਸਮੇਂ ਦੇ ਪ੍ਰਤੀਨਿੱਧ ਹਾਲਾਤਾਂ ਦਾ ਵਰਣਨ ਕਰੇ ਸਗੋਂ ਜ਼ਿੰਦਗੀ ਦੀਆਂ ਮਹਾਨ ਸੱਚਾਈਆਂ ਤੇ ਹਕੀਕਤਾਂ ਨੂੰ ਰੂਪਮਾਨ ਕਰਦਾ ਹੋਇਆ ਸਮਾਜ ਦੀ ਆਦਰਸ਼ਕ ਅਗਵਾਈ ਕਰੇ ਅਤੇ ਆਤਮਿਕ ਤੇ ਆਚਰਣਕ ਤੌਰ ਤੇ ਬਲਵਾਨ ਬਣਾਵੇ। ਇਸ ਦੇ ਨਾਲ ਸਾਹਿਤਕਾਰਾਂ ਦਾ ਵੀ ਇਹ ਕਰੱਤਵ ਬਣ ਜਾਂਦਾ ਹੈ ਕਿ ਆਪਣੀ ਰਚਨਾ ਦੁਆਰਾ ਪਾਠਕਾਂ ਦਾ ਆਤਮਿਕ ਤੇ ਆਚਰਣਕ ਤੌਰ ‘ਤੇ ਦ੍ਰਿੜ ਕਰਨ ਲਈ ਸਮਾਜ ਦੇ ਯਥਾਰਥ ਤੇ ਹਰ ਵਿਰੋਧ ਦਾ ਟਾਕਰਾ ਕਰਦਾ ਹੋਇਆ ਸੱਚਾਈ ਨੂੰ ਬੇਝਿੱਜਕ ਪੇਸ਼ ਕਰੇ। ਇਸ ਲਈ ਪ੍ਰੋ. ਕਿਰਪਾਲ ਸਿੰਘ ਕਸੇਲ ਨੇ ਆਪਣੀ ਪੁਸਤਕ ‘ਪੰਜਾਬੀ ਸਾਹਿਤ ਦੀ ਉਤਪਤੀ ਤੇ ਵਿਕਾਸ’ ਵਿੱਚ ਲਿਖਦਾ ਹੈ ਕਿ ਸਾਹਿਤ ਜੀਵਨ ਬਣਨਾ ਚਾਹੀਦਾ ਹੈ ਅਤੇ ਜੀਵਨ ਸਾਹਿਤ।[(1)] ਸਾਹਿਤਕਾਰ ਹੀ ਮਨੁੱਖੀ ਆਤਮਾ ਦੇ ਸਿਰਜਣਹਾਰ ਹੋਣ ਕਾਰਨ ਮਨੁੱਖੀ ਜੀਵਨ ਨੂੰ ਚਿੱਤਰਦੇ ਅਤੇ ਉਸਾਰਦੇ ਹਨ। ਗੁਰਮਤਿ/ ਗੁਰਬਾਣੀ ਦੇ ਰਚੇਤਾ ਛੇ ਗੁਰੂ ਸਾਹਿਬਾਨ, ਪੰਦਰਾਂ ਭਗਤ, ਗਿਆਰਾਂ ਭੱਟ ਅਤੇ ਚਾਰ ਨਿਕਟਵਰਤੀ ਸੰਤ, ਉਸ ਸਮੇਂ ਦੇ ਸਾਹਿਤ ਤੇ ਸਮਾਜ ਦੇ ਬਾਰੇ ਚੇਤੰਨ ਹੋਣ ਕਾਰਨ ਇਕ ਉਦਾਤ ਰੂਪੀ ਅਮੀਰ ਰਚਨਾ ਨੂੰ ਸੰਸਾਰ ਦੇ ਸਾਹਮਣੇ ਸਨਮੁੱਖ ਕੀਤਾ, ਜੋ ਇਕ ਸਾਹਿਤ ਦੇ ਚੰਗੇ ਗੁਣਾਂ ਦਾ ਧਾਰਨੀ ਹੋਣ ਕਾਰਨ ਅੱਜ ਤੱਕ ਆਪਣੀ ਹੋਂਦ ਨੂੰ ਬਰਕਾਰ ਰੱਖ ਸਕਿਆ ਹੈ। ਗੁਰਮਿਤ ਦੇ ਕਾਵਿ-ਸ਼ਾਸਤਰ ਦੇ ਨੇਮ ਵਿਧਾਨ ਨੂੰ ਬਣਾਉਣ ਤੋਂ ਪਹਿਲਾ ਗੁਰਬਾਣੀ ਦੇ ਇਤਿਹਾਸ, ਰੂਪਾਂ ’ਤੇ ਧਿਆਨ ਮਾਰਨਾ ਬਹੁਤ ਜਰੂਰੀ ਹੈ। ਗੁਰਮਿਤ ਸਾਹਿਤ ਵਿੱਚ ਛੇ ਗੁਰੂ ਸਹਿਬਾਨਾਂ (ਸ਼੍ਰੀ ਗੁਰੂ ਨਾਨਕ ਦੇਵ ਜੀ, ਸ਼੍ਰੀ ਗੁਰੂ ਅੰਗਦ ਦੇਵ ਜੀ, ਸ਼੍ਰੀ ਗੁਰੂ ਅਮਰਦਾਸ ਜੀ, ਸ਼੍ਰੀ ਗੁਰੂ ਰਾਮਦਾਸ ਜੀ, ਸ਼੍ਰੀ ਗੁਰੂ ਅਰਜਨ ਦੇਵ ਜੀ ਅਤੇ ਸ਼੍ਰੀ ਗੁਰੂ ਤੇਗ ਬਹਾਦਰ ਜੀ), ਪੰਦਰਾਂ ਭਗਤ (ਭਗਤ ਕਬੀਰ, ਭਗਤ ਰਵਿਦਾਸ, ਭਗਤ ਫ਼ਰੀਦ, ਭਗਤ ਰਾਮਾਨੰਦ, ਭਗਤ ਬੇਣੀ, ਭਗਤ ਨਾਮਦੇਵ, ਭਗਤ ਸਧਨਾ, ਭਗਤ ਬੀਖਨ, ਭਗਤ ਪਰਮਾਨੰਦ, ਭਗਤ ਸੈਣ, ਭਗਤ ਧੰਨਾ, ਭਗਤ ਪੀਪਾ, ਭਗਤ ਸੂਰਦਾਸ, ਭਗਤ ਜੈਦੇਵ, ਭਗਤ ਤ੍ਰਿਲੋਚਨ), ਗਿਆਰਾਂ ਭੱਟਾਂ ਅਤੇ ਚਾਰ ਗੁਰੂ ਘਰ ਦੇ ਸ਼ਰਧਾਲੂ (ਬਾਬਾ ਸੁੰਦਰ, ਰਬਾਬੀ ਸੱਤੇ ਡੂਮਿ ਜੀ, ਰਬਾਬੀ ਰਾਇ ਬਲਵੰਡ ਜੀ ਅਤੇ ਭਾਈ ਮਰਦਾਨਾ ਜੀ) ਦੀਆਂ ਬਾਣੀ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਦਰਜ ਹੈ। ਆਦਿ ਗ੍ਰੰਥ ਦੇ ਰੂਪ ਵਿੱਚ ਪਹਿਲੀ ਵਾਰ ਸੰਪਾਦਨਾ ਦਾ ਕਾਰਜ ਸ਼੍ਰੀ ਗੁਰੂ ਅਰਜਨ ਦੇਵ ਜੀ ਨੇ ਕੀਤਾ ਅਤੇ ਬਾਅਦ ਵਿੱਚ ਸ਼੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਤੇਗ ਬਹਾਦਰ ਦੀ ਬਾਣੀ ਨੂੰ ਸ਼ਾਮਿਲ ਕਰਕੇ ਸ਼੍ਰੀ ਗੁਰੂ ਗ੍ਰੰਥ ਦੇ ਰੂਪ ਵਿੱਚ ਸੰਪਾਦਨਾ ਕੀਤੀ। 31 ਰਾਗਾਂ ਅਤੇ ਵੱਖ-ਵੱਖ ਕਾਵਿ-ਰੂਪਾਂ ਵਿੱਚ ਸੰਕਲਿਤ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਵਿਸ਼ੇਸ਼ਤਾਂ ਵੱਲ ਮਾਰੀਏ ਤਾਂ ਇਹ ਵਿਸ਼ੇਸ਼ਤਾਂ ਸਾਡੇ ਸਨਮੁੱਖ ਹੁੰਦੀਆਂ ਹਨ:

- ਗੁਰਮਿਤ ਕਾਵਿ-ਧਾਰਾ ਮੱਧਕਾਲ ਦੀ ਇਕ ਅਤਿਅੰਤ ਗੌਰਵਮਈ ਕਾਵਿ-ਪਰੰਪਰਾ ਹੈ। ਜਿਸ ਵਿੱਚ ਮਨੁੱਖੀ ਹਿੱਤਾਂ ਦੀ ਗੱਲ ਕੀਤੀ ਹੈ। ਜੋ ਇਕ ਚੰਗੇ ਸਾਹਿਤ ਦੀ ਪਹਿਲੀ ਸ਼ਰਤ ਨੂੰ ਪੂਰਾ ਕਰਦਾ ਹੈ।
- ਧਰਤੀ ਤੇ ਪਰਮਾਤਮਾ ਦੇ ਸਬੰਧ ਨਾਲ ਜੁੜੀ ਹੋਈ ਵਿਚਾਰਧਾਰਾ ਦੀ ਗੱਲ ਕਰਦੀ ਹੈ।
- ਧਰਤੀ ਨੂੰ ਧਰਮਸ਼ਾਲਾ ਬਣਾਉਣ ਦਾ ਮਾਡਲ ਪੇਸ਼ ਕਰਦੀ ਹੈ।
- ਕੁਲੀਨ ਵਰਗ ਦੇ ਵਿਰੋਧ ਵਿੱਚ ਉਭਰਨ ਵਾਲੀ ਵਿਚਾਰਧਾਰਾ ਹੈ। ਅਜਿਹੀ ਵਿਚਾਰਧਾਰਾ ਜੋ ਸਮਾਜਿਕ ਸਰੋਕਾਰ ਨਾਲ ਜੁੜੀ ਹੋਈ ਹੈ ਅਤੇ ਵਿਰੋਧੀ ਧਿਰਾਂ ਦੇ ਪ੍ਰਤੀ ਆਪਣੀ ਆਵਾਜ਼ ਨੂੰ ਬੁਲੰਦ ਕਰਦੀ ਹੋਈ ਜਨ-ਸਾਧਰਨ ਤੇ ਮਾਨਵਤਾ ਦੇ ਪ੍ਰਤੀਨਿੱਧਤਾ ਰੱਖਦੀ ਹੈ।
- ਗੁਰਮਿਤ ਕਾਵਿ-ਧਾਰਾ ਵਿੱਚ ਮਨੁੱਖ ਦੇ ਚੰਗੇ ਆਚਰਨ ਅਤੇ ਆਤਮਿਕ ਉਚੱਤਾ ’ਤੇ ਜ਼ੋਰ ਦਿੱਤਾ ਹੈ। ਇਸ ਕਰਕੇ ਸਾਰੀ ਬਾਣੀ ਸ਼ੁੱਭ ਕਰਮ, ਸ਼ੁੱਭ ਆਚਾਰ, ਸ਼ੁੱਭ ਵਿਚਾਰ, ਸ਼ੁੱਭ ਬੋਲ, ਨਿਮਰਤਾ, ਨਿਰਵੈਰ , ਨਿਰਭਉ ਦਾ ਸੰਦੇਸ਼ ਦਿੰਦੀ ਹੈ।
- ਹਊਮੇ, ਹੰਕਾਰ ਅਤੇ ਹੁਕਮ ਦੀ ਪਹਿਚਾਣ ਕਰਵਾਉਂਦੀ ਹੋਈ ਆਤਮ ਬਲ ਅਰਥਾਤ ਪੰਜ ਕੁਰੀਤੀਆਂ ’ਤੇ ਕਾਬੂ ਕਰਨ ਦਾ ਸੰਦੇਸ਼ ਦਿੰਦੀ ਹੈ।
- ਸੰਤ ਤੋਂ ਸਿਪਾਹੀ ਬਣਾਉਂਦੀ ਹੈ ਅਤੇ ਗੁਰੂ ਦੇ ਦੱਸੇ ਰਸਤੇ ’ਤੇ ਚੱਲਣ ਦੀ ਹਿੰਮਤ ਬਖ਼ਸ਼ਦੀ ਹੈ।
- ਇਸ ਗੁਰਮਿਤ ਕਾਵਿ-ਧਾਰਾ ਵਿੱਚ ਕਰਮ-ਕਾਂਡ, ਮੂਰਤੀ-ਪੂਜਾ, ਅਵਤਾਰਵਾਦ, ਵਹਿਮ-ਭਰਮ ਨੂੰ ਰੱਦ ਕੀਤਾ ਹੈ।
- ਪਰਮਾਤਮਾ ਦੇ ਨਿਰਗੁਣ ਸਰੂਪ ਦੀ ਵਿਚਾਰਧਾਰਾ ਦੀ ਹਾਮੀ ਭਰਦੀ ਹੈ। ਜਿਸ ਦਾ ਕੋਈ ਸਰੂਪ ਨਹੀਂ, ਸਾਰੀ ਪ੍ਰਕਿਤੀ ਤੇ ਮਨੁੱਖਤਾ ਵਿੱਚ ਵਾਸ ਹੈ।
- ਅਗਿਆਨਤਾ ਤੋਂ ਗਿਆਨ ਵੱਲ, ਮਨੁੱਖਤਾ ਤੋਂ ਗੁਰਮੁੱਖਤਾ ਵੱਲ ਲੈ ਜਾਣ ਦਾ ਸਾਧਨ ਹੈ।
- ਸਮਾਜ ਦਾ ਤਿਆਗ ਨਹੀਂ ਸਗੋਂ ਮਾਇਆ ਵਿੱਚ ਰਹਿੰਦਿਆਂ ਉੱਪਰ ਉਠੱਣ ਦਾ ਆਦੇਸ਼ ਹੈ ਭਾਵ ਗ੍ਰਹਿਸਥ ਵਿੱਚ ਰਹਿ ਕੇ ਪਰਮਾਤਮਾ/ ਪਰਮ ਸੱਚ ਨੂੰ ਪਾਉਣ ਦਾ ਆਦੇਸ਼ ਹੈ।
- ਸ਼ਾਸਤਰ ਤੋਂ ਸ਼ਸਤਰ ਵੱਲ ਵਿਕਸਿਤ ਹੋਈ ਵਿਚਾਰਧਾਰਾ ਹੈ।

**ਗੁਰਬਾਣੀ ਕਾਵਿ-ਸ਼ਾਸਤਰ:** ਇਸ ਤੋਂ ਪਹਿਲਾ ਡਾ. ਗੁਰਦੀਪ ਸਿੰਘ ਨੇ ਆਪਣੇ ਖੋਜ-ਪੱਤਰ ‘ਗੁਰਬਾਣੀ ਦਾ ਕਾਵਿ-ਸ਼ਾਸਤਰ’ ਵਿੱਚ ਗੁਰਬਾਣੀ ਦੇ ਨਾਲ ਸੰਬੰਧਿਤ ਸਿਧਾਂਤਾਂ ਤੇ ਰੌਸ਼ਨੀ ਪਾਈ ਹੈ। ਇਸ ਖੋਜ-ਪੱਤਰ ਨੇ ਇਸ ਹੱਥਲੇ ਖੋਜ-ਕਾਰਜ ਦੇ ਅਧੀਨ ਗੁਰਮਿਤ ਪਰੰਪਰਾ ਦਾ ਕਾਵਿ-ਸ਼ਾਸਤਰ ਵਿੱਚ ਇਕ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਗੁਰਬਾਣੀ ਦਾ ਕਾਵਿ-ਸ਼ਾਸਤਰ ਆਪਣੇ ਆਪ ਵਿੱਚ ਇੱਕ ਸਾਰਥਕ ਤੇ ਮਿਹਨਤ ਵਾਲਾ ਕਾਰਜ ਹੈ ਕਿਉਂਕਿ ਗੁਰਬਾਣੀ ਦੇ ਨੇਮ ਵਿਧਾਨ ਤੇ ਸਿਧਾਂਤਕਾਰੀ ਇੱਕ ਜਟਿਲ ਤੇ ਗੰਭੀਰ ਕਾਰਜ ਹੈ।

ਗੁਰਮਿਤ ਕਾਵਿ ਭਾਵ ਗੁਰਬਾਣੀ ਤੱਤਵ-ਚਿੰਤਨ ਦੀ ਪੇਸ਼ਕਾਰੀ ਹੈ। ਜਿਥੇ ਇਹ ਪ੍ਰਵਚਨ ਅਲੌਕਿਕ ਕਾਵਿ ਵਾਂਗ ਸੁਹਜਮੁੱਖੀ ਤੇ ਸੰਗੀਤਾਤਮਕ ਵੀ ਹੈ ਉਥੇ ਦਰਸ਼ਨ-ਸ਼ਾਸਤਰ ਵਾਂਗ ਚਿੰਤਨ-ਮੁੱਖੀ ਵਧੇਰੇ ਹੈ। ਇਸ ਤਰ੍ਹਾਂ **ਇਸ ਪ੍ਰਵਚਨ ਵਿੱਚ ਕਾਵਿਕਤਾ ਤੇ ਦਾਰਸ਼ਨਿਕਤਾ ਦਾ ਅਨੋਖਾ ਸੰਗਮ ਹੈ।**

ਕਿਸੇ ਕਾਵਿ-ਕ੍ਰਿਤੀ ਦਾ ਕਾਵਿ-ਸ਼ਾਸਤਰ ਉਸ ਦੇ ਰੂਪ ਦਾ ਅਧਿਐਨ ਕਰਦਾ ਹੈ ਪਰ ਉਸ ਰਚਨਾ ਦਾ ਜਾਂ ਪ੍ਰਵਚਨ ਦੇ ਰਚਨਾ-ਵਸਤੂ ਨੂੰ ਅੱਖੋ-ਉਹਲੇ ਕਰ ਕੇ ਕਾਵਿ-ਸ਼ਾਸਤਰੀ ਦਾ ਅਧਿਐਨ ਪ੍ਰਸਤੁਤ ਕਰਨਾ ਉਚਿਤ ਪ੍ਰਤੀਤ ਨਹੀਂ ਹੁੰਦਾ। **ਇਸ ਤਰ੍ਹਾਂ ਗੁਰਬਾਣੀ ਦੇ ਵਸਤੂ-ਰਚਨਾ ਵਿੱਚ ਨਿਰਪੇਖ ਸੱਚ ਦੀ ਅਭਿਵਿਅਕਤੀ ਹੈ। ਜਦਕਿ ਲੌਕਿਕ ਕਾਵਿ/ ਸਾਹਿਤ ਸਮਾਜ-ਸਾਪੇਖ 'ਹੋਂਦ' ਹੈ। ਗੁਰਮਿਤ-ਕਾਵਿ ਵਿੱਚ ਨਿਰਪੇਖ ਸੱਚ ਦਾ ਵਿਅਕਤੀਗਤ ਅਨੁਭਵ ਸਾਪੇਖ ਸੱਚ ਦੇ ਮਾਧਿਅਮ ਦੁਆਰਾ ਹੋਂਦ ਵਿੱਚ ਆਉਂਦਾ ਹੈ।**[(2)] ਜਿਵੇਂ ਹਰ ਸਾਧਕ ਨਿਜੀ ਸਾਧਨਾ ਦੁਆਰਾ ਆਪਣੇ ਅੰਦਰ ਅਪ੍ਰਤੱਖ ਤੇ ਅਵਿਅਕਤ ਰੂਪ ਵਿੱਚ ਸਥਿਤ 'ਅੰਤਿਮ-ਸੱਚ' ਨੂੰ ਸਾਖਿਅਤ ਕਰਦਾ ਹੈ ਅਤੇ ਫਿਰ ਉਸ ਅਗੋਚਰ ਅਨੁਭਵ ਨੂੰ ਤਤਕਾਲੀਨ ਸਮਾਜਕ-ਸਭਿਆਚਾਰ ਚਿੰਨ੍ਹਾਂ ਅਤੇ ਭਾਸ਼ਾਈ ਤੇ ਸ਼ਿਲਪੀ ਵਿਧੀਆਂ ਦੁਆਰਾ ਕਾਵਿ-ਰੂਪ ਪ੍ਰਦਾਨ ਕਰਦਾ ਹੈ। ਇਹ ਵੀ ਕਿਹਾ ਜਾ ਸਕਦਾ ਹੈ ਕਿ ਪ੍ਰਵਚਨ ਦਾ ਮੂਲ-ਬਿੰਬ ਆਤਮ ਅਨੁਭਵ ਹੈ। ਇਹ ਆਤਮ-ਅਨੁਭਵ, ਸਮਾਜਕ ਮਨੁੱਖੀ ਕਾਰਜ ਵਿੱਚ ਪ੍ਰਤਿਬਿੰਬਤ ਹੋ ਕੇ ਕਾਵਿਕ-ਸਾਹਿਤਕ ਰੂਪ ਧਾਰਨ ਕਰਦਾ ਹੈ। ਇਹੋ ਬੁਨਿਆਦੀ ਕਾਰਨ ਹੈ ਕਿ ਇਸ ਉਤਕ੍ਰਿਸ਼ਟ ਪ੍ਰਵਚਨ ਵਿੱਚ 'ਤਿਹਰੇ-ਕਾਵਿ-ਵਰਤਾਰੇ' ਤਥਾ 'ਤਿਹਰੇ-ਕਾਵਿ-ਪਾਸਾਰਾ' ਦੇ ਦਰਸ਼ਨ ਹੁੰਦੇ ਹਨ।[(3)]

**ਕਾਵਿ-ਸ਼ਾਸਤਰੀ ਦ੍ਰਿਸ਼ਟੀ ਤੋਂ ਵੇਖਿਆ ਜਾਏ ਤਾਂ ਇਸ ਪਵਿੱਤਰ ਗ੍ਰੰਥ ਦੀ ਬਾਣੀ ਨੂੰ ਤਿੰਨ ਰੂਪਾਂ ਵਿੱਚ ਪੇਸ਼ ਕੀਤਾ ਹੈ। ਜਿਵੇਂ** ਡਾ. ਗੁਰਦੀਪ ਸਿੰਘ ਨੇ ਆਪਣੇ ਖੋਜ-ਪੱਤਰ 'ਗੁਰਬਾਣੀ ਦਾ ਕਾਵਿ-ਸ਼ਾਸਤਰ' ਵਿੱਚ ਦੱਸਿਆ ਹੈ ਕਿ ਕਿਤੇ ਇਹ ਬਾਣੀ,'ਧੁਰਿ ਕੀ ਬਾਣੀ', 'ਗੁਰ ਕੀ ਬਾਣੀ' ਅਤੇ 'ਖਸਮ ਕੀ ਬਾਣੀ' ਦੇ ਰੂਪ ਵਿੱਚ ਪੇਸ਼ ਹੁੰਦੀ ਹੈ ਅਤੇ ਕਿਤੇ ਇਹ ਢਾਡੀ ਦੇ 'ਜਸ-ਗਾਇਣ', 'ਸਾਇਰ ਦੇ ਕਥਨ' ਅਤੇ 'ਦਾਸ ਕੀ ਬੇਨਤੀ' ਤੱਕ ਹੀ ਸੀਮਤ ਰਹਿ ਜਾਂਦੀ ਹੈ।[(4)]

**ਪਹਿਲੇ ਪਾਸਾਰ ਨੂੰ 'ਤ੍ਰੈਗੁਣ ਬਾਣੀ', 'ਪਾਉਣ ਕੀ ਬਾਣੀ' ਤਥਾ ਕੱਚੀਬਾਣੀ' ਦੇ ਅੰਤਰਗਤ ਰੱਖ ਸਕਦੇ ਹਾਂ, ਦੂਜੇ ਨੂੰ 'ਧੁਰਿ ਕੀ ਬਾਣੀ'[(5)] ਅਤੇ ਤੀਜੇ ਪਾਸਾਰ ਨੂੰ 'ਗੁਰ ਕੀ ਬਾਣੀ', ਅੰਮ੍ਰਿਤ-ਬਾਣੀ', 'ਮਿੱਠੀ ਬਾਣੀ', 'ਨਿਰਮਲ ਬਾਣੀ' ਤੇ ਉੱਤਮ ਬਾਣੀ' ਦੇ ਪ੍ਰਸੰਗ ਵਿੱਚ ਵਿਚਾਰ ਸਕਦੇ ਹਾਂ।** ਪਹਿਲੀ ਬਾਣੀ ਨੂੰ 'ਕੱਚੀ-ਬਾਣੀ' ਇਸ ਕਰਕੇ ਕਿਹਾ ਜਾਂਦਾ ਹੈ ਕਿਉਂਕਿ ਇਹ ਬਾਣੀ ਆਤਮ-ਨਿਰਭਰ ਤਥਾ ਆਤਮ-ਆਸ਼ਿਤ ਨਹੀਂ। ਇਸ ਪ੍ਰਕਾਰ ਦੀ ਬਾਣੀ ਨੂੰ 'ਹੋਂਦ' ਵਿੱਚ ਆਉਣ ਲਈ ਸਰੀਰਕ ਅੰਗਾਂ ਦੀ ਅਤੇ ਆਪਣੀ 'ਹੋਂਦ' ਨੂੰ ਕਾਇਮ ਰੱਖਣ ਲਈ ਭਾਸ਼ਾ ਦੀ ਸਹਾਇਤਾ ਦੀ ਲੋੜ ਹੈ।ਇਸ ਬਾਣੀ ਨੂੰ 'ਕੱਚੀ-ਬਾਣੀ' ਕਹਿਣ ਦਾ ਇਕ ਕਾਰਨ ਹੋਰ ਹੈ ਕਿ ਇਹ ਨਿਰੰਤਰ ਪਰਿਵਰਤਨਸ਼ੀਲ ਤੇ ਸਮੇਂ-ਸਥਾਨ ਦੇ ਪ੍ਰਭਾਵ ਨੂੰ ਕਬੂਲਦੀ ਹੈ। ਸਿੱਟੇ ਵਜੋਂ ਇਹ ਬਾਣੀ ਸਦਾ ਬਣਦੀ, ਬਿਨਸਦੀ ਤੇ ਨਿਰੰਤਰ ਆਪਣਾ ਰੂਪ ਵਟਾਉਂਦੀ ਰਹਿੰਦੀ ਹੈ। ਗੁਰਬਾਣੀ ਦੀਆਂ ਨਿਮਤ-ਲਿਖਤ ਕੁਝ ਉਦਾਹਾਰਣਾਂ ਤੋਂ ਬਾਣੀ ਦੇ ਇਸ ਪਾਸਾਰ ਦਾ ਸਰੂਪ ਭਲੀ-ਭਾਂਤ ਦੇਖ ਸਕਦੇ ਹਾਂ।

**(ੳ) ਸਤਿਗੁਰੂ ਬਿਨਾ ਹੋਰ ਕਚੀ ਹੈ ਬਾਣੀ।**
**ਬਾਣੀ ਤਾਂ ਕਚੀ ਸਤਿਗੁਰੂ ਬਾਝਹੁ ਹੋਰ ਕਚੀ ਬਾਣੀ**

(ਆਦਿ ਗ੍ਰੰਥ, ਪੰਨਾ 920)

ਗੁਰਬਾਣੀ ਦੀ ਉਪਰੋਕਤ ਤੁਕਾਂ ਉਸ ਬਾਣੀ ਦੀ ਅਪ੍ਰਮਾਣਿਕਤਾ ਵੱਲ ਸਿੱਧਾ ਇਸ਼ਾਰਾ ਕਰਦੀ ਹੈ ਜੋ ਸਮੇਂ ਦੇ ਪ੍ਰਭਾਵ ਨਾਲ ਨਿਰੰਤਰ ਪਰਿਵਰਤਨਸ਼ੀਲ ਰਹੇ। ਗੁਰੂ ਸਾਹਿਬਾਨਾਂ ਲਈ ਵੀ ਬਾਣੀ ਇੱਕਠੀ ਕਰਨ ਸਮੇਂ ਇਹ ਸਮੱਸਿਆ ਮੁੱਖ ਬਣੀ ਰਹੀ ਕਿਉਂਕਿ ਗੁਰੂ ਨਾਨਕ ਸਾਹਿਬ ਦੇ ਨਾਮ ਹੇਠ ਅਤੇ ਉਹਨਾਂ ਦੇ ਜੀਵਨ-ਕਾਲ ਤੋਂ ਹੀ ਕੱਚੀ ਬਾਣੀ ਦੀ ਰਚਨਾ ਹੋਣੀ ਸ਼ੁਰੂ ਹੋ ਗਈ ਸੀ। ਇਸ ਸਥਿਤੀ ਤੋਂ ਬੱਚਣ ਲਈ ਗੁਰੂ ਅਮਰਦਾਸ ਜੀ ਨੇ ਸਿੱਖਾਂ ਨੂੰ ਸਾਵਧਾਨ ਕਰ ਦਿੱਤਾ ਸੀ ਉਥੇ ਦੂਜੇ ਪਾਸੇ ਗੁਰੂ ਰਾਮਦਾਸ ਜੀ ਨੇ ਸਤਿਗੁਰਾਂ ਦੀ ਰਚੀ ਬਣੀ ਨੂੰ ਪ੍ਰਮਾਣਿਕਤਾ ਮੰਨਦਿਆਂ ਹੋਇਆ ਹੋਰ ਬਾਣੀ ਨੂੰ ਕੱਚਾ ਦੱਸਿਆ।

**ਅ) ਸਤਿਗੁਰ ਕੀ ਬਾਣੀ ਸਤਿ ਸਰੂਪ ਹੈ ਗੁਰਬਾਣੀ ਬਾਣੀਐ।**
**ਸਤਿਗਰੁ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ**
**ਸੇ ਕੂੜਿਆਰ ਕੂੜੇ ਝੜਿ ਪੜੀਐ।**

(ਆਦਿ ਗ੍ਰੰਥ, ਮ. 4, ਪੰਨਾ 304)

**ਦੂਜੇ ਪਾਸਾਰ ਵਿੱਚ ਬਾਣੀਕਾਰਾਂ ਅਨੁਸਾਰ ਅਕਾਲ (Non-Temporal) ਅਤੇ ਅਮੂਰਤ (Non-Spacio) ਆਖਿਆ ਜਾ ਸਕਦਾ ਹੈ** ਕਿਉਂਕਿ ਅਕਾਲ ਸਮੇਂ ਤੇ ਸਥਾਨ ਦੇ ਪ੍ਰਭਾਵ ਤੋਂ ਮੁਕਤ ਹੈ ਅਤੇ ਪ੍ਰਵਚਨ ਬਾਣੀ ਦਾ ਇਹ ਪਾਸਾਰ ਅਕਥਿਤ (Non-Spoken) ਅਤੇ ਅਲਿਖਿਤ ਹੁੰਦਾ ਹੈ। ਇਹ 'ਅਨਹਦ ਬਾਣੀ' ਕਿਸੇ ਭਾਸ਼ਾ ਦੀ ਮੁਹਤਾਜ ਨਹੀਂ ਸਗੋਂ 'ਗੁਪਤ' ਤੇ 'ਅਪ੍ਰਤੱਖ' ਰੂਪ ਵਿੱਚ ਪ੍ਰਕ੍ਰਿਤੀ ਦੇ ਹਰ ਜ਼ੱਰੇ ਵਿੱਚ ਵਿਆਪਕ ਹੈ। ਇਹੋ ਬਾਣੀ ਸਾਰੇ ਖੰਡ-ਬ੍ਰਹਿਮੰਡ ਦਾ ਆਧਾਰ ਹੈ (The life-current of the whole universe) ਸਿੱਧ ਹੈ ਕਿ ਇਹ 'ਅਕੱਥ ਬਾਣੀ' ਕਿਸੇ ਗ੍ਰੰਥ-ਪੋਥੀ ਜਾਂ ਵੇਦ-ਸ਼ਾਸਤ੍ਰ ਵਿੱਚ ਵਿਦਮਾਨ ਨਹੀਂ ਸਗੋਂ ਪ੍ਰਕ੍ਰਿਤੀ ਦੇ ਹਰ ਜ਼ੱਰੇ ਨੂੰ ਚੇਤਨਾ ਪ੍ਰਦਾਨ ਕਰਨ ਵਾਲੀ ਜੀਵਨ-ਦਾਤੀ ਬਾਣੀ ਹੈ। ਪਵਿੱਤਰ ਗ੍ਰੰਥਾਂ ਵਿੱਚ ਕੇਵਲ ਇਸ ਬਾਣੀ ਦੇ ਅਨੁਭਵ ਨੂੰ ਅਭਿਵਿਅਕਤ ਕੀਤਾ ਗਿਆ ਹੁੰਦਾ ਹੈ ਪਰ ਅਨਹਦ ਬਾਣੀ ਹਰ ਇਕ ਦੇ ਅੰਦਰ ਪ੍ਰਕਾਸ਼ਮਾਨ ਹੈ। ਬਾਣੀਕਾਰਾਂ ਨੇ ਇਸ ਤੱਥ ਨੂੰ ਸਮਝਾਉਣ ਲਈ ਇਸ ਨੂੰ 'ਅਕੱਥ ਕਥਾ' ਵੀ ਆਖਿਆ ਹੈ। ਆਦਿ-ਗ੍ਰੰਥ ਵਿੱਚ ਸੰਕਲਿਤ ਸਾਰੀ ਬਾਣੀ ਵਿੱਚ ਹਰ ਬਾਣੀਕਾਰ ਨੇ ਇਸ ਨੂੰ 'ਅਨਹਤ' ਤਥਾ 'ਅਨਾਹਦ ਬਾਣੀ' ਆਖਿਆ ਹੈ ਅਤੇ ਇਸਦੇ ਅਨੁਭਵ ਅਧੀਨ ਆਪਣਾ ਕੇਂਦਰੀ ਕਾਵਿ-ਬਿੰਬ ਉਸਾਰਿਆ ਹੈ। ਵਾਸਤਵ ਵਿੱਚ ਇਹੋ ਬਾਣੀ ਸਮਸਤ ਗੁਰਬਾਣੀ ਦਾ ਕੇਂਦਰੀ ਪ੍ਰਬੰਧ ਤਥਾ ਸੰਪੂਰਨ ਕਾਵਿ-ਬਿੰਬ ਹੈ। ਵਧੇਰੇ ਸਰਲ ਤੇ ਸਪੱਸ਼ਟ ਸ਼ਬਦਾਂ ਵਿੱਚ ਇਸ ਨੂੰ 'ਪ੍ਰਕਾਸ਼ਮਈ ਨਾਦ' (Radiant sound) ਜਾਂ 'ਧੁਨੀਮਈ ਪ੍ਰਕਾਸ਼' (Ringing radiance) ਆਖਿਆ ਜਾ ਸਕਦਾ ਹੈ।

- ਘਟਿ ਅੰਤਰੇ ਸਾਚੀ ਬਾਣੀ ਸਾਚੋ ਆਪ ਪਛਾਣੇ ਰਾਮ। (ਆਦਿ ਗ੍ਰੰਥ, ਪੰਨਾ-769)
- ਗੁਪਤੀ ਬਾਣੀ ਪਰਗਟ ਹੋਇ। ਨਾਨਕ ਪਰਖ ਲਏ ਸਚ ਸੋਇ। (ਆਦਿ ਗ੍ਰੰਥ, ਪੰਨਾ-941)
- ਸਚਾ ਸਬਦ ਸਚੀ ਹੈ ਬਾਣੀ, ਗੁਰਮੁਖ ਜੁਗਿ ਜੁਗਿ ਆਖ ਵਖਾਣੀ।(ਆਦਿ ਗ੍ਰੰਥ, ਪੰਨਾ-424)
- ਅਨਹਦ ਬਾਣੀ ਪੂੰਜੀ। ਸੰਤਨ ਹਥਿ ਰਾਖੀ ਕੂੰਜੀ (ਆਦਿ ਗ੍ਰੰਥ, ਪੰਨਾ-893)

ਬਾਣੀਕਾਰਾਂ ਨੇ ਆਪਣੀ ਰਚਨਾ ਤੇ ਰਚਨਾ ਦੁਆਰਾ ਇਸ 'ਅਕੱਥ ਬਾਣੀ' ਤਥਾ 'ਅਨਹਦ ਬਾਣੀ' ਨੂੰ ਆਪਣੇ ਅੰਦਰੋਂ ਖੋਜਣ ਤੇ ਪ੍ਰਗਟ ਕਰਨ ਦਾ ਹੀ ਉਪਦੇਸ਼ ਤੇ ਸੰਦੇਸ਼ ਹਰ ਵਿਅਕਤੀ ਨੂੰ ਦਿੱਤਾ ਹੈ। ਉਹਨਾਂ ਅਨੁਸਾਰ ਇਹ ਬਾਣੀ ਕਿਸੇ ਵਿਸ਼ੇਸ਼ ਵਿਅਕਤੀ ਤਥਾ ਕਿਸੇ ਵਿਸ਼ੇਸ਼ ਜਾਤੀ ਦੀ ਸੰਪਤੀ ਨਹੀਂ, ਨਾ ਹੀ ਇਹ ਕਿਸੇ ਵਿਸ਼ੇਸ਼ ਕਲਾ ਜਾਂ ਦੇਸ਼ ਦੀ ਉਪਜ ਹੈ ਸਗੋਂ ਇਕ ਸਰਵ-ਸਾਂਝੀ, ਸਰਵ-ਕਾਲੀਨ ਤੇ ਸਰਵ-ਕਲਿਆਣਕਾਰੀ 'ਬਾਣੀ' ਹੈ। ਹਰ ਵਿਅਕਤੀ, ਹਰ ਵਰਗ, ਹਰ ਦੇਸ਼ ਤੇ ਹਰ ਕਲਾ ਦਾ ਇਸ ਉਪਰ ਪੂਰਨ ਅਧਿਕਾਰ ਹੈ। ਇਹੋ ਬਾਣੀ ਹੈ ਜਿਸ ਨੂੰ ਪਰਸ ਕੇ ਹੀ ਹਰ ਵਿਅਕਤੀ 'ਕੱਚ' ਤੋਂ 'ਕੰਚਨ' ਬਣ ਸਕਦਾ ਹੈ। ਬਲਾਵਤਸਕੀ ਸਾਖਿਨੇ ਜਿਸ ਨੂੰ ਉਪਰ 'ਚੁੱਪ ਦੀ ਆਵਾਜ਼' ਆਖਿਆ ਹੈ। ਇਹ ਹੀ 'ਚੁੱਪ ਦੀ ਆਵਾਜ਼' ਤੀਜੇ ਪਾਸਾਰ ਵਿੱਚ ਮੂਰਤੀਮਾਨ ਹੁੰਦੀ ਹੈ। ਬਾਣੀਕਾਰਾਂ ਨੇ ਪਹਿਲਾਂ ਆਪਣੇ ਅੰਦਰ ਇਸ 'ਗੁਪਤ' ਤੇ 'ਅਕੱਥ ਬਾਣੀ' ਨੂੰ ਸਾਖਿਆਤ ਕਰਕੇ ਇਸ ਦਾ ਨਿੱਜੀ ਅਨੁਭਵ ਗ੍ਰਹਿਣ ਕੀਤਾ ਤੇ ਫਿਰ ਇਸ ਅਨੁਭਵ ਨੂੰ ਜਿਨ੍ਹਾਂ ਕਾਵਿ-ਜੁਗਤਾਂ, ਕਲਾ-ਵਿਧੀਆਂ, ਭਾਸ਼ਾਈ ਤੇ ਸ਼ਿਲਪੀ-ਵਿਧੀਆਂ ਦੀ ਸਹਾਇਤਾ ਨਾਲ ਜਨ-ਸਮੂਹ ਦੇ ਪੱਧਰ ਤੱਕ ਲਿਆਂਦਾ, ਇਹ ਆਪਣੀ ਮਿਸਾਲ ਆਪ ਹੈ। ਇਸ 'ਗੁਪਤ-ਬਾਣੀ' ਦੇ ਅਨੁਭਵ ਦੀ ਅਭਿਵਿਅਕਤੀ ਦੇ ਫਲਸਰੂਪ ਹੀ ਪ੍ਰਵਚਨ ਦੇ ਇਸ ਤੀਜੇ ਪਾਸਾਰ ਨੂੰ 'ਅੰਮ੍ਰਿਤ ਬਾਣੀ' ਵਿਸਲੇਸ਼ਣਾਂ ਨਾਲ ਸ਼ਿੰਗਾਰਿਆ ਗਿਆ ਹੈ। ਸੰਖੇਪ ਵਿੱਚ ਪ੍ਰਵਚਨ ਦਾ ਇਹ ਤੀਜਾ ਪਾਸਾਰ ਅਗੰਮੀ ਅਨੁਭਵ (Transcendental experience) ਨੂੰ ਸਰਵ-ਵਿਆਪਕਤਾ (Immanent experience) ਦੇ ਪੱਧਰ 'ਤੇ ਲਿਆਉਣ ਵਿੱਚ ਤੇ ਸੰਪੂਰਨ ਕਾਵਿ-ਚਿੰਨ੍ਹ ਉਸਾਰਨ ਵਿੱਚ ਸਹਾਈ ਹੁੰਦਾ ਹੈ।ਗੁਰਬਾਣੀ ਵਿੱਚ ਇਹੋ ਵਿਚਿੱਤਰ ਤੇ ਵਿਲੱਖਣ ਕਾਵਿ-ਬਿੰਬ ਹੈ ਜਿਹੜਾ ਇਸ ਨੂੰ ਲੌਕਿਕ ਸਾਹਿਤ-ਪਾਠ ਤੋਂ ਨਿਖੇੜਦਾ ਹੈ। ਪ੍ਰਸਤੁਤ ਪ੍ਰਵਚਨ ਦੀ ਕੇਂਦਰੀ-ਕਾਵਿ-ਜੁਗਤ ਨੂੰ 'ਅੰਤਿਮ ਸੱਚ' ਦੀ ਅਭਿਵਿਅਕਤੀ ਵਿਚੋਂ ਹੀ ਲੱਭਿਆ ਜਾ ਸਕਦਾ ਹੈ। ਉਪਰ ਵਰਣਿਤ ਪ੍ਰਵਚਨ ਦਾ ਪਹਿਲਾ ਤੇ ਤੀਜਾ ਪਾਸਾਰ ਜੋ ਪਾਸਾਰ ਭਾਵ 'ਸੱਚੀ ਬਾਣੀ' ਦੀ ਅਭਿਵਿਅਕਤੀ ਦੇ ਪੂਰਕ ਹੀ ਹਨ। ਗੁਰਮੁਖ/ਮਨਮੁਖ, ਗੁਰਮਿਤ/ਦੁਰਮਿਤ, ਹੁਕਮ/ਹਉਮੈ, ਸਚਿਆਰ/ਕੂੜਿਆਰ, ਭ੍ਰਮ/ਪ੍ਰਕਾਸ਼, ਬਿੱਖ/ਅੰਮ੍ਰਿਤ, ਬਗ/ਹੰਸ, ਸੁਹਾਗਣ/ਡੁਹਾਗਣ, ਏਕ/ਅਨੇਕ, ਅੰਤਰ/ਬਾਹਿਰ ਆਦਿ ਅਨੇਕਾਂ ਅਜਿਹੇ ਵਿਰੋਧੀ ਜੁੱਟਾਂ ਦੀ ਸਿਰਜਣਾ, ਪ੍ਰਵਚਨ ਦੇ ਕੇਂਦਰੀ-ਕਾਵਿ-ਪ੍ਰਬੰਧ ਨੂੰ ਅਗਰਭੂਮੀ ਤੇ ਲਿਆਉਣ ਵਿੱਚ ਕਾਫੀ ਸਹਾਈ ਹੁੰਦੀ ਹੈ। ਬਾਣੀਕਾਰਾਂ ਨੇ ਵਾਰ-ਵਾਰ ਵਿਵਿਧ ਪ੍ਰਕਾਰ ਦੇ ਬਿੰਬਾਂ, ਪ੍ਰਤੀਕਾਂ, ਚਿੰਨ੍ਹਾਂ, ਚਿੱਤਰਾਂ, ਦ੍ਰਿਸ਼ਾਂ ਤੇ ਰਿਸ਼ਤਿਆਂ ਦੁਆਰਾ ਇਸ ਦਵੰਦ ਨੂੰ ਉਘਾੜਨ ਤੇ ਉਭਾਰਨ ਦਾ ਹੀ ਯਤਨ ਕੀਤਾ ਹੈ।

ਗੁਰਬਾਣੀ ਵਿੱਚ 55 ਕਾਵਿ-ਰੂਪ ਵਰਤੇ ਹਨ। ਜਿਵੇਂ ਆਰਤੀ, ਅਲਾਹੁਣੀਆਂ, ਅੰਜਾਲੀਆਂ, ਸੋਹਿਲਾ, ਸੁਚਜੀ, ਕੁਚਜੀ, ਕਰਹਲੇ, ਰੁਤੀ, ਘੋੜੀਆਂ, ਬਾਰਾਂ ਮਾਹ, ਪੱਟੀ, ਪਹਿਰੇ, ਥਿਤੀ, ਦਿਨ ਰੈਣ, ਸਤਵਾਰਾ, ਚਉਪਦਾ, ਸੋਹਿਲੇ, ਚੌਪਈ, ਸਵੱਯੇ, ਸਿਰਖੰਡੀ, ਗਾਥਾ, ਛਿੰਝ, ਬਿਰਹੜੇ, ਲਾਵਾਂ, ਡੱਖਣੇ, ਸਦ, ਕਾਫੀ, ਬਾਵਨ ਅੱਖਰੀ, ਵਾਰ, ਪੌੜੀ, ਛੰਤ, ਨੀਸਾਣ ਅਤੇ ਛਕਾਂ ਆਦਿ ਅਤੇ ਸਮੱਸਤ ਪ੍ਰਵਚਨ ਲੋਕ-ਕਾਵਿ ਰੂਪਾਂ, ਲੋਕ-ਛੰਦਾਂ, ਲੋਕ-ਗੀਤਾਂ, ਲੋਕ-ਬੋਲੀ ਤੇ ਲੋਕ-ਮੁਹਾਵਰੇ ਵਿੱਚ ਵਿਅਕਤ ਹੈ। ਲੋਕ-ਰੂੜ੍ਹੀਆਂ, ਲੋਕ-ਰਵਾਇਤਾਂ, ਲੋਕ-ਵਿਸ਼ਵਾਸਾਂ ਦਾ ਪੁਨਰ-ਗਠਨ ਤੇ ਪੁਨਰ ਨਿਰਮਾਣ ਇਸ ਦਿਸ਼ਾ ਵਿੱਚ ਇਕ ਹੋਰ ਮੱਹਤਵਪੂਰਨ ਪ੍ਰਾਪਤੀ ਹੈ।

ਇਸ ਤੋਂ ਇਲਾਵਾ ਗੁਰਬਾਣੀ ਵਿੱਚ ਖ਼ਾਸ ਕਰਕੇ ਗੁਰੂ ਨਾਨਕ ਦੀ ਬਾਣੀ ਵਿਚੋਂ ਹੇਠ ਲਿਖੇ **ਤਿੰਨ ਦਾਰਸ਼ਨਿਕ ਸਿਧਾਂਤ ਉਘੜਦੇ ਹਨ, ਪਹਿਲਾ ਇਸ ਸਮਾਜ ਵਿੱਚ ਰਹਿੰਦਿਆਂ ਸਦਾਚਾਰਕ ਤੇ ਭਾਈਚਾਰਕ ਪੱਖਾਂ ਤੋਂ ਆਦਰਸ਼ਕ ਜੀਵਨ ਜਿਊਣ ਦੀ ਜਾਂਚ, ਦੂਸਰਾ ਆਤਮਾ ਤੇ ਪਰਮਾਤਮਾ ਦੇ ਸਬੰਧ ਤੇ ਉਸ ਪਰਮ ਸੱਚ ਦੀ ਭਾਲ ਅਤੇ ਤੀਸਰਾ ਸ੍ਰਿਸ਼ਟੀ ਰਚਨਾ ਤੇ ਵਿਸ਼ਵ ਦੇ ਇਸ ਪਸਾਰੇ ਨਾਲ ਸਬੰਧਿਤ ਰਹੱਸ।** ਜਿਸ ਨੂੰ ਗੁਰਬਾਣੀ ਦੀਆਂ ਤੁਕਾਂ ਰਾਹੀਂ ਦੇਖਿਆ ਜਾ ਸਕਦਾ ਹੈ। ਗੁਰਮਿਤ ਅਨੁਸਾਰ ਸਭ ਤੋਂ ਪਹਿਲਾ ਸਭ ਪਾਸੇ ਨਿਰਗੁਣ ਰੂਪ ਵਿੱਚ ਬ੍ਰਹਮ ਸੀ ਜੋ ਆਪ ਵਿੱਚ ਸਥਿਤ ਸੀ।

**'ਕੇਤੇ ਜੁਗ ਵਰਤੇ ਗੁਬਾਰੈ। ਤਾੜੀ ਲਾਈ ਅਪਰ ਅਪਾਰੈ।**

**ਧੁੰਧੂਕਾਰਿ ਨਿਰਲਾਮੁ ਬੈਠਾ ਨਾ ਤਦਿ ਧੂੰਧ ਪਸਾਰਾ ਹੇ।'**

(ਅ. ਗ੍ਰੰ. ਮ. 1, ਪੰਨਾ 1029)

ਸਾਰੀ ਦ੍ਰਿਸ਼ਟੀਮਾਨ ਸ੍ਰਿਸ਼ਟੀ ਸੁੰਨ[7] ਤੋਂ ਉਤਪੰਨ ਹੋਈ ਤੇ ਇਸੇ ਸੁੰਨ ਵਿੱਚ ਲੀਨ ਹੋ ਜਾਵੇਗੀ।[8]

**'ਸੁੰਨਹੁ ਉਪਜੀ ਸੁੰਨਿ ਸਮਾਣੀ।'**

(ਅ. ਗ੍ਰੰ. ਮ. 1, ਪੰਨਾ 1037)

ਗੁਰਮਿਤ ਵਿਚ ਅਜਿਹੇ ਨਿਰਗੁਣ ਸਰੂਪ ਬ੍ਰਹਮ ਦੀ ਕਲਪਨਾ ਕੀਤੀ ਹੈ। ਮੂਲ ਮੰਤਰ ਵਿੱਚ ਪਰਮਾਤਮਾ ਦੇ ਸਰੂਪ ਨੂੰ ਇਸ ਤਰ੍ਹਾਂ ਪ੍ਰਗਟਾਇਆ ਹੈ- ਜੋ ਅਕਾਲ ਪੁਰਖ ਇਕ ਹੈ, ਜਿਸ ਦਾ ਨਾਮ ਹੋਂਦ ਵਾਲਾ ਹੈ, ਜੋ ਸਮੁੱਚੀ ਦੁਨੀਆਂ ਨੂੰ ਰਚਣਹਾਰ ਹੈ, ਜੋ ਸਭ ਵਿੱਚ ਵਿਆਪਕ ਹੈ, ਭੈ ਰਹਿਤ ਅਤੇ ਵੈਰ ਰਹਿਤ ਹੈ, ਜਿਸ ਦੀ ਹੋਂਦ ਤੇ ਸਰੂਪ ਕਾਲ ਤੋਂ ਪਰ੍ਹੇ ਹੈ, ਜੋ ਜੂਨਾਂ ਵਿੱਚ ਨਹੀਂ ਆਉਂਦਾ ਅਤੇ ਜਿਸ ਦਾ ਪ੍ਰਕਾਸ਼ ਆਪਣੇ ਆਪ ਤੋਂ ਹੋਇਆ ਹੈ।

**'ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ਜਪੁ ॥**

ਭਗਤੀ ਦੀਆਂ ਜੜ੍ਹਾਂ ਕਰਮ ਖੇਤਰ ਵਿੱਚ ਹਨ, ਸਮਾਜਿਕ ਸੇਵਾ ਵਿਚ, ਪ੍ਰਫੁਲਤ ਗਿਆਨ ਵਿਚ। ਜਨ ਸਾਧਾਰਨ ਨੂੰ ਤੁਛ ਤੇ ਨੀਚ ਭਾਵਾਂ ਤੋਂ ਉਪਰ ਉਠਾ ਕੇ ਆਤਮਿਕ ਬਰਾਬਰੀ ਦੇ ਮੰਡਲ ਵਿਚ ਖੜਨਾ।

**'ਨੀਚਾ ਅੰਦਿਰ ਨੀਚ ਜਾਤਿ ਨੀਚੀ ਹੂੰ ਅਤਿ ਨੀਚੁ॥**

**ਨਾਨਕੁ ਤਿਨ ਕੈ ਸੰਗਿ ਸਾਥਿ ਵਡਿਆ ਸਿਉ ਕਿਆ ਰੀਸ॥**

**ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ॥'**

(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ.15)

**'ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ॥ ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ॥**

(ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ ਨੰ.1330)

ਉਪਰੋਕਤ ਵਿਚਾਰ ਚਰਚਾ ਅਤੇ ਗੁਰਬਾਣੀ ਸਾਹਿਤ 'ਤੇ ਇਕ ਨਜ਼ਰ ਮਾਰਨ ਉਪਰੰਤ ਇਹ ਨਤੀਜਾ ਨਿਕਲਦਾ ਹੈ ਕਿ ਗੁਰਬਾਣੀ ਸਾਹਿਤ ਦਾ ਕੇਂਦਰੀ ਧੁਰਾ ਗ੍ਰਹਿਸਤ ਵਿੱਚ ਰਹਿ ਕੇ ਉਸ ਪਰਮ ਸੱਚ/ ਨਿਰਗੁਣ ਸਰੂਪ ਬ੍ਰਹਮ ਨੂੰ ਧੁਰ ਕੀ ਬਾਣੀ ਦੁਆਰਾ ਉਸ ਦੀ ਹੋਂਦ ਨੂੰ ਪਹਿਚਾਨਣ ਤੋਂ ਹੈ ਜਿਸ ਦੀਆਂ ਜੜ੍ਹਾਂ ਕਰਮ ਖੇਤਰ, ਸਮਾਜਿਕ

ਸੇਵਾ ਅਤੇ ਪ੍ਰਫੁਲਤ ਗਿਆਨ ਵਿੱਚ ਹੈ। ਗੁਰਬਾਣੀ ਦਾ ਕਾਵਿ-ਸ਼ਾਸਤਰ ਵਿੱਚ ਇਕ ਨੇਮ ਇਹ ਵੀ ਹੈ ਗੁਰੂ ਸਾਹਿਬਾਨ, ਭਗਤ ਤੇ ਭੱਟ ਕਹਿਣੀ ਤੇ ਕਰਨੀ ਦੇ ਮਾਲਿਕ ਸਨ। ਇਸ ਕਰਕੇ ਹੀ ਜਿਸ ਬਾਣੀ ਵਿੱਚ ਮਨ, ਬਚਨ ਤੇ ਕਰਮ ਦੀ ਏਕਤਾ ਨਹੀਂ ਸੀ, ਉਹਨਾਂ ਨੂੰ ਗੁਰੂ ਸਾਹਿਬਾਨ ਨੇ ਸੰਪਾਦਨਾ ਸਮੇਂ ਸ਼੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਕੋਈ ਥਾਂ ਨਹੀਂ ਦਿੱਤੀ। ਮਨੁੱਖੀ ਸੱਚਾਈਆਂ ਨੂੰ ਰੂਪਮਾਨ ਤੇ ਅਗਵਾਈ ਦੇ ਨਾਲ-ਨਾਲ ਆਤਮਿਕ ਉਚਿਤਾ ਤੇ ਆਚਰਣਕ ਤੌਰ 'ਤੇ ਬਲਵਾਨ ਬਣਾਉਣ ਲਈ ਪ੍ਰੇਰਿਤ ਕਰਦੀ ਹੈ ਉਹ ਹੀ ਗੁਰਬਾਣੀ ਸਾਹਿਤ ਦੇ ਘੇਰੇ ਵਿੱਚ ਰਚਨਾ ਆਵੇਗੀ।

## ਹਵਾਲੇ ਟਿੱਪਣੀਆਂ

[1] ਪ੍ਰੋ. ਕਿਰਪਾਲ ਸਿੰਘ ਕਸੇਲ ਅਤੇ ਡਾ. ਪਰਮਿੰਦਰ ਸਿੰਘ, *''ਪੰਜਾਬੀ ਸਾਹਿਤ ਦੀ ਉਤਪਤੀ ਤੇ ਨਿਕਾਸ''*, ਪੰਨਾ ਨੰ. 84

[2] ਗੁਰਦੀਪ ਸਿੰਘ ਭੰਡਾਰੀ, *ਗੁਰਬਾਣੀ ਦਾ ਕਾਵਿ-ਸ਼ਾਸਤਰ, "ਪੰਜਾਬੀ ਸਾਹਿਤ ਦਾ ਕਾਵਿ-ਸ਼ਾਸਤ੍ਰ"*, ਪੰਨਾ ਨੰ. 30

[3] ਗੁਰਦੀਪ ਸਿੰਘ ਭੰਡਾਰੀ, *ਗੁਰਬਾਣੀ ਦਾ ਕਾਵਿ-ਸ਼ਾਸਤਰ, "ਪੰਜਾਬੀ ਸਾਹਿਤ ਦਾ ਕਾਵਿ-ਸ਼ਾਸਤ੍ਰ"*, ਪੰਨਾ ਨੰ. 30-31

[4] ਗੁਰਦੀਪ ਸਿੰਘ ਭੰਡਾਰੀ, *ਗੁਰਬਾਣੀ ਦਾ ਕਾਵਿ-ਸ਼ਾਸਤਰ, "ਪੰਜਾਬੀ ਸਾਹਿਤ ਦਾ ਕਾਵਿ-ਸ਼ਾਸਤ੍ਰ"*, ਪੰਨਾ ਨੰ. 29

[5] 'ਅਨਹਤ ਬਾਣੀ', 'ਅਨਾਹਦ ਬਾਣੀ', 'ਸਾਚੀ-ਬਾਣੀ', ਸਤਿ ਬਾਣੀ', ਗੁਪਤੀ-ਬਾਣੀ', 'ਨਿਰੰਤਰ-ਬਾਣੀ', ਸਹਿਜ ਧੁਨਿ ਬਾਣੀ', 'ਬਾਣੀਆਂ ਸਿਰ ਬਾਣੀ', 'ਆਖੰਡ ਬਾਣੀ', 'ਅਕੱਥ ਬਾਣੀ' ਅਤੇ 'ਨਿਰਕਾਰ ਬਾਣੀ' ਦੇ ਰੂਪ ਵਿੱਚ ਵੇਖ ਸਕਦੇ ਹਾਂ।

[6] 'ਮਿੱਠੀ ਬਾਣੀ', 'ਸੰਤ ਬਾਣੀ', 'ਅਟਲ ਬਾਣੀ' 'ਮੁਕਤੀ ਬਾਣੀ', 'ਪਵਿੱਤਰ ਬਾਣੀ', 'ਸੁੱਖ ਦਾਤੀ ਬਾਣੀ', 'ਨਿਰਮਲ ਬਾਣੀ' ਆਦਿ ਵੀ ਕਿਹਾ ਜਾਂਦਾ ਹੈ।

[7] ਗੁਰਮਿਤ ਵਿੱਚ ਸ੍ਰਿਸ਼ਟੀ-ਰਚਨਾ ਦੇ ਆਦਿ ਤੱਤ ਨੂੰ ਸੁੰਨ ਦਾ ਨਾਮ ਦਿੱਤਾ ਗਿਆ ਹੈ।

[8] ਪ੍ਰੋਫ਼ੈਸਰ ਰਤਨ ਸਿੰਘ ਜੱਗੀ, *''ਖੋਜ ਪਤ੍ਰਿਕਾ (ਗੁਰਮਿਤ ਕਾਵਿ ਅੰਕ)''*, ਪੰਨਾ ਨੰ. 41

******

ਮੋਨਿਕਾ
ਐਮ. ਫ਼ਿਲ. ਪੰਜਾਬੀ
ਸੰਤ ਬਾਬਾ ਭਾਗ ਸਿੰਘ ਯੂਨੀਵਰਸਿਟੀ, ਖਿਆਲਾ, ਜਲੰਧਰ

# ਗੁਰੂ ਨਾਨਕ ਬਾਣੀ: ਭਾਖਾ ਅਤੇ ਨਿਯਮਾਂਵਲੀ

## ਭੂਮਿਕਾ ਅਤੇ ਪਰਿਚਯ

ਸਤਿਜੁਗਿ ਤੈ ਮਾਣਿਓ' ਤੋਂ ਲੈ ਕੇ 'ਕਲਿਜੁਗਿ ਪ੍ਰਮਾਣੁ' ਯਥਾਰਥ ਗਿਆਨ-ਦਾਤੇ 'ਗੁਰੂ ਨਾਨਕ' ਨੂੰ ਸਮੁੱਚੀ ਕਾਇਨਾਤ ਨਮਸ਼ਕਾਰ ਕਰਦੀ ਹੈ। ਉਹਨਾਂ ਦੀ ਬਾਣੀ ਹਰ ਪੱਖੋਂ ਸਮੁੱਚੀ ਲੋਕਾਈ ਨੂੰ ਅਗਵਾਈ ਕਰਨ ਦੀ ਸਮਰੱਥਾ ਰਖਦੀ ਹੈ। ਗੁਰੂ ਜੀ ਦੇ ਵਿਅਕਤੀਤ੍ਵ ਸੰਬੰਧੀ ਗੁਰੂ ਗ੍ਰੰਥ ਸਾਹਿਬ ਵਿਚ ਭੱਟ ਸਾਹਿਬਾਨ ਦੀ ਬਾਣੀ ਤੋਂ ਇਲਾਵਾ ਗੁਰੂ ਅਰਜਨ ਸਾਹਿਬ ਵੱਲੋਂ ਆਪਣੀ ਬਾਣੀ ਵਿਚ ਬਿਆਨ ਕੀਤਾ ਮਿਲਦਾ ਹੈ। ਗੁਰੂ ਨਾਨਕ ਸਾਹਿਬ ਦੇ ਦੀਦਾਰ ਕਰਾਮਾਤ ਨੂੰ ਲਫ਼ਜ਼ਾਂ ਦੀ ਬੰਦਸ਼ ਵਿਚ ਬੰਨ੍ਹਿਆਂ ਨਹੀਂ ਜਾ ਸਕਦਾ। ਗੁਰੂ ਜੀ ਨੂੰ ਜਿਸ ਨੇ ਵੇਖ ਲਿਆ ਅਤੇ ਸ੍ਰਵਨ ਕਰ ਲਿਆ, ਉਸ ਮਨੁੱਖ ਦੇ ਜੀਵਨ ਪੰਧ ਦਾ ਮੁਕਾਮ ਉਥੇ ਸਥਿਰ ਹੋ ਗਿਆ ਜਿਸ ਨੂੰ ਗੁਰੂ ਅਰਜਨ ਸਾਹਿਬ ਨੇ ਫ਼ੁਰਮਾਇਆ ਹੈ:

"ਨਾਨਕ ਬਧਾ ਘਰ ਤਹਾਂ ਜਿਥੈ ਮਿਰਤੁ ਨ ਜਨਮੁ ਜਰਾ॥"

ਇਸ ਲੇਖ ਵਿਚ ਗੁਰੂ ਨਾਨਕ ਸਾਹਿਬ ਜੀ ਦੀ ਬਾਣੀ ਦੀ ਭਾਖਾ(ਭਾਸ਼ਾ) ਅਤੇ ਲਿਖਣ-ਨੇਮਾਂਵਲੀ ਸੰਬੰਧੀ ਪੰਖੀ-ਝਾਤ ਰੂਪ ਵਿਚ ਸਾਂਝ ਪਾਉਣ ਦਾ ਯਤਨ ਕੀਤਾ ਗਿਆ ਹੈ।

ਗੁਰੂ ਗ੍ਰੰਥ ਸਾਹਿਬ ਵਿਚ ਚਉਪਦੇ, ਅਸਟਪਦੀਆਂ, ਛੰਤ ਆਦਿ ਦੀ ਅਰੰਭਤਾ ਵੇਲੇ ਗੁਰੂ ਨਾਨਕ ਬਾਣੀ ਨੂੰ ਪ੍ਰਥਮ ਸਥਾਨ ਦਿਤਾ ਗਿਆ ਹੈ। ੧੯ ਰਾਗ ਅਤੇ ੩ ਵਾਰਾਂ ਤੋਂ ਇਲਾਵਾ ਕਈ ਵਾਰਾਂ ਦੇ ਸਲੋਕ-ਰੂਪ ਅਤੇ ਉਚੇਚੀਆਂ ਬਾਣੀਆਂ ਦੇ ਰੂਪ ਵਿਚ ਗੁਰੂ ਨਾਨਕ ਬਾਣੀ ਸੰਮਿਲਤ ਹੈ।[1] ਇਸ ਤੋਂ ਅਗਾਂਹ ਗੁਰੂ ਨਾਨਕ ਬਾਣੀ ਦੀ ਭਾਖਾ ਅਤੇ ਨਿਯਮਾਂਵਲੀ ਸੰਬੰਧੀ ਜਾਨਣ ਦਾ ਯਤਨ ਕੀਤਾ ਜਾਵੇਗਾ।

## ਭਾਖਾਈ-ਪੜਾਅ:

[1] ਭਾਈ ਜੋਗਿੰਦਰ ਸਿੰਘ ਤਲਵਾੜਾ, ਬਾਣੀ ਬਿਉਰਾ, ਅੰਮ੍ਰਿਤਸਰ।

ਭਾਖਾਈ ਪੜਾਅ ਦੇ ਇਤਿਹਾਸ ਨੂੰ ਪੜਚੋਲਿਆਂ ਗਿਆਤ ਹੁੰਦਾ ਹੈ ਕਿ 'ਵੈਦਿਕ' ਤੋਂ ਚੱਲ ਕੇ 'ਸੰਸਕ੍ਰਿਤ, ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਦਾ ਜਾਮਾ ਪਹਿਣਦੀ ਭਾਖਾ ਨੇ ਆਪਣੀ ਕਈ ਵਾਰ ਕਾਇਆਂ-ਕਲਪ ਕੀਤੀ ਹੈ। ਮਧਕਾਲ ਤਕ ਸੰਜੋਗਾਤਮਕ ਭਾਖਾ ਦਾ ਅਖੀਰਲਾ ਰੂਪ 'ਅਪਭ੍ਰੰਸ਼' ਸੀ। ਧਾਰਮਕ ਗ੍ਰੰਥਾਂ 'ਤੇ 'ਅਪਭ੍ਰੰਸ਼' ਦਾ ਪ੍ਰਭਾਵ ਏਨਾ ਗੂੜ੍ਹਾ ਹੈ ਕਿ ਜਲ-ਤਰੰਗ ਵਾਂਗ ਕਹਿਣਾ ਕਦਾਚਿਤ ਵਿਅਰਥ ਨਹੀਂ ਹੋਵੇਗਾ। ਗੁਰੂ ਨਾਨਕ ਬਾਣੀ 'ਤੇ ਪ੍ਰਾਕ੍ਰਿਤਾਂ ਅਤੇ ਅਪਭ੍ਰੰਸ਼ਾਂ ਦਾ ਗੂੜ੍ਹਾ ਪ੍ਰਭਾਵ ਪਰਤੱਖ ਦਿਖਾਈ ਦਿੰਦਾ ਹੈ।

## ਗੁਰੂ ਨਾਨਕ ਬਾਣੀ ਦੀ ਭਾਖਾ:

ਗੁਰੂ ਨਾਨਕ ਬਾਣੀ ਦੀ ਭਾਖਾ ਵਧ ਸੰਜੋਗਾਤਮਕ[2] (Synthetic) ਹੋਣ ਕਾਰਨ 'ਪਾਲੀ, ਪ੍ਰਾਕ੍ਰਿਤ ਅਤੇ ਅਪਭ੍ਰੰਸ਼' ਦਾ ਪ੍ਰਭਾਵ ਕਬੂਲੀ ਬੈਠੀ ਹੈ। ਸ਼ਬਦ-ਰੂਪ ਪੱਖੋਂ ਲੌਕਿਕ ਬੋਲੀ ਨੂੰ ਸਾਹਿਤਕ ਨਾਲੋਂ ਵਧੇਰੀ ਤਰਜੀਹ ਦਿਤੀ ਹੈ। ਸ਼ਬਦਾਵਲੀ ਭਾਵੇਂ ਸੰਸਕ੍ਰਿਤ ਜਾਂ ਅਰਬ-ਫ਼ਾਰਸੀ ਤੋਂ ਹੈ, ਐਪਰ ਉਹਨਾਂ ਦੇ ਲੌਕਿਕ ਰੂਪ ਨੂੰ ਹੀ ਪ੍ਰਯੋਗ ਕੀਤਾ ਮਿਲਦਾ ਹੈ। ਕਲਾਸੀਕਲ ਭਾਖਾਵਾਂ (ਸੰਸਕ੍ਰਿਤ,ਅਰਬੀ ਅਤੇ ਫ਼ਾਰਸੀ ਆਦਿ) ਦੇ ਸ਼ਬਦ-ਰੂਪਾਂ ਦੀ ਵਰਤੋਂ ਸੀਮਤ ਹੈ, ਭਰਮਾਰ ਲੌਕਿਕ ਰੂਪ ਦੀ ਹੈ। 'ਨਾਂਵ', 'ਕਿਰਿਆ' ਰੂਪਾਂ ਅਤੇ ਲਗ-ਮਾਤ੍ਰੀ ਨਿਯਮਾਂਵਲੀ ਦੀ ਪ੍ਰਾਕ੍ਰਿਤਾਂ, ਅਪਭ੍ਰੰਸ਼ਾਂ ਨਾਲ ਸਮਾਨਤਾ ਹੋਣ ਸਦਕਾ ਗੁਰੂ ਨਾਨਕ ਬਾਣੀ ਨੂੰ ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਭਾਖਾ ਦੇ ਨਜ਼ਦੀਕ ਰਖਿਆ ਜਾ ਸਕਦਾ ਹੈ।

## ਅਜੋਕੀ ਪੰਜਾਬੀ ਨਾਲ ਸਰੋਕਾਰ:

ਅਜੋਕੀ ਪੰਜਾਬੀ ਦੀ ਉਪਭਾਖਾ 'ਲਹਿੰਦੀ' ਦਾ ਪ੍ਰਭਾਵ ਵੀ ਗੁਰੂ ਨਾਨਕ ਬਾਣੀ 'ਤੇ ਨਜ਼ਰੀਂ ਪੈਂਦਾ ਹੈ।[3] 'ਮੁਲਤਾਨੀ, ਪੋਠੋਹਾਰੀ' ਦੇ ਨਾਂਵ ਅਤੇ ਸੰਜੋਗਾਤਮਕ ਗੁਣਾਂ ਦੀ ਸਮਾਨਤਾ ਸਿਧ ਕਰਦੀ ਹੈ ਕਿ ਲਹਿੰਦੀ ਨਾਲ ਉਪਰੋਕਤ ਬਾਣੀ ਦਾ ਧੁਣੀ-ਵਿਉਂਤ ਪੱਖੋਂ ਵਧੇਰਾ ਸਰੋਕਾਰ ਹੈ। ਲਹਿੰਦੀ ਵਿਚ ਨਾਸਕਤਾ ਦਾ ਅਭਾਵ ਬਾਣੀ ਨਾਲ ਸਮਾਨਤਾ ਰਖਦਾ ਹੈ। ਵਚਨਾਂ ਦੇ ਬਹੁਵਚਨ ਰੂਪ ਲਹਿੰਦੀ ਦੇ ਬਹੁਵਚਨ ਰੂਪਾਂ ਸਦਰਸ਼ ਸੁਮੇਲਤਾ ਰਖਦੇ ਹਨ।

## ਲਗ-ਮਾਤ੍ਰੀ ਨਿਯਮਾਂਵਲੀ:

---

[2] ਡਾ. ਹਰਕੀਰਤ ਸਿੰਘ, ਭਾਸ਼ਾ ਤੇ ਭਾਸ਼ਾ ਵਿਗਿਆਨ, ਲੁਧਿਆਣਾ।

[3] ਡਾ. ਹਰਦੇਵ ਬਾਹਰੀ, ਪੰਜਾਬੀ ਤੇ ਲਹਿੰਦੀ, ਪਟਿਆਲਾ।

ਗਹੁ ਨਾਲ ਪਾਠ-ਪਠਨ ਕੀਤਿਆਂ ਗੁਰੂ ਨਾਨਕ ਬਾਣੀ ਵਿਚ ਲਗਮਾਤ੍ਰੀ ਨਿਯਮਾਂਵਲੀ ਦੀ ਵਰਤੋਂ ਪਰਤੱਖ ਦਿਸ ਪੈਂਦੀ ਹੈ। ਲਫ਼ਜ਼ਾਂ ਦੇ ਅੰਤਲੇ ਹ੍ਰਸ੍ਵ-ਸ੍ਵਰ (ਸਿਹਾਰੀ ਅਤੇ ਔਂਕੜ) ਅਰਥਾਂ ਦੇ ਭਾਵ ਨੂੰ ਸਪਸ਼ਟ ਕਰਦੇ ਦਿਖਾਈ ਦਿੰਦੇ ਹਨ। ਬੋਧ ਹਿਤ ਸਰਬ ਪ੍ਰਥਮ ਉਕਾਰਾਂਤ (ਔਂਕੜ-ਅੰਤਕ) ਨੂੰ ਲਿਆ ਜਾ ਸਕਦਾ ਹੈ। ਗੁਰੂ ਨਾਨਕ ਬਾਣੀ ਵਿਚ ਨਾਂਵ, ਪੁਲਿੰਗ ਇਕਵਚਨੀ ਲਫ਼ਜ਼ ਉਕਾਰਾਂਤ ਹੁੰਦਾ ਹੈ, ਜਿਵੇ:

ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ॥ {ਸਿਰੀਰਾਗੁ, ੨੧)

ਇਹੁ ਤਨੁ ਧਰਤੀ ਬੀਜੁ ਕਰਮਾ ਕਰੋ ਸਲਿਲ ਆਪਾਉ ਸਾਰਿੰਗਪਾਣੀ॥ {ਸਿਰੀਰਾਗੁ, ੨੩}

ਮਨੁ ਹਾਲੀ ਕਿਰਸਾਣੀ ਕਰਣੀ ਸਰਮੁ ਪਾਣੀ ਤਨੁ ਖੇਤੁ॥ {ਸੋਰਠਿ, ੫੯੫}

ਸਤਿਗੁਰ ਗਿਆਨੁ ਸਦਾ ਘਟਿ ਚਾਨਣੁ ਅਮਰੁ ਸਿਰਿ ਬਾਦਿਸਾਹਾ॥ {ਸੋਰਠਿ, ੬੦੦}

ਉਪਰੋਕਤ ਪੰਗਤੀਆਂ ਵਿਚ 'ਤਿਲੁ, ਰੋਗੁ, ਤਨੁ, ਖੇਤੁ, ਅਮਰੁ' ਇਤਿਆਦਿਕ ਲਫ਼ਜ਼ ਨਾਂਵ ਇਕਵਚਨ ਦੇ ਤੌਰ 'ਤੇ ਆਏ ਹਨ। ਇਹਨਾਂ ਨੂੰ ਉਕਾਰਾਂਤ ਇਕਵਚਨ ਦੇ ਸੂਚਕ ਵਜੋਂ ਹੈ। ਅਪਭ੍ਰੰਸ਼ ਦਾ ਲਭੱਤ ਸਾਹਿਤ ਨੂੰ ਵਿਵੇਚਿਆਂ ਇਹ ਸ਼ੈਲੀ ਅਪਭ੍ਰੰਸ਼ੀ-ਸਾਹਿਤ[4] ਵਿਚ ਭੀ ਮਿਲਦੀ ਹੈ। ਸੰਸਕ੍ਰਿਤ ਭਾਖਾ ਵਿਚ ਇਕਵਚਨ ਪ੍ਰਥਮਹ ਵਿਭਕਤੀ (ਕਰਤਾ ਕਾਰਕ) ਦਾ ਚਿੰਨ੍ਹ ':'(ਵਿਸਰਗ ਅੰਤਕ) ਹੈ।[5] ਪਾਲੀ-ਪ੍ਰਾਕ੍ਰਿਤਾਂ ਵਿਚ ਇਹ ਚਿੰਨ੍ਹ ਸੰਧੀ ਰੂਪ ਹੋ ਕੇ ਅੰਤਕ 'ਓ'(ओ) ਹੋ ਜਾਂਦਾ ਹੈ।[6] ਅਪਭ੍ਰੰਸ਼ ਤਕ ਪੁਜਦਾ-ਅੰਤਕ 'ਉ'(ੳ) ਰਹਿ ਜਾਂਦਾ ਹੈ।[7] ਮਸਲਨ 'ਤਨ' ਲਫ਼ਜ਼ ਸੰਸਕ੍ਰਿਤ ਵਿਚ 'ਤਨਹ' ਪ੍ਰਾਕ੍ਰਿਤ ਵਿਚ 'ਤਨੋ' ਅਤੇ ਅਪਭ੍ਰੰਸ਼ ਵਿਚ 'ਤਨੁ' ਹੋ ਜਾਂਦਾ ਹੈ। ਸੋ, ਅਪਭ੍ਰੰਸ਼ ਵਿਚੋਂ ਆਇਆ ਇਕਵਚਨ ਦਾ ਸੂਚਕ ਉਕਾਰਾਂਤ ਸਮਗਰ ਗੁਰੂ ਨਾਨਕ ਬਾਣੀ ਵਿਚ ਸਮਸਰ ਰੂਪ ਵਿਚ ਵਿਆਪਕ ਹੈ। ਗੁਰੂ ਨਾਨਕ ਬਾਣੀ ਵਿਚ ਔਂਕੜ ਮੂਲ-ਰੂਪ ਨੂੰ ਕਾਇਮ ਦਰਸਾਉਣ ਹਿਤ ਭੀ ਵਰਤਿਆ ਹੈ, ਜਿਵੇਂ:

ਜਾਲਿ ਮੋਹੁ ਘਸਿ ਮਸੁ ਕਰਿ ਮਤਿ ਕਾਗਦੁ ਕਰਿ ਸਾਰੁ॥ {ਰਾਗੁ ਸਿਰੀਰਾਗੁ ੧੬}

ਸਾਸੁ ਬੁਰੀ ਘਰਿ ਵਾਸੁ ਨ ਦੇਵੈ ਪਿਰ ਸਿਉ ਮਿਲਣ ਨ ਦੇਇ ਬੁਰੀ॥ {ਰਾਗੁ ਆਸਾ,੩੫੫}

ਹਾਣੁ ਹਟੁ ਕਰਿ ਆਰਜਾ ਸਚੁ ਨਾਮੁ ਕਰਿ ਵਥੁ॥ {ਰਾਗੁ ਸੋਰਠਿ, ੫੯੫}

---

[4] डा. राजमणि शर्मा, अपभ्रंश भाषा और साहित्य, नई दिल्ली।

[5] डा. कपिलदेव दिवेदी आचार्य, संस्कृत व्यारकरण प्रवेशिका, वाराणसी।

[6] R. PISCHEL, GRAMMAR OF THE PRAKRIT LANGUAGES, NEW DELHI.

[7] डा. आर. पिशेल, हेमचंद्र का प्राकृत व्याकरण, मुंबई, भूमिका।

ਉਪਰੋਕਤ ਪੰਗਤੀਆਂ ਵਿਚ ਕ੍ਰਮ-ਵਾਰ ਆਏ ਲਫ਼ਜ਼ 'ਮਸੁ, ਸਾਸੁ, ਵਥੁ' ਨੂੰ ਉਕਾਰਾਂਤ ਇਕਵਚਨ ਦੇ ਤੌਰ 'ਤੇ ਨਹੀਂ ਹੈ ਬਲਕਿ ਸੰਬੰਧਤ ਲਫ਼ਜ਼ ਦੇ ਮੂਲ ਰੂਪ ਨੂੰ ਪਰਗਟ ਕਰਨ ਹਿਤ ਹੈ। ਸਿੰਧੀ ਭਾਖਾ ਦੇ 'ਮਸੁ' (ਮਸੁ) ਨੂੰ ਮੂਲ ਰੂਪ ਵਿਚ 'ਮਸੁ' ਕਰਕੇ ਅੰਕਿਤ ਕੀਤਾ ਹੈ।[8] 'ਸਾਸੁ' ਅਤੇ 'ਵਥੁ' ਲਫ਼ਜ਼ ਦਾ ਵਿਕਾਸ ਇਉਂ ਹੋਇਆ ਹੈ:

ਸਾਸੁ = ਸੰਸਕ੍ਰਿਤ ਸ੍ਵਸ਼੍ਰੁ > ਪ੍ਰਾਕ੍ਰਿਤ ਸਾਸੁ > ਅਪਭ੍ਰੰਸ਼ ਸਾਸੁ > ਗੁਰੂ ਨਾਨਕ ਬਾਣੀ = ਸਾਸੁ।[9]

ਵਥੁ = ਸੰਸਕ੍ਰਿਤ ਵਸ੍ਤੁ > ਪ੍ਰਾਕ੍ਰਿਤ ਵਤ੍ਥੁ > ਅਪਭ੍ਰੰਸ਼ ਵਥੁ > ਗੁਰੂ ਨਾਨਕ ਬਾਣੀ = ਵਥੁ।

ਉਕਤ ਉਕਾਰਾਂਤ ਹਰਦਮ ਕਾਇਮ ਰਹਿੰਦਾ ਹੈ ਅਤੇ ਵਚਨ ਦਾ ਪ੍ਰਭਾਵ ਭੀ ਨਹੀਂ ਕਬੂਲਦਾ।

## ਕਾਰਕੀ ਵਿਵਸਥਾ:

ਪ੍ਰਾਚੀਨ ਭਾਖਾਵਾਂ ਸੰਜੋਗਾਤਮਕ ਹੋਣ ਕਰਕੇ ਲਫ਼ਜ਼ਾਂ ਦੇ ਅੰਤ ਚਿੰਨ੍ਹ (ਸਿਹਾਰੀ, ਔਂਕੜ) ਲਾ ਕੇ ਅਰਥ ਪਰਗਟ ਕੀਤੇ ਜਾਂਦੇ ਸਨ। ਅੰਤਕ ਚਿਨ੍ਹਾਂ ਨੂੰ 'ਕਾਰਕੀ-ਵਿਵਸਥਾ' ਕਿਹਾ ਜਾਂਦਾ ਸੀ। ਸੰਜੋਗਾਤਮਕ ਭਾਖਾਵਾਂ ਵਿਚ 'ਸੰਬੰਧਕਾਂ' ਦੀ ਅਣਹੋਂਦ ਸੀ। ਸਮੇਂ ਦੀ ਕਰਵਟ ਨਾਲ ਭਾਖਾਵਾਂ ਵਿਜੋਗਾਤਮਕ ਹੁੰਦੀਆਂ ਗਈਆਂ ਅਤੇ 'ਸੰਬੰਧਕ' ਪਰਗਟ ਹੋਣ ਲਗ ਪਏ। ਸੰਜੋਗਾਤਮਕ ਭਾਖਾ ਦਾ ਅੰਤਲਾ ਪੜਾ ਅਪਭ੍ਰੰਸ਼ ਵਿਚ ਸੰਜੋਗਾਤਮਕਤਾ ਦੀ ਕੁਝ ਘਾਟ ਨੇ 'ਸੰਬੰਧਕਾਂ' ਨੂੰ ਜਨਮ ਦਿਤਾ।[10] ਅਪਭ੍ਰੰਸ਼ ਵਿਚ ਕੁਝ ਵਿਜੋਗਾਤਮਕਤਾ ਗੁਣ ਭੀ ਆਉਣ ਲਗ ਪਏ। ਗੁਰੂ ਨਾਨਕ ਬਾਣੀ 90 ਫ਼ੀਸਦੀ ਸੰਜੋਗਾਤਮਕ ਹੈ, ਐਪਰ 10 ਫ਼ੀਸਦੀ ਵਿਜੋਗਾਤਮਕ ਗੁਣ ਭੀ ਮੌਜੂਦ ਹਨ।[11] ਸੰਬੰਧਕਾਂ ਦੀ ਵਰਤੋਂ ਸੀਮਤ ਹੈ। ਕਾਰਕਾਂ ਦੀ ਸ਼ੈਲੀ ਅਪਭ੍ਰੰਸ਼ਾਂ ਵਾਲੀ ਹੈ, ਜਿਸ ਦੀ ਇਥੇ ਸਰਸਰੀ ਜਾਣ-ਪਛਾਣ ਕਰਵਾਈ ਜਾਵੇਗੀ।

ਗੁਰੂ ਨਾਨਕ ਬਾਣੀ ਵਿਚ ਕਰਤਾ ਕਾਰਕ ਸਧਾਰਨ ਅਤੇ ਕਰਮ ਕਾਰਕ ਇਕਵਚਨ ਰੂਪ ਉਕਾਰਾਂਤ ਵਾਲੇ ਹੀ ਹਨ। ਉਕਾਰਾਂਤ ਦੇ ਵਿਕਾਸ ਸੰਬੰਧੀ ਸੰਖੇਪ ਜਾਣ-ਪਛਾਣ ਉਪਰ ਕਰਵਾਈ ਗਈ ਹੈ। ਕਰਣ ਕਾਰਕ ਸੰਬੰਧੀ ਪਹਿਲੋਂ ਪੰਗਤੀਆਂ ਵੇਖੀਆਂ ਜਾਣ :

---

[8] Dr. Satish Rohra, Standard Trilingual Dictionary, Adipur.

[9] डा. उदय चन्द्र जैन, प्राकृत हिन्दी शब्दकोश, नई दिल्ली।
डा. रमेश कुमार, अपभ्रंश हिन्दी कोश, नई दिल्ली।

[10] डा. नामवर सिंह, अपभ्रंश भाषा और साहित्य, नई दिल्ली, भूमिका।

[11] ਡਾ. ਹਰਕੀਰਤ ਸਿੰਘ, ਸਾਡੀ ਭਾਸ਼ਾ, ਪੰਨਾਂ ੧੦੨.

ਭਰੀਐ ਮਤਿ ਪਾਪਾ ਕੈ ਸੰਗਿ॥ ਉਹੁ ਧੋਪੈ ਨਾਵੈ ਕੈ ਰੰਗਿ॥ {ਜਪੁ, ੪}

ਸਚਿ ਮਿਲੈ ਸਚਿਆਰੁ ਕੂੜਿ ਨ ਪਾਈਐ॥ {ਰਾਗੁ ਆਸਾ, ੪੧੯}

ਸੰਬੰਧਤ ਪੰਗਤੀਆਂ ਵਿਚ 'ਰੰਗਿ, ਸਚਿ, ਕੂੜਿ' ਲਫ਼ਜ਼ ਨਾਂਵ ਕਰਨ ਕਾਰਕ ਹਨ। ਸਿਹਾਰੀ-ਅੰਤਕ ਕਰਨ-ਕਾਰਕ ਦੀ ਸੂਚਕ ਹੈ। ਉਪਰੋਕਤ ਸਿਹਾਰੀ ਭੀ ਪਿਛਲੇਰੀਆਂ ਭਾਖਾਵਾਂ ਵਿਚੋਂ ਆਈ ਹੈ। ਉਦਾਹਰਨ ਲਈ 'ਸਚਿ' ਲਫ਼ਜ਼ ਸੰਸਕ੍ਰਿਤ ਵਿਚ 'ਸਤਯਮ੍' (सत्यम्) ਅਕਾਰਾਂਤ (ਮੁਕਤਾ-ਅੰਤਕ) ਹੈ। ਤੀਜੀ ਵਿਭਕਤੀ (ਕਰਨ ਕਾਰਕ) ਵਿਚ 'ਸਤਯੇਨ' (सत्येन) ਬਣ ਜਾਂਦਾ ਹੈ। ਪ੍ਰਾਕ੍ਰਿਤ 'ਸਚ੍ਚੇਣ' (सच्चेण) ਅਤੇ ਅਪਭ੍ਰੰਸ਼ਾਂ ਵਿਚ 'ਸਚ੍ਚਿ' (सच्चि) ਹੋ ਕੇ ਗੁਰੂ ਨਾਨਕ ਬਾਣੀ ਵਿਚ 'ਸਚਿ' ਬਣਿਆ ਹੈ। ਕਰਨ ਕਾਰਕ ਚਿੰਨ੍ਹ 'ਇ' ਦਾ ਵਿਕਾਸ ਇਸ ਤਰ੍ਹਾਂ ਹੈ :

ਇ = ਸੰਸਕ੍ਰਿਤ ਏਨ > ਪ੍ਰਾਕ੍ਰਿਤ ਏਣ > ਅਪਭ੍ਰੰਸ਼ ਝ > ਗੁਰੂ ਨਾਨਕ ਬਾਣੀ-ਇ[12] ।

ਇਸ ਤਰ੍ਹਾਂ ਕਾਰਕੀ ਵਿਭਕਤੀਆਂ ਗੁਰੂ ਨਾਨਕ ਬਾਣੀ ਵਿਚ ਅਪਭ੍ਰੰਸ਼ੀ ਪ੍ਰਭਾਵ ਸਹਿਤ ਟਿਕੀਆਂ ਹੋਈਆਂ ਹਨ। ਜਿਥੇ ਸੰਬੰਧਕ ਆਏ ਹਨ,ਉਥੇ ਕਾਰਕੀ ਚਿੰਨ੍ਹਾਂ ਦਾ ਪ੍ਰਯੋਗ ਨਹੀਂ ਕੀਤਾ ਗਿਆ; ਕਿਉਂਜੁ ਐਸੀ ਸਥਿਤੀ ਵਿਚ ਉਹ ਬੇਲੋੜੇ ਸਨ। ਸੰਸਕ੍ਰਿਤ ਵਿਚ ਕਾਰਕੀ ਚਿੰਨ੍ਹ ਹਰੇਕ ਕਾਰਕ ਲਈ ਵੱਖ-ਵਖ ਸਨ। ਪ੍ਰਾਕ੍ਰਿਤਾਂ ਵਿਚ ਇਹ ਭੇਦ ਜਾਂਦਾ ਰਿਹਾ। ਸੰਪ੍ਰਦਾਨ ਅਤੇ ਸੰਬੰਧ ਕਾਰਕ ਦਾ ਰੂਪ ਇਕੋ ਜਿਹਾ ਹੋ ਗਿਆ। ਅਪਭ੍ਰੰਸ਼ਾਂ ਵਿਚ ਕਰਤਾ ਅਤੇ ਕਰਮ ਕਾਰਕ ਦਾ ਰੂਪ ਇਕੋ ਵਰਗਾ ਬਣ ਗਿਆ। ਇਸ ਤਰ੍ਹਾਂ ਕਰਣ ਅਤੇ ਅਧਿਕਰਨ ਕਾਰਕ ਦਾ ਰੂਪ ਭੀ ਸਮਸਰ ਹੋ ਗਿਆ।[13] ਗੁਰੂ ਨਾਨਕ ਬਾਣੀ ਵਿਚ ਭੀ ਕਾਰਕੀ ਵਿਵਸਥਾ ਦੀ ਸਥਿਤੀ ਉਪਰੋਕਤ ਹੀ ਹੈ।

## ਪੈਰੀ-ਅੱਖਰ ਬਿੰਦੀ:

ਅਜੋਕੀ ਪੰਜਾਬੀ ਵਿਚ ਕੁਝ ਅੱਖਰਾਂ ਦੇ ਪੈਰੀਂ ਬਿੰਦੀ ਲਾਈ ਜਾਂਦੀ ਹੈ, ਐਸੇ ਅੱਖਰਾਂ ਦੀ ਗਿਣਤੀ ਛੇ 'ਕ ਹੈ। ਗੁਰੂ ਨਾਨਕ ਬਾਣੀ ਵਿਚ ਪੈਰੀ-ਅੱਖਰ ਬਿੰਦੀ ਦਾ ਅਭਾਵ ਹੈ। ਚੂੰਕਿ ਸੰਸਕ੍ਰਿਤ ਦਾ ਮੂਰਧਨ 'ਸ਼' (ष) ਅਤੇ ਤਾਲਵੀ 'ਸ਼'

---

[12] ਪ੍ਰੋ. ਦੁਨੀਚੰਦ੍ਰ, ਪੰਜਾਬੀ ਭਾਸ਼ਾ ਦਾ ਵਿਕਾਸ, ਚੰਡੀਗੜ, ਪੰਨਾਂ ੩੧੨.

[13] ਪ੍ਰੋ. ਦੁਨੀਚੰਦ੍ਰ, ਪੰਜਾਬੀ ਭਾਸ਼ਾ ਦਾ ਵਿਕਾਸ, ਚੰਡੀਗੜ, ਪੰਨਾਂ ੩੦੦.

(ਸ਼) ਪ੍ਰਾਕ੍ਰਿਤਾਂ ਵਿਚ ਖ਼ਤਮ ਹੋ ਕੇ 'ਸ' ਦਾ ਹੀ ਰੂਪ ਧਾਰ ਗਏ ਸਨ। ਅਪਭ੍ਰੰਸ਼ਾਂ ਵਿਚ ਮੂਰਧਨ ਅਤੇ ਤਾਲਵੀ ਧੁਨੀ ਨਹੀਂ ਮੁੜ ਸਕੀ। ਮਧਕਾਲ ਦੇ ਦੇਵਨਾਗਰੀ ਸਾਹਿਤ ਭੀ ਉਪਰੋਕਤ ਸਥਿਤੀ ਹੀ ਹੈ। ਸੂਰਦਾਸ ਰਚਿਤ 'ਸੂਰਸਾਗਰ'[14], ਤੁਲਸੀ 'ਰਾਮਚਰਿਤ ਮਾਨਸ'[15] ਅਤੇ ਕਵੀ ਬਿਹਾਰੀ ਰਚਿਤ 'ਸਤਸਈ'[16] ਆਦਿ ਮਧਕਾਲ ਦੇ ਦੇਵਨਾਗਰੀ ਗ੍ਰੰਥ ਹਨ। ਇਹਨਾਂ ਵਿਚ ਭੀ ਮੂਰਧਨੀ ਅਤੇ ਤਾਲਵੀ ਧੁਨੀ ਦਾ ਅਭਾਵ ਹੈ। ਉਪਰੋਕਤ ਅੱਖਰ (श, ष) ਵਾਲੇ ਲਫ਼ਜ਼ਾਂ ਨੂੰ 'ਸ' ਅੱਖਰ ਨਾਲ ਹੀ ਲਿਖਿਆ ਗਿਆ ਹੈ।

## ਅਰਬੀ-ਫ਼ਾਰਸੀ ਸ਼ਬਦਾਵਲੀ:

ਗੁਰੂ ਨਾਨਕ ਬਾਣੀ ਵਿਚ ਅਰਬੀ-ਫ਼ਾਰਸੀ ਲਫ਼ਜ਼ਾਂ ਦੀ ਮਿਕਦਾਰ ਬਹੁਤਾਤ ਵਿਚ ਹੈ। ਉਹਨਾਂ ਦੀ ਬਾਣੀ ਵਿਚ ਤਤਸਮ ਅਤੇ ਤਦਭਵ ਲਫ਼ਜ਼ਾਂ ਦੀ ਗਿਣਤੀ 140 ਦੇ ਕਰੀਬ ਕੀਤੀ ਜਾਂਦੀ ਹੈ।[17] ਕੁਝ ਸਮੁੱਚੇ ਸ਼ਬਦ ਫ਼ਾਰਸੀ ਦੇ ਹਨ, ਜਿਵੇਂ : 'ਯਕ ਅਰਜ ਗੁਫਤਮ'...ਰਾਗੁ ਤਿਲੰਗੁ 721.। ਬਾਣੀ ਨੂੰ ਵਿਵੇਚਦਿਆਂ ਬੋਧ ਹੁੰਦਾ ਹੈ ਕਿ ਗੁਰੂ ਜੀ ਨੇ ਸਾਹਿਤਕ ਅਰਬੀ-ਫ਼ਾਰਸੀ ਲਫ਼ਜ਼ਾ ਦਾ ਲੌਕਿਕ ਰੂਪ ਅਪਨਾਇਆ ਹੈ। 'ਜ਼ੇ, ਜ਼ਾਲ, ਜ਼ੁਆਦ ਅਤੇ ਜ਼ੋਏ' ਧੁਨੀਆਂ ਨੂੰ 'ਜ' ਵਿਚ ਢਾਲ ਕੇ ਅੰਕਤ ਕੀਤਾ ਹੈ। ਇਸ ਤਰ੍ਹਾਂ 'ਖ਼ੇ, ਸ਼ੀਨ, ਗ਼ੈਨ' ਆਦਿਕ ਨੂੰ ਕ੍ਰਮਵਾਰ 'ਖੇ, ਸ, ਗ' ਵਿਚ ਢਾਲਿਆ ਹੈ। ਗੁਰੂ ਜੀ ਨੇ ਅਰਬੀ-ਫ਼ਾਰਸੀ ਸ਼ਬਦਾਵਲੀ ਵਿਚ ਸ੍ਵਰ-ਆਗਮ ਅਤੇ ਸ੍ਵਰ ਲੋਪ ਸ਼ੈਲੀ ਨੂੰ ਭੀ ਵਰਤਿਆ ਹੈ। ਜਿਸ ਤਰ੍ਹਾਂ ਫ਼ਾਰਸੀ 'ਸਨਾਈ' ਲਫ਼ਜ਼ ਨੂੰ 'ਅਸਨਾਈ'[18] ਅਤੇ 'ਨਾਈ[19]' ਕਰਕੇ ਪ੍ਰਯੋਗ ਕੀਤਾ ਹੈ। ਵਿਆਕਰਨ ਪੱਖੋਂ 'ਨਾਂਵ' ਅਤੇ 'ਕਿਰਿਆ' ਦੇ ਲਿੰਗ ਅਤੇ ਵਚਨ ਨੂੰ ਗੁਰਮੁਖੀਕਰਨ ਕਰਦਿਆਂ ਪੰਜਾਬੀ ਦੇ ਸੰਚੇ ਵਿਚ ਢਾਲਿਆ ਹੈ। ਅਰਬੀ-ਫ਼ਾਰਸੀ ਸ਼ਬਦਾਵਲੀ ਦੇ ਮੂਲ ਅਤੇ ਲੌਕਿਕ ਰੂਪ ਭੀ ਲਿਖੇ ਮਿਲਦੇ ਹਨ। ਜਿਸ ਤਰ੍ਹਾਂ ਅਰਬੀ 'ਨਜ਼ਰ' ਲਫ਼ਜ਼ ਵਿਚ ਪ੍ਰਯੋਗ ਹੋਏ ਅੱਖਰ 'ਜ਼ੋਏ' ਦਾ ਉਚਾਰਨ 'ਜ਼' ਅਤੇ 'ਦ' ਵਿਚਕਾਰ ਕੀਤਾ ਜਾਂਦਾ ਹੈ। 'ਦੁਆਦ' ਅੱਖਰ ਵੀ 'ਜ਼' ਅਤੇ 'ਦ' ਦੇ ਵਿਚਕਾਰ ਦਾ ਉਚਾਰਨ ਪਰਗਟ ਕਰਦਾ ਹੈ। ਇਸ ਸਥਿਤੀ ਕਰਕੇ ਹਰੇਕ ਕੰਠ ਆਪਣੇ ਅਨੁਸਾਰ

---

[14] डा. निर्मला सक्सेना, सूरसागर शब्दावली, उत्तर प्रदेश, इलाहाबाद।
[15] तुलसी, राचरितमानस, गोरखपुर।
[16] महाकवि बिहारी प्रणीत, बिहारी सतसई, नई दिल्ली।
[17] ਡਾ. ਹਰਕੀਰਤ ਸਿੰਘ, ਸਾਡੀ ਭਾਸ਼ਾ, ਅੰਮ੍ਰਿਤਸਰ, ਪੰਨਾਂ ੧੩੪.
[18] ਜੋ ਕਿਛੁ ਹੋਆ ਸਭੁ ਕਿਛੁ ਤੁਝ ਤੇ ਤੇਰੀ ਸਭ ਅਸਨਾਈ ॥ (੭੯੫)
[19] ਵਡਾ ਸਾਹਿਬੁ ਵਡੀ ਨਾਈ ਕੀਤਾ ਜਾ ਕਾ ਹੋਵੈ॥ (੫)

ਉਚਾਰਨ ਢਾਲ ਲੈਂਦਾ ਹੈ। ਅਰਬੀ ਵਿਚ ਨਵੀਨ ਸੱਜਣ ਕੇਵਲ ਦੁਆਦ (ਦ) ਦਾ ਉਚਾਰਨ ਹੀ ਕਰਨ ਲੱਗ ਪਏ ਹਨ ਅਤੇ ਗੈਰ ਅਰਬੀ ਆਪਣੀ ਸੌਖ ਅਨੁਸਾਰ ਇਸ ਲਫ਼ਜ਼ ਦਾ ਉਚਾਰਨ  ਜ਼ੁਆਦ (ਜ਼) ਕਰਦੇ ਹਨ। ਅਸਲ ਵਿਚ ਅਰਬੀ ਉਚਾਰਨ 'ਦ' ਦੇ ਨਜ਼ਦੀਕ ਹੈ। ਅਰਬੀ ਲਫ਼ਜ਼ 'ਕਾਗਜ਼ (ਜ਼ਾਲ),ਕਾਜ਼ੀ (ਜ਼ੁਆਦ) ਆਦਿ ਦਾ ਉਚਾਰਨ 'ਕਾਗਦ,ਕਾਦੀ' ਵਾਂਗ ਕੀਤਾ ਜਾਂਦਾ ਹੈ। ਅਰਬੀ ਦੇ ਕੁੱਝ ਖਿੱਤਿਆਂ ਵਿਚ ਉਪਰੋਕਤ ਲਫ਼ਜ਼ਾਂ ਨੂੰ 'ਜ਼ੁਆਦ' ਧੁਨੀ ਨਾਲ ਵੀ ਉਚਾਰਿਆ ਜਾਂਦਾ ਹੈ। ਭਾਰਤ ਵਿਚ 'ਦੁਆਦ' ਦੀ ਧੁਨੀ ਦਾ ਉਚਾਰਨ 'ਦ' ਅਤੇ 'ਜ਼' ਵਿਚਕਾਰ ਨਾ ਰਹਿ ਕੇ ਕੇਵਲ 'ਜ਼' ਹੀ ਹੋ ਗਿਆ। ਚੂੰਕਿ, ਭਾਰਤੀ ਲੋਕ ਇਸ ਨੂੰ ਉਚਾਰਨ ਕਰਨ ਪੱਖੋਂ ਅਸਮੱਰਥ ਸਨ। ਗੁਰੂ ਨਾਨਕ ਬਾਣੀ ਵਿਚ ਲੋਕ-ਬੋਲੀ ਉਚਾਰਨ ਅਨੁਸਾਰ ਉਪਰੋਕਤ ਲਫ਼ਜ਼ਾਂ ਦੇ ਰੂਪ ਬਹੁਤਾਤ ਵਿਚ 'ਜ' ਧੁਨੀ ਵਾਲੇ ਅੰਕਿਤ ਕੀਤੇ ਹਨ। ਅਸਲ ਰੂਪ ਦੇ ਨਜ਼ਦੀਕ ਵਾਲੇ ਰੂਪ 'ਦ' ਧੁਨੀ ਵਾਲੇ ਵੀ ਪ੍ਰਯੋਗ ਕੀਤੇ ਹਨ, ਜਿਵੇਂ 'ਨਜਰਿ' ਅਤੇ 'ਨਦਰਿ'।  ਸੋ, ਕਾਦੀ, ਕਾਜੀ, ਕਾਗਜ, ਕਾਗਦ ਆਦਿਕ ਲਫ਼ਜ਼ਾਂ ਦੇ ਦੋਵੇਂ ਰੂਪ ਗੁਰੂ ਨਾਨਕ ਬਾਣੀ ਵਿਚ ਉਪਲਬਧ ਹਨ।

ਗੁਰੂ ਨਾਨਕ ਬਾਣੀ ਨੂੰ ਅਵਲੋਕਿਆਂ ਭਾਖਾਈ ਵਿਵਿਧਤਾ ਦੀ ਝਲਕ ਪੈਂਦੀ ਹੈ। ਚੂੰਕਿ ਅਨੇਕਾਂ ਬੋਲੀਆਂ ਦੇ ਲਫ਼ਜ਼ ਕਾਇਆਂ-ਕਲਪ ਕਰਕੇ ਆਪਣੀ ਪ੍ਰਾਚੀਨਤਾ ਅਤੇ ਪੁਰਾਤਨਤਾ ਨੂੰ ਸੰਭਾਲੀ ਬੈਠੇ ਹਨ। ਸੰਧੂਕੜੀ (ਸਾਧੂ ਭਾਖਾ) ਦੀ ਸ਼ੈਲੀ ਵਿਚ ਭਾਰਤ ਯੂਰਪੀ ਪਰਿਵਾਰ ਦੀਆਂ ਅਨੇਕ ਭਾਖਾਵਾਂ ਦੇ ਲਫ਼ਜ਼ ਰੂਪ ਫੁੱਲਾਂ ਨੂੰ ਸਜਾਈ ਬੈਠੀ ਹੈ। ਇਸ ਤੋਂ ਵੱਧ ਵਿਡਾਨ (ਵਿਸਮਾਦ) ਲਗ-ਮਾਤ੍ਰੀ ਨਿਯਮਾਂਵਲੀ ਦਾ ਨੇਮ ਵਿਧਾਨ ਕਰਦਾ ਹੈ, ਜੋ ਸਮਗਰ ਬਾਣੀ ਸਮਸਰ ਨਿਭਦਾ ਹੈ।

ਹਰਜਿੰਦਰ ਸਿੰਘ 'ਘੜਸਾਣਾ'

harjindersinghgharsana@gmail.com

******

# ਨਨਕਾਣਾ ਸਾਹਿਬ: ਇਤਿਹਾਸਿਕ ਦ੍ਰਿਸ਼ਟੀਕੋਣ



'ਨਾਨਕ' ਸਾਡੇ ਚੇਤਿਆਂ 'ਚ ਵਸਿਆ ਪਹਿਲਾ ਸ਼ਬਦ ਹੈ, ਜਿਹੜਾ ਸਾਡੀ ਮਾਂ-ਦਾਦੀ ਨੇ ਗੁਰੂ ਸਾਹਿਬ ਦੀਆਂ ਸਾਖੀਆਂ ਰਾਹੀਂ ਸਾਡੇ ਅੰਦਰ ਵਸਾਇਆ ਅਤੇ ਸਾਡੇ ਅੰਦਰ ਸ੍ਰੀ ਗੁਰੂ ਨਾਨਕ ਸਾਹਿਬ ਜੀ ਲਈ ਇਕ ਪਿਆਰ ਭਰੀ ਧੂਹ ਪੈਦਾ ਹੋਈ। 'ਨਾਨਕ' ਦੋਹਾਂ ਜਹਾਨਾਂ ਦਾ ਗੁਰੂ, ਜਿਸ ਜਿਹਾ ਕੋਈ ਹੋਰ ਨਹੀ, ਸਭ ਉਸ ਦੇ ਚਰਨਾਂ ਦੀ ਧੂੜ ਚੁੰਮਦੇ ਹਨ, ਉਸ ਦੇ ਨਾਮ ਤੋਂ ਸਦਕੇ ਜਾਂਦੇ ਅਤੇ ਉਸ ਦਾ ਹੋ ਜਾਣਾ ਚਾਹੁੰਦੇ ਹਨ। ਇਸ ਦਾ ਵੱਡਾ ਕਾਰਨ ਦੱਸਦੇ ਹੋਏ ਭਾਈ ਨੰਦ ਲਾਲ ਜੀ ਆਖਦੇ ਹਨ:

ਦੋ ਨੂਨਿ ਨਾਮਿ ਪਾਕਸ਼ ਨਈਮ ਵ ਨਸੀਰ,
ਵ ਅਲਫ਼ੇ ਮਿਆਨਾ ਅਹਦ,
ਵ ਕਾਫ਼ੇ ਆਖ਼ਰੀਨ ਕਬੀਰ,
ਫ਼ਕਰਸ਼ ਸਰਫ਼ਰਾਜ਼ੇ ਫ਼ਕਰੇ ਕਾਮਲ,
ਮਕਰਮਤਸ਼ ਬਰ ਹਰ ਦੋ ਆਲਮ ਸ਼ਾਮਲ

ਅਰਥਾਤ: ਉਸ ਦੇ ਪਵਿੱਤਰ ਨਾਉਂ ਦੇ ਦੋਵੇਂ ਨੂਨ (ਨੱਨੇ ਅੱਖਰ) ਨਈਮ (ਦਾਤ ਦੇਣ ਵਾਲੇ) ਤੇ ਨਸੀਰ (ਮੱਦਤ ਦੇਣ ਵਾਲੇ), (ਭਾਵ-'ਨਾਨਕ' ਨਾਮ ਦੇ ਦੋ ਨੱਨਿਆਂ ਦਾ ਅਰਥ ਦਾਤਾ ਤੇ ਮਦਦਗਾਰ ਹੈ), ਅਤੇ ਵਿਚਲਾ ਅਲਫ (ਅਹਦ) ਇਕ ਓਅੰਕਾਰ ਦਾ ਵਾਚਕ ਹੈ, (ਅਰਥਾਤ ਨਾਨਕ ਦੇ ਨੱਨਿਆਂ ਵਿਚਲਾ "ਕੰਨਾ" ਅਲਫ-ਖ਼ੁਦਾ-ਦਾ ਵਾਚਕ ਹੈ) ਅਤੇ (ਗੁਰੂ ਜੀ ਦੇ ਨਾਉਂ ਦਾ) ਕਾਫ਼ ਅਖ਼ੀਰ ਦਾ, ਕਬੀਰ (ਵੱਡਾ। ਅਰਥਾਤ ਵੱਡਿਆਂ ਦਾ ਵੱਡਾ ਅਰਥ ਰੱਖਦਾ ਹੈ, ਭਾਵ ਕੱਕੇ ਦਾ ਅਰਥ ਕਬੀਰ ਹੈ) ਉਸ ਦੀ ਫਕੀਰੀ "ਕਮਾਲ ਫਕੀਰੀ" ਨੂੰ ਬੀ ਓੱਚਾ ਕਰਨ ਵਾਲੀ ਹੈ; ਅਤੇ ਬਜ਼ੁਰਗੀ ਉਸ ਦੀ ਦੋਹਾਂ ਜਹਾਨਾਂ ਉੱਪਰ ਛਾਈ ਹੈ।[1]

ਸ੍ਰੀ ਗੁਰੂ ਨਾਨਕ ਸਾਹਿਬ ਜੀ ਧੰਨ ਹਨ, ਜਿਨ੍ਹਾਂ ਕੌਮ ਦੀ ਅਗਵਾਈ ਕਰ ਸਮਾਜ ਵਿਚ ਮਿੱਠਤ ਰਾਹੀਂ ਚੜ੍ਹਦੀਕਲਾ ਪੈਦਾ ਕੀਤੀ ਅਤੇ ਧੰਨ ਹੋ ਗਈ ਤਲਵੰਡੀ ਦੀ ਧਰਤ; ਜਿੱਥੇ ਕੁੱਲ ਲੋਕਾਈ ਨੂੰ ਤਾਰਨ ਵਾਲੇ ਜਗਤ ਗੁਰੂ ਜੀ 15 ਅਪ੍ਰੈਲ 1469 ਈ. ਨੂੰ ਮਾਤਾ ਤ੍ਰਿਪਤਾ ਜੀ ਅਤੇ ਪਿਤਾ ਮਹਿਤਾ ਕਾਲੂ ਜੀ ਦੇ ਗ੍ਰਹਿ ਵਿਖੇ ਪ੍ਰਗਟ ਹੋਏ। ਗੁਰੂ ਸਾਹਿਬ ਦੀ ਜਨਮ ਮਿਤੀ 'ਤੇ ਜਨਮ ਅਸਥਾਨ ਬਾਰੇ ਭਾਵੇਂ ਜਨਮ-ਸਾਖੀਆਂ ਅੰਦਰ ਮੱਤਭੇਦ ਵੀ ਪਾਏ ਜਾਂਦੇ ਨੇ, ਪਰ ਬਹੁਤੇ ਵਿਦਵਾਨਾਂ ਦੁਆਰਾ ਜਨਮ ਅਸਥਾਨ ਤਲਵੰਡੀ ਅਤੇ ਜਨਮ ਵੈਸਾਖ ਸੁਦੀ ਤੀਜ ਦਾ ਹੀ ਸਹੀ ਮੰਨਿਆ ਹੈ। ਜਿਵੇਂਕਿ:

> ਸੰਮਤ ਬਿਕ੍ਰਮ ਨ੍ਰਿਪਤ ਕੋ, ਪੰਦਰਹ ਸਹਸ ਪਚੀਸ।
> ਬੈਸਾਖੁ ਸੁਦੀ ਤਿਥ ਤੀਜ ਕੇ ਧਰਿਓ ਸੰਤ ਬਪੁ ਈਸੁ।[2]

ਲਾਹੌਰ ਤੋਂ 30 ਕੋਹ ਪੱਛਮ ਵੱਲ ਸਥਿਤ ਰਾਇਪੁਰ ਉਸ ਸਮੇਂ 'ਤਲਵੰਡੀ ਰਾਇ ਭੋਇ ਭੱਟੀ ਦੀ' ਮਸ਼ਹੂਰ ਸੀ। ਬਹਿਲੋਲ ਲੋਧੀ ਜਦੋਂ ਲਾਹੌਰ 'ਤੇ ਦੀਪਾਲਪੁਰ ਦਾ ਹਾਕਮ ਸੀ; ਉਸ ਸਮੇਂ ਦੌਰਾਨ ਜ਼ਿਆਦਾਤਰ ਵਸੋਂ ਭੱਟੀ ਰਾਜਪੂਤਾਂ ਦੀ ਸੀ। ਇਨ੍ਹਾਂ ਦੇ ਵਡੇਰੇ ਹਿੰਦੂ ਸਨ, ਪਰ ਸਮੇਂ ਦੇ ਗੇੜ ਨਾਲ ਇਨ੍ਹਾਂ ਨੇ ਇਸਲਾਮ ਧਰਮ ਅਪਣਾ ਲਿਆ। 'ਰਾਇ ਭੋਇ' ਅਸਰ ਰਸੂਖ਼ ਵਾਲਾ ਇਨਸਾਨ ਸੀ, ਉਸ ਨੇ ਪੁਰਾਣੀ ਤਲਵੰਡੀ ਦੇ ਥੇਹ 'ਤੇ ਨਵੀਂ ਤਲਵੰਡੀ ਦੀ ਮੋਹੜੀ ਗੱਡੀ। ਰਾਇ ਭੋਇ ਨੇ ਆਪਣੀ ਬਰਾਦਰੀ ਦੇ ਹੋਰ ਲੋਕਾਂ ਨੂੰ ਵੀ ਇਸ ਥਾਂ ਲਿਆ ਵਸਾਇਆ ਅਤੇ ਇਸ ਨੂੰ ਆਪਣੇ ਤਪੇ ਦੀ ਰਾਜਧਾਨੀ ਥਾਪਿਆ। ਜਿਸ ਦਾ ਜ਼ਿਕਰ ਕਰਦਿਆਂ "ਤਵਾਰੀਖ ਗੁਰੂ ਖ਼ਾਲਸਾ" ਅੰਦਰ ਕਿਹਾ ਗਿਆ ਹੈ ਕਿ, "ਸੰਮਤ 1486 ਬਿਕ੍ਰਮੀ ਨੂੰ ਆਪਣੇ ਨਾਮ ਪੁਰ ਤਲਵੰਡੀ ਪਿੰਡ ਆਪਣੀ ਜਗੀਰ ਵਿਚ ਵਸਾ ਕੇ ਓਥੇ ਜੋ ਘਰ ਬਨਾ ਲਏ, ਗੋਡੇ ਪਿੰਡ ਦੇ ਰਹਿਣ ਵਾਲੇ ਰਾਮ ਨਰੈਣ ਦੇ ਬੇਟੇ ਸ਼ਿਵਰਾਮ ਬੇਦੀ ਨੂੰ ਜੋ ਓਸਦੀ ਜਾਗੀਰ ਦਾ ਕਾਰਦਾਰ ਸੀ ਆਪਣੇ ਪਾਸ ਤਲਵੰਡੀ ਵਸਾ ਲੀਤਾ।"[3] ਮਹਿਤਾ ਕਾਲੂ (ਪੁੱਤਰ ਸ਼ਿਵਰਾਮ ਬੇਦੀ), ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਪਿਤਾ ਜੀ ਨੂੰ ਰਾਇ ਭੋਇ ਦੇ ਪੁੱਤਰ ਰਾਇ ਬੁਲਾਰ ਨੇ ਆਪਣੇ ਇਲਾਕੇ ਦਾ ਪਟਵਾਰੀ ਬਣਾਇਆ, ਜਿਸ ਕਾਰਨ ਉਨ੍ਹਾਂ ਤਲਵੰਡੀ ਨਿਵਾਸ ਰੱਖਿਆ ਅਤੇ ਤਲਵੰਡੀ ਨੂੰ ਗੁਰੂ ਸਾਹਿਬ ਦੇ ਜਨਮ ਅਸਥਾਨ ਹੋਣ ਦਾ ਮਾਣ ਪ੍ਰਾਪਤ ਹੋਇਆ।

ਤਲਵੰਡੀ ਦੀ ਸੁਹਾਵੀ ਧਰਤ 'ਤੇ ਜਦੋਂ ਗੁਰੂ ਸਾਹਿਬ ਜੀ ਨੇ ਜਨਮ ਲਿਆ ਤਾਂ 'ਤੇਰੋ ਨਾਉਂ ਤੇਰੋ ਨਾਉਂ' ਦੀ ਅਗੰਮੀ ਧੁਨ ਗੂੰਜੀ। ਅਰਸ਼ਾਂ ਤੋਂ ਫ਼ਰਸ਼ਾਂ ਥਾਈਂ ਖੁਸ਼ੀ ਦੀ ਵਰਖਾ ਹੁੰਦੀ ਜਾਪ ਰਹੀ ਸੀ। "ਜਦ ਬਾਲ ਜਨਮਿਆ, ਦਾਈ ਦਸਦੀ ਹੈ ਕਿ ਅਕਾਸ਼ ਧਰਤੀ ਵਿਚ ਖੁਸ਼ੀ ਤੇ ਸੁਖ ਦਾ ਮੀਂਹ ਵਸਦਾ ਜਾਪਦਾ ਸੀ, ਇੰਞ ਜਾਪੇ ਜਿਵੇਂ ਅਕਾਸ਼ਾਂ

---

[1] ਭਾਈ ਨੰਦ ਲਾਲ, *ਗੰਜ ਨਾਮਹ ਸਟੀਕ*, ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2012, ਪੰਨਾ 20.
[2] ਸਰੂਪ ਦਾਸ ਭੱਲਾ, *ਮਹਿਮਾ ਪ੍ਰਕਾਸ਼*, ਭਾਸ਼ਾ ਵਿਭਾਗ, ਪਟਿਆਲਾ, 1999, ਪੰਨਾ 69.
[3] ਗਿਆਨ ਸਿੰਘ, ਗਿਆਨੀ, *ਤਵਾਰੀਖ਼ ਗੁਰੂ ਖ਼ਾਲਸਾ*, ਭਾਸ਼ਾ ਵਿਭਾਗ, ਪਟਿਆਲਾ 1999, ਪੰਨਾ 63.

ਵਿਚ ਕੋਈ ਨਾ ਦਿਸਦੇ ਖੜੋਤੇ ਹਨ ਤੇ ਸੁਗੰਧਤ ਫੁੱਲਾਂ 'ਤੇ ਤਾਰਿਆਂ ਦੀ ਵਰਖਾ ਕਰਦੇ ਰਹੇ ਹਨ। ਬੱਚਾ ਹਸੂੰ ਹਸੂੰ ਕਰਦਾ ਆਇਆ ਹੈ। ਆਇਆ ਇਸ ਤਰ੍ਹਾਂ ਹੈ ਕਿ ਮਾਨੋ ਕੋਈ ਵੱਡਾ ਪੁਰਖ ਕਿਤੋਂ ਆ ਕੇ ਪ੍ਰਗਟ ਹੋ ਜਾਂਦਾ ਹੈ।"[4] ਜਦੋਂ ਗੁਰੂ ਸਾਹਿਬ ਤੇਰਾਂ ਦਿਨਾਂ ਦੇ ਹੋਏ, ਉਦੋਂ ਵੱਡੀ ਭੈਣ 'ਨਾਨਕੀ' ਜੀ ਦੇ ਨਾਮ 'ਤੇ ਵੀਰ ਦਾ ਨਾਮ ਵੀ 'ਨਾਨਕ' ਰੱਖਿਆ ਗਿਆ। ਜਦੋਂ ਬਾਲਾ ਪ੍ਰੀਤਮ (ਸ੍ਰੀ ਗੁਰੂ ਨਾਨਕ ਸਾਹਿਬ ਜੀ) ਸੱਤ ਮਹੀਨੇ ਦੇ ਹੋਏ ਤਾਂ ਬੈਠਣ ਲੱਗੇ ਅਤੇ ਨੌਂ-ਦਸ ਮਹੀਨੇ ਦੇ ਹੋਣ ਉਪਰੰਤ ਤਲਵੰਡੀ ਦੀ ਭਾਗਾਂ ਭਰੀ ਧਰਤ 'ਤੇ ਰਿੜ੍ਹਨ ਲੱਗੇ। ਇਹੋ ਉਹ ਸੁਭਾਗੀ ਧਰਤ ਹੈ, ਜਿੱਥੇ ਸੁੰਦਰ ਛਵੀ ਵਾਲੇ, ਚੰਦ੍ਰ ਮੁੱਖ, ਦੁਨੀਆਂ ਦਾ ਨੇਰ੍ਹ ਮੇਟਣ ਵਾਲੇ ਬਾਲਾ ਪ੍ਰੀਤਮ (ਸ੍ਰੀ ਗੁਰੂ ਨਾਨਕ ਸਾਹਿਬ ਜੀ), ਆਕਾਸ਼-ਪਾਤਾਲ ਨਾਪਣ ਵਾਲੇ ਚੋਜੀ ਗੁਰੂ ਨੇ ਪਹਿਲਾ ਕਦਮ ਰੱਖ ਕੇ ਧਰਤ ਨੂੰ ਤ੍ਰਿਪਤ ਕੀਤਾ ਅਤੇ ਪਹਿਲੀ ਪੁਲਾਂਘ ਪੁੱਟੀ। ਤਲਵੰਡੀ ਦੇ ਨਰ-ਨਾਰੀ ਗੁਰੂ ਜੀ ਦੀਆਂ ਅਰਥ ਭਰਪੂਰ ਗੱਲਾਂ ਸੁਣ ਸਰਸ਼ਾਰ ਹੁੰਦੇ, ਤੇ ਹੈਰਾਨ ਵੀ ਹੁੰਦੇ।[5] ਮਾਂ ਤ੍ਰਿਪਤਾ ਜੀ ਜੋ ਬਾਲ ਦਾ ਮੁੱਖ ਵੇਖ ਤ੍ਰਿਪਤ ਹੋ ਗਈ ਸੀ; ਕਦੇ ਪੁੱਤਰ ਦੇ ਸੋਹਣੇ ਮੁੱਖ ਤੋਂ, ਕਦੀ ਉਸ ਦੇ ਚੋਜਾਂ ਤੋਂ ਕਦੀ ਬੋਲਾਂ ਤੋਂ ਵਾਰੇ ਜਾਂਦੀ। ਸ੍ਰੀ ਗੁਰੂ ਨਾਨਕ ਸਾਹਿਬ ਜੀ ਜੋ ਕੁੱਲ ਲੁਕਾਈ ਤਾਰਨ, ਅਗਿਆਨਤਾ ਨੂੰ ਦੂਰ ਕਰ ਸੱਚੀ ਜੀਵਨ ਜਾਂਚ ਰਾਹੀਂ ਮਾਰਗ ਦਰਸਾਉਣ ਆਏ ਸਨ, ਉਨ੍ਹਾਂ ਆਪਣੇ ਬਚਪਨ ਤੋਂ ਹੀ ਆਮ ਜੀਵਨ ਜਾਂਚ ਰਾਹੀਂ ਆਦਰਸ਼ ਮਾਰਗ ਦਰਸਾਉਣ ਦਾ ਕਾਰਜ ਪ੍ਰਾਰੰਭ ਕਰ ਦਿੱਤਾ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਆਗਮਨ ਨੂੰ ਮੁੱਖ ਰੱਖਦਿਆਂ 'ਤਲਵੰਡੀ' ਦਾ ਨਾਮ 'ਨਾਨਕਆਣਾ' ਅਤੇ ਬੋਲੀ ਅਨੁਸਾਰ ਚੱਲਦਾ 'ਨਾਨਕਾਣਾ' ਤੋਂ 'ਨਨਕਾਣਾ' ਪੈ ਗਿਆ। ਇਹ ਅਸਥਾਨ ਪਾਕਿਸਤਾਨ ਦੇ ਜ਼ਿਲ੍ਹਾ ਸ਼ੇਖੂਪੁਰਾ ਵਿਚ ਪੈਂਦਾ ਸੀ। ਸੰਨ 2016 ਤੋਂ ਨਨਕਾਣਾ ਸਾਹਿਬ ਨੂੰ ਜ਼ਿਲ੍ਹਾ ਬਣਾ ਦਿੱਤਾ ਗਿਆ। 'ਨਨਕਾਣਾ ਸਾਹਿਬ' ਦੇ ਜ਼ੱਰੇ ਜ਼ੱਰੇ ਨੂੰ ਗੁਰੂ ਸਾਹਿਬ ਦੀ ਛੋਹ ਪ੍ਰਾਪਤ ਹੋਣ ਨਾਤੇ ਇੱਥੋਂ ਦੀ ਧਰਤ ਦੇਸ਼-ਵਿਦੇਸ਼ ਵੱਸਦੀ ਨਾਨਕ ਨਾਮ-ਲੇਵਾ ਸੰਗਤ ਲਈ ਸਤਿਕਾਰਤ ਹੈ। ਗੁਰੂ ਜੀ ਦੇ ਬਚਪਨ ਨਾਲ ਸੰਬੰਧਿਤ ਕਈ ਇਤਿਹਾਸਕ ਯਾਦਗਾਰਾਂ ਅਤੇ ਗੁਰਦੁਆਰਾ ਸਾਹਿਬ ਇੱਥੇ ਸੁਸ਼ੋਭਿਤ ਹਨ, ਜਿੱਥੇ ਗੁਰੂ ਜੀ ਦਾ ਜਨਮ ਹੋਇਆ, ਜਿੱਥੇ ਬਾਲ ਸਾਥੀਆਂ ਸੰਗ ਖੇਡਦੇ ਹੋਏ ਵੱਡੇ ਚੋਜ ਕੀਤੇ, ਮੱਝੀਆਂ ਚਾਰੀਆਂ ਆਦਿ। ਪਿਤਾ ਮਹਿਤਾ ਕਾਲੂ ਜੀ ਦੇ ਘਰ ਵਿਖੇ ਜਿਸ ਥਾਂ ਗੁਰੂ ਜੀ ਦਾ ਜਨਮ ਹੋਇਆ, ਉਸ ਥਾਂ 'ਗੁਰਦੁਆਰਾ ਜਨਮ ਅਸਥਾਨ' ਸੁਸ਼ੋਭਿਤ ਹੈ। ਰਵਾਇਤ ਅਨੁਸਾਰ ਮੰਨਿਆਂ ਜਾਂਦਾ ਹੈ ਕਿ ਗੁਰੂ ਸਾਹਿਬ ਦੇ ਇੱਥੋਂ ਜਾਣ ਬਾਅਦ ਤਲਵੰਡੀ ਉੱਜੜ ਗਈ ਸੀ ਅਤੇ ਇੱਥੋਂ ਦੇ ਭੱਟੀ ਇੱਥੋਂ ਪੰਜ-ਛੇ ਮੀਲ ਪੈਂਦੇ ਪਿੰਡ ਠਟਾ ਈਸਾ ਜਾ ਵਸੇ ਸਨ। ਗੁਰਦੁਆਰਾ ਜਨਮ ਅਸਥਾਨ ਅਤੇ ਨਨਕਾਣਾ ਸਾਹਿਬ ਵਿਖੇ ਮੌਜੂਦ ਹੋਰ ਗੁਰਦੁਆਰਿਆਂ ਦੀ ਨਿਸ਼ਾਨਦੇਹੀ ਸ੍ਰੀ ਗੁਰੂ ਹਰਗੋਬਿੰਦ ਜੀ ਨੇ ਕੀਤੀ। ਬਾਅਦ ਵਿਚ ਗੁਰੂ ਨਾਨਕ ਸਾਹਿਬ ਜੀ ਦੇ ਸਪੁੱਤਰ ਬਾਬਾ ਲਖਮੀ ਚੰਦ ਜੀ ਦੇ ਸਪੁੱਤਰ ਬਾਬਾ ਧਰਮ ਚੰਦ ਜੀ ਨੇ ਗੁਰੂ ਜੀ ਦੇ ਜਨਮ-ਅਸਥਾਨ ਵਿਖੇ ਕੋਠਾ ਬਣਾਇਆ ਅਤੇ ਇਸ ਨੂੰ 'ਕੋਠਾ ਸਾਹਿਬ' ਨਾਮ ਦਿੱਤਾ। ਬਾਬਾ ਧਰਮ ਚੰਦ ਦੇ ਸਪੁੱਤਰ ਬਾਬਾ ਮਿਹਰ ਚੰਦ ਅਤੇ ਉਨ੍ਹਾਂ ਦੇ ਪੁੱਤਰ ਬਾਬਾ ਨਿਧਾਨ ਚੰਦ ਕਦੀ-ਕਦਾਈਂ ਇਸ ਅਸਥਾਨ 'ਤੇ ਆਉਂਦੇ ਰਹਿੰਦੇ ਸਨ। ਬਾਬਾ ਸਾਹਿਬ ਸਿੰਘ ਬੇਦੀ ਅਤੇ ਅਕਾਲੀ ਫੂਲਾ ਸਿੰਘ ਦੇ ਉੱਦਮ ਸਦਕਾ ਮਹਾਰਾਜਾ ਰਣਜੀਤ ਸਿੰਘ ਨੇ ਗੁਰਦੁਆਰਾ ਸਾਹਿਬ ਦੀ ਇਮਾਰਤ ਬਣਵਾ ਕੇ ਇਕ ਬਾਉਲੀ ਤਿਆਰ ਕਰਵਾਈ। ਗੁਰਦੁਆਰਾ ਸਾਹਿਬ ਦੇ ਨਾਮ ਜ਼ਮੀਨ ਸੰਬੰਧੀ ਦੋ ਮਨੌਤਾਂ ਚਲ ਰਹੀਆਂ ਹਨ।

---

[4] ਵੀਰ ਸਿੰਘ, ਭਾਈ, *ਸ੍ਰੀ ਗੁਰੂ ਨਾਨਕ ਚਮਤਕਾਰ,* ਭਾਈ ਵੀਰ ਸਿੰਘ ਸਾਹਿਤ ਸਦਨ, ਦਿੱਲੀ, 2012, ਪੰਨਾ 31

[5] ਜਬ ਬਾਬਾ ਬਰਸਾ ਪੰਜਾ ਕਾ ਹੋਇਆ ਤਾਂ ਲਗਾ ਬਾਤਾ ਅਗਮ ਨਿਗਮ ਕੀਆਂ ਕਰਣ॥
ਸੈਦੋ ਜੱਟ, *ਸਾਖੀ ਬਾਬੇ ਨਾਨਕ ਜੀ ਕੀ (ਪੁਰਾਤਨ ਜਨਮ ਸਾਖੀ),* ਸ.ਸ. ਪਦਮ (ਸੰਪਾ.), ਸਿੰਘ ਬ੍ਰਦਰਜ਼, ਅੰਮ੍ਰਿਤਸਰ, 2018, ਪੰਨਾ 95

ਇਕ ਇਹ ਕਿ ਗੁਰਦੁਆਰਾ ਸਾਹਿਬ ਨਾਮ ਜੋ ਜ਼ਮੀਨ ਹੈ। ਉਹ ਮਹਾਰਜਾ ਰਣਜੀਤ ਸਿੰਘ ਨੇ ਲਵਾਈ, ਦੂਜੀ ਮਨੌਤ ਅਨੁਸਾਰ ਇਹ ਜ਼ਮੀਨ ਰਾਇ ਬੁਲਾਰ ਭੱਟੀ ਨੇ ਲਵਾਈ। ਇਤਿਹਾਸਕਾਰਾਂ ਅਨੁਸਾਰ, "ਪਹਿਲੇ ਤਿੰਨੇ ਬੇਦੀ ਸਾਹਿਬਜ਼ਾਦੇ ਪਿੰਡ ਸੰਤਪੁਰੇ ਹੀ ਰਹਿੰਦੇ ਸਨ, ਪਰ ਮਹਾਰਾਜਾ ਰਣਜੀਤ ਸਿੰਘ ਜੀ ਦੇ ਸਮੇਂ ਇੱਥੋਂ ਦੀ ਸੇਵਾ ਆਰੰਭ ਹੋਈ, ਉਨ੍ਹਾਂ ਲੱਖਾਂ ਰੁਪਏ ਗੁਰਦੁਆਰਾ ਬਣਾਉਣ ਲਈ ਦਿੱਤੇ ਜੋ ਵਿਚਲੇ ਕਾਰਿੰਦੇ ਖਾ ਗਏ। ਜੋ ਨਨਕਾਣਾ ਸਾਹਿਬ ਦੇ ਆਲੇ-ਦੁਆਲੇ 17539 ਘੁਮਾ ਜ਼ਮੀਨ ਹੈ, ਇਹ ਬਾਬਾ ਸਾਹਿਬ ਸਿੰਘ ਜੀ ਬੇਦੀ ਨੇ ਘੋੜਾ ਫੇਰ ਕੇ ਇਹ ਜ਼ਮੀਨ ਵਲੀ ਸੀ ਜੋ ਗੁਰਦੁਆਰੇ ਦੇ ਅੱਜਕਲ੍ਹ ਨਾਲ ਹੈ। ਕਿਸੇ ਭੱਟੀ ਆਦਿ ਨੇ ਇਹ ਜ਼ਮੀਨ ਨਹੀਂ ਦਿੱਤੀ ਹੈ।"[6] ਇਸ ਤੋਂ ਇਲਾਵਾ ਮਹਾਰਾਜਾ ਦਲੀਪ ਸਿੰਘ ਦੇ ਮੁਨਸ਼ੀ ਮੋਹਰਵਾਲਾ ਲਾਲਾ ਰਾਮਚੰਦ ਅਕਾਲਗੜ੍ਹੀਆ ਨੇ ਦਰਸ਼ਨੀ ਡਿਉਡੀ ਦੀ 100 ਕਰਮਾਂ ਦੀ ਵਿੱਥ 'ਤੇ ਇਕ ਸਰੋਵਰ ਵੀ ਬਣਵਾਇਆ। 1944 ਈ. ਵਿਚ ਸਰੋਵਰ ਦੇ ਪੌੜਾਂ ਦੀ ਸੇਵਾ ਨਵੇਂ ਸਿਰੇ ਤੋਂ ਬਾਬਾ ਗੁਰਮੁਖ ਸਿੰਘ ਹੋਰਾਂ ਨੇ ਕਰਵਾਈ। ਖਾਲਸਾ ਰਾਜ ਸਮੇਂ ਇਸ ਪਾਵਨ ਅਸਥਾਨ ਦੀ ਸੇਵਾ ਸੰਭਾਲ ਲਈ ਸ਼ੇਰ-ਏ-ਪੰਜਾਬ ਤੋਂ ਇਲਾਵਾ ਹੋਰ ਸਿੱਖ ਸਰਦਾਰਾਂ, ਸ਼ਰਧਾਲੂਆਂ ਅਤੇ ਸੰਗਤ ਵੱਲੋਂ ਬੇਅੰਤ ਪਿੰਡ ਤੇ ਜਾਇਦਾਦ ਗੁਰਦੁਆਰਾ ਸਾਹਿਬ ਦੇ ਨਾਮ ਪੁਰ ਅਰਦਾਸ ਕਰਵਾਈ ਗਈ।

ਬਾਬਾ ਨਿਧਾਨ ਚੰਦ ਜੀ ਦੇ ਪੁੱਤਰ ਬਾਬਾ ਲਾਜਪਤ ਨੇ ਹਨੂੰਮਾਨ ਨਾਮਕ ਸਾਧੂ ਨੂੰ ਇੱਥੇ ਪੱਕੇ ਤੌਰ 'ਤੇ ਸੇਵਾ ਸੰਭਾਲ ਲਈ (ਸੰਮਤ 1745 ਵਿਚ) 'ਕੋਠਾ ਸਾਹਿਬ' ਵਿਖੇ ਬਿਠਾ ਦਿਤਾ। ਜਬਲਪੁਰ, ਜ਼ਿਲ੍ਹਾ ਗੁਜਰਾਤ ਦੇ ਵਸਨੀਕ ਦੁਨੀਚੰਦ 'ਤੇ ਭਾਈ ਲੱਖਾ ਸਿੰਘ ਜੀ ਨਿਰਮਲੇ ਵੀ ਹਨੂੰਮਾਨ ਜੀ ਨੂੰ ਸਹਿਯੋਗ ਦੇਣ ਲਈ ਬਾਅਦ ਵਿਚ ਨਿਯੁਕਤ ਕੀਤੇ ਗਏ। ਇਨ੍ਹਾਂ ਦੀ ਰਿਹਾਇਸ਼ ਲਈ ਗੁਰਦੁਆਰਾ ਬਾਲ ਲੀਲ੍ਹਾ ਨਜ਼ਦੀਕ ਆਬਾਦੀ ਬਣਾਈ ਗਈ। ਹਨੂੰਮਾਨ ਦਾ ਚੇਲਾ ਟੂਟੀ ਰਾਮ, ਫਿਰ ਗਰੀਬ ਦਾਸ, ਉਸਦੇ ਚੇਲਾ ਹਰੀ ਰਾਮ ਤੋਂ ਬਾਅਦ ਬਾਘਾ ਰਾਇ, ਗੁਲਾਬ ਦਾਸ (ਸੰਮਤ 1919) ਬਾਅਦ ਫਿਰ ਝੰਡਾ ਦਾਸ (ਸੰਮਤ 1939), ਸਾਧੂ ਰਾਮ (ਸੰਮਤ 1962), ਕਿਸ਼ਨ ਦਾਸ ਤੋਂ ਬਾਅਦ ਇਹ ਮਹੰਤੀ ਉਸਦੇ ਚੇਲੇ ਨਰਾਇਣ ਦਾਸ ਕੋਲ ਆ ਗਈ। ਗੁਰਦੁਆਰਿਆਂ ਦੇ ਸੇਵਾਦਾਰ ਤਕਰੀਬਨ ਸੰਮਤ 1890 ਤੱਕ ਇਕ ਸਥਾਨ 'ਤੇ ਹੀ ਰਹੇ, ਪਰ ਗੁਜ਼ਾਰਾ ਠੀਕ ਨਾ ਚੱਲਦਾ ਵੇਖ ਗੁਰਦੁਆਰਾ ਬਾਲ ਲੀਲ੍ਹਾ 'ਤੇ ਮਹੰਤ ਭਾਈ ਨੱਥਾ ਸਿੰਘ (ਨਿਰਮਲੇ) ਇਸੇ ਅਬਾਦੀ ਵਿਖੇ ਕਾਬਜ਼ ਹੋ ਗਏ ਅਤੇ ਭਾਈ ਰਾਮ ਦਾਸ ਨੇ 'ਗੁਰਦੁਆਰਾ ਮਾਲ ਜੀਓ' ਨਜ਼ਦੀਕ ਵੱਖਰੀ ਆਬਾਦੀ ਬਣਾ ਕਬਜ਼ਾ ਕਰ ਲਿਆ। ਕੋਠਾ ਸਾਹਿਬ ਵਾਲੇ ਮਹੰਤਾਂ ਆਪਣਾ ਸਥਾਨ 'ਕੋਠਾ ਸਾਹਿਬ' ਨਜ਼ਦੀਕ ਹੀ ਰੱਖਿਆ। ਇੱਥੋਂ ਦਾ ਪੂਰਨ ਪ੍ਰਬੰਧ ਇਨ੍ਹਾਂ ਉਦਾਸੀਆਂ ਪਾਸ ਰਿਹਾ। ਮਹੰਤ ਸਾਧੂ ਰਾਮ ਜੋ ਆਪਣੇ ਕੁਕਰਮਾਂ ਕਾਰਨ ਖ਼ਤਰਨਾਕ ਰੋਗ ਕਾਰਨ ਚਲਾਣਾ ਕਰ ਗਿਆ, ਉਸ ਤੋਂ ਬਾਅਦ ਮਹੰਤ ਕਿਸ਼ਨ ਦਾਸ ਵੀ ਆਪਣੇ ਇਖ਼ਲਾਕ ਤੋਂ ਡਿੱਗ ਗਿਆ ਸੀ। ਸ਼ਰਾਬ ਪੀਣ ਅਤੇ ਵਿਭਚਾਰ ਕਰਨ ਤੋਂ ਇਲਾਵਾ ਸੰਗਤ ਨੂੰ ਦਰਸ਼ਨ, ਬੰਦਗੀ ਅਤੇ ਪ੍ਰਚਾਰ ਤੋਂ ਵੀ ਰੋਕਣ ਲੱਗਾ। ਸਭ ਤੋਂ ਵੱਡੀ ਅਣਹੋਣੀ ਇਹ ਹੋਈ ਕਿ ਉਸ ਨੇ ਗੁਰਦੁਆਰਾ ਜਨਮ ਅਸਥਾਨ ਅੰਦਰ ਨਾਚ ਕਰਵਾਇਆ ਅਤੇ ਸ਼ਰਾਬ ਚਲਾਈ। ਆਪਣੇ ਕੀਤੇ ਕੁਕਰਮਾਂ ਉਪਰੰਤ ਇਹ ਵੀ ਬੀਮਾਰ ਪੈ ਗਿਆ ਅਤੇ ਜਦੋਂ ਮਰਨ ਕਿਨਾਰੇ ਸੀ ਤਦ ਇਸ ਦੇ ਚੇਲੇ ਨਰਾਇਣ ਦਾਸ ਨੇ ਇਸ ਦੀ ਜੇਬ ਵਿਚੋਂ ਚਾਬੀਆਂ ਕੱਢ ਲਈਆਂ ਅਤੇ ਗੁਰਦੁਆਰਾ ਜਨਮ ਅਸਥਾਨ ਨਨਕਾਣਾ ਸਾਹਿਬ ਦਾ ਮਹੰਤ ਬਣ ਗਿਆ। ਇਸ ਨੇ ਲੱਛਮੀ ਨਾਮਕ ਮਰਾਸਣ ਨੂੰ ਵਿਆਹ ਤੋਂ ਬਿਨਾ ਹੀ ਨਾਲ ਰੱਖਿਆ ਅਤੇ ਗੁਰਦੁਆਰਾ ਸਾਹਿਬ ਵਿਖੇ ਨਾਚ ਕਰਵਾਉਣ ਲੱਗਾ। ਇਸ ਨੇ ਪਹਿਲੇ

[6] ਧੰਨਾ ਸਿੰਘ ਚਹਿਲ, *ਗੁਰ ਤੀਰਥ ਸਾਈਕਲ ਯਾਤਰਾ*, ਚੇਤਨ ਸਿੰਘ (ਸੰਪਾ.), ਯੂਰਪੀਅਨ ਪੰਜਾਬੀ ਸੱਥ, ਯੂ.ਕੇ., 2016, ਪੰਨਾ 697.

ਮਹੰਤਾ ਨੂੰ ਵੀ ਕੁਕਰਮਾਂ ਵਜੋਂ ਪਛਾੜ ਦਿਤਾ ਅਤੇ ਗੁਰਦੁਆਰਾ ਸਾਹਿਬ ਨੂੰ ਆਪਣੀ ਨਿਜੀ ਮਲਕੀਅਤ ਸਮਝਣ ਲੱਗਾ। ਗੁਰਦੁਆਰੇ ਦੀਆਂ ਕੰਧਾਂ ਉਚੀਆਂ ਕਰ ਕੇ ਉਪਰ ਕੱਚ ਲਵਾ ਦਿੱਤਾ, ਦਰਸ਼ਨੀ ਡਿਉਢੀ ਦੇ ਬੂਹੇ ਮਜ਼ਬੂਤ ਲੋਹੇ ਦੇ ਬਣਾ ਕੇ ਵਿਚ ਮੋਰੀਆਂ ਰੱਖ ਲਈਆਂ। ਗੁਰਦੁਆਰਾ ਸੁਧਾਰ ਲਹਿਰ ਦੌਰਾਨ ਸਿੱਖਾਂ ਨੇ ਗੁਰਦੁਆਰਿਆਂ ਨੂੰ ਮਹੰਤਾਂ ਦੇ ਕਬਜੇ ਚੋਂ ਮੁਕਤ ਕਰਾਉਣ ਲਈ ਸਿਰ ਧੜ ਦੀ ਬਾਜ਼ੀ ਲਾਈ, ਇਸੇ ਸਮੇਂ ਦੌਰਾਨ ਹੀ 20 ਫਰਵਰੀ 1921 ਨੂੰ ਸ੍ਰੀ ਨਨਕਾਣਾ ਸਾਹਿਬ ਵਿਖੇ ਸ਼ਹੀਦੀ ਸਾਕਾ ਵਾਪਰਿਆ, ਜਿਸ ਵਿਚ ਤਕਰੀਬਨ 100-150 ਸਿੰਘਾਂ ਨੂੰ ਮਹੰਤ ਨੇ ਗੁੰਡਿਆਂ ਦੀ ਮਦਦ ਨਾਲ ਸ਼ਹੀਦ ਕੀਤਾ। ਗੁਰਦੁਆਰਾ ਜਨਮ ਅਸਥਾਨ ਸਾਹਿਬ ਦੀ ਸੱਜੀ ਬਾਹੀ ਵੱਲ 10-12 ਕਰਮ ’ਤੇ ਇਤਿਹਾਸਕ ਜੰਡ ਅੱਜ ਵੀ ਉਸ ਸਾਕੇ ਦੀ ਗਵਾਹੀ ਭਰਦਾ ਹੈ, ਜਿਸ ਨਾਲ ਮਹੰਤ ਨਰੈਣੂ ਨੇ ਭਾਈ ਲਛਮਣ ਸਿੰਘ ’ਤੇ ਹੋਰ ਸਿੱਖਾਂ ਨੂੰ ਬੰਨ੍ਹ ਕੇ ਲੂਹਿਆ ਅਤੇ ਸ਼ਹੀਦ ਕੀਤਾ, ਨਜ਼ਦੀਕ ਹੀ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਸ਼ਹੀਦ ਗੰਜ ਵੀ ਬਣਾਇਆ ਗਿਆ ਹੈ। ਦਰਸ਼ਨੀ ਡਿਉਢੀ ਤੋਂ ਬਾਹਰਵਾਰ ਭਾਈ ਦਲੀਪ ਸਿੰਘ ਦਾ ਸ਼ਹੀਦ ਗੰਜ ਹੈ, ਜੋ ਕਿ ਸੇਵਾ ਸੰਭਾਲ ਪੱਖੋਂ ਹਾਲੇ ਵੀ ਸੱਖਣਾ ਹੈ। ਗੁਰਦੁਆਰਾ ਸਾਹਿਬ ਦੀ ਦਰਸ਼ਨੀ ਡਿਉਢੀ ਤੋਂ ਜਦੋਂ ਅੰਦਰ ਦਾਖ਼ਿਲ ਹੁੰਦੇ ਹਾਂ ਖੱਬੇ ਹੱਥ ਪੁਰਾਤਨ ਖੂਹ ਮੌਜੂਦ ਹੈ, ਜਿਸ ਨੂੰ ‘ਬੇਬੇ ਨਾਨਕੀ ਦਾ ਖੂਹ’ ਕਿਹਾ ਜਾਂਦਾ ਹੈ, ਅੱਗੇ ਬਾਰਾਂਦਰੀ ਅੰਦਰ ‘ਗੁਰਦੁਆਰਾ ਜਨਮ ਅਸਥਾਨ’ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਰੋਜ਼ਾਨਾ ਪ੍ਰਕਾਸ਼ ਕੀਤਾ ਜਾਂਦਾ ਹੈ, ਸਵੇਰੇ ਸ਼ਾਮ ਦੀਵਾਨ ਸੱਜਦੇ ਹਨ ਅਤੇ ਨਨਕਾਣਾ ਸਾਹਿਬ ਦੀ ਸੰਗਤ ਵੱਡੀ ਗਿਣਤੀ ਵਿਚ ਹਾਜ਼ਰੀ ਭਰਦੀ ਹੈ। ਸ. ਤਾਰਾ ਸਿੰਘ ਇਸ ਸਮੇਂ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਹਨ। ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਨਾਨਕ ਨਾਮ ਲੇਵਾ ਸੰਗਤ ਅਤੇ ਪਾਕਿਸਤਾਨ ਔਕਾਫ਼ ਬੋਰਡ ਦੇ ਸਹਿਯੋਗ ਨਾਲ ਸੰਗਤ ਦੀ ਰਿਹਾਇਸ਼ ਲਈ ਗੁਰਦੁਆਰਾ ਸਾਹਿਬ ਵਿਖੇ ਪੁਖ਼ਤਾ ਪ੍ਰਬੰਧ ਕੀਤੇ ਹੋਏ ਹਨ। ਸ੍ਰੀ ਨਨਕਾਣਾ ਸਾਹਿਬ ਵਿਖੇ ਇਸ ਸਮੇਂ ਸਿੱਖਾਂ ਦੇ ਲਗਪਗ 275 ਪਰਿਵਾਰ ਹਨ ਅਤੇ ਸਿੱਖਾਂ ਦੀ ਗਿਣਤੀ ਤਕਰੀਬਨ ਦੋ-ਢਾਈ ਹਜ਼ਾਰ ਹੈ। ਸ੍ਰੀ ਨਨਕਾਣਾ ਸਾਹਿਬ ਦੇ ਸਾਕੇ ਬਾਅਦ ਇਸ ਅਸਥਾਨ ਦੀ ਸੇਵਾ ਪੰਥ ਕੋਲ ਆ ਗਈ ਸੀ, ਪਰ 1947 ਦੀ ਵੰਡ ਤੋਂ ਬਾਅਦ ਪਾਕਿਸਤਾਨ ਵਿਖੇ ਸਥਿਤ ਗੁਰਦੁਆਰਿਆਂ ਦਾ ਪ੍ਰਬੰਧ ਪਾਕਿਸਤਾਨ ਔਕਾਫ਼ ਬੋਰਡ ਅਤੇ ਉਥੋਂ ਦੀ ਸਥਾਨਕ ਗੁਰਦੁਆਰਾ ਪ੍ਰਬੰਧਕ ਕਮੇਟੀ ਰਾਹੀਂ ਚਲਾਇਆ ਜਾਂਦਾ ਹੈ। ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਸਾਹਿਬ ਨਾਲ ਸੰਬੰਧਿਤ ਹੋਰ ਵੀ ਅਸਥਾਨ ਹਨ, ਜਿਨ੍ਹਾਂ ਨੇ ਗੁਰੂ ਸਾਹਿਬ ਦੀ ਅਧਿਆਤਮਕ ਜ਼ਿੰਦਗੀ ਦੇ ਪਲਾਂ ਨੂੰ ਸਾਂਭਿਆ ਹੋਇਆ ਹੈ।

4-5 ਸਾਲ ਦੀ ਉਮਰ ਵਿਚ ਜਦੋਂ ਗੁਰੂ ਜੀ ਬਾਲਕਾਂ ਸੰਗ ਖੇਡਣ ਲਗੇ ਤਾਂ ਗੁਰੂ ਸਾਹਿਬ ਦੇ ਚੋਜਾਂ ਨੂੰ ਵੇਖ ਪਿੰਡ ਦੇ ਵਸਨੀਕ ਵੀ ਪ੍ਰਭਾਵਿਤ ਹੋਣ ਲੱਗੇ। ਗੁਰੂ ਜੀ ਜੋ ਬਸ ਦੇਣਾ ਹੀ ਜਾਣਦੇ ਹਨ, ਬਚਪਨ ਵਿਚ ਜੋ ਵੀ ਉਹਨਾਂ ਕੋਲ ਆਇਆ ਖਾਲੀ ਨਾ ਗਿਆ। ‘ਗੁਰਦੁਆਰਾ ਜਨਮ-ਅਸਥਾਨ’ ਤੋਂ ਦੱਖਣ ਪੂਰਬ ਵਲ 300 ਮੀਟਰ ’ਤੇ **‘ਗੁਰਦੁਆਰਾ ਬਾਲ-ਲੀਲ੍ਹਾ’** ਸੁਸ਼ੋਭਿਤ ਹੈ ਜੋ ਕਿ ਗੁਰੂ ਸਾਹਿਬ ਦੇ ਬਾਲਪਨੇ ਦੀਆਂ ਲੀਲਾਵਾਂ ਨਾਲ ਸੰਬੰਧਿਤ ਹੈ। ਇਸ ਅਸਥਾਨ ’ਤੇ ਪਹਿਲਾਂ ਕੱਚਾ ਛੱਪੜ ਸੀ, ਜਿਥੇ ਗੁਰੂ ਜੀ ਆਪਣੇ ਬਾਲ ਸਾਥੀਆਂ ਸੰਗ ਕਦੀ ਖੇਡਦੇ ਅਤੇ ਰੱਬੀ ਸਿਫ਼ਤ ਦੀਆਂ ਬਾਤਾਂ ਪਾਉਂਦੇ। ਰਾਏ ਬੁਲਾਰ ਨੇ ਇਹ ਸਥਾਨ ਗੁਰੂ ਸਾਹਿਬ ਦੇ ਬਚਪਨ ਨਾਲ ਸੰਬੰਧਿਤ ਹੋਣ ਕਾਰਨ ਇੱਥੇ ਤਾਲ ਬਣਵਾਇਆ, ਦੀਵਾਨ ਕੌੜਾ ਮੱਲ ਨੇ ਇਸ ਤਾਲ ਨੂੰ ਵੱਡਾ ਕਰਾਕੇ ਇਕ ਇਮਾਰਤ ਵੀ ਬਣਵਾਈ, ਜਿਸ ਦਾ ਨਾਮ ‘ਬਾਲ ਕ੍ਰੀਰਾ’ ਰੱਖਿਆ। ਬਾਅਦ ਵਿਚ ਇਸ ਤਾਲ ਨੂੰ ਬਾਬਾ ਗੁਰਬਖ਼ਸ਼ ਸਿੰਘ ਨੇ ਮਹਾਰਾਜਾ ਰਣਜੀਤ ਸਿੰਘ ਦੀ ਆਗਿਆ ਨਾਲ ਪੱਕਾ ਕਰਵਾਇਆ ਅਤੇ ਗੁਰਦੁਆਰਾ ਸਾਹਿਬ ਦੀ ਚਾਰ ਦੀਵਾਰੀ ਸੰਤ ਗੁਰਮੁਖ ਸਿੰਘ

ਪਟਿਆਲੇ ਵਾਲਿਆਂ ਨੇ ਕਰਾਈ। ਮੌਜੂਦਾ ਸਮੇਂ ਇਸ ਸਰੋਵਰ ਵਿਚ ਜਲ ਨਹੀਂ ਹੈ, ਇਸ ਸੁੱਕੇ ਤਾਲ ਦੇ ਨਜ਼ਦੀਕ ਹੀ ਗੁਰਦੁਆਰਾ ਸਾਹਿਬ ਦੀ ਨਵੀਂ ਇਮਾਰਤ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਪ੍ਰਕਾਸ਼ ਕੀਤਾ ਗਿਆ ਹੈ।

ਗੁਰਦੁਆਰਾ ਬਾਲ ਲੀਲ੍ਹਾ ਦੇ ਕਰੀਬ ਹੀ **'ਗੁਰਦੁਆਰਾ ਪੱਟੀ ਸਾਹਿਬ'** ਮੌਜੂਦ ਹੈ, ਜਿਸ ਦਾ ਸੰਬੰਧ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੁਆਰਾ ਵਿੱਦਿਆ ਗ੍ਰਹਿਣ ਕਰਨ ਨਾਲ ਜੋੜਿਆ ਜਾਂਦਾ ਹੈ। ਜਨਮ-ਸਾਖੀ ਸਾਹਿਤ ਅਨੁਸਾਰ ਜਦੋਂ ਗੁਰੂ ਜੀ ਸੱਤ ਸਾਲ ਦੇ ਹੋਏ ਪਿਤਾ ਜੀ ਪਾਂਧੇ ਗੋਪਾਲ ਕੋਲ ਲੈ ਆਏ ਤੇ ਪਾਂਧੇ ਨੂੰ ਪੜਾਉਣ ਬਾਰੇ ਕਿਹਾ। ਜਦੋਂ ਪਾਂਧੇ ਨੇ ਗੁਰੂ ਜੀ ਦੀਆਂ ਗਲਾਂ ਸੁਣੀਆਂ ਤਾ ਉਸ ਕਿਹਾ ਇਹ ਇਸ ਤਰ੍ਹਾਂ ਜਾਪਦੈ ਜਿਵੇਂ ਪਹਲਿਾਂ ਹੀ ਪੜ੍ਹਿਆ ਹੋਵੇ। ਗੁਰੂ ਜੀ ਪਾਂਧੇ ਕੋਲ ਕਦੇ ਕਦੇ ਸਮਾਧੀ ਲੀਨ ਹੋ ਜਾਂਦੇ 'ਤੇ ਸਾਰੇ ਬੱਚਿਆਂ ਤੋਂ 'ਧੰਨ ਨਿਰੰਕਾਰ' ਜਪਾਉਂਦੇ ਹਨ, ਕਦੀ ਉਹਨਾਂ ਦੁਆਲੇ ਪ੍ਰਕਾਸ਼ ਦਾ ਝਾਉਲਾ ਦਿਖਾਈ ਪੈਂਦਾ ਹੈ। ਸਾਖੀ ਸਾਹਿਤ ਅਨੁਸਾਰ ਮੰਨਿਆ ਜਾਂਦਾ ਹੈ ਕਿ ਗੁਰੂ ਸਾਹਿਬ ਨੇ ਛੇਤੀ ਹੀ ਅੱਖਰਾਂ ਦੀ ਪਛਾਣ ਕਰ ਲਈ ਅਤੇ 'ਪੱਟੀ ਬਾਣੀ' ਦੀ ਰਚਨਾ ਵੀ ਇਸੇ ਅਸਥਾਨ 'ਤੇ ਕੀਤੀ ਜੋ 'ਸ੍ਰੀ ਗੁਰੂ ਗ੍ਰੰਥ ਸਾਹਿਬ' ਵਿਚ ਦਰਜ ਹੈ। ਗੁਰੂ ਜੀ ਦੇ ਚੋਜ ਵੇਖ ਪਾਂਧਾ ਵੀ ਕਹਿ ਉੱਠਿਆ "ਹੇ ਸਨਾਤਨ ਤੋਂ ਸਨਾਤਨ ਪੁਰਖ! ਤੂੰ ਪੂਰਨ ਪੁਰਖ ਹੈਂ ਜੋ ਤੇਰੇ ਆਤਮੇ ਆਵੇ ਸੋ ਕਰ, ਮੇਰੀ ਵੀ ਕਲਯਾਨ ਚਿਤ ਰੱਖੇਂ, ਤੇਰੀ ਮਿਹਰਾਮਤ ਹੋਵੇ।"[7] ਗੁਰੂ ਜੀ ਦੁਆਰਾ ਪੱਟੀ ਬਾਣੀ ਦੀ ਰਚਨਾ ਸੰਬੰਧਿਤ ਮੰਨੇ ਜਾਂਦੇ ਇਸ ਅਸਥਾਨ 'ਤੇ ਅੱਜ ਵੀ 'ਗੁਰੂ ਨਾਨਕ ਸਕੂਲ' ਵਿਚ ਬੱਚਿਆਂ ਨੂੰ ਗੁਰਮੁਖੀ, ਗੁਰਬਾਣੀ ਅਤੇ ਸੰਗੀਤ ਦਾ ਗਿਆਨ ਦਿੱਤਾ ਜਾਂਦਾ ਹੈ। ਗੁਰਦੁਆਰਾ ਪੱਟੀ ਸਾਹਿਬ ਦੀ ਨਿਸ਼ਾਨਦੇਹੀ ਸੰਬੰਧੀ ਕੁਝ ਮੱਤਭੇਦ ਵੀ ਪਾਏ ਜਾਂਦੇ ਹਨ। ਪਾਂਧੇ ਤੋਂ ਬਾਅਦ ਗੁਰੂ ਜੀ ਨੂੰ ਪੰਡਿਤ ਬ੍ਰਿਜ ਲਾਲ ਕੋਲ ਸੰਸਕ੍ਰਿਤ ਪੜਨ ਲਈ ਅਤੇ ਮੌਲਵੀ ਕੋਲ ਅਰਬੀ, ਫ਼ਾਰਸੀ ਦੇ ਗਿਆਨ ਪ੍ਰਾਪਤੀ ਲਈ ਪਾਇਆ ਗਿਆ, ਗੁਰੂ ਜੀ ਨੇ ਮੌਲਵੀ ਨੂੰ ਸੀਹਰਫ਼ੀ ਪੜਨ ਲਈ ਦਿੱਤੀ ਅਤੇ ਰੱਬ ਦੀ ਸੱਚੀ ਬੰਦਗੀ ਤੋਂ ਜਾਣੂੰ ਕਰਾਇਆ; ਜਿਸ ਤੋਂ ਮੌਲਵੀ ਨੇ ਗੁਰੂ ਸਾਹਿਬ ਨੂੰ ਅੱਲਾਹ ਦੇ ਅਤੇ ਇਲਮ ਦੇ ਆਲਮ ਮੰਨਿਆ। ਇਹ ਅਸਥਾਨ 'ਗੁਰਦੁਆਰਾ ਮੌਲਵੀ ਪੱਟੀ' ਮਹਾਰਾਜਾ ਰਣਜੀਤ ਸਿੰਘ ਦੇ ਸਮੇਂ ਦੌਰਾਨ ਸਾਹਿਬ ਸਿੰਘ ਬੇਦੀ ਊਨੇ ਵਾਲਿਆ ਬਣਵਾਇਆ ਸੀ।

ਉਹ ਪਵਿੱਤਰ ਅਸਥਾਨ ਜਿਥੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਅਕਸਰ ਮੱਝੀਆਂ ਚਰਾਇਆ ਕਰਦੇ ਸਨ, ਉਸ ਅਸਥਾਨ ਵਿਖੇ **'ਗੁਰਦੁਆਰਾ ਕਿਆਰਾ ਸਾਹਿਬ'** ਸੁਸ਼ੋਭਿਤ ਹੈ। ਵਿਦਵਾਨਾਂ ਮੁਤਾਬਿਕ, "ਸੰਮਤ 1895 ਵਿਚ ਮਾਈ ਬੁੱਧਾਂ ਸੁਪਤਨੀ ਭਾਈ ਜਮੀਤ ਸਿੰਘ ਜੀ ਬੇਦੀ ਨੇ ਆਪਨੇ ਪਾਸੋਂ ਇਕ ਖੂਹ ਬਣਵਾਇਆ ਤੇ ਇਕ ਛੋਟਾ ਜੇਹਾ ਮੰਦ੍ਰ ਬਣਵਾ ਕੇ ਉਸ ਦਾ ਨਾਮ ਕਿਆਰਾ ਸਾਹਿਬ ਰੱਖਿਆ, ਭਾਈ ਕਾਹਨ ਸਿੰਘ ਜੀ ਨਿਰਮਲੇ ਸੰਤ ਇਸ ਅਸਥਾਨ ਦੀ ਸੇਵਾ ਸਪੁਰਦ ਕੀਤੀ।"[8] ਗੁਰਦੁਆਰਾ ਬਾਲ ਲੀਲ੍ਹਾ ਤੋ ਪੂਰਬ ਵੱਲ ਦੋ ਕਿਲੋਮੀਟਰ ਦੀ ਦੂਰੀ 'ਤੇ ਸਥਿਤ ਇਸ ਅਸਥਾਨ ਦੀ ਉਸਾਰੀ ਖਾਲਸਾ ਰਾਜ ਸਮੇਂ ਹੋਈ ਅਤੇ ਫਿਰ ਸੰਤ ਗੁਰਮੁਖ ਸਿੰਘ ਪਟਿਆਲੇ ਵਾਲਿਆਂ ਇਸ ਦੀ ਉਸਾਰੀ ਕਰਵਾਈ। ਇਸ ਗੁਰਦੁਆਰਾ ਸਾਹਿਬ ਵਿਖੇ ਕੁਝ ਸਮਾਂ ਪਹਿਲਾਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ।

---

[7] ਸ੍ਰੀ ਗੁਰ ਨਾਨਕ ਚਮਤਕਾਰ, ਓਹੀ, ਪੰਨਾ 37

[8] *ਗੁਰ ਤੀਰਥ ਸਾਈਕਲ ਯਾਤਰਾ*, ਪੰਨਾ 700.

ਗੁਰਦੁਆਰਾ ਜਨਮ ਅਸਥਾਨ ਤੋਂ ਡੇਢ ਕਿਲੋਮੀਟਰ ਦੀ ਦੂਰੀ ਤੇ ਗੁਰਦੁਆਰਾ ਮਾਲ ਜੀ ਸਾਹਿਬ ਸੁਸ਼ੋਭਿਤ ਹੈ, ਇਸ ਅਸਥਾਨ 'ਤੇ 'ਵਣ' ਦਾ ਦਰਖ਼ਤ ਅੱਜ ਵੀ ਮੌਜੂਦ ਹੈ, ਜਿਸ ਨੂੰ ਬਾਰ ਦੀ ਬੋਲੀ ਵਿਚ 'ਮਾਲ ਬ੍ਰਿਛ' ਵਜੋਂ ਵੀ ਜਾਣਿਆ ਜਾਂਦਾ ਹੈ। ਜਨਮ-ਸਾਖੀ ਸਾਹਿਤ ਅਨੁਸਾਰ ਜਦੋਂ ਗੁਰੂ ਜੀ ਇਸ ਬ੍ਰਿਛ ਹੇਠ ਬਿਰਾਜਮਾਨ ਸਨ ਇਸ ਵਣ ਦਾ ਪਰਛਾਵਾਂ ਢਲਿਆ ਨਹੀ, ਸਗੋਂ ਗੁਰੂ ਸਾਹਿਬ ਦੇ ਮੁੱਖ 'ਤੇ ਹੀ ਇਸ ਬ੍ਰਿਛ ਦੀ ਛਾਂ ਰਹੀ। ਇਸੇ ਅਸਥਾਨ 'ਤੇ ਹੀ ਗੁਰੂ ਜੀ ਦੇ ਮੁੱਖ 'ਤੇ ਇਕ ਫਨੀਅਰ ਸੱਪ ਨੇ ਆਪਣਾ ਫ਼ਨ ਫੈਲਾਅ ਕੇ ਗੁਰੂ ਜੀ ਦੇ ਮੁਖ 'ਤੇ ਛਾਂ ਕੀਤੀ [9] ਤਾਂ ਜੋ ਧੁੱਪ ਨਾ ਪਵੇ, ਇਹ ਵੇਖ ਰਾਇ ਬੁਲਾਰ ਵੀ ਹੈਰਾਨ ਹੋਇਆ, "ਜੋ ਫ਼ਨੀਅਰ ਸੱਪ ਦੀ ਐਤਨੀ ਨਿਕਟਤਾ ਵਿਚ ਜਿਉਂਦਾ ਰਿਹਾ ਹੈ, ਉਹ ਜ਼ਰੂਰ ਕਰਾਮਾਤੀ ਬੰਦਾ ਹੈ।"[10] ਰਾਇ ਬੁਲਾਰ ਸਭ ਤੋਂ ਪਹਿਲਾਂ ਗੁਰੂ ਜੀ ਦੀ ਅਜ਼ਮਤ ਤੋਂ ਜਾਣੂੰ ਹੋਇਆ ਤੇ ਸਮਝਿਆ ਕਿ ਇਹ ਕੋਈ ਵਲੀ ਪੁਰਖ ਹੈ। ਉਹਨਾਂ ਕਾਲੂ ਨੂੰ ਬੁਲਾਵਾ ਭੇਜਿਆ "ਅਰੁ ਆਖਿਓਸ, ਕਾਲੂ ਮਤੁ ਇਸੁ ਪੁਤ੍ਰ ਨੋ ਫਿਟੁ ਮਰੁ ਦੇਦਾ ਹੋਵੈ ਏਹੁ ਮਹਾਪੁਰਖੁ ਹੈ॥ ਇਸ ਦਾ ਸਦਕਾ ਮੇਰਾ ਸਹਰੁ ਵਸਦਾ ਹੈ। ਕਾਲੂ ਤੂੰ ਭੀ ਨਿਹਾਲੁ ਹੋਆ ਅਤੇ ਮੈਂ ਭੀ ਨਿਹਾਲੁ ਹਾਂ ਜਿਸ ਦੇ ਸਹਰ ਵਿਚਿ ਇਹੁ ਪੈਦਾ ਹੋਆ ਹੈ॥"[11] ਦੀਵਾਨ ਕੌੜਾ ਮੱਲ ਨੇ ਇਸ ਅਸਥਾਨ ਦੀ ਉਸਾਰੀ ਕਰਵਾਈ ਤੇ ਮਾਲ ਜੀ ਨਾਮ ਰੱਖਿਆ ਅਤੇ ਮਹਾਰਾਜਾ ਰਣਜੀਤ ਸਿੰਘ ਨੇ ਵੀ ਇਮਾਰਤ ਦੀ ਸੇਵਾ ਕਰਵਾਈ। ਅੱਜ ਇਸ ਅਸਥਾਨ 'ਤੇ '**ਗੁਰਦੁਆਰਾ ਮਾਲ ਜੀ ਸਾਹਿਬ**' ਸੁਭਾਇਮਾਨ ਹੈ, ਜਿੱਥੇ ਇਕ ਸਰੋਵਰ ਵੀ ਮੌਜੂਦ ਹੈ ਜੋ ਕਿ 1935 ਈ. ਵਿਚ ਬਣਵਾਇਆ ਗਿਆ, ਪਰ ਅੱਜ ਇਸ ਵਿਚ ਪਾਣੀ ਨਹੀਂ ਹੈ। ਇੱਥੇ ਪਿਛਲੇ ਕੁਝ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਇਆ ਹੈ।

ਸ੍ਰੀ ਗੁਰੂ ਨਾਨਕ ਸਾਹਿਬ ਜੀ ਪਿਤਾ ਕਾਲੂ ਜੀ ਤੋਂ ਵੀਹ ਰੁਪਏ ਲੈ ਕੇ ਜਦੋਂ ਸੱਚਾ ਸੌਦਾ ਕਰਨ ਲਈ ਤਲਵੰਡੀ ਤੋਂ ਚੂਹੜਕਾਣੇ ਦੇ ਸਥਾਨ 'ਤੇ ਗਏ, ਜਿੱਥੇ ਕੁਝ ਸਾਧੂ, ਫਕੀਰ ਬੈਠੇ ਸਨ, ਉਨ੍ਹਾਂ ਨਾਲ ਵਿਚਾਰਾਂ ਕਰਨ ਤੋਂ ਬਾਅਦ ਗੁਰੂ ਜੀ ਨੂੰ ਉਨ੍ਹਾਂ ਦੇ ਕੁਝ ਦਿਨਾਂ ਤੋਂ ਭੁੱਖੇ ਹੋਣ ਦਾ ਪਤਾ ਲੱਗਾ ਤਾਂ ਉਨ੍ਹਾਂ ਨੂੰ ਇਸ ਤੋਂ ਨਫ਼ੇ ਵਾਲਾ ਸੌਦਾ ਹੋਰ ਕੋਈ ਨਾ ਜਾਪਿਆ ਤੇ ਉਨ੍ਹਾਂ ਵੀਹ ਰੁਪਏ ਦੀ ਰਸਦ ਲਿਆ ਕੇ ਭੁੱਖੇ ਸਾਧੂਆਂ ਨੂੰ ਪ੍ਰਸ਼ਾਦਾ ਛਕਾ ਕੇ ਖਰਾ ਸੌਦਾ ਕੀਤਾ। ਜਦੋਂ ਚੂਹੜਕਾਣੇ ਤੋਂ ਸੱਚਾ ਸੌਦਾ ਕਰਕੇ ਗੁਰੂ ਜੀ ਤਲਵੰਡੀ ਆਏ ਤਾਂ ਪਿਤਾ ਜੀ ਦੀ ਨਰਾਜ਼ਗੀ ਤੋਂ ਡਰਦੇ ਹੋਏ ਸੁੱਕੇ ਤਲਾਅ ਕੋਲ ਤੰਬੂ ਵਾਂਗ ਫੈਲੇ ਵਣ ਦੇ ਬ੍ਰਿਛ ਹੇਠ ਆਨ ਬਿਰਾਜਮਾਨ ਹੋਏ।

ਏਕ ਤਾਲ ਜਲਹੀਨ ਜੁ ਦੂਰੀ। ਤਹਿਂ ਬੈਸੇ ਬੈਸਕ ਜਿਨ ਰੂਰੀ।
ਸੁਨਯੋ ਜਬਹਿ ਆਯੋ ਘਰਿ ਬਾਲਾ। ਭਯੋ ਹਉਲ ਕਾਲੂ ਤਤ ਕਾਲਾ।[12]

ਗੁਰਦੁਆਰਾ ਸ੍ਰੀ ਜਨਮ ਅਸਥਾਨ ਦੇ ਨਜ਼ਦੀਕ ਹੀ ਪੂਰਬ ਵੱਲ ਇਹ ਵਣ ਅੱਜ ਵੀ ਗੁਰੂ ਛੂਹ ਵਿਚ ਸਰਸ਼ਾਰ ਹੈ। ਇਸ ਵਣ ਦੇ ਨਜ਼ਦੀਕ ਹੀ ਗੁਰਦੁਅਰਾ ਸਾਹਿਬ ਦੀ ਇਮਾਰਤ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ। ਇਸ ਪਵਿੱਤਰ ਗੁਰੂ ਛੂਹ ਪ੍ਰਾਪਤ ਅਸਥਾਨ ਨੂੰ '**ਗੁਰਦੁਆਰਾ ਤੰਬੂ ਸਾਹਿਬ**' ਵਜੋਂ ਜਾਣਿਆ ਜਾਂਦਾ ਹੈ। ਨਾਨਕ

---

[9] ਊਚੋ ਫਨ ਅਸ ਸੋਭਾ ਪਾਈ, ਕਿਧੋਂ ਸਿੰਧ ਸੀ ਸੈਨ ਬਨਾਈ
ਸਭ ਸ਼ਰੀਰ ਪਰ ਜਿਸਕੀ ਛਾਯਾ। ਜੜ ਸਾ ਥਿਰ, ਨਹਿਂ ਨੈਕ ਡੁਲਾਯਾ॥
ਸੰਤੋਖ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼,* ਪੂਰਬਾਰਧ (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010 ਪੰਨਾ 306

[10] *ਸ੍ਰੀ ਗੁਰੂ ਨਾਨਕ ਚਮਤਕਾਰ,* ਪੰਨਾ 53

[11] *ਸਾਖੀ ਬਾਬੇ ਨਾਨਕ ਜੀ ਕੀ,* ਪੰਨਾ 101

[12] ਭਾਈ ਸੰਤੋਖ ਸਿੰਘ, *ਸ੍ਰੀ ਗੁਰ ਨਾਨਕ ਪ੍ਰਕਾਸ਼,* ਪੂਰਬਾਰਧ (ਭਾਗ ਪਹਿਲਾ), ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, 2010 ਅਧਿਆਇ 15, ਪੰਨਾ 378.

ਨਾਮ-ਲੇਵਾ ਸੰਗਤ ਵੱਲੋਂ ਇਸ ਅਸਥਾਨ ਵਿਖੇ ਸੰਗਤ ਦੀ ਰਿਹਾਇਸ਼ ਲਈ ਸਰਾਵਾਂ ਅਤੇ ਲੰਗਰ ਹਾਲ ਦੀ ਸੇਵਾ ਕੀਤੀ ਗਈ ਹੈ।

ਸ੍ਰੀ ਨਨਕਾਣਾ ਸਾਹਿਬ ਵਿਖੇ ਗੁਰੂ ਜੀ ਦੇ ਬਚਪਨ ਸੰਬੰਧਿਤ ਬਹੁਤ ਸਾਖੀਆਂ ਅਤੇ ਘਟਨਾਵਾਂ ਪ੍ਰਚੱਲਿਤ ਹਨ। ਇਸੇ ਧਰਤੀ 'ਤੇ ਕੀਰਤਨ ਦਾ ਜਨਮ ਹੋਇਆ, ਇੱਥੇ ਹੀ ਗੁਰੂ ਜੀ ਦਾ ਮਿਲਾਪ ਆਪਣੇ ਕੀਰਤਨੀਏ ਸਾਥੀ ਭਾਈ ਮਰਦਾਨਾ ਜੀ ਨਾਲ ਹੋਇਆ। ਇਸ ਅਸਥਾਨ 'ਤੇ ਗੁਰੂ ਜੀ ਕਿੰਨਾ ਸਮਾਂ ਵਿਚਰੇ ਇਸ ਸੰਬੰਧੀ ਜਨਮ-ਸਾਖੀ ਸਾਹਿਤ ਵਿਚ ਮੱਤਭੇਦ ਹਨ। ਕੁਝ ਜਨਮ-ਸਾਖੀਆਂ ਅਨੁਸਾਰ ਗੁਰੂ ਜੀ ਦਾ ਵਿਆਹ ਵੀ ਤਲਵੰਡੀ ਵਿਖੇ ਰਹਿੰਦਿਆਂ ਹੀ ਹੋਇਆ ਮੰਨਿਆ ਜਾਂਦਾ ਹੈ, ਜਦੋਂ ਕਿ ਭਾਈ ਬਾਲੇ ਵਾਲੀ ਸਾਖੀ ਗੁਰੂ ਜੀ ਦਾ ਵਿਆਹ ਸੁਲਤਾਨਪੁਰ ਜਾਣ 'ਤੇ ਹੋਣ ਦੀ ਗਵਾਹੀ ਭਰਦੀ ਹੈ। ਇੱਥੋਂ ਤਕ ਕਿ ਵਲਾਇਤ ਵਾਲੀ ਸਾਖੀ, ਭਾਈ ਮਨੀ ਸਿੰਘ ਵਾਲੀ ਸਾਖੀ ਅਤੇ ਮਿਹਰਬਾਨ ਵਾਲੀ ਸਾਖੀ ਅਨੁਸਾਰ ਸ੍ਰੀ ਚੰਦ ਜੀ ਅਤੇ ਲਖਮੀ ਦਾਸ ਜੀ ਦਾ ਜਨਮ ਵੀ ਤਲਵੰਡੀ ਵਿਖੇ ਹੋਣ ਦਾ ਜ਼ਿਕਰ ਮਿਲਦਾ ਹੈ। ਗੁਰੂ ਜੀ ਦੇ ਵਿਆਹ ਦੀ ਉਮਰ ਵਲਾਇਤ ਵਾਲੀ ਸਾਖੀ ਅਨੁਸਾਰ 12 ਸਾਲ, ਭਾਈ ਮਨੀ ਸਿੰਘ ਵਾਲੀ ਸਾਖੀ ਅਨੁਸਾਰ 14 ਸਾਲ, ਮਿਹਰਬਾਨ ਵਾਲੀ ਸਾਖੀ ਅਨੁਸਾਰ 16 ਸਾਲ, ਬਾਲੇ ਵਾਲੀ ਸਾਖੀ ਅਨੁਸਾਰ 18 ਸਾਲ ਹੋਣ ਦੇ ਪ੍ਰਮਾਣ ਮਿਲਦੇ ਹਨ। ਪ੍ਰਿੰਸੀਪਲ ਸਤਬੀਰ ਸਿੰਘ ਅਨੁਸਾਰ "ਜਦ ਗੁਰੂ ਜੀ ਬੱਤੀ ਵਰ੍ਹਿਆਂ ਦੇ ਹੋਏ ਤਾਂ ਭਾਈ ਜੈ ਰਾਮ ਜੀ, ਜੋ ਗੁਰੂ ਨਾਨਕ ਸਾਹਿਬ ਜੀ ਦੇ ਭਣਵਈਏ ਸਨ, ਸੁਲਤਾਨਪੁਰ ਤੋਂ ਲੈਣ ਲਈ ਆਏ।" ਜਨਮ-ਸਾਖੀ ਸਾਹਿਤ ਨੂੰ ਵਾਚਦਿਆਂ ਅਸੀਂ ਅੰਦਾਜ਼ਨ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਨਾਨਕ ਸਾਹਿਬ ਜੀ ਲਗਪਗ 22-25 ਸਾਲ ਦੀ ਉਮਰ ਵਿਚ ਤਲਵੰਡੀ ਤੋਂ ਸੁਲਤਾਨਪੁਰ ਗਏ। ਗੁਰੂ ਸਾਹਿਬ ਦੇ ਉੱਚੇ ਕੱਦ ਅੱਗੇ ਤਾਰੀਖ਼ ਜਾਂ ਸਮਾਂ ਖ਼ਾਸ ਮਾਇਨੇ ਨਹੀਂ ਰਖਦੇ, ਕਿਉਂਕਿ ਸ੍ਰੀ ਨਨਕਾਣਾ ਸਾਹਿਬ ਦੀ ਧਰਤੀ ਅਤੇ ਆਬੋ ਹਵਾ ਅੱਜ ਵੀ ਗੁਰੂ ਜੀ ਦੀ ਛੂਹ ਪ੍ਰਾਪਤ ਹੋਣ ਦੀ ਅਤੇ ਗੁਰੂ ਸਾਹਿਬ ਦੀ ਮੌਜੂਦਗੀ ਦੀ ਸ਼ਾਹਦੀ ਭਰਦੀ ਹੈ ਅਤੇ ਨਾਨਕ ਨਾਮ ਲੇਵਾ ਸੰਗਤ ਨੂੰ ਇਕ ਧੂਹ ਪਾਉਂਦੀ ਹੈ।

ਸਿਮਰਨਜੀਤ ਕੌਰ
ਰਿਸਰਚ ਸਕਾਲਰ
ਸਿੱਖ ਇਤਿਹਾਸ ਰਿਸਰਚ ਬੋਰਡ
ਅੰਮ੍ਰਿਤਸਰ ਸਾਹਿਬ

## ਵਿਸ਼ੇਸ਼ ਨੋਟ

ਅਨਹਦ ਈ-ਮੈਗਜ਼ੀਨ ਦਾ ਅਗਲਾ ਅੰਕ ਜਨਰਲ ਹੋਵੇਗਾ।

ਇਸ ਅੰਕ ਲਈ ਰਚਨਾਵਾਂ ਇਸ ਪਤੇ 'ਤੇ 20 ਮਾਰਚ 2019 ਤੱਕ

ਭੇਜੀਆਂ ਜਾ ਸਕਦੀਆਂ ਹਨ।

**anhadmagazine@gmail.com**

# ਪੰਜਾਬੀਅਤ ਦੀ ਮੌਲਿਕਤਾ

ਪੰਜਾਬੀਅਤ ਦੀ ਮੌਲਿਕਤਾ ਤੋਂ ਭਾਵ ਉਨ੍ਹਾਂ ਚਿੰਨ੍ਹਾਂ, ਲੱਛਣਾਂ ਅਤੇ ਮਾਨਸਿਕ ਝੁਕਾਵਾਂ ਤੋਂ ਹੈ ਜਿਨ੍ਹਾਂ ਦੇ ਆਧਾਰ 'ਤੇ ਇਹ ਕਿਹਾ ਜਾਂਦਾ ਹੈ ਕਿ ਪੰਜਾਬੀ ਲੱਖਾਂ 'ਚ ਖੜ੍ਹਾ ਵੀ ਆਪਣੀ ਅਲੱਗ ਪਹਿਚਾਣ ਅਥਵਾ ਹਸਤੀ ਰਖਦਾ ਹੈ। ਪੰਜਾਬੀਅਤ ਦੀ ਮੌਲਿਕਤਾ ਸੰਬੰਧੀ ਗੁਣਾਂ ਦਾ ਵਿਖਿਆਨ ਦਿੰਦੇ ਹੋਏ ਪਿਆਰਾ ਸਿੰਘ ਪਦਮ ਨੇ ਆਪਣੇ ਪਰਚੇ 'ਪੰਜਾਬੀਅਤ ਕੀ ਹੈ ?' ਵਿਚ ਸਰਬ - ਵਿਆਪੀ ਦ੍ਰਿਸ਼ਟੀ, ਸਨੇਹ - ਭਾਵ, ਸਮੋਣਵਾਦ, ਸਵੈਮਾਨ, ਸੂਰਮਗਤੀ ਸਾਹਸ, ਸਹਿਨੀਲਤਾ, ਸ਼ੁਗਲ-ਮੇਲਾ ਆਦਿ ਪੰਜਾਬੀਅਤ ਦੇ ਲੱਛਣ ਦੱਸੇ ਹਨ। ਇਸੇ ਪ੍ਰਕਾਰ ਗਿਆਨੀ ਲਾਲ ਸਿੰਘ ਨੇ "ਸਵੈਮਾਨ, ਨੇਕੀ, ਈਮਾਨ, ਨਿਡਰਤਾ ਅਤੇ ਰਣ ਵਿਚ ਜੂਝ ਮਰਨ ਦੀ ਤਤਪਰਤਾ ਪੰਜਾਬੀਅਤ ਦੀਆਂ ਹਾਂ - ਪੱਖੀ ਵਿਸ਼ੇਸ਼ਤਾਵਾਂ ਅਤੇ ਕਿਸੇ ਦੇ ਮਤੀਹ ਨਾ ਛੱਡਣਾ, ਪਰ ਨਿੰਦਾ ਨਹੀਂ, ਪਰ ਧਨ ਨਹੀਂ, ਪਰਾਧੀਨ ਨਾ ਹੋਣ ਦੇ ਚਾਰ (ਨਾ ਕਰਨ ਵਾਲੇ) ਗੁਣ ਦੱਸੇ ਹਨ।"[1] ਪੰਜਾਬੀਅਤ ਨੂੰ ਵੱਖਰੀ ਦਿੱਖ ਪ੍ਰਦਾਨ ਕਰਨ ਪਿੱਛੇ ਪੰਜਾਬ ਦੇ ਭੂਗੋਲਕ ਖਿੱਤੇ, ਇਤਿਹਾਸ, ਪੰਜਾਬੀ ਭਾਸ਼ਾ, ਲੋਕਧਾਰਾ ਅਤੇ ਇਸਦੇ ਧਰਮ ਗ੍ਰੰਥਾਂ ਆਦਿ ਦਾ ਵਿਸ਼ੇਸ਼ ਯੋਗਦਾਨ ਹੈ। ਇਥੇ ਅਸੀਂ ਉਨ੍ਹਾਂ ਗੁਣਾਂ, ਲੱਛਣਾਂ ਅਤੇ ਵਿਸ਼ੇਸ਼ ਮਾਨਸਿਕ ਝੁਕਾਵਾਂ ਤੱਕ ਹੀ ਸੀਮਿਤ ਰਹਾਂਗੇ ਜੋ ਪੰਜਾਬੀਅਤ ਨੂੰ ਮੌਲਿਕ ਦਿੱਖ ਪ੍ਰਦਾਨ ਕਰਦੇ ਹਨ।

**ਵੰਨ-ਸਵੰਨਤਾ ਦਾ ਮੁਜੱਸਮਾ** :- ਪੰਜਾਬ ਦੇ ਭੂਗੋਲਕ ਖਿੱਤੇ ਦੀ ਇਹ ਇਤਿਹਾਸਕ ਵਿਸ਼ੇਸ਼ਤਾ ਰਹੀ ਹੈ ਕਿ ਇਹ ਆਦਿ ਕਾਲ ਤੋਂ ਹੀ ਵਿਦੇਸ਼ੀ ਹਮਲਾਵਰਾਂ ਲਈ ਰਣਭੂਮੀ ਤੇ ਨਿਵਾਸ-ਭੂਮੀ ਬਣਿਆ ਰਿਹਾ ਹੈ। ਇਤਿਹਾਸਕ ਦੌਰ ਵਿਚ ਆਰੀਅਨਾਂ ਤੋਂ ਸ਼ੁਰੂ ਕਰਕੇ ਹੁਣ, ਯੂਨਾਨੀ, ਸ਼ੱਕ, ਮੰਗੋਲ, ਸੀਥੀਅਨ, ਤੁਰਕ, ਈਰਾਨੀ ਅਤੇ ਅੰਗਰੇਜ਼ ਆਦਿ ਅਨੇਕਾਂ ਵਿਦੇਸ਼ੀ ਹਮਲਾਵਰ ਪੰਜਾਬ ਵਿਚ ਆਏ ਅਤੇ ਜ਼ਿਆਦਾਤਰ ਇਥੋਂ ਦੇ ਹੀ ਵਸਨੀਕ ਬਣ ਕੇ ਰਹਿ ਗਏ। ਸੋ ਅੱਜ ਦਾ ਪੰਜਾਬ ਜਿਥੇ ਧਾਰਮਿਕ ਪੱਖੋਂ ਬਹੁ-ਧਰਮੀ ਖਿੱਤਾ ਹੈ, ਉਥੇ ਇਥੇ ਦੇ ਵਸਨੀਕਾਂ 'ਚ ਬਹੁਤ ਸਾਰੀਆਂ ਨਸਲਾਂ ਦਾ ਵੀ ਰਲਾ ਹੈ। ਬਹੁਤ-ਧਰਮੀ ਅਤੇ ਬਹੁ-ਨਸਲੀ ਭੂਗੋਲਕ ਇਕਾਈ ਹੋਣ ਦੇ ਬਾਵਜੂਦ ਇਨ੍ਹਾਂ ਦਾ ਇਕ ਸਾਂਝਾ ਸਭਿਆਚਾਰ ਹੈ,ਜਿਸ ਪੰਜਾਬੀ ਸਭਿਆਚਾਰ ਦਾ ਨਾਂ ਦਿੱਤਾ ਜਾਂਦਾ ਹੈ। ਪਿਆਰਾ ਸਿੰਘ ਪਦਮ ਪੰਜਾਬੀਅਤ ਦੀ ਇਸ ਕਦਰ ਨੂੰ ਸਮੋਣਵਾਦ ਦਾ ਨਾਂ ਦਿੰਦਾ ਹੋਇਆ ਕਹਿੰਦਾ ਹੈ:

> ਸਾਡੀ ਸਮੋਣ ਸ਼ਕਤੀ ਬੇ-ਅੰਦਾਜ਼ ਹੈ, ਸਾਡਾ ਸੁਭਾਅ ਬੜਾ ਰਲਾਉਂਦਾ ਹੈ, ਯੂਰਪੀਨ, ਗੋਰੀਆਂ ਤੇ ਨੈਰੋਬੀ ਦੀਆਂ ਕਾਲੀਆਂ ਕਲੂਟੀਆਂ ਨਾਰਾਂ ਬਹਾਰਾਂ ਵਾਂਗ ਬਰਾਬਰ ਆਪਣਾਉਂਦੇ ਹਾਂ। ਸਾਡਾ ਸਫ਼ਰ ਸਾਗਰ ਤੱਕ ਦਾ ਹੈ। ਅਸੀਂ ਸਤਲੁਜ ਤੇ ਸਿੰਧ ਦੇ ਸਪੂਤ ਕਿਸੇ ਨਾਲ ਭਿੰਨ-ਭਿੰਨ ਭੇਦ ਨਹੀਂ ਕਰਦੇ, ਸਭ ਨੂੰ ਆਪਣੇ ਕਾਫਲੇ ਵਿਚ ਮਿਲਾ ਕੇ ਖੁਸ਼ ਹੁੰਦੇ ਤੇ ਉੱਚੀ-ਉੱਚੀ ਗਾਉਂਦੇ ਹਾਂ।[2]

ਬਿਸਰਿ ਗਈ ਸਭ ਤਾਤਿ ਪਰਾਈ

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿਆਈ।

(ਗੁਰੂ ਗ੍ਰੰਥ ਸਾਹਿਬ, ਪੰ. 1219)

**ਅਣਖ ਨਾਲ ਜਿਉਣਾ** :- ਅਣਖ ਨਾਲ ਜਿਉਣਾ ਪੰਜਾਬੀਆਂ ਦੀ ਅਜਿਹੀ ਜੀਵਨ ਤਰਜ਼ ਹੈ ਜਿਸ ਦੇ ਚਲਦੇ ਇਨ੍ਹਾਂ ਆਪਣੇ ਸਿਰ ਕਟਵਾ ਲੈਣਾ ਤਾਂ ਕਬੂਲ ਕਰ ਲਿਆ ਪਰ ਕਿਸੇ ਜਰਵਾਣੇ ਜਾਂ ਜ਼ੁਲਮ ਅੱਗੇ ਝੁਕਣਾ ਕਬੂਲ ਨਹੀਂ ਕੀਤਾ। ਸਿਕੰਦਰ ਦੀ ਫੌਜ ਪੋਰਸ ਨੂੰ ਪਕੜ ਲਿਆਈ ਤਾਂ ਪੁਛਿਆ ਕਿ ਤੇਰੇ ਨਾਲ ਕੀ ਸਲੂਕ ਕੀਤਾ ਜਾਵੇ ਤਾਂ ਪੋਰਸ ਨੇ ਨਿਰਭੈ ਪੰਜਾਬੀਆਂ ਵਾਂਗ ਜਵਾਬ ਦਿੱਤਾ, ਜੋ ਇਕ ਬਾਦਸ਼ਾਹ ਦੂਜੇ ਬਾਦਸ਼ਾਹ ਨਾਲ ਕਰਦਾ ਹੈ। ਪੰਜਾਬ ਦਾ ਇਤਿਹਾਸ ਅਜਿਹੀਆਂ ਘਟਨਾਵਾਂ ਨਾਲ ਭਰਿਆ ਪਿਆ ਹੈ ਜਿਥੇ ਪੰਜਾਬੀਆਂ ਨੇ ਆਪਣੀ ਅਣਖ ਨੂੰ ਦਾਗ ਨਹੀਂ ਲੱਗਣ ਦਿੱਤਾ। ਇਸ ਲਈ ਭਾਵੇਂ ਉਨ੍ਹਾਂ ਨੂੰ ਹਜ਼ਾਰਾਂ ਦੀ ਗਿਣਤੀ ਦੀ ਫ਼ੌਜ ਨਾਲ ਟੱਕਰ ਲੈਣੀ ਪਈ ਹੋਵੇ, ਭਾਵੇਂ ਘੋੜੇ ਦੀਆਂ ਕਾਠੀਆਂ ਨੂੰ ਆਪਣਾ ਘਰ ਬਣਾਉਣਾ ਪਿਆ ਹੋਵੇ। ਭਾਵੇਂ ਫਾਂਸੀ ਦੇ ਰੱਸੇ ਨੂੰ ਚੁੰਮਣਾ ਪਿਆ ਹੋਵੇ। ਪੰਜਾਬੀ ਲੋਕ-ਗੀਤ ਇਸ ਦੀ ਤਰਜਮਾਨੀ ਇਸ ਪ੍ਰਕਾਰ ਕਰਦਾ ਹੈ, 'ਦੋ ਪੈਰ ਘੱਟ ਤੁਰਨਾ, ਪਰ ਤੁਰਨਾ ਮੜਕ ਦੇ ਨਾਲ'।

**ਕਿਰਤ** :- ਪੰਜਾਬੀ ਮਾਨਸਿਕਤਾ ਵਿਚ ਇਹ ਗੱਲ ਸੁਤੇ ਸਿੱਧ ਮੌਜੂਦ ਹੈ ਕਿ 'ਉੱਤਮ ਖੇਤੀ ਮੱਧਮ ਵਪਾਰ, ਨਖਿੱਧ ਚਾਕਰੀ, ਭੀਖ ਮੁਰਦਾਰ' ਗੁਰੂ ਸਾਹਿਬਾਨ ਵਲੋਂ ਦਿੱਤੀ ਜੀਵਨ-ਜੁਗਤ ਵਿਚ ਵੀ ਕਿਰਤ ਦੀ ਵਿਸ਼ੇਸ਼ ਮਹੱਤਤਾ ਹੈ ਅਤੇ ਇਹ ਪੰਜਾਬੀਅਤ ਦੀ ਵਿਲੱਖਣ ਪਹਿਚਾਣ ਵੀ ਹੈ। ਪੰਜਾਬ ਦਾ ਜੰਮਿਆ ਪਲਿਆ ਕਿਰਤ ਕਮਾਈ ਦੀ ਰੁੱਖੀ - ਮਿੱਸੀ ਖਾ ਕੇ ਗੁਜ਼ਾਰਾ ਤਾਂ ਕਰ ਲੈਂਦਾ ਹੈ, ਪਰ ਮੰਗ ਕੇ ਖਾਣ ਨੂੰ ਮੌਤ ਸਮਾਨ ਸਮਝਦਾ ਹੈ। ਪੰਜਾਬੀ ਦੀ ਸੁਪ੍ਰਸਿੱਧ ਕਹਾਵਤ ਹੈ 'ਮੰਗਣ ਗਿਆ ਸੋ ਮਰ ਗਿਆ, ਮੰਗਣ ਮੂਲ ਨਾ ਜਾਹ'। ਪੰਜਾਬ ਦੇ ਕਿਰਤੀ ਕਿਸਾਨ ਦੀ ਮਿਹਨਤ ਸਦਕਾ ਹੀ ਅੱਜ ਪੰਜਾਬ ਭਾਰਤ ਦਾ ਅੰਨਦਾਤਾ ਬਣਿਆ ਹੋਇਆ ਹੈ। 'ਘਾਲਿ ਖਾਇ ਕਿਛੁ ਹਥਹੁ ਦੇਇ' ਵਾਲੀ ਜੁਗਤ ਦਾ ਧਾਰਨੀ ਪੰਜਾਬੀ ਕਿਰਤ-ਕਮਾਈ ਨਾਲ ਸਿਰ ਆਪਣਾ ਗੁਜ਼ਾਰਾ ਹੀ ਨਹੀਂ ਤੋਰਦਾ ਬਲਕਿ ਲੋੜ ਪਈ 'ਤੇ ਗਰੀਬ, ਮਜ਼ਲੂਮ ਦੀ ਸਹਾਇਤਾ ਲਈ ਵੀ ਹਮੇਸ਼ਾਂ ਤਤਪਰ ਰਹਿੰਦਾ ਹੈ।

**ਜੂਝ ਮਰਨ ਦਾ ਚਾਅ** :- ਔਖੀ ਘੜੀ ਆਉਣ 'ਤੇ ਕਾਇਰਾਂ ਵਾਂਗ ਭੱਜ ਜਾਣ ਵਾਲੇ ਲਈ ਪੰਜਾਬੀਅਤ ਵਿਚ ਕੋਈ ਥਾਂ ਨਹੀਂ। ਪੰਜਾਬ ਵਿਚ ਹਮੇਸ਼ਾਂ ਰਣ-ਤੱਤੇ ਵਿਚ ਜੂਝ ਕੇ ਸ਼ਹੀਦੀ ਪਾਉਣ ਵਾਲਿਆਂ ਦੇ ਸੋਹਲੇ ਗਾਏ ਜਾਂਦੇ ਹਨ। ਕਿਸੇ ਵੀ ਭੈਅ ਵਿਚ ਨਾ ਆਉਣ ਵਾਲੀ ਅਤੇ ਨਾ ਕਦੇ ਕਿਸੇ ਜ਼ੋਰ-ਜਬਰ ਦਾ ਭੈਅ ਦੇਣ ਵਾਲੀ ਪੰਜਾਬੀ ਫ਼ਿਤਰਤ ਦੇ ਧੁਰ ਜ਼ਿਹਨ ਵਿਚ ਹਮੇਸ਼ਾਂ ਰਹਿੰਦਾ ਹੈ:

ਜਬ ਆਵ ਕੀ ਅਉਧ ਨਿਦਾਨ ਬਨੈ

ਅਤਿ ਹੀ ਰਨ ਮੈ ਤਬ ਜੂਝ ਮਰੋ।

(ਦਸਮ ਗ੍ਰੰਥ, ਚੰਡੀ ਚਰਿਤ੍ਰ ਉਕਤਿ ਬਿਲਾਸ)

ਰਣ ਤੱਤੇ ਵਿਚ ਕੇਵਲ ਮਰਦ ਹੀ ਨਹੀਂ ਔਰਤਾਂ ਵੀ ਖੰਡਾ ਫੜ ਨਿਤਰਨਾ ਜਾਣਦੀਆਂ ਹਨ।

**ਪਰਾਧੀਨ ਨਾ ਰਹਿਣਾ** :- ਪੰਜਾਬੀਅਤ ਮਨੁੱਖ ਨੂੰ ਧੁਰ ਤੋਂ ਮਿਲੀ ਆਜ਼ਾਦੀ ਦਾ ਦਮ ਭਰਦੀ ਹੈ। ਪੰਜਾਬੀ ਵਕਤੀ ਤੌਰ 'ਤੇ ਤਾਂ ਭਾਵੇਂ ਕਿਸੇ ਰਾਜਨੀਤਿਕ ਗ਼ੁਲਾਮੀ ਅਧੀਨ ਰਹੇ ਹੋਣ ਪਰ ਇਹ ਕਦੇ ਸਦੀਵੀ ਜ਼ਿਹਨੀ

ਗੁਲਾਮੀ ਨੂੰ ਨੇੜੇ ਵੀ ਫਰਕਣ ਨਹੀਂ ਦਿੰਦੇ। "ਪੰਜਾਬੀ ਜੀਵਨ ਵਿਚ ਹੀ ਨਹੀਂ ਪੰਜਾਬੀ ਸਾਹਿਤ ਵਿਚ ਵੀ ਇਸ ਕਿਸਮ ਦਾ ਅਹਿਸਾਸ ਦੇਖਣ ਨੂੰ ਆਉਂਦਾ ਹੈ। ਬਾਬਾ ਫ਼ਰੀਦ ਦਾ 'ਬਾਰਿ ਪਰਾਏ ਬੈਠਣ ਤੋਂ ਇਨਕਾਰ, ਪ੍ਰੋ. ਪੂਰਨ ਸਿੰਘ ਦੁਆਰਾ ਪੰਜਾਬ ਦੇ ਜੁਆਨਾਂ ਦੀ ਕੀਤੀ ਸਿਫਤ ਕਿ 'ਪਿਆਰ ਨਾਲ ਇਹ ਕਰਨ ਗੁਲਾਮੀ ਜਾਨ ਕੋਹ ਆਪਣੀ ਵਾਰ ਦਿੰਦੇ ਪਰ ਟੈਂ ਨਾ ਮੰਨਣ ਕਿਸੇ ਦੀ' ਵਰਗੀ ਤੁਕ ਇਸੇ ਕਥਨ ਦਾ ਸਮਰਥਨ ਕਰਦੀ ਹੈ। ਇਥੋਂ ਤਕ ਕਿ ਸਮੁੱਚਾ ਬੀਰ ਕਾਵਿ ਪੰਜਾਬੀਆਂ ਦੁਆਰਾ ਇੱਜ਼ਤ ਅਣਖ ਦੀ ਰਾਖੀ ਲਈ ਕੀਤੇ ਸੰਘਰਸ਼ ਦੀ ਹੀ ਕਾਵਿ ਮਈ ਗਾਥਾ ਹੈ। । ਸੋ ਇਹ ਸਾਰੀਆਂ ਉਦਾਹਰਣਾਂ ਇਹੋ ਸਪੱਸ਼ਟ ਕਰਦੀਆਂ ਹਨ ਕਿ ਪੰਜਾਬੀ ਸਭਿਆਚਾਰ ਦੀ ਬੁਨਿਆਦੀ ਕਦਰ ਸਵੈਧੀਨਤਾ ਦਾ ਜੀਵਨ ਹੈ।"[3]

**ਜ਼ਿੰਦਗੀ ਦੇ ਜਨ ਨੂੰ ਮਾਣਨ ਦਾ ਚਾਅ** :- ਪੰਜਾਬੀ ਫਿਤਰਤ ਜੀਵਨ ਜਿਉਣ ਦੀ ਹੈ, ਜੀਵਨ ਬਿਤਾਉਣ ਦੀ ਨਹੀਂ । ਜ਼ਿੰਦਗੀ ਨੂੰ ਜਸਨ ਵਾਂਗ ਮਾਣਨ ਦੇ ਚਾਅ ਵਿਚੋਂ ਹੀ ਪੰਜਾਬ ਦੇ ਮੇਲਿਆਂ, ਤਿਉਹਾਰਾਂ, ਗੀਤਾਂ, ਰਸਮਾਂ, ਰਿਸ਼ਤਾ-ਨਾਤਾ ਪ੍ਰਬੰਧ, ਤੇ ਲੋਕਧਾਰਾ ਆਦਿ ਦਾ ਜਨਮ ਹੋਇਆ ਹੈ। ਇਥੇ ਹੀ ਬੱਸ ਨਹੀਂ, ਇਨ੍ਹਾਂ ਦੇ ਲਈ ਜੰਗ ਵੀ ਪ੍ਰੇਮ ਦੀ ਖੇਡ ਹੀ ਹੋ ਗੁਜਰਦੇ ਰਹੇ ਹਨ। ਪੰਜਾਬ ਦੀ ਧਰਤੀ 'ਤੇ ਪ੍ਰੇਮ ਅਤੇ ਮੌਤ ਦੀ ਖੇਡ ਵਿਚਕਾਰ ਅੰਤਰ-ਨਿਖੇੜ ਕਰਨਾ ਮੁਸ਼ਕਲ ਹੀ ਨਹੀਂ ਅਸੰਭਵ ਵੀ ਹੈ। ਮੌਤ ਨੂੰ ਲਾੜੀ ਸਮਝ ਵਿਆਹੁਣ ਦੀ ਗੱਲ ਕਰਨਾ ਪੰਜਾਬੀਆਂ ਦੇ ਹੀ ਹਿੱਸੇ ਆਇਆ ਹੈ। ਪ੍ਰੇਮ ਦੇ ਸਿਖਰਲੇ ਮੁਕਾਮ 'ਤੇ ਪਹੁੰਚਣ ਤੋਂ ਪਹਿਲਾਂ ਸੀਸ ਤਲੀ ਉੱਤੇ ਧਰਨ ਦੀ ਸ਼ਰਤ ਲਾਜ਼ਮੀ ਹੀ ਪਾਰ ਕਰਨੀ ਮੰਨੀ ਜਾਂਦੀ ਹੈ।

ਜਉ ਤਉ ਪ੍ਰੇਮ ਖੇਲਣ ਕਾ ਚਾਉ, ਸਿਰੁ ਧਰ ਤਲੀ ਗਲੀ ਮੇਰੀ ਆਉ॥
ਇਤੁ ਮਾਰਗਿ ਪੈਰ ਧਰੀਜੈ, ਸਿਰੁ ਦੀਜੈ, ਕਾਣਿ ਨਾ ਕੀਜੈ।।

(ਗੁਰੂ ਗ੍ਰੰਥ ਸਾਹਿਬ, ਪੰ. 1412)

ਪੰਜਾਬੀਅਤ ਦਾ ਇਤਿਹਾਸ ਅਜਿਹੀਆਂ ਘਟਨਾਵਾਂ ਦੀ ਸਾਖੀ ਭਰਪੂਰ ਰੂਪ ਵਿਚ ਭਰਦਾ ਹੈ।

**ਆਖ਼ਰੀ ਸਿਜਦਾ ਪੁਰਖ ਨਿਯਮ** :- "ਜਿਥੇ ਪੰਜਾਬੀ ਗੀਤਾਂ ਦੀ ਰਚਣਹਾਰੀ ਵਧੇਰੇ ਕਰਕੇ ਇਸਤਰੀ ਹੈ ਉਥੇ ਅਫ਼ਗਾਨ ਗੀਤਾਂ ਰਚਣ ਵਾਲੇ ਮਰਦ ਹਨ ਇਸ ਦਾ ਕਾਰਨ ਸ਼ਾਇਦ ਇਹ ਹੈ ਕਿ ਜਿਥੇ ਭਾਰਤ ਵਿਚ ਪਿਆਰੇ ਦੀ ਅਰਾਧਨਾ ਕਰਨੀ ਤੀਵੀਂ ਦੀ ਖਾਸੀਅਤ ਹੈ ਉਥੇ ਅਫਗਾਨਿਸਤਾਨ ਵਿਚ ਪ੍ਰੇਮਿਕਾ ਨੂੰ ਰਿਝਾਂਣਾ ਮਰਦ ਦਾ ਕੰਮ ਹੈ।"4 ਇਹ ਤਫ਼ਸੀਲ ਇਸ ਗੱਲ ਦੀ ਗਵਾਹੀ ਭਰਦੀ ਹੈ ਕਿ ਅਫ਼ਗਾਨ ਪਰੰਪਰਾ ਦੇ ਉਲਟ ਪੰਜਾਬੀ ਪਰੰਪਰਾ 'ਚ ਕੁੱਲ ਕਾਇਨਾਤ ਨੇ "ਸੱਚ ਦੇ ਪੁਰਖ ਰੂਪ ਸਾਹਵੇਂ ਇਸਤ੍ਰੀ ਦੀ ਕੋਮਲਤਾ ਨਾਲ ਖੜ੍ਹਨਾ ਹੈ। ਇਥੇ ਸਿਰਜਣਾਤਮਕਤਾ ਦਾ ਸਿਜਦਾ ਇਸਤਰੀ ਜਜਬਿਆਂ ਦੀ ਕੋਮਲਤਾ 'ਚੋਂ ਕਿਸੇ ਪੁਰਖ ਨਿਯਮ ਹੈ। ਇਸ ਪ੍ਰਭਾਵ 'ਚ ਇਸਤਰੀ ਪ੍ਰਤੀਕ ਦੀ ਘਾੜਤ ਸਹਿਜ ਮਈ ਸੇਵਾ, ਤਿਆਗ, ਨਿਮਰਤਾ ਤੇ ਚਰਨ ਪਰਸਣ 'ਚ ਆਪਣਾ ਪਿਆਰ ਪਾਉਣ ਵਾਲੀ ਜਿਸਮ ਦੀ ਦਿਬਤਾ ਤੇ ਸ਼ਰਮ ਹਿਯਾ ਦੇ ਪਵਿੱਤਰ ਕੱਜਣ, ਵੈਰਾਗਮਈ ਉਡੀਕ 'ਚ ਅਥਰੂ ਹੋਈ ਰੂਪ ਤੇ ਗੁਣ ਦਾ ਮਾਣ ਤੱਜ ਅਰਦਾਸ ਰੂਪ ਹੋ ਬੈਠੀ ਹੈ। ਪੰਜਾਬੀ ਲੋਕਯਾਨ ਦੀ ਇਸਤਰੀ, ਗੁਰੂ

ਗ੍ਰੰਥ ਸਾਹਿਬ ਵਿਚ ਉਭਰਦਾ ਜੀਵ ਇਸਤਰੀ ਦਾ ਰੂਪ, ਗੁਰੂ ਦੇ ਮਹਲ ਸਭ ਇਸੇ ਦੈਵੀ ਮੰਡਲ 'ਚੋਂ ਉਭਰਦੇ ਹਨ। ਇਸਤਰੀ ਦਾ ਇਹ ਰੂਪ ਹੀ ਸੰਤਾਂ ਤੇ ਫਕੀਰਾਂ ਰੱਬ ਅੱਗੇ ਅਰਦਾਸ ਦਾ ਤਾਣ ਦਿੰਦਾ ਰਿਹਾ ਹੈ।"[5]

**ਮੂਲ ਧੁਰਾ ਸ੍ਰੀ ਗੁਰੂ ਗ੍ਰੰਥ ਸਾਹਿਬ** :- ਪੰਜਾਬੀਅਤ ਦਾ ਮੂਲ ਧੁਰਾ ਸ੍ਰੀ ਗੁਰੁ ਗ੍ਰੰਥ ਸਾਹਿਬ ਹੈ। ਇਸ ਗ੍ਰੰਥ ਦੀ ਰਚਨਾ ਪੰਜਾਬ ਦੇ ਅਜਿਹੇ ਇਤਿਹਾਸਕ ਦੌਰ ਵਿਚ ਹੋਈ ਜਦੋਂ ਪੰਜਾਬੀ ਭਾਸ਼ਾ ਆਪਣਾ ਆਧੁਨਿਕ ਰੂਪ ਧਾਰ ਕਰ ਰਹੀ ਸੀ ਅਤੇ ਪੰਜਾਬ ਦੀ ਧਰਤੀ 'ਤੇ ਸਾਮੀ ਅਤੇ ਆਰਿਆਈ ਪਰੰਪਰਾਵਾਂ ਇਕ ਦੂਜੇ ਦੇ ਵਿਰੋਧ ਵਿਚ ਖੜ੍ਹੀਆਂ ਸਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਰਚਨਾ ਨੇ ਜਿਥੇ ਪੰਜਾਬੀ ਭਾਸ਼ਾ ਨੂੰ ਸਥਾਈ ਰੂਪ ਵਿਚ ਸਥਾਪਤ ਕੀਤਾ, ਉਥੇ ਸਾਮੀ ਅਤੇ ਆਰਿਆਈ ਪਰੰਪਰਾਵਾਂ ਨੂੰ ਆਪੋ-ਆਪਣੇ ਸ਼ੁੱਧ ਸਰੂਪ ਤੇ ਪੂਰੇ ਸੰਤੁਲਨ ਵਿਚ ਲਿਆ ਕੇ ਸਰਬ-ਸਾਂਝੀ ਪੰਜਾਬੀਅਤ ਦੀ ਸਥਾਪਨਾ ਕੀਤੀ। ਸਮਾਜਕ, ਸਭਿਆਚਾਰ ਅਤੇ ਇਤਿਹਾਸਕ ਪੱਖ ਤੋਂ ਵੀ ਡਾ. ਕਰਨੈਲ ਸਿੰਘ ਥਿੰਦ ਆਦਿ ਗ੍ਰੰਥ ਨੂੰ ਅਦੁੱਤੀ ਮੰਨਦੇ ਹਨ। ਉਨ੍ਹਾਂ ਅਨੁਸਾਰ:

> ਸ੍ਰੀ ਗੁਰੂ ਗ੍ਰੰਥ ਸਾਹਿਬ ਜੇਹੀ ਮਹਾਨ ਰਚਨਾ ਜੋ ਸਾਡੀ ਪੰਜ ਸੌ ਸਾਲਾਂ ਸੰਸਕ੍ਰਿਤੀ ਦਾ ਆਤਮਿਕ ਇਹਿਤਾਸ ਹੈ, ਸਾਡਾ ਸਾਂਝਾ ਸਭਿਆਚਾਰਕ ਅਤੇ ਸਮਾਜਿਕ ਇਤਿਹਾਸ ਵੀ ਹੈ ਅਤੇ ਪੰਜਾਬੀਆਂ ਦਾ ਅਮੋਲਕ ਸਾਹਿਤਕ ਵਿਰਸਾ ਵੀ।[6]

## ਹਵਾਲੇ ਅਤੇ ਟਿੱਪਣੀਆਂ


1. ਡਾ. ਕਰਨੈਲ ਸਿੰਘ ਥਿੰਦ, ਪੰਜਾਬ ਦਾ ਲੋਕ ਵਿਰਸਾ, ਭਾਗ ਪਹਿਲਾ, ਪੰ. 78
2. ਪ੍ਰੋ. ਪਿਆਰਾ ਸਿੰਘ ਪਦਮ, (ਪੰਜਾਬੀਅਤ ਕੀ ਹੈ) ਗਿਆਰਵੀਂ ਅੰਤਰਰਾਸ਼ਟਰੀ ਪੰਜਾਬੀ ਵਿਕਾਸ ਕਾਨਫਰੰਸ
3. ਪ੍ਰੋ. ਟੀ. ਆਰ. ਵਿਨੋਦ, ਸੰਸਕ੍ਰਿਤੀ: ਸਿਧਾਂਤ ਅਤੇ ਵਿਹਾਰ, ਪੰ. 98-99
4. ਪ੍ਰਭਜੋਤ ਕੌਰ, (ਭੂਮਿਕਾ), ਕੰਧਾਰੀ ਹਵਾ, ਪੰ. 13
5. ਸਿੱਖ ਸ਼ਹਾਦਤ, ਜੂਨ 2006, ਪੰ. 40
6. ਡਾ. ਕਰਨੈਲ ਸਿੰਘ ਥਿੰਦ, ਉਹੀ, ਪੰ. 77



ਡਾ. ਦਵਿੰਦਰ ਸਿੰਘ
ਅਸਿਸਟੈਂਟ ਪ੍ਰੋਫੈਸਰ
ਖ਼ਾਲਸਾ ਕਾਲਜ ਪਟਿਆਲਾ